भारत सरकार
GOVERNMENT OF INDIA

राष्ट्रीय पुस्तकालय, कलकत्ता।
NATIONAL LIBRARY, CALCUTTA.

वर्ग संख्या
Class No. P 947

पुस्तक संख्या
Book No. L 5714

रा० पु०/N. L. 38.

H7/Dte/NL/Cal/79 -2 50,000—1-3-82—GIPG.

रा० पु०-44
N. L.-44

भारत सरकार
GOVERNMENT OF INDIA
राष्ट्रीय पुस्तकालय
NATIONAL LIBRARY
कलकत्ता
CALCUTTA

अंतिम अंकित दिनांक वाले दिन यह पुस्तक पुस्तकालय से ली गई थी । दो सप्ताह से अधिक समय तक पुस्तक रखने पर प्रतिदिन 6 पैसे की दर से विलम्ब शुल्क लिया जायगा ।

This book was taken from the Library on the date last stamped. A late fee of 6 P. will be charged for each day the book is kept beyond two weeks.

GMGIP (Pub. Unit), Sant.—S7—4LNL/80—20-8-80—250,000.



ਵੀ. ਆਈ. ਲੈਨਿਨ

National Library, Calcutta.
Delivery of Book Act., 1954

- 6 JUL 1987

ਵੀ. ਆਈ. ਲੈਨਿਨ

# ਦੋ ਇਨਕਲਾਬਾਂ ਦੇ ਵਿਚਕਾਰ

P
947

1917 ਦੀਆਂ ਲੇਖ ਤੇ ਤਕਰੀਰਾਂ

SHELF LISTED

National Library
11401
7.7.1987
Calcutta

ਪੰਜਾਬ ਬੁੱਕ ਸੈਂਟਰ

V. I. LENIN

**Between the Two Revolutions**


Published By :

Punjab Book Centre
In co-operation with
V/O Mezhdunarodnaya Kniga
MOSCOW (U. S. S. R.)

ਮੁੱਲ : 14/- ਸਧਾਰਨ
28/- ਲਾਇਬਰੇਰੀ

ਛਾਪਕ :

ਅਵਾਮੀ ਪ੍ਰਿੰਟਿੰਗ ਪ੍ਰੈਸ
ਜਲੰਧਰ

## ਤੱਤਕਰਾ


**ਚਿੱਠੀਆਂ ਦੂਰ ਦੁਰਾਡਿਓਂ** 9

ਪਹਿਲੀ ਚਿੱਠੀ : ਪਹਿਲੇ ਇਨਕਲਾਬ ਦਾ ਪਹਿਲਾ ਪੜਾਅ 9

ਦੂਜੀ ਚਿੱਠੀ : ਨਵੀਂ ਸਰਕਾਰ ਤੇ ਪਰੋਲੇਤਾਰੀਆ 20

ਤੀਜੀ ਚਿੱਠੀ : ਇਕ ਪਰੋਲੇਤਾਰੀ ਮਿਲੀਸ਼ੀਆ ਬਾਰੇ 30

**ਸਵਿੱਸ ਮਜ਼ਦੂਰਾਂ ਨੂੰ ਵਿਦਾਇਗੀ ਚਿੱਠੀ** 42

ਫਿਨਲੈਂਡ ਸਟੇਸ਼ਨ ਦੇ ਚੌਂਕ ਵਿਚ ਮਜ਼ਦੂਰਾਂ, ਸਿਪਾਹੀਆਂ ਤੇ ਜਹਾਜ਼ੀਆਂ ਦੇ ਸਾਹਮਣੇ 3 (16) ਅਪਰੈਲ 1917 ਨੂੰ ਭਾਸ਼ਣ 49

ਵਰਤਮਾਨ ਪਰੋਲੇਤਾਰੀਆ ਦੇ ਕੰਮ 50

**ਦਾਅ-ਪੇਚਾਂ ਬਾਰੇ ਚਿੱਠੀਆਂ** 55

ਭੂਮਿਕਾ 55

ਪਹਿਲੀ ਚਿੱਠੀ : ਵਰਤਮਾਨ ਸਥਿਤੀ ਦਾ ਲੇਖਾ ਜੋਖਾ 56

**ਦੁਪਾਸੀ ਸੱਤਾ** 68

**ਸਾਡੇ ਇਨਕਲਾਬ ਵਿਚ ਪਰੋਲੇਤਾਰੀਆ ਦੇ ਕੰਮ** 72

ਪਰੋਲਤਾਰੀ ਪਾਰਟੀ ਲਈ ਪਲੇਟਫਾਰਮ ਦਾ ਖਰੜਾ 72

ਨਵੀਂ ਸਰਕਾਰ ਦੀ ਬਦੇਸ਼ ਨੀਤੀ 73

ਦੁਪਾਸੀ ਸੱਤਾ ਦੀ ਨਿਰਾਲੀ ਸਥਿਤੀ ਤੇ ਇਸ ਦਾ ਜਮਾਤੀ ਮਹੱਤਵ 74

ਇਨਕਲਾਬੀ ਸੁਰੱਖਿਅਤਵਾਦ ਤੇ ਇਸ ਦਾ ਜਮਾਤੀ ਮਹੱਤਵ 78

ਜੰਗ ਕਿਵੇਂ ਖਤਮ ਕੀਤੀ ਜਾ ਸਕਦੀ ਹੈ ? 80

ਸਾਡੇ ਇਨਕਲਾਬ ਵਿਚੋਂ ਨਵੀਂ ਕਿਸਮ ਦਾ ਰਾਜ ਉਭਰ ਰਿਹਾ ਹੈ 81

ਜ਼ਰਈ ਅਤੇ ਕੌਮੀ ਪਰੋਗਰਾਮ 84

ਬੈਂਕ ਅਤੇ ਪੂੰਜੀਵਾਦੀ ਸਿੰਡੀਕੇਟਾਂ ਦਾ ਕੌਮੀਕਰਣ 86

ਸੋਸ਼ਲਿਸਟ ਇੰਟਰਨੈਸ਼ਨਲ ਅੰਦਰਲੀ ਅਵਸਥਾ 87
ਜਿਮਰਵਾਲਡ ਇੰਟਰਨੈਸ਼ਨਲ ਦਾ ਨਿਘਾਰ, ਤੀਸਰੀ ਇੰਟਰਨੈਸ਼ਨਲ ਦੀ ਸਥਾਪਨਾ 92
ਦੀ ਲੋੜ ਸਾਡੀ ਪਾਰਟੀ ਦਾ ਨਾਅ ਕੀ ਹੋਵੇ ? 95
ਰੂਸ ਵਿਚ ਰਾਜਸੀ ਪਾਰਟੀਆਂ ਤੇ ਪਰੋਲਤਾਰੀ ਦੇ ਕਾਰਜ 100
ਦੂਜੀ ਐਡੀਸ਼ਨ ਦੀ ਭੂਮਿਕਾ 100
ਝੂਠਾਂ ਦੀ ਇਕ ਭਾਈਵਾਲੀ 112
ਨਾਗਰਿਕੋ ! ਵੇਖੋ, ਸਾਰੇ ਦੇਸ਼ਾਂ ਦੇ ਸਰਮਾਏਦਾਰ ਕਿਹੋ ਜਹੇ ਢੰਗ ਤਰੀਕੇ ਵਰਤ ਰਹੇ ਹਨ 116
ਸਿਪਾਹੀ ਅਤੇ ਜ਼ਮੀਨ 119
ਦਿਵਾਲਾ ? 121
ਲੜਾਈ ਵਿਚ ਰੁਝੇ ਸਾਰੇ ਦੇਸ਼ਾਂ ਦੇ ਸਿਪਾਹੀਆਂ ਨੂੰ ਅਪੀਲ 122
ਆਰਜ਼ੀ ਸਰਕਾਰ ਦੀ ਲਿਖਤੀ ਸੂਚਨਾ 125
ਬਿੰਬ ਬਨਾਮ ਤੋਪਾਂ, ਲੱਫਾਜ਼ੀ ਬਨਾਮ ਸਰਮਾਇਆ 128
ਆਰ. ਐਸ. ਐਲ. ਡੀ ਪੀ. (ਬਾਲਸ਼ਵਿਕ) ਦੀ ਕੇਂਦਰੀ ਕਮੇਟੀ ਦਾ ਮਤਾ, ਜੋ 21 ਅਪ੍ਰੈਲ (4 ਮਈ) 1917 ਨੂੰ ਪ੍ਰਵਾਨ ਕੀਤਾ ਗਿਆ 130
ਸੁਹਿਰਦ ਸੁਰਖਿਆਵਾਦ ਦਾ ਪਰਦਾ ਫਾਸ਼ 133
ਆਰ. ਐਸ ਐਲ. ਡੀ. ਪੀ (ਬਾਲਸ਼ਵਿਕ) ਦੀ ਕੇਂਦਰੀ ਕਮੇਟੀ ਦਾ ਮਤਾ ਜੋ 22 ਅਪ੍ਰੈਲ (5 ਮਈ) 1917 ਦੀ ਸਵੇਰ ਨੂੰ ਪਾਸ ਹੋਇਆ 136
ਸੰਕਟ ਦੇ ਸਬਕ 138
"ਅਪਮਾਨ" ਜਿਵੇਂ ਸਰਮਾਏਦਾਰਾਂ ਤੇ ਪਰੋਤਾਰੀਆ ਨ ਇਸ ਨੂੰ ਸਮਝਿਆ 142
ਈ ਤੋਰਨੀਆਈਨੇਨ ਨੂੰ 23 ਅਪ੍ਰੈਲ (6 ਮਈ) 1917 ਨੂੰ ਦਿਤਾ ਇੰਟਰਵਿਊ 144
ਭਰਾਤਰੀਪੁਣੇ ਦੀ ਮਹਤਤਾ 146
ਆਰਜ਼ੀ ਸਰਕਾਰ ਦੇ ਉਲਟ-ਇਨਕਲਾਬੀ ਕਦਮ ਕਿਹੜੇ ਪਾਸੇ ਲਿਜਾਂਦੇ ਹਨ 149
ਸੱਤਾ ਦਾ ਸੰਕਟ 152
ਸ਼ਾਨਦਾਰ ਲੱਫਾਜ਼ੀ ਨਾਲ ਕੱਜੀ ਹੋਈ ਸਾਮਰਾਜ ਦੀ ਹਮਾਇਤ 155
ਬੁਰਜੂਆ ਦਹਿਸ਼ਤ ਨਾਲ ਲੋਕਾਂ ਨੂੰ ਡਰਾਉਣਾ 158
ਸਰਮਾਏ ਨਾਲ ਜਮਾਤੀ ਭਾਈਵਾਲੀ ਜਾਂ ਸਰਮਾਏ ਵਿਰੁਧ ਜਮਾਤੀ ਜਦੋ-ਜਹਿਦ ? 161
ਇਕ ਮਜ਼ਬੂਤ ਇਨਕਲਾਬੀ ਸਰਕਾਰ 164
ਕਿਸਾਨ ਡਿਪਟੀਆਂ ਦੀ ਕੁਲ-ਰੂਸ ਕਾਂਗਰਸ ਦੇ ਡੈਲੀਗੇਟਾਂ ਦੇ ਨਾਂਅ ਇਕ ਖੁਲ੍ਹੀ ਚਿੱਠੀ 167
ਕੁਝ ਵੀ ਨਹੀਂ ਬਦਲਿਆ 172
ਜਮਹੂਰੀਅਤ ਦੇ ਅਸੂਲਾਂ ਤੋਂ ਇਕ ਅਫਸੋਸਨਾਕ ਕੁਰਾਹਾ 173
ਸਿਰ ਤੇ ਖਲੋਤੀ ਅਧੋਗਤੀ 176
ਜੰਗ ਅਤੇ ਇਨਕਲਾਬ 179
14 (27) ਮਈ 1917 ਨੂੰ ਦਿਤਾ ਇਕ ਲੈਕਚਰ 179
ਕੀ ਦੋਪਾਸੜੀ ਸੱਤਾ ਅਲੋਪ ਹੋ ਗਈ ਹੈ ?) 201

ਕਿਸਾਨਾਂ ਦੇ ਡਿਪਟੀਆਂ ਦੀ ਪਹਿਲੀ ਕੁਲ-ਰੂਸ ਕਾਂਗਰਸ 204
1. ਜ਼ਰੱਈ ਸੁਆਲ ਬਾਰੇ ਮਤੇ ਦਾ ਖਰੜਾ 204
2. ਜ਼ਰੱਈ ਸੁਆਲ ਬਾਰੇ ਤਕਰੀਰ 206
ਅਸੂਲ ਦਾ ਇਕ ਸੁਆਲ
ਜਮਹੂਰੀਅਤ ਦੇ "ਭੁਲਾਏ ਜਾ ਚੁਕੇ ਸ਼ਬਦ" 224
ਲਫ਼ਜ਼ੀ ਹੇਰਾਫੇਰੀ ਦਾ ਨੁਕਸਾਨ 227
ਲੋਕਾਂ ਨਾਲ ਪੂੰਜੀਵਾਦੀ ਮਜ਼ਾਕ 230
ਬਦਨਾਮੀ ਹੱਕੀ ਠਹਿਰਾਈ ਗਈ 234
ਆਰਥਕ ਗੜਬੜੀ ਦੇ ਸੁਆਲ ਬਾਰੇ
ਨਿਕ-ਬੁਰਜੂਆ ਨੀਤੀ 238
ਅੱਖ ਦਾ ਕਣ 241
ਮਜ਼ਦੂਰਾਂ ਅਤੇ ਸਿਪਾਹੀਆਂ ਦੀਆਂ ਸੋਵੀਅਤਾਂ ਦੀ ਪਹਿਲੀ ਕੁਲ-ਰੂਸ ਕਾਂਗਰਸ : 3-24 ਜੂਨ (16 ਜੂਨ-7 ਜੁਲਾਈ) 1917 244
ਆਰਜ਼ੀ ਹਕੂਮਤ ਵਲ ਵਤੀਰੇ ਬਾਰੇ ਤਕਰੀਰ, 4 (17) ਜੂਨ 244
ਇਕ ਨਿਆਈਂ ਅਮਨ ਵਲ ਕੋਈ ਰਾਹ ਹੈ ? 255
"ਮਹਾਨ ਵਾਪਸੀ" 257
ਮੁਜ਼ਾਹਰਾ ਰੱਦ ਕੀਤੇ ਜਾਣ ਬਾਰੇ ਤਕਰੀਰ, ਜੋ ਆਰ. ਐਸ. ਐਲ. ਡੀ ਪੀ. (ਬੀ.) ਦੀ ਪੀਤਰੋਗਰਾਦ ਕਮੇਟੀ ਵਿਚ 11 (24) ਜੂਨ 1917 ਨੂੰ ਕੀਤੀ ਗਈ 260
ਮੋੜਾ 263
ਰੂਸੀ ਇਨਕਲਾਬ ਦੀ ਬਦੇਸ਼ ਨੀਤੀ 265
ਵਰਤਮਾਨ ਤੇ ਭਵਿੱਖੀ "ਕਾਵੇਜਨਾਕਾਂ" ਦਾ ਜਮਾਤੀ ਮੂਲ 268
ਅਠਾਰਾਂ ਜੂਨ 272
ਸੋਸ਼ਲਿਸਟ ਇਨਕਲਾਬੀਆਂ ਤੇ ਮੈਨਸ਼ਵਿਕਾਂ ਨੇ ਇਨਕਲਾਬ ਨੂੰ ਕਿਹੜੀ ਹਾਲਤ ਵਿਚ ਪਹੁੰਚਾ ਦਿਤਾ ਹੈ 275
ਕੀ "ਜੇਕਬਿਨਵਾਦ" ਮਜ਼ਦੂਰ ਜਮਾਤ ਨੂੰ ਡਰਾ ਸਕਦਾ ਹੈ ? 278
ਇਕ ਜਮਾਤੀ ਤਬਦੀਲੀ 281
ਸਾਰੀ ਸੱਤਾ ਸੋਵੀਅਤਾਂ ਨੂੰ ! 284
ਤਿੰਨ ਸੰਕਟ 286
ਰਾਜਸੀ ਸਥਿਤੀ 291
ਚਾਰ ਥੀਸਸ 291
ਨਾਹਰਿਆਂ ਬਾਰੇ 294
ਪ੍ਰਿੰਸ ਜੀ. ਵਾਈ. ਲਵੋਵ ਨੂੰ ਸਾਡਾ ਧੰਨਵਾਦ 301
ਸੰਵਿਧਾਨਕ ਭੁਲੇਖੇ 304
(1) 305
(2) 308
(3) 311

ਬੋਨਾਪਾਰਟਵਾਦ ਦਾ ਅੰਤ 317
ਇਨਕਲਾਬ ਦੇ ਸਬਕ 321
(1) 321
(2) 323
(3) 324
(4) 325
(5) 326
(6) 327
(7) 330
(8) 331
(9) 332
ਆਰ. ਐਸ. ਐਲ. ਡੀ. ਪੀ. ਦੀ ਕੇਂਦਰੀ ਕਮੇਟੀ ਦੇ ਨਾਂਅ 334
ਸਮਝੌਤਿਆਂ ਬਾਰੇ 337
ਇਨਕਲਾਬ ਦਾ ਇਕ ਬੁਨਿਆਦੀ ਸੁਆਲ 343
ਇਨਕਲਾਬ ਦੇ ਕਾਰਜ 350
ਸਰਮਾਏਦਾਰਾਂ ਨਾਲ ਸਮਝੌਤੇ ਤਬਾਹਕਾਰ ਹਨ 351
ਸੱਤਾ ਸੋਵੀਅਤਾਂ ਨੂੰ 352
ਲੋਕਾਂ ਲਈ ਅਮਨ 352
ਜਿਹੜੇ ਵਾਹੁਣਗੇ, ਜ਼ਮੀਨ ਉਹਨਾਂ ਦੀ 354
ਇਨਕਲਾਬ ਦਾ ਸ਼ਾਂਤਮਈ ਵਿਕਾਸ 356
ਬਾਲਸ਼ਵਿਕਾਂ ਨੂੰ ਸੱਤਾ ਆਪਣੇ ਹੱਥਾਂ ਵਿਚ ਲੈਣੀ ਚਾਹੀਦੀ ਹੈ 358
ਮਾਰਕਸਵਾਦ ਤੇ ਬਗਾਵਤ 361
ਇਕ ਪੱਤਰਕਾਰ ਦੀ ਡਾਇਰੀ ਵਿਚੋਂ 367
ਸਾਡੀ ਪਾਰਟੀ ਦੀਆਂ ਗਲਤੀਆਂ 367
ਸੰਕਟ ਪਰਪੱਕ ਹੋ ਗਿਆ 373
I 373
II 374
III 376
IV 377
V 377
VI 378
ਮਜ਼ਦੂਰਾਂ ਕਿਸਾਨਾਂ ਤੇ ਸਿਪਾਹੀਆਂ ਦੇ ਨਾਂਅ ! 382
ਕੀ ਬਾਲਸ਼ਵਿਕ ਰਾਜ-ਸੱਤਾ ਕਾਇਮ ਰੱਖ ਸਕਦੇ ਹਨ ? 385
ਦੂਜੀ ਛਾਪ ਦੀ ਭੂਮਿਕਾ 385
ਅੰਤਕਾ 423

ਕੇਂਦਰੀ ਕਮੇਟੀ ਦੇ ਨਾਂਅ, ਮਾਸਕੋ ਤੇ ਪੀਤਰੋਗਰਾਦ ਕਮੇਟੀਆਂ ਅਤੇ ਪੀਤਰੋਗਰਾਦ
ਤੇ ਮਾਸਕੋ ਸੋਵੀਅਤਾਂ ਦੇ ਬਾਲਸ਼ਵਿਕ ਮੈਂਬਰਾਂ ਦੇ ਨਾਂਅ ਚਿੱਠੀ 429
ਪੀਤਰੋਗਰਾਦ ਸ਼ਹਿਰੀ ਕਾਨਫਰੰਸ ਦੇ ਨਾਂਅ ਚਿੱਠੀ 431
ਬੰਦ ਸਮਾਗਮ ਵਿਚ ਪੜ੍ਹਨ ਲਈ 431
ਇਕ ਦਰਸ਼ਕ ਦੀ ਸਲਾਹ 435
ਉੱਤਰੀ ਖੰਡ ਦੀਆਂ ਸੋਵੀਅਤਾਂ ਦੀ ਕਾਂਗਰਸ ਵਿਚ ਸ਼ਾਮਲ ਹੋਣ ਵਾਲੇ
ਬਾਲਸ਼ਵਿਕ ਸਾਥੀਆਂ ਨੂੰ ਪੱਤਰ 438
ਸਾਥੀਆਂ ਨੂੰ ਚਿੱਠੀ 444
ਉਪਰੰਤ-ਲਿਖਤ 462
ਕੇਂਦਰੀ ਕਮੇਟੀ ਦੇ ਮੈਂਬਰਾਂ ਨੂੰ ਪੱਤਰ 465
ਰੂਸ ਦੇ ਨਾਗਰਿਕਾਂ ਨੂੰ 466

# ਚਿੱਠੀਆਂ ਦੂਰ ਦੁਰਾਡਿਉਂ

## ਪਹਿਲੀ ਚਿੱਠੀ

### ਪਹਿਲੇ ਇਨਕਲਾਬ ਦਾ ਪਹਿਲਾ ਪੜਾਅ

ਸਾਮਰਾਜੀ ਸੰਸਾਰ ਜੰਗ ਵਲੋਂ ਉਪਜਾਇਆ ਗਿਆ ਪਹਿਲਾ ਇਨਕਲਾਬ ਸ਼ੁਰੂ ਹੋ ਗਿਆ ਹੈ। ਪਹਿਲਾ ਇਨਕਲਾਬ ਪਰ ਅੰਤਮ ਬਿਲਕੁਲ ਨਹੀਂ।

ਸਵਿਟਜ਼ਰਲੈਂਡ ਵਿਚ ਪਰਾਪਤ ਥੋੜੀ ਜਿਹੀ ਸੂਚਨਾ ਤੋਂ ਅਨੁਮਾਨ ਲਾਉਂਦਿਆਂ ਇਸ ਪਹਿਲੇ ਇਨਕਲਾਬ ਦਾ, ਅਰਥਾਤ ਇਕ ਮਾਰਚ,1917 ਦੇ ਰੂਸੀ ਇਨਕਲਾਬ ਦਾ, ਪਹਿਲਾ ਪੜਾਅ ਖ਼ਤਮ ਹੋ ਗਿਆ ਹੈ। ਸਾਡੇ ਇਨਕਲਾਬ ਦਾ ਇਹ ਪਹਿਲਾ ਪੜਾਅ ਨਿਸਚਿਤ ਤੌਰ ਤੇ ਆਖ਼ਰੀ ਨਹੀਂ ਹੋਵੇਗਾ।

ਅਜਿਹਾ ਚਮਤਕਾਰ ਕਿਵੇਂ ਹੋ ਸਕਦਾ ਸੀ ਕਿ ਸਿਰਫ ਅੱਠਾਂ ਦਿਨਾਂ ਵਿਚ—ਦੌਰ ਜਿਸ ਦਾ ਜ਼ਿਕਰ ਮਿਲੀਉਕੋਵ ਨੇ ਵਿਦੇਸ਼ਾਂ ਵਿਚ ਰੂਸ ਦੇ ਸਭਨਾਂ ਪ੍ਰਤੀਨਿਧਾਂ ਨੂੰ ਆਪਣੇ ਸ਼ੇਖੀਖੋਰੇ ਤਾਰ ਵਿਚ ਕੀਤਾ ਹੈ—ਉਹ ਬਾਦਸ਼ਾਹਤ ਢਹਿ-ਢੇਰੀ ਹੋ ਗਈ ਜਿਸ ਨੇ ਆਪਣੇ ਆਪ ਨੂੰ ਸਦੀਆਂ ਤੱਕ ਕਾਇਮ ਰਖਿਆ ਸੀ। ਅਤੇ ਇਹ ਕਿ ਸਭ ਕਾਸੇ ਦੇ ਬਾਵਜੂਦ 1905-07 ਦੀਆਂ ਬੜੀਆਂ ਵੱਡੀਆਂ ਰਾਸ਼ਟਰ-ਵਿਆਪੀ ਜਮਾਤੀ ਲੜਾਈਆਂ ਦੇ ਤਿੰਨਾ ਸਾਲਾਂ ਵਿਚ ਆਪਣੇ ਆਪ ਨੂੰ ਕਾਇਮ ਕਰ ਸਕਿਆ ?

ਕੁਦਰਤ ਜਾਂ ਇਤਿਹਾਸ ਵਿਚ ਕੋਈ ਚਮਤਕਾਰ ਨਹੀਂ ਹੁੰਦੇ, ਪਰ ਇਤਿਹਾਸ ਹਰ ਅਚਨਚੇਤੀ ਮੋੜ ਤੇ, ਇਹ ਗੱਲ ਹਰ ਇਨਕਲਾਬ ਉਤੇ ਲਾਗੂ ਹੁੰਦੀ ਹੈ, ਤੱਤ ਦੀ ਅਜਿਹੀ ਦੌਲਤ ਪੇਸ਼ ਕਰਦਾ ਹੈ, ਘੋਲ ਦੀਆਂ ਸਕਲਾਂ ਦੇ ਆਸੋਂ-ਉਲਟ ਅਤੇ ਵਿਸ਼ੇਸ਼ ਜੋੜ ਤੇ ਮੁਕਾਬਲਾ ਕਰਨ ਵਾਲਿਆਂ ਦੀਆਂ ਸਕਤੀਆਂ ਦੀ ਪਰ੍ਹਾਬੰਦੀ ਪੇਸ਼ ਕਰਦਾ ਹੈ ਕਿ ਗੈਰ-ਮਾਹਿਰ ਦਿਮਾਗ਼ ਲਈ ਅਜਿਹਾ ਬਹੁਤ ਕੁਝ ਹੈ ਜਿਹੜਾ ਚਮਤਕਾਰ ਦਿੱਸਦਾ ਹੈ।

ਸੰਸਾਰ-ਇਤਿਹਾਸਕ ਮਹੱਤਤਾ ਵਾਲੇ ਅਨੇਕਾਂ ਅਨਸਰਾਂ ਦਾ ਜੋੜ ਜ਼ਾਰਸ਼ਾਹੀ ਬਾਦਸ਼ਾਹਤ ਨੂੰ ਦਿਨਾਂ ਵਿਚ ਹੀ ਢਹਿ-ਢੇਰੀ ਕਰਨ ਲਈ ਜ਼ਰੂਰੀ ਸੀ। ਇਹਨਾਂ ਵਿਚੋਂ ਮੁੱਖ ਅਨਸਰਾਂ ਦਾ ਜ਼ਿਕਰ ਅਸੀਂ ਕਰਾਂਗੇ।

**ਬੜੀਆਂ ਵੱਡੀਆਂ ਜਮਾਤੀ ਲੜਾਈਆਂ ਅਤੇ ਇਨਕਲਾਬੀ ਸ਼ਕਤੀ ਤੋਂ ਬਿਨਾਂ, ਜਿਸ ਦਾ**

ਮੁਜ਼ਾਹਰਾ ਰੂਸੀ ਪਰੋਲਤਾਰੀਏ ਨੇ 1905-1907 ਦੇ ਤਿੰਨਾਂ ਸਾਲਾਂ ਵਿਚ ਕੀਤਾ, ਦੂਜਾ ਇਨ-ਕਲਾਬ ਇਹਨਾਂ ਅਰਥਾਂ ਵਿਚ ਸੰਭਵ ਤੌਰ ਉਤੇ ਏਡਾ ਤੇਜ਼ ਨਹੀਂ ਸੀ ਹੋ ਸਕਦਾ ਕਿ ਇਹਦਾ ਮੁੱਢਲਾ ਪੜਾਅ ਕੁਝ ਹੀ ਦਿਨਾਂ ਵਿਚ ਪੂਰਾ ਹੋ ਜਾਂਦਾ । ਪਹਿਲੇ ਇਨਕਲਾਬ (1905) ਨੇ ਜ਼ਮੀਨ ਵਾਹੀ, ਜੁਗਾਂ-ਪੁਰਾਣੇ ਤਅਸਬ ਪੁੱਟ ਵਗਾਹ ਮਾਰੇ, ਲੱਖਾਂ ਹੀ ਮਜ਼ਦੂਰਾਂ ਅਤੇ ਲਖੂਖਾ ਕਿਸਾਨਾਂ ਨੂੰ ਜਗਾ ਕੇ ਰਾਜਸੀ ਜੀਵਨ ਤੇ ਰਾਜਸੀ ਘੋਲ ਵਿਚ ਖਿਚਿਆ ਅਤੇ ਇਕ ਦੂਜੇ ਨੂੰ—ਅਤੇ ਦੁਨੀਆਂ ਨੂੰ—ਰੂਸੀ ਸਮਾਜ ਦੀਆਂ **ਸਭ** ਜਮਾਤਾਂ (ਅਤੇ ਸਾਰੀਆਂ ਮੁੱਖ ਪਾਰਟੀਆਂ) ਨੂੰ ਉਹਨਾਂ ਦੇ ਅਸਲੀ ਖ਼ਾਸੇ ਵਿਚ ਅਤੇ ਉਹਨਾਂ ਦੇ ਹਿੱਤਾਂ ਦੀ ਅਸਲੀ ਪਰ੍ਹਾਬੰਦੀ, ਉਹਨਾਂ ਦੀਆਂ ਸ਼ਕਤੀਆਂ, ਉਹਨਾਂ ਦੇ ਅਮਲ ਢੰਗ ਅਤੇ ਉਹਨਾਂ ਦੇ ਤਤਕਾਲੀ ਅਤੇ ਆਖ਼ਰੀ ਨਿਸ਼ਾਨੇ ਦਰਸਾਏ । ਇਸ ਪਹਿਲੇ ਇਨਕਲਾਬ ਅਤੇ ਉਲਟ-ਇਨਕਲਾਬ ਦੇ ਅਗਲੇ ਦੌਰ (1907-14) ਨੇ ਜ਼ਾਰਸ਼ਾਹੀ ਬਾਦਸ਼ਾਹਤ ਦੇ ਸਾਰ ਨੂੰ ਨੰਗਾ ਕਰ ਦਿੱਤਾ, ਇਹਨੂੰ "ਅੱਤ ਦੀ ਹੱਦ" ਉਤੇ ਪਹੁੰਚਾਇਆ । ਜ਼ਾਰ ਦੀ ਜੁੰਡੀ ਦੀ, ਜਿਸ ਵਿਚ ਵਿਕਰਾਲ ਰਾਸਪੂਤਿਨ ਨੂੰ ਪ੍ਰਬਲਤਾ ਹਾਸਲ ਸੀ, ਸਾਰੀ ਸੜ੍ਹਿਆਂਦ ਅਤੇ ਖ਼ੁਆਰੀ, ਸਨਕੀਪਣ ਅਤੇ ਭ੍ਰਿਸ਼ਟਤਾ ਦਾ ਪਾਜ ਉਘੇੜਿਆ । ਇਹਨੇ ਰੋਮਾਨੋਵ-ਪਰਵਾਰ ਦੀ ਸਾਰੀ ਬਦਕਾਰੀ ਨੂੰ ਨੰਗਾ ਕੀਤਾ—ਮਿਥਦੇਂ ਕਤਲੇਆਮ ਕਰਨ ਵਾਲਿਆਂ ਨੂੰ, ਜਿਹਨਾਂ ਨੇ **ਰੂਸ** ਨੂੰ ਯਹੂਦੀਆਂ, ਮਜ਼ਦੂਰਾਂ ਅਤੇ ਇਨਕਲਾਬੀਆਂ ਦੇ ਲਹੂ ਵਿਚ ਡਬੋਇਆ । ਉਹਨਾਂ **ਭੋਂ-ਪਤੀਆਂ**, "ਕੁਲੀਨਾਂ ਵਿਚ ਪਹਿਲਿਆਂ" ਨੂੰ, ਜਿਹੜੇ ਲਖੂਖਾ ਦੇਸਿਆਤਿਨ ਭੋਂ ਦੇ ਮਾਲਕ ਹਨ ਅਤੇ ਹਰ ਨਿਰਦਇਤਾ ਤਕ ਹਰ ਜੁਰਮ ਤਕ ਨਿਘਰਨ ਨੂੰ ਲੋਕਾਂ ਦੀ ਕਿਸੇ ਗਿਣਤੀ ਦੀ ਸੰਘੀ ਘੁੱਟਣ ਤੇ ਉਹਨਾਂ ਨੂੰ ਤਬਾਹ ਕਰਨ ਲਈ ਤਿਆਰ ਹਨ ਤਾਂ ਜੋ ਖ਼ੁਦ ਆਪਣੇ ਲਈ **ਅਤੇ ਆਪਣੀ ਜਮਾਤ** ਲਈ "ਜਾਇਦਾਦ ਦੇ ਪਵਿੱਤਰ ਅਧਿਕਾਰ" ਕਾਇਮ ਰੱਖ ਸਕਣ ।

1905-07 ਦੇ ਇਨਕਲਾਬ ਅਤੇ 1907-14 ਦੇ ਉਲਟ-ਇਨਕਲਾਬ ਤੋਂ ਬਿਨਾਂ ਰੂਸੀ ਲੋਕਾਂ ਦੀਆਂ ਸਭਨਾਂ ਜਮਾਤਾਂ ਦਾ ਅਤੇ ਰੂਸ ਵਿਚ ਵਸਦੀਆਂ ਕੌਮਾਂ ਦਾ ਉਹ ਸਪੱਸ਼ਟ "ਆਪਾ-ਨਿਰਣੇ" ਇਹਨਾਂ ਜਮਾਤਾਂ ਦਾ ਇਕ ਦੂਜੀ ਨਾਲ ਅਤੇ ਜ਼ਾਰਸ਼ਾਹੀ ਬਾਦਸ਼ਾਹਤ ਨਾਲ ਉਹ ਮਿੱਥਣ ਨਹੀਂ ਹੋ ਸਕਦਾ, ਜੀਹਨੇ 1917 ਦੇ ਫਰਵਰੀ-ਮਾਰਚ ਇਨਕਲਾਬ, ਦੇ ਅੱਠਾਂ ਦਿਨਾਂ ਵਿਚ ਆਪਣੇ ਆਪ ਨੂੰ ਪ੍ਰਗਟਾਇਆ ਸੀ । ਇਹ ਅੱਠ-ਰੋਜ਼ਾ ਇਨਕਲਾਬ, ਜੇ ਅਸੀਂ ਅਲੰਕਾਰਕ ਰੂਪ ਵਿਚ ਗੱਲ ਕਰੀਏ, ਦਰਜਨਾਂ ਹੀ ਵੱਡੀਆਂ ਛੋਟੀਆਂ ਰੀਹਰਸਲਾਂ ਪਿਛੋਂ "ਕੀਤਾ ਗਿਆ" । ਐਕਟਰ ਇਕ ਦੂਜੇ ਨੂੰ, ਆਪਣੇ ਪਾਰਟ ਨੂੰ, ਆਪਣੇ ਸਥਾਨਾਂ ਨੂੰ ਅਤੇ ਹਰ ਵੇਰਵੇ ਵਿਚ ਆਪਣੀ ਸੈਟਿੰਗ ਨੂੰ ਪੂਰੀ ਪੂਰੀ ਤਰ੍ਹਾਂ ਰਾਜਸੀ ਰੁਚੀ ਅਤੇ ਅਮਲ ਦੇ ਢੰਗ ਦੇ ਹਰ ਵੱਧ ਜਾਂ ਘੱਟ ਅਹਿਮ ਸ਼ੇਡ ਤਕ ਜਾਣਦੇ ਸਨ ।

1905 ਦੇ ਪਹਿਲੇ ਮਹਾਨ ਇਨਕਲਾਬ ਲਈ ਜਿਸ ਨੂੰ ਗੁਚਕੋਵਾਂ ਅਤੇ ਮਿਲੀਉਕੋਵਾਂ ਨੇ ਅਤੇ ਉਹਨਾਂ ਦੇ ਲੜਗੁੱਛਾਂ ਨੇ "ਵੱਡੀ ਬਗਾਵਤ" ਵਜੋਂ ਭੰਡਿਆ ਜਿਸ ਦੇ ਨਤੀਜੇ ਦੇ ਤੌਰ ਉਤੇ 1917 ਦਾ 'ਸ਼ਾਨਦਾਰ' 'ਚਮਤਕਾਰੀ' ਇਨਕਲਾਬ ਹੋਇਆ—ਗੁਚਕੋਵਾਂ ਅਤੇ ਮਿਲੀਉਕੋਵਾਂ ਨੇ ਇਹਨੂੰ 'ਚਮਤਕਾਰੀ' ਇਨਕਲਾਬ ਕਿਹਾ ਹੈ ਕਿਉਂ ਜੋ ਇਸ ਨੇ ਸੱਤਾ ਉਹਨਾਂ ਦੇ ਹੱਥ ਦਿੱਤੀ ਹੈ । (ਹਾਲ ਦੀ ਘੜੀ ਲਈ) ਪਰ ਇਹਨੂੰ ਮਹਾਨ, ਤਕੜੇ ਅਤੇ ਸਰਬ ਸ਼ਕਤੀਮਾਨ "ਸਟੇਜ ਮੈਨੇਜਰ" ਦੀ ਲੋੜ ਸੀ, ਜਿਹੜਾ ਇਕ ਪਾਸੇ, ਸੰਸਾਰ ਇਤਿਹਾਸ ਦੀ ਚਾਲ ਨੂੰ ਵਿਸ਼ਾਲ ਤੌਰ ਉਤੇ ਤੇਜ਼ ਕਰਨ ਦੇ ਅਤੇ ਦੂਜੇ ਪਾਸੇ, ਬੇਮਿਸਾਲ ਤੀਬਰਤਾ ਵਾਲੇ ਸੰਸਾਰ ਵਿਆਪੀ ਸੰਕਟ—ਆਰਥਕ, ਕੌਮੀ, ਰਾਜਸੀ ਤੇ ਕੌਮਾਂਤਰੀ—ਉਪਜਾਣ ਦੇ ਯੋਗ ਹੁੰਦਾ । ਸੰਸਾਰ ਇਤਿਹਾਸ ਦੀ ਅਸਾਧਾਰਣ ਗਤੀ-ਸ਼ੀਲਤਾ ਤੋਂ ਇਲਾਵਾ, ਇਹ ਵੀ ਜ਼ਰੂਰੀ ਸੀ ਕਿ ਇਤਿਹਾਸ ਚਾਬੁਕ ਮੋੜ ਕੱਟੇ ਤਾਂ ਜੋ ਅਜਿਹੇ

ਇਕ ਮੌੜ ਉਤੇ ਰੋਮਾਨੋਵ ਬਾਦਸ਼ਾਹਤ ਦਾ ਗੰਦਾ ਅਤੇ ਲਹੂ ਦੇ ਦਾਗ਼ਾਂ ਵਾਲਾ ਛਕੜਾ ਇਕੋ ਵਾਰ ਨਾਲ ਉਲਟਾਇਆ ਜਾ ਸਕੇ ।

ਅਜਿਹਾ ਸਰਬ-ਸ਼ਕਤੀਮਾਨ 'ਸਟੇਜ ਮੈਨੇਜਰ' ਸ਼ਕਤੀਸ਼ਾਲੀ ਗਤੀਸ਼ੀਲ ਸੀ ਸਾਮਰਾਜੀ ਸੰਸਾਰ ਜੰਗ ।

ਇਹ ਕਿ ਇਹ ਜੰਗ ਸੰਸਾਰ ਜੰਗ ਹੈ ਨਿਰਵਿਵਾਦ ਹੈ, ਕਿਉਂ ਜੋ ਅਮਰੀਕਾ ਅਤੇ ਚੀਨ ਇਸ ਵਿਚ ਪਹਿਲਾਂ ਹੀ ਆਪੇ ਸ਼ਾਮਲ ਹੋ ਚੁਕੇ ਹੋਏ ਹਨ ਅਤੇ ਭਲਕੇ ਪੂਰੀ ਤਰ੍ਹਾਂ ਸ਼ਾਮਲ ਹੋ ਜਾਣਗੇ ।

ਇਹ ਕਿ ਇਹ **ਦੋਹਾਂ ਧਿਰਾਂ ਵਲੋਂ** ਸਾਮਰਾਜੀ ਜੰਗ ਹੈ, ਹੁਣ ਇਵੇਂ ਹੀ ਨਿਰਵਿਵਾਦ ਹੈ । ਸਿਰਫ ਪੂੰਜੀਵਾਦ ਅਤੇ ਉਹਨਾਂ ਦੇ ਲੜਗੁੱਛ, ਸਮਾਜਕ ਦੇਸ਼ ਭਗਤ ਅਤੇ ਸਮਾਜਕ—ਸ਼ਾਵਨਵਾਦੀਏ ਜਾਂ—ਜੇ ਆਮ ਪੜਚੋਲੀ ਪ੍ਰੀਭਾਸ਼ਾਵਾਂ ਦੀ ਥਾਂ ਅਸੀਂ ਰਾਜਸੀ ਨਾਂ ਵਰਤੀਏ ਜੋ ਰੂਸ ਵਿਚ ਜਾਣੇ ਜਾਂਦੇ ਹਨ—ਇਕ ਪਾਸੇ ਸਿਰਫ਼ ਗੂਚਕੋਵ ਤੇ ਲਵੋਵ, ਮਿਲੀਊਕੋਵ ਤੇ ਸ਼ਿਨਗਾਰਿਓਵ ਅਤੇ ਦੂਜੇ ਪਾਸੇ ਸਿਰਫ਼ ਗਵੋਜ਼ਦੀਓਵ, ਪੋਤਰੇਸੋਵ, ਚਖੇਨਕੇਲਿਸ, ਕੇਰੇਂਸਕੀ ਤੇ ਚਖੀਦਜ਼ੇ ਇਸ ਤੱਥ ਤੋਂ ਇਨਕਾਰ ਕਰ ਸਕਦੇ ਹਨ ਜਾਂ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ । ਜਰਮਨ ਤੇ ਐਂਗਲੋ-ਫ਼ਰੈਂਚ ਬੁਰਜੂਆਜ਼ੀ ਦੋਵੇਂ ਹੀ ਵਿਦੇਸ਼ਾਂ ਨੂੰ ਲੁੱਟਣ ਅਤੇ ਛੋਟੀਆ ਕੌਮਾਂ ਦੀ ਸੰਘੀ ਘੁੱਟਣ ਲਈ ਵਿਤੀ ਸੰਸਾਰ ਸਰਬ-ਉੱਚਤਾ ਲਈ ਅਤੇ ਬਸਤੀਆਂ ਦੀ ਵੰਡ ਅਤੇ ਮੁੜ-ਵੰਡ ਲਈ ਤੇ ਵੱਖ ਵੱਖ ਦੇਸ਼ਾਂ ਦੇ ਮਜ਼ਦੂਰਾਂ ਨੂੰ ਗੁਮਰਾਹ ਕਰ ਕੇ ਅਤੇ ਪਾੜ ਕੇ ਢਹਿ-ਢੇਰੀ ਹੁੰਦੇ ਪੂੰਜੀਵਾਦੀ ਸ਼ਾਸਨ ਨੂੰ ਬਚਾਉਣ ਲਈ ਜੰਗ ਲੜ ਰਹੇ ਹਨ ।

ਸਾਮਰਾਜੀ ਜੰਗ ਨੇ ਬੁਰਜੂਆਜ਼ੀ-ਵਿਰੋਧੀ ਪਰੋਲਤਾਰੀਏ ਤੇ ਜਮਾਤੀ ਘੋਲ ਨੂੰ ਜ਼ਰੂਰੀ ਹੀ ਬਹੁਤ ਹੀ ਤੇਜ਼ ਕਰਨਾ ਅਤੇ ਬੇਮਿਸਾਲ ਦਰਜੇ ਤਕ ਤੀਬਰ ਕਰਨਾ ਸੀ । ਇਹਨੇ ਵਿਰੋਧੀ ਜਮਾਤਾਂ ਵਿਚਕਾਰ ਘਰੋਗੀ ਜੰਗ ਵਿਚ ਜ਼ਰੂਰ ਹੀ ਬਦਲਣਾ ਸੀ ।

ਇਹ **ਕਾਇਆ-ਪਲਟ 1917 ਦੇ ਫਰਵਰੀ-ਮਾਰਚ ਵਿਚ ਸ਼ੁਰੂ ਹੋਈ** ਜਿਸ ਦੇ ਪਹਿਲੇ ਪੜਾਅ ਉਤੇ ਦੋ ਸ਼ਕਤੀਆਂ ਨੇ ਜ਼ਾਰਸ਼ਾਹੀ ਉਤੇ ਸਾਂਝਾ ਵਾਰ ਕੀਤਾ : ਇਕ, ਸਮੁੱਚਾ ਬੁਰਜੂਆ ਤੇ ਭੋਂ-ਪਤੀ ਰੂਸ ਤੇ ਉਹਦੇ ਸਾਰੇ ਅਣਭੋਲ ਲੜਗੁੱਛ ਅਤੇ ਉਹਦੇ ਸਾਰੇ ਚੇਤੰਨ ਆਗੂ, ਅੰਗਰੇਜ਼ ਤੇ ਫ਼ਰਾਂਸੀਸੀ ਰਾਜਦੂਤ ਤੇ ਪੂੰਜੀਪਤੀ ਅਤੇ ਦੂਜੀ **ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ**, ਜਿਸ ਨੇ ਸਿਪਾਹੀਆਂ ਦੇ ਅਤੇ ਕਿਸਾਨਾਂ ਦੇ ਡਿਪਟੀਆ ਨੂੰ ਆਪਣੇ ਪਾਸੇ ਜਿੱਤਣਾ ਸ਼ੁਰੂ ਕਰ ਦਿੱਤਾ ।

ਇਹ ਤਿੰਨ ਰਾਜਸੀ ਕੈਂਪ, ਇਹ ਤਿੰਨ ਮੂਲ ਰਾਜਸੀ ਸ਼ਕਤੀਆਂ—(1) ਜ਼ਾਰਸ਼ਾਹੀ ਬਾਦਸ਼ਾਹਤ, ਜਗੀਰੂ ਭੋਂ-ਪਤੀਆਂ ਦੀ, ਪੁਰਾਣੀ ਨੌਕਰਸ਼ਾਹੀ ਅਤੇ ਫੌਜੀ ਜਾਤ ਦੀ ਮੁਖੀ, (2) ਬੁਰਜੂਆ ਅਤੇ ਭੋਂ-ਪਤੀ-ਅਕਤੂਬਰੀ-ਕੇਡਟ[9] ਰੂਸ ਜਿਸ ਦੇ ਪਿਛੇ ਇਕ ਬੁਰਜੂਆਜ਼ੀ ਲਮਕਦੀ ਹੈ । (ਕੇਰੇਂਸਕੀ ਅਤੇ ਚਖੀਦਜ਼ੇ ਜਿਸ ਦੇ ਮੁੱਖ ਪ੍ਰਤੀਨਿਧ ਹਨ) ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ, ਜੋ ਸਮੁਚੇ ਪਰੋਲਤਾਰੀਏ ਅਤੇ ਵਸੋਂ ਦੇ ਅਤਿ ਗ਼ਰੀਬ ਭਾਗ ਦੇ ਸਮੁਚੇ ਸਮੂਹ ਨੂੰ ਆਪਣੇ ਸਾਥੀ ਬਨਾਉਣ ਦਾ ਯਤਨ ਕਰ ਰਹੀ ਹੈ—ਇਹਨਾਂ ਤਿੰਨਾਂ **ਬੁਨਿਆਦੀ** ਰਾਜਸੀ ਸ਼ਕਤੀਆਂ ਨੇ ਪਹਿਲੇ ਪੜਾਅ ਦੇ ਅੱਠਾਂ ਦਿਨਾਂ ਵਿਚ ਅਤੇ ਉਸ ਦਰਸ਼ਕ ਨੂੰ ਵੀ ਆਪਣਾ ਆਪ ਵਿਖਾ ਦਿੱਤਾ, ਜਿਹੜਾ ਵਰਤਮਾਨ ਲੇਖਕ ਵਾਂਗ ਘਟਨਾ ਪਿੜ ਤੋਂ ਬਹੁਤ ਦੂਰ ਹੈ, ਜਿਹੜਾ ਮਾਮੂਲੀ ਜਿਹੇ ਵਿਦੇਸ਼ੀ ਪ੍ਰੈਸ ਦੇ ਡਿਸਪੈਚਾਂ ਉਤੇ ਹੀ ਨਿਰਭਰ ਕਰਨ ਲਈ ਮਜਬੂਰ ਹੈ ।

ਪਰ ਇਸ ਨੂੰ ਵਧੇਰੇ ਵਿਸਥਾਰ ਵਿਚ ਵਿਚਾਰਨ ਤੋਂ ਪਹਿਲਾਂ, ਮੈਂ ਆਪਣੇ ਪੱਤਰ ਦੇ ਉਸ

ਭਾਰ ਬਲ ਪਰਤਾਂਗਾ, ਜਿਹੜਾ ਮੁੱਖ ਮਹੱਤਤਾ ਵਾਲੇ ਅਨਸਰ, ਅਰਥਾਤ ਸੰਸਾਰ ਸਾਮਰਾਜੀ ਜੰਗ ਨੂੰ ਅਰਪਤ ਹੈ।

ਜੰਗ ਨੇ ਜੰਗ ਵਿਚ ਸ਼ਾਮਲ ਤਾਕਤਾਂ, ਪੂੰਜੀਪਤੀਆਂ ਦੇ 'ਸ਼ਾਮਿਲ ਜੰਗ' ਗਰੋਹਾਂ, ਪੂੰਜੀਪਤੀ ਨਜ਼ਾਮ ਦੇ 'ਮਾਲਕਾਂ' ਪੂੰਜੀਵਾਦੀ ਗ਼ੁਲਾਮ ਨਜ਼ਾਮ ਦੇ ਗ਼ੁਲਾਮਾਂ-ਮਾਲਕਾਂ ਨੂੰ **ਲੋਹੇ ਦੀਆਂ ਜ਼ੰਜੀਰਾਂ** ਦੁਆਰਾ ਇਕ ਦੂਜੇ ਨਾਲ ਨੂੜ ਦਿੱਤਾ। **ਇਕ ਖ਼ੂਨੀ ਗੱਤਲਾ**—ਅਜਿਹਾ ਇਤਿਹਾਸ ਵਿਚ ਵਰਤਮਾਨ ਛਿਣ ਦਾ ਸਮਾਜਿਕ ਤੇ ਰਾਜਸੀ ਜੀਵਨ।

ਸੋਸ਼ਲਿਸਟਾਂ ਨੇ—ਜਿਹੜੇ ਜੰਗ ਛਿੜਦਿਆਂ ਹੀ ਗੱਦਾਰੀ ਕਰ ਕੇ ਬੁਰਜੁਆਜ਼ੀ ਦੇ ਪਾਸੇ ਚਲੇ ਗਏ—ਜਰਮਨੀ ਵਿਚ ਇਹ ਸਾਰੇ ਡੇਵਿਡ ਤੇ ਸ਼ੀਡੇਮਾਨ ਅਤੇ ਰੂਸ ਵਿਚ ਪਲੇਖਾਨੋਵ, ਪੋਤਰੇਸੋਵ, ਗਵੋਜ਼ਦਿਓਵ ਐਂਡ ਕੰਪਨੀ—ਨੇ ਇਨਕਲਾਬੀਆਂ ਦੇ 'ਭੁਲਾਂਦਰਿਆਂ' ਵਿਰੁੱਧ ਬਾਸਲ ਮੈਨੀਫੈਸਟੋ[10] ਦੇ ਭੁਲਾਂਦਰਿਆਂ ਵਿਰੁੱਧ ਸਾਮਰਾਜੀ ਜੰਗ ਨੂੰ ਘਰੋਗੀ ਜੰਗ ਵਿਚ ਤਬਦੀਲ ਕਰਨ ਦੇ "ਹਾਸੋਹੀਣੇ ਸੁਪਨੇ" ਵਿਰੁੱਧ ਉੱਚੀ ਉੱਚੀ ਤੇ ਲੰਮਾ ਚਿਰ ਚੀਕ ਚਿਹਾੜਾ ਪਾਇਆ। ਉਹਨਾਂ ਨੇ ਹਰ ਸੁਰ ਵਿਚ ਅਖੌਤੀ ਤੌਰ ਉਤੇ ਪੂੰਜੀਵਾਦ ਵਲੋਂ ਦਰਸਾਈ ਗਈ ਸ਼ਕਤੀ, ਪਕਿਆਈ ਅਤੇ ਅਨੁਕੂਲਤਾ ਦੇ ਸੋਹਲੇ ਗਾਏ—ਉਹਨਾਂ, ਜਿਹਨਾਂ ਨੇ ਵੱਖ ਵੱਖ ਦੇਸ਼ਾਂ ਦੀਆਂ ਕਿਰਤੀ ਜਮਾਤਾਂ ਨੂੰ "ਅਨੁਕੂਲਣ", ਸਿਧਾਉਣ, ਗੁਮਰਾਹ ਕਰਨ ਅਤੇ ਪਾੜਨ ਲਈ ਪੂੰਜੀਪਤੀਆਂ ਦਾ ਹੱਥ ਵਟਾਇਆ ਹੈ।

ਪਰ "ਜਿਹੜਾ ਸਭ ਤੋਂ ਪਿਛੋਂ ਹੱਸਦਾ ਹੈ ਉਹ ਸਭ ਤੋਂ ਚੰਗਾ ਹੱਸਦਾ ਹੈ।" ਬੁਰਜੁਆਜ਼ੀ ਜੰਗ ਉਪਜਾਏ ਗਏ ਇਨਕਲਾਬੀ ਸੰਕਟ ਨੂੰ ਚਿਰ ਤਕ ਟਾਲ ਨਹੀਂ ਸਕੀ। ਇਹ ਸੰਕਟ ਸਭਨਾਂ ਦੇਸ਼ਾਂ ਵਿਚ, ਜਰਮਨੀ ਤੋਂ ਆਰੰਭ ਹੋ ਕੇ ਅਰੋਕ ਸਕਤੀ ਨਾਲ ਵੱਧ ਫੂਲ ਰਿਹਾ ਹੈ। ਜਰਮਨੀ, ਜਿਹੜਾ ਕਿ ਇਕ ਦਰਸ਼ਕ ਅਨੁਸਾਰ, ਜਿਹੜਾ ਪਿਛੇ ਜਿਹੇ ਏਸ ਦੇਸ਼ ਗਿਆ ਸੀ, "ਸ਼ਾਨਦਾਰ ਤੌਰ ਉਤੇ ਸੰਗਠਿਤ ਕਾਲ" ਦਾ ਸ਼ਿਕਾਰ ਹੈ, ਇੰਗਲੈਂਡ ਤੇ ਫ਼ਰਾਂਸ ਵਿਚ ਜਾ ਖ਼ਤਮ ਹੁੰਦਾ ਹੈ, ਜਿਥੇ ਕਾਲ ਸਿਰਾਂ ਉਤੇ ਮੰਡਲਾ ਰਿਹਾ ਹੈ, ਪਰ ਜਿਥੇ ਸੰਗਠਨ ਕਿਤੇ ਘੱਟ 'ਸ਼ਾਨਦਾਰ' ਹੈ।

ਇਹ ਸੁਭਾਵਕ ਹੀ ਸੀ ਕਿ ਇਨਕਲਾਬੀ ਸੰਕਟ **ਸਭ ਤੋਂ ਪਹਿਲਾਂ** ਜਾਰਸ਼ਾਹੀ ਰੂਸ ਵਿਚ ਸ਼ੁਰੂ ਹੁੰਦਾ, ਜਿਥੇ ਅਸੰਗਠਨ ਅਤਿ ਭਿਆਨਕ ਅਤੇ ਪਰੋਲਤਾਰੀਆ ਅਤਿ ਇਨਕਲਾਬੀ ਸੀ (ਕਿਸੇ ਖ਼ਾਸ ਗੁਣਾਂ ਕਰਕੇ ਨਹੀਂ, ਸਗੋਂ 1905 ਦੀਆਂ ਜਿਊਂਦੀਆਂ ਰਵਾਇਤਾਂ ਕਰਕੇ) ਰੂਸ ਤੇ ਉਹਦੇ ਸਾਥੀਆਂ ਨੂੰ ਜੋ ਅਤਿ ਸਖ਼ਤ ਹਾਰਾਂ ਹੋਈਆਂ, ਉਹਨਾਂ ਦੇ ਸਿਲਸਿਲੇ ਨੇ ਇਸ ਸੰਕਟ ਨੂੰ ਨਾਜ਼ੁਕ ਸਿਰੇ ਉਤੇ ਪੁਚਾ ਦਿੱਤਾ। ਇਹਨਾਂ ਨੇ ਹਕੂਮਤ ਦੀ ਪੁਰਾਣੀ ਮਸ਼ੀਨਰੀ ਨੂੰ ਅਤੇ ਪੁਰਾਣੇ ਨਿਜ਼ਾਮ ਨੂੰ ਹਿਲਾ ਸੁਟਿਆ ਅਤੇ ਇਹਨਾਂ ਵਿਰੁੱਧ ਵਸੋਂ ਦੀਆਂ ਸਭਨਾਂ ਜਮਾਤਾਂ ਦਾ ਰੋਹ ਜਗਾਇਆ, ਇਹਨਾਂ ਨੇ ਫੌਜ ਵਿਚ ਤਲਖ਼ੀ ਫੈਲਾਈ, ਪੁਰਾਣੇ ਕਮਾਂਡਿੰਗ ਅਮਲੇ ਦੇ ਬੜੇ ਵੱਡੇ ਹਿੱਸੇ ਨੂੰ ਮਲੀਆਮੇਟ ਕਰ ਦਿੱਤਾ। ਜਿਸ ਵਿਚ ਕੱਟੜ ਕੁਲੀਨਵਰਗ ਦੇ ਲੋਕ ਅਤੇ ਉਚੇਚੇ ਤੌਰ ਉਤੇ ਭਰਿਸ਼ਟ ਨੌਕਰਸ਼ਾਹ ਅਨਸਰ ਸ਼ਾਮਲ ਸਨ, ਅਤੇ ਇਹਨਾਂ ਦੀ ਥਾਂ ਨੌਜਵਾਨ, ਤਾਜ਼ਾ ਮੁੱਖ ਤੌਰ ਉਤੇ ਬੁਰਜੂਆ, ਕਾਮਨਰ, ਨਿਕ-ਬੁਰਜੁਆ ਅਮਲੇ ਨੂੰ ਦਿੱਤੀ। ਉਹ ਜਿਹੜੇ ਬੁਰਜੁਆਜ਼ੀ ਵਲੇ ਖਿਸਕਦੇ ਹਨ ਜਾਂ ਜਿਨ੍ਹਾਂ ਦੀ ਬਸ ਰੀੜ੍ਹ ਦੀ ਹੱਡੀ ਹੀ ਨਹੀਂ ਜਿਨ੍ਹਾਂ ਨੇ 'ਹਾਰਵਾਦ' ਬਾਰੇ ਚੀਕ ਚਿਹਾੜਾ ਪਾਇਆ, ਉਹਨਾਂ ਨੂੰ ਅਤਿ ਪੱਛੜੀ ਹੋਈ ਅਤੇ ਜ਼ਾਰਸ਼ਾਹੀ ਬਾਦਸ਼ਾਹਤ ਦੀ ਬਰਾਬਰ ਹਾਰ ਅਤੇ ਇਨਕਲਾਬੀ ਭਾਂਬੜ ਦੇ ਆਰੰਭ ਵਿਚਕਾਰ ਇਤਿਹਾਸਕ ਸਬੰਧ ਦੇ ਤੱਥ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਰ ਜਿਥੇ ਜੰਗ ਦੇ ਆਰੰਭ ਵਿਚ ਹਾਰਾਂ ਇਕ ਮਨਫੀ ਅਨਸਰ ਸਨ, ਜਿਹਨੇ ਚੱਕ ਥੱਲ ਨੂੰ ਨਾਜ਼ੁਕ ਸਿਰੇ ਤੱਕ ਪਹੁੰਚਾਇਆ, ਉਥੇ ਐਂਗਲੋ-ਫਰਾਂਸੀਸੀ ਸਾਮਰਾਜ ਅਤੇ ਰੂਸੀ ਅਕਤੂਬਰੀ-ਕੇਡਟ ਸਰਮਾਏ ਵਿਚਲਾ ਸੰਬੰਧ ਇਕ ਅਜਿਹਾ ਅਨਸਰ ਸੀ ਜਿਹਨੇ ਨਿਕੋਲਸ ਰੋਮਾਨੋਵ ਵਿਰੁੱਧ **ਸਾਜ਼ਿਸ਼ ਦੀ ਸਿੱਧੀ ਜਥੇਬੰਦੀ** ਰਾਹੀਂ ਸੰਕਟ ਤੇਜ਼ੀ ਨਾਲ ਲਿਆਂਦਾ।

ਐਂਗਲੋ-ਫਰਾਂਸੀਸੀ ਪ੍ਰੈੱਸ ਨੇ ਸਥਿਤੀ ਦੇ ਇਸ ਅਹਿਮ ਪੱਖ ਨੂੰ, ਸਪੱਸ਼ਟ ਕਾਰਨਾਂ ਕਰਕੇ, ਦਬਾਇਆ ਅਤੇ ਜਰਮਨ ਪ੍ਰੈਸ ਨੇ ਇਸ ਉਤੇ ਚੋਖੀ ਤਰ੍ਹਾਂ ਜ਼ੋਰ ਦਿਤਾ। ਸਾਨੂੰ ਮਾਰਕਸਵਾਦੀਆਂ ਨੂੰ ਸੱਚ ਦਾ ਸਾਹਮਣਾ ਬੜੀ ਗੰਭੀਰਤਾ ਨਾਲ ਕਰਨਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਇਸ ਦੀ ਆਗਿਆ ਨਹੀਂ ਦੇਣੀ ਚਾਹੀਦੀ ਕਿ ਸਾਮਰਾਜੀ ਯੁੱਧਕਾਰਾਂ ਦੇ ਮਹਿਲ ਗਰੋਹ ਦੇ ਝੂਠ, ਸਰਕਾਰੀ ਖੰਡ ਲਪੇਟੇ ਡਿਪਲੋਮੈਟਿਕ ਵਜ਼ਾਰਤੀ ਝੂਠ ਜਾਂ ਦੂਜੇ ਸ਼ਾਮਲ-ਜੰਗ ਗਰੋਹ ਦੇ ਉਹਨਾਂ ਦੇ ਵਿੱਤੀ ਤੇ ਫੌਜੀ ਸ਼ਰੀਕਾਂ ਦਾ ਦੱਬਵਾਂ ਹਾਸਾ ਅਤੇ ਬਣਾਉਟੀ ਮੁਸਕਰਾਹਟ ਸਾਨੂੰ ਭੁਚਲਾਉਣ ਤੇ ਉਲਝਾਉਣ। ਫਰਵਰੀ-ਮਾਰਚ ਇਨਕਲਾਬ ਦੀਆਂ ਘਟਨਾਵਾਂ ਦਾ ਪੂਰਾ ਸਿਲਸਿਲਾ ਸਪੱਸ਼ਟ ਤਰ੍ਹਾਂ ਵਿਖਾਉਂਦਾ ਹੈ ਕਿ ਬ੍ਰਿਟਿਸ਼ ਤੇ ਫਰਾਂਸੀਸੀ ਦੂਤਾਵਾਸ ਨੇ, ਆਪਣੇ ਏਜੰਟਾਂ ਤੇ 'ਸੰਬੰਧਾਂ' ਨਾਲ, ਜਿਹਨਾਂ ਨੇ ਨਿਕੋਲਸ ਦੂਜੇ (ਸਾਨੂੰ ਆਸ ਹੈ ਆਖਰੀ ਅਤੇ ਅਸੀਂ ਉਸਨੂੰ ਆਖ਼ਰੀ ਬਨਾਉਣ ਦਾ ਯਤਨ ਕਰਾਂਗੇ) ਅਤੇ ਵਿਲਹੇਲਮ ਦੂਜੇ 'ਵਿਚਕਾਰ 'ਅਲਹਿਦਾ' ਸਮਝੌਤਿਆਂ ਅਤੇ ਅਲਹਿਦਾ ਯੁੱਧ-ਬੰਦੀ ਨੂੰ ਰੋਕਣ ਲਈ ਚਿਰ ਤੋਂ ਅਤਿ ਸਿਰਲੱਥ ਯਤਨ ਕਰਦੇ ਰਹੇ ਹਨ, ਨਿਕੋਲਸ ਰੋਮਾਨੋਵ ਨੂੰ ਤਖਤੋਂ ਲਾਹੁਣ ਦੇ ਸਪੱਸ਼ਟ ਮੰਤਵ ਨਾਲ ਅਕਤੂਬਰੀਆਂ ਅਤੇ ਕੈਡਟਾਂ ਨਾਲ ਮਿਲ ਕੇ, ਜਰਨੈਲਾਂ ਤੇ ਫੌਜ ਦੇ ਇਕ ਭਾਗ ਨਾਲ ਅਤੇ ਸੇਂਟ ਪੀਟਰਸਬਰਗ ਦੀ ਰੱਖਿਅਕ ਸੈਨਾ ਦੇ ਅਫਸਰਾਂ ਨਾਲ ਮਿਲ ਕੇ ਸਿੱਧੇ ਤੌਰ ਉਤੇ ਸਾਜ਼ਸ਼ ਜਥੇਬੰਦ ਕੀਤੀ।

ਸਾਨੂੰ ਕਿਸੇ ਭਰਮ ਭੁਲਾਦਰੇ ਵਿਚ ਨਹੀਂ ਪੈਣਾ ਚਾਹੀਦਾ। ਸਾਨੂੰ ਉਹਨਾਂ ਵਾਲੀ ਗ਼ਲਤੀ ਨਹੀਂ ਕਰਨੀ ਚਾਹੀਦੀ, ਜਿਹੜੇ—ਓ. ਸੀ.[11] ਦੇ ਕੁਝ ਹਮਾਇਤੀਆਂ ਜਾਂ ਮੈਨਸ਼ਵਿਕਾਂ[12] ਵਾਂਗ ਗਵੋਜ਼ਦੀਓਵ—ਪੋਤਰੇਸੋਵ ਦੀ ਨੀਤੀ ਅਤੇ ਕੌਮਾਂਤਰੀਵਾਦ ਵਿਚਕਾਰ ਡਾਵਾਂ ਡੋਲ ਹੋ ਰਹੇ ਹਨ ਅਤੇ ਅਕਸਰ ਨਿਕ-ਬੁਰਜੂਆ ਸ਼ਾਂਤੀਵਾਦ ਵਿਚ ਤਿਲਕ ਜਾਂਦੇ ਹਨ—ਹੁਣ ਮਜ਼ਦੂਰਾਂ ਦੀ ਪਾਰਟੀ ਤੇ ਕੇਡਟਾਂ ਵਿਚਕਾਰ "ਸਮਝੌਤੇ" ਦੇ ਸੋਹਲੇ ਗਾਉਣ, ਮਜ਼ਦੂਰ ਪਾਰਟੀ ਵਲੋਂ ਕੈਡਟਾਂ ਦੀ ਹਮਾਇਤ ਆਦਿ ਲਈ ਤਿਆਰ ਹਨ। ਪੁਰਾਣੇ (ਤੇ ਕਿਸੇ ਤਰ੍ਹਾਂ ਵੀ ਮਾਰਕਸਵਾਦੀ ਨਹੀਂ) ਸਿਧਾਂਤ ਅਨੁਕੂਲ, ਜਿਹੜਾ ਉਹਨਾਂ ਨੇ ਰਟਿਆ ਹੋਇਆ ਹੈ, ਉਹ ਐਂਗਲੋ-ਫਰਾਂਸੀਸੀ ਸਾਮਰਾਜੀਆਂ ਅਤੇ ਗੁਚਕੋਵਾਂ ਤੇ ਮਿਲੀਉਕੋਵਾਂ ਦੀ ਸਾਜ਼ਿਸ ਉਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਾਜ਼ਸ਼ ਜਿਸ ਦਾ ਨਿਸ਼ਾਨਾ "ਮੁੱਖੀ ਯੋਧੇ", ਨਿਕੋਲਸ ਰੋਮਾਨੋਵ, ਨੂੰ ਤਖਤੋਂ ਲਾਹੁਣਾ ਅਤੇ ਉਹਦੀ ਥਾਂ ਵਧੇਰੇ ਉੱਦਮੀ, ਤਾਜ਼ਾ ਤੇ ਵਧੇਰੇ ਯੋਗ **ਯੋਧਿਆਂ** ਨੂੰ ਰੱਖਣਾ ਹੈ।

ਇਨਕਲਾਬ ਇੰਨਾ ਛੇਤੀ ਅਤੇ ਦਿਸਣ ਨੂੰ ਪਹਿਲੀ ਸਤਹੀ ਨਜ਼ਰੇ—ਇੰਨਾ ਤੇਜ਼ੀ ਨਾਲ ਸਫਲ ਹੋ ਗਿਆ, ਇਹ ਸਭ ਇਸ ਤੱਥ ਸਦਕਾ ਹੋ ਗਿਆ ਹੈ ਕਿ, ਅਤਿ ਅਦੁੱਤੀ ਇਤਿਹਾਸਕ ਸਥਿਤੀ ਦੇ ਸਿੱਟੇ ਵਜੋਂ, ਨਿਹਕੇਵਲ ਤੌਰ ਉਤੇ ਵਿਜਾਤੀ ਰੌਆਂ ਨਿਹਕੇਵਲ ਤੌਰ ਉਤੇ ਵਿਜਾਤੀ ਜਮਾਤ ਹਿੱਤ, ਨਿਹਕੇਵਲ ਤੌਰ ਤੇ ਵਿਰੋਧੀ ਰਾਜਸੀ ਤੇ ਸਮਾਜਿਕ ਯਤਨ ਇਕਮਿਕ ਹੋ ਗਏ ਹਨ, ਅਤੇ ਬਹੁਤ ਹੀ ਇਕ ਸੁਰ ਢੰਗ ਵਿਚ। ਅਰਥਾਤ ਐਂਗਲੋ-ਫਰਾਂਸੀਸੀ ਸਾਮਰਾਜੀਆਂ ਦੀ ਸਾਜ਼ਿਸ਼ ਜਿਹਨਾਂ ਨੇ ਮਿਲੀਊਕੋਵ, ਗੁਚਕੋਵ ਐਂਡ ਕੰਪਨੀ ਨੂੰ ਵਧੇਰੇ ਤੁੰਦੀ ਨਾਲ ਅਤੇ ਹਠੀ ਤੌਰ ਉਤੇ ਚਲਾਉਣ ਦੇ ਮਨੋਰਥ ਕਰਨ ਲਈ, ਲਖੂਖਾ ਤਾਜ਼ਾ ਰੂਸੀ ਮਜ਼ਦੂਰਾਂ ਤੇ ਕਿਸਾਨਾਂ ਨੂੰ ਕਤਲ

ਕਰਨ ਲਈ ਸੌਂਡਾ ਹਥਿਆਉਣ ਲਈ ਪਰੇਰਿਆ ਤਾਂ ਜੋ ਗੁਚਕੋਵ ਕੁਸਤੁਨਤੁਨੀਆਂ ਨੂੰ, ਫਰਾਂਸੀਸੀ ਪੂੰਜੀਪਤੀ ਸੀਰੀਆ ਨੂੰ, ਬ੍ਰਿਟਿਸ਼ ਪੂੰਜੀਪਤੀ ਮੈਸੋਪੋਟੇਮੀਆਂ ਨੂੰ ਹਥਿਆ ਲੈਣ, ਆਦਿ। ਇਕ ਪਾਸੇ ਤਾਂ ਇਹ। ਦੂਜੇ ਪਾਸੇ ਰੋਟੀ ਲਈ, ਅਮਨ ਲਈ, ਅਸਲੀ ਆਜ਼ਾਦੀ ਲਈ, ਇਨਕਲਾਬੀ ਖਾਸੇ ਵਾਲੀ ਇਕ ਡੂੰਘੀ ਪਰੋਲਤਾਰੀ ਤੇ ਆਮ ਲੋਕ-ਲਹਿਰ (ਸ਼ਹਿਰਾਂ ਤੇ ਪਿੰਡਾਂ ਦੇ ਸਮੁੱਚੇ ਅਤਿ ਗ਼ਰੀਬ ਭਾਗ ਦੀ ਲਹਿਰ) ਮੌਜੂਦ ਸੀ।

ਰੂਸ ਦੇ ਇਨਕਲਾਬੀ ਪਰੋਲਤਾਰੀਆ ਵਲੋਂ ਕੈਡਟ-ਅਕਤੂਬਰੀ ਸਾਮਰਾਜ ਦੀ "ਹਮਾਇਤ" ਦੀ ਗੱਲ ਕਰਨਾ ਨਿਰੀ ਮੂਰਖਤਾ ਹੋਵੇਗੀ, ਸਾਮਰਾਜ ਜਿਸ ਨੂੰ ਅੰਗਰੇਜ਼ੀ ਮੁਦਰਾ ਦੀਆਂ 'ਚੇਪੀਆਂ' ਲੱਗੀਆਂ ਹੋਈਆਂ ਹਨ ਅਤੇ ਜੋ ਜ਼ਾਰਸ਼ਾਹੀ ਸਾਮਰਾਜ ਜੇਡਾ ਹੀ ਘਿਰਣਾਜਨਕ ਹੈ। ਇਨਕਲਾਬੀ ਮਜ਼ਦੂਰਾਂ ਨੇ ਬਦਨਾਮ ਜ਼ਾਰਸ਼ਾਹੀ ਬਾਦਸ਼ਾਹਤ ਨੂੰ ਚੋਖੀ ਹੱਦ ਤੱਕ ਤਬਾਹ ਕਰ ਦਿੱਤਾ ਹੈ ਅਤੇ ਉਹ ਇਸ ਨੂੰ ਜੜ੍ਹਾਂ ਤੋਂ ਹੀ ਪੁੱਟ ਕੇ ਤਬਾਹ ਕਰ ਦੇਣਗੇ। ਇਸ ਤੱਥ ਤੋਂ ਉਹਨਾਂ ਨੂੰ ਫੁਲਾਹੁਣੀ ਮਿਲਦੀ ਹੈ ਤੇ ਨਾ ਨਿਰਾਸਤਾ ਹੁੰਦੀ ਹੈ ਕਿ ਕੁਝ ਸੰਖੇਪ ਅਤੇ ਵਿਸ਼ੇਸ਼ ਇਤਿਹਾਸਕ ਅਵਸਰਾਂ ਤੇ ਬਕੂਨਨ, ਗੂਚਕੋਵ, ਮਿਲੀਊਕੋਵ ਐਂਡ ਕੰਪਨੀ ਦੇ ਘੋਲ ਨੇ ਉਹਨਾਂ ਦੀ ਮਦਦ ਕੀਤੀ, ਘੋਲ ਜਿਸ ਨੇ ਇਕ ਸਮਰਾਟ ਦੀ ਥਾਂ ਦੂਜੇ ਸਮਰਾਟ ਨੂੰ, ਤਰਜੀਹ ਦਿੰਦੇ ਹੋਏ ਰੋਮਾਨੋਵ ਨੂੰ, ਦੇਣੀ ਸੀ।

ਸਥਿਤੀ ਦਾ ਵਿਕਾਸ ਏਸੇ, ਅਤੇ ਸਿਰਫ਼ ਇਸੇ ਢੰਗ ਨਾਲ ਹੋਇਆ। ਅਜਿਹਾ ਅਤੇ ਸਿਰਫ਼ ਅਜਿਹਾ ਹੈ ਵਿਚਾਰ ਜੋ ਉਸ ਰਾਜ ਨੇਤਾ ਨੇ ਧਾਰਨ ਕੀਤਾ, ਜਿਹੜਾ ਸੱਚ ਤੋਂ ਨਹੀਂ ਡਰਦਾ, ਜਿਹੜਾ ਇਨਕਲਾਬ ਵਿਚ ਸਮਾਜਕ ਸ਼ਕਤੀਆਂ ਨੂੰ ਤੋਲਦਾ ਹੈ, ਜਿਹੜਾ ਰੂਸ ਵਿਚ ਅਤੇ ਦੁਨੀਆਂ ਭਰ ਵਿਚ ਇਹਦੀਆਂ ਸਭਨਾਂ ਵਰਤਮਾਨ ਪ੍ਰਚੱਲਤ ਵਿਸ਼ੇਸ਼ਤਾਵਾਂ ਦੇ ਦ੍ਰਿਸ਼ਟੀਕੋਣ ਤੋਂ ਹੀ ਨਹੀਂ, ਸਗੋਂ ਵਧੇਰੇ ਮੂਲ ਆਸ਼ਿਆਂ, ਪਰੋਲਤਾਰੀਆ ਅਤੇ ਬੁਰਜੂਆਜ਼ੀ ਦੇ ਵਧੇਰੇ ਡੂੰਘੇ ਹਿੱਤ ਸੰਬੰਧ ਦੇ ਦ੍ਰਿਸ਼ਟੀਕੋਣ ਤੋਂ ਹਰ 'ਪ੍ਰਚੱਲਤ ਸਥਿਤੀ' ਨੂੰ ਹਾੜਦਾ ਜੋਖਦਾ ਹੈ।

ਪੂਰੇ ਰੂਸ ਦੇ ਮਜ਼ਦੂਰਾਂ ਵਾਂਗ, ਪੀਤਰੋਗਰਾਦ ਦੇ ਮਜ਼ਦੂਰ ਜ਼ਾਰਸ਼ਾਹੀ ਬਾਦਸ਼ਾਹਤ ਵਿਰੁਧ ਆਪਾ-ਵਾਰੂ ਢੰਗ ਨਾਲ ਜੂਝੇ—ਆਜ਼ਾਦੀ, ਕਿਸਾਨਾਂ ਲਈ ਜ਼ਮੀਨ ਅਤੇ ਯੁੱਧਬੰਦੀ ਲਈ ਸਾਮਰਾਜੀ ਕਤਲੇਆਮ ਵਿਰੁੱਧ ਲੜੇ। ਇਸ ਕਤਲੇਆਮ ਨੂੰ ਜਾਰੀ ਰੱਖਣ ਅਤੇ ਤੇਜ਼ ਕਰਨ ਲਈ, ਐਂਗਲੋ-ਫ਼ਰਾਂਸੀਸੀ ਸਾਮਰਾਜੀ ਪੂੰਜੀ ਨੇ ਦਰਬਾਰ ਨਾਲ ਸਬੰਧਤ ਸਾਜ਼ਸਾਂ ਘੜੀਆਂ। ਗਾਰਦਾਂ ਦੇ ਅਫ਼ਸਰਾਂ ਨਾਲ ਗੰਢ-ਤਰੁੱਪ ਕੀਤੀ, ਗੂਚਕੋਵਾਂ ਤੇ ਮਿਲੀਊਕੋਵਾਂ ਨੂੰ ਭੜਕਾਇਆ ਅਤੇ ਪੂਰੀ ਤਰ੍ਹਾਂ ਨਵੀਂ ਹਕੂਮਤ ਨੀਯਤ ਕੀਤੀ, ਜਿਹਨੇ ਪਰੋਲਤਾਰੀ ਘੋਲ ਵਲੋਂ ਜ਼ਾਰਸ਼ਾਹੀ ਉਤੇ ਪਹਿਲੇ ਵਾਰ ਹੋਣ ਤੋਂ ਤੁਰੰਤ ਪਿਛੋਂ ਵਾਸਤਵ ਵਿਚ ਸੱਤਾ ਉਤੇ ਕਬਜ਼ਾ ਕਰ ਲਿਆ।

ਇਹ ਨਵੀਂ ਹਕੂਮਤ, ਜਿਸ ਵਿਚ ਅਕਤੂਬਰੀਏ ਅਤੇ ਅਮਨ-ਸਨੇਹੀ ਰੈਨੋਵੇਸ਼ਨ ਪਾਰਟੀ[13] ਦੇ ਲਵੋਵ ਅਤੇ ਗੂਚਕੋਵ ਜਿਹੜੇ ਕਲ੍ਹ ਜੱਲਾਦ ਸਤੋਲੀਪਿਨ ਦੇ ਹਮਾਇਤੀ ਸਨ, **ਅਸਲੋਂ ਹੀ ਅਹਿਮ** ਪਦਵੀਆਂ, ਅਤਿ ਮਹੱਤਤਾ ਵਾਲੀਆਂ ਪਦਵੀਆਂ, ਨਿਰਣਈ ਮਹੱਤਤਾ ਵਾਲੀਆਂ ਪਦਵੀਆਂ ਉਤੇ ਲਗੇ, ਫੌਜ ਅਤੇ ਨੌਕਰਸ਼ਾਹੀ ਨੂੰ ਕੰਟਰੋਲ ਕਰਦੇ ਹਨ। ਇਹ ਹਕੂਮਤ, ਜਿਸ ਵਿਚ ਮਿਲੀਊਕੋਵ ਅਤੇ ਦੂਜੇ ਕੇਡਟ ਨਿਰੀ ਸਜਾਊਟ ਦੇ ਹੋਰ ਕੁਝ ਵੀ ਨਹੀਂ ਹਨ, ਇਕ ਸਾਈਨਬੋਰਡ ਹਨ, ਉਹ ਇਥੇ ਜਜ਼ਬਾਤੀ ਪੇਸ਼ਾਵਾਰਾਨਾ ਤਕਰੀਰਾਂ ਕਰਨ ਲਈ ਮੌਜੂਦ ਹਨ—ਅਤੇ ਜਿਸ ਵਿਚ ਤਰੂਦੋਵਿਕ[14] ਕੇਰੇਂਸਕੀ ਇਕ ਬਾਲਾਲਾਇਕਾ ਹੈ ਜਿਸ ਦੀ ਵਰਤੋਂ ਉਹ ਮਜ਼ਦੂਰਾਂ ਤੇ ਕਿਸਾਨਾਂ ਨੂੰ ਧੋਖਾ ਦੇਣ ਲਈ ਕਰਦੇ ਹਨ—ਇਹ ਹਕੂਮਤ ਲੋਕਾਂ ਦਾ ਸਬੱਬੀ ਇਕੱਠ ਨਹੀਂ ਹੈ।

ਇਹ ਨਵੀਂ ਜਮਾਤ ਦੇ ਪ੍ਰਤੀਨਿਧ ਹਨ, ਜਿਹਨਾਂ ਰੂਸ ਵਿਚ ਰਾਜਸੀ ਸੱਤਾ ਸਾਂਭ ਲਈ ਹੈ। ਪੂੰਜੀਪਤੀ ਭੋਂ-ਪਤੀਆਂ ਦੀ ਅਤੇ ਬੁਰਜੁਆਜ਼ੀ ਦੀ ਜਮਾਤ, ਜਿਹੜੀ ਸਾਡੇ ਦੇਸ਼ ਉਤੇ ਆਰਥਿਕ ਤੌਰ ਤੇ ਚਿਰੋਕਣਾ ਸ਼ਾਸਨ ਕਰ ਰਹੀ ਹੈ ਅਤੇ ਜਿਹਨੇ 1905-07 ਦੇ ਇਨਕਲਾਬ ਦੇ ਦੌਰਾਨ, 1907-17 ਦੇ ਉਲਟ ਇਨਕਲਾਬੀ ਦੌਰ ਵਿਚ, ਅਤੇ ਅੰਤ—ਅਤੇ ਖ਼ਾਸ ਤੇਜ਼ੀ ਨਾਲ—1914-17 ਦੀ ਜੰਗ ਸਮੇਂ ਆਪਣੇ ਆਪ ਨੂੰ ਤੇਜ਼ੀ ਨਾਲ ਜਥੇਬੰਦ ਕੀਤਾ, ਹਕੂਮਤ ਦੀਆਂ ਸਥਾਨਕ ਸੰਸਥਾਵਾਂ, ਲੋਕ ਵਿਦਿਆ, ਵੱਖ ਵੱਖ ਕਿਸਮਾਂ ਦੀਆਂ ਕਾਂਗਰਸਾਂ, ਡੂਮਾ[15], ਜੰਗੀ ਸਨਅਤਾਂ ਦੀਆਂ ਕਮੇਟੀਆਂ[16] ਆਦਿ ਉਤੇ ਕੰਟਰੋਲ ਕਰ ਲਿਆ। ਇਸ ਨਵੀਂ ਜਮਾਤ ਨੇ 1917 ਤਕ "ਕਰੀਬ-ਕਰੀਬ ਪੂਰੀ ਤਰ੍ਹਾਂ" ਸੱਤਾ ਸੰਭਾਲ ਲਈ ਹੋਈ ਸੀ ਅਤੇ ਇਸੇ ਲਈ ਜ਼ਾਰਸ਼ਾਹੀ ਨੂੰ ਢਹਿ-ਢੇਰੀ ਕਰਨ ਲਈ ਅਤੇ ਬੁਰਜੁਆਜ਼ੀ ਵਾਸਤੇ ਰਾਹ ਸਾਫ਼ ਕਰਨ ਲਈ ਇਸ ਵਲੋਂ ਸਿਰਫ਼ ਪਹਿਲੇ ਵਾਰ ਕਰਨ ਦੀ ਹੀ ਲੋੜ ਸੀ। ਸਾਮਰਾਜੀ ਜੰਗ ਨੇ, ਜਿਹਦੇ ਲਈ ਮੰਨੇ ਜਾ ਸਕਣ ਵਾਲੇ ਜਤਨਾਂ ਦੀ ਲੋੜ ਸੀ, ਪੱਛੜੇ ਹੋਏ ਰੂਸ ਦੇ ਵਿਕਾਸ ਦੇ ਰਾਹ ਨੂੰ ਏਨੀ ਗਤੀਸ਼ੀਲਤਾ ਬਖਸ਼ੀ ਕਿ ਅਸੀਂ "ਇਕ ਵਾਰ ਨਾਲ" (ਜਾਪਣ ਨੂੰ ਇਕ ਵਾਰ) ਇਟਲੀ, ਇੰਗਲੈਂਡ ਅਤੇ ਕਰੀਬ-ਕਰੀਬ ਫ਼ਰਾਂਸ ਨਾਲ ਜਾ ਮਿਲੇ। ਅਸਾਂ ਇਕ "ਕੁਲੀਸ਼ਨ" ਇਕ "ਕੌਮੀ" (ਅਰਥਾਤ ਸਾਮਰਾਜੀ ਕਤਲੇਆਮ ਜਾਰੀ ਰਖਣ ਲਈ ਅਤੇ ਲੋਕਾਂ ਨੂੰ ਮੂਰਖ ਬਣਾਉਣ ਲਈ ਅਨੁਕੂਲ ਬਣਾਈ) "ਪਾਰਲੀਮੈਂਟਰੀ" ਹਕੂਮਤ ਹਾਸਲ ਕਰ ਲਈ।

ਇਸ ਹਕੂਮਤ ਦੇ ਨਾਲ ਨਾਲ—ਜਿਹੜੀ ਵਰਤਮਾਨ ਜੰਗ ਦੇ ਸਬੰਧ ਵਿਚ ਅਰਬ-ਡਾਲਰੀ 'ਫ਼ਰਮ' ਇੰਗਲੈਂਡ ਐਂਡ ਫ਼ਰਾਂਸ ਦੀ ਏਜੰਟ ਹੀ ਹੈ—ਮੁਖ ਗ਼ੈਰ-ਸਰਕਾਰੀ ਅਜੇ ਤਕ ਅਵਿਕਸਤ ਅਤੇ ਮੁਕਾਬਲਤਨ ਕਮਜ਼ੋਰ ਮਜ਼ਦੂਰਾਂ ਦੀ ਹਕੂਮਤ ਪਰਗਟ ਹੋਈ ਹੈ, ਜਿਹੜੀ ਪਰੋਲਤਾਰੀਆ ਦੇ ਅਤੇ ਸ਼ਹਿਰੀ ਤੇ ਪੇਂਡੂ ਵਸੋਂ ਦੇ ਸਮੁੱਚੇ ਗ਼ਰੀਬ ਭਾਗ ਦੇ ਹਿੱਤਾਂ ਨੂੰ ਪਰਗਟਾਉਂਦੀ ਹੈ। ਇਹ ਪੀਤਰੋਗਰਾਦ ਵਿਖੇ **ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ ਹੈ**, ਜਿਹੜੀ ਸਿਪਾਹੀਆਂ ਅਤੇ ਕਿਸਾਨਾਂ ਨਾਲ ਅਤੇ ਜ਼ਰਾਇਤੀ ਕਾਮਿਆਂ ਨਾਲ ਵੀ ਸਬੰਧ ਕਾਇਮ ਕਰਨ ਦੇ ਜਤਨ ਕਰ ਰਹੀ ਹੈ ਅਤੇ ਜ਼ਰਾਇਤੀ ਕਾਮਿਆਂ ਨਾਲ ਖ਼ਾਸ ਤੌਰ ਉਤੇ ਅਤੇ ਮੁੱਖ ਤੌਰ ਤੇ ਨਿਰਸੰਦੇਹ ਹੀ ਕਿਸਾਨਾਂ ਦੇ ਟਾਕਰੇ ਉਤੇ ਵਧੇਰੇ।

ਅਜਿਹੀ ਹੈ **ਅਸਲੀ** ਰਾਜਸੀ ਸਥਿਤੀ, ਜਿਸ ਦੀ ਵਿਆਖਿਆ ਸਾਨੂੰ ਪਹਿਲਾਂ ਅਤਿ ਵੱਧ ਤੋਂ ਵੱਧ ਸੰਭਵ ਵਸਤੂ-ਮੁੱਖੀ ਸ਼ੁੱਧਤਾ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਮਾਰਕਸਵਾਦੀ ਦਾਅਪੇਚ ਇਕੋ-ਇਕ ਸੰਭਵ ਬੁਨਿਆਦ—ਤੱਥਾਂ ਦੀ ਬੁਨਿਆਦ—ਉਤੇ ਅਧਾਰਤ ਕੀਤੇ ਜਾ ਸਕਣ।

ਜ਼ਾਰਸ਼ਾਹੀ ਬਾਦਸ਼ਾਹਤ ਨੂੰ ਚਕਨਾਚੂਰ ਕੀਤਾ ਜਾ ਚੁੱਕਾ ਹੈ ਪਰ ਇਸ ਨੂੰ ਅੰਤਮ ਰੂਪ ਵਿਚ ਤਬਾਹ ਨਹੀਂ ਕੀਤਾ ਜਾ ਸਕਿਆ।

ਅਕਤੂਬਰੀ-ਕੇਡਟ ਬੁਰਜੁਆ ਹਕੂਮਤ, ਜਿਹੜੀ ਸਾਮਰਾਜੀ ਜੰਗ ਨੂੰ "ਅੰਤ ਤੱਕ" ਲੜਨਾ ਚਾਹੁੰਦੀ ਹੈ ਅਤੇ ਜਿਹੜੀ ਅਸਲੀਅਤ ਵਿਚ ਵਿੱਤੀ ਫ਼ਰਮ 'ਇੰਗਲੈਂਡ ਐਂਡ ਫ਼ਰਾਂਸ' ਦੀ ਏਜੰਟ ਹੈ, ਲੋਕਾਂ ਉਪਰ ਆਪਣੀ ਸੱਤਾ ਨੂੰ ਕਾਇਮ ਰੱਖਣ ਤੇ ਸਾਮਰਾਜੀ ਕਤਲੇ-ਆਮ ਨੂੰ ਜਾਰੀ ਰੱਖਣ ਦੀ ਸੰਭਾਵਨਾ ਲਈ ਲੋਕਾਂ ਨਾਲ ਵੱਧ ਤੋਂ ਵੱਧ ਅਜ਼ਾਦੀਆਂ ਦਾ ਵਾਹਦਾ ਕਰਨ ਉਤੇ ਅਤੇ ਵੱਢੀ ਦੇਣ ਉਤੇ ਮਜਬੂਰ ਹੈ।

ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ, ਮਜ਼ਦੂਰਾਂ ਦੀ ਹਕੂਮਤ ਦਾ ਭਰੂਣ-ਰੂਪ ਵਸੋਂ ਦੇ ਗ਼ਰੀਬ ਭਾਗ ਦੇ ਸਮੁੱਚੇ ਸਮੂਹ ਦੇ ਹਿੱਤਾਂ ਦੀ ਅਰਥਾਤ ਵਸੋਂ ਦੇ 90 ਫ਼ੀਸਦੀ ਦੇ ਹਿੱਤਾਂ ਦੀ

ਪ੍ਰਤੀਨਿਧ ਹੈ ਜੋ **ਯੁੱਧ-ਬੰਦੀ, ਰੋਟੀ** ਅਤੇ **ਆਜ਼ਾਦੀ** ਲਈ ਘਾਲਣਾ ਘਾਲ ਰਹੀ ਹੈ।

ਇਹਨਾਂ ਤਿੰਨਾਂ ਤਾਕਤਾਂ ਦੀ ਟੱਕਰ ਉਸ ਸਥਿਤੀ ਨੂੰ ਮਿਥਦੀ ਹੈ ਜਿਹੜੀ ਹੁਣ ਪੈਦਾ ਹੋ ਗਈ ਹੈ, ਸਥਿਤੀ ਜੋ ਇਨਕਲਾਬ ਦੇ ਪਹਿਲੇ ਪੜਾਅ ਤੋਂ ਦੂਜੇ ਪੜਾਅ ਤੱਕ ਆਰਜ਼ੀ ਹੈ।

ਪਹਿਲੀ ਅਤੇ ਦੂਜੀ ਤਾਕਤ ਵਿਚਕਾਰ ਵਿਰੋਧ ਡੂੰਘਾ **ਨਹੀਂ**, ਇਹ ਆਰਜ਼ੀ ਹੈ। ਹਾਲਾਤ ਦੇ ਵਰਤਮਾਨ ਸਿਲਸਲੇ ਦਾ ਹੀ, ਸਾਮਰਾਜੀ ਜੰਗ ਦੀਆਂ ਘਟਨਾਵਾਂ ਦੇ ਚਾਣਚਕ ਮੋੜ ਦਾ ਨਤੀਜਾ। ਪੂਰੀ ਦੀ ਪੂਰੀ ਨਵੀਂ ਹਕੂਮਤ ਸਹਿਨਸ਼ਾਹ-ਪ੍ਰਸਤ ਹੈ, ਕਿਉਂ ਜੋ ਕੇਰੇਂਸਕੀ ਦੇ ਜ਼ਬਾਨੀ ਜ਼ਬਾਨੀ ਗਣਤੰਤਰਵਾਦ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਸਕਦਾ। ਇਹ ਕਿਸੇ ਸਿਆਸਤਦਾਨ ਦੀ ਸ਼ਾਨ ਦੇ ਸ਼ਾਇਆ ਨਹੀਂ ਅਤੇ ਬਾਹਰ ਮੁੱਖੀ ਤੌਰ ਉਤੇ ਇਹ ਰਾਜਸੀ ਲੱਫਾਜ਼ੀ ਹੈ। ਨਵੀਂ ਹਕੂਮਤ ਨੇ, ਜਿਹਨੇ ਜ਼ਾਰਸ਼ਾਹੀ ਬਾਦਸ਼ਾਹਤ ਨੂੰ ਅੰਤਮ ਸੱਟ ਮਾਰੀ ਹੈ, ਭੋਂ-ਪਤੀ ਰੋਮਾਨੋਵ ਖ਼ਾਨਦਾਨ ਨਾਲ ਪਹਿਲਾਂ ਹੀ **ਸੌਦੇਬਾਜ਼ੀ ਕਰਨੀ ਅਰੰਭ ਕਰ ਦਿੱਤੀ ਹੋਈ ਹੈ**। ਅਕਤੂਬਰੀ ਕੈਡਟ ਕਿਸਮ ਦੀ ਬੁਰਜੁਆਜ਼ੀ ਨੂੰ ਨੌਕਰਸ਼ਾਹੀ ਅਤੇ ਫ਼ੌਜ ਦੇ ਮੁੱਖੀ ਵਜੋਂ ਸੇਵਾ ਕਰਨ ਲਈ ਬਾਦਸ਼ਾਹਤ ਦੀ ਲੋੜ ਹੈ ਤਾਂ ਜੋ ਕਿਰਤੀ ਲੋਕਾਂ ਵਿਰੁੱਧ ਪੂੰਜੀ ਦੇ ਵਿਸ਼ੇਸ਼ ਅਧਿਕਾਰਾਂ ਦੀ ਰਖਿਆ ਕੀਤੀ ਜਾ ਸਕੇ।

ਜਿਹੜਾ ਇਹ ਕਹਿੰਦਾ ਹੈ ਕਿ ਮਜ਼ਦੂਰਾਂ ਨੂੰ ਚਾਹੀਦਾ ਹੈ, ਜ਼ਾਰਸ਼ਾਹੀ ਪਿਛਾਖੜ ਦੇ ਵਿਰੁੱਧ ਘੋਲ ਦੇ ਹਿੱਤਾਂ ਵਿਚ ਨਵੀਂ ਹਕੂਮਤ ਦੀ **ਹਮਾਇਤ** ਕਰਨ ਅਤੇ ਪਰਤੱਖ ਤੌਰ ਉਤੇ ਇਹ ਗੱਲ ਪੋਤਰੇਸੋਵਾਂ, ਗਵੋਜ਼ਦੀਓਵਾਂ, ਚਖੇਨਕੇਲਾਂ ਵਲੋਂ ਅਤੇ ਹਰ ਕਿਸਮ ਦੇ ਟਾਲ-ਮਟੋਲ ਦੇ ਹੁੰਦਿਆਂ ਚਖੀਦਜ਼ੇ ਵਲੋਂ ਆਖੀ ਜਾ ਰਹੀ ਹੈ। ਉਹ ਮਜ਼ਦੂਰਾਂ ਦਾ ਗ਼ੱਦਾਰ ਹੈ, ਪਰੋਲਤਾਰੀਆ ਦੇ ਕਾਜ਼ ਦਾ ਗ਼ੱਦਾਰ ਹੈ। ਅਮਨ ਤੇ ਆਜ਼ਾਦੀ ਦੇ ਕਾਜ਼ ਦਾ ਗ਼ੱਦਾਰ ਹੈ। ਕਿਉਂ ਜੋ ਅਸਲ ਵਿਚ ਠੀਕ ਇਸ ਨਵੀਂ ਹਕੂਮਤ ਦੇ ਹੱਥ ਪੈਰ ਸਾਮਰਾਜੀ ਪੂੰਜੀ ਨੇ, ਜੰਗ ਤੇ ਲੁੱਟ ਧਾੜੇ ਦੀ ਸਾਮਰਾਜੀ ਨੀਤੀ ਨੇ ਪਹਿਲਾਂ ਹੀ ਨੂੜ ਰੱਖੇ ਹੋਏ ਹਨ, **ਪਹਿਲਾਂ ਹੀ** ਖ਼ਾਨਦਾਨ ਨਾਲ ਸੌਦੇਬਾਜ਼ੀ ਕਰਨੀ (ਲੋਕਾਂ ਦੀ ਸਲਾਹ ਲਏ ਬਿਨਾਂ) ਸ਼ੁਰੂ ਕਰ ਦਿੱਤੀ ਹੋਈ ਹੈ। ਇਹ ਜ਼ਾਰਸ਼ਾਹੀ ਬਾਦਸ਼ਾਹਤ ਨੂੰ ਬਹਾਲ ਕਰਨ ਲਈ **ਪਹਿਲਾਂ ਹੀ** ਕੰਮ ਕਰ ਰਹੀ ਹੈ। ਨਵੇਂ ਰਜਵਾੜੇ ਵਜੋਂ ਮਿਖਾਈਲ ਰੋਮਾਨੋਵ ਦੀ ਉਮੇਦਵਾਰੀ ਪਹਿਲਾਂ ਹੀ ਜ਼ੋਰ ਨਾਲ ਪੇਸ਼ ਕੀਤੀ ਗਈ ਹੈ, ਰਾਜ ਗੱਦੀ ਨੂੰ ਠੁੰਮ੍ਹਣਾ ਦੇਣ ਲਈ, ਜਾਇਜ਼ (ਕਾਨੂੰਨੀ ਪੁਰਾਣੇ ਕਾਨੂੰਨ ਦੇ ਅਧੀਨ ਹਕੂਮਤ ਕਰਨ ਵਾਲੀ ਬਾਦਸ਼ਾਹਤ ਦੀ ਥਾਂ ਬੋਨਾਪਾਰਟੀ ਪਲੈਬੀਸਾਈਟ ਬਾਦਸ਼ਾਹਤ (ਧੋਖੇ ਭਰੇ ਪਲੈਬੀਸਾਈਟ ਦੇ ਸਿੱਟੇ ਵਜੋਂ ਹਕੂਮਤ ਕਰਨ ਵਾਲੀ) ਨੂੰ ਦੇਣ ਲਈ ਪਹਿਲਾਂ ਹੀ ਕਦਮ ਉਠਾ ਰਹੀ ਹੈ।

ਨਹੀਂ, ਜੇ ਜ਼ਾਰਸ਼ਾਹੀ ਬਾਦਸ਼ਾਹਤ ਵਿਰੁਧ ਅਸਲੀ ਘੋਲ ਘੁਲਿਆ ਜਾਣਾ ਹੈ, ਜੇ ਸ਼ਬਦਾਂ ਵਿਚ ਨਹੀਂ, ਤੱਥ ਰੂਪ ਵਿਚ ਆਜ਼ਾਦੀ ਨੂੰ ਜ਼ਾਮਨੀ ਦਿੱਤੀ ਜਾਣੀ ਹੈ, ਤਾਂ ਮਜ਼ਦੂਰਾਂ ਨੂੰ ਨਵੀਂ ਹਕੂਮਤ ਦੀ ਹਮਾਇਤ **ਨਹੀਂ** ਕਰਨੀ ਚਾਹੀਦੀ, ਹਕੂਮਤ ਨੂੰ ਮਜ਼ਦੂਰਾਂ ਦੀ ਹਮਾਇਤ ਕਰਨੀ ਚਾਹੀਦੀ ਹੈ, ਕਿਉਂਕਿ ਆਜ਼ਾਦੀ ਦੀ ਅਤੇ ਜ਼ਾਰਸ਼ਾਹੀ ਹਕੂਮਤ ਦੀ ਪੂਰਨ ਤਬਾਹੀ ਦੀ ਇਕੋ ਇਕ **ਜ਼ਾਮਨੀ** ਪਰੋਲਤਾਰੀਏ ਨੂੰ ਹਥਿਆਰਬੰਦ ਕਰਨਾ, ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ ਦੇ ਰੋਲ, ਮਹੱਤਤਾ ਅਤੇ ਸੱਤਾ ਨੂੰ ਪੱਕਾ ਕਰਨਾ, ਵਧਾਉਣਾ ਤੇ ਵਿਕਸਤ ਕਰਨਾ ਹੈ।

ਬਾਕੀ ਸੱਭ ਨਿਰੀਆਂ ਗੱਲਾਂ ਦਾ ਉਦਾਰਵਾਦੀ ਤੇ ਰੈਡੀਕਲ ਧੜੇ ਦੇ ਨੀਤੀਵਾਨਾਂ ਵਲੋਂ ਛੋਕੀਆਂ ਗੱਲਾਂ ਤੇ ਝੂਠਾਂ ਦਾ ਪਲੰਦਾ ਹੈ, ਸਵੈ-ਧੋਖਾ ਹੈ, ਧੋਖੇ ਭਰੀ ਚਾਲਾਕੀ ਹੈ।

**ਮਜ਼ਦੂਰਾਂ ਨੂੰ ਹਥਿਆਰਬੰਦ ਕਰਨ ਵਿਚ ਸਹਾਇਤਾ ਕਰੋ, ਜਾਂ ਘਟੋ ਘੱਟ ਇਹਦੇ ਰਾਹ ਵਿਚ**

ਰੋਕ ਨਾ ਬਣੇ, ਅਤੇ ਰੂਸ ਵਿਚ ਆਜ਼ਾਦੀ ਅਜਿੱਤ ਹੋਵੇਗੀ, ਬਾਦਸ਼ਾਹਤ ਬਹਾਲ ਨਹੀਂ ਹੋ ਸਕੇਗੀ, ਗਣਤੰਤਰ ਸੁਰੱਖਿਅਤ ਹੋਵੇਗਾ।

ਨਹੀਂ ਤਾਂ ਗੂਚਕੋਵ ਤੇ ਮਿਲੀਊਕੋਵ ਬਾਦਸ਼ਾਹਤ ਬਹਾਲ ਕਰ ਦੇਣਗੇ ਅਤੇ ਜਿਹਨਾਂ "ਅਜ਼ਾਦੀਆਂ" ਦਾ ਉਹਨਾਂ ਵਾਅਦਾ ਕੀਤਾ ਹੈ ਉਹਨਾਂ ਵਿਚੋਂ ਕੋਈ ਵੀ ਨਹੀਂ ਦੇਣਗੇ। ਸਭ ਬੁਰਜੂਆ ਇਨਕਲਾਬਾਂ ਵਿਚ ਸਭਨਾਂ ਬੁਰਜੂਆ ਰਾਜ ਨੇਤਾਵਾਂ ਨੇ ਲੋਕਾਂ ਨੂੰ ਵਾਹਿਦਿਆਂ ਨਾਲ "ਰਜਾਇਆ" ਅਤੇ ਮੂਰਖ ਬਣਾਇਆ।

ਸਾਡਾ ਇਨਕਲਾਬ ਬੁਰਜੂਆ ਇਨਕਲਾਬ ਹੈ। ਅਸੀਂ ਮਾਰਕਸਵਾਦੀ ਕਹਿੰਦੇ ਹਾਂ, ਇਸ ਲਈ ਮਜ਼ਦੂਰਾਂ ਨੂੰ ਚਾਹੀਦਾ ਹੈ ਕਿ ਬੁਰਜੂਆ ਰਾਜ ਨੇਤਾਵਾਂ ਵਲੋਂ ਕੀਤੇ ਜਾਂਦੇ ਧੋਖੇ ਬਾਰੇ ਲੋਕਾਂ ਦੀਆਂ ਅੱਖਾਂ ਖੋਹਲਣ, ਮਜ਼ਦੂਰਾਂ ਨੂੰ ਸਿਖਾਉਣ ਕਿ ਇਹਨਾਂ ਦੇ ਸ਼ਬਦਾਂ ਵਿਚ ਕੋਈ ਭਰੋਸਾ ਨਾ ਰੱਖਣ, ਖ਼ੁਦ ਆਪਣੀ ਸ਼ਕਤੀ ਉਤੇ, ਆਪਣੀ ਜਥੇਬੰਦੀ ਉਤੇ, ਆਪਣੇ ਏਕੇ ਉਤੇ ਅਤੇ ਆਪਣੇ ਹਥਿਆਰਾਂ ਉਤੇ ਪੂਰੀ ਪੂਰੀ ਤਰ੍ਹਾਂ ਨਿਰਭਰ ਕਰਨ।

ਅਕਤੂਬਰੀਆਂ ਅਤੇ ਕੈਡਟਾਂ ਦੀ, ਗੂਚਕੋਵਾਂ ਅਤੇ ਮਿਲੀਊਕੋਵਾਂ ਦੀ ਹਕੂਮਤ, ਜੇ ਇਹਨਾਂ ਨੇ ਲੋਕਾਂ ਨੂੰ **ਯੁੱਧ-ਬੰਦੀ, ਰੋਟੀ ਜਾਂ ਆਜ਼ਾਦੀ** ਦੇਣਾ ਸੱਚੇ ਦਿਲੋਂ ਚਾਹਿਆ ਵੀ (ਸਿਰਫ਼ ਬੱਚੇ ਹੀ ਸੋਚ ਸਕਦੇ ਹਨ ਕਿ ਗੂਚਕੋਵ ਤੇ ਮਿਲੀਊਕੋਵ ਸੱਚੇ ਹੋ ਸਕਦੇ ਹਨ) ਤਾਂ ਵੀ ਉਹ ਨਾ ਲੋਕਾਂ ਨੂੰ ਯੁੱਧਬੰਦੀ ਦੇ ਸਕਦੇ ਹਨ, ਨਾ ਰੋਟੀ ਜਾਂ ਆਜ਼ਾਦੀ।

ਇਹ ਹਕੂਮਤ ਅਮਨ ਨਹੀਂ ਦੇ ਸਕਦੀ ਕਿਉਂ ਜੋ ਇਹ ਜੰਗੀ ਹਕੂਮਤ ਹੈ, ਸਾਮਰਾਜੀ ਕਤਲੇਆਮ ਕਾਇਮ ਰੱਖਣ ਲਈ ਹਕੂਮਤ ਹੈ। "ਲੋਟੂ ਧਾੜੇ" ਦੀ ਹਕੂਮਤ ਹੈ ਜਿਹਨੇ ਆਰਮੀਨੀਆਂ, ਗਾਲੀਸ਼ੀਆ ਤੇ ਟਰਕੀ ਨੂੰ ਲੁੱਟਣ ਦੀ, ਜਿਹਨੇ ਕੁਸਤੁਨਤੁਨੀਆਂ ਦਾ ਇਲਹਾਕ ਕਰਨ, ਪੋਲੈਂਡ, ਕੋਰਲੈਂਡ, ਲਿਥੂਨੀਆਂ ਆਦਿ ਨੂੰ ਮੁੜ ਫਤਹਿ ਕਰਨ ਦੀ ਧਾਰੀ ਹੋਈ ਹੈ। ਇਸ ਹਕੂਮਤ ਨੂੰ ਐਂਗਲੋ-ਫ਼ਰਾਂਸੀਸੀ ਸਾਮਰਾਜੀ ਪੂੰਜੀ ਨੇ ਹੱਥਾਂ ਪੈਰਾਂ ਤੋਂ ਨੂੜਿਆ ਹੋਇਆ ਹੈ। ਰੂਸੀ ਪੂੰਜੀ ਤਾਂ ਸੰਸਾਰ-ਵਿਆਪੀ ਫਰਮ ਦੀ ਇਕ ਸਾਖ ਹੀ ਹੈ, ਫਰਮ ਜੋ ਅਰਬਾਂ ਰੂਬਲ ਵਰਤਦੀ ਹੈ ਅਤੇ ਜਿਹਨੂੰ "ਇੰਗਲੈਂਡ ਤੇ ਫ਼ਰਾਂਸ" ਆਖਦੇ ਹਨ।

ਇਹ ਰੋਟੀ ਨਹੀਂ ਦੇ ਸਕਦੀ ਕਿਉਂਕਿ ਇਹ ਬੁਰਜੂਆ ਹਕੂਮਤ ਹੈ। ਵੱਧ ਤੋਂ ਵੱਧ ਇਹ ਲੋਕਾਂ ਨੂੰ "ਸ਼ਾਨਦਾਰ ਤੌਰ ਤੇ ਸੰਗਠਤ ਕਾਲ" ਦੇ ਸਕਦੀ ਹੈ, ਜਿਵੇਂ ਕਿ ਜਰਮਨੀ ਨੇ ਕੀਤਾ ਹੈ। ਪਰ ਲੋਕ ਕਾਲ ਨੂੰ ਪਰਵਾਨ ਨਹੀਂ ਕਰਨ ਲਗੇ। ਉਹ ਜਾਣ ਲੈਣਗੇ ਅਤੇ ਸੌ ਵਿਸਵੇ ਬਹੁਤ ਛੇਤੀ ਜਾਣ ਲੈਣਗੇ ਕਿ ਰੋਟੀ ਮੌਜੂਦ ਹੈ ਅਤੇ ਇਹ ਹਾਸਲ ਕੀਤੀ ਜਾ ਸਕਦੀ ਹੈ, ਪਰ ਸਿਰਫ਼ ਉਹਨਾਂ ਢੰਗਾਂ ਨਾਲ ਹੀ ਜਿਹੜੇ **ਪੂੰਜੀ ਤੇ ਭੋਂ ਮਾਲਕੀ ਦੀ ਪਵਿੱਤਰਤਾ ਦਾ ਸਤਿਕਾਰ ਨਹੀਂ ਕਰਦੇ।**

ਇਹ ਆਜ਼ਾਦੀ ਨਹੀਂ ਦੇ ਸਕਦੀ ਕਿਉਂ ਜੋ ਇਹ ਭੋਂ-ਪਤੀ ਤੇ ਪੂੰਜੀਵਾਦੀ ਹਕੂਮਤ ਹੈ ਜਿਹੜੀ ਲੋਕਾਂ ਤੋਂ ਡਰਦੀ ਹੈ ਅਤੇ ਜਿਹਨੇ ਪਹਿਲਾਂ ਹੀ ਰੋਮਾਨੋਵ ਖ਼ਾਨਦਾਨ ਨਾਲ ਸੌਦੇਬਾਜ਼ੀ ਕਰਨੀ ਆਰੰਭ ਦਿੱਤੀ ਹੋਈ ਹੈ।

ਇਸ ਹਕੂਮਤ ਵੱਲ ਸਾਡੇ ਤਤਕਾਲੀ ਵਤੀਰੇ ਦੇ ਦਾਅਪੇਚ ਸਬੰਧੀ ਮਸਲੇ ਇਕ ਹੋਰ ਲੇਖ ਵਿਚ ਵਿਚਾਰੇ ਜਾਣਗੇ। ਇਸ ਵਿਚ ਅਸੀਂ ਵਰਤਮਾਨ ਸਥਿਤੀ ਦੀ ਵਿਸ਼ੇਸ਼ਤਾ ਨੂੰ ਸਪੱਸ਼ਟ ਕਰਾਂਗੇ, ਸਥਿਤੀ ਜੋ ਇਨਕਲਾਬ ਦੇ ਪਹਿਲੇ ਪੜਾਅ ਤੋਂ ਦੂਜੇ ਵਲ ਤਬਦੀਲੀ ਹੈ, ਅਤੇ ਇਸੇ ਲਈ ਇਸ ਘੜੀ, 'ਅੱਜ ਦਾ ਕਾਰਜ' ਨਾਹਰਾ ਇਹ ਹੋਣਾ ਚਾਹੀਦਾ ਹੈ : "ਮਜ਼ਦੂਰੋ ਤੁਸਾਂ ਪਰੋਲਤਾਰੀ ਸੂਰਬੀਰਤਾ ਦੇ ਚਮਤਕਾਰ ਕਰ ਵਿਖਾਏ ਹਨ, ਜ਼ਾਰਸ਼ਾਹੀ ਵਿਰੁੱਧ ਘਰੋਗੀ ਜੰਗ ਵਿਚ ਲੋਕਾਂ ਦੀ ਸੂਰਬੀਰਤਾ ਦੇ

ਚਮਤਕਾਰ। ਤੁਹਾਨੂੰ ਜਥੇਬੰਦੀ ਦੇ ਪਰੋਲਤਾਰੀਆ ਦੀ ਅਤੇ ਸਮੁੱਚੀ ਜਨਤਾ ਦੀ ਜਥੇਬੰਦੀ ਦੇ ਚਮਤਕਾਰ ਕਰਨੇ ਚਾਹੀਦੇ ਹਨ ਤਾਂ ਜੋ ਇਨਕਲਾਬ ਦੇ ਦੂਜੇ ਪੜਾਅ ਉਤੇ ਆਪਣੀ ਫ਼ਤਹ ਲਈ ਰਾਹ ਤਿਆਰ ਕਰ ਸਕੋ।"

ਹਾਲ ਦੀ ਘੜੀ ਆਪਣੇ ਆਪ ਨੂੰ ਇਨਕਲਾਬ ਦੇ ਇਸ ਪੜਾ ਉਤੇ ਜਮਾਤੀ ਘੋਲ ਦੇ ਅਤੇ ਜਮਾਤੀ ਸ਼ਕਤੀਆਂ ਦੀ ਪਰ੍ਹਾਬੰਦੀ ਦੇ ਵਿਸ਼ਲੇਸ਼ਣ ਤਕ ਸੀਮਤ ਰਖਦਿਆਂ ਅਸਾਂ ਇਹ ਸਵਾਲ ਅਜੇ ਵੀ ਪੇਸ਼ ਕਰਨਾ ਹੈ। ਇਸ ਇਨਕਲਾਬ ਵਿਚ ਪਰੋਲਤਾਰੀਏ ਦੇ ਸਾਥੀ ਕੌਣ ਹਨ ?

ਇਹਦੇ ਦੋ ਸਾਥੀ ਹਨ : ਪਹਿਲਾ ਅੱਧ ਪਰੋਲਤਾਰੀ ਅਤੇ ਅੰਸ਼ਕ ਤੌਰ ਉਤੇ ਛੋਟੇ ਕਿਸਾਨਾਂ ਦੀ ਵਸੋਂ ਦਾ ਵਿਸ਼ਾਲ ਸਮੂਹ, ਜਿਹਨਾਂ ਦੀ ਗਿਣਤੀ ਕਰੋੜਾਂ ਵਿਚ ਹੈ ਅਤੇ ਜੋ ਰੂਸ ਦੀ ਵਸੋਂ ਦੀ ਭਾਰੀ ਬਹੁਗਿਣਤੀ ਹਨ। ਇਸ ਸਮੂਹ ਲਈ ਰੋਟੀ, ਆਜ਼ਾਦੀ ਅਤੇ ਜ਼ਮੀਨ ਜ਼ਰੂਰੀ ਹਨ। ਇਹ ਅਟੱਲ ਹੈ ਕਿ ਕਿਸੇ ਹੱਦ ਤੱਕ ਇਹ ਸਮੂਹ ਬੁਰਜੁਆਜ਼ੀ ਦੇ, ਖਾਸ ਤੌਰ ਉਤੇ ਇਕ ਬੁਰਜੁਆਜ਼ੀ, ਦੇ ਅਸਰ ਹੇਠ ਜੀਵਨ ਦੀਆਂ ਆਪਣੀਆਂ ਹਾਲਤਾਂ ਦੇ ਸਬੰਧ ਵਿਚ ਇਹ ਜਿਸ ਦਾ ਸਭ ਤੋਂ ਬਹੁਤਾ ਸਜਾਤੀ ਹੈ, ਬੁਰਜੁਆਜ਼ੀ ਅਤੇ ਪਰੋਲਤਾਰੀਆ ਵਿਚਕਾਰ ਡਾਵਾਂ ਡੋਲ ਹੈ। ਜੰਗ ਦੇ ਬੇ-ਰਹਿਮ ਸਬਕ, ਅਤੇ ਇਹ ਤਿਵੇਂ ਤਿਵੇਂ ਵਧੇਰੇ ਬੇ-ਰਹਿਮ ਹੋਣਗੇ ਜਿਵੇਂ ਗੂਚਕੋਵ, ਲਵੋਵ ਮਿਲੀਊਕੋਵ ਐਂਡ ਕੰਪਨੀ ਇਸ ਸਮੂਹ ਨੂੰ ਪਰੋਲਤਾਰੀਆ ਵੱਲ ਅਟੱਲ ਤੌਰ ਉਤੇ ਧਕੇਗੀ, ਇਹ ਨੂੰ ਪਰੋਲਤਾਰੀਏ ਦੇ ਪਿੱਛੇ ਲੱਗਣ ਲਈ ਮਜਬੂਰ ਕਰੇਗੀ। ਸਾਨੂੰ ਹੁਣ ਸਭ ਤੋਂ ਪਹਿਲਾਂ ਇਸੇ ਸਮੂਹ ਨੂੰ ਜਾਗਰਤ ਕਰਨ ਅਤੇ ਜਥੇਬੰਦ ਕਰਨ ਲਈ ਨਵੇਂ ਨਿਜ਼ਾਮ ਦੀ ਸਾਪੇਖਕ ਸੁਤੰਤਰਤਾ ਦਾ ਅਤੇ ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਅਤੇ ਜ਼ਰਾਇਤੀ ਕਾਮਿਆਂ ਦੀਆ ਸੋਵੀਅਤਾਂ ਇਹ ਸਾਡੇ ਅਤਿ ਫੌਰੀ ਤੇ ਜ਼ਰੂਰੀ ਕਾਰਜ ਹਨ। ਇਸ ਸਬੰਧ ਵਿਚ ਅਸੀਂ ਜ਼ਰਾਇਤੀ ਕਾਮਿਆ ਦੀਆਂ ਖੁਦ ਆਪਣੀਆਂ ਵੱਖਰੀਆਂ ਸੋਵੀਅਤਾਂ ਕਾਇਮ ਕਰਨ ਲਈ ਜਤਨ ਹੀ ਨਹੀਂ ਕਰਾਂਗੇ, ਸਗੋਂ ਸੰਪਤੀਹੀਣ ਤੇ ਅਤਿ ਗਰੀਬ ਕਿਸਾਨਾਂ ਨੂੰ ਰੱਜੇ ਪੁੱਜੇ ਕਿਸਾਨਾਂ ਤੋਂ ਵੱਖਰੇ ਤੌਰ ਤੇ ਜਥੇਬੰਦ ਕਰਨ ਦੇ ਯਤਨ ਵੀ ਕਰਾਂਗੇ। ਜਥੇਬੰਦੀ ਦੇ ਵਿਸ਼ੇਸ਼ ਕਾਰਜਾਂ ਅਤੇ ਵਿਸ਼ੇਸ਼ ਸ਼ਕਲਾਂ, ਜਿਹਨਾਂ ਦੀ ਇਸ ਸਮੇਂ ਬਹੁਤ ਹੀ ਲੋੜ ਹੈ, ਬਾਰੇ ਅਗਲੇ ਪੱਤਰ ਵਿਚ ਵਿਚਾਰ ਕੀਤੀ ਜਾਵੇਗੀ।

ਦੂਜਾ, ਸ਼ਾਮਲ-ਜੰਗ ਸਭਨਾਂ ਦੇਸ਼ਾਂ ਦਾ, ਅਤੇ ਆਮ ਰੂਪ ਵਿਚ ਸਭਨਾਂ ਦੇਸ਼ਾਂ ਦਾ, ਪਰੋਲਤਾਰੀਆ ਰੂਸੀ ਪ੍ਰੋਲਤਾਰੀਏ ਦਾ ਸਾਥੀ ਹੈ। ਇਸ ਵੇਲੇ ਜੰਗ ਇਸ ਸਾਥੀ ਉਤੇ ਵੱਡੀ ਹੱਦ ਤੱਕ ਅਤਿਆਚਾਰ ਢਾਹੁੰਦੀ ਹੈ, ਅਤੇ ਯੂਰਪੀ ਸਮਾਜਕ ਸ਼ਾਵਨਵਾਦੀਏ ਅਕਸਰ ਇਹਦਾ ਨਾਂ ਲੈ ਕੇ ਗੱਲ ਕਰਦੇ ਹਨ। ਮਨੁੱਖ ਜਿਹੜੇ ਰੂਸ ਵਿਚ ਪਲੈਖਾਨੋਵ, ਗਵੋਜ਼ਦਿਓਵ ਤੇ ਪੋਤਰੇਸੋਵ ਵਾਂਗ ਗ਼ੱਦਾਰੀ ਕਰ ਕੇ ਬੁਰਜੁਆਜ਼ੀ ਵੱਲ ਚਲੇ ਗਏ ਹਨ, ਪਰ ਇਹਨਾਂ ਦੇ ਅਸਰ ਤੋਂ ਪਰੋਲਤਾਰੀਏ ਦੀ ਬੰਦ ਖਲਾਸੀ ਸਾਮਰਾਜੀ ਜੰਗ ਦੇ ਹਰ ਮਹੀਨੇ ਨਾਲ ਵਧਦੀ ਰਹੀ ਹੈ ਅਤੇ ਰੂਸੀ ਇਨਕਲਾਬ ਇਸ ਅਮਲ ਨੂੰ **ਅਟੱਲ ਤੌਰ ਉਤੇ** ਓੜਕਾਂ ਦੀ ਹੱਦ ਤੱਕ ਤੇਜ਼ ਕਰੇਗਾ।

ਇਹਨਾਂ ਦੋ ਸਾਥੀਆਂ ਨਾਲ ਪਰੋਲਤਾਰੀਆ, ਵਰਤਮਾਨ ਆਰਜ਼ੀ ਸਥਿਤੀ ਦੀਆਂ **ਵਿਸ਼ੇਸ਼ ਤਾਈਆਂ ਦੀ ਵਰਤੋਂ ਕਰਦਿਆਂ** ਸਭ ਤੋਂ ਪਹਿਲਾਂ ਗੂਚਕੋਵ ਮਿਲੀਊਕੋਵ ਦੀ ਅੱਧ ਬਾਦਸ਼ਾਹਤ ਦੀ ਥਾਂ ਜਮਹੂਰੀ ਗਣਰਾਜ ਦੀ ਪਰਾਪਤੀ ਵੱਲ ਅਤੇ ਭੋਂ ਪਤੀਆਂ ਉਤੇ ਕਿਸਾਨਾਂ ਦੀ ਪੂਰਨ ਫ਼ਤਹਿ

ਵਲ, ਅਤੇ ਫਿਰ ਸੋਸ਼ਲਿਜ਼ਮ ਵੱਲ ਵਧੇਗਾ, ਕਿਉਂ ਜੋ ਸਿਰਫ ਸੋਸ਼ਲਿਜ਼ਮ ਹੀ ਜੰਗ-ਥਕਾਏ ਲੋਕਾਂ ਨੂੰ **ਸੁੱਧਬੰਦੀ, ਰੋਟੀ ਅਤੇ ਆਜ਼ਾਦੀ** ਬਖਸ਼ੇਗਾ ।

ਐਨ. ਲੈਨਿਨ

20 ਮਾਰਚ 1918 ਨੂੰ ਲਿਖੀ
**ਪਰਾਵਦਾ** ਨੰਬਰ 14 ਤੇ 15 ਵਿੱਚ
21 ਤੇ 22 ਮਾਰਚ 1917 ਨੂੰ
ਪਰਕਾਸ਼ਤ ਹੋਈ

# ਦੂਜੀ ਚਿਠੀ

## ਨਵੀਂ ਸਰਕਾਰ ਅਤੇ ਪਰੋਲੇਤਾਰੀਆ

ਅੱਜ ਦੀ ਮਿਤੀ (ਮਾਰਚ 8/21) ਵਿਚ ਜਿਹੜੀ ਮੁੱਖ ਦਸਤਾਵੇਜ਼ ਮੇਰੇ ਨਿਪਟਾਉਣ ਵਾਲੀ ਹੈ, ਉਹ ਹੈ ਬਹੁਤ ਹੀ ਪੁਰਾਤਨਵਾਦੀ ਤੇ ਬੁਰਜੂਆ ਅੰਗਰੇਜ਼ੀ ਅਖ਼ਬਾਰ '**ਦੀ ਟਾਈਮ**' ਦਾ 16 ਮਾਰਚ ਦਾ ਪਰਚਾ, ਜਿਸ ਵਿਚ ਰੂਸ ਵਿਚ ਇਨਕਲਾਬ ਸਬੰਧੀ ਬਹੁਤ ਸਾਰੀਆਂ ਰਿਪੋਰਟਾਂ ਹਨ। ਸਪਸ਼ਟ ਹੈ, ਗੂਚਕੋਵ ਤੇ ਮਿਲੀਊਕੋਵ ਦੀ ਸਰਕਾਰ ਵਲ, ਜੇ ਨਰਮ ਸ਼ਬਦਾਂ ਵਿਚ ਪੇਸ਼ ਕਰੀਏ, ਇਸ ਤੋਂ ਵਧੇਰੇ ਸਯੋਗ ਝੁਕਾਅ ਰਖਣ ਵਾਲਾ ਵਸੀਲਾ ਲਭਣਾ ਕੋਈ ਸੌਖੀ ਗੱਲ ਨਹੀਂ ਹੈ।

ਇਸ ਅਖ਼ਬਾਰ ਦਾ ਪੱਤਰਕਾਰ ਸੇਂਟ ਪੀਟਰਜ਼ਬਰਗ ਤੋਂ ਬੁੱਧਵਾਰ ਮਾਰਚ ਇਕ (14) ਨੂੰ, ਜਦੋਂ **ਪਹਿਲੀ** ਆਰਜ਼ੀ ਸਰਕਾਰ ਅਜੇ ਮੌਜੂਦ ਸੀ, ਭਾਵ 13 ਮੈਂਬਰਾਂ ਦੀ ਡੂਮਾ ਕਾਰਜ-ਕਰਨੀ ਕਮੇਟੀ, ਜਿਸ ਦਾ ਮੁਖੀ ਰੋਡਜ਼ੀਐਨਕੋ ਸੀ ਅਤੇ ਜਿਸ ਵਿਚ ਦੋ "ਸੋਸ਼ਲਿਸਟ" ਹਨ, ਜਿਵੇਂ ਕਿ ਅਖ਼ਬਾਰ ਲਿਖਦਾ ਹੈ, ਕਰੈਨਸਕੀ ਤੇ ਚਖੀਦਜ਼ੇ ਸ਼ਾਮਲ ਹਨ, ਰੀਪੋਰਟ ਭੇਜਦਾ ਹੈ :

ਉਪਰਲੇ ਸਦਨ (ਸਟੇਟ ਕੌਂਸਲ) ਦੇ ਚੁਣੇ ਹੋਏ 22 ਮੈਂਬਰਾਂ ਦੇ ਇਕ ਗਰੁਪ ਨੇ·ਜਿਸ ਵਿਚ ਐਮ. ਗੂਚਕੋਵ. ਐਮ. ਸਤਾਖੋਵਿਚ, ਪ੍ਰਿੰਸ ਤਰੂਬਤੇਸਕੋਈ ਅਤੇ ਪ੍ਰੋਫ਼ੈਸਰ ਵੈਸੀਲੀਵ, ਗਰਿਮ ਅਤੇ ਵਰਨਾਦਸਕੀ ਸ਼ਾਮਲ ਹਨ—"ਜ਼ਾਰ" ਨੂੰ ਇਕ ਤਾਰ ਭੇਜੀ ਹੈ ਜਿਸ ਵਿਚ ਰਾਜਵੰਸ਼, ਆਦਿ ਨੂੰ ਬਚਾਉਣ ਲਈ, ਡੂਮਾ ਨੂੰ ਬੁਲਾਉਣ ਲਈ ਅਤੇ ਇਕ ਅਜਿਹੇ ਵਿਅਕਤੀ ਨੂੰ ਮੁੱਖੀ ਨਿਯੁਕਤ ਕਰਨ ਲਈ ਬੇਨਤੀ ਕੀਤੀ ਗਈ ਹੈ ਜਿਸ ਨੂੰ "ਕੌਮ ਦਾ ਵਿਸ਼ਵਾਸ" ਪ੍ਰਾਪਤ ਹੋਵੇ। ਤਾਰ ਦੇਣ ਵੇਲੇ ਤਕ ਇਹ ਪਤਾ ਨਹੀਂ ਹੈ ਕਿ ਸ਼ਹਿਨਸ਼ਾਹ ਅੱਜ ਪੁਜਣ ਉਤੇ ਕੀ ਫੈਸਲਾ ਕਰੇਗਾ", ਪਤਰਕਾਰ ਲਿਖਦਾ ਹੈ. "ਪਰ ਇਕ ਗੱਲ ਬਿਲਕੁਲ ਯਕੀਨੀ ਹੈ। ਜੇ ਮਹਾ ਸਹਿਮ ਆਪਣੀ ਵਫ਼ਾਦਾਰ ਪਰਜਾ ਵਿਚੋਂ ਬਹੁਤ ਹੀ ਉਦਾਰਵਾਦੀ ਅੰਸ਼ਾਂ ਦੀਆਂ ਇਛਾਵਾਂ ਉਤੇ ਤੁਰੰਤ ਅਮਲ ਨਹੀਂ ਕਰਦਾ ਤਾਂ ਸ਼ਹਿਨਸ਼ਾਹੀ ਡੂਮਾ ਦੀ ਆਰਜ਼ੀ ਕਮੇਟੀ ਵਲੋਂ ਇਸ ਸਮੇਂ ਅਮਲ ਵਿਚ ਲਿਆਂਦਾ ਜਾ ਰਿਹਾ ਪ੍ਰਭਾਵ ਪੂਰੇ ਦਾ ਪੂਰਾ ਸੋਸ਼ਲਿਸਟਾਂ ਦੇ ਹੱਥਾਂ ਵਿਚ ਚਲਿਆ ਜਾਵੇਗਾ, ਜੋ ਇਕ ਗਣਰਾਜ ਦੀ ਸਥਾਪਤੀ ਕਰਨਾ ਚਾਹੁੰਦੇ ਹਨ, ਪਰ ਜੋ ਇਕ ਅਮਨ ਚੈਨ ਵਾਲੀ ਸਰਕਾਰ ਸਥਾਪਤ ਕਰਨ ਦੇ ਅਯੋਗ ਹਨ ਅਤੇ ਅਟੱਲ ਤੌਰ ਤੇ ਦੇਸ਼ ਦੇ ਅੰਦਰ ਅਰਾਜਕਤਾ ਤੇ ਤਬਾਹੀ ਪੈਦਾ ਕਰ ਦੇਣਗੇ...।"

National Library
11401.dt.7.7.1987 20 R.28/—

ਇਹ ਰੀਪੋਰਟ ਕਿਤਨੀ ਰਾਜਨੀਤਿਕ ਦੂਰਦ੍ਰਿਸ਼ਟੀ ਤੇ ਸਪਸ਼ਟਤਾ ਪ੍ਰਗਟ ਕਰਦੀ ਹੈ। ਇਕ ਅੰਗਰੇਜ਼ ਪੱਤਰਕਾਰ, ਜੋ ਗੁਚਕੋਵਾ ਤੇ ਮਿਲੀਊਕੋਵਾਂ ਵਾਂਗ ਸੋਚਦਾ ਹੈ, (ਜੋ ਰਾਹ ਨਹੀਂ ਵਿਖਾਉਂਦਾ) ਜਮਾਤੀ ਸ਼ਕਤੀਆਂ ਤੇ ਹਿਤਾਂ ਦੀ ਕਤਾਰਬੰਦੀ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਦਾ ਹੈ। "ਉਸ ਦੀ ਵਫ਼ਾਦਾਰ ਪਰਜਾ ਵਿਚਲੇ ਬਹੁਤ ਹੀ ਉਦਾਰਵਾਦੀ ਅੰਸ਼" ਭਾਵ, ਪਾਤਸ਼ਾਹਵਾਦੀ ਜਾਗੀਰਦਾਰ ਤੇ ਪੂੰਜੀਪਤੀ, ਸੱਤਾ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਨ, ਕਿਉਂ ਜੋ ਉਹ ਪੂਰੀ ਤਰ੍ਹਾਂ ਸਮਝਦੇ ਹਨ ਕਿ ਨਹੀਂ ਤਾਂ "ਪਰਭਾਵ" ਸੋਸ਼ਲਿਸਟਾਂ ਦੇ ਹੱਥਾਂ ਵਿਚ ਚਲਿਆ ਜਾਵੇਗਾ। "ਸੋਸ਼ਲਿਸਟ" ਹੀ ਕਿਉਂ ਅਤੇ ਹੋਰ ਕਿਉਂ ਨਹੀਂ ? ਕਿਉਂ ਜੋ ਅੰਗਰੇਜੀ ਗੁਚਕੋਵਵਾਦੀ ਪੂਰੀ ਤਰ੍ਹਾਂ ਜਾਣਦਾ ਹੈ ਕਿ ਰਾਜਨੀਤਿਕ ਪਿੜ ਵਿਚ ਕੋਈ ਹੋਰ ਰਾਜਸੀ ਸ਼ਕਤੀ ਮੌਜੂਦ ਨਹੀਂ ਹੈ, **ਨਾ ਹੀ ਹੋ ਸਕਦੀ ਹੈ।** ਇਨਕਲਾਬ ਪਰੋਲੇਤਾਰੀਆਂ ਵਲੋਂ ਕੀਤਾ ਗਿਆ ਸੀ। ਇਸ ਨੇ ਸੂਰਮਗਤੀ ਪ੍ਰਗਟ ਕੀਤੀ; ਇਸ ਨੇ ਲਹੂ ਵਹਾਇਆ; ਇਸ ਨੇ ਆਪਣੇ ਨਾਲ ਕਿਰਤੀਆਂ ਤੇ ਗਰੀਬ ਜਨਸਮੂਹਾਂ ਨੂੰ ਸ਼ਾਮਲ ਕੀਤਾ; ਇਹ ਰੋਟੀ, ਅਮਨ ਤੇ ਆਜ਼ਾਦੀ ਦੀ ਮੰਗ ਕਰ ਰਿਹਾ ਹੈ ਤੇ ਇਹ ਗਣਰਾਜ ਦੀ ਮੰਗ ਕਰ ਰਿਹਾ ਹੈ; ਇਹ ਸੋਸ਼ਲਿਸਟਾਂ ਨਾਲ ਹਮਦਰਦੀ ਕਰਦਾ ਹੈ। ਪਰ ਗੁਚਕੋਵਾਂ ਤੇ ਮਿਲੀਓਕੋਵਾਂ ਦੀ ਸਰਦਾਰੀ ਹੇਠਲੇ ਮੁੱਠੀਭਰ ਜਗੀਰਦਾਰ ਤੇ ਪੂੰਜੀਪਤੀ ਵਿਸ਼ਾਲ ਬਹੁਗਿਣਤੀ ਦੀ ਮਰਜ਼ੀ, ਜਾਂ ਯਤਨਾਂ ਨਾਲ ਗ਼ੱਦਾਰੀ ਕਰਨਾ ਚਾਹੁੰਦੇ ਹਨ ਅਤੇ ਥਿੜਕੂ ਪਾਤਸ਼ਾਹੀ ਨਾਲ ਇਕ ਸੌਦਾ ਕਰਨਾ ਚਾਹੁੰਦੇ ਹਨ, ਉਸ ਨੂੰ ਬਚਾਉਣਾ ਚਾਹੁੰਦੇ ਹਨ : ਮਹਾਂ ਮਹਿਮ, ਲਵੋਵ ਤੇ ਗੁਚਕੋਵ ਨੂੰ ਨਿਯੁਕਤ ਕਰ ਦਿਓ ਅਤੇ ਅਸੀਂ ਲੋਕਾਂ ਦੇ ਵਿਰੁੱਧ ਪਾਤਸ਼ਾਹੀ ਨਾਲ ਹੋਵਾਂਗੇ। ਨਵੀਂ ਸਰਕਾਰ ਦੀ ਨੀਤੀ ਦਾ ਸਮੁੱਚਾ ਇਹੋ ਅਰਥ, ਨਿਚੋੜ ਤੇ ਤੱਤ ਹੈ।

ਪਰ ਲੋਕਾਂ ਨਾਲ ਛਲ ਤੇ ਅੱਖੀਂ ਘੱਟਾ ਪਾਉਣ ਨੂੰ, ਵਸੋਂ ਦੀ ਬਹੁਤ ਭਾਰੀ ਬਹੁਗਿਣਤੀ ਦੀ ਮਰਜ਼ੀ ਦੀ ਉਲੰਘਣਾ ਨੂੰ, ਕਿਵੇਂ ਨਿਆਈਂ ਸਿੱਧ ਕੀਤਾ ਜਾਵੇਗਾ ?

ਲੋਕਾਂ ਉਤੇ ਦੂਸ਼ਣ ਮੜ੍ਹਨ ਰਾਹੀਂ,—ਬੁਰਜੁਆਜੀ ਦਾ ਪੁਰਾਣਾ ਪਰ ਸਦੀਵੀ ਨਵਾਂ ਢੰਗ। ਅਤੇ ਅੰਗਰੇਜ਼ ਗੁਚਕੋਵਵਾਦੀ ਦੂਸ਼ਣ ਮੜ੍ਹਦਾ ਹੈ, ਗਾਲ੍ਹਾਂ ਕੱਢਦਾ ਹੈ, ਥੁੱਕਦਾ ਹੈ ਤੇ ਮੂੰਹੋਂ ਝੱਗ ਸੁੱਟਦਾ ਹੈ! "ਅੰਦਰ ਅਰਾਜਕਤਾ ਤੇ ਬਾਹਰ ਤਬਾਹੀ" "ਪੱਕੀ ਬੰਧੇਜਬੱਧ ਸਰਕਾਰ" ਨਹੀਂ ਹੋਵੇਗੀ !!

ਮਿਸਟਰ ਗੁਚਕੋਵਵਾਦੀ, ਇਹ ਸਹੀ ਨਹੀਂ ਹੈ ! ਮਜ਼ਦੂਰ ਇਕ ਗਣਰਾਜ ਚਾਹੁੰਦੇ ਹਨ; ਅਤੇ ਇਕ ਗਣਰਾਜ ਪਾਤਸ਼ਾਹੀ ਨਾਲੋਂ ਕਿਤੇ ਵਧੇਰੇ ਪੱਕੀ ਤੇ ਬੰਧੇਜਬੱਧ ਸਰਕਾਰ ਪੇਸ਼ ਕਰਦਾ ਹੈ। ਲੋਕਾਂ ਨੂੰ ਇਸ ਗੱਲ ਦੀ ਕਿਹੜੀ ਜ਼ਮਾਨਤ ਪ੍ਰਾਪਤ ਹੈ ਕਿ ਦੂਜਾ ਰੋਮਾਨੋਵ ਆਪ ਦੂਜਾ ਰਾਸਪੂਤਿਨ ਪਰਾਪਤ ਨਹੀਂ ਕਰੇਗਾ ? ਤਬਾਹੀ ਮੁੱਖ ਤੌਰ ਤੇ ਜੰਗ ਦੇ ਸੰਵਿਧਾਨ ਰਾਹੀਂ ਲਿਆਂਦੀ ਜਾਵੇਗੀ, ਭਾਵ ਮੁੱਖ ਤੌਰ ਤੇ ਨਵੀਂ ਸਰਕਾਰ ਰਾਹੀਂ। ਪੇਂਡੂ ਕਾਮਿਆਂ ਅਤੇ ਕਿਸਾਨਾਂ ਤੇ ਸ਼ਹਿਰੀ ਵਸਨੀਕਾਂ ਦੇ ਅਤਿ ਗਰੀਬ ਹਿੱਸੇ ਦੀ ਹਮਾਇਤ ਵਾਲਾ ਗਣਰਾਜ ਹੀ ਅਮਨ ਪ੍ਰਾਪਤ ਕਰ ਸਕਦਾ ਹੈ, ਰੋਟੀ, ਅਮਨ ਚੈਨ ਤੇ ਆਜ਼ਾਦੀ ਪਰਦਾਨ ਕਰ ਸਕਦਾ ਹੈ।

ਅਰਾਜਕਤਾ ਬਾਰੇ ਸਾਰਾ ਚੀਕ ਚਿਹਾੜਾ ਮਹਿਜ਼ ਪੂੰਜੀਪਤੀਆਂ ਦੇ ਸੁਆਰਥੀ ਹਿੱਤਾਂ ਨੂੰ ਲੁਕਾਉਣ ਦਾ ਇਕ ਪੜਦਾ ਹੈ, ਜਿਹੜੇ ਪੂੰਜੀਪਤੀ ਜੰਗ ਵਿਚੋਂ, ਜੰਗੀ ਕਰਜ਼ਿਆਂ ਵਿਚੋਂ ਮੁਨਾਫ਼ਾ ਕਮਾਉਣਾ ਚਾਹੁੰਦੇ ਹਨ ਜੋ ਲੋਕਾਂ ਦੇ ਵਿਰੁੱਧ ਪਾਤਸ਼ਾਹੀ ਨੂੰ ਬਹਾਲ ਕਰਨਾ ਚਾਹੁੰਦੇ ਹਨ।

"...ਕਲ੍ਹ", ਪੱਤਰਕਾਰ ਲਿਖਣਾ ਜਾਰੀ ਰਖਦਾ ਹੈ, "ਸੋਸ਼ਲ ਡੈਮੋਕਰੈਟਿਕ ਪਾਰਟੀ ਨੇ ਇਕ ਬਹੁਤ ਹੀ ਵਿਦਰੋਹੀ ਲੱਛਣ ਵਾਲਾ ਐਲਾਨ ਜਾਰੀ ਕੀਤਾ ਜੋ ਸਾਰੇ ਸ਼ਹਿਰ ਵਿਚ

ਪਰਚਾਰਿਆ ਗਿਆ ਸੀ, ਉਹ (ਭਾਵ, ਸੋਸ਼ਲ ਡੈਮੋਕਰੈਟਿਕ ਪਾਰਟੀ) ਮਹਿਜ਼ ਸਿਧਾਂਤਵਾਦੀ ਹੀ ਹਨ, ਪਰ ਵਰਤਮਾਨ ਸਮੇਂ ਵਰਗੀ ਹਾਲਤ ਵਿਚ ਉਹਨਾਂ ਦੀ ਸ਼ਰਾਰਤ ਕਰਨ ਦੀ ਸ਼ਕਤੀ ਬਹੁਤ ਭਾਰੀ ਹੈ। ਐਮ. ਕੇਰੇਨਸਕੀ ਅਤੇ ਐਮ. ਚਖੀਦਜ਼ੇ ਨੂੰ, ਜੋ ਸਮਝਦੇ ਹਨ ਕਿ ਅਫ਼ਸਰਾਂ ਤੇ ਲੋਕਾਂ ਦੇ ਵਧੇਰੇ ਉਦਾਰਵਾਦੀ ਅੰਸ਼ਾਂ ਦੀ ਹਮਾਇਤ ਤੋਂ ਬਿਨਾਂ ਉਹ ਅਰਾਜਕਤਾ ਨੂੰ ਟਾਲਣ ਦੀ ਆਸ ਨਹੀਂ ਰਖ ਸਕਦੇ, ਆਪਣੇ ਘੱਟ ਚੌਕਸ ਸਹਿਯੋਗੀਆਂ ਨਾਲ ਨਿਬਾਹ ਕਰਨਾ ਪਵੇਗਾ ਅਤੇ ਉਹਨਾਂ ਨੂੰ ਇਕ ਅਜਿਹਾ ਵਤੀਰਾ ਧਾਰਨ ਕਰਨਾ ਪਵੇਗਾ ਜੋ ਆਰਜ਼ੀ ਕਮੇਟੀ ਦੇ ਕੰਮ ਨੂੰ ਗੁੰਝਲਦਾਰ ਬਣਾਉਂਦਾ ਹੈ...।"

ਐ ਮਹਾਨ ਅੰਗਰੇਜ਼ ਗੁਚਕੋਵਵਾਦੀ ਡਿਪਲੋਮੈਟ ! ਕਿਤਨੀ "ਅਸਾਨੀ" ਨਾਲ ਤੂੰ ਸਚਾਈ ਨੂੰ ਉਗਲੱਛ ਦਿਤਾ ਹੈ !

"ਸੋਸ਼ਲ-ਡੈਮੋਕਰੈਟਿਕ ਪਾਰਟੀ" ਅਤੇ ਉਹਨਾਂ ਦੇ "ਘੱਟ ਚੌਕਸ ਸਹਿਯੋਗੀ", ਜਿਨ੍ਹਾਂ ਨਾਲ "ਕੇਰੇਨਸਕੀ ਤੇ ਚਖੀਦਜ਼ੇ ਨੂੰ ਨਿਬਾਹ ਕਰਨਾ ਪਵੇਗਾ, ਤੋਂ ਪ੍ਰਤੱਖ ਤੌਰ ਤੇ ਭਾਵ ਸਾਡੀ ਪਾਰਟੀ ਦੀ ਕੇਂਦਰੀ ਜਾਂ ਸੇਂਟ-ਪੀਟਰਬਰਗ ਕਮੇਟੀ ਹੈ, ਜੋ ਜਨਵਰੀ 1912 ਕਾਨਫਰੰਸ ਦੇ ਸਮੇਂ ਬਹਾਲ ਕੀਤੀ ਗਈ ਸੀ, ਉਹਨਾਂ "ਬਾਲਸ਼ਵਿਕਾਂ" ਤੋਂ ਹੈ ਜਿਨ੍ਹਾਂ ਬਾਰੇ ਬੁਰਜੁਆਜ਼ੀ ਹਮੇਸ਼ਾ "ਸਿਧਾਂਤ-ਵਾਦੀਆਂ" ਦਾ ਅਪਮਾਨ-ਜਨਕ ਬੋਲਾ ਇਸ ਲਈ ਵਰਤਦੀ ਹੈ, ਕਿਉਂ ਜੋ ਉਹ **ਸੋਸ਼ਲਿਜ਼ਮ** ਦੇ ਬੁਨਿਆਦੀ ਅਸੂਲਾਂ, ਸਿਖਿਆ ਤੇ ਉਹਨਾਂ ਪ੍ਰਤੀ ਵਫ਼ਾਦਾਰ ਹਨ। ਨਿਰਸੰਦੇਹ ਗੁਚਕੋਵਵਾਦੀ ਮੈਨੀਫੈਸਟੋ ਤੇ ਸਾਡੀ ਪਾਰਟੀ ਦੇ ਵਤੀਰੇ ਬਾਰੇ ਵਿਦਰੋਹੀ ਤੇ ਸਿਧਾਂਤਵਾਦ ਦੇ ਬੋਲੇ ਇਸ ਲਈ ਵਰਤਦੀ ਹੈ ਕਿਉਂ ਜੋ ਸਾਡੀ ਪਾਰਟੀ ਇਕ ਗਣਰਾਜ, ਅਮਨ, ਜ਼ਾਰਸ਼ਾਹੀ ਇਕ ਪੁਰਖੀ ਰਾਜ ਦੀ ਪੂਰਨ ਤਬਾਹੀ ਲਈ ਅਤੇ ਲੋਕਾਂ ਲਈ ਰੋਟੀ ਵਾਸਤੇ ਲੜਨ ਲਈ ਉਤੇਜਤ ਕਰ ਰਹੀ ਹੈ।

ਲੋਕਾਂ ਲਈ ਰੋਟੀ ਅਮਨ-ਵਿਦਰੋਹ ਹੈ, ਪਰ ਗੁਚਕੋਵ ਤੇ ਮਿਲੀਓਕੋਵ ਲਈ ਵਜ਼ਾਰਤੀ ਕਰਨੀਆਂ। ਇਹ "ਅਮਨ ਚੈਨ" ਹੈ। ਪੁਰਾਣੀ ਤੇ ਜਾਣੀ ਪਹਿਚਾਣੀ ਗੱਲ !

ਫਿਰ, ਕੇਰੇਨਸਕੀ ਤੇ ਚਖੀਦਜ਼ੇ ਦੇ ਉਹ ਦਾਅਪੇਚ ਕੀ ਹਨ ਜਿਵੇਂ ਅੰਗਰੇਜ਼ ਗੁਚਕੋਵਵਾਦੀ ਨੇ ਲੜਵਾਏ ਹਨ ?

ਜਕੋ ਤੱਕੀ : ਇਕ ਪਾਸੇ ਗੁਚਕੋਵਵਾਦੀ ਉਹਨਾ ਦੀ ਸਿਫ਼ਤ ਕਰਦਾ ਹੈ : ਉਹ "ਮਹਿਸੂਸ" ਕਰਦੇ ਹਨ (ਵਧੀਆ ਭੱਦਰ ਪੁਰਸ਼ ! ਚਲਾਕ ਭੱਦਰ ਪੁਰਸ਼ !) ਕਿ ਫੌਜੀ ਅਧਿਕਾਰੀਆਂ ਤੇ ਵਧੇਰੇ ਉਦਾਰਵਾਦੀ ਅੰਸ਼ਾਂ ਦੀ ਹਮਾਇਤ ਤੋਂ ਬਿਨਾ ਅਨਾਰਕੀ ਤੋਂ ਬਚਿਆ ਨਹੀਂ ਜਾ ਸਕਦਾ (ਪਰ, ਅਸਾਂ, ਆਪਣੇ ਸਿਧਾਤ ਤੇ ਆਪਣੀ ਸੋਸ਼ਲਿਸਟ ਸਿਖਿਆ ਦੇ ਅਨੁਸਾਰ ਹਮੇਸ਼ਾ ਸੋਚਿਆ ਹੈ ਕਿ ਇਹ ਪੂੰਜੀਪਤੀ ਹੀ ਹਨ ਜੋ ਮਨੁੱਖੀ ਸਮਾਜ ਵਿਚ ਅਰਾਜਕਤਾ ਤੇ ਜੰਗ ਲਿਆਉਂਦੇ ਹਨ, ਕਿ ਕੇਵਲ ਪਰੋਲੇਤਾਰੀਆ ਤੇ ਅਤਿ ਗ਼ਰੀਬ ਲੋਕਾਂ ਦੇ ਹੱਥਾਂ ਵਿਚ ਰਾਜਸੀ ਸੱਤਾ ਦੀ ਤਬਦੀਲੀ ਹੀ ਸਾਨੂੰ ਜੰਗ, ਅਰਜਕਤਾ ਤੇ ਭੁਖ-ਮਰੀ ਤੋਂ ਨਿਜਾਤ ਦੁਆ ਸਕਦੀ ਹੈ !) ਦੂਜੇ ਪਾਸੇ ਉਹਨਾਂ ਨੂੰ "ਆਪਣੇ ਘਟ ਚੌਕਸ ਸਹਿਯੋਗੀਆਂ ਨਾਲ ਨਿਬਾਹ ਕਰਨਾ ਪਵੇਗਾ", ਭਾਵ, ਬਾਲਸ਼ਵਿਕਾਂ, ਰੂਸੀ, ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਨਾਲ, ਜੋ ਕੇਂਦਰੀ ਕਮੇਟੀ ਵਲੋਂ ਬਹਾਲ ਤੇ ਸੰਗਠਤ ਕੀਤੀ ਗਈ ਹੈ।

ਉਹ ਕਿਹੜੀ ਸ਼ਕਤੀ ਹੈ ਜੋ ਕੇਰੇਨਸਕੀ ਤੇ ਚਖੀਦਜ਼ੇ ਨੂੰ ਬਾਲਸ਼ਵਿਕ ਪਾਰਟੀ ਨਾਲ ਨਿਬਾਹ ਕਰਨ ਤੇ ਮਜਬੂਰ ਕਰਦੀ ਹੈ, ਜਿਸ ਨਾਲ ਉਹਨਾ ਦਾ ਕਦੇ ਵੀ ਵਾਸਤਾ ਨਹੀਂ ਰਿਹਾ ਜਿਸ ਨੂੰ ਉਹਨਾਂ ਨੇ, ਜਾਂ ਉਹਨਾਂ ਦੇ ਲਿਟਰੇਰੀ ਪ੍ਰਤੀਨਿਧਾਂ ਨੇ, (ਸੋਸ਼ਲਿਸਟ-ਰੈਵੋਲਿਊਸ਼ਨਰੀ, ਪਾਪੂਲਰ

ਸੋਸ਼ਲਿਸਟ, ਮੇਨਸ਼ਵਿਕ ਓ. ਕੀ. ਹਮਾਇਤੀ, ਇਤਿਆਦਿ) ਹਮੇਸ਼ਾ ਗਾਲ੍ਹਾਂ ਕੱਢੀਆਂ ਹਨ, ਨਿਖੇਧੀ ਕੀਤੀ ਹੈ, ਇਕ ਤੁੱਛ ਲੁਪਤ ਹਲਕੇ ਵਜੋਂ, ਸਿਧਾਂਤਵਾਦੀਆਂ ਦੇ ਇਕ ਫਿਰਕੇ ਵਜੋਂ, ਭੰਡਿਆ ਹੈ? ਕਿਥੇ ਤੇ ਕਦੋਂ ਕਦੇ ਫਿਰ ਵਾਪਰਿਆ ਹੈ ਕਿ ਇਨਕਲਾਬ ਦੇ ਸਮੇਂ ਇਕ ਭਾਰੂ **ਸਮੂਹ ਕਾਰਵਾਈ** ਦੇ ਸਮੇਂ ਸੂਝਵਾਨ ਵਿਚਾਰਾਂ ਵਾਲੇ ਸਿਆਸਤਦਾਨਾਂ ਨੂੰ "ਸਿਧਾਂਤਵਾਦੀਆਂ" ਨਾਲ "ਨਿਬਾਹ" ਕਰਨਾ ਚਾਹੀਦਾ ਹੈ?

ਸਾਡੇ ਵਿਚਾਰੇ ਅੰਗਰੇਜ਼ ਗੂਚਕੋਵਵਾਦੀ ਨੇ ਸਾਰਾ ਕੁਝ ਰਲਗੱਡ ਕਰ ਦਿੱਤਾ ਹੈ। ਉਹ ਇਕ ਮੰਤਕੀ ਦਲੀਲ ਪੇਸ਼ ਕਰਨ ਵਿਚ ਅਸਫਲ ਹੋਇਆ ਹੈ। ਇਕ ਸਮੁੱਚਾ ਝੂਠ ਜਾਂ ਸਮੁੱਚਾ ਸੱਚ ਦੱਸਣ ਵਿਚ ਅਸਫਲ ਹੋਇਆ ਹੈ, ਉਸ ਮਹਿਜ਼ ਆਪਣੇ ਆਪ ਨੂੰ ਉਗਲੱਛ ਦਿੱਤਾ ਹੈ।

ਕੇਰੇਨਸਕੀ ਤੇ ਚਖੀਦਜ਼ੇ ਸੋਸ਼ਲ-ਡੇਮੋਕਰੇਟਿਕ ਪਾਰਟੀ ਦੀ ਕੇਂਦਰੀ ਕਮੇਟੀ ਨਾਲ ਉਸ ਵਲੋਂ ਪਰੋਲੇਤਾਰੀਆ ਉਤੇ ਅਤੇ ਜਨਸਮੂਹ ਉਤੇ ਮੌਜੂਦਾ ਪਰਭਾਵ ਸਦਕਾ ਨਿਬਾਹ ਕਰਨ ਤੇ ਮਜਬੂਰ ਹੋਏ ਹਨ। ਸਾਡੀ ਪਾਰਟੀ, ਗਰਿਫਤਾਰੀਆਂ ਤੇ 1914 ਵਿਚ ਡੂਮਾ ਦੇ ਸਾਡੇ ਡਿਪਟੀਆਂ ਦੇ ਸਾਇਬੇਰੀਆ ਵਿਚ ਦੇਸ਼ ਨਿਕਾਲੇ ਦੇ ਬਾਵਜੂਦ, ਅਤਿ ਭਾਰੀ ਤਸੀਹਿਆਂ ਦੇ ਬਾਵਜੂਦ ਜਿਨ੍ਹਾਂ ਦੀ ਸੇਂਟ ਪੀਟਰਜ਼ਬਰਗ ਕਮੇਟੀ ਜੰਗ ਦੇ ਦੌਰਾਨ, ਜੰਗ ਦੇ **ਵਿਰੁਧ**, ਜ਼ਾਰਸ਼ਾਹੀ ਦੇ ਵਿਰੁਧ ਆਪਣੀਆਂ ਲੁਪਤ ਸਰਗਰਮੀਆਂ ਦਾ ਕਾਰਨ ਸ਼ਿਕਾਰ ਹੋਈ। ਜਨਸਮੂਹ ਦੇ ਨਾਲ, ਇਨਕਲਾਬੀ ਪਰੋਲੇਤਾਰੀਆ ਦੇ ਨਾਲ ਰਹੀ।

"ਤੱਥ ਬੜੇ ਕਠੋਰ ਹੁੰਦੇ ਹਨ," ਜਿਵੇਂ ਕਿ ਇਕ ਅੰਗਰੇਜ਼ੀ ਕਹਾਵਤ ਹੈ। ਹੇ, ਅਤਿ ਸਤਿਕਾਰ ਯੋਗ ਅੰਗਰੇਜ਼ ਗੂਚਕੋਵਵਾਦੀ, ਮੈਂ ਤੈਨੂੰ ਕੁਝ ਚੇਤੇ ਕਰਾਉਣਾ ਚਾਹੁੰਦਾ ਹਾਂ! ਸਾਡੀ ਪਾਰਟੀ ਨੇ ਇਨਕਲਾਬ ਦੇ ਮਹਾਨ ਦਹਾਕਿਆਂ ਵਿਚ ਸੇਂਟ ਪੀਟਰਜ਼ਬਰਗ ਦੇ ਮਜ਼ਦੂਰਾਂ ਦੀ ਅਗਵਾਈ ਕੀਤੀ, ਜਾਂ ਘਟੋ ਘਟ ਉਹਨਾਂ ਦੀ ਸਮਰਪਤ ਸਹਾਇਤਾ ਕੀਤੀ। ਇਹ ਇਕ ਅਜਿਹਾ ਤੱਥ ਹੈ ਜਿਸ ਨੂੰ ਅੰਗਰੇਜ਼ ਗੂਚਕੋਵਵਾਦੀ ਨੂੰ ਆਪਣੇ ਆਪ ਮੰਨਣਾ ਪਿਆ ਸੀ ਅਤੇ ਉਸ ਨੂੰ ਇਹ ਤੱਥ ਵੀ ਮੰਨਣਾ ਪਿਆ ਸੀ ਕਿ ਕੇਰੇਨਸਕੀ ਤੇ ਚਖੀਦਜ਼ੇ ਬੁਰਜੂਆਜ਼ੀ ਤੇ ਪਰੋਲੇਤਾਰੀਆ ਦੇ **ਵਿਚਾਲੇ** ਡਿਕੋਡੋਲੇ ਖਾ ਰਹੇ ਹਨ। ਗਵੇਂਜ਼ਦੀਵਾਦੀਏ, "ਪ੍ਰਤੀਵਾਦੀਏ", ਭਾਵ ਸੋਸ਼ਲ ਅੰਧ-ਰਾਸ਼ਟਰਵਾਦੀਏ, ਭਾਵ, ਸਾਮਰਾਜੀ, ਲੁਟੇਰੀ ਜੰਗ ਦੇ ਹਮਾਇਤੀ ਹੁਣ ਪੂਰੀ ਤਰ੍ਹਾਂ ਬੁਰਜੂਆਜ਼ੀ ਦੇ ਪਿੱਛੇ ਲੱਗੇ ਹੋਏ ਹਨ। ਕੇਰੇਨਸਕੀ ਵਜ਼ਾਰਤ ਵਿਚ, ਦੂਜੀ ਆਰਜ਼ੀ ਸਰਕਾਰ ਵਿਚ ਸ਼ਾਮਲ ਹੋ ਕੇ ਪੂਰੀ ਤਰ੍ਹਾਂ ਬੁਰਜੂਆਜ਼ੀ ਵੱਲ ਚਲਿਆ ਗਿਆ ਹੈ। ਚਖੀਦਜ਼ੇ ਨਹੀਂ ਰਲਿਆ; ਉਹ ਬੁਰਜੂਆਜ਼ੀ, ਗੂਚਕੋਵਾਂ ਤੇ ਮਿਲੀਉਕੋਵਾਂ ਦੀ ਆਰਜ਼ੀ ਸਰਕਾਰ, ਅਤੇ ਪਰੋਲੇਤਾਰੀਆ ਤੇ ਲੋਕਾਂ ਦੇ ਅਤਿ ਗਰੀਬ ਸਮੂਹਾਂ, ਮਜ਼ਦੂਰ ਡਿਪਟੀਆਂ ਸੋਵੀਅਤ ਤੇ ਕੇਂਦਰੀ ਕਮੇਟੀ ਵਲੋਂ ਸੰਗਠਿਤ ਕੀਤੀ ਰੂਸੀ ਸੋਸ਼ਲ-ਡੇਮੋਕਰੇਟਿਕ ਲੇਬਰ ਪਾਰਟੀ ਦੀ "ਆਰਜ਼ੀ ਸਰਕਾਰ" ਵਿਚਾਲੇ ਡਿਕੋਡੋਲੇ ਖਾ ਰਿਹਾ ਹੈ।

ਅਖੀਰ ਵਿਚ, ਇਨਕਲਾਬ ਨੇ ਇਸ ਗੱਲ ਦੀ ਤਸਦੀਕ ਕਰ ਦਿਤੀ ਹੈ ਕਿ ਅਸਾਂ ਵਿਸ਼ੇਸ਼ ਤੌਰ ਤੇ ਕਿਸ ਗੱਲ ਤੇ ਜ਼ੋਰ ਦਿਤਾ ਜਦੋਂ ਅਸਾਂ ਮਜ਼ਦੂਰਾਂ ਨੂੰ ਮਜ਼ਦੂਰ ਜਮਾਤ ਦੀ ਲਹਿਰ ਵਿਚ ਤੇ ਨਿਕ-ਬੁਰਜੂਆਜ਼ੀ ਵਿਚ ਮੁਖ ਪਾਰਟੀਆਂ ਤੇ ਮੁਖ ਰੁਝਾਨਾਂ ਵਿਚਾਲੇ ਜਮਾਤੀ ਫਰਕ ਨੂੰ ਸਪਸ਼ਟ ਤੌਰ ਤੇ ਸਮਝਣ ਲਈ ਉਤੇਜਤ ਕੀਤਾ। ਉਦਾਹਰਣ ਵਜੋਂ, ਲਗਪਗ 18 ਮਹੀਨੇ ਪਹਿਲਾਂ, 13 ਅਕਤੂਬਰ 1915 ਨੂੰ ਜਨੇਵਾ ਦੇ ਰਸਾਲੇ **ਸੋਟਸੀਅਲ-ਡੇਮੋਕਰੇਟ** ਦੇ ਨੰਬਰ 47 ਵਿਚ ਅਸਾਂ ਇਕ ਕੁਝ ਲਿਖਿਆ ਸੀ।

"ਜਿਵੇਂ ਕਿ ਹੁਣ ਤਕ ਅਸੀਂ, ਸੋਸ਼ਲ-ਡੇਮੋਕਰੇਟਾਂ ਵਲੋਂ, ਇਕ ਆਰਜ਼ੀ ਇਨਕਲਾਬੀ

ਸਰਕਾਰ ਵਿਚ, ਜਨਵਾਦੀ ਨਿਕ-ਬੁਰਜੂਆਜ਼ੀ ਨਾਲ, ਪਰ ਇਨਕਲਾਬੀ ਅੰਧਰਾਸ਼ਟਰਵਾਦੀਆਂ ਨਾਲ **ਨਹੀਂ**, ਸ਼ਾਮਲ ਹੋਣਾ ਉਚਿਤ ਸਮਝਦੇ ਹਾਂ। ਇਨਕਲਾਬੀ ਅੰਧਰਾਸ਼ਟਰਵਾਦੀਆਂ ਤੋਂ ਸਾਡਾ ਭਾਵ ਉਹਨਾਂ ਤੋਂ ਹੈ ਜਿਹੜੇ ਜ਼ਾਰਸ਼ਾਹੀ ਉਤੇ ਜਿੱਤ ਇਸ ਲਈ ਚਾਹੁੰਦੇ ਹਨ ਤਾਂ ਜੋ ਜਰਮਨੀ ਉਤੇ ਫ਼ਤਹਿ ਪਰਾਪਤ ਕੀਤੀ ਜਾਵੇ। ਦੂਜੇ ਦੇਸ਼ਾਂ ਨੂੰ ਲੁੱਟਿਆ ਜਾਵੇ, ਰੂਸ ਦੀਆਂ ਹੋਰ ਕੌਮਾਂ ਉਤੇ ਮਹਾਨ ਰੂਸੀ ਰਾਜ ਮਜ਼ਬੂਤ ਕੀਤਾ ਜਾਵੇ। ਇਨਕਲਾਬੀ ਅੰਧਰਾਸ਼ਟਰਵਾਦ ਨਿਕ-ਬੁਰਜੂਆਜ਼ੀ ਦੀ ਜ਼ਮਾਤੀ ਪੁਜ਼ੀਸ਼ਨ ਉਤੇ ਅਧਾਰਤ ਹੈ। ਨਿਕ-ਬੁਰਜੂਆਜ਼ੀ ਹਮੇਸ਼ਾ ਬੁਰਜੂਆਜ਼ੀ ਤੇ ਪਰੋਲੇਤਾਰੀਆ ਵਿਚਾਲੇ ਡਿਕੌਡੋਲੇ ਖਾਂਦੀ ਹੈ। ਇਸ ਸਮੇਂ ਇਹ ਅੰਧਰਾਸ਼ਟਰਵਾਦ (ਜੋ ਇਸ ਨੂੰ ਨਿਰੰਤਰ ਇਨਕਲਾਬੀ ਬਣਨ ਤੋਂ ਰੋਕਦਾ ਹੈ, ਇਥੋਂ ਤਕ ਕਿ ਇਕ ਜਨਵਾਦੀ ਇਨਕਲਾਬ ਦੇ ਅਰਥਾਂ ਵਿਚ ਵੀ) ਅਤੇ ਪਰੋਲੇਤਾਰੀ ਕੌਮਾਂਤਰੀਵਾਦ ਵਿਚਾਲੇ ਡਿਕੌਡੋਲੇ ਖਾ ਰਹੀ ਹੈ। ਇਸ ਘੜੀ ਤਰੂਦੋਵਿਕਸ, ਸੋਸ਼ਲਿਸਟ ਇਨਕਲਾਬੀ, **ਨਾਸ਼ਾ ਜ਼ਾਰੀਆ** (ਹਣ ਦੀਏਲੋ) ਚਖ਼ੀਦਜ਼ੇ ਦਾ ਡੂਮਾ ਗਰੁਪ, ਜਥੇਬੰਦਕ ਕਮੇਟੀ, ਮਿਸਟਰ ਪਲੇਖ਼ਾਨੋਵ ਤੇ ਇਸ ਤਰ੍ਹਾਂ ਦੇ ਹੋਰ ਰੂਸ ਵਿਚ ਇਸ ਨਿਕ-ਬੁਰਜੂਆਜ਼ੀ ਦੇ ਰਾਜਸੀ ਬੁਲਾਰੇ ਹਨ। ਜੇ ਇਨਕਲਾਬੀ ਅੰਧਰਾਸਟਰਵਾਦੀ ਜਿੱਤ ਜਾਂਦੇ, ਵਰਤਮਾਨ ਜੰਗ ਵਿਚ ਸਾਨੂੰ ਉਹਨਾਂ ਦੀ "ਪਿਤਾ ਭੂਮੀ" ਦੀ ਰਾਖੀ ਦੀ ਵਿਰੋਧਤਾ ਕਰਨੀ ਪੈਣੀ ਸੀ। ਸਾਡਾ ਨਾਅਰਾ ਹੈ ; ਅੰਧਰਾਸ਼ਟਰ-ਵਾਦੀਆਂ ਦੀ ਵਿਰੋਧਤਾ, ਚਾਹੇ ਉਹ ਇਨਕਲਾਬੀ ਤੇ ਰੀਪਬਲਿਕਨ ਹਨ। ਉਹਨਾਂ ਦੇ **ਵਿਰੁਧ** ਅਤੇ ਸੋਸ਼ਲਿਸਟ ਇਨਕਲਾਬ ਲਈ ਕੌਮਾਂਤਰੀ ਪਰੋਲੇਤਾਰੀਆ ਦੇ ਇਕ ਗੱਠਜੋੜ ਦੇ ਹੱਕ ਵਿਚ।"

ਪਰ ਸਾਨੂੰ ਅੰਗਰੇਜ਼ ਗੁਚਕੋਵਵਾਦੀ ਵਲ ਪਰਤਣਾ ਚਾਹੀਦਾ ਹੈ।

"...ਇੰਪੀਰੀਅਲ ਡੂਮਾ ਦੀ ਆਰਜੀ ਕਮੇਟੀ" ਉਹ ਹੋਰ ਲਿਖਦਾ ਹੈ, "ਸਾਹਮਣੇ ਖਲੋਤੇ ਖਤਰਿਆਂ ਨੂੰ ਮਹਿਸੂਸ ਕਰਦਿਆਂ, ਵਜ਼ੀਰਾਂ ਨੂੰ ਗ੍ਰਿਫ਼ਤਾਰ ਕਰਨ ਦੇ ਮੂਲਕ ਇਰਾਦੇ ਨੂੰ ਨੇਪਰੇ ਚਾੜ੍ਹਨ ਤੋਂ ਸੋਚ ਸਮਝ ਕੇ ਕਤਰਾ ਗਈ ਹੈ, ਜਦ ਕਿ ਉਹ ਇਹ ਕੰਮ ਕਲ੍ਹ ਹੀ ਰਤਾ ਜਿੰਨੀ ਔਕੜ ਤੋਂ ਬਿਨਾਂ ਹੀ ਕਰ ਸਕਦੇ ਸਨ। ਸੋ, ਗਲਾਂਬਾਤਾਂ ਲਈ ਬੂਹੇ ਖੁਲ੍ਹੇ ਰਖੇ ਗਏ ਹਨ, ਜਿਸ ਸਦਕਾ ਅਸੀਂ ("ਅਸੀਂ" ਅੰਗਰੇਜ਼ ਵਿਤੀ ਪੂੰਜੀ ਅਤੇ ਸਾਮਰਾਜਵਾਦ) ਕਮਿਊਨ ਅਤੇ ਗ੍ਰਹਿਯੁੱਧ ਦੀ ਅਰਾਜਕਤਾ ਦੀ ਕਰੜੀ ਮੁਸੀਬਤ ਝਾਗਣ ਤੋਂ ਬਿਨਾਂ ਨਵੀਂ ਸਰਕਾਰ ਦੇ ਭਾਰੀ ਲਾਭ ਪ੍ਰਾਪਤ ਕਰ ਸਕਦੇ ਹਾ...।"

ਗੁਚਕੋਵਾਦੀਏ ਇਕ ਗ੍ਰਹਿਯੁੱਧ ਦੇ ਹੱਕ ਵਿਚ ਹਨ ਜਿਸ ਤੋਂ ਉਹ ਲਾਭ ਉਠਾ ਸਕਣ, ਪਰ ਉਹ ਇਕ ਅਜਿਹੇ ਗ੍ਰਹਿਯੁੱਧ ਦੇ ਵਿਰੁਧ ਹਨ ਜਿਸ ਤੋਂ ਲੋਕਾਂ, ਭਾਵ, ਕਿਰਤੀ ਲੋਕਾਂ ਦੀ ਅਸਲ ਬਹੁਗਿਣਤੀ ਲਾਭ ਉਠਾ ਸਕਦੀ ਹੋਵੇ।

"...ਡੂਮਾ ਦੀ ਆਰਜ਼ੀ ਕਮੇਟੀ, ਜੋ ਸਾਰੀ ਕੌਮ ਦੀ ਪ੍ਰਤੀਨਿਧਤਾ ਕਰਦੀ ਹੈ [ਇਸ ਨੂੰ ਜਗੀਰਦਾਰ ਤੇ ਪੂੰਜੀਵਾਦੀ ਚੌਥੀ ਡੂਮਾ ਦੀ ਕਮੇਟੀ ਕਹਿਣ ਬਾਰੇ ਰਤਾ ਖਿਆਲ ਕਰੋ।] ਅਤੇ ਲੇਬਰ ਡਿਪਟੀ ਦੀ ਕੌਂਸਲ ਜੋ ਜਮਾਤੀ ਹਿਤਾਂ ਦੀ ਪ੍ਰਤੀਨਿਧਤਾ ਕਰਦੀ ਹੈ (ਇਹ ਇਕ ਅਜਿਹੇ ਡਿਪਲੋਮੈਟ ਦੀ ਭਾਸ਼ਾ ਹੈ ਜਿਸ ਨੇ ਇਕ ਕੰਨ ਨਾਲ ਇਹ ਸਭ ਸ਼ਬਦ ਸੁਣੇ ਹਨ ਅਤੇ ਜੋ ਇਸ ਤੱਥ ਨੂੰ ਲੁਕਾਉਣਾ ਚਾਹੁੰਦਾ ਹੈ ਕਿ ਮਜ਼ਦੂਰ ਡਿਪਟੀਆ ਦੀ ਸੋਵੀਅਤ ਪਰੋਲੇਤਾਰੀਆ ਤੇ ਗਰੀਬਾਂ ਦੀ, ਜੋ ਵਸੋਂ ਦਾ 9/10 ਹਨ, ਪ੍ਰਤੀਨਿਧਤਾ ਕਰਦੀ ਹੈ) ਪਰ ਜੋ ਵਰਤਮਾਨ ਸੰਕਟ ਵਿਚ ਅਥਾਹ ਭਾਰੀ ਸ਼ਕਤੀ ਗ੍ਰਹਿਣ ਕਰ ਰਹੇ ਹਨ, ਵਿਚਾਲੇ ਸਬੰਧਾਂ ਨੇ ਮੂਲ ਮਾਸ ਮਨੁੱਖਾਂ ਵਿਚਾਲੇ ਉਹਨਾਂ ਵਿਚ ਇਕ ਟੱਕਰ ਦੀ ਸੰਭਾਵਨਾ ਵਧਦੀ ਹੀ ਗਈ ਘੱਟ ਗਲਤ ਫਹਿਮੀਆਂ ਪੈਦਾ ਨਹੀਂ ਕੀਤੀਆਂ ਹਨ ਜਿਸ ਦੇ ਸਿੱਟੇ ਬਿਆਨ ਕਰਨੇ ਅਤਿ ਭਿਆਨਕ ਹੋ ਸਕਦੇ ਹਨ।

"ਖੁਸ਼ੀ ਦੀ ਗੱਲ ਹੈ ਕਿ ਇਹ ਖਤਰਾ, ਘਟੋ ਘਟ ਵਰਤਮਾਨ ਘੜੀ ("ਘਟੋਂ ਘੱਟੋ" ਨੂੰ ਨੋਟ ਕਰੋ !) ਐਮ. ਕੇਰੇਨਸਕੀ ਦੇ ਪ੍ਰਭਾਵ ਸਦਕਾ ਟਲ ਗਿਆ ਹੈ, ਜੋ ਇਕ ਨੌਜਵਾਨ ਵਕੀਲ ਹੈ ਤੇ ਭਾਸ਼ਨ ਦੇਣ ਵਿਚ ਕਮਾਲ ਰਖਦਾ ਹੈ, ਜੋ ਕਮੇਟੀ ਨਾਲ ਆਪਣੇ ਲੇਬਰ ਭਾਈਵਾਲਾਂ ਦੇ ਹਿਤਾਂ ਲਈ (ਮਜ਼ਦੂਰਾਂ ਦੇ ਵੋਟ ਪ੍ਰਾਪਤ ਕਰਨ ਲਈ, ਉਹਨਾਂ ਨਾਲ ਚੋਹਲ ਮੋਹਲ ਕਰਨ ਲਈ) ਮਿਲ ਕੇ ਕੰਮ ਕਰਨ ਦੀ ਜਰੂਰਤ ਨੂੰ ਚੰਗੀ ਤਰ੍ਹਾਂ ਮਹਿਸੂਸ ਕਰਦਾ ਹੈ। ਅਜ (ਬੁੱਧਵਾਰ, ਮਾਰਚ 1/14) ਇਕ ਤਸੱਲੀਬਖਸ਼ ਸਮਝੌਤਾ ਹੋਇਆ ਸੀ ਜਿਸ ਰਾਹੀਂ ਸਾਰੀ ਜ਼ਰੂਰੀ ਰੁਕਾਵਟ ਟਲ ਜਾਵੇਗੀ।"

ਇਹ ਸਮਝੌਤਾ ਕੀ ਸੀ, ਕੀ ਇਹ ਮਜਦੂਰਾ ਦੇ ਡਿਪਟੀਆਂ ਦੀ **ਸਮੁੱਚੀ** ਸੋਵੀਅਤ ਨਾਲ ਅਤੇ ਕਿਹੜੀਆ ਸਰਤਾ ਤੇ ਕੀਤਾ ਗਿਆ, ਅਸੀਂ ਕੁਝ ਨਹੀਂ ਜਾਣਦੇ। ਇਸ **ਮੁੱਖ** ਨੁਕਤੇ ਬਾਰੇ ਅੰਗਰੇਜ ਗੁਚਕੋਵਵਾਦੀ ਇਸ ਸਮੇਂ ਕੁਝ ਵੀ ਨਹੀਂ ਆਖਦਾ ਅਤੇ ਇਸ ਵਿਚ ਹੈਰਾਨਗੀ ਵਾਲੀ ਕੋਈ ਗੱਲ ਨਹੀਂ। ਬੁਰਜੁਆਜੀ ਲਈ ਇਹਨਾ ਸਰਤਾ ਨੂੰ ਸਪਸਟ ਕਰਨਾ ਤੇ ਸਾਰਿਆ ਨੂੰ ਦਸਣਾ ਕੋਈ ਲਾਹੇਵੰਦ ਗੱਲ ਨਹੀਂ ਹੈ ਕਿਉਂ ਜੋ ਇਸ ਹਾਲਤ ਵਿਚ ਉਹਨਾਂ ਦੀ ਉਲੰਘਣਾ ਕਰਨੀ ਉਸ ਲਈ ਵਧੇਰੇ ਔਖੀ ਗੱਲ ਹੋ ਜਾਵੇਗੀ।

ਅਗਲੀਆ ਲਾਈਨਾ ਪਹਿਲਾ ਹੀ ਲਿਖੀਆ ਜਾ ਚੁਕੀਆ ਸਨ ਜਦੋਂ ਮੈਂ ਉਹ ਦੋ ਬਹੁਤ ਹੀ ਜ਼ਰੂਰੀ ਲਿਖਤਾ ਪੜ੍ਹੀਆ। ਪਹਿਲੀ, ਪੈਰਿਸ ਦੇ ਬਹੁਤ ਹੀ ਪੁਰਾਤਨਵਾਦੀ ਤੇ ਬੁਰਜੂਆ ਅਖਬਾਰ **ਲੇ ਟੈਂਪਸ** ਦੇ 20 ਮਾਰਚ ਦੇ ਪਰਚੇ ਵਿਚ ਨਵੀਂ ਸਰਕਾਰ ਦੀ "ਹਮਾਇਤ" ਲਈ ਅਪੀਲ ਕਰਨ ਵਾਲੇ ਮਜਦੂਰਾ ਦੇ ਡਿਪਟੀਆ ਦੀ ਸੋਵੀਅਤ ਦੇ ਮੈਨੀਫੈਸਟੋ ਦਾ ਖਰੜਾ, ਦੂਜੀ ਸਟੇਟ ਡੂਮਾ ਵਿਚ ਇਕ (14) ਮਾਰਚ ਨੂੰ ਸਕੋਬੇਲੇਵ ਦੇ ਭਾਸਣ ਵਿਚੋਂ ਟੂਕਾ ਜੋ ਜ਼ਿਊਰਿਖ ਦੇ ਇਕ ਅਖਬਾਰ (**ਨਿਊ ਜ਼ਿਊਰਖ ਜ਼ੀਟੁੰਗ** ਮਾਰਚ 21) ਵਿਚ ਇਕ ਬਰਲਿਨ ਅਖਬਾਰ (**ਨੈਸ਼ਨਲ ਜ਼ੀਟੁੰਗ**) ਵਿਚੋਂ ਲੈ ਕੇ ਮੁੜ ਪ੍ਰਕਾਸਤ ਕੀਤੀਆ ਗਈਆ ਸਨ।

ਮਜਦੂਰਾ ਦੇ ਡਿਪਟੀਆ ਦੀ ਸੋਵੀਅਤ ਦਾ ਮੈਨੀਫੈਸਟੋ, ਜੇ ਫਰਾਸੀਸੀ ਸਾਮਰਾਜੀਆਂ ਵਲੋਂ ਉਸ ਦੇ ਖਰੜੇ ਨੂੰ ਤੋੜਿਆ ਭੰਨਿਆ ਨਾ ਗਿਆ ਹੋਵੇ, ਇਹ ਇਕ ਬਹੁਤ ਹੀ ਸਾਨਦਾਰ ਦਸਤਾਵੇਜ਼ ਹੈ। ਇਹ ਦਰਸਾਉਂਦੀ ਹੈ ਕਿ ਸੇਂਟ ਪੀਟਰਜਬਰਗ ਦਾ ਪਰੋਲੇਤਾਰੀਆ, ਘਟੋ ਘੱਟ ਉਸ ਸਮੇਂ ਜਦੋਂ ਮੈਨੀਫੈਸਟੋ ਜਾਰੀ ਕੀਤਾ ਗਿਆ ਸੀ, ਨਿਕ-ਬੁਰਜੂਆ ਸਿਆਸਤਦਾਨਾ ਦੇ ਭਾਰੂ ਦਬਾਅ ਅਧੀਨ ਸੀ। ਤੁਸੀਂ ਚੇਤੇ ਕਰੋਗੇ ਕਿ ਸਿਆਸਤਦਾਨਾ ਦੇ ਇਸ ਖ਼ਾਨੇ ਵਿਚ, ਜਿਵੇਂ ਕਿ ਮੈਂ ਪਹਿਲਾ ਵਰਣਨ ਕਰ ਚੁਕਿਆ ਹਾ, ਮੈਂ ਕੇਰੇਨਸਕੀ ਤੇ ਚਖੀਦਜ਼ੇ ਵਰਗੇ ਲੋਕ ਸਾਮਲ ਕਰਦਾ ਹਾ।

ਮੈਨੀਫੈਸਟੋ ਵਿਚ ਅਸੀਂ ਦੋ ਰਾਜਸੀ ਵਿਚਾਰ ਅਤੇ ਉਹਨਾ ਨਾਲ ਸੰਬੰਧਤ ਦੋ ਨਾਅਰੇ ਵੇਖਦੇ ਹਾ:

ਪਹਿਲਾ, ਮੈਨੀਫੈਸਟੋ ਕਹਿੰਦਾ ਹੈ ਕਿ ਸਰਕਾਰ ਵਿਚ (ਨਵੇਂ) "ਉਦਾਰਵਾਦੀ ਅੰਸ਼" ਸ਼ਾਮਲ ਹਨ। ਇਹ ਮਾਰਕਸਵਾਦੀ ਲੱਛਣ ਦਾ ਨਹੀਂ, ਸਗੋਂ ਨਿਰੋਲ ਲਿਬਰਲ ਲੱਛਣ ਵਾਲਾ ਅਜੀਬ ਬਿਆਨ ਹੈ, ਜੋ ਕਿਸੇ ਵੀ ਤਰ੍ਹਾਂ ਸੰਪੂਰਨ ਨਹੀਂ ਹੈ। ਮੈਂ ਵੀ ਇਸ ਗਲ ਨਾਲ ਸਹਿਮਤ ਹੋਣ ਨੂੰ ਤਿਆਰ ਹਾਂ ਕਿ ਹੁਣ ਇਕ ਵਿਸ਼ੇਸ਼ ਹਾਲਤ ਵਿਚ—ਅਗਲੀ ਚਿੱਠੀ ਵਿਚ ਮੈਂ ਦਸਾਂਗਾ ਕਿ ਕਿਹੜੀ ਹਾਲਤ ਵਿਚ—ਜਦੋਂ ਇਨਕਲਾਬ ਦਾ ਪਹਿਲਾ ਪੜਾਅ ਪੂਰਾ ਹੋ ਗਿਆ ਹੈ, ਹਰ ਸਰਕਾਰ ਨੂੰ "ਉਦਾਰਵਾਦੀ" ਹੋਣਾ ਚਾਹੀਦਾ ਹੈ। ਪਰ ਆਪਣੇ ਤੋਂ ਤੇ ਲੋਕਾਂ ਤੋਂ ਇਹ ਲੁਕਾਉਣਾ ਉੱਕਾ ਹੀ ਉਚਿਤ ਨਹੀਂ ਹੈ ਕਿ ਇਹ ਸਰਕਾਰ ਸਾਮਰਾਜੀ ਜੰਗ ਨੂੰ ਜਾਰੀ ਰੱਖਣਾ ਚਾਹੁੰਦੀ ਹੈ,

ਕਿ ਇਹ ਅੰਗਰੇਜ਼ ਸਰਮਾਏ ਦੀ ਏਜੰਟ ਹੈ, ਕਿ ਇਹ ਪਾਤਸ਼ਾਹੀ ਨੂੰ ਬਹਾਲ ਕਰਨਾ ਚਾਹੁੰਦੀ ਹੈ ਅਤੇ ਜਗੀਰਦਾਰਾਂ ਤੇ ਪੂੰਜੀਪਤੀਆਂ ਦੇ ਰਾਜ ਨੂੰ ਪੱਕਿਆਂ ਕਰਨਾ ਚਾਹੁੰਦੀ ਹੈ।

ਮੈਨੀਫੈਸਟੋ ਐਲਾਨ ਕਰਦਾ ਹੈ ਕਿ ਸਾਰੇ ਜਨਵਾਦੀਆਂ ਨੂੰ ਸਰਕਾਰ ਦੀ "ਹਮਾਇਤ" ਕਰਨੀ ਚਾਹੀਦੀ ਹੈ ਅਤੇ ਕਿ ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ ਕੇਰੇਨਸਕੀ ਨੂੰ ਆਰਜ਼ੀ ਸਰਕਾਰ ਵਿਚ ਸ਼ਾਮਲ ਹੋਣ ਤੇ ਅਧਿਕਾਰ ਸੰਭਾਲਣ ਦੀ ਬੇਨਤੀ ਕਰਦੀ ਹੈ। ਸ਼ਰਤਾਂ ਇਹ ਹਨ—ਜੰਗ ਦੇ ਦੌਰਾਨ ਇਕਰਾਰ ਕੀਤੇ ਸੁਧਾਰਾਂ ਉਤੇ ਅਮਲ, "ਸੁਤੰਤਰ ਸਭਿਆਚਾਰ" (ਕੇਵਲ ? ?) ਲਈ ਜ਼ਮਾਨਤ, ਕੌਮੀਅਤਾਂ ਦਾ ਵਿਕਾਸ (ਇਕ ਨਿਰੋਲ ਕੇਡੇਟ, ਮੰਦਭਾਗਾ ਪ੍ਰੋਗਰਾਮ) ਅਤੇ ਇਕ ਵਿਸ਼ੇਸ਼ ਕਮੇਟੀ ਦੀ ਸਥਾਪਨਾ ਜਿਸ ਵਿਚ ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ ਦੇ ਅਤੇ "ਫੌਜੀਆਂ" ਦੇ ਮੈਂਬਰ ਸ਼ਾਮਲ ਕੀਤੇ ਜਾਣ ਜੋ ਆਰਜ਼ੀ ਸਰਕਾਰ ਦੀਆਂ ਸਰਗਰਮੀਆਂ ਦੀ ਨਿਗਰਾਨੀ ਕਰਨਗੇ।

ਇਸ ਨਿਗਰਾਨ ਕਮੇਟੀ ਬਾਰੇ, ਜੋ ਵਿਚਾਰਾਂ ਤੇ ਨਾਅਰਿਆਂ ਦੇ ਦੂਜੇ ਖ਼ਾਨੇ ਵਿਚ ਆਉਂਦੀ ਹੈ, ਅਸੀਂ ਵੱਖਰੇ ਤੌਰ ਤੇ ਅੱਗੇ ਜਾ ਕੇ ਵਿਚਾਰ ਕਰਾਂਗੇ।

ਰੂਸੀ ਲੂਈਸ ਬਲਾਂਕ. ਤੇ ਕੇਰੈਂਨਸਕੀ ਦੀ ਨਿਯੁਕਤੀ ਅਤੇ ਨਵੀਂ ਸਰਕਾਰ ਦੀ ਹਮਾਇਤ ਕਰਨ ਬਾਰੇ ਅਪੀਲ ਕੋਈ ਵੀ ਕਹਿ ਸਕਦਾ ਹੈ, ਇਨਕਲਾਬ ਦੇ ਕਾਜ਼ ਨਾਲ ਅਤੇ ਪਰੋਲੇਤਾਰੀਆ ਦੇ ਕਾਜ਼ ਨਾਲ ਗ਼ੱਦਾਰੀ ਦੀ ਇਕ ਕਲਾਸਕੀ ਉਦਾਹਰਣ ਹੈ, ਇਕ ਅਜਿਹੀ ਗੱਦਾਰੀ ਜਿਸ ਨੇ 19ਵੀਂ ਸਦੀ ਦੇ ਕਈ ਇਨਕਲਾਬ ਨੂੰ ਅਸਫ਼ਲ ਕੀਤਾ ਹੈ, ਇਸ ਗੱਲ ਦੇ ਬਾਵਜੂਦ ਕਿ ਅਜਿਹੀ ਨੀਤੀ ਦੇ ਆਗੂ ਤੇ ਹਮਾਇਤੀ ਸੋਸ਼ਲਿਜ਼ਮ ਪ੍ਰਤੀ ਭਾਵੇਂ ਕਿਤਨੇ ਹੀ ਵਫ਼ਾਦਾਰ ਤੇ ਸਮਰਪਤ ਕਿਉਂ ਨਾ ਹੋਣ।

ਪਰੋਲੇਤਾਰੀਆ ਇਕ ਜੰਗੀ ਸਰਕਾਰ ਦੀ, ਇਕ ਬਹਾਲੀ ਦੀ ਸਰਕਾਰ ਦੀ ਨਾ ਹਮਾਇਤ ਕਰ ਸਕਦਾ ਹੈ ਤੇ ਨਾ ਹੀ ਕਰਨੀ ਚਾਹੀਦੀ ਹੈ। ਪਿਛਾਖੜ ਨਾਲ ਲੜਨ ਲਈ, ਰੋਮਾਨੋਵਾਂ ਤੇ ਉਹਨਾਂ ਦੇ ਦੋਸਤਾਂ ਵਲੋਂ ਪਾਤਸ਼ਾਹੀ ਨੂੰ ਬਹਾਲ ਕਰਨ ਦੇ ਅਤੇ ਇਕ ਉਲਟ-ਇਨਕਲਾਬੀ ਫੌਜ ਤਿਆਰ ਕਰਨ ਦੇ ਸਾਰੇ ਸੰਭਵ ਯਤਨਾਂ ਦਾ ਮੂੰਹ ਭੰਨਣ ਲਈ ਇਹ ਜ਼ਰੂਰੀ ਹੈ ਕਿ ਗੁਚਕੋਵ ਤੇ ਕੰਪਨੀ ਦੀ ਹਮਾਇਤ ਨਾ ਕੀਤੀ ਜਾਵੇ, ਸਗੋਂ ਇਕ ਪਰੋਲੇਤਾਰੀ ਮਲੀਸ਼ੀਆ ਨੂੰ **ਜਥੇਬੰਦ**, ਉਸ ਦਾ ਵਿਸਥਾਰ ਤੇ ਉਸ ਨੂੰ ਮਜ਼ਬੂਤ ਕੀਤਾ ਜਾਵੇ, ਮਜ਼ਦੂਰਾਂ ਦੀ ਅਗਵਾਈ ਹੇਠ ਲੋਕਾਂ ਨੂੰ ਹਥਿਆਰਬੰਦ ਕੀਤਾ ਜਾਵੇ। ਇਸ ਅਸੂਲੀ, ਬੁਨਿਆਦੀ ਤੇ ਰੈਡੀਕਲ ਕਦਮ ਤੋਂ ਬਿਨਾਂ ਪਾਤਸ਼ਾਹੀ ਦੀ ਬਹਾਲੀ ਦਾ ਅਤੇ ਇਕਰਾਰ ਕੀਤੀਆਂ ਆਜ਼ਾਦੀਆਂ ਨੂੰ ·ਅਪ੍ਰਤੱਖ ਕਰਨ ਜਾਂ ਛਾਂਗਣ ਦੇ ਯਤਨਾਂ ਦਾ ਗੰਭੀਰ ਟਾਕਰਾ ਕਰਨ ਦਾ ਜਾਂ ਮਜ਼ਬੂਤੀ ਨਾਲ ਹਰ ਰਾਹ ਅਪਨਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਜੋ ਲੋਕਾਂ ਨੂੰ ਰੋਟੀ, **ਅਮਨ** ਤੇ ਆਜ਼ਾਦੀ ਦੇਵੇਗਾ।

ਇਹ ਸੱਚ ਹੈ ਕਿ ਚਖੀਦਜ਼ੇ, ਜੋ ਕੇਰੇਨਸਕੀ ਨਾਲ, ਪਹਿਲੀ ਆਰਜ਼ੀ ਸਰਕਾਰ (ਤੇਰਾਂ ਦੀ ਡੂਮਾ ਕਮੇਟੀ) ਦਾ ਮੈਂਬਰ ਸੀ, ਦੂਜੀ ਆਰਜੀ ਸਰਕਾਰ ਵਿਚ ਉਪਰ ਵਰਣਤ ਜਾਂ ਇਸ ਨਾਲ ਮਿਲਦੇ ਜੁਲਦੇ ਲੱਛਣ ਦੇ ਅਸੂਲੀ ਵਿਚਾਰਾਂ ਸਦਕਾ ਸ਼ਾਮਲ ਹੋਣ ਤੋਂ ਬਾਜ਼ ਰਿਹਾ। ਇਹ ਗੱਲ ਉਸ ਦੇ ਹਿੱਤ ਵਿਚ ਜਾਂਦੀ ਹੈ। ਇਕ ਗੱਲ ਖੁਲ੍ਹ ਕੇ ਆਖਣੀ ਚਾਹੀਦੀ ਹੈ। ਮੰਦੇ ਭਾਗਾਂ ਨੂੰ, ਅਜਿਹੀ ਵਿਆਖਿਆ ਨੇ ਤੱਥਾਂ ਨੂੰ ਰੱਦ ਕਰ ਦਿਤਾ ਹੈ, ਮੁੱਖ ਤੌਰ ਤੇ ਸਕੋਬੇਲੇਵ ਵਲੋਂ ਦਿੱਤੇ ਭਾਸ਼ਣ ਨੇ ਜੋ ਹਮੇਸ਼ਾ ਚਖੀਦਜ਼ੇ ਨਾਲ ਮਿਲ ਕੇ ਤੁਰਦਾ ਰਿਹਾ ਹੈ।

ਸਕੋਬੇਲੇਵ ਨੇ ਆਖਿਆ, ਜੇ ਉਪਰ ਵਰਣਤ ਵਸੀਲੇ ਉਤੇ ਇਤਬਾਰ ਕੀਤਾ ਜਾਵੇ, ਕਿ

"ਸੋਸ਼ਲ" (? ਪ੍ਰਤੱਖ ਤੌਰ ਤੇ ਸੋਸ਼ਲ-ਡੈਮੋਕਰੈਟਿਕ) ਗਰੁੱਪ ਤੇ ਮਜ਼ਦੂਰਾਂ ਦੀ ਆਰਜ਼ੀ ਸਰਕਾਰ ਦੇ ਮੰਤਵਾਂ ਨਾਲ ਕੇਵਲ ਨਾਂਮਾਤਰ ਹੀ ਸੰਬੰਧ ਹੈ, ਕਿ ਮਜ਼ਦੂਰ ਅਮਨ ਦੀ ਮੰਗ ਕਰ ਰਹੇ ਹਨ, ਅਤੇ ਕਿ ਜੇ ਜੰਗ ਜਾਰੀ ਰਹੀ ਤਾਂ ਬਹਾਰ ਵਿਚ ਤਬਾਹੀ ਆ ਜਾਂਵੇਗੀ, ਕਿ "ਮਜ਼ਦੂਰਾਂ ਨੇ ਸੁਸਾਇਟੀ (ਲਿਬਰਲ ਸੁਸਾਇਟੀ) ਨਾਲ ਇਕ ਆਰਜ਼ੀ ਸਮਝੌਤਾ ਕਰ ਲਿਆ ਹੈ, ਭਾਵੇਂ ਉਹਨਾਂ ਦੇ ਰਾਜਨੀਤਕ ਮੰਤਵ ਸੁਸਾਇਟੀ ਦੇ ਮੰਤਵਾਂ ਨਾਲੋਂ ਇਤਨੇ ਦੂਰ ਹਨ ਜਿਤਨਾ ਜੰਨਤ ਧਰਤੀ ਤੋਂ ਦੂਰ ਹੈ," ਕਿ "ਲਿਬਰਲਾਂ ਨੂੰ ਜੰਗ ਦੇ ਮੰਤਵਾਂ ਨੂੰ ਹਰ ਹਾਲਤ ਵਿਚ ਤੱਜ ਦੇਣਾ ਚਾਹੀਦਾ ਹੈ," ਆਦਿ।

ਇਹ ਭਾਸਣ ਉਸ ਗੱਲ ਦਾ ਇਕ ਨਮੂਨਾ ਹੈ ਜੋ ਅਸੀਂ ਪਹਿਲਾ **ਸੋਸ਼ਲ ਡੈਮੋਕਰੇਟ** ਤੇ ਟੂਕ ਵਿਚ ਆਖ ਚੁਕੇ ਹਾਂ ਕਿ ਇਹ ਬੁਰਜੂਆਜ਼ੀ ਤੇ ਪਰੋਲੇਤਾਰੀਆ ਵਿਚਾਲੇ "ਡਿਕੋਡੋਲੇ" ਖਾਂਦਾ ਹੈ। ਲਿਬਰਲ, ਲਿਬਰਲ ਰਹਿੰਦੇ ਹੋਏ, ਜੰਗ ਦੇ "ਫ਼ਜ਼ੂਲ" ਮੰਤਵਾਂ ਨੂੰ "ਤੱਜ" **ਨਹੀਂ ਸਕਦੇ,** ਜੋ ਸਬੱਬ ਨਾਲ, ਕੇਵਲ ਉਹਨਾਂ ਵਲੋਂ ਨਿਸ਼ਚਿਤ ਨਹੀਂ ਹਨ, ਸਗੋਂ ਅੰਗ-ਫਰਾਂਸੀਸੀ ਵਿਤੀ ਪੂੰਜੀ ਵਲੋਂ ਨਿਸ਼ਚਿਤ ਹਨ, ਜੋ ਇਕ ਸੰਸਾਰ ਸ਼ਕਤੀਵਾਦੀ ਤਾਕਤ ਹੈ, ਜਿਸ ਕੋਲ ਅਰਬਾਂ ਖਰਬਾਂ ਦਾ ਧਨ ਹੈ। ਕਾਰਜ ਲਿਬਰਲਾਂ ਨੂੰ ਪਰਚਾਉਣ ਦਾ ਨਹੀਂ, ਸਗੋਂ ਮਜ਼ਦੂਰਾਂ ਨੂੰ ਇਹ **ਵਿਆਖਿਆ** ਕਰਨ ਦਾ ਹੈ ਕਿ ਕਿਉਂ ਲਿਬਰਲ ਆਪਣੇ ਆਪ ਨੂੰ ਅੰਨ੍ਹੀ ਗਲੀ ਵਿਚ ਫਸਿਆ ਵੇਖ ਰਹੇ ਹਨ, ਕਿਉਂ ਉਹ ਉਹਨਾਂ ਦੋਹਾਂ ਸੰਧੀਆਂ ਨੂੰ ਜੋ ਜ਼ਾਰਸ਼ਾਹੀ ਨੇ ਇੰਗਲੈਂਡ ਤੇ ਹੋਰ ਦੇਸ਼ਾਂ ਨਾਲ ਕੀਤੀਆਂ ਹਨ ਤੇ ਉਹਨਾਂ ਸੌਦਿਆਂ ਨੂੰ ਲੁਕਾਅ ਰਹੇ ਹਨ ਜੋ ਰੂਸੀ ਤੇ ਅੰਗ-ਫਰਾਂਸੀਸੀ ਪੂੰਜੀ ਵਿਚਾਲੇ ਹੋਏ ਹਨ, ਇਤਿਆਦਿ।

ਜੇ ਸਕੋਬੇਲੇਵ ਕਹਿੰਦਾ ਹੈ ਕਿ ਮਜ਼ਦੂਰਾਂ ਨੇ ਲਿਬਰਲ ਸੁਸਾਇਟੀ ਨਾਲ ਸਮਝੌਤਾ, ਭਾਵੇਂ ਉਸ ਦਾ ਕੁਝ ਵੀ ਲੱਛਣ ਹੋਵੇ, ਕਰ ਲਿਆ ਹੈ, ਅਤੇ ਉਹ ਇਸ ਦੇ ਵਿਰੁੱਧ ਰੋਸ ਪਰਗਟ ਨਹੀਂ ਕਰਦਾ, ਡੂਮਾ ਦੇ ਮੰਚ ਤੋਂ ਇਹ ਵਿਆਖਿਆ ਨਹੀਂ ਕਰਦਾ ਕਿ ਮਜ਼ਦੂਰਾਂ ਲਈ ਉਹ ਕਿਤਨਾ ਹਾਨੀਕਾਰਕ ਹੈ, ਤਾਂ ਉਹ ਇਸ ਤਰ੍ਹਾਂ ਸਮਝੌਤੇ ਦੀ **ਪੁਸ਼ਟੀ** ਕਰਦਾ ਹੈ। ਅਤੇ ਐਨ ਇਹੋ ਗੱਲ ਹੈ ਜੋ ਉਸ ਨੂੰ ਨਹੀਂ ਕਰਨੀ ਚਾਹੀਦੀ।

ਸਕੋਬੇਲੇਵ ਦੀ ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ ਅਤੇ ਆਰਜ਼ੀ ਸਰਕਾਰ ਵਿਚਾਲੇ ਸਮਝੌਤੇ ਬਾਰੇ ਸਿੱਧੀ ਜਾਂ ਅਸਿੱਧੀ, ਪਰਤੱਖ ਜਾ ਲੁਕਵੀਂ ਪਰਵਾਨਗੀ ਬੁਰਜੂਆਜ਼ੀ ਵੱਲ ਝੁਕਦੀ ਹੈ। ਸਕੋਬੇਲੇਵ ਦਾ ਇਹ ਬਿਆਨ ਕਿ ਮਜ਼ਦੂਰ ਅਮਨ ਦੀ ਮੰਗ ਕਰ ਰਹੇ ਹਨ, ਕਿ ਉਹਨਾਂ ਦੇ ਉਦੇਸ਼ ਲਿਬਰਲਾਂ ਦੇ ਉਦੇਸ਼ਾਂ ਨਾਲੋਂ ਇਤਨੇ ਦੂਰ ਹਨ ਜਿੰਨਾ ਜੰਨਤ ਧਰਤੀ ਨਾਲੋਂ ਦੂਰ ਹੈ, ਸਕੋਬੇਲੇਵ ਵੀ ਪਰੋਲੇਤਾਰੀਆ ਵੱਲ ਝੁਕਦਾ ਹੈ।

ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ ਦੇ ਮੈਨੀਫੈਸਟੋ ਵਿਚ,-ਜੋ ਅਸੀਂ ਵਿਚਾਰ ਰਹੇ ਹਾਂ, ਦੂਜਾ ਵਿਚਾਰ ਨਿਰੋਲ ਪਰੋਲੇਤਾਰੀ, ਅਸਲੀ ਇਨਕਲਾਬੀ ਤੇ ਡੀਜ਼ਾਈਨ ਵਿਚ ਡੂੰਘੀ ਤਰ੍ਹਾਂ ਸਹੀ ਹੈ, ਭਾਵ ਇਕ "ਨਿਗਰਾਨ ਕਮੇਟੀ" ਸਥਾਪਤ ਕਰਨ ਦਾ ਵਿਚਾਰ (ਮੈਂ ਇਹ ਨਹੀਂ ਜਾਣਦਾ ਕਿ ਉਹੋ ਹੀ ਹੈ ਜੋ ਰੂਸੀ ਵਿਚ ਆਖਿਆ ਜਾਂਦਾ ਹੈ; ਮੈਂ ਫਰਾਂਸੀਸੀ ਵਿਚੋਂ ਅਨੁਵਾਦ ਕਰ ਰਿਹਾ ਹਾਂ), ਆਰਜ਼ੀ ਸਰਕਾਰ ਦੀ ਪਰੋਲੇਤਾਰੀ-ਸਿਪਾਹੀ ਵਲੋਂ ਨਿਗਰਾਨੀ ਕਰਨ ਦਾ ਵਿਚਾਰ।

ਹੁਣ, ਅਸਲ ਗੱਲ ਲਵੋ! ਇਹ ਗੱਲ ਮਜ਼ਦੂਰਾਂ ਦੀ ਰਿਣੀ ਹੈ ਜਿਨ੍ਹਾਂ ਨੇ ਆਜ਼ਾਦੀ, ਅਮਨ, ਰੋਟੀ ਲਈ ਲੋਕਾਂ ਵਾਸਤੇ ਲਹੂ ਵਹਾਇਆ ਹੈ; ਇਹ ਜ਼ਾਰਸ਼ਾਹੀ ਵਿਰੁੱਧ, ਇਕ ਪਾਤਸ਼ਾਹੀ ਦੇ ਵਿਰੁੱਧ ਅਤੇ ਪਾਤਸ਼ਾਹਵਾਦੀ ਗੁਚਕੋਵ, ਲਵੋਵ ਤੇ ਕੰਪਨੀ ਦੇ ਵਿਰੁੱਧ ਅਸਲੀ ਜ਼ਾਮਨੀਆਂ ਵੱਲ

**ਅਸਲੀ ਕਦਮ** ਹੈ। ਇਹ ਇਸ ਗੱਲ ਦਾ ਚਿੰਨ੍ਹ ਹੈ ਕਿ ਰੂਸੀ ਪਰੋਲੇਤਾਰੀਏ ਨੇ, ਹਰ ਗੱਲ ਦੇ ਬਾਵਜੂਦ, 1848 ਵਿਚ ਫਰਾਂਸੀਸੀ ਪਰੋਲੇਤਾਰੀਆ ਦੇ ਮੁਕਾਬਲੇ ਵਿਚ, ਜਦੋਂ ਇਸ ਨੇ ਲੂਈਸ ਬਲਾਂਕ ਨੂੰ "ਅਧਿਕਾਰ" ਪਰਦਾਨ ਕੀਤਾ ਹੈ, ਪ੍ਰਗਤੀ ਕੀਤੀ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਪਰੋਲੇਤਾਰੀ ਜਨਸਮੂਹਾਂ ਦੀ ਰੁੱਚੀ ਤੇ ਸੂਝ ਸੁਧਾਰਾਂ ਤੇ ਆਜ਼ਾਦੀ ਦੇ ਐਲਾਨਾਂ, ਬਿਆਨਾਂ ਤੇ ਇਕਰਾਰਾਂ ਨਾਲ, "ਮਜ਼ਦੂਰਾਂ ਵਲੋਂ ਅਧਿਕਾਰਤ ਮੰਤਰੀ" ਦੇ ਸਿਰਲੇਖ ਨਾਲ ਅਤੇ ਇਸੇ ਤਰ੍ਹਾਂ ਦੀ ਟੀਪ-ਟਾਪ ਨਾਲ ਸੰਤੁਸ਼ਟ ਨਹੀਂ ਹਨ, ਸਗੋਂ ਉਹ ਪਰੋਲੇਤਾਰੀਆ ਵਲੋਂ ਜਥੇਬੰਦ ਕੀਤੇ ਤੇ ਉਸ ਦੀ ਅਗਵਾਈ ਹੇਠਲੇ **ਹਥਿਆਰਬੰਦ** ਜਨਸਮੂਹਾਂ ਵਿਚ, ਜਮਾਤੀ ਤੌਰ ਤੇ ਸੁਚੇਤ ਮਜ਼ਦੂਰਾਂ ਵਿਚ ਜਿਥੇ ਕਿਸੇ ਵੱਲ ਵੀ ਹਮਾਇਤ ਵੇਖਦੇ ਹਨ, ਪਰਾਪਤ ਕਰ ਰਹੇ ਹਨ।

ਇਸ ਸਹੀ ਮਾਰਗ ਤੇ ਕਦਮ ਹੈ, ਪਰ **ਕੇਵਲ** ਪਹਿਲਾ ਕਦਮ।

ਜੇ ਇਹ "ਨਿਗਰਾਨ ਕਮੇਟੀ" ਇਕ ਨਿਰੋਲ ਰਾਜਨੀਤਕ ਪਰਕਾਰ ਦੀ ਪਾਰਲੀਮੈਂਟਰੀ ਸੰਸਥਾ ਰਹਿੰਦੀ ਹੈ, ਇਕ ਅਜਿਹੀ ਕਮੇਟੀ ਜੋ ਆਰਜ਼ੀ ਸਰਕਾਰ ਨੂੰ "ਸੁਆਲ ਪੁੱਛੇਗੀ" ਤੇ ਉਸ ਕੋਲੋਂ ਜਵਾਬ ਪਰਾਪਤ ਕਰੇਗੀ ਤਾਂ ਇਹ ਇਕ ਮਨਪਰਚਾਵੇ ਵਾਲੀ ਚੀਜ਼ ਰਹੇਗੀ, ਕਿਸੇ ਕੰਮ ਦੀ ਨਹੀਂ ਹੋਵੇਗੀ।

ਜੇ, ਦੂਜੇ ਪਾਸੇ, ਉਹ ਤੁਰੰਤ ਤੇ ਸਾਰੀਆਂ ਰੁਕਾਵਟਾਂ ਦੇ ਬਾਵਜੂਦ **ਮਜ਼ਦੂਰਾਂ ਦੇ ਮਲੀਸ਼ੀਆ ਦੀ** ਜਾਂ **ਮਜ਼ਦੂਰਾਂ ਦੇ ਹੋਮ ਗਾਰਡਾਂ** ਦੀ ਸਿਰਜਣਾ ਵੱਲ ਜਾਂਦੀ ਹੈ, ਜਿਸ ਵਿਚ ਸਾਰੇ ਲੋਕ, ਮਰਦ ਤੇ ਇਸਤਰੀਆਂ ਸਾਮਲ ਹੋਣ, ਜੋ ਨਾ ਕੇਵਲ ਤੋੜੀ ਗਈ ਤੇ ਖ਼ਤਮ ਕੀਤੀ ਗਈ ਪੁਲਸ ਦੀ ਥਾਂ ਲਵੇਗੀ, ਜੋ **ਕਿਸੇ** ਵੀ ਸਰਕਾਰ, ਸੰਵਿਧਾਨਕ ਪਾਤਸਾਹਵਾਦੀ ਜਾਂ ਜਨਵਾਦੀ-ਰੀਪਬਲਿਕਨ ਵਲੋਂ ਸੇਂਟ ਪੀਟਜ਼ਬਰਗ ਵਿਚ ਜਾਂ ਰੂਸ ਵਿਚ ਕਿਸੇ ਵੀ ਹੋਰ ਥਾਂ ਨਾ ਕੇਵਲ ਪੁਲਸ ਦੀ ਮੁੜ ਬਹਾਲੀ ਨੂੰ ਅਸੰਭਵ ਬਣਾਏਗੀ—ਤਾਂ ਹੀ ਰੂਸ ਦੇ ਅਗਾਂਹ ਵਧੂ ਮਜ਼ਦੂਰ ਅਸਲੀ ਤੇ ਆਮ ਸਫਲਤਾਵਾਂ ਵੱਲ ਜਾਂਦੇ ਰਾਹ ਤੇ ਜੰਗ ਫਤਿਹ ਦੇ ਰਾਹ ਤੇ ਉਸ ਨਾਅਰੇ ਦੀ ਪੂਰਤੀ ਵੱਲ ਜਾਂਦੇ ਰਾਹ ਉਤੇ ਸਹੀ ਅਰਥਾਂ ਵਿਚ ਤੁਰਨਗੇ, ਜਿਵੇਂ ਕਿ ਅਖਬਾਰਾਂ ਵਿਚ ਪਰਕਾਸ਼ਤ ਹੋਇਆ ਹੈ : ਉਹਨਾਂ ਘੋੜ ਸਵਾਰ ਫੌਜੀਆਂ ਦੀ ਪਾਲ ਨੂੰ, ਜਿਨ੍ਹਾਂ ਨੇ ਸੇਂਟ-ਪੀਟਰਜ਼ਬਰਗ ਵਿਚ ਸਟੇਟ ਡੂਮਾ ਤੋਂ ਬਾਹਰ ਚੌਕ ਵਿਚ ਮੁਜ਼ਾਹਰਾ ਕੀਤਾ ਹੈ, ਚਾਰ ਚੰਨ ਲਾਏ ਹਨ :

"ਸਾਰੇ ਦੇਸ਼ਾਂ ਵਿਚ ਸੋਸ਼ਲਿਸਟ ਰੀਪਬਲਕਾਂ ਜ਼ਿੰਦਾਬਾਦ !"

ਮਜ਼ਦੂਰਾਂ ਦੇ ਇਸ ਮਲੀਸ਼ੀਆ ਬਾਰੇ ਵਿਚਾਰ ਮੈਂ ਅਗਲੀ ਚਿੱਠੀ ਵਿਚ ਪਰਗਟ ਕਰਾਂਗਾ।

ਇਸ ਵਿਚ ਮੈਂ, ਇਕ ਪਾਸੇ ਉਹ ਦਰਸਾਉਣ ਦਾ ਯਤਨ ਕਰਾਂਗਾ ਕਿ ਸਮੁੱਚੇ ਲੋਕਾਂ ਨੂੰ ਅਪਣੀ ਵਲਗਣ ਵਿਚ ਲੈਣ ਵਾਲੇ ਅਤੇ ਮਜ਼ਦੂਰਾਂ ਦੀ ਅਗਵਾਈ ਹੇਠਲੇ ਮਲੀਸ਼ੀਆ ਦੀ ਸਿਰਜਣਾ ਸਮੇਂ ਦਾ ਸਹੀ ਨਾਅਰਾ ਹੈ, ਜੋ ਉਸ ਵਿਸ਼ੇਸ਼ ਅੰਤਰਕਾਲੀ ਘੜੀ ਦੇ ਦਾਅਪੇਚਕ ਕਾਰਜਾਂ ਦੇ ਅਨੁਕੂਲ ਹੈ ਜਿਸ ਵਿਚੋਂ ਰੂਸੀ ਇਨਕਲਾਬ (ਅਤੇ ਸੰਸਾਰ ਇਨਕਲਾਬ) ਲੰਘ ਰਿਹਾ ਹੈ; ਅਤੇ ਦੂਜੇ ਪਾਸੇ, ਸਫਲ ਹੋਣ ਲਈ ਇਸ ਮਲੀਸ਼ੀਆ ਨੂੰ, ਪਹਿਲੀ ਗੱਲ, ਸਾਰੇ ਲੋਕਾਂ ਨੂੰ ਅਪਣੀ ਅਪਣੀ ਵਲਗਣ ਵਿਚ ਲੈਣਾ ਚਾਹੀਦਾ ਹੈ, **ਵਿਸ਼ਵ ਵਿਆਪਕ** ਹੋਣ ਦੀ ਮਾਤਰਾ ਤਕ ਇਸ ਨੂੰ ਇਕ ਜਨਤਕ ਜਥੇਬੰਦੀ ਹੋਣਾ ਚਾਹੀਦਾ ਹੈ, ਮਰਦਾਂ ਤੇ ਇਸਤਰੀਆਂ ਦੀ **ਸਮੁੱਚੀ** ਨਰੋਈ ਵਸੋਂ ਨੂੰ ਅਪਣੀ ਵਲਗਣ ਵਿਚ ਲੈਣਾ ਚਾਹੀਦਾ ਹੈ; ਦੂਜੀ ਗੱਲ, ਇਸ ਨੂੰ ਨਾ ਕੇਵਲ ਨਿਰੋਲ ਪੁਲੀਸ ਨੂੰ,

ਸੇਰੀਂ ਆਮ ਰਾਜਕੀ ਕਾਰਜਾਂ ਨੂੰ ਫ਼ੌਜੀ ਕਾਰਜਾਂ ਨਾਲ ਅਤੇ ਸਮਾਜਕ ਪੈਦਾਵਾਰ ਤੇ ਵੰਡ ਦੇ ਕੰਟਰੋਲ ਨਾਲ ਜੋੜਨਾ ਚਾਹੀਦਾ ਹੈ।

ਐਨ. ਲੈਨਿਨ

ਜ਼ਿਊਰਿਖ਼, 22 (9) ਮਾਰਚ 1917

ਨੋਟ : ਮੈਂ ਅਪਣੀ ਪਿਛਲੀ ਚਿੱਠੀ ਉਤੇ ਮਾਰਚ 20 (7) ਪਾਉਣਾ ਭੁਲ ਗਿਆ ਹਾਂ।

ਪਹਿਲਾਂ 1924 ਵਿਚ
ਰਸਾਲਾ **ਬਾਲਸ਼ਵਿਕ** ਨੰਬਰ 3-4
ਵਿਚ ਪਰਕਾਸ਼ਤ ਹੋਈ।

## ਤੀਜੀ ਚਿੱਠੀ

### ਇਕ ਪਰੋਲੇਤਾਰੀ ਮਲੀਸ਼ੀਆ ਬਾਰੇ

ਚਖੀਦਜੇ ਦੇ ਡਾਵਾਂਡੋਲ ਦਾਅਪੇਚਾਂ ਬਾਰੇ ਜਿਹੜਾ ਸਿੱਟਾ ਮੈਂ ਕਲ੍ਹ ਕਢਿਆ ਸੀ ਉਸ ਦੀ 10 (23) ਮਾਰਚ ਨੂੰ ਦੋ ਦਸਤਾਵੇਜਾਂ ਰਾਹੀਂ ਪੂਰੀ ਤਸਦੀਕ ਹੋ ਗਈ ਹੈ। ਪਹਿਲੀ **ਫ਼ਰੈਂਕ-ਫੁਰਟਰ ਜ਼ੀਟੂੰਗ** ਵਿਚ ਸਟਾਕਹੋਮ ਤੋਂ ਪਰਕਾਸਤ ਹੋਈ ਤਾਰ ਰਾਹੀਂ ਭੇਜੀ ਰੀਪੋਰਟ ਹੈ ਜਿਸ ਵਿਚ ਸਾਡੀ ਪਾਰਟੀ, ਸੇਂਟ ਪੀਟਰਜਬਰਗ ਵਿਚ ਰੂਸੀ ਸੋਸਲ-ਡੈਮੋਕਰੈਟਿਕ ਲੇਬਰ ਪਾਰਟੀ ਦੇ ਮੈਨੀਫੈਸਟੋ ਵਿਚੋਂ ਟੂਕਾਂ ਸਾਮਲ ਹਨ। ਇਸ ਦਸਤਾਵੇਜ ਵਿਚ ਗੂਚਕੋਵ ਸਰਕਾਰ ਦੀ ਹਮਾਇਤ ਕਰਨ ਬਾਰੇ ਜਾਂ ਉਸ ਨੂੰ ਉਲਟਾਉਣ ਬਾਰੇ ਇਕ ਵੀ ਸਬਦ ਨਹੀਂ ਹੈ, ਮਜ਼ਦੂਰਾਂ ਤੇ ਸਿਪਾਹੀਆਂ ਨੂੰ ਮਜ਼ਦੂਰਾ ਦੇ ਡਿਪਟੀਆਂ ਦੀ ਸੋਵੀਅਤ ਦੁਆਲੇ ਜਥੇਬੰਦ ਹੋਣ ਦਾ, ਜ਼ਾਰਸਾਹੀ ਦੇ ਵਿਰੁਧ ਤੇ ਇਕ ਰੀਪਬਲਿਕ ਲਈ, ਅੱਠ ਘੰਟਿਆ ਦੀ ਦਿਹਾੜੀ ਲਈ, ਅਮੀਰਾਂ ਦੀਆਂ ਜਗੀਰਾਂ ਤੇ ਅਨਾਜ ਦੇ ਭੰਡਾਰਾਂ ਨੂੰ ਜਬਤ ਕਰਨ ਲਦੀ ਅਤੇ ਮੁੱਖ ਤੋਰ, ਲੁਟੇਰੀ ਜੰਗ ਨੂੰ ਖਤਮ ਕਰਨ ਲਈ ਲੜਾਨ ਵਾਸਤੇ ਪ੍ਰਤੀਨਿਧ ਚੁਣਨ ਦਾ ਸੱਦਾ ਦਿਤਾ ਗਿਆ ਹੈ। ਇਸ ਸਬੰਧ ਵਿਚ ਵਿਸੇਸ ਤੋਰ ਤੇ ਜ਼ਰੂਰੀ ਤੇ ਵਿਸ਼ੇਸ਼ ਤੋਰ ਤੇ ਤੁਰੰਤ ਸਾਡੀ ਕੇਂਦਰੀ ਕਮੇਟੀ ਦਾ ਦਤਈ ਤੋਰ ਤੇ ਸਹੀ ਇਹ ਵਿਚਾਰ ਹੈ ਕਿ ਸਾਰੇ **ਜੰਗ ਵਿਚ ਰੁੱਝੇ ਦੇਸ਼ਾਂ ਦੇ ਪਰੋਲੇਤਾਰੀਆਂ ਨਾਲ** ਅਮਨ ਸਬੰਧ ਹਰ ਹਾਲਤ ਵਿਚ ਸਥਾਪਤ ਕੀਤੇ ਜਾਣ।

ਬੁਰਜੂਆ ਸਰਕਾਰਾਂ ਵਿਚਾਲੇ ਗੱਲਾਬਾਤਾਂ ਤੇ ਸਬੰਧਾਂ ਤੋਂ ਅਮਨ ਦੀ ਆਸ ਕਰਨੀ ਆਪਣੇ ਆਪ ਨੂੰ ਤੇ ਲੋਕਾਂ ਨੂੰ ਧੋਖਾ ਦੇਣ ਵਾਲੀ ਗੱਲ ਹੋਵੇਗੀ।

ਦੂਜੀ ਦਸਤਾਵੇਜ਼ ਸਟਾਕਹੋਮ ਦੀ ਰੀਪੋਰਟ ਹੈ। ਇਹ ਵੀ ਤਾਰ ਰਾਹੀਂ ਇਕ ਹੋਰ ਜਰਮਨ ਅਖਬਾਰ (**ਫੋਸੀਸ਼ੇ ਜ਼ੀਟੂੰਗ**) ਨੂੰ ਭੇਜੀ ਗਈ ਹੈ ਜੋ ਡੂਮਾ ਵਿਚ ਚਖੀਦਜ਼ੇ ਗਰੁਪ, ਮਜ਼ਦੂਰਾਂ ਦੇ ਗਰੁਪ (? ਆਰਬੀਟਰਫਰੈਕਸ਼ਨ) ਅਤੇ ਪੰਦਰਾਂ ਮਜਦੂਰ ਯੂਨੀਅਨਾ ਦੇ ਪ੍ਰਤੀਨਿਧਾਂ ਵਿਚਾਲੇ 2(15) ਮਾਰਚ ਨੂੰ ਹੋਈ ਕਾਨਫਰੰਸ ਬਾਰੇ ਹੈ ਅਤੇ ਅਗਲੇ ਦਿਨ ਪਰਕਾਸ਼ਤ ਹੋਇਆ ਇਕ ਮੈਨੀ-ਫੈਸਟੋ ਹੈ। ਇਸ ਮੈਨੀਫੈਸਟੋ ਦੇ 11 ਨੁਕਤਿਆਂ ਵਿਚੋਂ ਤਾਰ ਕੇਵਲ ਤਿੰਨਾਂ ਦੀ ਸੂਚਨਾ ਦੇਂਦੀ ਹੈ; ਪਹਿਲਾ, ਇਕ ਰੀਪਬਲਿਕ ਲਈ ਮੰਗ ; ਸਭਨਾਂ, ਅਮਨ ਤੇ ਅਮਨ ਸਬੰਧੀ ਤੁਰੰਤ ਗੱਲਾਂਬਾਤਾ ਲਈ ਮੰਗ; ਅਤੇ ਤੀਜਾ, "ਸਰਕਾਰ ਵਿਚ ਰੂਸੀ ਮਜ਼ਦੂਰ ਜਮਾਤ ਦੇ ਪ੍ਰਤੀਨਿਧਾਂ ਦੀ **ਢੁੱਕਵੀਂ ਸ਼ਮੂਲੀਅਤ**" ਲਈ ਮੰਗ।

ਜੇ ਇਹ ਨੁਕਤਾ ਸਹੀ ਤੌਰ ਤੇ ਰੀਪੋਰਟ ਕੀਤਾ ਗਿਆ ਹੈ ਤਾਂ ਮੈਂ ਸਮਝ ਸਕਦਾ ਹਾਂ ਬੁਰ-ਜੁਆਜ਼ੀ ਚਖੀਦਜ਼ੇ ਦੀ ਉਸਤਤ ਕਿਉਂ ਕਰ ਰਹੀ ਹੈ। ਮੈਂ ਸਮਝ ਸਕਦਾ ਹਾਂ ਕਿ 'ਦੀ ਟਾਈਮਜ਼' ਵਿਚ ਅੰਗਰੇਜ਼ ਗੁਚਕੋਵਵਾਦੀਆਂ ਦੀ ਉਸਤਤ ਕਿਉਂ ਕੀਤੀ ਗਈ ਹੈ ਜਿਸ ਵਿਚ ਫਰਾਂਸੀਸੀ ਗੁਚਕੋਵਵਾਦੀਆਂ ਵਲੋਂ **ਲੇ ਟੈਂਪਸ** ਵਿਚ ਕੀਤੀ ਵਾਹਵਾ ਉਸਤਤ ਜਿਸ ਦਾ ਹਵਾਲਾ ਮੈਂ ਕਿਸੇ ਹੋਰ ਥਾਂ ਕਰ ਦਿਤਾ ਹੈ। ਫਰਾਂਸੀਸੀ ਕਰੋੜਪਤੀਆਂ ਤੇ ਸਾਮਰਾਜੀਆਂ ਦਾ ਇਹ ਅਖਬਾਰ 22 ਮਾਰਚ ਨੂੰ ਲਿਖਦਾ ਹੈ : "ਮਜ਼ਦੂਰ ਪਾਰਟੀਆਂ ਦੇ ਆਗੂ, ਵਿਸ਼ੇਸ਼ ਤੌਰ ਤੇ ਚਖੀਦਜ਼ੇ, ਕਿਰਤੀ ਜਮਾਤਾਂ ਦੀਆਂ ਇੱਛਾਵਾਂ ਨੂੰ ਨਰਮ ਬਨਾਉਣ ਲਈ ਆਪਣਾ ਪਰਭਾਵ ਪਾ ਰਹੇ ਹਨ।"

ਨਿਰਸੰਦੇਹ, ਗੁਚਕੋਵ-ਮਿਲੀਓਕੋਵ ਦੀ ਸਰਕਾਰ ਵਿਚ "ਸ਼ਮੂਲੀਅਤ" ਦੀ ਮੰਗ ਕਰਨਾ ਇਕ ਸਿਧਾਂਤਕ ਤੇ ਰਾਜਨੀਤਕ ਬੇਹੂਦਗੀ ਹੈ। ਇਕ ਘੱਟਗਿਣਤੀ ਵਜੋਂ ਸ਼ਮੂਲੀਅਤ ਦਾ ਅਰਥ ਇਕ ਮੋਹਰੇ ਵਾਂਗ ਕਰਨਾ ਹੋਵੇਗਾ; ਇਕ "ਸਮਾਨ ਅਧਾਰ" ਤੇ ਸ਼ਮੂਲੀਅਤ ਅਸੰਭਵ ਹੈ, ਕਿਉਂ ਜੋ ਜੰਗ ਨੂੰ ਜਾਰੀ ਰਖਣ ਦੀ ਮੰਗ ਇਕ ਜੰਗਬੰਦੀ ਕਰਨ ਤੇ ਅਮਨ ਬਾਰੇ ਗੱਲਬਾਤਾਂ ਆਰੰਭ ਕਰਨ ਦੀ ਮੰਗ ਨਾਲ ਮੇਲ ਨਹੀਂ ਖਾ ਸਕਦੀ; ਬਹੁਗਿਣਤੀ ਵਜੋਂ ਸ਼ਮੂਲੀਅਤ ਗੁਚਕੋਵ-ਮਿਲੀਓ-ਕੋਵ ਸਰਕਾਰ ਨੂੰ **ਉਲਟਾਉਣ** ਲਈ ਤਾਕਤ ਦੀ ਮੰਗ ਕਰਦੀ ਹੈ। ਅਮਲ ਵਿਚ, "ਸ਼ਮੂਲੀਅਤ" ਦੀ ਮੰਗ ਲੂਈਸ ਬਲਾਂਕ-ਵਾਦ ਦਾ ਅਤਿ ਘਟੀਆ ਨਮੂਨਾ ਹੈ, ਭਾਵ ਜਮਾਤੀ ਜਦੋਜਹਿਦ ਅਤੇ ਉਹਨਾਂ ਹਾਲਤਾਂ ਵਲੋਂ ਅਣਗਹਿਲੀ ਜਿਨ੍ਹਾਂ ਅਧੀਨ ਇਹ ਲੜੀ ਜਾ ਰਹੀ ਹੈ, ਅਤਿ ਖੋਖਲੀ ਟੂਕ ਨਾਲ ਪਿਆਰ, ਮਜ਼ਦੂਰਾਂ ਵਿਚਾਲੇ ਭੁਲੇਖਿਆਂ ਦਾ ਪਸਾਰ, ਮਿਲੀਓਕੋਵ ਜਾਂ ਕੇਰੈਨਸਕੀ ਨਾਲ ਗੱਲਾਂਬਾਤਾਂ ਵਿਚ ਉਸ **ਕੀਮਤੀ** ਸਮੇਂ ਦਾ ਨੁਕਸਾਨ ਜਿਸ ਨੂੰ ਇਕ ਅਸਲੀ ਜਮਾਤੀ ਤੇ ਇਨਕਲਾਬੀ ਸ਼ਕਤੀ ਪੈਦਾ ਕਰਨ ਲਈ, ਇਕ ਪਰੋਲੇਤਾਰੀ ਮਲੀਸ਼ੀਆ ਸਿਰਜਣ ਲਈ ਵਰਤਿਆ ਜਾਣਾ ਚਾਹੀਦਾ ਹੈ ਜਿਸ ਨੂੰ ਵਸੋਂ ਦੇ ਸਾਰੇ ਗਰੀਬ ਤਬਕੇ ਦਾ **ਵਿਸ਼ਵਾਸ** ਪਰਾਪਤ ਹੋਵੇਗਾ, ਅਤੇ ਉਹ ਵਿਸ਼ਾਲ ਬਹੁਗਿਣਤੀ ਸਿਰਜਦੇ ਹਨ, ਅਤੇ ਉਹਨਾਂ ਨੂੰ ਜਥੇਬੰਦ ਕਰਨ ਵਿਚ ਉਹਨਾਂ ਦੀ ਮੱਦਦ ਕਰਨਗੇ, ਰੋਟੀ, ਅਮਨ ਤੇ ਆਜ਼ਾਦੀ ਲਈ ਲੜਾਈ ਵਿਚ ਮਦਦ ਕਰਨਗੇ।

ਚਖੀਦਜ਼ੇ ਅਤੇ ਉਸ ਦੇ ਗਰੁੱਪ ਵਲੋਂ (ਮੈਂ ਓ. ਸੀ, ਜਥੇਬੰਦਕ ਕਮੇਟੀ, ਪਾਰਟੀ ਬਾਰੇ ਗੱਲ ਨਹੀਂ ਕਰ ਰਿਹਾ ਹਾਂ, ਕਿਉਂ ਜੋ ਮੈਨੂੰ ਪਰਾਪਤ ਵਸੀਲਿਆਂ ਵਿਚ ਓ. ਸੀ. ਬਾਰੇ ਇਕ ਵੀ ਸ਼ਬਦ ਨਹੀਂ ਹੈ) ਜਾਰੀ ਕੀਤੇ ਗਏ ਮੈਨੀਫੈਸਟੋ ਵਿਚ ਇਹ ਗਲਤੀ ਇਹ ਸੋਚਦਿਆਂ ਬਹੁਤ ਹੀ ਅਜੀਬ ਹੈ ਕਿ 2(15) ਮਾਰਚ ਦੀ ਕਾਨਫਰੰਸ ਵਿਚ, ਚਖੀਦਜ਼ੇ ਦੇ ਅਤਿ ਨੇੜਲਾ ਸਹਿਯੋਗੀ ਸਕੋਬੇਲੇਵ ਨੇ, ਅਖਬਾਰਾਂ ਅਨੁਸਾਰ ਆਖਿਆ : "ਰੂਸ ਦੂਜੇ, ਅਸਲੀ ਇਨਕਲਾਬ ਦੀਆਂ ਬਰੂਹਾਂ ਤੇ ਹੈ।"

ਹੁਣ ਉਹ ਸਚਾਈ ਕੀ ਹੈ, ਜਿਸ ਤੋਂ ਸਕੋਬੇਲੇਵ ਤੇ ਚਖੀਦਜ਼ੇ ਅਮਲੀ ਸਿੱਟੇ ਕੱਢਣਾ ਭੁਲ ਗਏ ਹਨ। ਮੈਂ ਇਥੇ ਇਤਨੀ ਦੂਰ ਬੈਠਾ ਇਹ ਅਨੁਮਾਨ ਨਹੀਂ ਲਾ ਸਕਦਾ ਕਿ ਇਹ ਦੂਜਾ ਇਨਕਲਾਬ ਕਿਤਨਾ ਨੇੜੇ ਹੈ। ਐਨ ਮੌਕੇ ਤੇ ਹੋਣ ਕਰਕੇ ਸਕੋਬੇਲੇਵ ਹਾਲਤ ਨੂੰ ਚੰਗੀ ਤਰ੍ਹਾਂ ਵੇਖ ਸਕਦਾ ਹੈ। ਇਸ ਲਈ, ਮੈਂ ਆਪਣੇ ਲਈ ਸਮੱਸਿਆਵਾਂ ਨਹੀਂ ਉਠਾ ਰਿਹਾ, ਜਿਨ੍ਹਾਂ ਦੇ ਹੱਲ ਲਈ ਮੇਰੇ ਕੋਲ ਹੋਰ ਵੇਰਵਾ ਨਹੀਂ ਹੈ ਤੇ ਨਾ ਹੋ ਸਕਦਾ ਹੈ। ਮੈਂ ਮਹਿਜ਼ ਸਕੋਬੇਲੇਵ, ਇਕੋ "ਬਾਹਰਲੇ ਗੁਆਹ", ਭਾਵ ਇਕ ਅਜਿਹਾ ਵਿਅਕਤੀ, ਜੋ ਮੇਰੀ ਪਾਰਟੀ ਵਿਚ ਨਹੀਂ ਹੈ, ਵਲੋਂ ਉਸ ਅਸਲੀ ਸਿੱਟੇ ਦੀ ਪੁਸ਼ਟੀ ਉਤੇ ਜ਼ੋਰ ਦੇ ਰਿਹਾ ਹਾਂ ਜੋ ਮੈਂ ਆਪਣੀ ਪਹਿਲੀ ਚਿੱਠੀ ਵਿਚ ਕੱਢਿਆ ਸੀ; ਭਾਵ ਕਿ ਫਰਵਰੀ-ਮਾਰਚ ਇਨਕਲਾਬ ਦਾ ਮਹਿਜ਼ ਪਹਿਲਾ ਪੜਾਅ ਸੀ। ਰੂਸ ਇਨਕਲਾਬ ਦੇ ਅਗਲੇ ਪੜਾਅ ਵਲ, ਜਾਂ ਸਕੋਬੇਲੇਵ ਦੇ ਵਿਚਾਰ ਅਨੁਸਾਰ, ਇਕ "ਦੂਜੇ ਇਨਕਲਾਬ" ਵੱਲ

ਅੰਤਰਕਾਲੀ ਵਲਿੱਖਣ ਇਤਿਹਾਸਕ ਘੜੀ ਵਿਚੋਂ ਗੁਜ਼ਰ ਰਿਹਾ ਹੈ।

ਜੇ ਅਸੀਂ ਮਾਰਕਸਵਾਦੀ ਬਣਨਾ ਚਾਹੁੰਦੇ ਹਾਂ ਅਤੇ ਸਮੁੱਚੇ ਸੰਸਾਰ ਵਿਚ ਇਨਕਲਾਬ ਦੇ ਤਜਰਬੇ ਤੋਂ ਸਿੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਇਹ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਇਹ ਅੰਤਰਕਾਲੀਨ ਘੜੀ **ਵਲਿੱਖਣਤਾ** ਕਿਸ ਗੱਲ ਵਿਚ ਸਥਿਤ ਹੈ ਅਤੇ ਇਸ ਦੇ ਬਾਹਰਮੁਖੀ ਵਿਸ਼ੇਸ਼ ਲੱਛਣਾ ਤੋਂ ਕਿਹੜੇ ਦਾਅਪੇਚ ਨਿਕਲਦੇ ਹਨ।

ਸਥਿਤੀ ਦੀ ਵਲਿੱਖਣਤਾ ਇਸ ਗੱਲ ਵਿਚ ਸਥਿਤ ਹੈ ਕਿ ਗੂਚਕੋਵ-ਮਿਲੀਉਕੋਵ ਸਰਕਾਰ ਨੇ ਹੇਠਲੀਆਂ ਤਿੰਨ ਮੁੱਖ ਹਾਲਤਾਂ ਕਾਰਨ ਵਿਸ਼ੇਸ਼ ਆਸਾਨੀ ਨਾਲ ਪਹਿਲੀ ਜਿੱਤ ਪਰਾਪਤ ਕਰ ਲਈ : (1) ਅੰਗ-ਫਰਾਂਸੀਸੀ ਵਿੱਤੀ ਪੂੰਜੀ ਤੇ ਇਸ ਦੇ ਏਜੰਟਾਂ ਤੋਂ ਸਹਾਇਤਾ; (2) ਫ਼ੌਜ ਦੇ ਸਿਖਰਲੇ ਅਫਸਰਾਂ ਦੇ ਇਕ ਭਾਗ ਤੋਂ ਸਹਾਇਤਾ; (3) ਸਮੁੱਚੀ ਰੂਸੀ ਬੁਰਜੁਆਜ਼ੀ ਦੀ ਜ਼ੇਮਸਤਵੋ ਤੇ ਸ਼ਹਿਰੀ ਸਥਾਪਨਕ ਸਰਕਾਰੀ ਸੰਸਥਾਵਾਂ, ਸਟੇਟ ਡੂਮਾ, ਜੰਗੀ ਸਨਅਤੀ ਕਮੇਟੀਆਂ ਦੇ ਰੂਪ ਵਿਚ ਪਹਿਲਾਂ ਹੀ ਮੌਜੂਦ ਜਥੇਬੰਦੀ।

ਗੂਚਕੋਵ ਸਰਕਾਰ ਇਕ ਸੰਨ੍ਹੀ ਵਿਚ ਜਕੜੀ ਹੋਈ ਹੈ : ਪੂੰਜੀ ਦੇ ਹਿੱਤਾਂ ਰਾਹੀਂ ਜਕੜੀ ਹੋਈ। ਇਹ ਸਿਕ ਲੋਟੂ, ਡਾਕੂਆਂ ਵਾਲੀ ਜੰਗ ਨੂੰ ਜਾਰੀ ਰੱਖਣ ਤੇ ਪੂੰਜੀ ਤੇ ਜਗੀਰਦਾਰਾਂ ਦੇ ਅਥਾਹ ਭਾਰੀ ਮੁਨਾਫ਼ਿਆਂ ਦੀ ਹਿਫ਼ਾਜ਼ਤ ਕਰਨ ਲਈ, ਪਾਤਸ਼ਾਹੀ ਨੂੰ ਬਹਾਲ ਕਰਨ ਲਈ ਜਤਨ ਕਰਨ ਤੇ ਮਜਬੂਰ ਹੈ। ਅਪਣੇ ਇਨਕਲਾਬੀ ਅਰੰਭ ਰਾਹੀਂ ਅਤੇ ਜ਼ਾਰਸ਼ਾਹੀ ਤੋਂ ਜਨਵਾਦ ਵੱਲ ਇਕ ਅਚਨਚੇਤ ਤਬਦੀਲੀ ਲਈ ਜ਼ਰੂਰਤ ਰਾਹੀਂ ਬੱਝੀ ਹੋਈ, ਰੋਟੀਓਂ ਭੁੱਖੇ ਤੇ ਅਮਨ ਲਈ ਭੁੱਖੇ ਜਨਸਮੂਹਾਂ ਦੇ ਦਬਾਅ ਹੇਠ ਆਈ ਸਰਕਾਰ ਝੁਕਣ ਤੇ ਪਲਸੇਟੇ ਮਾਰਨ ਤੇ, ਜਿਤਨਾ ਸੰਭਵ ਹੈ ਤੇ ਜਿੰਨਾ ਕਰਨਾ ਸੰਭਵ ਹੈ ਉਸ ਬਾਰੇ "ਐਲਾਨ" ਕਰਨ ਅਤੇ ਇਕਰਾਰ ਕਰਨ ਤੇ (ਇਕਰਾਰ ਹੀ ਅਜਿਹੀਆਂ ਵਸਤਾਂ ਹਨ ਜੋ ਅਸਮਾਨੇ ਚੜ੍ਹੀਆਂ ਕੀਮਤਾਂ ਦੇ ਸਮੇਂ ਵੀ ਸਸਤੀਆਂ ਹੁੰਦੀਆਂ ਹਨ), ਇਕ ਹੱਥ ਨਾਲ ਰਿਆਇਤਾਂ ਦੇਣ ਤੇ ਦੂਜੇ ਹੱਥ ਨਾਲ ਉਹਨਾਂ ਨੂੰ ਵਾਪਸ ਲੈਣ ਤੇ ਮਜਬੂਰ ਹੋ ਗਈ ਹੈ।

ਕੁਝ ਹਾਲਤਾਂ ਅਧੀਨ ਨਵੀਂ ਸਰਕਾਰ ਸਮੁੱਚੀ ਰੂਸੀ ਬੁਰਜੁਆਜ਼ੀ ਅਤੇ ਬੁਰਜੂਆ ਬੁੱਧੀਜੀਵੀ ਵਰਗ ਦੀ ਸਾਰੀ ਜਥੇਬੰਦਕ ਯੋਗਤਾ ਵੱਲ ਝੁਕ ਕੇ ਆਪਣੇ ਢਹਿ-ਢੇਰੀ ਹੋਣ ਨੂੰ ਚੰਗੀ ਤਰ੍ਹਾਂ ਅਗਾਂਹ ਪਾ ਸਕਦੀ ਹੈ। ਪਰ ਇਸ ਹਾਲਤ ਵਿਚ ਵੀ ਇਹ ਆਪਣੇ ਢਹਿ ਢੇਰੀ ਹੋਣ ਨੂੰ ਟਾਲਣ ਦੇ ਅਯੋਗ ਹੈ, ਕਿਉਂ ਜੋ ਸਾਮਰਾਜੀ ਜੰਗ ਅਤੇ ਸੰਸਾਰ ਪੂੰਜੀਵਾਦ ਵਲੋਂ ਪਾਲੇ ਪੋਸੇ ਕਾਲ ਦੇ ਭਿਆਨਕ ਦਿਓ ਦੇ ਪੰਜਿਆਂ ਤੋਂ ਉਹਨਾਂ ਚਿਰ ਬਚਣਾ **ਅਸੰਭਵ** ਹੈ ਜਦੋਂ ਤਕ ਬੁਰਜੂਆ ਸਬੰਧਾਂ ਨੂੰ ਤੋੜਿਆ ਨਹੀਂ ਜਾਂਦਾ, ਇਨਕਲਾਬੀ ਕਦਮ ਨਹੀਂ ਅਪਣਾਏ ਜਾਂਦੇ, ਰੂਸੀ ਤੇ ਸੰਸਾਰ ਪਰੋਲੇਤਰੀਆ ਦੋਹਾਂ ਦੀ ਉਚਤਮ ਇਤਿਹਾਸਕ ਸੂਰਮਗਤੀ ਨੂੰ ਅਪੀਲ ਨਹੀਂ ਕੀਤੀ ਜਾਂਦੀ।

ਸੋ ਸਿੱਟਾ ਇਹ ਨਿਕਲਦਾ ਹੈ : ਅਸੀਂ ਨਵੀਂ ਸਰਕਾਰ ਨੂੰ ਇਕੋ ਸੱਟ ਨਾਲ ਉਲਟਾ ਨਹੀਂ ਸਕਦੇ, ਜਾਂ ਜੇ ਅਸੀਂ ਉਲਟਾ ਸਕਦੇ ਹਾਂ (ਇਨਕਲਾਬੀ ਸਮਿਆ ਵਿਚ, ਜੋ ਸੰਭਵ ਹੈ ਹੱਦਾਂ ਹਜ਼ਾਰ ਗੁਣਾਂ ਵਧ ਜਾਂਦੀਆਂ ਹਨ) ਅਸੀਂ ਸੱਤਾ ਬਹਾਲ ਰੱਖਣ ਦੇ ਯੋਗ ਨਹੀਂ ਹੋਵਾਂਗੇ **ਜਦੋਂ ਤਕ** ਅਸੀਂ ਸਮੁੱਚੀ ਰੂਸੀ ਬੁਰਜੁਆਜ਼ੀ ਤੇ ਸਮੁੱਚੇ ਬੁੱਧੀਜੀਵੀ ਵਰਗ ਦੀ ਸ਼ਾਨਦਾਰ ਜਥੇਬੰਦੀ ਦਾ **ਪਰੋਲੇਤਾਰੀਆ ਦੀ ਉਤਨੀ ਹੀ ਸ਼ਾਨਦਾਰ ਜਥੇਬੰਦੀ** ਨਾਲ ਟਾਕਰਾ ਨਹੀਂ ਕਰਦੇ, ਜਿਹੜੀ ਪਰੋਲੇਤਾਰੀਆ ਸ਼ਹਿਰੀ ਤੇ ਪੇਂਡੂ ਗਰੀਬਾਂ ਦੇ ਸਮੁੱਚੇ ਵਿਸ਼ਾਲ ਸਮੂਹ ਦੀ, ਅਰਧ ਪਰੋਲੇਤਾਰੀਆ ਤੇ ਛੋਟੇ ਮਾਲਕਾਂ ਦੀ ਆਗੂ ਹੋਵੇ।

**ਇਸ ਗੱਲ ਦੇ ਬਾਵਜੂਦ ਕਿ ਭਾਵੇਂ "ਦੂਜਾ ਇਨਕਲਾਬ" ਸੇਂਟ ਪੀਟਰਜ਼ਬਰਗ ਵਿਚ ਅਰੰਭ ਹੋ ਚੁਕਿਆ ਹੈ (ਮੈਂ ਆਖਿਆ ਹੈ ਕਿ ਇਹ ਸੋਚਣਾ ਬਿਲਕੁਲ ਬੇਹੂਦਗੀ ਹੈ ਕਿ ਜੋ ਕੁਝ ਪੱਕ ਰਿਹਾ ਹੈ ਉਸ ਦੇ ਅਸਲ ਉਭਾਰ ਬਾਰੇ ਦੇਸ਼ੋਂ ਬਾਹਰ ਬੈਠਿਆਂ ਨਿਰਣਾ ਕਰਨਾ ਸੰਭਵ ਹੈ) ਚਾਹੇ ਉਹ ਕੁਝ ਸਮੇਂ ਲਈ ਅਗਾਂਹ ਪਾ ਦਿੱਤਾ ਗਿਆ ਹੈ। ਜਾਂ ਭਾਵੇਂ ਇਹ ਵਿਅਕਤੀਗਤ ਖੇਤਰਾਂ ਵਿਚ ਇਹ ਅਰੰਭ ਹੋ ਚੁਕਿਆ ਹੈ (ਜਿਸ ਬਾਰੇ ਕੁਝ ਸੰਕੇਤ ਪਰਤੱਖ ਹਨ) ਕਿਸੇ ਵੀ ਹਾਲਤ ਵਿਚ** ਨਵੇਂ ਇਨਕਲਾਬ ਤੋਂ ਐਨ ਪਹਿਲਾਂ ਦੀ ਘੜੀ ਦਾ, ਇਸ ਦੇ ਦੌਰਾਨ ਅਤੇ ਇਸ ਦੀ ਸਵੇਰ ਦਾ ਨਾਅਰਾ **ਪਰੋਲੇਤਾਰੀ ਜਥੇਬੰਦੀ** ਹੋਣਾ ਚਾਹੀਦਾ ਹੈ।

ਸਾਥੀ ਮਜਦੂਰੋ ! ਤੁਸਾਂ ਕਲ੍ਹ ਜ਼ਾਰਸ਼ਾਹੀ ਇਕ-ਪੁਰਖੀ ਰਾਜ ਨੂੰ ਉਲਟਾ ਕੇ ਪਰੋਲੇਤਾਰੀ ਸੂਰਮਗਤੀ ਦਾ ਚਮਤਕਾਰ ਵਿਖਾਇਆ ਹੈ। ਵੱਧ ਜਾਂ ਘੱਟ ਨੇੜਲੇ ਭਵਿੱਖ ਵਿਚ (ਸ਼ਾਇਦ ਹੁਣੇ ਹੀ, ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ) ਤੁਹਾਨੂੰ ਜਗੀਰਦਾਰਾਂ ਤੇ ਪੂੰਜੀਪਤੀਆਂ ਦੀ ਹਕੂਮਤ ਨੂੰ ਉਲਟਾ ਕੇ ਸੂਰਮਗਤੀ ਦਾ ਉਹੋ ਚਮਤਕਾਰ ਮੁੜ ਕੇ ਵਿਖਾਉਣਾ ਪਵੇਗਾ, ਜਿਹੜੇ ਜਗੀਰਦਾਰ ਤੇ ਪੂੰਜੀਪਤੀ ਸਾਮਰਾਜੀ ਜੰਗ ਕਰ ਰਹੇ ਹਨ। ਤੁਸੀਂ ਇਸ ਅਗਲੇ "ਅਸਲੀ" ਇਨਕਲਾਬ ਵਿਚ **ਪਾਇਦਾਰ** ਜਿੱਤ ਪਰਾਪਤ ਨਹੀਂ ਕਰੋਗੇ ਜੇ ਤੁਸੀਂ **ਪਰੋਲੇਤਾਰੀ ਜਥੇਬੰਦੀ ਦਾ ਚਮਤਕਾਰ** ਨਹੀਂ ਵਿਖਾਉਂਦੇ !

ਇਸ ਘੜੀ ਦਾ ਨਾਅਰਾ ਜਥੇਬੰਦੀ ਹੈ। ਪਰ ਇਸ ਨੂੰ ਨਾਅਰੇ ਤਕ ਸੀਮਤ ਰੱਖਣਾ ਨਾ ਹੋਣ ਦੇ ਬਰਾਬਰ ਹੈ, ਕਿਉਂ ਜੋ ਇਕ ਪਾਸੇ ਜਥੇਬੰਦੀ **ਹਰ ਸਮੇਂ** ਲੋੜੀਂਦੀ ਹੈ; ਸੋ, "ਜਨਸਮੂਹ ਨੂੰ ਜਥੇਬੰਦ ਕਰਨ" ਦੀ ਜ਼ਰੂਰਤ ਦਾ ਮਹਿਜ ਹਵਾਲਾ ਕਤੱਈ ਤੌਰ ਤੇ ਕਿਸੇ ਗੱਲ ਦੀ ਵਿਆਖਿਆ ਨਹੀਂ ਕਰਦਾ। ਦੂਜੇ ਪਾਸੇ ਉਹ ਜਿਹੜਾ ਅਪਣੇ ਆਪ ਨੂੰ ਕੇਵਲ ਇਥੋਂ ਤਕ ਸੀਮਤ ਰਖਦਾ ਹੈ ਲਿਬਰਲਾਂ ਦਾ ਮੱਦਦਗਾਰ ਬਣ ਜਾਂਦਾ ਹੈ, ਕਿਉਂ ਜੋ ਲਿਬਰਲ ਅਪਣੇ ਰਾਜ ਨੂੰ ਮਜ਼ਬੂਤ ਬਨਾਉਣ ਲਈ ਇਹ ਚਾਹੁੰਦੇ ਹਨ ਕਿ ਮਜਦੂਰਾਂ ਨੂੰ ਆਪਣੀ ਸਧਾਰਨ "ਕਾਨੂੰਨੀ" ("ਆਮ" ਬੁਰਜੂਆ ਸੁਸਾਇਟੀ ਦੇ ਦ੍ਰਿਸ਼ਟੀਕੋਣ ਤੋਂ) ਜਥੇਬੰਦੀਆਂ ਤੋਂ **ਪਰ੍ਹਾਂ ਨਹੀਂ ਜਾਣਾ ਚਾਹੀਦਾ**, ਭਾਵ, ਕਿ ਉਹਨਾਂ ਨੂੰ ਕੇਵਲ ਆਪਣੀ ਪਾਰਟੀ ਵਿਚ, ਆਪਣੀ ਟਰੇਡ ਯੂਨੀਅਨ ਵਿਚ, ਆਪਣੀ ਸਹਿਕਾਰੀ ਸੁਸਾਇਟੀ ਆਦਿ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਅ ਪਣੀ ਜਮਾਤੀ ਰੁਚੀ ਤੋਂ ਅਗਵਾਈ ਲੈਂਦਿਆਂ ਮਜ਼ਦੂਰਾਂ ਨੇ ਇਹ ਮਹਿਸੂਸ ਕਰ ਲਿਆ ਹੈ ਕਿ ਇਨਕਲਾਬੀ ਸਮਿਆਂ ਵਿਚ ਉਹਨਾਂ ਨੂੰ **ਨਾ ਕੇਵਲ ਸਾਧਾਰਨ** ਸਗੋਂ ਇਕ ਉੱਕਾ ਹੀ ਵੱਖਰੀ ਜਥੇਬੰਦੀ ਚਾਹੀਦੀ ਹੈ। ਉਹਨਾ ਨੇ ਸਹੀ ਤੌਰ ਤੇ ਉਹ ਰਾਹ ਅਪਣਾਇਆ ਹੈ ਜੋ ਸਾਡੇ 1905 ਦੇ ਇਨਕਲਾਬ ਦੇ ਅਤੇ 1871 ਦੇ ਪੈਰਿਸ ਕਮਿਊਨ ਦੇ ਤਜਰਬੇ ਨੇ ਵਿਖਾਇਆ ਹੈ। ਉਹਨਾਂ ਨੇ **ਮਜ਼ਦੂਰਾਂ ਤੇ ਡਿਪਟੀਆਂ ਦੀ ਸੋਵੀਅਤਾਂ** ਸਥਾਪਤ ਕਰ ਲਈ ਹੈ; ਉਹਨਾਂ ਨੇ ਇਸ ਨੂੰ ਇਸ ਵਿਚ **ਸਿਪਾਹੀਆਂ ਦੇ** ਡਿਪਟੀ ਅਤੇ ਨਿਰਸੰਦੇਹ ਤੌਰ ਤੇ ਪੇਂਡੂ ਉਜਰਤੀ ਮਜ਼ਦੂਰਾਂ ਤੋਂ ਡਿਪਟੀ ਅਤੇ ਫਿਰ (ਇਕ ਜਾਂ ਦੂਜੇ ਰੂਪ ਵਿਚ) ਸਮੁੱਚੀ ਗ਼ਰੀਬ ਕਿਰਸਾਣੀ ਚੋਂ ਡਿਪਟੀ ਸ਼ਾਮਲ ਕਰ ਕੇ ਇਸ ਨੂੰ ਵਿਕਸਿਤ, ਵਿਸਥਾਰਨਾ ਤੇ ਮਜ਼ਬੂਤ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਮੁੱਖ ਤੇ ਬਹੁਤ ਜ਼ਰੂਰੀ ਕਾਰਜ ਇਹ ਹੈ, ਜਿਸ ਲਈ ਢਿੱਲ ਉੱਕਾ ਨਹੀਂ ਹੋਣੀ ਚਾਹੀਦੀ, ਕਿ ਇਸ ਪਰਕਾਰ ਦੀਆਂ ਜਥੇਬੰਦੀਆ ਬਿਨਾਂ ਛੋਟ ਦੇ ਰੂਸ ਦੇ ਸਾਰੇ ਭਾਗਾਂ ਵਿਚ ਬਿਨਾਂ ਛੋਟ ਦੇ ਪਰੋਲੇਤਾਰੀ ਤੇ ਅਰਧ-ਪਰੋਲੇਤਾਰੀ ਵਸੋਂ ਦੇ ਸਾਰੇ ਕਿੱਤਿਆਂ ਤੇ ਪਰਤਾਂ ਲਈ ਸਥਾਪਤ ਕੀਤੀਆਂ ਜਾਣ, ਭਾਵ ਇਹ ਆਰਥਕ ਤੌਰ ਤੇ ਘੱਟ ਨਹੀਂ ਪਰ ਵਧੇਰੇ ਪ੍ਰਸਿੱਧ ਬੋਲ਼ਾ

ਵਰਤਦਿਆਂ ਸਾਰੇ ਕਿਰਤੀਆਂ ਤੇ ਲੁੱਟ ਜਾਂਦੇ ਲੋਕਾਂ ਲਈ। ਕਿਸੇ ਹੱਦ ਤੱਕ ਅਗਾਂਹ ਜਾਂਦਿਆਂ ਮੈਂ ਇਹ ਵਰਨਣ ਕਰਾਂਗਾ ਕਿ ਕਿਰਸਾਣੀ ਦੇ ਸਮੁੱਚੇ ਸਮੂਹ ਲਈ ਸਾਡੀ ਪਾਰਟੀ (ਪਰੋਲੇਤਾਰੀ ਜਥੇਬੰਦੀਆਂ ਦੀ ਇਕ ਨਵੀਂ ਕਿਸਮ ਵਿਚ ਇਸ ਦਾ **ਵਿਸ਼ੇਸ਼** ਰੋਲ, ਮੈਨੂੰ ਆਸ ਹੈ; ਮੈਂ ਕਿਸੇ ਆਪਣੀ ਅਗਲੀ ਚਿੱਠੀ ਵਿਚ ਵਿਚਾਰਾਂਗਾ) ਨੂੰ ਉਜਰਤੀ-ਮਜ਼ਦੂਰਾਂ ਦੀਆਂ ਸੋਵੀਅਤਾਂ ਅਤੇ ਛੋਟੇ ਹਲਵਾਹਕਾਂ ਦੀਆਂ, ਜੋ ਅਨਾਜ ਨਹੀਂ ਵੇਚਦੇ, ਸੋਵੀਅਤਾਂ ਬਨਾਉਣ ਦੀ ਸਿਫ਼ਾਰਸ਼ ਕਰਨੀ ਚਾਹੀਦੀ ਹੈ ਜੋ ਖਾਂਦੇ ਪੀਂਦੇ ਕਿਸਾਨਾਂ ਤੋਂ ਵੱਖਰੀਆਂ ਬਨਾਉਣੀਆਂ ਚਾਹੀਦੀਆਂ ਹਨ। ਇਸ ਤੋਂ ਬਿਨਾਂ, ਆਮ ਤੌਰ ਤੇ ਇਕ ਅਸਲੀ ਪਰੋਲੇਤਾਰੀ ਨੀਤੀ[1] ਉਤੇ ਨਾ ਤਾਂ ਚਲਣਾ ਸੰਭਵ ਹੈ, ਜਾਂ ਬਹੁਤ ਹੀ ਅਮਲੀ ਸੁਆਲ ਵੱਲ ਸਹੀ ਪਹੁੰਚ ਅਪਨਾਉਣਾ ਸੰਭਵ ਹੋ ਸਕਦਾ ਹੈ ਜਿਹੜਾ ਸੁਆਲ ਕਰੋੜਾਂ ਲੋਕਾਂ ਲਈ ਜ਼ਿੰਦਗੀ ਤੇ ਮੌਤ ਦਾ ਸੁਆਲ ਹੈ: **ਅਨਾਜ** ਦੀ ਸਹੀ ਵੰਡ, ਇਸ ਦੀ ਪੈਦਾਵਾਰ ਵਿਚ ਵਾਧਾ, ਆਦਿ।

ਇਹ ਪੁੱਛਿਆ ਜਾ ਸਕਦਾ ਹੈ: ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦਾ ਕੀ ਕਾਰਜ ਹੋਣਾ ਚਾਹੀਦਾ ਹੈ? ਉਹਨਾਂ ਨੂੰ "ਬਗ਼ਾਵਤ ਦੇ, ਇਨਕਲਾਬੀ ਰਾਜ ਦੇ ਅਦਾਰੇ ਸਮਝਣਾ ਚਾਹੀਦਾ ਹੈ।" ਅਸਾਂ ਜਨੇਵਾ ਦੇ ਅਖ਼ਬਾਰ **ਸੋਟਸੀਅਲ ਡੇਮੋਕਰੇਟ** ਦੇ ਨੰਬਰ 47 ਵਿਚ 13 ਅਕਤੂਬਰ 1915 ਦੇ ਪਰਚੇ ਵਿਚ ਲਿਖਿਆ ਸੀ।

ਇਸ ਸਿਧਾਂਤਕ ਸੁਝਾਅ ਦੀ, ਜੋ 1871 ਦੇ ਕਮਿਊਨ ਦੇ ਅਤੇ 1905 ਦੇ ਰੂਸੀ ਇਨ-ਕਲਾਬ ਦੇ ਤਜਰਬੇ ਤੋਂ ਪ੍ਰਾਪਤ ਕੀਤਾ ਗਿਆ ਹੈ, ਵਿਆਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਨੂੰ ਰੂਸ ਵਿਚ ਵਰਤਮਾਨ ਇਨਕਲਾਬ ਦੇ ਮੁੱਖ ਤੌਰ ਤੇ ਵਰਤਮਾਨ ਪੜਾਅ ਦੇ ਅਸਲੀ ਤਜਰਬੇ ਦੇ ਆਧਾਰ ਉਤੇ ਸਹੀ ਤੌਰ ਤੇ ਵਿਕਸਿਤ ਕਰਨਾ ਚਾਹੀਦਾ ਹੈ।

ਅਸੀਂ **ਇਨਕਲਾਬੀ ਸਰਕਾਰ** ਚਾਹੁੰਦੇ ਹਾਂ, ਸਾਨੂੰ (ਇਕ ਇਕ ਵਿਸੇਸ਼ ਅੰਤਰਕਾਲੀ ਸਮੇਂ ਲਈ) ਇਕ **ਰਾਜ** ਚਾਹੀਦਾ ਹੈ। ਇਹ ਗੱਲ ਸਾਨੂੰ ਅਰਾਜਕਤਾਵਾਦੀਆ ਤੋਂ ਵਖਰਾਉਂਦੀ ਹੈ। ਇਨਕਲਾਬੀ ਮਾਰਕਸਵਾਦੀਆਂ ਤੇ ਅਰਾਜਕਤਾਵਾਦੀਆਂ ਵਿਚਾਲੇ ਫ਼ਰਕ ਕੇਵਲ ਇਹ ਨਹੀਂ ਕਿ ਪਹਿਲੇ ਕੇਂਦਰਿਤ, ਵੱਡੇ-ਪੈਮਾਨੇ ਦੀ ਕਮਿਊਨਿਸਟ ਪੈਦਾਵਾਰ ਦੇ ਹੱਕ ਵਿਚ ਹਨ, ਜਦ ਕਿ ਮਗਰਲੇ ਵਿਕੇਂਦਰਿਤ ਛੋਟੀ ਪੈਦਾਵਾਰ ਦੇ ਹੱਕ ਵਿਚ ਹਨ। ਸਾਡੇ ਵਿਚਾਲੇ ਮੁੱਖ ਫ਼ਰਕ ਸਰਕਾਰ ਦੇ, ਰਾਜ ਦੇ ਸੁਆਲ ਉਤੇ ਇਹ ਹੈ ਕਿ ਅਸੀਂ ਸੋਸ਼ਲਿਜ਼ਮ ਵਾਸਤੇ ਜਦੋਜਹਿਦ ਲਈ ਇਕ ਇਨਕਲਾਬੀ ਢੰਗ ਵਿਚ ਇਨਕਲਾਬੀ ਰੂਪਾਂ ਦੀ ਵਰਤੋਂ ਦੇ ਹੱਕ ਵਿਚ ਹਾਂ, ਅਰਾਜਕਤਾਵਾਦੀ **ਵਿਰੁੱਧ** ਹਨ।

ਅਸੀਂ ਇਕ ਰਾਜ ਚਾਹੁੰਦੇ ਹਾਂ। ਪਰ ਉਸ ਵਰਗਾ ਰਾਜ **ਨਹੀਂ** ਜੋ ਬੁਰਜੁਆਜ਼ੀ ਨੇ ਹਰ ਥਾਂ ਬਣਾਇਆ ਹੈ। ਸੰਵਿਧਾਨਕ ਪਾਤਸ਼ਾਹੀਆਂ ਤੋਂ ਲੈ ਕੇ ਅਤਿ ਜਨਵਾਦੀ ਰੀਪਬਲਿਕਾਂ ਤਕ ਅਤੇ ਇਸ ਗੱਲ ਵਿਚ ਅਸੀਂ ਅਵਸਰਵਾਦੀਆਂ ਤੇ ਪੁਰਾਣੇ ਸਮੇਂ ਦੇ ਕਾਟਸਕੀਵਾਦੀਆਂ ਅਤੇ ਖ਼ਤਮ ਹੋ ਰਹੀਆਂ ਸੋਸ਼ਲਿਸਟ ਪਾਰਟੀਆਂ ਨਾਲੋਂ ਵਖਰੇ ਹਾਂ ਜਿਨ੍ਹਾਂ ਨੇ ਪੈਰਿਸ ਕਮਿਊਨ

---

1. ਪੇਂਡੂ ਜ਼ਿਲ੍ਹਿਆਂ ਵਿਚ ਹੁਣ ਛੋਟੇ ਤੇ ਅੰਸ਼ਕ ਤੌਰ ਤੇ ਦਰਮਿਆਨੇ ਕਿਸਾਨਾਂ ਦੀ ਜਦੋਜਹਿਦ ਵਿਕਸਿਤ ਹੋਵੇਗੀ। ਜਗੀਰਦਾਰ, ਖਾਂਦੇ ਪੀਂਦੇ ਕਿਸਾਨਾਂ ਵਲੋਂ ਝੁਕ ਕੇ, ਉਹਨਾਂ ਨੂੰ ਬੁਰਜੁਆਜ਼ੀ ਦੇ ਅਧੀਨ ਕਰਨ ਵਲ ਲੈ ਜਾਣ ਦਾ ਯਤਨ ਕਰਨਗੇ। ਪੇਂਡੂ ਉਜਰਤੀ ਮਜ਼ਦੂਰਾਂ ਤੇ ਪੇਂਡੂ ਗਰੀਬਾਂ ਵਲ ਝੁਕ ਕੇ, ਸਾਨੂੰ ਉਹਨਾਂ ਨੂੰ ਸ਼ਹਿਰੀ ਪ੍ਰੋਲੇਤਾਰੀ ਨਾਲ ਨੇੜਲੇ ਗੱਠਜੋੜ ਵਲ ਲਿਜਾਣਾ ਚਾਹੀਦਾ ਹੈ।

ਦੇ ਸਥਕਾਂ ਨੂੰ ਅਤੇ ਮਾਰਕਸ ਤੇ ਏਂਗਲਜ਼ ਵਲੋਂ ਇਹਨਾਂ ਸ਼ਬਦਾਂ ਦੇ ਕੀਤੇ ਨਿਰੀਖਣ ਨੂੰ ਵਿਗਾੜ ਦਿੱਤਾ ਹੈ ਜਾਂ ਭੁਲਾ ਦਿੱਤਾ ਹੈ ।[1]

ਅਸੀਂ ਇਕ ਰਾਜ ਚਾਹੁੰਦੇ ਹਾਂ, ਪਰ ਉਹੋ ਜਿਹਾ **ਨਹੀਂ** ਜਿਹੋ ਜਿਹਾ ਬੁਰਜੁਆਜ਼ੀ ਚਾਹੁੰਦੀ ਹੈ : ਪੁਲਸ-ਸ਼ਕਤੀ, ਇਕ ਸੈਨਾ, ਅਤੇ ਇਕ ਨੌਕਰਸ਼ਾਹੀ ਦੇ ਰੂਪ ਵਿਚ ਸਰਕਾਰੀ ਅਦਾਰਿਆਂ ਵਾਲਾ ਰਾਜ, ਜਿਹੜੇ ਅਦਾਰੇ ਲੋਕਾਂ ਤੋਂ ਵੱਖਰੇ ਤੇ ਉਹਨਾਂ ਦੇ ਵਿਰੋਧੀ ਹਨ । ਸਾਰੇ ਬੁਰਜੂਆ ਇਨਕਲਾਬਾਂ ਨੇ ਇਸ ਰਾਜ-ਮਸ਼ੀਨ ਨੂੰ ਮਹਿਜ਼ ਪਰੀਪੂਰਨ ਬਣਾਇਆ ਹੈ, ਇਸ ਨੇ ਇਕ ਪਾਰਟੀ ਤੋਂ ਦੂਜੀ ਪਾਰਟੀ ਦੇ ਹੱਥਾਂ ਵਿਚ ਤਬਦੀਲ ਕਰ ਦਿੱਤਾ ਹੈ ।

ਦੂਜੇ ਪਾਸੇ, ਪਰੋਲੇਤਾਰੀਆ, ਜੇ ਉਹ ਵਰਤਮਾਨ ਇਨਕਲਾਬ ਦੀਆਂ ਪ੍ਰਪਤੀਆਂ ਨੂੰ ਬਹਾਲ ਰੱਖਣਾ ਚਾਹੁੰਦਾ ਹੈ ਤੇ ਅਗਾਂਹ ਵਧਣਾ ਚਾਹੁੰਦਾ ਹੈ, ਅਮਨ, ਰੋਟੀ ਤੇ ਆਜ਼ਾਦੀ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਮਾਰਕਸ ਦੇ ਵਿਚਾਰ ਨੂੰ ਵਰਤਦਿਆਂ ਉਸ ਨੂੰ ਚਾਹੀਦਾ ਹੈ ਕਿ ਇਸ "ਤਿਆਰ-ਬਰ-ਤਿਆਰ" ਰਾਜ ਮਸ਼ੀਨ ਨੂੰ "ਤਬਾਹ" ਕਰ ਦੇਵੇ ਅਤੇ ਇਸ ਦੀ ਥਾਂ ਇਕ ਨਵੀਂ ਮਸ਼ੀਨ ਸਥਾਪਤ ਕਰ ਦੇਵੇ ਅਤੇ ਇਸ ਲਈ ਪੁਲਸ ਸ਼ਕਤੀ, ਸੈਨਾ ਅਤੇ ਨੌਕਰਸ਼ਾਹੀ ਨੂੰ **ਸਮੁੱਚੀ** ਹਥਿਆਰਬੰਦ ਕੌਮ ਵਿਚ ਮਿਲਾ ਦੇਵੇ । 1871 ਦੇ ਪੈਰਿਸ ਕਮਿਊਨ ਅਤੇ 1905 ਦੇ ਰੂਸੀ ਇਨਕਲਾਬ ਦੇ ਤਜਰਬੇ ਰਾਹੀਂ ਸੁਝਾਏ ਮਾਰਗ ਉਤੇ ਚਲਦਿਆਂ ਪਰੋਲੇਤਾਰੀਏ ਨੂੰ **ਸਾਰੇ** ਗ਼ਰੀਬਾਂ, ਵਸੋਂ ਦੇ ਲੁੱਟੇ ਪੁੱਟੇ ਜਾਂਦੇ ਭਾਗਾਂ ਨੂੰ ਜਥੇਬੰਦ ਤੇ ਹਥਿਆਰਬੰਦ ਕਰਨਾ ਚਾਹੀਦਾ ਹੈ ਤਾਂ ਜੋ ਉਹ ਰਾਜਕੀ ਸੱਤਾ ਦੇ ਅਦਾਰਿਆਂ ਨੂੰ ਸਿੱਧੇ ਤੌਰ ਤੇ ਆਪਣੇ ਹੱਥਾਂ ਵਿਚ ਲੈ ਲੈਣ, ਤਾਂ ਜੋ ਉਹ ਰਾਜਕੀ ਸੱਤਾ ਦੇ ਇਹਨਾਂ ਅਦਾਰਿਆਂ ਨੂੰ **ਆਪ ਸਿਰਜ ਸਕਣ** ।

ਅਤੇ ਰੂਸ ਦੇ ਮਜ਼ਦੂਰਾਂ ਨੇ, ਫਰਵਰੀ-ਮਾਰਚ ਵਿਚ ਪਹਿਲੇ ਇਨਕਲਾਬ ਦੇ ਪੜਾਅ ਵਿਚ ਇਹ ਮਾਰਗ ਪਹਿਲਾਂ ਹੀ ਅਪਣਾ ਲਿਆ ਹੈ । ਇਹ ਸਮੁੱਚਾ ਕਾਰਜ ਹੁਣ ਇਹ ਹੈ ਕਿ ਇਸ ਮਾਰਗ ਨੂੰ ਸਪਸ਼ਟ ਤੌਰ ਤੇ ਸਮਝ ਕੇ ਇਸ ਉਤੇ ਦਲੇਰੀ ਮਜ਼ਬੂਤੀ ਤੇ ਦ੍ਰਿੜ੍ਹਤਾ ਨਾਲ ਅਗਾਂਹ ਵਧਿਆ ਜਾਵੇ ।

ਅੰਗ-ਫ਼ਰਾਂਸੀਸੀ ਤੇ ਰੂਸੀ ਪੂੰਜੀਪਤੀ ਨਿਕੋਲਸ II ਨੂੰ "ਕੇਵਲ" ਹਟਾਇਆ ਜਾਵੇ, ਜਾਂ ਕੇਵਲ "ਡਰਾਇਆ" ਜਾਵੇ ਅਤੇ ਪੁਰਾਣੀ ਰਾਜ-ਮਸ਼ੀਨ ਨੂੰ ਪੁਲਸ-ਸ਼ਕਤੀ, ਸੈਨਾ ਤੇ ਨੌਕਰਸ਼ਾਹੀ ਨੂੰ ਸਹੀ ਸਬੂਤ ਰਹਿਣ ਦਿੱਤਾ ਜਾਵੇ ।

ਮਜ਼ਦੂਰ ਅਗਾਂਹ ਗਏ ਤੇ ਇਸ ਨੂੰ ਤਬਾਹ ਕਰ ਦਿੱਤਾ । ਅਤੇ ਹੁਣ **ਨਾ ਕੇਵਲ** ਅੰਗ-ਫ਼ਰਾਂਸੀਸੀ, ਸਗੋਂ ਜਰਮਨ ਪੂੰਜੀਪਤੀ ਰੋਹ ਤੇ ਗੁੱਸੇ ਵਿਚ **ਹੁਆਂਕ** ਰਹੇ ਹਨ ਜਦੋਂ ਉਹ, ਉਦਾਹਰਣ ਵਜੋਂ, ਇਹ ਵੇਖਦੇ ਹਨ ਕਿ ਰੂਸੀ ਸਿਪਾਹੀ ਆਪਣੇ ਅਫਸਰਾਂ ਨੂੰ ਗੋਲੀ ਨਾਲ ਉਡਾ ਰਹੇ ਹਨ,

---

1. ਆਪਣੀਆਂ ਅਗਲੀਆਂ ਚਿੱਠੀਆਂ ਵਿਚੋਂ ਇਕ ਵਿਚ ਜਾਂ ਇਕ ਵਿਸ਼ੇਸ਼ ਲੇਖ ਵਿਚ, ਮੈਂ ਇਸ ਨਿਰੀਖਣ ਨੂੰ ਵਿਸਥਾਰ ਵਿਚ ਲਿਖਾਂਗਾ, ਜਿਹੜਾ ਨਿਰੀਖਣ ਵਿਸ਼ੇਸ਼ ਤੌਰ ਤੇ ਮਾਰਕਸ ਦੀ ਲਿਖਤ **ਫ਼ਰਾਂਸ ਵਿਚ ਗ੍ਰਹਿ ਯੁੱਧ** ਵਿਚ, ਉਸ ਕਿਰਤ ਦੀ ਤੀਜੀ ਐਡੀਸ਼ਨ ਵਿਚ ਏਂਗਲਜ਼ ਦੀ ਭੂਮਿਕਾ ਵਿਚ, ਚਿੱਠੀਆਂ ਵਿਚ : ਮਾਰਕਸ ਦੀ 12 ਅਪਰੈਲ 1871 ਦੀ ਚਿੱਠੀ ਅਤੇ ਏਂਗਲਜ਼ ਦੀ 18-28 ਮਾਰਚ 1875 ਦੀ ਚਿੱਠੀ ਵਿਚ ਕੀਤਾ ਗਿਆ ਹੈ, ਅਤੇ ਅਖੌਤੀ "ਰਾਜ ਦੀ ਤਬਾਹੀ" ਦੇ ਸੁਆਲ ਬਾਰੇ 1912 ਵਿਚ ਪਾਨੇਕੋਕ ਨਾਲ ਕਾਟਸਕੀ ਦੇ ਵਾਦ-ਵਿਵਾਦ ਰਾਹੀਂ ਮਾਰਕਸਵਾਦ ਦੇ ਨਿਪਟ ਭੰਨ ਤੋੜ ਨਾਲ ਨਿਪਟਾਂਗਾ ।

ਜਿਵੇਂ ਕਿ ਗੁਚਕੋਵ ਤੇ ਮਿਲੀਓਕੋਵ ਦੇ ਹਮਾਇਤੀ ਐਡਮਿਰਲ ਨੇਪੇਨਿਨ ਨਾਲ ਵਾਪਰਿਆ ਹੈ।

ਮੈਂ ਆਖਿਆ ਹੈ ਕਿ ਮਜ਼ਦੂਰਾਂ ਨੇ ਪੁਰਾਣੀ ਰਾਜ-ਮਸ਼ੀਨ ਨੂੰ ਤਬਾਹ ਕਰ ਦਿੱਤਾ ਹੈ। ਇਹ ਕਹਿਣਾ ਵਧੇਰੇ ਸਹੀ ਹੋਵੇਗਾ : **ਤਬਾਹ ਕਰਨਾ ਸ਼ੁਰੂ** ਕਰ ਦਿੱਤਾ ਹੈ।

ਆਓ, ਅਸੀਂ ਇਕ ਠੋਸ ਉਦਾਹਰਣ ਲਈਏ।

ਸੇਂਟ ਪੀਟਰਜ਼ਬਰਗ ਤੇ ਕਈ ਹੋਰ ਥਾਵਾਂ ਤੇ ਪੁਲਸ-ਸ਼ਕਤੀ ਨੂੰ ਅੰਸ਼ਕ ਤੌਰ ਤੇ ਖ਼ਤਮ ਕਰ ਦਿੱਤਾ ਗਿਆ ਹੈ ਤੇ ਅੰਸ਼ਕ ਤੌਰ ਤੇ ਤੋੜ ਦਿੱਤਾ ਗਿਆ ਹੈ। ਗੁਚਕੋਵ-ਮਿਲੀਓਕੋਵ ਸਰਕਾਰ ਨਾ ਪਾਤਸ਼ਾਹੀ ਨੂੰ ਬਹਾਲ ਕਰ ਸਕੀ ਹੈ, ਜਾਂ ਆਮ ਤੌਰ ਤੇ ਬੁਰਜੂਆਜ਼ੀ ਦੀ ਕਮਾਂਡ ਅਧੀਨ ਹਥਿਆਰਬੰਦ ਜੁਆਨਾਂ ਦੀ ਵਿਸੇਸ਼ ਜਥੇਬੰਦੀ ਵਜੋਂ ਪੁਲਸ-ਸ਼ਕਤੀ ਨੂੰ ਲੋਕਾਂ ਤੋਂ ਵੱਖ ਤੇ ਉਹਨਾਂ ਦੇ ਵਿਰੁੱਧ ਬਹਾਲ ਕਰਨ ਤੋਂ ਬਿਨਾਂ ਸੱਤਾ ਨੂੰ ਬਰਕਰਾਰ ਕਰ ਸਕੀ ਹੈ। ਇਹ ਗੱਲ ਚਿੱਟੇ ਦਿਨ ਵਾਂਗ ਸਪੱਸ਼ਟ ਹੈ।

ਦੂਜੇ ਪਾਸੇ, ਨਵੀਂ ਸਰਕਾਰ ਨੂੰ ਇਨਕਲਾਬੀ ਲੋਕਾਂ ਨਾਲ ਹਰ ਹਾਲਤ ਵਿਚ ਨਿਭਣਾ ਪੈਣਾ ਹੈ, ਅੱਧ-ਰਿਆਇਤਾਂ ਤੇ ਇਕਰਾਰਾਂ ਨਾਲ ਉਹਨਾਂ ਦਾ ਪੇਟ ਭਰਨਾ ਪੈਣਾ ਹੈ, ਸਮਾਂ ਟਪਾਉਣਾ ਪੈਣਾ ਹੈ। ਇਸੇ ਲਈ ਉਹ ਅਧੂਰੇ ਕਦਮ ਪੁੱਟਦੀ ਹੈ : ਉਹ ਚੁਣੇ ਹੋਏ ਅਫ਼ਸਰਾਂ ਨਾਲ "ਲੋਕ ਮਲੀਸ਼ੀਆ" ਸਥਾਪਤ ਕਰਦੀ ਹੈ—**ਪਰ**......**ਪਰ**, ਪਹਿਲੀ ਗੱਲ, ਉਹ ਇਸ ਮਲੀਸ਼ੀਆ ਨੂੰ ਪੇਂਡੂ ਤੇ ਸ਼ਹਿਰੀ ਸਥਾਨਕ ਸਰਕਾਰੀ ਅਦਾਰਿਆਂ ਦੇ ਅਧੀਨ ਰੱਖਦੀ ਹੈ, ਭਾਵ, ਉਹਨਾਂ ਜਗੀਰ-ਦਾਰਾਂ ਤੇ ਪੂੰਜੀਪਤੀਆ ਦੇ ਅਧੀਨ ਜਿਹੜੇ ਖ਼ੂਨੀ ਨਿਕੋਲਸ ਅਤੇ ਬੁੱਚੜ ਸਤੋਲੀਪਿਨ ਰਾਹੀਂ ਪਾਸ ਕੀਤੇ ਕਾਨੂੰਨਾਂ ਦੇ ਅਨੁਸਾਰ ਚੁਣੇ ਗਏ ਹਨ! ਦੂਜੀ ਗੱਲ, ਭਾਵੇਂ ਇਸ ਨੂੰ "ਲੋਕਾਂ" ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ "ਲੋਕ ਮਲੀਸ਼ੀਆ" ਆਖਿਆ ਜਾਂਦਾ ਹੈ। ਇਹ ਸਰਕਾਰ ਇਸ ਮਲੀਸ਼ੀਆ ਵਿਚ ਸਮੁੱਚੇ ਲੋਕਾਂ ਨੂੰ ਸ਼ਾਮਲ ਹੋਣ ਦਾ ਸੱਦਾ ਨਹੀਂ ਦੇਂਦੀ, ਅਤੇ ਮਾਲਕਾਂ ਤੇ ਪੂੰਜੀ-ਪਤੀਆਂ ਨੂੰ ਉਹਨਾਂ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਉਹਨਾਂ **ਘੰਟਿਆਂ** ਤੇ ਦਿਹਾੜੀਆਂ ਦੀ ਉਹਨਾਂ ਦੀ ਸਧਾਰਨ ਉਜਰਤ ਦੇਣ ਲਈ **ਮਜਬੂਰ ਨਹੀਂ ਕਰਦੀ** ਜੋ ਉਹਨਾਂ ਨੇ **ਜਨਤਕ ਸੇਵਾ**, ਭਾਵ ਮਲੀਸ਼ੀਆ ਵਿਚ ਖ਼ਰਚ ਕੀਤੇ ਹਨ।

ਇਹ ਉਹਨਾਂ ਦੀ ਚਾਲ ਹੈ ਕਿ ਕਿਵੇਂ ਗੁਚਕੋਵਾਂ ਤੇ ਮਿਲੀਓਕੋਵਾਂ ਦੀ ਜਗੀਰਦਾਰ ਤੇ ਪੂੰਜੀਪਤੀ ਸਰਕਾਰ ਨੇ "ਲੋਕ ਮਲੀਸ਼ੀਆ" ਨੂੰ ਕਾਗ਼ਜ਼ ਉੱਤੇ ਰੱਖਿਆ ਹੋਇਆ ਹੈ, ਜਦ ਕਿ ਅਸਲੀਅਤ ਵਿਚ, ਇਹ ਸਹਿਜੇ ਸਹਿਜੇ ਚੁੱਪ ਚਾਪ **ਬੁਰਜੂਆ** ਲੋਕ-ਵਿਰੋਧੀ ਮਲੀਸ਼ੀਆ ਬਹਾਲ ਕਰ ਰਹੀ ਹੈ। ਪਹਿਲਾਂ "ਇਹ ਅੱਠ ਹਜ਼ਾਰ ਵਿਦਿਆਰਥੀਆਂ ਤੇ ਪਰੋਫ਼ੈਸਰਾਂ" ਉਤੇ ਅਧਾਰਤ ਹੋਵੇਗੀ (ਜਿਵੇਂ ਸਪੇਨੀ ਅਖ਼ਬਾਰ ਵਰਤਮਾਨ ਸੇਂਟ ਪੀਟਰਜ਼ਬਰਗ ਮਲੀਸ਼ੀਆ ਬਾਰੇ ਦੱਸਦੇ ਹਨ)—ਇਕ ਪਰਤੱਖ ਠੁੱਠ ਵਸਤੂ!—ਅਤੇ ਸਹਿਜੇ ਸਹਿਜੇ ਪੁਰਾਣੀ ਤੇ ਨਵੀਂ **ਪੁਲਸ-ਸ਼ਕਤੀ** ਨਾਲ ਬਣਾਈ ਜਾਵੇਗੀ।

ਪੁਲਸ-ਸ਼ਕਤੀ ਦੀ ਬਹਾਲੀ ਨੂੰ ਰੋਕੋ! ਸਥਾਨਕ ਸਰਕਾਰੀ ਅਦਾਰਿਆਂ ਨੂੰ ਅਪਣੇ ਹੱਥਾਂ ਵਿਚੋਂ ਖਿਸਕਣ ਨਾ ਦੇਵੋ! ਇਕ ਅਜਿਹਾ ਮਲੀਸ਼ੀਆ ਸਥਾਪਤ ਕਰੋ ਜੋ ਸਹੀ ਅਰਥਾਂ ਵਿਚ ਸਾਰੇ ਲੋਕਾਂ ਨੂੰ ਅਪਣੀ ਵਲਗਣ ਵਿਚ ਲਵੇ, ਅਮਲੀ ਤੌਰ ਤੇ ਸਰਬ-ਵਿਆਪੀ ਹੋਵੇ ਤੇ ਜਿਸ ਦੀ ਅਗਵਾਈ ਪਰੋਲੇਤਾਰੀ ਦੇ ਹੱਥਾਂ ਵਿਚ ਹੋਵੇ!—ਸਮੇਂ ਦਾ ਇਹੋ ਕਾਰਜ ਹੈ, ਇਸ ਘੜੀ ਦਾ ਇਹੋ ਨਾਅਰਾ ਹੈ ਜੋ ਜਮਾਤੀ ਜਦੋਜਹਿਦ ਦੇ ਵਾਧੇ ਦੀ, ਇਨਕਲਾਬੀ ਲਹਿਰ ਅਤੇ ਹਰ ਮਜ਼ਦੂਰ ਦੀ, ਹਰ ਲੁੱਟੇ ਜਾਂਦੇ ਕਿਰਤੀ ਦੀ ਜਨਵਾਦੀ ਸੂਝ ਦੇ ਵਾਧੇ ਦੇ ਹਿੱਤਾਂ ਨੂੰ ਸਹੀ ਤੌਰ ਤੇ ਸਮਝਣ ਨਾਲ ਉਸੇ ਤਰ੍ਹਾਂ

ਮੇਲ ਖਾਂਦਾ ਹੈ, ਜਿਹੜਾ ਕਿਰਤੀ ਪੁਲਸੀਆਂ, ਗਸ਼ਤ ਕਰਨ ਵਾਲੇ ਪੇਂਡੂ ਪੁਲਸੀਆਂ, ਪਿੰਡਾਂ ਦੇ ਸਿਪਾਹੀਆਂ, ਜਗੀਰਦਾਰਾਂ ਤੇ ਪੂੰਜੀਪਤੀਆਂ ਦੀ ਹਥਿਆਰਬੰਦ ਜਵਾਨਾਂ ਉਤੇ ਕਮਾਂਡ ਨੂੰ ਘਿਰਣਾ ਕਰਨ ਤੋਂ ਨਹੀਂ ਰਹਿ ਸਕਦਾ।

**ਉਹ**, ਗੂਚਕੋਵ ਤੇ ਮਿਲੀਓਕੋਵ ਕਿਸ ਪਰਕਾਰ ਦੀ ਪੁਲਸ ਸ਼ਕਤੀ ਚਾਹੁੰਦੇ ਹਨ ? ਉਹੋ ਜਿਹੀ, ਜਿਹੋ ਜਿਹੀ ਜ਼ਾਰਸ਼ਾਹੀ-ਪਾਤਸ਼ਾਹੀ ਦੇ ਅਧੀਨ ਮੌਜੂਦ ਸੀ। ਬਹੁਤ ਹੀ ਥੋੜੇ ਇਨਕਲਾਬੀ-ਸਮਿਆਂ ਦੇ ਮਗਰੋਂ ਸੰਸਾਰ ਵਿਚਲੀਆਂ **ਸਾਰੀਆਂ** ਬੁਰਜੂਆ ਤੇ ਬੁਰਜੂਆ-ਜਨਵਾਦੀ ਰੀਪਬਲਿਕਾਂ ਨੇ **ਮੁੱਖ ਤੌਰ ਤੇ** ਅਜਿਹੀ ਪੁਲਸ-ਸ਼ਕਤੀ ਸਥਾਪਤ ਕੀਤੀ ਜਾਂ ਬਹਾਲ ਕੀਤੀ, ਹਥਿਆਰਬੰਦ ਜਵਾਨਾਂ ਦੀ ਇਕ ਵਿਸ਼ੇਸ਼ ਜਥੇਬੰਦੀ ਜੋ ਇਕ ਜਾਂ ਦੂਜੇ ਢੰਗ ਨਾਲ ਬੁਰਜੂਆਜ਼ੀ ਦੇ ਅਧੀਨ ਹੈ, ਲੋਕਾਂ ਤੋਂ ਵੱਖ ਤੇ ਲੋਕਾਂ ਦੀ ਵਿਰੋਧੀ ਹੈ।

ਕਿਸ ਪਰਕਾਰ ਦੀ ਮਲੀਸ਼ੀਆ ਸਾਨੂੰ, ਪਰੋਲੇਤਾਰੀਆ, ਸਾਰੇ ਲੋਕਾਂ ਨੂੰ ਚਾਹੀਦੀ ਹੈ ? ਇਕ ਅਸਲੀ **ਲੋਕ** ਮਲੀਸ਼ੀਆ, ਭਾਵ ਅਜਿਹਾ, ਜੋ ਸਭ ਤੋਂ ਪਹਿਲਾਂ **ਸਮੁੱਚੀ** ਵਸੋਂ ਤੇ ਦੋਹਾਂ ਲਿੰਗਾਂ ਦੇ ਬਾਲਗ ਸ਼ਹਿਰੀਆਂ ਉਤੇ ਅਧਾਰਤ ਹੋਵੇ, ਅਤੇ ਦੂਜੀ ਗੱਲ ਜੋ ਲੋਕ-ਸੈਨਾ ਦੇ ਕਾਰਜਾਂ ਨੂੰ ਪੁਲਸੀ ਕਾਰਜਾਂ ਨਾਲ, ਜਨਤਕ ਪਰਬੰਧ ਤੇ ਪਰਣਾਲੀ ਦੇ ਮੁਖ ਅਤੇ ਬੁਨਿਆਦੀ ਅਦਾਰੇ ਦੇ ਕਾਰਜਾਂ ਨਾਲ ਜੋੜਦੀ ਹੈ।

ਇਹਨਾਂ ਸੁਝਾਵਾਂ ਨੂੰ ਵਧੇਰੇ ਸਮਝਣ ਯੋਗ ਬਨਾਉਣ ਲਈ ਮੈਂ ਇਕ ਨਿਰੋਲ ਯੁਗਤੀ ਉਦਾਹਰਣ ਲੈਂਦਾ ਹਾਂ। ਇਹ ਕਹਿਣ ਦੀ ਲੋੜ ਨਹੀਂ ਹੈ ਕਿ ਇਕ ਪਰੋਲੇਤਾਰੀ ਮਲੀਸ਼ੀਆ ਲਈ ਕਿਸੇ ਪਰਕਾਰ ਦੀ "ਯੋਜਨਾ" ਤਿਆਰ ਕਰਨ ਬਾਰੇ ਸੋਚਣਾ ਬੇਹੂਦਗੀ ਹੈ : ਜਦੋਂ ਮਜ਼ਦੂਰ ਤੇ ਸਮੁੱਚੀ ਕੌਮ ਇਸ ਬਾਰੇ ਅਮਲੀ ਤੌਰ ਤੇ ਇਕ ਅਸਲੀ ਸਮੂਹਕ ਪੱਧਰ ਉਤੇ ਸਥਾਪਤ ਹੋ ਜਾਣਗੇ ਉਹ ਇਸ ਨੂੰ ਤਿਆਰ ਕਰ ਲੈਣਗੇ ਅਤੇ ਕਿਸੇ ਇਕ ਸਿਧਾਂਤਕਾਰ ਨਾਲੋਂ ਸੌ ਗੁਣਾ ਵਧੀਆ ਇਸ ਨੂੰ ਜਥੇਬੰਦ ਕਰ ਲੈਣਗੇ। ਮੈਂ ਕੋਈ "ਯੋਜਨਾ" ਪੇਸ਼ ਨਹੀਂ ਕਰ ਰਿਹਾ ਹਾਂ, ਮੈਂ ਅਪਣੇ ਵਿਚਾਰ ਨੂੰ ਬਿਆਨ ਕਰ ਰਿਹਾ ਹਾਂ।

ਸੇਂਟ ਪੀਟਰਜ਼ਬਰਗ ਦੀ ਵਸੋਂ ਲਗ ਪਗ 20 ਲੱਖ ਹੈ। ਇਹਨਾਂ ਵਿਚੋਂ ਅੱਧਿਆਂ ਤੋਂ ਵੱਧ 15 ਤੋਂ 65 ਵਰ੍ਹਿਆਂ ਦੇ ਵਿਚਾਲੇ ਹਨ। ਆਓ, ਅਸੀਂ ਚੌਥਾ ਹਿੱਸਾ ਸਰੀਰਕ ਤੌਰ ਤੇ ਅਯੋਗ ਲੋਕਾਂ ਨੂੰ ਕੱਢ ਦੇਈਏ, ਜੋ ਇਸ ਘੜੀ ਨਿਆਈਂ ਕਾਰਨਾਂ ਕਰ ਕੇ ਜਨਤਕ ਸੇਵਾ ਵਿਚ ਕੋਈ ਭਾਗ ਨਹੀਂ ਲੈਂਦੇ। ਬਾਕੀ ਰਹਿੰਦੇ 7,50,000 ਵਿਚੋਂ ਜੋ ਮਲੀਸ਼ੀਆ ਵਿਚ ਕੰਮ ਕਰਦਿਆਂ, 15 ਦਿਨਾਂ ਵਿਚ ਇਕ ਦਿਨ, (ਅਤੇ ਇਸ ਸਮੇਂ ਲਈ ਅਪਣੇ ਮਾਲਕਾਂ ਤੋਂ ਉਜਰਤ ਲੈਂਦੇ ਹਨ), 50,000 ਦੀ ਇਕ ਸੈਨਾ ਬਣੇਗੀ।

**ਇਹ ਹੈ "ਰਾਜ" ਦਾ ਨਮੂਨਾ** ਜਿਸ ਦੀ ਸਾਨੂੰ ਲੋੜ ਹੈ!

ਇਹ ਹੈ ਮਲੀਸ਼ੀਆ ਦੀ ਕਿਸਮ ਜੋ ਕਥਨੀ ਵਿਚ ਨਹੀਂ, ਕਰਨੀ ਵਿਚ ਇਕ "ਲੋਕ ਮਲੀਸ਼ੀਆ" ਹੋਵੇਗਾ।

ਇਸੇ ਲਈ ਸਾਨੂੰ ਇਕ ਵਿਸ਼ੇਸ਼ ਪੁਲਸ-ਸ਼ਕਤੀ ਦੀ ਜਾਂ ਲੋਕਾਂ ਤੋਂ ਵੱਖਰੀ ਇਕ ਵਿਸ਼ੇਸ਼ ਸੈਨਾ ਦੀ ਬਹਾਲੀ **ਰੋਕਣ** ਲਈ ਤੁਰਨਾ ਚਾਹੀਦਾ ਹੈ।

ਅਜਿਹਾ ਮਲੀਸ਼ੀਆ, ਜਿਸ ਦੇ 100 ਵਿਚੋਂ 95 ਜੁਆਨ ਮਜ਼ਦੂਰ ਤੇ ਕਿਸਾਨ ਹੋਣਗੇ, ਜੋ ਲੋਕਾਂ ਦੀ ਵਿਸ਼ਾਲ ਬਹੁ-ਗਿਣਤੀ ਦੀ ਤਾਕਤ ਤੇ ਮੱਤਾ, **ਅਸਲੀ** ਸੱਚ ਤੇ ਮਰਜ਼ੀ ਪਰਗਟ ਕਰਨਗੇ। ਅਜਿਹਾ ਮਲੀਸ਼ੀਆ ਸਮੁੱਚੀ ਕੌਮ ਨੂੰ ਸਹੀ ਤੌਰ ਤੇ ਹਥਿਆਰਬੰਦ ਕਰੇਗਾ ਅਤੇ ਫੌਜੀ ਸਿਖਲਾਈ

ਪਰਗਟ ਕਰੇਗਾ। ਸਾਰੇ ਲੋਕਾਂ ਲਈ, ਪਰ ਗੁਚਕੋਵ ਜਾਂ ਮਿਲੀਓਕੋਵ ਵਰਗਿਆਂ ਲਈ ਨਹੀਂ, ਪਿਛਾਖੜ ਨੂੰ ਬਹਾਲ ਕਰਨ ਦੇ ਸਾਰੇ ਯਤਨਾਂ ਦੇ ਵਿਰੁੱਧ, ਜ਼ਾਰਸ਼ਾਹੀ ਦੇ ਏਜੰਟਾਂ ਦੀਆਂ ਸਾਰੀਆਂ ਸਾਜ਼ਸ਼ਾਂ ਵਿਚ ਹਿਫ਼ਾਜ਼ਤ ਹੋਵੇਗਾ। ਅਜਿਹਾ ਮਲੀਸ਼ੀਆ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦਾ ਕਾਰਜਕਰਨੀ ਅਦਾਰਾ ਹੋਵੇਗਾ, ਇਸ ਨੂੰ ਲੋਕਾਂ ਦਾ ਅਥਾਹ ਭਾਰੀ ਵਿਸ਼ਵਾਸ ਤੇ ਸਤਿਕਾਰ ਪਰਾਪਤ ਹੋਵੇਗਾ, ਕਿਉਂ ਜੋ ਇਹ ਆਪ ਸਮੁੱਚੀ ਕੌਮ ਦੀ ਜਥੇਬੰਦੀ ਹੋਵੇਗਾ। ਅਜਿਹਾ ਮਲੀਸ਼ੀਆ ਜਨਵਾਦ ਨੂੰ ਇਕ ਸੁੰਦਰ ਫੱਟੇ ਤੋਂ, ਜੋ ਪੂੰਜੀਵਾਦੀਆਂ ਰਾਹੀਂ ਲੋਕਾਂ ਦੀ ਗੁਲਾਮ ਤੇ ਦੁੱਖਾਂ ਨੂੰ ਕੱਜਦਾ ਹੈ, ਰਾਜ ਦੇ **ਸਾਰੇ** ਮਾਮਲਿਆਂ ਵਿਚ ਸ਼ਮੂਲੀਅਤ ਲਈ **ਜਨਸਮੂਹਾਂ ਦੀ ਅਸਲੀ ਸਿਖਲਾਈ** ਦੇ ਇਕ ਸਾਧਨ ਵਿਚ ਬਦਲ ਜਾਵੇਗਾ। ਅਜਿਹਾ ਮਲੀਸ਼ੀਆ ਨੌਜਵਾਨਾਂ ਨੂੰ ਰਾਜਸੀ ਜੀਵਨ ਵਿਚ ਖਿੱਚ ਲਿਆਵੇਗਾ ਅਤੇ ਉਹਨਾਂ ਨੂੰ ਨਾ ਕੇਵਲ ਸ਼ਬਦਾਂ ਰਾਹੀਂ, **ਕੰਮ** ਰਾਹੀਂ ਸਗੋਂ ਅਮਲ ਰਾਹੀਂ ਸਿੱਖਿਆ ਦੇਵੇਗਾ। ਅਜਿਹਾ ਮਲੀਸ਼ੀਆ ਉਹਨਾ ਕਾਰਜਾਂ ਨੂੰ ਵਿਕਸਤ ਕਰੇਗਾ, ਜੋ ਵਿਗਿਆਨਕ ਭਾਸ਼ਾ ਵਿਚ ਗੱਲ ਕਰਦਿਆਂ, "ਲੋਕ ਭਲਾਈ ਦੀ ਪੁਲਸ" ਦੇ, ਸਿਹਤ ਸਫਾਈ ਦੀ ਪੜਤਾਲ ਦੇ ਦ੍ਰਿਸ਼ਟੀ ਖੇਤਰ ਵਿਚ ਆਉਂਦੇ ਹਨ, ਅਤੇ ਅਜਿਹੇ ਕੰਮ ਲਈ ਸਾਰੀਆਂ ਬਾਲਗ ਇਸਤਰੀਆਂ ਨੂੰ ਦਰਜ ਕਰੇਗਾ। ਜੇ ਔਰਤਾਂ ਨੂੰ ਜਨਤਕ ਕੰਮ ਵਿਚ ਮਲੀਸ਼ੀਆ ਵਿਚ, ਰਾਜਸੀ ਜੀਵਨ ਵਿਚ ਨਹੀਂ ਖਿੱਚਿਆ ਜਾਂਦਾ, ਜੇ ਔਰਤਾਂ ਨੂੰ ਉਹਨਾਂ ਦੇ ਹੋਸ਼ ਗੁੰਮ ਕਰ ਦੇਣ ਵਾਲੇ ਘਰ ਤੇ ਰਸੋਈ ਘਰ ਦੇ ਵਾਤਾਵਰਨ ਤੋਂ ਅੱਡ ਨਹੀਂ ਕੀਤਾ ਜਾਂਦਾ ਤਾਂ ਅਸਲੀ ਆਜ਼ਾਦੀ ਦੀ ਜ਼ਮਾਨਤ ਦੇਣੀ **ਅਸੰਭਵ** ਹੋਵੇਗੀ। ਸੋਸ਼ਲਿਜ਼ਮ ਛੱਡੋ, ਜਨਵਾਦ ਨੂੰ ਵੀ ਉਸਾਰਨਾ ਅਸੰਭਵ ਹੋਏਗਾ।

ਅਜਿਹਾ ਮਲੀਸ਼ੀਆ ਇਕ ਪਰੋਲੇਤਾਰੀ ਮਲੀਸ਼ੀਆ ਹੋਵੇਗਾ, ਕਿਉਂ ਜੋ ਸੱਨਅਤੀ ਤੇ ਸ਼ਹਿਰੀ ਮਜ਼ਦੂਰ ਗ਼ਰੀਬ ਜਨਸਮੂਹਾਂ ਉਤੇ ਆਪਣੇ ਆਗੂ ਪਰਭਾਵ ਉਸੇ ਤਰ੍ਹਾਂ ਪਾਉਣਗੇ ਜਿਵੇਂ ਉਹ 1905-07 ਅਤੇ 1917 ਵਿਚ ਲੋਕਾਂ ਦੀ ਇਨਕਲਾਬੀ ਜਦੋਜਹਿਦ ਵਿਚ ਆਗੂ ਸਥਾਨ ਪਰਾਪਤ ਕਰਨ ਲਈ ਆਏ ਸਨ।

ਅਜਿਹਾ ਮਲੀਸ਼ੀਆ ਕਤੱਈ ਅਮਨ ਚੈਨ ਯਕੀਨੀ ਬਣਾਏਗਾ ਤੇ ਸਮਰਪਣ ਤੌਰ ਤੇ ਕਾਮਰੇਡਾਂ ਵਾਲਾ ਬੰਧੇਜ ਸਥਾਪਤ ਕਰੇਗਾ। ਇਸੇ ਸਮੇਂ ਗੰਭੀਰ ਸੰਕਟ ਵਿਚ, ਜੋ ਲੜਾਈ ਵਿਚ ਜੁੜੇ ਸਾਰੇ ਦੇਸ ਭੋਗ ਰਹੇ ਹਨ; ਇਹ ਇਸ ਸੰਕਟ ਦਾ ਟਾਕਰਾ ਇਕ ਅਸਲ ਜਨਵਾਦੀ ਢੰਗ ਨਾਲ ਕਰਨਾ ਸੰਭਵ ਬਣਾਏਗਾ, ਯੋਗ ਢੰਗ ਤੇ ਤੇਜ਼ੀ ਨਾਲ ਅਨਾਜ ਤੇ ਹੋਰ ਵਸਤਾਂ ਵੰਡੇਗਾ, "ਸਰਬ-ਵਿਆਪੀ ਕਿਰਤ ਸੇਵਾ" ਲਾਗੂ ਕਰੇਗਾ, ਜਿਸ ਨੂੰ ਫਰਾਂਸੀਸੀ ਹੁਣ "ਸ਼ਹਿਰੀ ਲਾਮਬੰਦੀ" ਅਤੇ ਜਰਮਨ "ਸ਼ਹਿਰੀ ਸੇਵਾ" ਆਖਦੇ ਹਨ ਅਤੇ ਜਿਸ ਤੋਂ ਬਿਨਾ ਉਹਨਾਂ ਜ਼ਖਮਾਂ ਨੂੰ ਰਾਜ਼ੀ ਕਰਨਾ **ਅਸੰਭਵ** ਹੈ—**ਅਸੰਭਵ ਹੋਣਾ ਸਿੱਧ ਹੋ ਗਿਆ ਹੈ**—ਜੋ ਲੋਟੂ ਤੇ ਭਿਆਨਕ ਜੰਗ ਵਲੋਂ ਲਾਏ ਗਏ ਹਨ ਤੇ ਲਾਏ ਜਾ ਰਹੇ ਹਨ।

ਕੀ ਰੂਸ ਦੇ ਪਰੋਲੇਤਾਰੀਆਂ ਨੇ ਇਸ ਲਈ ਆਪਣਾ ਲਹੂ ਵਹਾਇਆ ਸੀ ਕਿ ਕੇਵਲ ਰਾਜਸੀ ਜਨਵਾਦੀ ਸੁਧਾਰਾਂ ਦੇ ਇਕਰਾਰ ਪਰਾਪਤ ਕੀਤੇ ਜਾਣ ਤੇ ਹੋਰ ਕੁਝ ਵੀ ਪਰਾਪਤ ਨਾ ਕੀਤਾ ਜਾਵੇ? ਕੀ ਇਹੋ ਹੋ ਸਕਦਾ ਹੈ ਕਿ ਉਹ ਇਹ ਮੰਗ ਨਹੀਂ ਕਰੇਗਾ ਤੇ ਪਰਾਪਤ ਨਹੀਂ ਕਰੇਗਾ ਕਿ **ਹਰ** ਕਿਰਤੀ ਆਪਣੇ ਜੀਵਨ ਵਿਚ ਕੁਝ ਸੁਧਾਰ ਵੇਖੇ ਤੇ ਮਹਿਸੂਸ ਕਰੇ? ਕਿ ਹਰ ਪਰਵਾਰ ਨੂੰ ਰੋਟੀ ਪਰਾਪਤ ਹੋਵੇ? ਕਿ ਹਰ ਬੱਚੇ ਨੂੰ ਚੰਗੇ ਦੁੱਧ ਦੀ ਇਕ ਬੋਤਲ ਮਿਲਣੀ ਚਾਹੀਦੀ ਹੈ ਅਤੇ ਇਕ ਅਮੀਰ ਪਰਵਾਰ ਦਾ ਇਕ ਵੀ ਬਾਲਗ ਓਨਾ ਚਿਰ ਵਾਧੂ ਦੁੱਧ ਨਾ ਪਰਾਪਤ ਕਰੇ ਜਦੋਂ

ਤਕ ਬੱਚਿਆਂ ਨੂੰ ਦੁੱਧ ਮੁਹੱਈਆ ਨਾ ਕੀਤਾ ਜਾ ਸਕੇ ? ਕਿ ਜ਼ਾਰ ਤੇ ਅਮੀਰਸ਼ਾਹੀ ਵਲੋਂ ਵਿਹਲੇ ਕੀਤੇ ਗਏ ਮਹੱਲ ਤੇ ਇਮਾਰਤਾਂ ਵਿਹਲੀਆਂ ਨਹੀਂ ਪਈਆਂ ਰਹਿਣੀਆਂ ਚਾਹੀਦੀਆਂ, ਸਗੋਂ ਬੇਸਹਾਰਿਆਂ ਤੇ ਦੁਖਾਂ ਮਾਰਿਆਂ ਨੂੰ ਵਸੇਬਾ ਮਿਲਣਾ ਚਾਹੀਦਾ ਹੈ ? ਲੋਕ ਮਲੀਸ਼ੀਆ ਤੋਂ ਬਿਨਾਂ ਹੋਰ ਕਿਹੜਾ ਇਹਨਾਂ ਕਦਮਾਂ ਨੂੰ ਨੇਪਰੇ ਚਾੜ੍ਹ ਸਕਦਾ ਹੈ ਜਿਸ ਮਲੀਸ਼ੀਆ ਵਿਚ ਔਰਤਾਂ ਨੂੰ ਬਰਾਬਰ ਦਾ ਸਥਾਨ ਪਰਾਪਤ ਹੋਣਾ ਚਾਹੀਦਾ ਹੈ ?

ਅਜਿਹੇ ਕਦਮ **ਅਜੇ** ਸੋਸ਼ਲਿਜਮ ਦਾ ਹਿੱਸਾ ਨਹੀਂ ਹਨ। ਇਹਨਾਂ ਦਾ ਸਬੰਧ ਖਪਤਕਾਰੀ ਵਸਤਾਂ ਦੀ ਵੰਡ ਨਾਲ ਹੈ, ਪੈਦਾਵਾਰ ਦੀ ਮੁੜ ਜਥੇਬੰਦੀ ਨਾਲ ਨਹੀਂ ਹੈ। ਉਹ ਅਜੇ "ਪਰੋਲੇ-ਤਾਰੀਆ ਦੀ ਡਿਕਟੇਟਰਸ਼ਿਪ" ਨਹੀਂ ਸਿਰਜਣਗੇ, ਕੇਵਲ "ਪਰੋਲੇਤਾਰੀਆ ਤੇ ਕਿਰਸਾਨੀ ਦੀ ਇਨਕਲਾਬੀ-ਜਨਵਾਦੀ ਡਿਕਟੇਟਰਸ਼ਿਪ" ਸਿਰਜਣਗੇ। ਹੁਣ, ਇਕ ਸਿਧਾਂਤਕ ਸ਼ਰੇਣੀਕਰਣ ਲੱਭਣ ਦਾ ਮਾਮਲਾ ਨਹੀਂ ਹੈ। ਅਸੀਂ ਇਕ ਬਹੁਤ ਭਾਰੀ ਗਲਤੀ ਕਰ ਰਹੇ ਹੋਵਾਂਗੇ ਜੇ ਅਸਾਂ ਇਨਕਲਾਬ ਦੇ ਜਟਲ, ਜਬਰੀ, ਤੇਜ਼ੀ ਨਾਲ ਵਿਕਸਤ ਹੋ ਰਹੇ ਕਾਰਜਾਂ ਨੂੰ ਸਿਧਾਂਤ ਨੂੰ ਪਰਮੁਖ ਤੌਰ ਤੇ ਅਮਲ ਵੱਲ **ਗਾਈਡ** ਵਜੋਂ ਸਮਝਣ ਦੀ ਥਾਂ ਤੰਗ ਨਜ਼ਰੀ ਨਾਲ ਅਪਣਾਏ ਸਿਧਾਂਤ ਦੇ ਆਪਹੁਦਰੇਪਣ ਵੱਲ ਧੱਕਣ ਦਾ ਯਤਨ ਕੀਤਾ।

ਕੀ ਰੂਸੀ ਮਜ਼ਦੂਰਾਂ ਦੇ ਜਨਸਮੂਹਾਂ ਕੋਲ ਕਾਫੀ ਜਮਾਤੀ ਚੇਤਨਤਾ ਹੈ, ਸਿੱਧੀ ਇਨਕਲਾਬੀ ਜਦੋਜਹਿਦ ਵਿਚ ਦਲੇਰੀ, ਪਹਿਲ-ਕਦਮੀ ਤੇ ਸਵੈ-ਕੁਰਬਾਨੀ ਦੇ ਚਮਤਕਾਰ ਵਿਖਾਉਣ ਦੇ ਮਗਰੋਂ ਕੀ ਉਹਨਾਂ ਕੋਲ "ਪਰੋਲੇਤਾਰੀ ਜਥੇਬੰਦੀ ਦੇ ਚਮਤਕਾਰ" ਵਿਖਾਉਣ ਲਈ ਮਜ਼ਬੂਤੀ ਤੇ ਸੂਟਮਗਤੀ ਹੈ ? ਇਸ ਬਾਰੇ ਅਸੀਂ ਜਾਣਦੇ ਨਹੀਂ ਹਾਂ ਅਤੇ ਅਨੁਮਾਨ ਲਾਉਣੇ ਸਮਾਂ ਨਸ਼ਟ ਕਰਨ ਵਾਲੀ ਗੱਲ ਹੋਵੇਗੀ, ਕਿਉਂ ਜੋ **ਕੇਵਲ** ਅਮਲ ਹੀ ਅਜਿਹੇ ਸੁਆਲਾਂ ਦਾ ਜਵਾਬ ਦੇਂਦਾ ਹੈ।

ਜਿਹੜੀ ਗੱਲ ਸਾਨੂੰ ਨਿਸਚਿਤ ਰੂਪ ਵਿਚ ਜਾਨਣੀ ਚਾਹੀਦੀ ਹੈ, ਅਤੇ ਇਕ ਪਾਰਟੀ ਵਜੋਂ ਕੀ ਸਾਨੂੰ ਜਨਸਮੂਹ ਨੂੰ ਦਸਣਾ ਚਾਹੀਦਾ ਹੈ, ਉਹ ਹੈ, ਇਕ ਪਾਸੇ, ਇਤਿਹਾਸ ਦੇ ਇੰਜਣ ਦੀ ਅਥਾਹ ਭਾਰੀ ਸ਼ਕਤੀ ਜੋ ਇਕ ਬੇਮਿਸਾਲ ਸੰਕਟ, ਭੁੱਖ-ਮਰੀ ਤੇ ਅਣਗਿਣਤ ਮੁਸੀਬਤਾਂ ਪੈਦਾ ਕਰ ਰਹੀ ਹੈ। ਇਹ ਇੰਜਣ ਜੰਗ ਹੈ, ਜੋ **ਦੋਵੇਂ** ਲੜਾਕੂ ਧੜਿਆਂ ਦੇ ਪੂੰਜੀਪਤੀਆਂ ਵਲੋਂ ਲੋਟੂ ਮੰਤਵਾਂ ਲਈ ਛੇੜੀ ਗਈ ਹੈ। ਇਸ "ਇੰਜਣ" ਨੇ ਕਈ ਅਤਿ ਅਮੀਰ, ਅਤਿ ਆਜ਼ਾਦ ਤੇ ਬਹੁਤ ਹੀ ਸੂਝਵਾਨ ਕੌਮਾਂ ਨੂੰ ਤਬਾਹੀ ਦੇ ਕੰਢੇ ਉਤੇ ਲਿਆ ਖੜਾ ਕੀਤਾ ਹੈ। ਇਹ ਕੌਮਾਂ ਦੀਆਂ ਆਪਣੀਆਂ ਬਹੁਤ ਜ਼ਰੂਰੀ ਸਾਰੀਆਂ ਸ਼ਕਤੀਆਂ ਉਤੇ ਦਬਾਅ ਪਾ ਰਿਹਾ ਹੈ, ਉਹਨਾਂ ਨੂੰ ਅਸਹਿ ਹਾਲਤਾਂ ਦਾ ਸ਼ਿਕਾਰ ਬਣਾ ਰਿਹਾ ਹੈ, ਇਸ ਸਮੇਂ ਕੁਝ "ਸਿਧਾਂਤਾਂ" ਨੂੰ ਅਮਲ ਵਿਚ ਨਹੀਂ ਲਿਆ ਗਿਆ। ਸਗੋਂ ਬਹੁਤ ਹੀ ਅਤਿ ਦੇ ਕਦਮਾਂ ਨੂੰ ਅਮਲ ਵਿਚ ਲਿਆ ਰਿਹਾ ਹੈ, ਕਿਉਂ ਜੋ ਅਤਿ ਦੇ ਕਦਮਾਂ ਤੋਂ **ਬਿਨਾਂ** ਮੌਤ ਭੁੱਖ-ਮਰੀ ਤੋਂ ਤੁਰੰਤ ਤੇ ਯਕੀਨੀ ਮੌਤ—ਕਰੋੜਾਂ ਲੋਕਾਂ ਨੂੰ ਉਡੀਕਦੀ ਹੈ।

ਕੀ ਅਗਾਂਹਵਧੂ ਜਮਾਤ ਦਾ ਇਨਕਲਾਬੀ ਇਕ **ਇਕ ਬਹੁਤ ਵੱਡਾ ਮਾਅਰਕਾ** ਵਿਖਾ ਸਕਦਾ ਹੈ ਜਦੋਂ ਬਾਹਰਮੁਖੀ ਹਾਲਤ ਸਮੁੱਚੀ ਕੌਮ ਕੋਲੋਂ ਅਤਿ ਦੇ ਕਦਮਾਂ ਦੀ **ਮੰਗ** ਕਰਦੀ ਹੈ, ਇਸ ਲਈ ਸਬੂਤ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਪੱਖ ਨੂੰ ਰੂਸ ਵਿਚਲੇ ਹਰ ਵਿਅਕਤੀ ਨੇ ਸਪਸ਼ਟ ਤੌਰ ਤੇ ਵੇਖ ਲਿਆ ਤੇ **ਮਹਿਸੂਸ** ਕਰ ਲਿਆ ਹੈ।

ਇਸ ਸਮਝਣਾ ਜ਼ਰੂਰੀ ਹੈ ਕਿ ਇਨਕਲਾਬੀ ਸਮਿਆਂ ਵਿਚ ਬਾਹਰਮੁਖੀ ਹਾਲਤ ਉਸੇ ਤੇਜ਼ੀ ਨਾਲ ਬਦਲਦੀ ਹੈ ਜਿਵੇਂ ਆਮ ਤੌਰ ਤੇ ਜੀਵਨ ਦੀ ਲਹਿਰ ਬਦਲਦੀ ਹੈ ਅਤੇ ਸਾਨੂੰ ਹਰ ਸਬੰਧਤ ਹਾਲਾਤ ਦੇ **ਵਿਸ਼ੇਸ਼ ਲੱਛਣ** ਦੇ ਅਨੁਕੂਲ ਆਪਣੇ ਦਾਅਪੇਚਾਂ ਤੇ ਫੌਰੀ ਕਾਰਜਾਂ ਨੂੰ

ਢਾਲਣ ਦੇ ਯੋਗ ਹੋਣਾ ਚਾਹੀਦਾ ਹੈ। ਫਰਵਰੀ 1917 ਤੋਂ ਪਹਿਲਾਂ, ਫੌਰੀ ਕਾਰਜ ਇਹ ਸੀ ਕਿ ਜ਼ੋਰਦਾਰ ਇਨਕਲਾਬੀ ਕੌਮਾਂਤਰੀਵਾਦੀ ਪਰਚਾਰ ਕੀਤਾ ਜਾਵੇ, ਜਨਸਮੂਹ ਨੂੰ ਲੜਨ ਦਾ ਸੱਦਾ ਦਿਤਾ ਜਾਵੇ, ਉਹਨਾਂ ਵਿਚ ਉਤਸ਼ਾਹ ਭਰਿਆ ਜਾਵੇ। ਫਰਵਰੀ-ਮਾਰਚ ਦੇ ਦਿਨਾਂ ਵਿਚ ਆਪਣੇ ਫੌਰੀ ਦੁਸ਼ਮਣ ਜ਼ਾਰਸ਼ਾਹੀ ਨੂੰ ਨਸ਼ਟ ਕਰਨ ਲਈ ਸਮਰਪਤ ਜਦੋਜਹਿਦ ਦੀ ਸੂਰਮਗਤੀ ਦੀ ਜ਼ਰੂਰਤ ਸੀ। ਹੁਣ ਅਸੀਂ ਇਨਕਲਾਬ ਦੇ ਉਸ ਪਹਿਲੇ ਪੜਾਅ ਤੋਂ ਦੂਜੇ ਪੜਾਅ ਵੱਲ, ਜ਼ਾਰਸ਼ਾਹੀ ਨਾਲ "ਦਸਤਪੰਜਾ ਲੈਣ" ਤੋਂ ਗੂਚਕੋਵ-ਮਿਲੀਓਕੋਵ ਜਗੀਰਦਾਰ ਤੇ ਪੂੰਜੀਪਤੀ ਸਾਮਰਾਜ ਨਾਲ "ਦਸਤਪੰਜਾ ਲੈਣ" ਵੱਲ ਤਬਦੀਲੀ ਦੇ ਸਮੇਂ ਵਿਚ ਹਾਂ। ਫੌਰੀ ਕਾਰਜ **ਜਥੇਬੰਦੀ** ਹੈ। ਸਿੱਕੇਬੰਦ ਜਥੇਬੰਦੀਆ ਬਨਾਉਣ ਲਈ ਕੇਵਲ ਕੰਮ ਦੀ ਸਿੱਕੇਬੰਦ ਅਰਥਾਂ ਵਿਚ ਨਹੀਂ, ਸਗੋਂ ਦਬੀਆਂ ਕੁਚਲੀਆਂ ਜਮਾਤਾਂ ਦੇ ਬੇਮਿਸਾਲ ਤੌਰ ਤੇ ਵਿਸ਼ਾਲ ਸਮੂਹਾਂ ਨੂੰ ਇਕ ਅਜਿਹੀ ਜਥੇਬੰਦੀ ਵਿਚ ਲਿਆਉਣ ਦੇ ਅਰਥਾਂ ਵਿਚ ਜੋ ਰਾਜ ਦੇ ਫੌਜੀ, ਰਾਜਨੀਤਕ ਤੇ ਆਰਥਕ ਕਾਰਜਾਂ ਨੂੰ ਆਪਣੇ ਹੱਥਾਂ ਵਿਚ ਲੈ ਲਵੇਗੀ।

ਪਰੋਲੇਤਾਰੀਆ ਨੇ ਇਸ ਇਕਹਿਰੇ ਕਾਰਜ ਵਲ ਵੱਖ ਵੱਖ ਢੰਗਾਂ ਨਾਲ ਪਹੁੰਚ ਕੀਤੀ ਹੈ ਅਤੇ ਕਰੇਗਾ। ਰੂਸ ਦੇ ਕੁਝ ਭਾਗਾਂ ਵਿਚ ਫਰਵਰੀ-ਮਾਰਚ ਇਨਕਲਾਬ ਇਸ ਦੇ ਹੱਥਾਂ ਵਿਚ ਲਗਪਗ ਸੰਪੂਰਨ ਸੱਤਾ ਸੌਂਪਦਾ ਹੈ। ਦੂਜਿਆਂ ਭਾਗਾਂ ਵਿਚ ਪਰੋਲੇਤਾਰੀਆ, ਸ਼ਾਇਦ, "ਅਨਾਇਪੂਰਵਕ" ਢੰਗ ਨਾਲ ਇਕ ਪਰੋਲੇਤਾਰੀ ਪਾਲਸ਼ੀਆਂ ਬਣਾਉਣਾ ਉਤੇ ਵਿਕਸਿਤ ਕਰਨਾ ਸ਼ੁਰੂ ਕਰਦਾ ਹੈ। ਕੁਝ ਹੋਰ ਵੀ ਭਾਗਾ ਵਿਚ ਇਹ ਵਿਆਪਕ ਮਤਦਾਨ ਦੇ ਆਧਾਰ ਉਤੇ ਸ਼ਹਿਰੀ ਤੇ ਪੇਂਡੂ ਸਥਾਨਕ ਅਦਾਰਿਆਂ ਦੀਆਂ ਤੁਰੰਤ ਚੋਣਾਂ ਲਈ ਯਤਨ ਕਰੇਗਾ ਤਾਂ ਜੋ ਉਹਨਾਂ ਨੂੰ ਇਨਕਲਾਬੀ ਕੇਂਦਰਾਂ ਆਦਿ ਵਿਚ ਬਦਲ ਦਿਤਾ ਜਾਵੇ, ਜਦੋਂ ਤਕ ਪਰੋਲੇਤਾਰੀ ਜਥੇਬੰਦੀ ਦਾ ਵਾਧਾ ਨਹੀਂ ਹੁੰਦਾ, ਸਿਪਾਹੀ ਤੇ ਮਜ਼ਦੂਰ ਇਕ-ਮੁੱਠ ਨਹੀਂ ਹੁੰਦੇ, ਜਦੋਂ ਤਕ ਕਿਰਸਾਣੀ ਵਿਚ ਲਹਿਰ ਅਤੇ ਗੂਚਕੋਵ ਅਤੇ ਮਿਲੀਓਕੋਵ ਦੀ ਜੰਗੀ-ਸਾਮਰਾਜੀ ਸਰਕਾਰ ਵਿਚ ਬਹੁਤੇ ਲੋਕਾਂ ਦੀ ਬੇਭਰੋਸਗੀ ਉਸ ਘੜੀ ਨੂੰ ਨੇੜੇ ਨਹੀਂ ਲਿਆਉਂਦੀ ਜਦੋਂ ਇਸ ਸਰਕਾਰ ਦੀ ਥਾਂ ਤੇ ਮਜ਼ਦੂਰਾਂ ਦੇ ਡਿਪਟੀਆਂ ਦੀ ਸੀਮਤ ਦੀ "ਸਰਕਾਰ" ਸਥਾਪਤ ਨਹੀਂ ਹੁੰਦੀ।

ਨਾ ਹੀ ਸਾਨੂੰ ਇਹ ਭੁਲਣਾ ਚਾਹੀਦਾ ਹੈ ਕਿ ਸੇਂਟ ਪੀਟਰਜ਼ਬਰਗ ਦੇ ਨੇੜੇ ਇਕ ਬਹੁਤ ਹੀ ਵਿਕਸਤ, ਅਸਲ ਵਿਚ ਗਣਰਾਜੀ ਦੇਸ਼, ਭਾਵ, ਫਿਨਲੈਂਡ ਹੈ ਜਿਸ ਨੇ 1905 ਤੋਂ 1917 ਤਕ ਰੂਸ ਦੀਆਂ ਇਨਕਲਾਬੀ ਲੜਾਈਆਂ ਦੀ ਢਾਲ ਹੇਠ, ਇਕ ਮੁਕਾਬਲਤਨ ਸ਼ਾਂਤਮਈ ਢੰਗ ਨਾਲ ਜਨਵਾਦ ਵਿਕਸਿਤ ਕੀਤਾ ਹੈ ਅਤੇ ਸੋਸ਼ਲਿਜ਼ਮ ਲਈ ਲੋਕਾਂ ਦੀ **ਬਹੁਗਿਣਤੀ** ਨੂੰ ਜਿੱਤ ਲਿਆ ਹੈ। ਰੂਸੀ ਪਰੋਲੇਤਾਰੀਆ ਫਿਨਲੈਂਡ ਦੀ ਰੀਪਬਲਿਕ ਨੂੰ ਸੰਪੂਰਨ ਆਜ਼ਾਦੀ ਦੀ ਜ਼ਮਾਨਤ ਦੇਵੇਗਾ, ਜਿਸ ਵਿਚ ਵੱਖ ਹੋਣ ਦੀ ਆਜ਼ਾਦੀ ਵੀ ਸ਼ਾਮਲ ਹੈ (ਹੁਣ ਇਹ ਸ਼ੰਕੇ ਵਾਲੀ ਗੱਲ ਹੈ ਕਿ ਇਕ ਵੀ ਸੋਸ਼ਲ-ਡੈਮੋਕਰੇਟ ਉਦੋਂ ਇਸ ਨੁਕਤੇ ਉਤੇ ਜਕੋ ਤਕੀ ਕਰੇਗਾ ਜਦੋਂ ਕੈਡਟ ਰੋਡੀਚੇਵ ਹੇਲਸਿੰਗਫੋਰਸ ਵਿਚ ਮਹਾਨ ਰੂਸੀਆਂ ਲਈ ਤੁੱਛ ਰਿਆਇਤਾਂ ਪ੍ਰਾਪਤ ਕਰਨ ਲਈ ਇਤਨੇ ਘਟੀਆ ਢੰਗ ਨਾਲ ਰੇੜਕਾ ਪਾਈ ਬੈਠਾ ਹੈ)—ਅਤੇ ਮੁੱਖ ਤੌਰ ਤੇ ਇਸ ਢੰਗ ਨਾਲ ਸਰਵ ਰੂਸੀ ਪਰੋਲੇਤਾਰੀ ਕਾਜ਼ ਲਈ ਫਿਨਲੈਂਡ ਦੇ ਮਜ਼ਦੂਰਾਂ ਦਾ **ਸੰਪੂਰਨ** ਵਿਸ਼ਵਾਸ ਤੇ ਸਾਥੀਆਂ ਮਾਲੀ ਸਹਾਇਤਾ ਪ੍ਰਾਪਤ ਕਰ ਲਵੇਗਾ। ਇਕ ਔਖੀ ਤੇ ਵੱਡੀ ਜ਼ਿੰਮੇਵਾਰੀ ਵਿਚ ਗਲਤੀਆਂ ਅਟੱਲ ਹਨ, ਨਾ ਹੀ ਅਸੀਂ ਉਹਨਾਂ ਨੂੰ ਟਾਲਾਂਗੇ। ਫਿਨਲੈਂਡ ਦੇ ਮਜ਼ਦੂਰ ਵਧੀਆ ਜਥੇਬੰਦਕ ਹਨ, ਉਹ ਇਸ ਖੇਤਰ ਵਿਚ ਸਾਡੀ ਮੱਦਦ ਕਰਨਗੇ, ਉਹ, **ਆਪਣੇ ਢੰਗ ਅਨੁਸਾਰ** ਸੋਸ਼ਲਿਸਟ

ਰੀਪਬਲਿਕ ਦੀ ਸਥਾਪਨਾ ਨੂੰ ਅਗਾਂਹ ਵਧਾਉਣਗੇ।

ਖਾਸ ਰੂਸ ਵਿਚ ਇਨਕਲਾਬੀ ਜਿੱਤਾਂ—ਇਹਨਾਂ ਜਿੱਤਾਂ ਰਾਹੀਂ ਸੁਰੱਖਿਅਤ ਫਿਨਲੈਂਡ ਵਿਚ ਸ਼ਾਂਤਮਈ ਜਥੇਬੰਦਕ ਸਫਲਤਾਵਾਂ—ਰੂਸੀ ਮਜ਼ਦੂਰਾਂ ਦੀ ਇਕ ਨਵੇਂ ਪੈਮਾਨੇ ਤੇ ਇਨਕਲਾਬੀ ਜਥੇਬੰਦਕ ਕਾਰਜਾਂ ਨਾਲ ਤਬਦੀਲੀ—ਵਸੋਂ ਦੇ ਪਰੋਲੋਤਾਰੀ ਤੇ ਅਤਿ ਗ਼ਰੀਬ ਤਬਕੇ ਵਲੋਂ ਸੱਤਾ ਉਤੇ ਕਬਜ਼ਾ—ਪੱਛਮ ਵਿਚ ਸੋਸ਼ਲਿਸਟ ਇਨਕਲਾਬ ਦਾ ਉਤਸ਼ਾਹ ਤੇ ਵਿਕਾਸ—ਇਹ ਉਹ ਮਾਰਗ ਹੈ ਜੋ ਸਾਨੂੰ **ਅਮਨ** ਤੇ **ਸੋਸ਼ਲਿਜ਼ਮ** ਵੱਲ ਲੈ ਜਾਵੇਗਾ।

ਐਨ. ਲੈਨਿਨ

ਜ਼ਿਊਰਿਖ, 11 (24) ਮਾਰਚ, 1917
ਪਹਿਲਾਂ ਰਸਾਲਾ **ਦੀ ਕਮਿਊਨਿਸਟ ਇੰਟਰਨੈਸ਼ਨਲ** ਦੇ ਨੰਬਰ 3-4 1924
ਵਿਚ ਪ੍ਰਕਾਸ਼ਤ ਹੋਈ।

# ਸਵਿੱਸ ਮਜ਼ਦੂਰਾਂ ਨੂੰ ਵਿਦਾਇਗੀ ਚਿੱਠੀ

**ਸਾਥੀਓ**, ਸਵਿੱਸ ਮਜ਼ਦੂਰੋ,

ਆਪਣੇ ਦੇਸ਼ ਵਿਚ ਕੌਮਾਂਤਰੀ ਇਨਕਲਾਬੀ ਸਰਗਰਮੀ ਜਾਰੀ ਰੱਖਣ ਲਈ, ਰੂਸ ਜਾਣ ਲਈ ਸਵਿਟਜ਼ਰਲੈਂਡ ਨੂੰ ਛੱਡਦਿਆਂ, ਅਸੀਂ ਕੇਂਦਰੀ ਕਮੇਟੀ ਅਧੀਨ ਸੰਗਠਤ ਰੂਸੀ ਸੋਸ਼ਲ ਡੈਮੋਕਰੇਟਿਕ ਪਾਰਟੀ ਦੇ ਮੈਂਬਰ, (**ਇਕ ਹੋਰ** ਪਾਰਟੀ ਨਾਲੋਂ ਜਿਸ ਦਾ **ਇਹੋ** ਨਾਮ ਹੈ, ਪਰ ਜੋ ਆਰਗੇਨਾਈਜ਼ਿੰਗ ਕਮੇਟੀ ਅਧੀਨ ਸੰਗਠਤ ਹੈ, ਵਖਰਾਉਣ ਵਜੋਂ) ਰਾਜਨੀਤਕ ਪਰਵਾਸੀਆਂ ਨਾਲ ਤੁਹਾਡੇ ਸਾਥੀਆਂ ਵਰਗੇ ਵਰਤਾਉ ਲਈ ਤੁਹਾਨੂੰ ਭਰਾਤਰੀ ਵਧਾਈਆਂ ਅਤੇ ਆਪਣਾ ਡੂੰਘਾ ਧੰਨਵਾਦ ਪੇਸ਼ ਕਰਦੇ ਹਾਂ ।

ਜੇ **ਪਰਵਾਨਤ** ਸੋਸ਼ਲ-ਦੇਸ਼ ਭਗਤ ਤੇ ਅਵਸਰਵਾਦੀ, ਸਵਿੱਸ ਗਰੂਟਲੀਅਨ, ਜਿਹੜੇ ਸਾਰੇ ਦੇਸ਼ਾਂ ਦੇ ਸੋਸ਼ਲ-ਦੇਸ਼ ਭਗਤਾਂ ਵਾਂਗ ਪਰੋਲੇਤਾਰੀ ਦੇ ਕੈਂਪ ਨੂੰ ਤਿਆਗ ਕੇ ਬੁਰਜੂਆਜ਼ੀ ਦੇ ਕੈਂਪ ਵਿਚ ਚਲੇ ਗਏ ਹਨ; ਜੇ ਉਹਨਾਂ ਲੋਕਾਂ ਨੇ **ਖੁਲ੍ਹੇ ਤੌਰ ਤੇ** ਤੁਹਾਨੂੰ ਸਵਿੱਸ ਮਜਦੂਰ ਲਹਿਰ ਉਤੇ ਬਦੇਸ਼ੀਆਂ ਦੇ ਹਾਨੀਕਾਰਕ ਪਰਭਾਵ ਦੇ ਵਿਰੁਧ ਲੜਨ ਲਈ ਸੱਦਾ ਦਿੱਤਾ ਹੈ; ਜੇ **ਲੁਕੇ ਹੋਏ** ਸੋਸ਼ਲ-ਦੇਸ਼ਭਗਤ ਤੇ ਅਵਸਰਵਾਦੀ, ਜਿਨ੍ਹਾਂ ਦੀ ਸਵਿੱਸ ਸੋਸ਼ਲਿਸਟ ਪਾਰਟੀ ਵਿਚ ਬਹੁ-ਗਿਣਤੀ ਹੈ, **ਪਰਦੇ ਹੇਠ** ਉਹੋ ਦਾਅ ਪੇਚ ਅਪਣਾ ਰਹੇ ਹਨ, ਅਸੀਂ ਇਹ ਬਿਆਨ ਕਰਨਾ ਅਪਣਾ ਫ਼ਰਜ਼ ਸਮਝਦੇ ਹਾਂ ਕਿ ਸਵਿਟਜ਼ਰਲੈਂਡ ਦੇ ਇਨਕਲਾਬੀ, ਕੌਮਾਂਤਰੀਵਾਦੀ ਸੋਸ਼ਲਿਸਟ ਮਜ਼ਦੂਰਾਂ ਵਲੋਂ ਸਾਨੂੰ ਨਿੱਘੀ ਹਮਦਰਦੀ ਪਰਾਪਤ ਹੋਈ ਹੈ ਅਤੇ ਉਹਨਾਂ ਨਾਲ ਸਾਥੀਆਂ ਵਰਗੇ ਸਬੰਧਾਂ ਤੋਂ ਅਸੀਂ ਬਹੁਤ ਭਾਰੀ ਲਾਭ ਪਰਾਪਤ ਕੀਤਾ ਹੈ ।

ਅਸਾਂ ਉਹਨਾਂ ਸੁਆਲਾਂ ਨਾਲ ਨਿਪਟਣ ਸਮੇਂ ਵਿਸ਼ੇਸ਼ ਤੌਰ ਤੇ ਸਾਵਧਾਨ ਰਹੇ ਹਾਂ, ਜਿਨ੍ਹਾਂ ਨੂੰ ਸਮਝਣ ਲਈ ਸਵਿੱਸ ਲਹਿਰ ਵਿਚ ਲੰਮੀ ਸਮੂਲੀਅਤ ਦੀ ਜ਼ਰੂਰਤ ਹੈ । ਪਰ ਸਾਡੇ ਵਿਚੋਂ ਉਹ—ਅਤੇ ਜੋ ਮੁਸ਼ਕਲ ਨਾਲ 10 ਜਾਂ 15 ਸਨ—ਜਿਹੜੇ ਸਵਿੱਸ ਸੋਸ਼ਲਿਸਟ ਪਾਰਟੀ ਦੇ ਮੈਂਬਰ ਰਹੇ ਹਨ—ਉਹਨਾਂ ਨੇ ਕੌਮਾਂਤਰੀ ਸੋਸ਼ਲਿਸਟ ਲਹਿਰ ਦੇ ਆਮ ਤੇ ਬੁਨਿਆਦੀ ਸੁਆਲਾਂ ਬਾਰੇ ਆਪਣਾ ਦ੍ਰਿਸ਼ਟੀਕੋਣ. ਜ਼ਿਮੇਰਵਾਲਡ ਲੇਫ਼ਟ ਦਾ ਦ੍ਰਿਸ਼ਟੀਕੋਣ, ਕਰੜਾਈ ਨਾਲ ਬਹਾਲ ਰੱਖਣਾ ਅਪਣਾ ਫ਼ਰਜ਼ ਸਮਝਿਆ ਹੈ । ਅਸਾਂ ਨਾ ਕੇਵਲ ਸੋਸ਼ਲ-ਦੇਸ਼ ਭਗਤਾਂ ਦੇ ਵਿਰੁੱਧ, ਸਗੋਂ ਅਖੌਤੀ "ਕੇਂਦਰਵਾਦੀ" ਰੁਝਾਣ ਦੇ ਵਿਰੁੱਧ ਵੀ ਦ੍ਰਿੜ੍ਹਤਾ ਨਾਲ ਲੜਨਾ ਅਪਣਾ ਫ਼ਰਜ਼ ਸਮਝਿਆ ਹੈ, ਜਿਸ "ਕੇਂਦਰਵਾਦੀ" ਰੁਝਾਣ ਦੇ ਹੇਠ ਲਿਖੇ ਸਮਰਥਕ ਹਨ : ਸਵਿਟਜ਼ਰਲੈਂਡ ਵਿਚ ਆਰ. ਗਰਿਮ, ਐਫ਼. ਸ਼ਨੀਦਰ, ਜੈਕੁਇਜ਼ ਸ਼ਮਿੱਦ ਤੇ ਹੋਰ; ਜਰਮਨੀ ਵਿਚ ਕਾਟਸਕੀ, ਹਾਅਸੇ ਅਤੇ ਆਰਬੀਟਸ

ਜ਼ੇਮੀਨਸ਼ਾਫਟ; ਫਰਾਂਸ ਵਿਚ ਲੌਂਗਵੈਦ ਪਰੇਸਮੈਨ ਤੇ ਹੋਰ ਅਤੇ ਇੰਗਲੈਂਡ ਵਿਚ ਸਨੋਡੇਨ, ਰੈਮਜ਼ੇ ਮੈਕਡੋਨਲਡ ਤੇ ਹੋਰ; ਇਟਲੀ ਵਿਚ ਤੂਰਾਤੀ, ਟਰੇਵੇਸ ਤੇ ਉਹਨਾਂ ਦੇ ਦੋਸਤ; ਅਤੇ ਰੂਸ ਵਿਚ ਆਰਗੇਨਾਈਜ਼ਿੰਗ ਕਮੇਟੀ ਅਧੀਨ ਉਪਰ ਵਰਣਤ ਪਾਰਟੀ (ਐਕਸੇਲਰਾਡ, ਮਾਰਤੋਵ, ਚਖੀਦਜ਼ੇ, ਸਕੋਬੇਲੇਵ ਤੇ ਹੋਰ)।

ਅਸਾਂ ਸਵਿਟਜ਼ਰਲੈਂਡ ਵਿਚਲੇ ਇਨਕਲਾਬੀ ਸੋਸ਼ਲ-ਡੇਮੋਕਰੈਟਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ, ਮਿਲ ਕੇ, ਵਿਸ਼ੇਸ਼ ਤੌਰ ਤੇ ਰਸਾਲੇ **ਫਰੀਅ ਜੂਜੇਂਡ** ਦੇ ਦੁਆਲੇ ਕੰਮ ਕੀਤਾ ਹੈ। ਉਹਨਾਂ ਨੇ ਜੰਗ ਸਬੰਧੀ ਪਾਰਟੀ ਦੇ ਵਤੀਰੇ ਬਾਰੇ ਵਿਚਾਰ ਕਰਨ ਲਈ ਅਪਰੈਲ 1917 ਵਿਚ ਇਕ ਪਾਰਟੀ ਕਾਂਗਰਸ ਦੇ ਹੱਕ ਵਿਚ ਇਕ ਲੋਕਮਤ ਲਈ ਸੁਝਾਅ ਤਿਆਰ ਕੀਤੇ ਤੇ ਉਹਨਾਂ ਨੂੰ (ਜਰਮਨ ਤੇ ਫਰਾਂਸੀਸੀ ਭਾਸ਼ਾਵਾਂ ਵਿਚ) ਪਰਕਾਸ਼ਤ ਕੀਤਾ। ਟੋਸ ਵਿਚ ਜ਼ਿਊਰਿਖ ਕੈਂਟੋਨਾਲ ਕਾਂਗਰਸ ਵਿਚ ਉਹਨਾਂ ਨੇ ਕਾਂਗੋ ਦੇ ਮਸਲੇ ਬਾਰੇ ਯੁਵਕਾਂ ਤੇ "ਖੱਬੇ ਪੱਖੀਆਂ" ਵਲੋਂ ਇਕ ਮਤਾ ਪੇਸ਼ ਕੀਤਾ ਅਤੇ ਮਾਰਚ 1917 ਵਿਚ ਫਰਾਂਸੀਸੀ ਸਵਿਟਜ਼ਰਲੈਂਡ ਦੇ ਕੁਝ ਇਲਾਕਿਆਂ ਵਿਚ ਇਕ ਇਸ਼ਤਿਹਾਰ ਫਰਾਂਸੀਸੀ ਤੇ ਜਰਮਨ ਭਾਸ਼ਾਵਾਂ ਵਿਚ ਜਾਰੀ ਕੀਤਾ ਤੇ ਫੇਰਿਆ, ਜਿਸ ਦਾ ਸਿਰਲੇਖ ਸੀ: "ਸਾਡੀਆਂ ਅਮਨ ਸ਼ਰਤਾਂ"।

ਇਹਨਾਂ ਸਾਥੀਆਂ ਨੂੰ, ਜਿਨ੍ਹਾਂ ਦੇ ਵਿਚਾਰਾਂ ਨਾਲ ਅਸੀਂ ਸਹਿਮਤ ਹਾਂ ਅਤੇ ਜਿਨ੍ਹਾਂ ਨਾਲ ਅਸਾਂ ਮਿਲ ਕੇ ਕੰਮ ਕੀਤਾ ਹੈ, ਅਸੀਂ ਭਰਾਤਰੀ ਵਧਾਈਆਂ ਪੇਸ਼ ਕਰਦੇ ਹਾਂ।

ਸਾਨੂੰ ਰਤਾ ਜਿੰਨਾ ਵੀ ਸੰਦੇਹ ਨਹੀਂ ਹੈ ਕਿ ਇੰਗਲੈਂਡ ਦੀ ਸਾਮਰਾਜੀ ਸਰਕਾਰ ਕਿਸੇ ਵੀ ਹਾਲਤ ਵਿਚ ਰੂਸੀ ਕੌਮਾਂਤਰੀਵਾਦੀਆਂ ਨੂੰ, ਜੋ ਗੂਚਕੋਵ-ਮਿਲੀਓਕੋਵ ਤੇ ਕੰਪਨੀ ਦੀ ਸਾਮਰਾਜੀ ਸਰਕਾਰ ਦੇ ਅਤੇ **ਸਾਮਰਾਜੀ ਜੰਗ** ਜਾਰੀ ਰੱਖਣ ਦੇ ਕੱਟੜ ਵਿਰੋਧੀ ਹਨ, ਰੂਸ ਵਿਚੋਂ ਗੁਜ਼ਰਨ ਦੀ ਆਗਿਆ ਦੇਵੇਗੀ।

ਇਸ ਸਬੰਧ ਵਿਚ ਅਸੀਂ ਰੂਸੀ ਇਨਕਲਾਬ ਦੇ ਕਾਰਜਾਂ ਬਾਰੇ ਅਪਣੀ ਸਮਝ ਦੀ ਸੰਖੇਪ ਰੂਪ ਵਿਚ ਵਿਆਖਿਆ ਕਰਨਾ ਚਾਹਾਂਗੇ। ਅਸੀਂ ਇਸ ਨੂੰ ਇਸ ਲਈ ਵੀ ਜ਼ਰੂਰੀ ਸਮਝਦੇ ਹਾਂ ਕਿਉਂ ਜੋ ਸਵਿੱਸ ਮਜ਼ਦੂਰਾਂ ਰਾਹੀਂ ਅਸੀਂ ਜਰਮਨ, ਫਰਾਂਸੀਸੀ ਤੇ ਇਤਾਲਵੀ ਮਜ਼ਦੂਰਾਂ ਨੂੰ ਸੰਬੋਧਨ ਕਰ ਸਕਦੇ ਹਾਂ ਜੋ ਸਵਿਟਜ਼ਰਲੈਂਡ ਦੀ ਵਸੋਂ ਵਰਗੀਆਂ ਭਾਸ਼ਾਵਾਂ ਬੋਲਦੇ ਹਨ, ਸਵਿਟਜ਼ਰਲੈਂਡ ਨੂੰ ਅਜੇ ਵੀ ਅਮਨ ਅਤੇ ਮੁਕਾਬਲਤਨ ਬਹੁਤ ਵੱਡੀ ਰਾਜਸੀ ਆਜ਼ਾਦੀ ਦੀਆਂ ਸਹੂਲਤਾਂ ਪਰਾਪਤ ਹਨ।

ਅਸੀਂ ਆਪਣੇ ਉਸ ਐਲਾਨ ਦੀ ਬਿਨਾਂ ਸ਼ਰਤ ਪਾਲਣਾ ਕਰਦੇ ਹਾਂ ਜੋ ਜਨੇਵਾ ਵਿਚ ਪਰਕਾਸ਼ਤ ਸਾਡੀ ਪਾਰਟੀ ਦੇ ਕੇਂਦਰੀ ਅਖ਼ਬਾਰ **ਸੋਸ਼ਲ-ਡੇਮੋਕਰੈਟ** (ਨੰਬਰ 47, 13 ਅਕਤੂਬਰ 1915) ਵਿਚ ਪਰਕਾਸ਼ਤ ਹੋਇਆ। ਉਸ ਵਿਚ ਅਸਾਂ ਬਿਆਨ ਕੀਤਾ ਹੈ ਕਿ ਜੇ ਰੂਸ ਵਿਚ ਇਨਕਲਾਬ ਜੇਤੂ ਸਿੱਧ ਹੁੰਦਾ ਹੈ, ਅਤੇ ਇਕ **ਰੀਪਬਲਿਕਨ** ਸਰਕਾਰ ਸੱਤਾ ਵਿਚ ਆ ਜਾਂਦੀ ਹੈ— ਅਜਿਹੀ ਸਰਕਾਰ ਜੋ ਸਾਮਰਾਜੀ ਜੰਗ ਨੂੰ ਜਾਰੀ ਰਖਣਾ ਚਾਹੁੰਦੀ ਹੈ, ਇੰਗਲੈਂਡ ਤੇ ਫਰਾਂਸ ਦੀ ਸਾਮਰਾਜੀ ਬੁਰਜੁਆਜ਼ੀ ਨਾਲ ਮਿਲ ਕੇ ਲੜੀ ਜਾ ਰਹੀ ਜੰਗ, ਜੰਗ ਜੋ ਕਾਨਸਤੰਤੀਨੋਪਲ, ਆਰਮੀਨੀਆ, ਗਲੀਸ਼ੀਆ ਆਦਿ ਉਤੇ ਕਬਜ਼ਾ ਕਰਨ ਲਈ ਹੈ—ਸਾਨੂੰ ਅਜਿਹੀ ਸਰਕਾਰ ਦੀ ਦ੍ਰਿੜ੍ਹਤਾ ਨਾਲ ਵਿਰੋਧਤਾ ਕਰਨੀ ਚਾਹੀਦੀ ਹੈ ਅਤੇ ਸਾਨੂੰ **ਅਜਿਹੀ** ਜੰਗ ਵਿਚ "ਪਿਤਾ ਭੂਮੀ ਦੀ ਰਾਖੀ" ਦੇ **ਵਿਰੁੱਧ** ਹੋਣਾ ਚਾਹੀਦਾ ਹੈ।

ਉਪਰਲੀ ਪਹੁੰਚ ਦਾ ਸਮਾਂ ਹੁਣ ਪੈਦਾ ਹੋ ਗਿਆ ਹੈ। ਰੂਸ ਦੀ ਨਵੀਂ ਸਰਕਾਰ, ਜਿਸ ਨੇ

ਪਾਤਸ਼ਾਹੀ ਦੀ ਬਹਾਲੀ ਲਈ ਨਿਕੋਲਾਸ II ਦੇ ਭਰਾ ਨਾਲ ਸਮਝੌਤਾ ਕੀਤਾ ਹੈ ਅਤੇ ਜਿਸ ਵਿਚ ਲਵੋਂਵ ਤੇ ਗੂਚਕੋਵ **ਪਾਤਸ਼ਾਹਵਾਦੀਆਂ** ਨੂੰ ਬਹੁਤ ਜ਼ਰੂਰੀ ਤੇ ਅਸਰ ਰਸੂਖ ਵਾਲੀਆਂ ਪਦਵੀਆਂ ਪਰਾਪਤ ਹਨ, ਇਹ ਸਰਕਾਰ ਰੂਸੀ ਮਜ਼ਦੂਰਾਂ ਨੂੰ ਇਸ ਨਾਅਰੇ ਨਾਲ ਧੋਖਾ ਦੇ ਰਹੀ ਹੈ ਕਿ "ਜਰਮਨਾਂ ਨੂੰ ਵਿਲਹੇਲਮ ਜ਼ਰੂਰ ਉਲਟਾਉਣਾ ਚਾਹੀਦਾ ਹੈ" (ਸਹੀ ! ਪਰ ਇਸ ਵਿਚ ਇਹ ਕਿਉਂ ਨਾ ਸ਼ਾਮਲ ਕੀਤਾ ਜਾਂਵੇ : ਅੰਗਰੇਜ਼ਾਂ ਤੇ ਇਤਾਲਵੀਆਂ ਨੂੰ ਆਪਣੇ ਬਾਦਸ਼ਾਹਾਂ ਨੂੰ ਅਤੇ ਰੂਸੀਆਂ ਨੂੰ ਆਪਣੇ ਪਾਤਸਾਹਵਾਦੀਆਂ ਲਵੋਂਵ ਤੇ ਗੂਚਕੋਵ ਨੂੰ ਉਲਟਾਉਣਾ ਚਾਹੀਦਾ ਹੈ ?)। ਇਹ ਨਾਅਰਾ ਜਾਰੀ ਕਰਨ ਰਾਹੀਂ, ਅਤੇ ਫਰਾਂਸ, ਇੰਗਲੈਂਡ ਆਦਿ ਨਾਲ ਜ਼ਾਰ ਰਾਹੀਂ ਕੀਤੀਆਂ ਸਾਮਰਾਜੀ, ਲੱਟੂ ਅਤੇ **ਗੂਚਕੋਵ-ਮਿਲੀਓਕੋਵ-ਕੇਰੇਨਸਕੀ ਦੀ ਸਰਕਾਰ** ਰਾਹੀਂ ਤਸਦੀਕ-ਸੁਦਾ ਸੰਧੀਆਂ ਨੂੰ ਪਰਕਾਸਤ ਕਰਨੋਂ **ਇਨਕਾਰ** ਕਰਕੇ ਇਹ ਸਰਕਾਰ ਜਰਮਨੀ ਨਾਲ ਅਪਣੀ **ਸਾਮਰਾਜੀ** ਜੰਗ ਨੂੰ "ਸਵੈ-ਰੱਖਿਆ" ਦੀ ਜੰਗ ਵਜੋਂ, (ਭਾਵ, ਇਕ ਨਿਆਈਂ ਜੰਗ ਵਜੋਂ, ਪਰੋਲੇਤਾਰੀਆ ਦੇ ਦ੍ਰਿਸਟੀਕੋਣ ਤੋਂ ਵੀ ਹੱਕੀ ਜੰਗ ਵਜੋਂ) ਪੇਸ਼ ਕਰਨ ਦਾ ਯਤਨ ਕਰ ਰਹੀ ਹੈ। ਇਹ ਰੂਸੀ ਤੇ ਅੰਗਰੇਜ਼ ਪੂੰਜੀ ਦੇ ਜਾਬਰ, ਸਾਮਰਾਜੀ ਤੇ ਲੁਟੇਰੇ ਮੰਤਵਾਂ ਦੀ ਰਾਖੀ ਲਈ ਇਕ ਜੰਗ ਨੂੰ ਰੂਸੀ ਰੀਪਬਲਿਕ (ਜੋ ਅਜੇ ਮੌਜੂਦ **ਨਹੀਂ** ਹੈ, ਅਤੇ ਜਿਸ ਦਾ **ਇਕਰਾਰ** ਅਜੇ ਗੂਚਕੋਵਾਂ ਤੇ ਲਵੋਂਵਾਂ ਨੇ ਵੀ **ਨਹੀਂ** ਕੀਤਾ) ਦੀ ਰਾਖੀ ਵਜੋਂ ਪੇਸ ਕਰਨ ਦਾ ਯਤਨ ਕਰ ਰਹੀ ਹੈ।

ਜੇ ਖੁਲ੍ਹੇ ਤੌਰ ਤੇ ਪਰਵਾਨਤ ਰੂਸੀ ਸੋਸ਼ਲ-ਦੇਸ਼ ਭਗਤਾਂ (ਜਿਵੇਂ ਪਲੈਖ਼ਾਨੋਵ, ਜਾਸੂਲਿਚ, ਪੋਤਰੇਸੋਵ ਆਦਿ) ਅਤੇ "ਕੇਂਦਰੀ ਪਾਰਟੀ", "ਆਰਗੇਨਾਈਜ਼ਿੰਗ ਕਮੇਟੀ" ਦੀ ਪਾਰਟੀ, ਚਖੀਦਜ਼ੇ, ਸਕੋਬੇਲੇਵ ਆਦਿ ਦੀ ਪਾਰਟੀ ਵਿਚਾਲੇ ਸਾਂਝੇ ਨਾਅਰੇ "ਜਦੋਂ ਤਕ ਜਰਮਨ ਲੋਕ ਵਿਲਹੇਲਮ ਨੂੰ ਉਲਟਾ ਨਹੀਂ ਦੇਂਦੇ, ਸਾਡੀ ਜੰਗ ਇਕ ਰੱਖਿਆਤਮਕ ਜੰਗ ਰਹਿੰਦੀ ਹੈ" ਦੇ ਅਧਾਰ ਉਤੇ ਇਕ ਮਨ ਮਨੌਤ ਬਾਰੇ ਅਖਬਾਰਾਂ ਦੀਆਂ ਤਾਜ਼ਾ ਰੀਪੋਰਟਾਂ ਵਿਚ ਕੋਈ ਸੱਚਾਈ ਹੈ—ਜੇ ਇਹ ਸੱਚ ਹੈ, ਤਾਂ ਚਖੀਦਜ਼ੇ, ਸਕੋਬੇਲੇਵ ਆਦਿ ਦੀ ਪਾਰਟੀ ਨਾਲ ਆਪਣਾ ਟਾਕਰਾ ਤੇਜ਼ ਕਰ ਦੇਣਾ ਚਾਹੀਦਾ ਹੈ, ਅਸਾ ਇਸ ਦੇ ਅਵਸਰਵਾਦ, ਜਕੋ ਤਕੀ, ਅਸਥਿਰ ਰਾਜਨੀਤਕ ਵਤੀਰੇ ਵਿਰੁੱਧ **ਹਮੇਸ਼ਾ** ਲੜਾਈ ਕੀਤੀ ਹੈ।

ਸਾਡਾ ਨਾਅਰਾ ਹੈ : "ਗੂਚਕੋਵ-ਮਿਲੀਓਕੋਵ ਦੀ ਸਰਕਾਰ ਦੀ ਕੋਈ ਹਮਾਇਤ ਨਹੀਂ !" ਉਹ ਜਿਹੜਾ ਇਹ ਕਹਿੰਦਾ ਹੈ ਕਿ ਪਾਤਸ਼ਾਹੀ ਦੀ ਬਹਾਲੀ ਨੂੰ ਰੋਕਣ ਲਈ ਅਜਿਹੀ ਹਮਾਇਤ ਜ਼ਰੂਰੀ ਹੈ, ਲੋਕਾਂ ਨੂੰ ਧੋਖਾ ਦੇ ਰਿਹਾ ਹੈ। ਇਸ ਦੇ ਉਲਟ, ਗੂਚਕੋਵ ਸਰਕਾਰ ਨੇ ਰੂਸ ਵਿਚ **ਪਾਤਸ਼ਾਹੀ ਦੀ ਬਹਾਲੀ ਲਈ ਗੱਲਾਂਬਾਤਾਂ ਸ਼ੁਰੂ ਵੀ ਕਰ ਦਿੱਤੀਆਂ ਹਨ**। ਪਰੋਲੇਤਾਰੀਏ ਨੂੰ **ਕੇਵਲ** ਹਥਿਆਰਬੰਦ ਤੇ ਜਥੇਬੰਦ ਕਰਨ ਨਾਲ ਹੀ ਗੂਚਕੋਵ ਤੇ ਕੰਪਨੀ ਨੂੰ ਰੂਸ ਵਿਚ ਪਾਤਸ਼ਾਹੀ **ਬਹਾਲ ਕਰਨ ਤੋਂ ਰੋਕਿਆ** ਜਾ ਸਕਦਾ ਹੈ। ਕੇਵਲ ਰੂਸ ਤੇ **ਸਮੁੱਚੇ** ਯੂਰਪ ਦੀ ਇਨਕਲਾਬੀ ਪਰੋਲੇਤਾਰੀਆ, ਕੌਮਾਂਤਰੀਵਾਦ ਨੂੰ ਵਫ਼ਾਦਾਰ ਰਹਿੰਦਿਆਂ ਮਨੁੱਖਤਾ ਨੂੰ ਸਾਮਰਾਜੀ ਜੰਗ ਤੋਂ ਬਚਾਉਣ ਦੇ ਯੋਗ ਹੈ।

ਅਸੀਂ ਰੂਸੀ ਪਰੋਲੇਤਾਰੀਏ ਦੇ ਇਨਕਲਾਬੀ ਕੌਮਾਂਤਰੀਵਾਦੀ ਹਰਾਵਲ ਦਸਤੇ ਨੂੰ ਦਰਪੇਸ਼ ਅਥਾਹ ਭਾਰੀ ਔਕੜਾਂ ਵਲੋਂ ਆਪਣੀਆਂ ਅੱਖਾਂ ਨਹੀਂ ਮੀਟ ਸਕਦੇ। ਵਰਤਮਾਨ ਜਿਹੇ ਸਮਿਆਂ ਵਿਚ ਕਈ ਅਚਨਚੇਤ ਤੇ ਤਿੱਖੀਆਂ ਤਬਦੀਲੀਆਂ ਸੰਭਵ ਹਨ। ਰਸਾਲਾ **ਸੋਸ਼ਲ ਡੈਮੋਕਰੇਟ** ਦੇ ਨੰਬਰ 47 ਵਿਚ ਅਸਾਂ ਇਸ ਸੁਆਲ ਦਾ, ਜੋ ਕੁਦਰਤੀ ਤੌਰ ਤੇ ਪੈਦਾ ਹੁੰਦਾ ਹੈ, ਇਕ ਸਪਸ਼ਟ ਤੇ ਸਿੱਧਾ ਜੁਆਬ ਦਿੱਤਾ ਸੀ : ਸਾਡੀ ਪਾਰਟੀ ਕੀ ਕਰੇਗੀ ਜੇ ਇਨਕਲਾਬ

ਉਸ ਨੂੰ ਤੁਰੰਤ ਹੀ ਸੱਤਾ ਉਤੇ ਬਿਰਾਜਮਾਨ ਕਰ ਦੇਵੇ ? ਸਾਡਾ ਜੁਆਬ ਸੀ : (1) ਅਸੀਂ ਉਸੇ ਸਮੇਂ **ਸਾਰੀਆਂ** ਲੜ ਰਹੀਆਂ ਕੌਮਾਂ ਨੂੰ ਅਮਨ ਦੀ ਪੇਸ਼ਕਸ਼ ਕਰਾਂਗੇ; (2) ਅਸੀਂ ਅਮਨ ਸਬੰਧੀ ਆਪਣੀਆਂ ਸ਼ਰਤਾਂ ਦਾ ਐਲਾਨ ਕਰਾਂਗੇ—**ਸਾਰੀਆਂ** ਬਸਤੀਆਂ ਅਤੇ ਗੁਲਾਮ ਤੇ ਗੈਰ ਖੁਦਮੁਖਤਿਆਰ ਲੋਕਾਂ ਦੀ ਤੁਰੰਤ ਮੁਕਤੀ; (3) ਅਸੀਂ ਮਹਾਨ ਰੂਸੀਆਂ ਵਲੋਂ ਗੁਲਾਮ ਬਣਾਏ ਸਾਰੇ ਲੋਕਾਂ ਦੀ ਮੁਕਤੀ ਤੁਰੰਤ ਆਰੰਭ ਕਰਨੀ ਤੇ ਨੇਪਰੇ ਚਾੜ੍ਹਨੀ ਸ਼ੁਰੂ ਕਰ ਦਿਆਂਗੇ: (4) ਅਸੀਂ ਆਪਣੇ ਆਪ ਨੂੰ ਇਕ ਛਿਣ ਲਈ ਵੀ ਧੋਖਾ ਨਹੀਂ ਦੇਵਾਂਗੇ । ਅਸੀਂ ਜਾਣਦੇ ਹਾਂ ਕਿ ਇਹ ਸਰਤਾਂ ਨਾ ਕੇਵਲ ਪਾਤਸ਼ਾਹਵਾਦੀਆਂ ਨੂੰ ਸਗੋਂ ਜਰਮਨੀ ਦੀ ਰੀਪਬਲਿਕਨ ਬੁਰਜੂਆਜ਼ੀ ਨੂੰ ਵੀ, ਅਤੇ **ਨਾ ਕੇਵਲ** ਜਰਮਨੀ ਨੂੰ ਸਗੋਂ ਇੰਗਲੈਂਡ ਤੇ ਫ਼ਰਾਂਸ ਦੀਆਂ ਪੂੰਜੀਵਾਦੀ ਸਰਕਾਰਾਂ ਨੂੰ ਵੀ **ਅਪਰਵਾਨ** ਹੋਣਗੀਆਂ ।

ਅਸੀਂ ਜਰਮਨ ਬੁਰਜੂਆਜ਼ੀ ਦੇ—ਅਤੇ ਨਾ ਕੇਵਲ ਜਰਮਨ—ਵਿਰੁੱਧ ਇਨਕਲਾਬੀ ਜੰਗ ਛੇੜਨ ਲਈ ਮਜਬੂਰ ਹੋ ਜਾਵਾਂਗੇ ਅਤੇ **ਅਸੀਂ ਇਹ ਜੰਗ ਛੇੜਾਂਗੇ** । ਅਸੀਂ ਸ਼ਾਂਤੀਵਾਦੀ ਨਹੀਂ ਹਾਂ । ਅਸੀਂ ਪੂੰਜੀਵਾਦੀ ਵਿਚਾਲੇ ਲੁੱਟ ਦੇ ਮਾਲ ਦੀ ਵੰਡ ਉਤੇ ਸਾਮਰਾਜੀ ਜੰਗਾਂ ਦੇ ਵਿਰੁੱਧ ਹਾਂ, ਪਰ ਅਸਾਂ ਹਮੇਸ਼ਾ ਇਸ ਗੱਲ ਨੂੰ ਬੇਹੂਦਾ ਸਮਝਿਆ ਹੈ ਕਿ ਇਨਕਲਾਬੀ ਪਰੋਲੇ-ਤਾਰੀਆ ਉਹਨਾਂ ਇਨਕਲਾਬੀ ਜੰਗਾਂ ਤੋਂ ਇਨਕਾਰ ਕਰ ਦੇਵੇ ਜੋ ਸੋਸਲਿਸਟਾਂ ਦੇ **ਹਿੱਤਾਂ** ਵਿਚ ਜ਼ਰੂਰੀ ਸਿੱਧ ਹੋ ਸਕਦੀਆਂ ਹਨ ।

**ਸੋਸ਼ਲ-ਡੈਮੋਕਰੇਟ** ਦੇ 47 ਨੰਬਰ ਵਿਚ ਜਿਹੜਾ ਕਾਰਜ ਅਸਾਂ ਪੇਸ਼ ਕੀਤਾ ਇਕ ਅਥਾਹ ਭਾਰੀ ਕਾਰਜ ਹੈ । ਇਹ ਪਰੋਲੇਤਾਰੀਆ ਤੇ ਬੁਰਜੂਆਜ਼ੀ ਵਿਚਾਲੇ ਕੇਵਲ ਭਾਰੀ ਜਮਾਤੀ ਲੜਾਈਆਂ ਦੇ ਇਕ ਲੰਮੀ ਲੜਾਈ ਰਾਹੀਂ ਹੀ ਪੂਰਾ ਕੀਤਾ ਜਾ ਸਕਦਾ ਹੈ । ਪਰ ਇਹ ਸਾਡੀ ਬੇਸਬਰੀ ਜਾਂ ਸਾਡੀ ਇੱਛਾ ਨਹੀਂ ਸੀ, ਸਗੋਂ ਸਾਮਰਾਜੀ ਜੰਗ ਰਾਹੀਂ ਪੈਦਾ ਕੀਤੀਆਂ ਬਾਹਰਮੁਖੀ **ਹਾਲਤਾਂ** ਸਨ ਜਿਸ ਜੰਗ ਨੇ **ਸਾਰੀ** ਮਨੁੱਖਤਾ ਨੂੰ ਇਕ ਜਿਲ੍ਹਣ ਵਿਚ ਫ਼ਸਾ ਦਿੱਤਾ ਹੈ, ਜਿਸ ਨੇ ਇਸ ਨੂੰ ਇਕ ਦੁਬਿਧਾ ਵਿਚ ਪਾ ਦਿੱਤਾ ਹੈ : ਜਾਂ ਤਾਂ ਹੋਰ ਲਖੂਖਾ ਲੋਕਾਂ ਦੀਆਂ ਜਾਨਾਂ ਦੀ ਅਤੇ ਯੂਰਪੀ ਸੱਭਿਅਤਾ ਦੀ ਉੱਕਾ ਹੀ ਤਬਾਹੀ ਦੀ ਆਗਿਆ ਦਿੱਤੀ ਜਾਵੇ, ਜਾਂ ਸਾਰੇ ਸੱਭਿਅ ਦੇਸ਼ਾਂ ਵਿਚ ਸੱਤਾ ਇਨਕਲਾਬੀ ਪਰੋਲੇਤਾਰੀਆ ਦੇ ਹੱਥਾਂ ਵਿਚ ਸੌਂਪ ਦਿੱਤੀ ਜਾਵੇ, ਸੋਸ਼ਲਿਸਟ ਇਨਕਲਾਬ ਨੂੰ ਨੇਪਰੇ ਚਾੜ੍ਹਿਆ ਜਾਵੇ ।

ਰੂਸੀ ਪਰੋਲੇਤਾਰੀਆ ਦੇ ਸਿਰ ਇਨਕਲਾਬਾਂ ਦੀ ਲੜੀ **ਆਰੰਭ** ਕਰਨ ਦਾ ਮਹਾਨ ਮਾਣ ਪੈ ਗਿਆ ਹੈ ਜਿਹੜਾ ਸਾਮਰਾਜੀ ਜੰਗ ਨੇ ਬਾਹਰਮੁੱਖੀ ਤੌਰ ਤੇ ਅਟੱਲ ਬਣਾ ਦਿੱਤਾ ਹੈ । ਪਰ ਇਹ ਵਿਚਾਰ ਕਿ ਰੂਸੀ ਪਰੋਲੇਤਾਰੀ ਸੰਸਾਰ ਦੇ ਮਜਦੂਰਾਂ ਵਿਚਾਲੇ ਇਕ ਚੋਣਵਾਂ ਇਨਕਲਾਬੀ ਪਰੋਲੇਤਾਰੀਆ ਹੈ । ਸਾਡੇ ਲਈ ਇਕ ਨਿਪਟ ਹੀ ਓਪਰੀ ਗੱਲ ਹੈ । ਅਸੀਂ ਇਹ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਰੂਸ ਦਾ ਪਰੋਲੇਤਾਰੀਆ ਦੂਜੇ ਦੇਸ਼ਾਂ ਦੇ ਪਰੋਲੇਤਾਰੀਏ ਨਾਲੋਂ ਘੱਟ ਜਥੇਬੰਦ, ਘੱਟ ਤਿਆਰ, ਜਮਾਤੀ ਤੌਰ ਤੇ ਘੱਟ ਚੇਤੰਨ ਹੈ । ਇਹ ਇਸ ਦੇ ਵਿਸ਼ੇਸ਼ ਗੁਣ ਨਹੀਂ ਹਨ, ਸਗੋਂ ਇਤਿਹਾਸਕ ਹਾਲਾਤ ਦਾ ਵਿਸ਼ੇਸ਼ ਸੰਜੋਗ ਹੈ ਕਿ ਇਕ **ਵਿਸ਼ੇਸ਼, ਸ਼ਾਇਦ ਬਹੁਤ ਹੀ ਥੋੜੇ ਸਮੇਂ** ਨੇ ਰੂਸ ਦੇ ਪਰੋਲੇਤਾਰੀਏ ਨੂੰ ਸਾਰੇ ਸੰਸਾਰ ਦੇ ਇਨਕਲਾਬੀ ਪਰੋਲੇਤਾਰੀਏ ਦਾ ਹਰਾਵਲ ਦਸਤਾ ਬਣਾ ਦਿੱਤਾ ਹੈ ।

ਰੂਸ ਇਕ ਕਿਰਸਾਣੀ ਦੇਸ਼ ਹੈ, ਯੂਰਪੀ ਦੇਸਾਂ ਵਿਚੋਂ ਇਕ ਬਹੁਤ ਹੀ ਪੱਛੜਿਆ ਹੋਇਆ ਦੇਸ਼ ਹੈ । ਉਥੇ ਸੋਸ਼ਲਿਜ਼ਮ **ਸਿੱਧੇ ਤੌਰ ਤੇ ਅਤੇ ਤੁਰੰਤ ਸਫ਼ਲ ਨਹੀਂ ਹੋ ਸਕਦਾ** । ਪਰ ਕੀ

ਕਿਰਸਾਣੀ ਲੱਛਣ, ਅਮੀਰਸ਼ਾਹੀ ਦੇ ਹੱਥਾਂ ਵਿਚ ਵਿਸ਼ਾਲ ਜ਼ਮੀਨ ਦਾ ਹੋਣਾ, 905 ਦੇ ਤਜਰਬੇ ਤੋਂ ਅਨੁਮਾਨ ਲਾਉਂਦਿਆਂ, ਹੋ ਸਕਦਾ ਹੈ, ਰੂਸ ਵਿਚ ਬੁਰਜੂਆ-ਜਨਵਾਦੀ ਇਨਕਲਾਬ ਨੂੰ ਅਥਾਹ ਭਾਰੀ ਉਤਸ਼ਾਹ ਪ੍ਰਗਟਾਅ ਕਰ ਦੇਵੇ। **ਹੋ ਸਕਦਾ ਹੈ** ਸਾਡਾ ਇਨਕਲਾਬ ਸੰਸਾਰ ਸੋਸ਼ਲਿਸਟ ਇਨਕਲਾਬ ਵਲ, ਇਸ ਵਲ ਇਕ ਕਦਮ ਲਈ ਇਕ **ਭੂਮਿਕਾ** ਬਣਾ ਦੇਵੇ।

ਸਾਡੀ ਪਾਰਟੀ ਇਹਨਾਂ ਵਿਚਾਰਾਂ ਲਈ ਜਦੋ ਜਹਿਦ ਵਿਚ ਬਣੀ ਸੀ ਤੇ ਵਿਕਸਤ ਹੋਈ ਹੈ, ਜਿਨ੍ਹਾਂ ਵਿਚਾਰਾਂ ਦੀ ਪੂਰੀ ਤਸਦੀਕ ਸਾਰੀਆਂ ਹੋਰ ਪਾਰਟੀਆਂ ਦੇ ਵਿਰੁਧ ਗੈਰ ਸਮਝੌਤਾ ਜਦੋਜਹਿਦ ਵਿਚ, 1905 ਤੋਂ 1917 ਦੇ ਬਹਾਰ ਦੇ ਤਜਰਬੇ ਰਾਹੀਂ ਹੋ ਗਈ ਹੈ; ਅਸੀਂ ਇਹਨਾਂ ਵਿਚਾਰਾਂ ਲਈ ਆਪਣੀ ਲੜਾਈ ਜਾਰੀ ਰਖਾਂਗੇ।

ਰੂਸ ਵਿਚ ਸੋਸ਼ਲਿਜ਼ਮ ਸਿੱਧੇ ਤੌਰ ਤੇ ਅਤੇ ਤੁਰੰਤ ਫਤਿਹਯਾਬ ਨਹੀਂ ਹੋ ਸਕਦਾ। ਪਰ ਕਿਰਸਾਣੀ ਸਮੂਹ ਅਟੱਲ ਤੇ ਪਰੌੜ੍ਹ ਜ਼ਰਾਇਤੀ ਉਭਾਰ ਨੂੰ ਅਮੀਰਸ਼ਾਹੀ ਦੀ ਸਾਰੀ ਅਥਾਹ ਭਾਰੀ ਸੰਪਤੀ ਨੂੰ **ਜ਼ਬਤ ਕਰਨ** ਦੇ ਨੁਕਤੇ ਤਕ ਲਿਆ **ਸਕਦੇ** ਹਨ। ਇਹ ਸਾਡਾ ਹਮੇਸ਼ਾ ਨਾਅਰਾ ਰਿਹਾ ਹੈ ਅਤੇ ਹੁਣ ਫਿਰ ਇਹ ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਵਲੋਂ ਅਤੇ ਸਾਡੀ ਪਾਰਟੀ ਦੇ ਅਖ਼ਬਾਰ **ਪਰਾਵਦਾ** ਵਲੋਂ ਸੇਂਟ ਪੀਟਰਜ਼ਬਰਗ ਵਿਚ ਦਿਤਾ ਗਿਆ ਹੈ। ਪਰੋਲੇਤਾਰੀਆ, ਇਕ ਪਾਸੇ, ਜ਼ਰਾਇਤੀ ਮਜ਼ਦੂਰਾਂ ਤੇ ਅਤਿ ਗ਼ਰੀਬ ਕਿਸਾਨਾਂ ਅਤੇ ਦੂਜੇ ਪਾਸੇ **ਅਮੀਰ ਕਿਸਾਨਾਂ** ਜਿਨ੍ਹਾਂ ਦੀ ਪੁਜ਼ੀਸ਼ਨ ਸਟੋਲੀਪਿਨ ਦੇ ਜ਼ਰਾਇਤੀ ਸੁਧਾਰਾਂ (1907-14) ਰਾਹੀਂ ਮਜ਼ਬੂਤ ਬਣਾਈ ਗਈ ਹੈ, ਵਿਚਾਲੇ ਗੰਭੀਰ ਜਮਾਤੀ ਟੱਕਰਾਂ ਦੀ ਅਟੱਲਤਾ ਵਲੋਂ ਅੱਖਾਂ ਬੰਦ ਕੀਤੇ ਬਿਨਾਂ ਇਸ ਨਾਅਰੇ ਲਈ ਲੜੇਗਾ। ਇਹ ਤੱਥ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ ਕਿ 104 ਕਿਸਾਨ ਡਿਪਟੀਆਂ ਨੇ ਪਹਿਲੀ (1906) ਤੇ ਦੂਜੀ (1907) ਡੂਮਾ ਵਿਚ ਇਕ ਇਨਕਲਾਬੀ ਜ਼ਰਾਇਤੀ ਬਿੱਲ ਪੇਸ਼ ਕੀਤਾ ਸੀ ਜਿਸ ਵਿਚ ਸਾਰੀਆਂ ਜ਼ਮੀਨਾਂ ਦੇ ਕੌਮੀਕਰਣ ਦੀ ਅਤੇ ਸੰਪੂਰਨ ਜਨਵਾਦ ਦੇ ਆਧਾਰ ਤੇ ਚੁਣੀਆਂ ਗਈਆਂ ਸਥਾਨਕ ਕਮੇਟੀਆਂ ਵਲੋਂ ਉਹਨਾਂ ਦੀ ਵੰਡ ਦੀ ਮੰਗ ਕੀਤੀ ਸੀ।

ਅਜਿਹਾ ਇਨਕਲਾਬ, ਆਪਣੇ ਆਪ ਵਿਚ ਸੋਸ਼ਲਿਜ਼ਮ ਨਹੀਂ ਹੋਵੇਗਾ। ਪਰ ਇਹ ਸੰਸਾਰ ਮਜ਼ਦੂਰ ਲਹਿਰ ਨੂੰ ਬਹੁਤ ਭਾਰੀ ਉਤਸ਼ਾਹ ਪਰਦਾਨ ਕਰੇਗਾ। ਇਹ ਰੂਸ ਵਿਚ ਸੋਸ਼ਲਿਸਟ ਪਰੋਲੇਤਾਰੀਆ ਦੀ ਪੁਜ਼ੀਸ਼ਨ ਅਤੇ ਜ਼ਰਾਇਤੀ ਮਜ਼ਦੂਰਾਂ ਤੇ ਅਤਿ ਗ਼ਰੀਬ ਕਿਸਾਨਾਂ ਉਤੇ ਇਸ ਦੇ ਪ੍ਰਭਾਵ ਨੂੰ ਬਹੁਤ ਜ਼ਿਆਦਾ ਮਜ਼ਬੂਤ ਕਰੇਗਾ। ਇਹ ਸ਼ਹਿਰ ਦੇ ਪਰੋਲੇਤਾਰੀਆ ਨੂੰ, ਇਸ ਪਰਭਾਵ ਦੀ ਤਾਕਤ ਦੇ ਆਧਾਰ ਤੇ, ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਵਰਗੀਆਂ ਇਨਕਲਾਬੀ ਜਥੇਬੰਦੀਆਂ, ਬੁਰਜੂਆ ਰਾਜਾਂ ਵਲੋਂ ਵਰਤੇ ਜਾਂਦੇ ਪੁਰਾਣੇ ਸਾਸ਼ਨਾਂ, ਫੋਜ, ਪੁਲਸ, ਨੌਕਰਸ਼ਾਹੀ ਦੀ ਥਾਂ ਲੈਣ ਲਈ ਵਿਕਸਤ ਕਰਨ ਦੇ ਯੋਗ ਬਣਾਏਗਾ; ਸਾਮਰਾਜੀ ਜੰਗ ਅਤੇ ਇਸ ਦੇ ਸਿੱਟਿਆਂ ਦੇ ਅਸਹਿ ਬਹੁਤ ਭਾਰੀ ਭਾਰ ਦੇ ਦਬਾਅ ਅਧੀਨ, ਪਰੋਲੇਤਾਰੀਆ ਨੂੰ ਵਸਤਾਂ ਦੀ ਪੈਦਾਵਾਰ ਤੇ ਵੰਡ ਨੂੰ **ਕੰਟਰੋਲ** ਕਰਨ ਲਈ ਇਨਕਲਾਬੀ ਕਦਮਾਂ ਦਾ ਇਕ ਸਿਲਸਿਲਾ ਨੇਪਰੇ ਚਾੜ੍ਹਨ ਦੇ ਯੋਗ ਬਣਾਏਗਾ।

ਇਕੱਲਾ ਰੂਸ ਪਰੋਲੇਤਾਰੀ ਸੋਸ਼ਲਿਸਟ ਇਨਕਲਾਬ ਨੂੰ **ਜੇਤੂ ਸਿੱਟੇ** ਤਕ ਨਹੀਂ ਲਿਜਾ ਸਕਦਾ। ਪਰ ਇਹ ਰੂਸੀ ਇਨਕਲਾਬ ਨੂੰ ਇਕ ਸ਼ਕਤੀਸ਼ਾਲੀ ਬਲ ਬਖਸ਼ ਸਕਦਾ ਹੈ ਕਿ ਜੋ ਇਕ ਸੋਸ਼ਲਿਸਟ ਇਨਕਲਾਬ ਲਈ ਬਹੁਤ ਹੀ ਸਹਿਯੋਗੀ ਹਾਲਤਾਂ ਪੈਦਾ ਕਰ ਸਕਦਾ ਹੈ,

ਅਤੇ ਇਕ ਤਰ੍ਹਾਂ ਨਾਲ ਇਸ ਨੂੰ **ਆਰੰਭ** ਕਰ ਸਕਦਾ ਹੈ। ਇਹ ਇਕ ਅਜਿਹੀ ਸਥਿਤੀ ਲਿਆ ਸਕਦਾ ਹੈ ਜਿਸ ਵਿਚ ਇਸ ਦਾ **ਮੁਖ** ਉਸ ਦਾ ਬਹੁਤ ਹੀ ਭਰੋਸੇਯੋਗ ਤੇ ਬਹੁਤ ਹੀ ਵਿਸ਼ਵਾਸਯੋਗ ਸਹਿਯੋਗੀ, **ਯੂਰਪ** ਤੇ ਅਮਰੀਕੀ **ਸੋਸ਼ਲਿਸਟ ਪਰੋਲੇਤਾਰੀ** ਨਿਰਣਾਇਕ ਲੜਾਈ ਵਿਚ ਸ਼ਾਮਲ ਹੋ ਸਕਦਾ ਹੈ।

ਅਵਿਸ਼ਵਾਸੀਆਂ ਨੂੰ, ਸਾਮਰਾਜੀ ਬੁਰਜੁਆਜ਼ੀ ਦੇ ਅਜਿਹੇ ਨਿਰਾਸ਼ ਪਿੱਠੂਆਂ ਦੀ ਯੂਰਪੀ ਸੋਸ਼ਲਿਸਟ ਲਹਿਰ ਵਿਚ ਆਰਜ਼ੀ ਜਿੱਤ ਦੇ ਕਾਰਨ ਨਿਰਾਸ਼ ਹੋਣ ਦਿਓ ਜਿਵੇਂ ਜਰਮਨੀ ਵਿਚ ਸ਼ਚੀਦਮਾਨ, ਲੇਗੀਨ ਤੇ ਡੇਵਿਡ, ਰੇਨੋਉਡੇਲ ਅਤੇ ਕੰਪਨੀ; ਇੰਗਲੈਂਡ ਵਿਚ ਫੇਬੀਅਨ ਤੇ ਲੇਬਰ ਪਾਰਟੀ। ਅਸੀਂ ਮਜ਼ਬੂਤੀ ਨਾਲ ਕਹਿੰਦੇ ਹਾਂ ਕਿ ਸੰਸਾਰ ਲੇਬਰ ਲਹਿਰ ਦੇ ਤਲ ਉਤੋਂ ਇਹ **ਗੰਦ ਮੰਦ** ਇਨਕਲਾਬ ਦੀਆਂ ਲਹਿਰਾਂ ਰਾਹੀਂ ਛੇਤੀ ਹੀ ਰੁੜ੍ਹ ਜਾਵੇਗਾ।

ਜਮਰਨੀ ਵਿਚ ਪਰੋਲੇਤਾਰੀ ਜਨ ਸਮੂਹਾਂ ਦੀ ਪਹਿਲਾਂ ਹੀ ਇਕ **ਉਤੇਜਿਤ** ਬੇਚੈਨੀ ਮੌਜੂਦ ਹੈ, ਜਿਹਨਾਂ ਨੇ 1871 ਤੋਂ 1914 ਤਕ ਯੂਰਪੀ "ਅਮਨ ਚੈਨ" ਦੇ ਲੰਬੇ ਦਹਾਕਿਆਂ ਦੇ ਦੌਰਾਨ ਆਪਣੇ ਨਿਰੰਤਰ, ਅਡੁਕ, ਲਗਾਤਾਰ ਜਥੇਬੰਦਕ ਕੰਮ ਰਾਹੀਂ ਮਨੁਖਤਾ ਤੇ ਸੋਸ਼ਲਿਜ਼ਮ ਪ੍ਰਤੀ ਬਹੁਤ ਵਡਾ ਹਿੱਸਾ ਪਾਇਆ ਹੈ। ਜਰਮਨ ਸੋਸਲਿਜ਼ਮ ਦੇ ਭਵਿੱਖ ਦੀ ਪ੍ਰਤੀਨਿਧਤਾ ਨਾ ਤਾਂ ਸ਼ਚੀਦਮਾਨ, ਲੇਗਿਨ, ਡੇਵਿਡ, ਅਤੇ ਕੰਪਨੀ ਜਿਹੇ ਗੱਦਾਰ, ਨਾ ਹੀ ਹਾਸੇ, ਕਾਟਸਕੀ ਤੇ ਉਹਨਾਂ ਦੇ ਪਿਛਲੱਗਾਂ ਵਰਗੇ ਡਾਵਾਂ ਡੋਲ ਤੇ ਕਮਜ਼ੋਰ ਸਿਆਸਤਦਾਨ, ਜੋ "ਅਮਨ" ਦੇ ਦੌਰ ਦੇ ਅਮਲ ਰਾਹੀਂ ਜਾਮ ਹੋ ਗਏ ਹਨ, ਕਰਦੇ ਹਨ।

ਭਵਿੱਖ ਇਸ ਰੁਝਾਣ ਦਾ ਹੈ ਜਿਸ ਨੇ ਸਾਨੂੰ ਕਾਰਲ ਲੀਬਕਨੇਖਤ ਪ੍ਰਦਾਨ ਕੀਤਾ ਹੈ, ਸਪਾਰਟਕਸ ਗਰੁਪ ਪੈਦਾ ਕੀਤਾ ਹੈ, ਬਰੇਮੇਨ **ਆਰਬੀਤਰਪੋਲਿਤਿਕ** ਵਿਚ ਪ੍ਰਚਾਰ ਜਾਰੀ ਰਖਿਆ ਹੈ।

ਸਾਮਰਾਜੀ ਕੰਮ ਦੇ ਬਾਹਰਮੁਖੀ ਹਾਲਾਤ ਇਹ ਯਕੀਨੀ ਬਣਾਉਂਦੇ ਹਨ ਕਿ ਇਨਕਲਾਬ ਰੂਸੀ ਇਨਕਲਾਬ ਪਹਿਲੇ **ਪੜਾਅ** ਤਕ ਹੀ ਸੀਮਤ ਨਹੀਂ ਰਹੇਗਾ, ਕਿ ਇਨਕਲਾਬ ਰੂਸ ਤਕ ਸੀਮਤ ਨਹੀਂ ਰਹੇਗਾ।

**ਜਰਮਨ ਪਰੋਲੇਤਾਰੀਆ ਰੂਸੀ ਤੇ ਸੰਸਾਰ ਪਰੋਲੇਤਾਰੀ ਇਨਕਲਾਬ ਦਾ ਬਹੁਤ ਹੀ ਵਿਸ਼ਵਾਸ-ਯੋਗ ਬਹੁਤ ਹੀ ਭਰੋਸੇ ਯੋਗ ਉਤਸ਼ਾਹੀ ਹੈ।**

ਜਦੋਂ ਨਵੰਬਰ 1914 ਵਿਚ ਸਾਡੀ ਪਾਰਟੀ ਨੇ ਇਹ ਨਾਅਰਾ ਪੇਸ਼ ਕੀਤਾ : "ਸਾਮਰਾਜੀ ਜੰਗ ਨੂੰ ਸੋਸ਼ਲਿਜ਼ਮ ਦੀ ਪ੍ਰਾਪਤੀ ਲਈ ਦਬਾਉਣ ਵਾਲਿਆਂ ਵਿਰੁਧ ਦੱਬੇ ਕੁਚਲੇ ਲੋਕਾਂ ਦੇ ਗ੍ਰਹਿ ਯੁੱਧ ਵਿਚ ਬਦਲ ਦਿਓ", ਤਾਂ ਸੋਸ਼ਲ ਦੇਸ਼ ਭਗਤਾਂ ਨੇ ਇਸ ਨਾਅਰੇ ਨੂੰ ਘਿਰਣਾ ਤੇ ਗੰਦੀ ਬੇਹੂਦਗੀ ਨਾਲ ਲਿਆ, ਅਤੇ ਸੋਸ਼ਲ-ਡੈਮੋਕਰੈਟਕ "ਕੇਂਦਰ" ਨੇ ਸੰਦੇਹ ਪੂਰਨ, ਸੁੱਕੀ ਕਮਜ਼ੋਰ ਤੇ ਆਸ਼ਵੰਦ ਖਾਮੋਸ਼ੀ ਨਾਲ ਲਿਆ। ਜਰਮਨ ਸੋਸ਼ਲ ਅੰਧਰਾਸ਼ਟਰਵਾਦੀ ਤੇ ਸਮਾਜਕ ਸਾਮਰਾਜੀ ਡੇਵਿਡ ਨੇ ਇਸ ਨੂੰ "ਪਾਗਲਪਣ" ਆਖਿਆ, ਜਦ ਕਿ ਰੂਸੀ (ਅਤੇ ਅੰਗ-ਫਰਾਂਸੀਸੀ) ਸਮਾਜੀ ਅੰਧਰਾਸ਼ਟਰਵਾਦ ਦੇ ਕਥਨੀ ਦੇ ਸੋਸ਼ਲਿਜ਼ਮ ਤੇ ਕਰਨੀ ਵਿਚ ਸਾਮਰਾਜ ਦੇ ਪ੍ਰਤੀਨਿਧ ਮਿਸਟਰ ਪਲੈਖਾਨੋਵ ਨੇ ਇਸ ਨਾਅਰੇ ਨੂੰ "ਹਾਸੋ ਹੀਣਾ ਸੁਪਨਾ" ਆਖਿਆ। ਕੇਂਦਰ ਦੇ ਪ੍ਰਤੀਨਿਧਾਂ ਨੇ ਆਪਣੇ ਆਪ ਨੂੰ ਖਾਮੋਸ਼ ਰਹਿਣ ਤਕ ਜਾਂ "ਖਾਲੀ ਪੁਲਾੜ ਵਿਚ ਖਿੱਚੀ ਸਿੱਧੀ ਲਕੀਰ" ਵਰਗੇ ਘਟੀਆ ਮਜ਼ਾਕਾਂ ਤਕ ਸੀਮਤ ਰਖਿਆ।

ਹੁਣ, ਮਾਰਚ 1917 ਦੇ ਮਗਰੋਂ ਕੇਵਲ ਅੰਨ੍ਹੇ ਹੀ ਇਹ ਵੇਖਣੋਂ ਅਸਫਲ ਹੋ ਸਕਦੇ ਹਨ

ਕਿ ਇਹ ਸਹੀ ਨਾਅਰਾ ਹੈ। ਸਾਮਰਾਜੀ ਜੰਗ ਦੀ ਗ੍ਰਹਿ ਯੁੱਧ ਵਿਚ ਤਬਦੀਲੀ ਇਕ ਹਕੀਕਤ ਬਣਦੀ ਜਾ ਰਹੀ ਹੈ।

ਪਰੋਲੇਤਾਰੀ ਇਨਕਲਾਬ ਜ਼ਿੰਦਾਬਾਦ, ਜੋ ਯੂਰਪ ਵਿਚ ਆਰੰਭ ਹੋ ਰਿਹਾ ਹੈ।

ਵਿੱਛੜ ਰਹੇ ਕਾਮਰੇਡਾਂ, ਆਰ. ਐਸ. ਡੀ. ਐਲ. ਪੀ (ਕੇਂਦਰੀ ਕਮੇਟੀ ਦੇ ਅਧੀਨ ਸੰਗਠਤ) ਦੇ ਮੈਂਬਰਾਂ ਵਲੋਂ. ਜਿਹਨਾਂ ਨੇ ਇਹ ਚਿੱਠੀ ਅੱਠ ਅਪਰੈਲ (ਨਵੀਂ ਸ਼ੈਲੀ) 1917 ਨੂੰ ਹੋਈ ਮੀਟਿੰਗ ਵਿਚ ਪਰਵਾਨ ਕੀਤੀ। ਐਨ. ਲੈਨਿਨ

26 ਮਾਰਚ (8, ਅਪਰੈਲ) 1917 ਨੂੰ ਲਿਖੀ ਗਈ
ਹਵਾਲਾ **ਜੁਜੇਂਡ—ਇੰਟਰਨੇਸ਼ਨਲ** ਨੰਬਰ-8 ਵਿਚ ਇਕ
ਇਕ ਮਈ 1917 ਨੂੰ ਪਰਕਾਸ਼ਤ ਹੋਈ।

# ਫਿਨਲੈਂਡ ਸਟੇਸ਼ਨ ਦੇ ਚੌਂਕ ਵਿਚ ਮਜ਼ਦੂਰਾਂ, ਸਿਪਾਹੀਆਂ ਤੇ ਜਹਾਜ਼ੀਆਂ ਦੇ ਸਾਹਮਣੇ 3 (16) ਅਪ੍ਰੈਲ 1917 ਨੂੰ ਭਾਸ਼ਣ

## ਅਖ਼ਬਾਰ ਦੀ ਰਿਪੋਰਟ

ਗਲੀ ਵਿਚ, ਇਕ ਹਥਿਆਰਬੰਦ ਕਾਰ ਉਤੇ ਖਲੋ ਕੇ ਕਾਮਰੇਡ ਲੈਨਿਨ ਨੇ ਰੂਸੀ ਇਨਕਲਾਬੀ ਪਰੋਲੇਤਾਰੀ ਤੇ ਇਨਕਲਾਬੀ ਰੂਸੀ ਫੌਜ ਨੂੰ ਵਧਾਈ ਪੇਸ ਕੀਤੀ, ਜੋ ਨਾ ਕੇਵਲ ਜ਼ਾਰਸ਼ਾਹੀ ਆਪਹੁਦਰੇ ਰਾਜ ਤੋਂ ਰੂਸ ਨੂੰ ਮੁਕਤ ਕਰਾਉਣ ਵਿਚ ਸਗੋਂ ਇਕ ਕੌਮਾਂਤਰੀ ਪੱਧਰ ਉਤੇ ਇਕ ਵਪਾਰਕ ਇਨਕਲਾਬ ਆਰੰਭ ਕਰਨ ਵਿਚ ਸਫ਼ਲ ਹੋਏ ਹਨ, ਅਤੇ ਹੋਰ ਇਹ ਆਖਿਆ ਕਿ ਸਾਰੇ ਸੰਸਾਰ ਦੇ ਪਰੋਲੇਤਾਰੀਏ ਨੇ ਰੂਸੀ ਪਰੋਲੇਤਾਰੀ ਦੇ ਦਲੇਰ ਕਦਮਾਂ ਨੂੰ ਆਸ ਨਾਲ ਵਾਚਿਆ।

ਸਮੁਚੀ ਭੀੜ ਇਕ ਜਾਨ ਹੋ ਕੇ ਕਸ਼ੇਸੀਨਸਕਾਇਆ ਮੈਨਸਨ ਤਕ, ਜਿਥੇ ਮੀਟਿੰਗ ਜਾਰੀ ਰਹੀ, ਕਾਰ ਦੇ ਪਿੱਛੇ ਪਿੱਛੇ ਗਈ।

**ਪਰਾਵਦਾ** ਨੰਬਰ 24
5 ਅਪ੍ਰੈਲ, 1917

# ਵਰਤਮਾਨ ਇਨਕਲਾਬ ਵਿਚ ਪਰੋਲੇਤਾਰੀਆ ਦੇ ਕੰਮ

ਪੀਤਰੋਗਰਾਦ ਵਿਚ ਮੈਂ ਤਿੰਨ ਅਪਰੈਲ ਤੱਕ ਨਹੀਂ ਸਾਂ ਪਹੁੰਚ ਸਕਿਆ ਇਸ ਲਈ 4 ਅਪਰੈਲ ਦੀ ਬੈਠਕ ਵਿਚ ਇਨਕਲਾਬੀ ਪਰੋਲੇਤਾਰੀਆ ਦੇ ਕੰਮਾਂ ਬਾਰੇ ਰਿਪੋਰਟ ਮੈਂ ਖ਼ੁਦ ਆਪਣੇ ਵਲੋਂ ਹੀ ਪੇਸ਼ ਕਰ ਸਕਿਆ ਸਾਂ ਅਤੇ ਉਹ ਵੀ ਅਧੂਰੀ ਤਿਆਰੀ ਕਾਰਨ ਕੁਝ ਸੰਕੋਚ ਸਹਿਤ ।

ਇਕੋ ਇਕ ਗੱਲ, ਜਿਹੜੀ ਮੈਂ ਅਗਲੇ ਮਾਮਲੇ ਨੂੰ ਆਪਣੀ ਖ਼ਾਤਰ ਤੇ ਨੇਕ-ਨੀਤ ਵਿਰੋਧੀਆਂ ਲਈ ਸਹਿਲ ਬਨਾਉਣ ਲਈ ਕਰ ਸਕਦਾ ਸਾਂ, ਉਹ ਸੀ ਲਿਖਤੀ ਰੂਪ ਵਿਚ ਪ੍ਰਸਤਾਵ ਤਿਆਰ ਕਰਨਾ : ਉਹ ਪ੍ਰਸਤਾਵ ਮੈਂ ਪੜ੍ਹ ਦਿੱਤੇ ਅਤੇ ਉਹਨਾਂ ਦੀ ਅਸਲ ਕਾਮਰੇਡ ਜ਼ੇਰੇਤੇਲੀ ਨੂੰ ਦੇ ਦਿੱਤੀ । ਇਹ ਮੈਂ ਦੋ ਵਾਰ ਬੜੇ ਸਹਿਜੇ ਸਹਿਜੇ ਪੜ੍ਹੇ : ਪਹਿਲਾਂ ਬਾਲਸ਼ਵਿਕਾਂ ਦੀ ਮੀਟਿੰਗ ਵਿਚ ਤੇ ਫਿਰ ਬਾਲਸ਼ਵਿਕਾਂ ਤੇ ਮੈਨਸ਼ਵਿਕਾਂ ਦੋਹਾਂ ਦੀ ਮੀਟਿੰਗ ਵਿਚ ।

ਮੈਂ ਆਪਣੇ ਇਹ ਨਿੱਜੀ ਪ੍ਰਸਤਾਵ ਕੇਵਲ ਬਹੁਤ ਹੀ ਵਿਆਖਿਆਮਈ ਨੋਟਾਂ ਸਹਿਤ ਛਾਪ ਰਿਹਾ ਹਾਂ; ਜਿਨ੍ਹਾਂ ਨੂੰ ਰਿਪੋਰਟ ਵਿਚ ਵਧੇਰੇ ਵਿਸਥਾਰ ਨਾਲ ਪੇਸ਼ ਕੀਤਾ ਗਿਆ ਸੀ ।

## ਪ੍ਰਸਤਾਵ

1. ਜੰਗ ਵਲ ਸਾਡੇ ਵਤੀਰੇ ਵਿਚ, ਜੋ ਲਵੋਵ ਐਂਡ ਕੰਪਨੀ ਦੀ ਨਵੀਂ ਸਰਕਾਰ ਅਧੀਨ ਉਸ ਸਰਕਾਰ ਦੇ ਪੂੰਜੀਵਾਦੀ ਖ਼ਾਸੇ ਕਾਰਨ, ਰੂਸ ਲਈ ਨਿਰਸੰਦੇਹ ਇਕ ਲੋਟੂ ਸਾਮਰਾਜੀ ਜੰਗ ਹੀ ਰਹਿੰਦੀ ਹੈ, "ਇਨਕਲਾਬੀ ਸੁਰੱਖਿਆਵਾਦ" ਨੂੰ ਰਤਾ ਜਿੰਨੀ ਵੀ ਰਿਆਇਤ ਦੀ ਆਗਿਆ ਨਹੀਂ ਹੋ ਸਕਦੀ ।

ਜਮਾਤੀ ਤੌਰ ਤੇ ਸੁਚੇਤ ਪਰੋਲੇਤਾਰੀਆ ਇਨਕਲਾਬੀ ਜੰਗ ਨੂੰ ਜੋ ਸੱਚ ਮੁੱਚ 'ਇਨਕਲਾਬੀ ਸੁਰੱਖਿਆਵਾਦ' ਨੂੰ ਠੀਕ ਠਹਿਰਾਏ, ਕੇਵਲ ਇਨ੍ਹਾਂ ਸ਼ਰਤਾਂ ਉਤੇ ਮਨਜ਼ੂਰੀ ਦੇ ਸਕਦੀ ਹੈ : (ੳ) ਕਿ ਸ਼ਕਤੀ ਪਰੋਲੇਤਾਰੀਆ ਤੇ ਉਸ ਨਾਲ ਜੁੜੇ ਕਿਸਾਨੀ ਦੇ ਅਤੀ ਗ਼ਰੀਬ ਭਾਗਾਂ ਦੇ ਹੱਥਾਂ ਵਿਚ ਚਲੀ ਜਾਵੇ, (ਅ) ਕਿ ਸਭ ਕਬਜ਼ਿਆਂ ਨੂੰ ਗੱਲੀਂ ਬਾਤੀਂ ਨਹੀਂ ਸਗੋਂ ਅਮਲੀ ਤੌਰ ਤੇ ਤਿਆਗਿਆ ਜਾਵੇ, (ੲ) ਕਿ ਸਭ ਪੂੰਜੀਵਾਦੀ ਹਿੱਤਾਂ ਨਾਲੋਂ ਹਕੀਕੀ ਰੂਪ ਵਿਚ ਪੂਰਨ ਤੋੜ ਵਿਛੋੜਾ ਕੀਤਾ ਜਾਵੇ ।

ਲੋਕਾਂ ਦੇ ਉਹਨਾਂ ਵਿਸ਼ਾਲ ਭਾਗਾਂ ਦੀ, ਜੋ ਇਨਕਲਾਬੀ ਸੁਰੱਖਿਆ-ਵਾਦ ਵਿਚ ਯਕੀਨ ਰੱਖਦੇ ਹਨ ਅਤੇ ਜੋ ਜੰਗ ਨੂੰ ਜਿੱਤਾਂ ਜਿੱਤਣ ਦੇ ਸਾਧਨ ਵਜੋਂ ਨਹੀਂ ਸਗੋਂ ਇਕ ਜ਼ਰੂਰਤ ਵਜੋਂ ਹੀ ਪਰਵਾਨ ਕਰਦੇ ਹਨ, ਸੰਦੇਹ-ਰਹਿਤ ਈਮਾਨਦਾਰੀ ਦੇ ਪੇਸ਼ੇ-ਨਜ਼ਰ; ਇਸ ਤੱਥ ਦੇ ਪੇਸ਼ੇ-ਨਜ਼ਰ ਕਿ ਪੂੰਜੀਵਾਦ ਵਰਗ ਦੁਆਰਾ ਠੱਗੇ ਜਾ ਰਹੇ ਹਨ, ਉਹਨਾਂ ਨੂੰ ਪੂਰੀ ਤਰ੍ਹਾਂ ਦ੍ਰਿੜ੍ਹਤਾ ਤੇ ਧੀਰਜ ਨਾਲ ਉਹਨਾਂ ਦੀ ਗ਼ਲਤੀ ਸਮਝਾਉਣਾ, ਸਾਮਰਾਜੀ ਜੰਗ ਅਤੇ ਸਰਮਾਏ ਵਿਚਕਾਰ ਮੌਜੂਦ ਅਟੁੱਟ ਸੰਬੰਧ ਨੂੰ ਸਮਝਾਉਣਾ ਅਤੇ ਇਹ ਸਾਬਤ ਕਰਨਾ ਕਿ ਪੂੰਜੀਦਾਰੀ ਦਾ ਤਖ਼ਤਾ ਵੱਦੇ । ਇਹਨਾਂ ਤੇ ਤਸ਼ੱਦਦ ਰਾਹੀਂ ਠੋਸੇ ਅਮਨ ਨਾਲ ਨਹੀਂ, ਸਗੋਂ ਹਕੀਕੀ ਜਮਹੂਰੀ ਅਮਨ ਨਾਲ ਜੰਗ ਨਾਲ ਖ਼ਤਮ ਕਰਨਾ ਅਸੰਭਵ ਹੈ, ਬਹੁਤ ਜ਼ਰੂਰੀ ਹੈ ।

ਫਰੰਟ ਉਤੇ ਲੜ ਰਹੀ ਫੌਜ ਵਿਚ ਇਸ ਵਿਚਾਰ ਦੇ ਹੱਕ ਵਿਚ ਵਿਸ਼ਾਲ ਤੋਂ ਵਿਸ਼ਾਲ ਮੁਹਿੰਮ ਚਲਾਈ ਜਾਣੀ ਲਾਜ਼ਮੀ ਹੈ :

ਮੇਲ ਜੋਲ

2. ਰੂਸ ਵਿਚ ਅਜੋਕੀ ਅਵਸਥਾ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਦੇਸ਼ ਇਨਕਲਾਬ ਦੇ ਪਹਿਲੇ ਪੜਾਅ ਤੋਂ—ਜਿਸ ਨੇ ਪਰੋਲੇਤਾਰੀਆ ਦੀ ਨਾਕਾਫ਼ੀ ਸ੍ਰੇਣਿਕ ਚੇਤੰਨਤਾ ਤੇ ਸੰਗਠਨ ਦੇ ਨਾਕਾਫ਼ੀ ਹੋਣ ਕਾਰਨ ਸੱਤਾ ਬੁਰਜੁਆਜ਼ੀ ਦੇ ਹੱਥ ਵਿਚ ਸੌਂਪ ਦਿੱਤੀ ਸੀ—ਇਸ ਦੇ ਦੂਸਰੇ ਪੜਾਅ ਵਲ ਵਧ ਰਿਹਾ ਹੈ, ਜੋ ਲਾਜ਼ਮੀ ਤੌਰ ਤੇ ਸੱਤਾ ਪਰੋਲੇਤਾਰੀਆ ਅਤੇ ਕਿਸਾਨੀ ਦੇ ਅਤੀ ਗ਼ਰੀਬ ਭਾਗਾਂ ਦੇ ਹੱਥ ਸੌਂਪੇਗਾ ।

ਇਹ ਤਬਦੀਲੀ ਇਸ ਪਾਸੇ ਵਧ ਤੋਂ ਵਧ ਕਾਨੂੰਨੀ ਤੌਰ ਤੇ ਪ੍ਰਵਾਨਤ ਅਧਿਕਾਰਾਂ ਦੁਆਰਾ (ਰੂਸ ਹੁਣ ਜੰਗ ਵਿਚ ਸ਼ਾਮਲ ਸੰਸਾਰ ਦੇ ਸਭ ਦੇਸ਼ਾਂ ਨਾਲੋਂ ਵਧੇਰੇ ਆਜ਼ਾਦ ਹੈ), ਦੂਜੇ ਪਾਸੇ ਲੋਕਾਂ ਵਲ ਤਸ਼ੱਦਦ ਦੀ ਅਣਹੋਂਦ ਦੁਆਰਾ ਤੇ ਅੰਤ ਵਿਚ ਲੋਕਾਂ ਵਲੋਂ ਪੂੰਜੀਦਾਰਾਂ ਦੀ, ਜੋ ਅਮਨ ਤੇ ਸਮਾਜਵਾਦ ਦੇ ਸਭ ਤੋਂ ਭੈੜੇ ਦੁਸ਼ਮਣ ਹਨ, ਸਰਕਾਰ ਵਿਚ ਅਨੁਚਿਤ ਵਿਸ਼ਵਾਸ ਦੁਆਰਾ ਪ੍ਰਗਟ ਹੁੰਦਾ ਹੈ ।

ਇਹ ਨਿਆਰੀ ਹਾਲਤ ਸਾਥੋਂ ਮੰਗ ਕਰਦੀ ਹੈ ਕਿ ਅਸੀਂ ਰਾਜਸੀ ਤੌਰ ਤੇ ਹੁਣੇ ਹੁਣੇ ਚੇਤੰਨ ਹੋਏ ਮਜ਼ਦੂਰਾਂ ਦੇ ਬੇਮਿਸਾਲ ਹੱਦ ਤਕ ਵਿਸ਼ਾਲ ਸਮੂਹਾਂ ਵਿਚ ਪਾਰਟੀ ਦਾ ਕੰਮ ਕਰਨ ਦੇ ਉਚੇਚੇ ਹਾਲਾਤ ਮੁਤਾਬਕ ਆਪਣੇ ਆਪ ਨੂੰ ਢਾਲ ਸਕੀਏ ।

3. ਅਸਥਾਈ ਸਰਕਾਰ ਦੀ ਕੋਈ ਹਮਾਇਤ ਨਾ ਕੀਤੀ ਜਾਏ । ਇਸ ਦੇ ਸਭ ਇਕਰਾਰਾਂ, ਖ਼ਾਸ ਕਰ ਕਬਜ਼ਿਆਂ, ਦਾ ਤਿਆਗ ਕਰਨ ਨਾਲ ਸੰਬੰਧਤ ਇਕਰਾਰਾਂ ਦੇ ਅਤਿਅੰਤ ਝੂਠੇਪਣ ਨੂੰ ਸਪਸ਼ਟ ਕੀਤਾ ਜਾਏ । ਇਸ ਨਾਵਾਜਬ ਤੇ 'ਭੁਲੇਖਾ ਪਾਊ ਮੰਗ' ਦੀ ਥਾਂ ਕਿ ਇਹ ਸਰਕਾਰ, ਜੋ ਪੂੰਜੀਦਾਰਾਂ ਦੀ ਸਰਕਾਰ ਹੈ, ਸਾਮਰਾਜੀ ਸਰਕਾਰ ਹੋਣੋਂ ਹਟ ਜਾਏ, ਇਸ ਸਰਕਾਰ ਨੂੰ ਪੂਰੀ ਤਰ੍ਹਾਂ ਨੰਗਾ ਕੀਤਾ ਜਾਵੇ ।

4. ਇਸ ਤੱਥ ਨੂੰ ਸਵੀਕਾਰ ਕੀਤਾ ਜਾਏ ਕਿ ਮਜ਼ਦੂਰ ਪ੍ਰਤੀਨਿਧਾਂ ਦੀਆਂ ਬਹੁਤ ਸਾਰੀਆਂ ਸੋਵੀਅਤਾਂ ਵਿਚ ਸਾਡੀ ਪਾਰਟੀ ਘੱਟ ਸੰਮਤੀ ਵਿਚ ਹੈ, ਪਾਪੂਲਰ ਸੋਸ਼ਲਿਸਟਾਂ ਅਤੇ ਸੋਸ਼ਲਿਸਟ ਇਨਕਲਾਬੀਆਂ ਤੋਂ ਲੈ ਕੇ ਆਰਗੇਨਾਈਜ਼ਿੰਗ ਕਮੇਟੀ (ਚਖੀਦਜ਼ੇ, ਜੇਰੇਤੇਲੀ, ਆਦਿ) ਸਤੇਕਲੋਵ, ਇਤਿਆਦਿ ਤਕ, ਜੋ ਬੁਰਜੁਆਜ਼ੀ ਦੇ ਪ੍ਰਭਾਵ ਅਗੇ ਝੁਕ ਗਏ ਹਨ ਅਤੇ ਉਹ ਪ੍ਰਭਾਵ ਪਰੋਲੇਤਾਰੀਆ ਵਿਚ ਫੈਲਾਉਂਦੇ ਹਨ—ਇਹਨਾਂ ਸਭ ਅਰਧ-ਬੁਰਜੁਆ ਮੌਕਾਪ੍ਰਸਤ ਅਨਸਰਾਂ ਦੇ ਬਲਾਕ ਦੇ ਟਾਕਰੇ ਹੁਣ ਤੱਕ ਬਹੁਤ ਛੋਟੀ ਜਿਹੀ ਘੱਟ ਸੰਮਤੀ ।

ਲੋਕਾਂ ਨੂੰ ਲਾਜ਼ਮੀ ਤੌਰ ਤੇ ਇਹ ਵਿਖਾਇਆ ਜਾਵੇ ਕਿ ਮਜ਼ਦੂਰ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਹੀ ਇਨਕਲਾਬੀ ਸਰਕਾਰ ਦਾ ਇਕੋ ਇਕ ਸੰਭਵ ਰੂਪ ਹਨ ਅਤੇ ਇਸ ਲਈ ਜਦੋਂ ਤਕ ਇਹ ਸਰਕਾਰ ਬੁਰਜੁਆਜ਼ੀ ਦੇ ਪ੍ਰਭਾਵ ਅਗੇ ਝੁਕਦੀ ਹੈ, ਸਾਡਾ ਕੰਮ ਬਣਦਾ ਹੈ ਕਿ ਧੀਰਜ ਨਾਲ ਨਿਯਮਤ ਰੂਪ ਵਿਚ ਤੇ ਲਗਾਤਾਰ ਉਹਨਾਂ ਦੇ ਦਾਅ ਪੇਚਾਂ ਦੀਆਂ ਗ਼ਲਤੀਆਂ ਦਾ ਸਪਸ਼ਟੀਕਰਣ ਕੀਤਾ ਜਾਵੇ, ਸਪਸ਼ਟੀਕਰਣ ਜੋ ਕਿ ਵਿਸੇਸ਼ ਰੂਪ ਵਿਚ ਲੋਕਾਂ ਦੀਆਂ ਅਮਲੀ ਲੋੜਾਂ ਅਨੁਸਾਰ ਢਲਿਆ ਹੋਵੇ।

ਜਿੰਨਾ ਚਿਰ ਅਸੀਂ ਘਟ-ਗਿਣਤੀ ਵਿਚ ਹਾਂ, ਅਸੀਂ ਗ਼ਲਤੀਆਂ ਦੀ ਆਲੋਚਨਾ ਕਰਨ ਤੇ ਉਹਨਾਂ ਨੂੰ ਨੰਗਾ ਕਰਨ ਦਾ ਕੰਮ ਜਾਰੀ ਰਖੀਏ। ਇਸ ਦੇ ਨਾਲ ਅਸੀਂ ਸਮੁਚੀ ਰਾਜ-ਸੱਤਾ, ਮਜ਼ਦੂਰ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਨੂੰ ਸੌਂਪਣ ਦੀ ਲੋੜ ਦਾ ਪਰਚਾਰ ਕਰੀਏ ਤਾਂ ਜੋ ਲੋਕ ਤਜਰਬੇ ਨਾਲ ਆਪਣੀਆਂ ਗ਼ਲਤੀਆਂ ਉਤੇ ਕਾਬੂ ਪਾ ਸਕਣ।

5. ਪਾਰਲੀਮਾਨੀ ਗਣਰਾਜ ਨਹੀਂ, ਕਾਮੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਤੋਂ ਪਾਰਲੀਮਾਨੀ ਗਣਰਾਜ ਵਲ ਪਰਤਣਾ ਤਾਂ ਪਿਛਲਖੁਰੀ ਮੁੜਨਾ ਹੋਵੇਗਾ—ਸਗੋਂ ਸਮੁੱਚੇ ਦੇਸ਼ ਵਿਚ ਹੇਠਾਂ ਤੋਂ ਲੈ ਕੇ ਉਪਰ ਤਕ ਕਾਮਿਆਂ, ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਸੋਵੀਅਤਾਂ ਦਾ ਗਣਰਾਜ ਸਥਾਪਤ ਕੀਤਾ ਜਾਵੇ।

ਪੁਲਸ, ਫੌਜ ਤੇ ਨੌਕਰਸਾਹੀ ਦਾ ਖ਼ਾਤਮਾ[1]।

ਸਭ ਅਧਿਕਾਰੀ ਚੁਣੇ ਗਏ ਹੋਣ ਤੇ ਕਿਸੇ ਸਮੇਂ ਵੀ ਲਾਹੇ ਜਾ ਸਕਦੇ ਹੋਣ। ਉਹਨਾਂ ਦੀਆਂ ਤਨਖਾਹਾਂ ਇਕ ਨਿਪੁੰਨ ਮਜ਼ਦੂਰ ਦੀ ਔਸਤ ਤਨਖਾਹ ਤੋਂ ਵੱਧ ਨਾ ਹੋਣ।

6. ਜ਼ਰਈ ਪ੍ਰੋਗਰਾਮ ਵਿਚ ਵਧੇਰੇ ਬਲ ਖੇਤ ਮਜ਼ਦੂਰ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਵਲ ਦਿੱਤਾ ਜਾਵੇ।

ਸਭ ਜ਼ਮੀਨੀ ਜਾਇਦਾਦਾਂ ਦੀ ਜਬਤੀ।

ਦੇਸ਼ ਵਿਚਲੀ ਸਾਰੀ ਜ਼ਮੀਨ ਦਾ ਕੌਮੀਕਰਣ। ਜਮੀਨ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨ ਦੇ ਪ੍ਰਤੀਨਿਧਾਂ ਦੀ ਵੱਖਰੀ ਸੋਵੀਅਤ ਦਾ ਸੰਗਠਨ ਕੀਤਾ ਜਾਵੇ। ਖੇਤ ਮਜ਼ਦੂਰ ਪ੍ਰਤੀਨਿਧਾਂ ਦੇ ਕੰਟਰੋਲ ਅਧੀਨ ਅਤੇ ਸਮੂਹ ਪਬਲਿਕ ਦੀ ਨਿਗਰਾਨੀ ਨਾਲ ਹਰ ਵੱਡੀ ਐਸਟੇਟ ਉਪਰ ਇਕ ਨਮੂਨੇ ਦਾ ਫਾਰਮ (ਜੋ ਸਥਾਨਕ ਤੇ ਦੂਸਰੀਆਂ ਹਾਲਤਾਂ ਅਨੁਸਾਰ ਅਤੇ ਸਥਾਨਕ ਸੰਸਥਾਵਾਂ ਦੇ ਫੈਸਲਿਆਂ ਅਨੁਸਾਰ ਅਕਾਰ ਵਿਚ 100 ਤੋਂ 300 ਦੇਸੀਆਤੀਨਜ਼ ਤਕ ਦਾ ਹੋਵੇ) ਸਥਾਪਤ ਕੀਤਾ ਜਾਏ।

7. ਦੇਸ਼ ਦੀਆਂ ਸਭ ਬੈਂਕਾਂ ਨੂੰ ਫੌਰੀ ਤੌਰ ਤੇ ਇਕ ਕੌਮੀ ਬੈਂਕ ਵਿਚ ਸ਼ਾਮਲ ਕੀਤਾ ਜਾਵੇ ਅਤੇ ਕਾਮੇ ਪ੍ਰਤੀਨਿਧਾਂ ਦੀ ਸੋਵੀਅਤ ਦਾ ਇਸ ਬੈਂਕ ਉਪਰ ਕੰਟਰੋਲ ਹੋਵੇ।

8. ਸਮਾਜਵਾਦ "ਲਾਗੂ ਕਰਨਾ" ਸਾਡਾ **ਫੌਰੀ** ਕੰਮ ਨਹੀਂ ਸਗੋਂ ਸਮਾਜੀ ਉਤਪਾਦਨ ਅਤੇ ਉਪਜ ਦੀ ਵੰਡ ਨੂੰ ਝੱਟ ਪੱਟ ਕਾਮੇ ਪ੍ਰਤੀਨਿਧਾਂ ਦੀ ਸੋਵੀਅਤ ਦੇ ਕੰਟਰੋਲ ਵਿਚ ਲਿਆਉਣਾ ਸਾਡਾ ਕੰਮ ਹੈ।

9. ਪਾਰਟੀ ਕੰਮ :

(ੳ) ਫੌਰੀ ਤੌਰ ਤੇ ਪਾਰਟੀ ਕਾਂਗਰਸ ਬੁਲਾਉਣਾ।

---

1. ਸਟੈਂਡਿੰਗ ਫ਼ੌਜ ਖ਼ਤਮ ਕਰ ਕੇ ਸਭ ਲੋਕ ਹਥਿਆਰਬੰਦ ਕੀਤੇ ਜਾਣ।

**(ਅ) ਪਾਰਟੀ ਪ੍ਰੋਗਰਾਮ ਵਿਚ ਤਬਦੀਲੀਆਂ ਕਰਨਾ, ਮੁੱਖ ਰੂਪ ਵਿਚ :**

**(1) ਸਾਮਰਾਜ ਅਤੇ ਸਾਮਰਾਜੀ ਜੰਗ ਦੇ ਸਵਾਲ ਉਪਰ,**

**(2) ਰਾਜ ਵੱਲ ਸਾਡੇ ਵਤੀਰੇ ਅਤੇ "ਕਮਿਊਨ ਰਾਜ" ਦੀ ਸਾਡੀ ਮੰਗ ਬਾਰੇ,[1]**

**(3) ਵੇਲਾ ਵਿਹਾ ਚੁੱਕੇ ਸਾਡੇ ਘੱਟੋ ਘੱਟ ਪ੍ਰੋਗਰਾਮ ਵਿਚ ਸੋਧ,**

(ੲ) ਪਾਰਟੀ ਦੇ ਨਾਂ ਵਿਚ ਤਬਦੀਲੀ,[2]

10. ਇਕ ਨਵੀਂ ਇੰਟਰਨੈਸ਼ਨਲ ।

ਸਾਨੂੰ ਲਾਜ਼ਮੀ ਤੌਰ ਤੇ ਇਕ ਇਨਕਲਾਬੀ ਇੰਟਰਨੈਸ਼ਨਲ ਬਣਾਉਣੀ ਚਾਹੀਦੀ ਹੈ, ਅਜਿਹੀ ਇੰਟਰਨੈਸ਼ਨਲ ਜੋ "ਸੋਸ਼ਲ-ਸ਼ਾਵਨਵਾਦੀਆਂ" ਕੋਮਪ੍ਰਸਤਾਂ ਦੇ ਵਿਰੁੱਧ ਅਤੇ "ਕੇਂਦਰ" ਦੇ ਵਿਰੁੱਧ ਹੋਵੇ ।[3]

ਪਾਠਕਾਂ ਨੂੰ ਇਹ ਸਮਝਾਉਣ ਖਾਤਰ ਕਿ ਮੈਂ ਈਮਾਨਦਾਰ ਵਿਰੋਧੀਆਂ ਦੀ ਨਵੇਕਲੀ ਛੋਟ ਉਪਰ ਕਿਉਂ ਜ਼ੋਰ ਦਿੱਤਾ ਹੈ, ਮੈਂ ਉਹਨਾਂ ਨੂੰ ਉਪਰਲੇ ਪ੍ਰਸਤਾਵਾਂ ਦਾ ਮਿਸਟਰ ਗੋਲਡਨਾਰਗ ਦੇ ਨਿਮਨ-ਲਿਖਤ ਇਤਰਾਜ਼ ਨਾਲ ਟਾਕਰਾ ਕਰਨ ਦਾ ਸੱਦਾ ਦਿੰਦਾ ਹਾਂ । ਉਹ ਆਖਦਾ ਹੈ "ਲੈਨਿਨ ਨੇ ਇਨਕਲਾਬੀ ਲੋਕਤੰਤਰ ਦੇ ਅੱਧ ਵਿਚਕਾਰ ਘਰੋਗੀ ਜੰਗ ਦਾ ਝੰਡਾ ਗੱਡ ਦਿੱਤਾ ਹੈ ।" (ਮਿਸਟਰ ਪਲੈਖਾਨੋਵ ਦੇ "ਯੰਦੀਨਸਤਵੋ" ਰਸਾਲੇ ਦੇ ਨੰਬਰ ਪੰਜ ਵਿਚ ਹਵਾਲਾ ਦਿੱਤਾ ਗਿਆ) । ਕਿਉਂ ਕਮਾਲ ਦੀ ਗੱਲ ਹੈ ਕਿ ਨਹੀਂ ਇਹ ?

ਮੈਂ ਲਿਖਦਾ ਹਾ, ਬੋਲਦਾ ਹਾਂ ਤੇ ਵਿਸਥਾਰ ਨਾਲ ਸਮਝਾਉਂਦਾ ਹਾਂ ਕਿ : "ਲੋਕਾਂ ਦੇ ਉਹਨਾ ਵਿਸ਼ਾਲ ਭਾਗਾਂ ਦੀ, ਜੋ ਇਨਕਲਾਬੀ ਸੁਰੱਖਿਆਵਾਦ ਵਿਚ ਵਿਸ਼ਵਾਸ ਰੱਖਦੇ ਹਨ, ਸੰਦੇਹ-ਰਹਿਤ ਈਮਾਨਦਾਰੀ ਦੇ ਪੇਸ਼ੇ-ਨਜ਼ਰ...ਇਸ ਤੱਥ ਦੇ ਪੇਸ਼ੇ-ਨਜ਼ਰ ਕਿ ਉਹ ਬੁਰਜੂਆਜ਼ੀ ਦੁਆਰਾ ਠੱਗੇ ਜਾ ਰਹੇ ਹਨ, ਉਹਨਾ ਨੂੰ ਖ਼ਾਸ ਕਰ ਪੂਰੀ ਤਰ੍ਹਾਂ ਦ੍ਰਿੜ੍ਹਤਾ ਤੇ ਧੀਰਜ ਨਾਲ ਉਹਨਾਂ ਦੀ ਗਲਤੀ ਸਮਝਾਉਣੀ ਜ਼ਰੂਰੀ ਹੈ...

ਅਤੇ ਆਪਣੇ ਆਪ ਨੂੰ ਸੋਸ਼ਲ ਡੈਮੋਕਰੈਟ ਅਖਵਾਉਣ ਵਾਲੇ ਬੁਰਜੂਆ ਭੱਦਰਪੁਰਸ਼, ਜੋ ਸੁਰੱਖਿਆਵਾਦ ਦੇ ਜਨਤਕ ਵਿਸ਼ਵਾਸੀਆਂ ਦੇ ਵਿਸ਼ਾਲ ਭਾਗਾਂ ਨਾਲ ਵੀ ਸਬੰਧਤ ਨਹੀਂ, ਮੇਰੇ ਵਿਚਾਰਾਂ ਨੂੰ ਇਉਂ ਪੇਸ਼ ਕਰਦੇ ਹਨ : "ਘਰੋਗੀ ਜੰਗ (ਜਿਸ ਬਾਰੇ ਨਾ ਪ੍ਰਸਤਾਵਾਂ ਵਿਚ ਅਤੇ ਨਾ ਹੀ ਮੇਰੇ ਭਾਸ਼ਣ ਵਿਚ ਇਕ ਵੀ ਸ਼ਬਦ ਹੈ) ਦਾ ਝੰਡਾ [।] ਇਨਕਲਾਬੀ ਲੋਕਤੰਤਰ ਦੇ ਅੱਧ ਵਿਚਕਾਰੇ [।] ਗੱਡ ਦਿੱਤਾ ਗਿਆ ਹੈ ! [।।]'......

ਇਸ ਦਾ ਕੀ ਅਰਥ ਹੈ ? **ਰੂਸਕ ਇਆ ਵੋਲਿਆ** ਵਿਚਲੀ ਫਸਾਦ ਭੜਕਾਊ ਐਜੀਟੇਸ਼ਨ ਨਾਲੋਂ ਇਹ ਕਿਸ ਤਰ੍ਹਾਂ ਭਿੰਨ ਹੈ ? ਮੈਂ ਲਿਖਦਾ ਹਾ, ਬੋਲਦਾ ਹਾ ਤੇ ਵਿਸਥਾਰ ਨਾਲ ਸਮਝਾਉਂਦਾ ਹਾਂ ਕਿ : "ਕਾਮੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਹੀ ਇਨਕਲਾਬੀ ਸਰਕਾਰ ਦਾ ਇਕੋ ਇਕ ਸੰਭਵ ਰੂਪ ਹਨ ਅਤੇ ਇਸ ਲਈ ਸਾਡਾ ਕੰਮ ਬਣਦਾ ਹੈ ਕਿ ਧੀਰਜ ਨਾਲ, ਨਿਯਮਤ ਰੂਪ ਵਿਚ ਤੇ ਦ੍ਰਿੜ੍ਹਤਾ ਨਾਲ ਉਹਨਾਂ ਦੇ ਦਾਅ ਪੇਚਾਂ । ਗਲਤੀਆਂ ਦਾ ਸਪੱਸ਼ਟੀਕਰਣ ਕੀਤਾ ਜਾਏ, ਸਪੱਸ਼ਟੀਕਰਣ ਜੋ ਕਿ ਉਚੇਚੇ ਤੌਰ ਤੇ ਲੋਕਾਂ ਦੀਆਂ ਅਮਲੀ ਲੋੜਾਂ ਅਨੁਸਾਰ ਢਲਿਆ ਹੋਵੇ ।"

ਅਤੇ ਅਜੇ ਵੀ ਇਕ ਭਾਂਤ ਦੇ ਵਿਰੋਧੀ ਮੇਰੇ ਵਿਚਾਰਾਂ ਨੂੰ "ਇਨਕਲਾਬੀ ਲੋਕਤੰਤਰ ਦੇ ਅੱਧ ਵਿਚਕਾਰੇ ਘਰੋਗੀ ਜੰਗ ਦੇ ਸੱਦੇ ਵਜੋਂ ਪੇਸ਼ ਕਰਦੇ ਹਨ ।

ਮੈਂ ਕਿਸੇ ਨੇੜਲੀ ਤਾਰੀਖ ਨੂੰ ਜਾਂ ਕਿਸੇ ਵੀ ਤਾਰੀਖ ਨੂੰ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਨਾ ਬੁਲਾਉਣ ਅਤੇ ਸਿਰਫ਼ ਇਕਰਾਰਾਂ ਤਕ ਸੀਮਤ ਰਹਿਣ ਲਈ ਅਸਥਾਈ ਸਰਕਾਰ ਦੀ ਅਲੋਚਨਾ

ਲੰਮੀਆਂ ਬਰੈਕਟਾਂ ਵਿਚਲੇ ਸੰਕੇਤ ਲੈਨਿਨ ਦੇ ਦਿਤੇ ਹੋਏ ਹਨ ।

ਕੀਤੀ ਸੀ। ਮੈਂ ਕਿਹਾ ਸੀ ਕਿ ਕਾਮਿਆਂ ਅਤੇ ਫ਼ੌਜੀਆਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਤੋਂ ਬਿਨਾਂ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਬੁਲਾਏ ਜਾਣ ਦੀ ਕੋਈ ਜ਼ਾਮਨੀ ਨਹੀਂ ਤੇ ਜੇ ਹੋਵੇ ਵੀ ਤਾਂ ਅਜਿਹੇ ਸਮਾਗਮ ਦੀ ਸਫਲਤਾ ਅਸੰਭਵ ਹੈ।

ਅਤੇ ਮੇਰੇ ਨਾਲ ਵਿਚਾਰ ਇਹ ਜੋੜਿਆ ਜਾ ਰਿਹਾ ਹੈ ਮੈਂ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਛੇਤੀ ਬੁਲਾਉਣ ਦੇ ਵਿਰੁੱਧ ਹਾਂ।

ਜੇ ਦਹਾਕਿਆਂ ਦੇ ਰਾਜਨੀਤਕ ਸੰਘਰਸ਼ ਨੇ ਮੈਨੂੰ ਇਹ ਨਾ ਸਿਖਾਇਆ ਹੁੰਦਾ ਕਿ ਵਿਰੋਧੀਆਂ ਵਿਚ ਈਮਾਨਦਾਰੀ ਦੀ ਝਲਕ ਵੀ ਕਦੇ ਕਦਾਈਂ ਮਿਲ ਜਾਂਦੀ ਹੈ ਤਾਂ ਮੈਂ ਇਸ ਨੂੰ "ਝੱਖ" ਆਖਦਾ।

ਮਿਸਟਰ ਪਲੈਖ਼ਾਨੋਵ ਨੇ ਆਪਣੇ ਪੇਪਰ ਵਿਚ ਮੇਰੇ ਭਾਸ਼ਣ ਨੂੰ "ਝੱਖ" ਆਖਿਆ ਹੈ। ਬਹੁਤ ਅੱਛਾ, ਮਿਸਟਰ ਪਲੈਖ਼ਾਨੋਵ ! ਪਰ ਵੇਖ ਆਪਣੀ ਬਿਆਨਬਾਜ਼ੀ ਵਿਚ ਤੂੰ ਕਿੰਨਾ ਅਨਾੜੀ, ਬੇਢਬਾ ਤੇ ਜਿੱਲ੍ਹਾ ਹੈਂ। ਜੇ ਮੈਂ ਦੋ ਘੰਟੇ ਇਸ ਝੱਖ ਵਾਲਾ ਭਾਸ਼ਣ ਦਿੱਤਾ ਸੀ ਤਾਂ ਇਹ ਕਿਵੇਂ ਹੋਇਆ ਕਿ ਸੈਂਕੜੇ ਸਰੋਤੇ ਇਸ "ਝੱਖ" ਨੂੰ ਬਰਦਾਸ਼ਤ ਕਰਦੇ ਰਹੇ ? ਅਤੇ ਫੇਰ ਅਗਲੀ ਗੱਲ ਇਹ ਕਿ ਤੇਰਾ ਪਰਚਾ ਕਿਉਂ ਇਸ "ਝੱਖ" ਦੇ ਜ਼ਿਕਰ ਵਿਚ ਪੂਰਾ ਕਾਲਮ ਲਾਉਂਦਾ ਹੈ ? ਇਹ ਗੱਲ ਬੇਮੇਚ ਹੈ, ਉੱਕਾ ਹੀ ਬੇਮੇਚ।

ਨਿਰਸੰਦੇਹ, ਮਾਰਕਸ ਤੇ ਏਂਗਲਜ਼ ਨੇ 1871, 1872 ਤੇ 1875 ਵਿਚ ਪੈਰਿਸ ਕਮਿਊਨ ਦੇ ਤਜਰਬੇ ਅਤੇ ਜਿਸ ਪਰਕਾਰ ਦਾ ਰਾਜ ਪਰੋਲਤਾਰੀਏ ਨੂੰ ਲੋੜੀਂਦਾ ਹੈ, ਉਸ ਬਾਰੇ ਜੋ ਕੁਝ ਕਿਹਾ ਸੀ, ਉਸ ਨੂੰ ਯਾਦ ਕਰਨ, ਦੱਸਣ ਤੇ ਸਮਝਾਉਣ ਦੀ ਥਾਂ ਗਾਲ੍ਹਾਂ ਕੱਢਣਾ, ਰੌਲਾ ਪਾਉਣਾ ਤੇ ਚੰਘਾੜਨਾ ਵਧੇਰੇ ਸਹਿਲ ਹੈ।

ਸਾਬਕਾ ਮਾਰਕਸਵਾਦੀ ਮਿਸਟਰ ਪਲੈਖ਼ਾਨੋਵ, ਪਰਤੱਖ ਹੈ ਕਿ ਮਾਰਕਸਵਾਦ ਨੂੰ ਯਾਦ ਕਰਨ ਦੀ ਖੇਚਲ ਨਹੀਂ ਕਰਦਾ। ਮੈਂ ਰੋਜ਼ਾ ਲਕਸਮਬਰਗ ਦੇ ਸ਼ਬਦਾਂ ਦਾ ਹਵਾਲਾ ਦਿੱਤਾ ਸੀ ਜਿਸ ਨੇ 4 ਅਗਸਤ 1914 ਨੂੰ ਜਰਮਨ ਸੋਸ਼ਲ ਡੈਮੋਕਰੇਸੀ ਨੂੰ ਇਕ "ਬਦਬੂ ਭਰੀ ਲੋਥ" ਆਖਿਆ ਸੀ। ਤੇ ਪਲੈਖ਼ਾਨੋਵ, ਗੋਲਡਨਬਰਗ ਐਂਡ ਕੰਪਨੀ ਨੂੰ ਤਕਲੀਫ ਹੋਈ ਪ੍ਰਤੀਤ ਹੁੰਦੀ ਹੈ। ਕਿਸ ਵਲੋਂ ? ਵੱਡੇ ਜਰਮਨ ਕੌਮ ਪ੍ਰਸਤਾਂ ਵਲੋਂ। ਕਿਉਂਕਿ ਉਹਨਾਂ ਨੂੰ ਵੱਡੇ ਕੌਮਪ੍ਰਸਤ ਕਿਹਾ ਜਾਂਦਾ ਸੀ। ਉਹ ਝਮੇਲੇ ਵਿਚ ਫਸ ਗਏ, ਵਿਚਾਰੇ ਰੂਸੀ ਸੋਸ਼ਲ ਵੱਡ ਕੌਮ ਪ੍ਰਸਤ—ਲਫਜ਼ਾਂ ਦੇ ਸੋਸ਼ਲਿਸਟ, ਅਮਲ ਵਿਚ ਅੰਧ ਰਾਸ਼ਟਰਵਾਦੀ।

ਅਪਰੈਲ 4 ਤੇ 5
(17 ਤੇ 18) ਨੂੰ 1917 ਨੂੰ ਲਿਖਿਆ
7 ਅਪਰੈਲ, 1917 ਨੂੰ **ਪਰਾਵਦਾ** ਦੇ
ਨੰਬਰ 26 ਵਿਚ ਪਰਕਾਸ਼ਤ ਹੋਇਆ
ਸਹੀ : **ਐਨ. ਲੈਨਿਨ**

ਸੰਗ੍ਰਹਿਤ ਕਿਰਤਾਂ ਜਿਲਦ 24
ਪੰਨੇ 19—26

# ਦਾਅ-ਪੇਚਾਂ ਬਾਰੇ ਚਿੱਠੀਆਂ

## ਭੂਮਿਕਾ

4, ਅਪਰੈਲ 1917 ਨੂੰ ਮੈਨੂੰ ਸਿਰਲੇਖ ਵਿਚ ਦਰਸਾਏ ਵਿਸ਼ੇ ਉਤੇ, ਪੀਤਰੋਗਰਾਦ ਵਿਚ, ਬਾਲਸ਼ਵਿਕਾਂ ਦੀ ਮੀਟਿੰਗ ਵਿਚ ਪਹਿਲੀ ਰੀਪੋਰਟ ਪੇਸ਼ ਕਰਨ ਦਾ ਅਵਸਰ ਪਰਾਪਤ ਹੋਇਆ। ਉਹ ਮਜ਼ਦੂਰ ਤੇ ਸਿਪਾਹੀ ਡਿਪਟੀਆਂ ਦੀਆਂ ਸੋਵੀਅਤਾਂ ਦੀ ਕੁਲ-ਰੂਸ ਕਾਨਫਰੰਸ ਦੇ ਡੈਲੀਗੇਟ ਸਨ, ਜਿਨ੍ਹਾਂ ਨੇ ਵਾਪਸ ਆਪਣੇ ਘਰਾਂ ਨੂੰ ਪਰਤਣਾ ਸੀ, ਇਸ ਲਈ ਮੈਂ ਇਹਨਾਂ ਨੂੰ ਅਗਾਂਹ ਨਹੀਂ ਸੀ ਪਾ ਸਕਿਆ। ਮੀਟਿੰਗ ਦੇ ਮਗਰੋਂ ਚੇਅਰਮੈਨ, ਕਾਮਰੇਡ ਜੀ. ਜਿਨੋਵੀਵ ਨੇ ਸਾਡੀ ਅਸੰਬਲੀ ਵਲੋਂ ਮੈਨੂੰ ਬਾਲਸ਼ਵਿਕ ਤੇ ਮੈਨਸ਼ਵਿਕ ਡੈਲੀਗੇਟਾਂ ਦੀ ਸਾਂਝੀ ਮੀਟਿੰਗ ਵਿਚ ਆਪਣੀ ਰੀਪੋਰਟ ਮੁੜ ਕੇ ਪੇਸ਼ ਕਰਨ ਲਈ ਆਖਿਆ, ਜਿਹੜੇ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਨੂੰ ਇਕ ਮੁੱਠ ਕਰਨ ਦੇ ਸੁਆਲ ਨੂੰ ਵਿਚਾਰਨਾ ਚਾਹੁੰਦੇ ਸਨ।

ਭਾਵੇਂ ਮੇਰੇ ਲਈ ਆਪਣੀ ਰਿਪੋਰਟ ਨੂੰ ਤੁਰੰਤ ਮੁੜ ਕੇ ਦੁਹਰਾਉਣਾ ਔਖੀ ਗੱਲ ਸੀ, ਮੈਂ ਮਹਿਸੂਸ ਕੀਤਾ ਕਿ ਮੈਨੂੰ ਇਸ ਤੋਂ ਇਨਕਾਰ ਕਰਨ ਦਾ ਕੋਈ ਅਧਿਕਾਰ ਨਹੀਂ ਕਿ ਕਿਉਂ ਜੋ ਇਸ ਦੀ ਮੰਗ **ਮੇਰੇ ਵਰਗੇ ਵਿਚਾਰ ਰਖਣ ਵਾਲੇ** ਸਾਥੀਆਂ ਵਲੋਂ ਅਤੇ ਮੈਨਸ਼ਵਿਕਾਂ ਵਲੋਂ ਕੀਤੀ ਗਈ ਸੀ, ਜਿਹੜੇ ਤੁਰੰਤ ਵਾਪਸ ਜਾਣ ਲਈ ਤਿਆਰ ਹੋਣ ਕਰਕੇ ਮੈਨੂੰ ਢਿੱਲ ਕਰਨ ਦੀ ਆਗਿਆ ਨਹੀਂ ਸਨ ਦੇ ਸਕਦੇ।

ਮੈਂ ਆਪਣੀ ਰਿਪੋਰਟ ਪੇਸ਼ ਕਰਦਿਆਂ ਮੈਂ ਉਹ ਥੀਸਿਸ ਪੜ੍ਹੇ ਜੋ **ਪਰਾਵਦਾ** ਦੇ ਨੰਬਰ 26 ਵਿਚ 7, ਅਪਰੈਲ 1917 ਨੂੰ ਪ੍ਰਕਾਸਤ ਹੋਏ ਸਨ।

ਥੀਸਿਸਾਂ ਤੇ ਮੇਰੀ ਰਿਪੋਰਟ ਨੇ ਖੁਦ ਬਾਲਸ਼ਵਿਕਾਂ ਅਤੇ **ਪਰਾਵਦਾ** ਦੇ ਸੰਪਾਦਕਾਂ ਵਿਚਾਲੇ ਰਾਵਾਂ ਦਾ ਮੱਤਭੇਦ ਪੈਦਾ ਕਰ ਦਿੱਤਾ। ਕਈ ਵਿਚਾਰ ਵਟਾਂਦਰਿਆ ਦੇ ਮਗਰੋਂ ਅਸਾਂ ਇਕ ਮਤ ਹੋ ਕੇ ਇਹ ਫੈਸਲਾ ਕੀਤਾ ਕਿ ਆਪਣੇ ਮਤਭੇਦਾਂ ਨੂੰ ਖੁਲ੍ਹੇ ਰੂਪ ਵਿਚ ਵਿਚਾਰਨਾ ਠੀਕ ਹੋਵੇਗਾ ਅਤੇ ਇਸ ਤਰ੍ਹਾਂ ਆਪਣੀ ਪਾਰਟੀ ਦੀ ਕੁਲ-ਰੂਸ ਕਾਨਫਰੰਸ (ਕੇਂਦਰੀ ਕਮੇਟੀ ਦੇ ਅਧੀਨ ਸੰਗਠਤ, ਰੂਸੀ ਸੋਸ਼ਲ-ਡੈਮੋਕਰੇਟਕ ਲੇਬਰ ਪਾਰਟੀ) ਲਈ, ਜੋ 20 ਅਪਰੈਲ 1917 ਨੂੰ ਪੀਤਰੋਗਰਾਦ ਵਿਚ ਰਖੀ ਹੋਈ ਹੈ, ਸਾਮੱਗਰੀ ਪ੍ਰਾਪਤ ਹੋ ਜਾਵੇਗੀ।

ਇਕ ਵਿਚਾਰ ਵਟਾਂਦਰੇ ਦੇ ਸੰਬੰਧ ਵਿਚ ਇਸ ਫੈਸਲੇ ਉਤੇ ਅਮਲ ਕਰਦਿਆਂ ਮੈਂ ਹੇਠਲੀਆਂ

ਚਿੱਠੀਆਂ ਪ੍ਰਕਾਸ਼ਤ ਕਰ ਰਿਹਾ ਹਾਂ ਜਿਨ੍ਹਾਂ ਨੂੰ ਮੈਂ ਸੁਆਲ ਦਾ ਵਿਸ਼ਾਲ ਤੇ ਡੂੰਘਾ ਅਧਿਅਨ ਕਰਨ ਦਾ ਦਾਅਵਾ ਨਹੀਂ ਕਰਦਾ, ਪਰ ਮੁੱਖ ਦਲੀਲਾਂ ਦੀ ਮਹਿਜ਼ ਰੂਪ ਰੇਖਾ ਪੇਸ਼ ਕੀਤੀ ਹੈ, ਜੋ ਮਜ਼ਦੂਰ ਜਮਾਤ ਦੀ ਲਹਿਰ ਦੇ **ਅਮਲੀ** ਕਾਰਜਾਂ ਲਈ ਵਿਸ਼ੇਸ਼ ਤੌਰ ਤੇ ਜ਼ਰੂਰੀ ਹਨ।

## ਪਹਿਲੀ ਚਿੱਠੀ

### ਵਰਤਮਾਨ ਸਥਿਤੀ ਦਾ ਲੇਖਾ ਜੋਖਾ

ਮਾਰਕਸਵਾਦ ਸਾਡੇ ਕੋਲੋਂ ਜਮਾਤਾਂ ਦੇ ਸਬੰਧਾਂ ਦਾ ਅਤੇ ਹਰੇਕ ਇਤਿਹਾਸਕ ਸਥਿਤੀ ਦੇ ਠੋਸ ਤੇ ਵਲਿੱਖਣ ਲੱਛਣਾਂ ਦਾ ਇਕ ਬਹੁਤ ਹੀ ਸਹੀ ਤੇ ਬਾਹਰਮੁਖੀ ਤੌਰ ਤੇ ਯਥਾਰਥਕ ਨਿਰੀਖਣ ਦੀ ਮੰਗ ਕਰਦਾ ਹੈ। ਅਸਾਂ ਬਾਲਸਵਿਕਾਂ ਨੇ ਹਮੇਸ਼ਾ ਹੀ ਇਸ ਲੋੜ ਨੂੰ ਪੂਰਨ ਦਾ ਯਤਨ ਕੀਤਾ ਹੈ, ਜੋ ਨੀਤੀ ਨੂੰ ਇਕ ਵਿਗਿਆਨਕ ਅਧਾਰ ਪਰਦਾਨ ਕਰਨ ਲਈ ਕਤੱਈ ਤੌਰ ਤੇ ਜ਼ਰੂਰੀ ਹੈ।

"ਸਾਡਾ ਸਿਧਾਂਤ ਇਕ ਕੱਟੜਪੁਣਾ ਨਹੀਂ ਹੈ, ਸਗੋਂ ਅਮਲ ਦਾ ਰਾਹ ਵਿਖਾਵਾ ਹੈ।" ਮਾਰਕਸ ਤੇ ਏਂਗਲਜ਼ ਨੇ ਉਹਨਾਂ "ਫਾਰਮੂਲਿਆਂ" ਨੂੰ ਮਹਿਜ ਘੋਟਾ ਲਾਉਣ ਤੇ ਦੁਹਰਾਉਣ ਦਾ ਸਹੀ ਤੌਰ ਤੇ ਮਜ਼ਾਕ ਉਡਾਂਦਿਆਂ ਹਮੇਸ਼ਾ ਇੰਜ ਆਖਿਆ, ਜਿਹੜੇ ਫਾਰਮੂਲੇ **ਆਮ** ਕਾਰਜਾਂ ਦੀ ਨਿਸ਼ਾਨਦੇਹੀ ਕਰਨ ਦੇ ਯੋਗ ਹਨ, ਜਿਹੜੇ ਇਤਿਹਾਸਕ ਅਮਲਾਂ ਦੇ ਹਰੇਕ ਵਿਸ਼ੇਸ਼ ਦੌਰ ਦੀਆਂ **ਠੋਸ** ਆਰਥਕ ਤੇ ਰਾਜਨੀਤਕ ਹਾਲਾਂ ਰਾਹੀਂ ਜ਼ਰੂਰੀ ਤੌਰ ਤੇ ਸੁਧਾਰਨ ਯੋਗ ਹਨ।

ਫਿਰ, ਉਹ ਕਿਹੜੇ ਸਪਸ਼ਟ ਤੌਰ ਤੇ ਸਥਾਪਤ ਬਾਹਰਮੁਖੀ **ਤੱਥ** ਹਨ ਜਿਨ੍ਹਾਂ ਤੋਂ ਇਨਕਲਾਬੀ ਪਰੋਲੇਤਾਰੀਆ ਦੀ ਪਾਰਟੀ ਨੂੰ ਆਪਣੀ ਸਰਗਰਮੀ ਦੇ ਕਾਰਜਾਂ ਦੇ ਰੂਪ ਨਿਸ਼ਚਿਤ ਕਰਨ ਵਿਚ ਅਗਵਾਈ ਲੈਣੀ ਚਾਹੀਦੀ ਹੈ?

ਆਪਣੀ ਪਹਿਲੀ **ਦੂਰ ਦੁਰੇਡਿਓਂ ਚਿੱਠੀ** ਵਿਚ ("ਪਹਿਲੇ ਇਨਕਲਾਬ ਦਾ ਪਹਿਲਾ ਪੜਾਅ"), ਜੋ **ਪਰਾਵਦਾ** ਦੇ 14 ਤੇ 15 ਨੰਬਰਾਂ ਵਿਚ 21 ਤੇ 22 ਮਾਰਚ 1917 ਨੂੰ ਪ੍ਰਕਾਸ਼ਤ ਹੋਈ ਸੀ ਅਤੇ ਆਪਣੇ ਥੀਸਸਾਂ ਦੋਹਾਂ ਵਿਚ, ਮੈਂ "ਰੂਸ ਵਿਚ ਵਰਤਮਾਨ ਸਥਿਤੀ ਦੇ ਵਿਸ਼ੇਸ਼ ਲੱਛਣ" ਦੀ ਇਨਕਲਾਬ ਦੇ ਪਹਿਲੇ ਪੜਾਅ ਤੋਂ ਦੂਜੇ ਪੜਾਅ ਵਿਚ **ਤਬਦੀਲੀ ਦੇ ਸਮੇਂ** ਵਜੋਂ ਵਿਆਖਿਆ ਕਰਦਾ ਹਾਂ। ਇਸ ਲਈ ਮੈਂ ਬੁਨਿਆਦੀ ਨਾਅਰੇ ਨੂੰ ਇਸ ਘੜੀ "ਅੱਜ ਦਾ ਕਾਰਜ" ਕੀ ਹੋਣਾ ਚਾਹੀਦਾ ਹੈ, ਵਿਚਾਰਿਆ : ਮਜ਼ਦੂਰੋ, ਤੁਸਾਂ ਜ਼ਾਰਸ਼ਾਹੀ ਦੇ ਵਿਰੁੱਧ ਗ੍ਰਹਿ ਯੁੱਧ ਵਿਚ ਪਰੋਲੇਤਾਰੀ ਸੂਰਮਗਤੀ ਦੇ, ਲੋਕਾਂ ਦੀ ਸੂਰਮਗਤੀ ਦੇ ਚਮਤਕਾਰ ਵਿਖਾਏ ਹਨ। ਤੁਹਾਨੂੰ ਇਨਕਲਾਬ ਦੇ ਦੂਜੇ ਪੜਾਅ ਵਿਚ ਆਪਣੀ ਜਿੱਤ ਲਈ ਰਾਹ ਤਿਆਰ ਕਰਨ ਵਾਸਤੇ ਜਥੇਬੰਦੀ ਦੇ ਚਮਤਕਾਰ ਵਿਖਾਉਣੇ ਚਾਹੀਦੇ ਹਨ" (**ਪਰਾਵਦਾ** ਨੰਬਰ-15)।

ਪਰ, ਪਹਿਲਾ ਪੜਾਅ ਕੀ ਹੈ?

ਇਹ ਰਾਜਕੀ ਸੱਤਾ ਬੁਰਜੁਆਜ਼ੀ ਦੇ ਹੱਥ ਆਉਣ ਦਾ ਪੜਾਅ ਹੈ।

1917 ਦੇ ਫਰਵਰੀ-ਮਾਰਚ ਇਨਕਲਾਬ ਤੋਂ ਪਹਿਲਾਂ ਰੂਸ ਵਿਚ ਰਾਜਕੀ ਸੱਤਾ ਇਕ ਪੁਰਾਣੀ ਜਮਾਤ ਭਾਵ ਜਾਗੀਰਦਾਰ ਧਨਵਾਨ ਅਮੀਰਸ਼ਾਹੀ ਦੇ ਹੱਥ ਵਿਚ ਸੀ, ਜਿਸ ਦਾ ਆਗੂ ਨਿਕੋਲਸ ਰੋਮਾਨੋਵ ਸੀ।

ਇਨਕਲਾਬ ਦੇ ਮਗਰੋਂ ਸੱਤਾ ਇਕ **ਵੱਖਰੀ** ਜਮਾਤ, ਨਵੀਂ ਜਮਾਤ, ਭਾਵ **ਬੁਰਜੁਆਜ਼ੀ** ਦੇ ਹੱਥ ਵਿਚ ਹੈ।

ਇਕ ਜਮਾਤ ਤੋਂ ਦੂਜੀ ਜਮਾਤ ਦੇ ਹੱਥਾਂ ਵਿਚ ਸੱਤਾ ਦਾ ਜਾਣਾ ਇਕ **ਇਨਕਲਾਬ** ਦੀ ਪਹਿਲੀ ਮੁੱਖ ਨਿਸ਼ਾਨੀ ਹੈ, ਐਨ ਵਿਗਿਆਨਕ ਤੇ ਅਮਲੀ ਰਾਜਨੀਤਕ ਦੋਹਾਂ ਅਰਥਾਂ ਵਿਚ.।

ਇਸ ਹੱਦ ਤਕ ਰੂਸ ਵਿਚ ਬੁਰਜੂਆ ਜਾਂ ਬੁਰਜੂਆ-ਜਨਵਾਦੀ ਇਨਕਲਾਬ **ਸੰਪੂਰਨ ਹੋ ਗਿਆ ਹੈ।**

ਇਸ ਨੁਕਤੇ ਬਾਰੇ ਅਸੀਂ ਉਹਨਾਂ ਲੋਕਾਂ ਤੋਂ ਜ਼ੋਰਦਾਰ ਰੋਸ ਸੁਣਦੇ ਹਾਂ ਜੋ ਬੜੇ ਚਾਅ ਨਾਲ ਆਪਣੇ ਆਪ ਨੂੰ "ਪੁਰਾਣੇ ਬਾਲਸ਼ਵਿਕ" ਆਖਦੇ ਹਨ। ਉਹ ਕਹਿੰਦੇ ਹਨ ਕਿ ਕੀ ਸਾਡਾ ਹਮੇਸ਼ਾ ਇਹ ਵਿਚਾਰ ਨਹੀਂ ਰਿਹਾ ਕਿ ਬੁਰਜੂਆ-ਜਨਵਾਦੀ ਇਨਕਲਾਬ ਕੇਵਲ "ਪਰੋਲੇ-ਤਾਰੀਆ ਤੇ ਕਿਰਸਾਣੀ ਦੀ ਇਨਕਲਾਬੀ-ਜਨਵਾਦੀ ਡਿਕਟੇਟਰਸ਼ਿਪ" ਰਾਹੀਂ ਸੰਪੂਰਨ ਹੁੰਦਾ ਹੈ ? ਕੀ ਜਰਾਇਤੀ ਇਨਕਲਾਬ, ਜਿਹੜਾ ਵੀ ਇਕ ਬੁਰਜੂਆ-ਜਨਵਾਦੀ ਇਨਕਲਾਬ ਹੈ ਸੰਪੂਰਨ ਹੋ ਗਿਆ ਹੈ ? ਇਸ ਦੇ ਉਲਟ, ਕੀ ਇਹ ਹਕੀਕਤ ਨਹੀਂ ਹੈ ਕਿ ਇਹ **ਅਜੇ ਆਰੰਭ ਵੀ ਨਹੀਂ** ਹੋਇਆ ?

ਮੇਰਾ ਜੁਆਬ ਹੈ : ਬਾਲਸ਼ਵਿਕ ਨਾਅਰਿਆਂ ਤੇ ਵਿਚਾਰਾਂ ਦੀ ਇਤਿਹਾਸ ਵਲੋਂ ਸਮੁੱਚੇ ਤੌਰ ਤੇ ਪੁਸ਼ਟੀ ਹੋ ਗਈ ਹੈ; ਪਰ **ਠੋਸ ਤੌਰ ਤੇ** ਚੀਜ਼ਾਂ **ਵੱਖਰੇ ਤੌਰ** ਤੇ ਤਿਆਰ ਕੀਤੀਆਂ ਗਈਆਂ ਹਨ; ਉਹ ਵਧੇਰੇ ਮੂਲਿਕ, ਵਧੇਰੇ ਵਲਿੱਖਣ ਹਨ; ਉਸ ਨਾਲੋਂ ਕਿਤੇ ਵਧੇਰੇ ਬਹੁਰੰਗੀ ਹਨ ਜਿੰਨੀ ਕੋਈ ਆਸ ਕਰ ਸਕਦਾ ਹੈ।

ਇਸ ਹਕੀਕਤ ਨੂੰ ਅੱਖੋਂ ਓਹਲੇ ਕਰਨ ਦਾ ਅਰਥ ਉਹਨਾ "ਪੁਰਾਣੇ ਬਾਲਸ਼ਵਿਕਾਂ" ਦੇ ਮਗਰ ਲਗ ਤੁਰਨਾ ਹੋਵੇਗਾ ਜਿਨ੍ਹਾਂ ਨੇ ਸਾਡੀ ਪਾਰਟੀ ਦੇ ਇਤਿਹਾਸ ਵਿਚ ਇਕ ਤੋਂ ਵੱਧ ਵਾਰ ਉਹਨਾਂ ਫਾਰਮੂਲਿਆਂ ਨੂੰ ਮੁੜ ਮੁੜ ਦੁਹਰਾਉਣ ਰਾਹੀਂ ਅਫਸੋਸਨਾਕ ਰੋਲ ਅਦਾ ਕੀਤਾ ਹੈ ਜੋ ਉਹਨਾਂ ਨੇ ਨਵੀਂ ਤੇ ਜਿਉਂਦੀ ਹਕੀਕਤ ਦੇ ਵਿਸ਼ੇਸ਼ ਲੱਛਣਾਂ ਦਾ **ਅਧਿਅਨ** ਕਰਨ ਦੀ ਥਾਂ ਬੇਅਰਥ **ਘੋਟੇ** ਲਾਉਣ ਰਾਹੀਂ **ਸਿੱਖੇ** ਹਨ।

"ਪਰੋਲੇਤਾਰੀਆ ਤੇ ਕਿਰਸਾਣੀ ਦੀ ਇਨਕਲਾਬੀ ਜਨਵਾਦੀ ਡਿਕਟੇਟਰਸ਼ਿਪ" ਰੂਸੀ ਇਨਕਲਾਬ ਵਿਚ ਪਹਿਲਾਂ ਹੀ ਇਕ ਹਕੀਕਤ ਬਣ ਚੁਕੀ ਹੈ, ਕਿਉਂ ਜੋ ਇਹ "ਫਾਰਮੂਲਾ" **ਕੇਵਲ ਜਮਾਤਾਂ ਦੇ ਇਕ ਸਬੰਧ** ਨੂੰ ਨਿਰੂਪਦਾ ਹੈ, ਅਤੇ ਇਸ ਸਬੰਧੀ, ਇਸ ਮਿਲਵਰਤਣ ਨੂੰ **ਅਮਲ ਵਿਚ ਲਿਆਉਣ ਲਈ ਇਕ ਠੋਸ ਰਾਜਨੀਤਕ ਸੰਸਥਾ** ਨੂੰ ਨਹੀਂ ਨਿਰੂਪਦਾ। "ਮਜਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ"—ਇਹ ਹੈ ਤੁਹਾਡੇ ਕੋਲ "ਪਰੋਲੇਤਾਰੀ ਤੇ ਕਿਰਸਾਣੀ ਦੀ ਜਨਵਾਦੀ ਡਿਕਟੇਟਰਸ਼ਿਪ" ਜੋ ਹਕੀਕਤ ਵਿਚ ਪਹਿਲਾਂ ਹੀ ਸੰਪੂਰਨ ਹੋ ਚੁਕੀ ਹੈ।

ਇਹ ਫਾਰਮੂਲਾ ਪਹਿਲਾਂ ਹੀ ਪੁਰਾਣਾ ਪੈ ਗਿਆ ਹੈ। ਘਟਨਾਵਾਂ ਨੇ ਇਸ ਨੂੰ ਫਾਰਮੂਲਿਆਂ ਦੇ ਖੇਤਰ ਵਿਚੋਂ ਹਕੀਕਤ ਵਿਚ ਲੈ ਆਂਦਾ ਹੈ, ਇਸ ਨੂੰ ਮਾਸ ਹੱਡੀਆਂ ਦੇ ਵਸਤਰ ਪਹਿਨਾ ਦਿਤੇ ਹਨ ਅਤੇ ਇਸ ਤਰ੍ਹਾਂ ਇਸ ਨੂੰ ਠੋਸ ਰੂਪ ਦੇ ਦਿਤਾ ਤੇ ਸੁਧਾਰ ਦਿਤਾ ਹੈ।

ਸਾਡੇ ਸਾਹਮਣੇ ਹੁਣ ਇਕ ਨਵਾਂ ਤੇ ਵੱਖਰਾ ਕਾਰਜ ਹੈ : ਇਸ ਡਿਕਟੇਟਰਸ਼ਿਪ ਦੇ **ਅੰਦਰ** ਪਰੋਲੇਤਾਰੀ ਅੰਸ਼ਾਂ, (ਰੱਖਿਆ-ਵਿਰੋਧੀ, ਕੌਮਾਂਤਰੀਵਾਦੀ, "ਕਮਿਊਨਿਸਟ" ਅੰਸ਼, ਜੋ ਕਮਿਊਨ ਵਲ ਤਬਦੀਲੀ ਦੇ ਹੱਕ ਵਿਚ ਹਨ) ਅਤੇ **ਛੋਟੇ ਮਾਲਕ** ਜਾਂ ਨਿਰ-ਬੁਰਜੂਆ ਅੰਸ਼ਾਂ (ਚਖੀਦਜ਼ੇ, ਤਸੇਰੇਤੇਲੀ, ਸਤੇਕਲੋਵ, ਸੋਸ਼ਲਿਸਟ ਇਨਕਲਾਬੀ ਤੇ ਹੋਰ ਇਨਕਲਾਬੀ ਰੱਖਿਆਵਾਦੀ, ਜੋ

ਕਮਿਊਨ ਵਲ ਸਰਕਣ ਦੇ ਵਿਰੁਧ ਹਨ ਅਤੇ ਬੁਰਜੁਆਜ਼ੀ ਤੇ ਬੁਰਜੂਆ ਸਰਕਾਰ ਦੀ "ਹਮਾਇਤ ਕਰਨ" ਦੇ ਹੱਕ ਵਿਚ ਹਨ) ਵਿਚਾਲੇ ਪਾੜਾ ਪੈਦਾ ਕਰਨਾ।

ਉਹ ਵਿਅਕਤੀ, ਜਿਹੜਾ ਹੁਣ ਕੇਵਲ ਇਕ "ਪਰੋਲੇਤਾਰੀ ਤੇ ਕਿਰਸਾਣੀ ਦੀ ਇਨਕਲਾਬੀ-ਜਨਵਾਦੀ ਡਿਕਟੇਟਰਸ਼ਿਪ" ਦੀ ਗੱਲ ਕਰਦਾ ਹੈ, ਸਮੇਂ ਤੋਂ ਪੱਛੜ ਗਿਆ ਹੈ। ਸਿੱਟੇ ਵਜੋਂ, ਉਹ **ਅਸਲ ਵਿਚ** ਪਰੋਲੇਤਾਰੀ ਜਮਾਤੀ ਜਦੋਜਹਿਦ ਦੇ ਵਿਰੁਧ ਨਿਕ-ਬੁਰਜੁਆਜ਼ੀ ਦੇ **ਪੱਖ ਵਿਚ ਚਲਿਆ ਗਿਆ ਹੈ**; ਅਜਿਹੇ ਵਿਅਕਤੀ ਨੂੰ "ਬੋਲਣ ਵਿਚ" ਪੂਰਨ ਇਨਕਲਾਬੀ ਪੁਰਾਤਨ ਵਸਤਾਂ ਦੇ (ਇਸ ਨੂੰ "ਪੁਰਾਣੇ ਬਾਲਸ਼ਵਿਕਾਂ" ਦਾ ਪੁਰਾਲੇਖ ਭਵਨ ਆਖਿਆ ਜਾ ਸਕਦਾ ਹੈ) ਪੁਰਾਲੇਖ ਭਵਨ ਵਿਚ ਰਖ ਦੇਣਾ ਚਾਹੀਦਾ ਹੈ।

ਪਰੋਲੇਤਾਰੀਆ ਤੇ ਕਿਰਸਾਣੀ ਦੀ ਇਨਕਲਾਬੀ-ਜਨਵਾਦੀ ਡਿਕਟੇਟਰਸ਼ਿਪ ਪ੍ਰਾਪਤ ਕਰ ਲਈ ਗਈ ਹੈ। ਪਰ ਇਕ ਬਹੁਤ ਹੀ ਮੂਲਕ ਅੰਦਾਜ਼ ਵਿਚ, ਅਤੇ ਬਹੁਤ ਹੀ ਜ਼ਰੂਰੀ ਸੁਧਾਰਾਂ ਨਾਲ। ਮੈਂ ਉਹਨਾਂ ਬਾਰੇ ਆਪਣੀ ਕਿਸੇ ਅਗਲੀ ਚਿੱਠੀ ਵਿਚ ਦਸਾਂਗਾ। ਇਸ ਸਮੇਂ ਇਸ ਵਿਵਾਦ-ਰਹਿਤ ਸਚਾਈ ਨੂੰ ਗ੍ਰਹਿਣ ਕਰਨਾ ਬਹੁਤ ਜ਼ਰੂਰੀ ਹੈ ਕਿ ਇਕ ਮਾਰਕਸਵਾਦੀ ਨੂੰ ਇਕ ਅਸਲੀ ਜੀਵਨ ਦਾ **ਹਕੀਕਤ** ਦੇ ਸੱਚੇ ਤੱਥਾ ਦਾ ਗਿਆਨ ਹੋਣਾ ਜਰੂਰੀ ਹੈ. ਅਤੇ ਬੀਤ ਗਏ ਕਲ੍ਹ ਦੇ ਕਿਸੇ ਸਿਧਾਂਤ ਨਾਲ ਚੰਬੜਿਆ ਨਹੀਂ ਰਹਿਣਾ ਚਾਹੀਦਾ। ਜੋ, ਹੋਰ ਸਾਰੇ ਸਿਧਾਂਤਾਂ ਵਾਂਗ, ਵਧ ਤੋਂ ਵਧ ਮੁਖ ਤੇ ਆਮ ਗੱਲਾਂ ਨੂੰ ਕੇਵਲ ਉਲੀਕਦਾ ਹੈ, ਜੀਵਨ ਦੀ ਸਾਰੀ ਜਟਲਤਾ ਦੇ **ਕੇਵਲ ਨੇੜ ਤੇੜ ਹੀ** ਪੁਜਦਾ ਹੈ।

"ਸਿਧਾਂਤ, ਮੇਰੇ ਦੋਸਤ, ਇਕ ਬੁੱਢੀ ਵਸਤੂ ਹੈ, ਪਰ ਹਰਿਆਵਲ ਜੀਵਨ ਦਾ ਸਦੀਵੀ ਰੁੱਖ ਹੈ।"

ਬੁਰਜੂਆ ਇਨਕਲਾਬ ਦੀ "ਪੂਰਨਤਾ" ਦੇ ਸੁਆਲ ਨੂੰ **ਪੁਰਾਣੇ ਢੰਗ ਨਾਲ** ਨਿਪਟਣਾ ਜਿਊਂਦੇ ਮਾਰਕਸਵਾਦ ਨੂੰ ਅਪ੍ਰਚੱਲਤ ਵਿਧਾਨ ਉਤੇ ਕੁਰਬਾਨ ਕਰਨ ਦੇ ਤੁਲ ਹੈ। ਸੋਚਣੀ ਦੇ ਪੁਰਾਣੇ ਢੰਗ ਅਨੁਸਾਰ, ਬੁਰਜੁਆਜ਼ੀ ਦੇ ਰਾਜ **ਦੇ ਮਗਰੋਂ** ਪਰੋਲੇਤਾਰੀ ਅਤੇ ਕਿਰਸਾਣੀ ਦੀ ਡਿਕਟੇਟਰਸ਼ਿਪ ਆ ਸਕਦੀ ਹੈ, ਤੇ ਆਉਣੀ ਚਾਹੀਦੀ ਹੈ।

ਪਰ ਅਸਲੀ ਜੀਵਨ ਵਿਚ ਚੀਜ਼ਾਂ **ਪਹਿਲਾਂ ਹੀ** ਵੱਖਰੇ ਢੰਗ ਨਾਲ ਵਾਪਰ ਚੁਕੀਆਂ ਹਨ; **ਇਕ ਚੀਜ਼ ਦੂਜੀ ਚੀਜ਼ ਨਾਲ** ਬਹੁਤ ਹੀ ਮੂਲਕ, ਨਵੇਂ ਤੇ ਬੇਮਿਸਾਲ ਢੰਗ ਨਾਲ **ਗੁੰਦੀ ਹੋਈ ਹੈ**। ਸਾਡੇ ਕੋਲ, ਬੁਰਜੁਆਜ਼ੀ (ਲਵੋਵ ਤੇ ਗੁਚਕੋਵ ਦੀ ਸਰਕਾਰ) ਦਾ ਰਾਜ ਅਤੇ ਪਰੋਲੇਤਾਰੀਆ ਤੇ ਕਿਰਸਾਣੀ ਦੀ ਇਨਕਲਾਬੀ-ਜਨਵਾਦੀ ਡਿਕਟੇਟਰਸ਼ਿਪ, ਜੋ **ਸਵੈ-ਇੱਛਾ** ਨਾਲ ਸੱਤਾ ਬੁਰਜੁਆਜ਼ੀ ਨੂੰ ਸੌਂਪ ਰਹੀ ਹੈ, ਸਵੈ-ਇੱਛਾ ਨਾਲ ਆਪਣੇ ਆਪ ਨੂੰ ਬੁਰਜੁਆਜ਼ੀ ਦਾ ਲੜਗੱਡ ਬਣਾ ਰਹੀ ਹੈ, ਦੋਵੇਂ ਹੀ ਨਾਲੋ ਨਾਲ ਇਕੱਠੀਆਂ ਮੌਜੂਦ ਹਨ।

ਇਹ ਗੱਲ ਉੱਕਾ ਨਹੀਂ ਭੁਲਣੀ ਚਾਹੀਦੀ ਕਿ ਪੀਤਰੋਗਰਾਦ ਵਿਚ ਅਸਲ ਵਿਚ ਸੱਤਾ ਮਜ਼ਦੂਰਾਂ ਤੇ ਸਿਪਾਹੀਆਂ ਦੇ ਹੱਥਾਂ ਵਿਚ ਹੈ। ਨਵੀਂ ਸਰਕਾਰ ਉਹਨਾਂ ਦੇ ਵਿਰੁਧ ਹਿੰਸਾ ਦੀ ਵਰਤੋਂ **ਨਹੀਂ** ਕਰ ਰਹੀ ਤੇ ਨਾ ਹੀ ਕਰ ਸਕਦੀ ਹੈ, ਕਿਉਂ ਜੋ **ਉਥੇ** ਲੋਕਾਂ ਤੋਂ ਵੱਖ ਕੋਈ ਪੁਲਸ, ਕੋਈ ਫੌਜ ਨਹੀਂ ਹੈ, ਲੋਕਾਂ ਤੋਂ **ਉਪਰ ਉਹਨਾਂ ਦੇ ਸਿਰ ਤੇ** ਕੋਈ ਸਰਬ ਸ਼ਕਤੀਮਾਨ ਨੌਕਰਸ਼ਾਹੀ ਨਹੀਂ ਹੈ। ਇਹ ਇਕ ਹਕੀਕਤ ਹੈ, ਇਕ ਅਜਿਹਾ ਤੱਥ ਹੈ ਜੋ ਪੈਰਿਸ ਕਮਿਊਨ ਵਰਗਾ ਲੱਛਣ ਰਖਦਾ ਹੈ। ਇਹ ਤੱਥ ਪੁਰਾਣੀਆਂ ਸਕੀਮਾਂ ਵਿਚ ਫਿਟ ਨਹੀਂ ਹੁੰਦਾ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਕੀਮਾਂ ਨੂੰ ਤੱਥਾਂ ਦੇ ਅਨੁਕੂਲ ਕਿਵੇਂ ਢਾਲਣਾ ਚਾਹੀਦਾ ਹੈ। ਇਸ ਦੀ ਥਾਂ ਤੇ "ਪਰੋਲੇਤਾਰੀ ਤੇ ਕਿਰਸਾਣੀ ਦੀ ਡਿਕਟੇਟਰਸ਼ਿਪ" ਦੇ ਹੁਣ ਅਰਥਹੀਣ ਸ਼ਬਦ **ਆਮ**

ਤੌਰ ਤੇ ਨਹੀਂ ਦੁਹਰਾਉਣੇ ਚਾਹੀਦੇ।

ਇਸ ਸੁਆਲ ਉਤੇ ਵਧੇਰੇ ਚਾਨਣ ਪਾਉਣ ਲਈ ਸਾਨੂੰ ਇਸ ਵਲ ਇਕ ਹੋਰ ਪਾਸਿਉਂ ਪਹੁੰਚ ਕਰਨੀ ਚਾਹੀਦੀ ਹੈ।

ਇਕ ਮਾਰਕਸਵਾਦੀ ਨੂੰ ਜਮਾਤੀ ਸਬੰਧਾਂ ਦੇ ਸਾਵਧਾਨ ਨਿਰੀਖਣ ਦਾ ਅਧਾਰ ਨਹੀਂ ਤਿਆਗਣਾ ਚਾਹੀਦਾ। ਬੁਰਜੁਆਜ਼ੀ ਸੱਤਾ ਵਿਚ ਹੈ। ਪਰ ਕੀ ਕਿਰਸਾਣਾਂ ਦਾ ਸਮੂਹ ਵੀ ਇਕ ਬੁਰਜੁਆਜ਼ੀ ਨਹੀਂ ਹੈ; ਕੇਵਲ ਇਕ ਵੱਖਰੀ ਸਮਾਜਕ ਪਰਤ ਦੀ, ਇਕ ਵਖਰੀ ਪਰਕਾਰ ਦੀ, ਇਕ ਵੱਖਰੇ ਲੱਛਣ ਦੀ ਨਹੀਂ ਹੈ ? ਜਾਂ ਇਹ ਸਿੱਟਾ ਨਿਕਲਦਾ ਹੈ ਕਿ **ਉਹ** ਪਰਤ ਸੱਤਾ ਉਤੇ **ਨਹੀਂ ਆ ਸਕਦੀ**, ਤਾਂ ਕੀ ਬੁਰਜੂਆ-ਜਨਵਾਦੀ ਇਨਕਲਾਬ ਕਿਉਂ "ਸੰਪੂਰਨ" ਨਹੀਂ ਹੋ ਸਕਦਾ ? ਇਹ ਕਿਉਂ ਅਸੰਭਵ ਹੋਣਾ ਚਾਹੀਦਾ ਹੈ ?

ਪੁਰਾਣੇ ਬਾਲਸ਼ਵਿਕ ਇਸ ਤਰ੍ਹਾਂ ਦੀ ਦਲੀਲਬਾਜ਼ੀ ਕਰਦੇ ਹਨ।

ਪਰ ਜੁਆਬ ਇਹ ਹੈ ਇਹ ਬਿਲਕੁਲ ਸੰਭਵ ਹੈ, ਪਰ ਇਕ ਸੰਬੰਧਤ ਸਥਿਤੀ ਦਾ ਨਿਰਣਾ ਕਰਦਿਆਂ ਇਕ ਮਾਰਕਸਵਾਦੀ ਨੂੰ ਜੋ ਸੰਭਵ ਹੈ ਉਸ ਤੋਂ ਨਹੀਂ ਤੁਰਨਾ ਚਾਹੀਦਾ, ਸਗੋਂ ਜੋ ਹਕੀਕਤ ਹੈ ਉਸ ਤੋਂ ਤੁਰਨਾ ਚਾਹੀਦਾ ਹੈ।

ਪਰ ਹਕੀਕਤ ਇਸ **ਤੱਥ** ਨੂੰ ਸਾਹਮਣੇ ਲਿਆਉਂਦੀ ਹੈ ਕਿ ਸੁਤੰਤਰ ਰੂਪ ਵਿਚ ਚੁਣੇ ਗਏ ਸਿਪਾਹੀਆਂ ਤੇ ਕਿਸਾਨਾਂ ਦੇ ਡਿਪਟੀ ਸੁਤੰਤਰ ਰੂਪ ਵਿਚ ਦੂਜੀ, ਮੁਕਾਬਲੇ ਦੀ ਸਰਕਾਰ ਵਿਚ ਸ਼ਾਮਲ ਹੋ ਰਹੇ ਹਨ ਅਤੇ ਸੁਤੰਤਰ ਤੌਰ ਤੇ ਇਸ ਵਿਚ ਹਿੱਸਾ ਪਾ ਰਹੇ ਹਨ, ਇਸ ਨੂੰ ਵਿਕਸਤ ਕਰ ਰਹੇ ਹਨ ਤੇ ਸੰਪੂਰਨ ਕਰ ਰਹੇ ਹਨ, ਅਤੇ ਸੁਤੰਤਰ ਤੌਰ ਤੇ ਉਹ ਸੱਤਾ ਬੁਰਜੁਆਜ਼ੀ ਦੇ **ਹਵਾਲੇ ਕਰ ਰਹੇ ਹਨ**। ਇਹ ਇਕ ਅਜਿਹਾ ਤੱਥ ਹੈ ਜੋ ਮਾਰਕਸਵਾਦ ਦੇ ਸਿਧਾਂਤ ਨਾਲ ਉੱਕਾ ਹੀ "**ਮੇਲ**" ਨਹੀਂ ਖਾਂਦਾ, ਕਿਉਂ ਜੋ ਅਸਾਂ ਹਮੇਸ਼ਾ ਜਾਣਿਆ ਹੈ ਤੇ ਵਾਰ ਵਾਰ ਦਰ-ਸਾਇਆ ਹੈ ਕਿ ਬੁਰਜੁਆਜ਼ੀ **ਨਾ ਕੇਵਲ** ਤਾਕਤ ਰਾਹੀਂ ਸਗੋਂ ਜਮਾਤੀ ਚੇਤੰਨਤਾ ਤੇ ਜਥੇਬੰਦੀ ਦੀ ਘਾਟ, ਜਨਸਮੂਹ ਦੀ ਲਕੀਰ ਦੀ ਫ਼ਕੀਰੀ ਤੇ ਨਿੱਘਰੀ ਹੋਈ ਹਾਲਤ ਦੇ ਕਾਰਨ ਵੀ ਆਪਣੇ ਆਪ ਨੂੰ ਸੱਤਾ ਉਤੇ ਕਾਇਮ ਰਖਦੀ ਹੈ।

ਇਸ ਵਰਤਮਾਨ ਹਕੀਕਤ ਦੇ ਸਨਮੁਖ, ਹਕੀਕਤ ਵਲੋਂ ਪਿੱਠ ਮੋੜਨਾ ਤੇ "ਸੰਭਾਵਨਾਵਾਂ" ਬਾਰੇ ਗੱਲ ਕਰਨਾ ਮਹਿਜ਼ ਬੇਹੂਦਗੀ ਹੀ ਹੈ।

ਹੋ ਸਕਦਾ ਹੈ ਕਿ ਕਿਰਸਾਣੀ **ਸਾਰੀ** ਜ਼ਮੀਨ ਤੇ **ਸਾਰੀ** ਸੱਤਾ ਕਬਜ਼ੇ ਵਿਚ ਕਰ ਲਵੇ। ਇਸ ਸੰਭਾਵਨਾ ਨੂੰ ਭੁੱਲਣ ਤੋਂ ਕਿਤੇ ਦੂਰ, ਵਰਤਮਾਨ ਪ੍ਰਤੀ ਆਪਣੇ ਆਪ ਨੂੰ ਸੀਮਤ ਰੱਖਣ ਤੋਂ ਕਿਤੇ ਦੂਰ ਮੈਂ **ਨਵੇਂ** ਵਰਤਾਰੇ ਨੂੰ ਧਿਆਨ ਵਿਚ ਰਖਦਿਆਂ, ਭਾਵ, ਇਕ ਪਾਸੇ ਖੇਤ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਅਤੇ ਦੂਜੇ ਪਾਸੇ ਮਾਲਕ ਕਿਸਾਨਾਂ ਵਿਚਾਲੇ ਵਧ ਰਹੇ ਪਾੜੇ ਨੂੰ ਧਿਆਨ ਵਿਚ ਰਖਦਿਆਂ ਨਿਸ਼ਚਿਤ ਰੂਪ ਤੇ ਸਪਸ਼ਟ ਤੌਰ ਤੇ ਜ਼ਰਾਇਤੀ ਪ੍ਰੋਗਰਾਮ ਸੂਤਰਿਤ ਕਰਦਾ ਹਾਂ।

ਪਰ ਇਕ ਹੋਰ ਵੀ ਸੰਭਾਵਨਾ ਹੈ। ਇਹ ਸੰਭਵ ਹੈ ਕਿ ਕਿਸਾਨ ਸੋਸ਼ਲਿਸਟ-ਇਨਕਲਾਬੀਆਂ ਦੀ ਨਿੱਕ-ਬੁਰਜੂਆ ਪਾਰਟੀ ਦੀ ਸਲਾਹ ਲੈਣਗੇ, ਜਿਨ੍ਹਾਂ ਨੇ ਬੁਰਜੁਆਜ਼ੀ ਦਾ ਪ੍ਰਭਾਵ ਗ੍ਰਹਿਣ ਕਰ ਲਿਆ ਹੈ ਤੇ ਰੱਖਿਆਵਾਦੀ ਨੀਤੀ ਅਪਣਾ ਲਈ ਹੈ ਅਤੇ ਜੋ ਸੰਵਿਧਾਨ ਅਸੰਬਲੀ ਲਈ ਉਡੀਕ ਕਰਨ ਦੀ ਸਲਾਹ ਦੇਂਦੀ ਹੈ ਜਦ ਕਿ ਇਸ ਨੂੰ ਬੁਲਾਉਣ ਦੀ ਤਾਰੀਖ ਵੀ ਨਿਸ਼ਚਿਤ ਨਹੀਂ

ਕੀਤੀ ਗਈ ਹੈ।[1]

ਇਹ ਸੰਭਵ ਹੈ ਕਿ ਕਿਸਾਨ ਬੁਰਜੂਆਜ਼ੀ ਨਾਲ ਆਪਣੇ ਸੰਬੰਧ ਨੂੰ **ਕਾਇਮ ਰਖਣਗੇ** ਤੇ ਇਸ ਨੂੰ ਲਮਕਾਉਣਗੇ। ਇਕ ਅਜਿਹਾ ਸੰਬੰਧ ਜੋ ਉਹਨਾਂ ਨੇ ਮਜ਼ਦੂਰਾਂ ਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਰਾਹੀਂ, **ਨਾ ਕੇਵਲ ਰੂਪ** ਵਿਚ ਸਗੋਂ ਹਕੀਕਤ ਵਿਚ ਹੁਣ ਸਥਾਪਤ ਕਰ ਲਿਆ ਹੈ।

ਕਈ ਗੱਲਾਂ ਸੰਭਵ ਹਨ। ਜ਼ਰਾਇਤੀ ਲਹਿਰ ਤੇ ਜ਼ਰਾਇਤੀ ਪ੍ਰੋਗਰਾਮ ਨੂੰ ਭੁਲਣਾ ਇਕ ਬਹੁਤ ਭਾਰੀ ਗ਼ਲਤੀ ਹੋਵੇਗੀ। ਪਰ **ਹਕੀਕਤ** ਨੂੰ ਭੁਲਣਾ ਕੋਈ ਘੱਟ ਗ਼ਲਤੀ ਨਹੀਂ ਹੋਵੇਗੀ, ਜੋ ਇਸ **ਤੱਥ** ਨੂੰ ਸਾਹਮਣੇ ਲਿਆਉਂਦੀ ਹੈ ਕਿ ਇਕ **ਸਮਝੌਤਾ** ਜਾਂ ਵਧੇਰੇ ਸਹੀ, ਘਟ ਕਾਨੂੰਨੀ, ਪਰ ਵਧੇਰੇ ਜਮਾਤੀ-ਆਰਥਿਕ ਬੋਲੀ ਵਰਤਦਿਆਂ **ਜਮਾਤੀ ਮਿਲਵਰਤਨ** ਬੁਰਜੂਆਜ਼ੀ ਤੇ ਕਿਰਸਾਣੀ ਵਿਚਾਲੇ ਮੌਜੂਦ ਹੈ।

ਜਦੋਂ ਇਹ ਤੱਥ ਤੱਥ ਨਹੀ ਰਹਿੰਦਾ, ਜਦੋਂ ਕਿਰਸਾਣੀ ਆਪਣੇ ਆਪ ਨੂੰ ਬੁਰਜੂਆਜ਼ੀ ਤੋਂ ਵੱਖ ਕਰਦੀ ਹੈ, ਬੁਰਜੂਆਜ਼ੀ ਦੇ ਬਾਵਜੂਦ ਜ਼ਮੀਨ ਅਤੇ ਸੱਤਾ ਕਬਜ਼ੇ ਵਿਚ ਲੈ ਲੈਂਦੀ ਹੈ, ਉਹ ਬੁਰਜੂਆ-ਜਨਵਾਦੀ ਇਨਕਲਾਬ ਵਿਚ ਇਕ ਨਵਾਂ ਪੜਾਅ ਹੋਵੇਗਾ, ਅਤੇ ਉਸ ਮਾਮਲੇ ਨਾਲ ਵੱਖਰੇ ਤੌਰ ਤੇ ਨਿਪਟਿਆ ਜਾਵੇਗਾ।

ਇਕ ਮਾਰਕਸਵਾਦੀ, ਜਿਹੜਾ ਇਕ ਅਜਿਹੇ ਭਵਿੱਖੀ ਪੜਾਅ ਦੀ ਸੰਭਾਵਨਾ ਨੂੰ ਧਿਆਨ ਵਿਚ ਰਖਦਿਆਂ **ਵਰਤਮਾਨ ਵਿਚ** ਆਪਣੇ ਫ਼ਰਜ਼ਾਂ ਨੂੰ ਭੁਲ ਜਾਂਦਾ ਹੈ, ਜਦੋਂ ਕਿਰਸਾਣੀ ਨੇ ਬੁਰਜੂਆਜ਼ੀ ਨਾਲ **ਸਮਝੌਤਾ** ਕੀਤਾ ਹੋਇਆ ਹੈ, ਇਕ ਨਿਕ-ਬੁਰਜੂਆ ਬਣ ਜਾਵੇਗਾ ਕਿਉਂ ਜੋ ਅਮਲ ਵਿਚ ਉਹ ਪਰੋਲੇਤਾਰੀਆ ਵਿਚ ਨਿਕ-ਬੁਰਜੂਆਜ਼ੀ ਬਾਰੇ ("ਇਹ ਨਿਕ-ਬੁਰਜੂਆਜ਼ੀ, ਇਹ ਕਿਰਸਾਣੀ ਬੁਰਜੂਆਜ਼ੀ ਤੋਂ ਵੱਖ ਹੋਣੀ ਚਾਹੀਦੀ ਹੈ ਜਦੋਂ ਬੁਰਜੂਆ-ਜਨਵਾਦੀ ਇਨਕਲਾਬ ਅਜੇ ਚਲ ਰਿਹਾ ਹੈ") ਵਿਸ਼ਵਾਸ ਨੂੰ ਪਰਚਾਰ ਰਿਹਾ ਹੁੰਦਾ ਹੈ, ਕਿਉਂ ਜੋ ਇਤਨੇ ਸੁਖਦਾਈ ਤੇ ਮਿੱਠੇ ਭਵਿੱਖ ਦੀ ਸੰਭਾਵਨਾ ਦੇ ਕਾਰਨ, ਜਿਸ ਭਵਿੱਖ ਵਿਚ ਕਿਰਸਾਣੀ ਬੁਰਜੂਆਜ਼ੀ ਦੀ **ਪੂਛ ਨਹੀਂ** ਹੋਵੇਗੀ, ਜਿਸ ਵਿਚ ਸੋਸ਼ਲਿਸਟ ਇਨਕਲਾਬੀ, ਚਖੀਦਜ਼ੇ, ਦਸੇਰਦਲਿਸ ਤੇ ਸਤੇਕਲੋਵ ਬੁਰਜੂਆ ਸਰਕਾਰ ਦੇ ਲੜਗੁੱਛ **ਨਹੀਂ ਹੋਣਗੇ**—ਇਤਨੇ ਸੁਖਦਾਈ ਭਵਿੱਖ ਦੇ ਕਾਰਨ ਉਹ **ਅਣਸੁਖਦਾਈ ਵਰਤਮਾਨ** ਨੂੰ ਭੁੱਲ ਰਿਹਾ ਹੋਵੇਗਾ, ਜਿਸ ਵਿਚ ਕਿਰਸਾਣੀ ਅਜੇ ਵੀ ਬੁਰਜੂਆਜ਼ੀ ਦੀ ਪੂਛ ਬਣੀ ਹੋਈ ਹੈ ਅਤੇ ਜਿਸ ਵਿਚ ਸੋਸ਼ਲਿਸਟ-ਇਨਕਲਾਬੀਆਂ ਤੇ ਸੋਸ਼ਲ-ਜਨਵਾਦੀਆਂ ਨੇ ਬੁਰਜੂਆ ਸਰਕਾਰ ਦੇ ਇਕ ਲੜਗੁੱਛ ਵਜੋਂ, "ਹਿਜ਼ ਮੈਜਿਸਟੀ" ਲਵੋਵ ਦੀ ਆਪੋਜ਼ੀਸ਼ਨ ਵਜੋਂ ਆਪਣਾ ਰੋਲ ਅਜੇ ਨਹੀਂ ਤਿਆਗਿਆ।

---

1. ਕਿਤੇ ਮੇਰੇ ਸ਼ਬਦਾਂ ਨੂੰ ਗ਼ਲਤ ਨਾ ਸਮਝਿਆ ਜਾਵੇ, ਮੈਂ ਪਹਿਲਾਂ ਹੀ, ਹੁਣੇ, ਕਹਿਣਾ ਚਾਹੁੰਦਾ ਹਾਂ ਕਿ ਮੈਂ ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਸੋਵੀਅਤਾਂ ਵਲੋਂ **ਤੁਰੰਤ ਸਾਰੀ** ਜ਼ਮੀਨ ਆਪਣੇ ਹੱਥ ਵਿਚ ਲੈਣ ਦੇ ਹੱਕ ਵਿਚ ਹਾਂ; ਪਰ ਉਹਨਾਂ ਨੂੰ ਆਪ ਹੀ ਸਖਤ ਤੇ ਕਰੜੇ ਬੰਧੇਜ ਦੀ ਪਾਲਣਾ ਕਰਨੀ ਚਾਹੀਦੀ ਹੈ। ਮਸ਼ੀਨਾਂ, ਬਣਤਰਾਂ ਤੇ ਪਸ਼ੂਆਂ ਦਾ ਰਤਾ ਜਿੰਨਾ ਨੁਕਸਾਨ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਤੇ ਕਿਸੇ ਵੀ ਹਾਲਤ ਵਿਚ ਜ਼ਰਾਇਤ ਤੇ ਅਨਾਜ ਦੀ ਪੈਦਾਵਾਰ ਵਿਚ ਗੜਬੜ ਨਹੀਂ ਹੋਣੀ ਚਾਹੀਦੀ, ਸਗੋਂ ਉਸ ਨੂੰ **ਵਿਕਸਿਤ** ਕਰਨਾ ਚਾਹੀਦਾ ਹੈ, ਕਿਉਂ ਜੋ ਸਿਪਾਹੀਆਂ ਨੂੰ **ਦੂਣੀ** ਰੋਟੀ ਚਾਹੀਦੀ ਹੈ, ਅਤੇ ਲੋਕਾਂ ਨੂੰ ਭੁੱਖਿਆਂ ਨਹੀਂ ਮਰਨ ਦੇਣਾ ਚਾਹੀਦਾ।

ਇਹ ਬੇਦਲੀਲੇ ਦਾਅਵੇ ਕਰਨ ਵਾਲਾ ਵਿਅਕਤੀ ਇਕ ਸਵੀਡਿਸ਼ ਲੂਈਸ ਬਲਾਂਕ ਜਾਂ ਇਕ ਸੁਗੇਰੀ ਕਾਟਸਕਾਈਟ ਵਰਗਾ ਜਾਪ ਸਕਦਾ ਹੈ ਪਰ ਇਕ ਇਨਕਲਾਬੀ ਮਾਰਕਸਵਾਦੀ ਉੱਕਾ ਨਹੀਂ ਹੋ ਸਕਦਾ।

ਪਰ ਕੀ ਅਸੀਂ ਆਤਮਵਾਦ ਦੇ ਖ਼ਤਰੇ ਵਿਚ, ਇਕ ਬੁਰਜੂਆ-ਜਨਵਾਦੀ ਇਨਕਲਾਬ—ਜੋ ਅਜੇ ਸੰਪੂਰਨ ਨਹੀਂ ਹੋਇਆ ਅਤੇ ਨਾ ਅਜੇ ਕਿਸਾਨ ਲਹਿਰ ਨਿਖੁਟੀ ਹੈ—ਨੂੰ **ਉਲੰਘ** ਕੇ ਸੋਸ਼ਲਿਸਟ ਇਨਕਲਾਬ ਤੇ ਪੁੱਜਣ ਦੇ ਖ਼ਤਰੇ ਦੀ ਡਿੱਗਣ ਦੀ ਤਾਂ ਸ਼ਿਕਾਰ ਨਹੀਂ ਹੋ ਰਹੇ ਹਾਂ ?

ਮੈਂ ਇਹ ਖਤਰਾ ਪੈਦਾ ਕਰ ਰਿਹਾ ਹੁੰਦਾ ਜੇ ਮੈਂ ਆਖਿਆ ਹੁੰਦਾ : "ਜ਼ਾਰ ਦੀ ਨਹੀ, ਇਕ **ਮਜ਼ਦੂਰਾਂ** ਦੀ ਸਰਕਾਰ।" ਪਰ ਮੈਂ ਇਸ ਨਹੀਂ ਸੀ ਆਖਿਆ, ਮੈਂ ਕੁਝ ਹੋਰ ਆਖਿਆ ਸੀ। ਮੈਂ ਆਖਿਆ ਸੀ ਕਿ ਮਜ਼ਦੂਰਾਂ, ਖੇਤ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਜਮਾਤਾਂ ਤੋਂ ਬਿਨਾਂ ਰੂਸ ਵਿਚ ਕਈ ਹੋਰ ਸਰਕਾਰ (ਇਕ ਬੁਰਜੂਆ ਸਰਕਾਰ ਤੋਂ ਉਪ੍ਰੰਤ) ਨਹੀਂ ਹੋ ਸਕਦੀ। ਮੈਂ ਆਖਿਆ ਸੀ ਕਿ ਰੂਸ ਵਿਚ ਸੱਤਾ ਹੁਣ ਗੂਚਕੋਵ ਤੇ ਲਵੋਵ ਤੋਂ **ਕੇਵਲ** ਇਹਨਾਂ ਜਮਾਤਾਂ ਦੇ ਹੱਥਾਂ ਵਿਚ ਜਾ ਸਕਦੀ ਹੈ। ਅਤੇ ਇਹਨਾਂ ਸੋਵੀਅਤਾਂ ਵਿਚ, ਜਿਵੇਂ ਵਾਪਰਿਆ ਹੈ, ਇਹ ਕਿਸਾਨ, ਸਿਪਾਹੀ ਹਨ। ਭਾਵ ਨਿਕ-ਬੁਰਜੁਆਜੀ, ਜੋ, ਇਕ ਵਿਗਿਆਨਕ, ਮਾਰਕਸਵਾਦੀ ਬੋਲਾ ਵਰਤਦਿਆਂ, ਇਕ ਜਮਾਤੀ ਲੱਛਣੀਕਰਣ ਉਤੇ ਇਕ ਆਮ, ਪੇਸ਼ਾਵਾਰ ਲੱਛਣੀਕਰਨ ਤੇ ਨਹੀਂ, ਵਧੇਰੇ ਜ਼ੋਰ ਦੇਂਦੇ ਹਨ।

ਆਪਣੇ ਥੀਸਸਾਂ ਵਿਚ, ਮੈਂ ਕਿਸਾਨ ਲਹਿਰ ਨੂੰ, ਜਿਸ ਨੇ ਆਪਣੇ ਆਪ ਨੂੰ ਅਜੇ ਖਤਮ ਨਹੀਂ ਕੀਤਾ, ਜਾਂ ਆਮ ਤੌਰ ਤੇ ਨਿਕ-ਬੁਰਜੂਆ ਲਹਿਰ ਨੂੰ ਉਲੰਘਣ ਦੇ ਵਿਰੁਧ, ਇਕ ਮਜ਼ਦੂਰ ਸਰਕਾਰ ਰਾਹੀਂ "ਸੱਤਾ ਉਤੇ ਕਬਜ਼ੇ" ਨੂੰ ਉਲੰਘਣ ਦੇ ਵਿਰੁਧ, ਕਿਸੇ ਸਰਕਾਰ ਦੀ ਬਲਾਂਕਵਾਦੀ ਮਾਅਰਕੇਬਾਜ਼ੀ ਵਿਰੁਧ ਆਪਣੇ ਆਪ ਨੂੰ ਕਤੱਈ ਤੌਰ ਤੇ ਸੁਰੱਖਿਅਤ ਰਖਿਆ ਹੈ, ਕਿਉਂ, ਜੋ ਮੈਂ ਪੈਰਿਸ ਕਮਿਊਨ ਦੇ ਤਜਰਬੇ ਦਾ ਵਿਸ਼ੇਸ਼ ਤੌਰ ਤੇ ਹਵਾਲਾ ਦਿਤਾ ਹੈ। ਅਤੇ ਇਹ ਤਜਰਬਾ, ਜਿਵੇਂ ਅਸੀਂ ਜਾਣਦੇ ਹਾਂ, ਅਤੇ ਜਿਵੇਂ ਮਾਰਕਸ ਨੇ 1871 ਵਿਚ ਅਤੇ ਏਂਗਲਜ਼ ਨੇ 1891 ਵਿਚ ਵਿਸਥਾਰ ਵਿਚ ਸਿੱਧ ਕੀਤਾ ਹੈ, ਬਲਾਂਕਵਾਦ ਨੂੰ ਕਤਈ ਤੌਰ ਤੇ ਬਾਹਰ ਰਖਦਾ ਹੈ। **ਬਹੁ ਗਿਣਤੀ** ਦੇ ਸਿੱਧੇ, ਤੁਰੰਤ ਤੇ ਅਟੱਲ ਰਾਜ ਨੂੰ ਅਤੇ ਜਨ ਸਮੂਹ ਦੀ ਸਰਗਰਮੀ ਨੂੰ ਕੇਵਲ ਇਸ ਹੱਦ ਤਕ ਕਤੱਈ ਤੌਰ ਤੇ ਯਕੀਨੀ ਬਣਾਉਂਦਾ ਹੈ ਕਿ ਬਹੁ ਗਿਣਤੀ ਖੁਦ ਆਪ ਸੁਚੇਤ ਤੌਰ ਤੇ ਅਮਲ ਕਰਦੀ ਹੈ।

ਥੀਸਸਾਂ ਵਿਚ ਮੈਂ, ਪੂਰੀ ਨਿਸਚਿਤਤਾ ਨਾਲ ਸੁਆਲ ਨੂੰ ਮਜ਼ਦੂਰਾਂ, ਖੇਤ ਮਜ਼ਦੂਰਾਂ, ਕਿਸਾਨਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਅੰਦਰ **ਪ੍ਰਭਾਵ** ਲਈ ਇਕ **ਜਦੋਜਹਿਦ** ਤਕ ਲਿਆ ਕੇ ਨਿਪਟਾਇਆ ਹੈ। ਇਸ ਮਸਲੇ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਾ ਰਖਦਿਆਂ, ਮੈਂ ਥੀਸਸਾਂ ਵਿਚ ਸਬਰ ਤੇ ਨਿਰੰਤਰ "ਵਿਆਖਿਆਮਈ" ਕੰਮ ਦੀ ਲੋੜ ਨੂੰ ਜਨ ਸਮੂਹਾਂ ਦੀਆਂ **ਅਸਲੀ ਲੋੜਾਂ** ਦੇ ਅਨੁਕੂਲ ਢਾਲਣ ਉਤੇ ਵਾਰ ਵਾਰ ਜ਼ੋਰ ਦਿਤਾ ਹੈ।

ਅਨਜਾਣ ਵਿਅਕਤੀ ਜਾਂ ਮਿਸਟਰ ਪਲੈਖਾਨੋਵ ਵਰਗੇ ਭਗੌੜੇ, ਹੋ ਸਕਦਾ ਹੈ, ਅਰਾਜਕਤਾ-ਵਾਦ, ਬਲਾਂਕਵਾਦ ਆਦਿ ਬਾਰੇ ਚੀਕ ਚਿਹਾੜਾ ਪਾਉਣ। ਪਰ ਉਹ ਜਿਹੜੇ ਸੋਚਣਾ ਤੇ ਸਿਖਣਾ ਚਾਹੁੰਦੇ ਹਨ, ਇਹ ਸਮਝਣੋਂ ਨਹੀਂ ਰਹਿ ਸਕਦੇ ਕਿ ਬਲਾਂਕਵਾਦ ਦਾ ਅਰਥ ਘਟ ਗਿਣਤੀ ਰਾਹੀਂ ਸੱਤਾ ਨੂੰ ਕਬਜ਼ੇ ਵਿਚ ਲੈਣਾ ਹੈ, ਜਦ ਕਿ ਸੋਵੀਅਤਾਂ ਪਰਵਾਨਤ ਤੌਰ ਤੇ ਲੋਕਾਂ ਦੀ ਬਹੁ-ਗਿਣਤੀ ਦੀ ਸਿੱਧੀ ਤੇ ਤੁਰੰਤ ਜਥੇਬੰਦੀ ਹਨ। ਇਹਨਾਂ ਸੋਵੀਅਤਾਂ ਦੇ **ਅੰਦਰ** ਪਰਭਾਵ ਲਈ

ਇਕ ਜਦੋਜਹਿਦ ਲਈ ਸੀਮਤ ਕੰਮ ਬਲਾਂਕਵਾਦ ਦੀ ਜਿਲ੍ਹਣ ਵਲ ਉੱਕਾ ਹੀ ਕੁਰਾਹੇ ਨਹੀਂ ਪੈ ਸਕਦਾ ਹੈ। ਨਾ ਹੀ ਇਹ ਅਰਾਜਕਤਾਵਾਦ ਵਲ ਕੁਰਾਹੇ ਪੈ ਸਕਦਾ ਹੈ, ਕਿਉਂ ਜੋ ਅਰਾਜਕਤਾ-ਵਾਦ ਬੁਰਜੁਆਜ਼ੀ ਦੇ ਰਾਜ ਤੋਂ ਪਰੋਲੇਤਾਰੀਆ ਦੇ ਰਾਜ ਵਿਚ ਤਬਦੀਲੀ ਦੇ ਸਮੇਂ ਵਿਚ ਇਕ **ਰਾਜ ਤੇ ਰਾਜ ਸੱਤਾ ਲਈ ਜ਼ਰੂਰਤ** ਤੋਂ ਇਨਕਾਰ ਕਰਦਾ ਹੈ, ਜਦ ਕਿ ਮੈਂ, ਅਚੁਕਪਣੇ ਨਾਲ, ਜੋ ਕਿਸੇ ਪ੍ਰਕਾਰ ਦੀ ਗਲਤ ਵਿਆਖਿਆ ਤੋਂ ਵਿਰਵਾ ਹੈ, ਇਸ ਦੌਰ ਵਿਚ ਇਕ ਰਾਜ ਦੀ ਜ਼ਰੂਰਤ ਦੀ **ਵਕਾਲਤ** ਕਰਦਾ ਹਾ, ਪਰ ਮਾਰਕਸ ਤੇ ਪੈਰਿਸ ਕਮਿਊਨ ਦੇ ਸ਼ਬਦਾਂ ਅਨੁਸਾਰ ਕਰਦਾ ਹਾਂ। ਮੈਂ ਆਪ ਪਾਰਲੀਮੈਂਟਰੀ ਬੁਰਜੂਆ ਰਾਜ ਦੀ ਨਹੀਂ, ਸਗੋਂ ਇਕ ਅਜਿਹੇ ਰਾਜ ਦੀ ਵਕਾਲਤ ਕਰਦਾ ਹਾਂ ਜੋ ਇਕ ਸਟੈਂਡਿੰਗ ਸੈਨਾ ਤੋਂ **ਬਿਨਾਂ** ਲੋਕਾਂ ਦੀ ਵਿਰੋਧੀ ਪੁਲਸ ਤੋਂ ਬਿਨਾਂ ਲੋਕਾਂ ਦੇ ਉਪਰ ਸਥਾਪਤ ਅਫ਼ਸਰਸਾਹੀ ਤੋਂ **ਬਿਨਾਂ** ਹੈ।

ਜਦੋਂ ਪਲੈਖਾਨੋਵ, ਆਪਣੇ ਅਖਬਾਰ **ਯੇਦਨਿਸਤਵੋ** ਵਿਚ ਆਪਣੀ ਪੂਰੀ ਤਾਕਤ ਨਾਲ ਚੀਕਦਾ ਹੈ ਕਿ ਇਹ ਅਰਾਜਕਤਾਵਾਦ ਹੈ, ਉਹ ਮਾਰਕਸਵਾਦ ਤੋਂ ਆਪਣੇ ਤੋੜ ਵਿਛੋੜੇ ਦਾ ਮਹਿਜ ਇਕ ਹੋਰ ਸਬੂਤ ਦੇ ਰਿਹਾ ਹੈ। **ਪਰਾਵਦਾ** (ਨੰਬਰ-26) ਵਿਚ ਮੇਰੇ ਵਲੋਂ ਇਹ ਚੁਣੌਤੀ ਦਿਤੇ ਜਾਣ ਤੇ ਕਿ ਸਾਨੂੰ ਦਸ ਕਿ ਮਾਰਕਸ ਤੇ ਏਂਗਲਜ਼ ਨੇ ਇਸ ਵਿਸ਼ੇ ਬਾਰੇ 1871, 1872 ਤੇ 1875 ਵਿਚ ਕੀ ਸਿਖਾਇਆ ਸੀ, ਤਾ ਮਿਸਟਰ ਪਲੈਖਾਨੋਵ ਇਸ ਮਸਲੇ ਦੇ ਸੁਆਲ ਬਾਰੇ ਕੇਵਲ ਚੁੱਪ ਸਾਧ ਲੈਂਦਾ ਹੈ ਅਤੇ ਜ਼ਿੱਚ ਹੋਈ ਬੁਰਜੁਆਜ਼ੀ ਦੇ ਅੰਦਾਜ਼ ਵਿਚ ਗਾਲ੍ਹਾਂ ਕੱਢਣ ਤੇ ਉਤਰ ਆਉਂਦਾ ਹੈ।

ਸਾਬਕ ਮਾਰਕਸਵਾਦੀ, ਮਿਸਟਰ ਪਲੈਖਾਨੋਵ ਰਾਜ ਦੇ ਮਾਰਕਸਵਾਦੀ ਸਿਧਾਂਤ ਨੂੰ ਸਮਝਣੋਂ **ਉੱਕਾ ਹੀ** ਅਸਫਲ ਹੋਇਆ ਹੈ। ਸਬੱਬ ਨਾਲ, ਸਮਝਦਾਰੀ ਦੀ ਇਸ ਘਾਟ ਦੇ ਜਿਰਮ ਅਰਾਜਕਤਾਵਾਦ ਬਾਰੇ ਉਸ ਦੇ ਜਰਮਨ ਪੈਂਫਲਟ ਵਿਚ ਵੀ ਵੇਖੇ ਜਾ ਸਕਦੇ ਹਨ।

* * *

ਹੁਣ ਸਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਕਿਵੇਂ ਕਾਮਰੇਡ ਵਾਈ. ਕਾਮੇਨੇਵ, **ਪਰਾਵਦਾ** ਦੇ 27 ਨੰਬਰ ਵਿਚ ਮੇਰੇ ਥੀਸਸਾਂ ਨਾਲ ਅਤੇ ਉਪਰ ਵਰਣਤ ਵਿਚਾਰਾਂ ਨਾਲ "ਅਸਹਿਮਤੀਆ" ਸੂਤਰਿਤ ਕਰਦਾ ਹੈ। ਇਹ ਗੱਲ ਉਹਨਾਂ ਨੂੰ ਵਧੇਰੇ ਸਪਸ਼ਟਤਾ ਨਾਲ ਗ੍ਰਹਿਣ ਕਰਨ ਵਿਚ ਸਾਡੀ ਸਹਾਇਤਾ ਕਰੇਗੀ।

"ਜਿਥੋਂ ਤਕ ਕਾਮਰੇਡ ਲੈਨਿਨ ਦੀ ਜਨਰਲ ਸਕੀਮ ਦਾ ਸਬੰਧ ਹੈ", ਕਾਮਰੇਡ ਕਾਮੇਨੇਵ ਲਿਖਦਾ ਹੈ, "ਸਾਨੂੰ ਇਹ ਇਥੋਂ ਤਕ ਅਪਰਵਾਨ ਯੋਗ ਜਾਪਦੀ ਹੈ, ਜਿਵੇਂ ਇਹ ਇਸ ਮਨੌਤ ਤੋਂ ਤੁਰਦੀ ਹੈ ਕਿ ਬੁਰਜੂਆ-ਜਨਵਾਦੀ ਇਨਕਲਾਬ **ਸੰਪੂਰਨ ਹੋ ਗਿਆ ਹੈ**, ਅਤੇ ਇਸ ਇਨਕਲਾਬ ਦੇ ਇਕ ਸੋਸ਼ਲਿਸਟ ਇਨਕਲਾਬ ਵਿਚ ਤੁਰੰਤ ਕਾਇਆ ਕਲਪ ਬਾਰੇ ਸਕੀਮ ਨੂੰ ਉਚਾਰਦਾ ਹੈ।"

ਇਥੇ ਦੋ ਵੱਡੀਆਂ ਗਲਤੀਆਂ ਹਨ।

ਪਹਿਲੀ। ਬੁਰਜੂਆ-ਜਨਵਾਦੀ ਇਨਕਲਾਬ ਦੀ **ਸੰਪੂਰਨਤਾ** ਦਾ ਸੁਆਲ ਗ਼ਲਤ ਤੌਰ ਤੇ **ਬਿਆਨ ਕੀਤਾ ਗਿਆ ਹੈ**। ਸੁਆਲ ਨੂੰ ਇਕ ਧੁੰਦਲੇ, ਸਧਾਰਨ, ਇਕ-ਰੰਗੇ ਢੰਗ ਨਾਲ ਪੇਸ਼ ਕੀਤਾ ਗਿਆ ਹੈ ਜੋ ਬਾਹਰਮੁਖੀ ਹਕੀਕਤ ਨਾਲ ਮੇਲ **ਨਹੀਂ** ਖਾਂਦਾ। **ਇਸ ਢੰਗ** ਨਾਲ ਸੁਆਲ ਨੂੰ ਪੇਸ਼ ਕਰਨ ਦਾ, ਹੁਣ ਇਸ ਪੁਛਣਾ "ਕੀ ਬੁਰਜੁਆ-ਜਨਵਾਦੀ ਇਨਕਲਾਬ ਸੰਪੂਰਨ ਹੋ ਰਿਹਾ ਹੈ," ਤੇ ਕਹਿਣਾ ਕਿ **ਨਹੀਂ ਹੋਇਆ**, ਭਾਵ ਆਪਣੇ ਆਪ ਨੂੰ ਬਹੁਤ ਹੀ ਜਟਲ ਹਕੀਕਤ ਤੋਂ ਰੋਕਣਾ ਹੈ, ਜੋ ਘਟੋ ਘਟ ਦੋ-ਰੰਗੀ ਹੈ। ਇਹ ਸਿਧਾਂਤ ਵਿਰੁਧ ਹੈ। ਅਸਲ ਵਿਚ ਇਸ ਦਾ ਅਰਥ ਮਜਬੂਰਨ **ਨਿਕ-ਬੁਰਜੂਆ ਇਨਕਲਾਬਵਾਦ** ਦੇ ਅੱਗੇ ਹਥਿਆਰ ਸੁੱਟਣਾ ਹੈ।

ਨਿਰਸੰਦੇਹ, ਹਕੀਕਤ ਸਾਨੂੰ ਦੋਵੇਂ ਗੱਲਾਂ ਵਿਖਾਉਂਦੀ ਹੈ : ਬੁਰਜੁਆਜ਼ੀ ਦੇ ਹੱਥਾਂ ਵਿਚ ਸੱਤਾ ਦਾ ਜਾਣਾ (ਆਮ ਨਮੂਨੇ ਦਾ "ਸੰਪੂਰਨ ਹੋਇਆ" ਬੁਰਜੂਆ-ਜਨਵਾਦੀ ਇਨਕਲਾਬ) ਅਤੇ ਅਸਲੀ ਸਰਕਾਰ ਦੇ ਨਾਲੋਂ ਨਾਲ ਇਕ ਸਮਾਨੰਤਰ ਸਰਕਾਰ ਜੋ "ਪਰੋਲੇਤਾਰੀਆ ਤੇ ਕਿਰਸਾਣੀ ਦੀ ਇਨਕਲਾਬੀ-ਜਨਵਾਦੀ ਡਿਕਟੇਟਰਸ਼ਿਪ" ਦੀ ਪ੍ਰਤੀਨਿਧਤਾ ਕਰਦੀ ਹੈ। ਇਹ ਦੂਜੀ ਸਰਕਾਰ ਨੇ **ਆਪ** ਸੱਤਾ ਬੁਰਜੁਆਜ਼ੀ ਨੂੰ ਸੌਂਪ ਦਿੱਤੀ ਹੈ, ਆਪਣੇ ਆਪ ਨੂੰ ਬੁਰਜੂਆ ਸਰਕਾਰ ਨਾਲ ਨੂੜ ਦਿੱਤਾ ਹੈ।

ਕਾਮਰੇਡ ਕਾਮੇਨੇਵ ਦੇ ਪੁਰਾਣੇ ਬਾਲਸ਼ਵਿਕ ਫ਼ਾਰਮੂਲੇ ਵਿਚ ਇਹ ਹਕੀਕਤ ਦਰਜ ਹੈ, ਜੋ ਕਹਿੰਦਾ ਹੈ ਕਿ "ਬੁਰਜੂਆ-ਜਨਵਾਦੀ ਇਨਕਲਾਬ ਸੰਪੂਰਨ ਨਹੀਂ ਹੋਇਆ ਹੈ ?"

ਇਹ ਹਕੀਕਤ ਨਹੀਂ ਹੈ। ਇਹ ਫ਼ਾਰਮੂਲਾ ਅਪ੍ਰਚੱਲਤ ਹੋ ਗਿਆ ਹੈ। ਇਹ ਉੱਕਾ ਹੀ ਚੰਗਾ ਨਹੀਂ ਹੈ। ਇਹ ਮਰ ਚੁਕਿਆ ਹੈ ਅਤੇ ਇਸ ਨੂੰ ਮੁੜ ਪ੍ਰਚੱਲਤ ਕਰਨ ਦੇ ਯਤਨ ਬੇਅਰਥ ਹਨ।

ਦੂਜੀ ਗ਼ਲਤੀ ਇਹ ਹੈ। ਇਕ ਅਮਲੀ ਸੁਆਲ। ਕੌਣ ਜਾਣਦਾ ਹੈ ਕਿ ਕੀ ਅਜੇ ਵੀ ਇਸ ਸਮੇਂ ਇਕ **ਵਿਸ਼ੇਸ਼** "ਪਰੋਲੇਤਾਰੀਆ ਤੇ ਕਿਰਸਾਣੀ ਦੀ ਇਨਕਲਾਬੀ-ਜਨਵਾਦੀ ਡਿਕਟੇਟਰਸ਼ਿਪ", ਜੋ ਬੁਰਜੂਆ ਸਰਕਾਰ ਤੋਂ **ਵਿਰਵੀ** ਹੋਵੇ, ਰੂਸ ਵਿਚ ਪੈਦਾ ਹੋਣੀ ਸੰਭਵ ਹੈ ? ਮਾਰਕਸਵਾਦੀ ਦਾਅਪੇਚ ਕਿਸੇ ਅਨਜਾਣੀ ਗੱਲ ਉਤੇ ਆਧਾਰਤ ਨਹੀਂ ਹੋ ਸਕਦੇ।

ਪਰ **ਜੇ** ਇਹ ਅਜੇ ਵੀ ਸੰਭਵ ਹੈ, ਤਾਂ ਇਸ ਵਲ ਜਾਂਦਾ ਇਕੋ, ਕੇਵਲ ਇਕੋ ਰਾਹ ਹੈ, ਉਹ ਹੈ, ਨਿਕ-ਬੁਰਜੂਆ ਅੰਸ਼ਾਂ ਤੋਂ ਪਰੋਲੇਤਾਰੀ ਕਮਿਊਨਿਸਟ ਅੰਸ਼ਾਂ ਨੂੰ ਤੁਰੰਤ, ਦ੍ਰਿੜ੍ਹ ਤੇ ਅਮੋੜ ਤੌਰ ਤੇ ਵੱਖ ਕਰ ਲਿਆ ਜਾਵੇ।

ਕਿਉਂ ?

ਕਿਉਂ ਜੋ ਸਮੁੱਚੀ ਨਿਕ-ਬੁਰਜੁਆਜ਼ੀ, ਸਬੱਬ ਨਾਲ ਨਹੀਂ ਸਗੋਂ ਜ਼ਰੂਰਤ ਕਰਕੇ, ਅੰਧ-ਰਾਸ਼ਟਰਵਾਦ (=ਰੱਖਿਆਵਾਦ) ਵਲ, ਬੁਰਜੁਆਜ਼ੀ ਦੀ "ਹਮਾਇਤ" ਵਲ, ਉਸ ਉਤੇ ਨਿਰਭਰਤਾ ਵਲ, ਇਸ ਤੋਂ ਬਿਨਾ ਕੰਮ ਦੇ "ਡਰ" ਵਲ ਮੁੜ ਗਈ ਹੈ।

ਨਿੱਕ-ਬੁਰਜੁਆਜ਼ੀ ਨੂੰ ਸੱਤਾ ਪ੍ਰਾਪਤ ਕਰਨ ਵਲ ਕਿਵੇਂ "ਧਕਿਆ" ਜਾ ਸਕਦਾ ਹੈ। ਜੇ ਉਹ ਹੁਣ ਵੀ ਸੱਤਾ ਪ੍ਰਾਪਤ ਕਰ ਸਕਦੀ ਹੈ, **ਪਰ ਉਹ ਸੱਤਾ ਪ੍ਰਾਪਤ ਨਹੀਂ ਕਰਨਾ ਚਾਹੁੰਦੀ ?**

ਇਹ ਕੇਵਲ ਪਰੋਲੇਤਾਰੀਆਂ ਨੂੰ, ਕਮਿਊਨਿਸਟ ਪਾਰਟੀ ਨੂੰ ਵੱਖ ਕਰਨ ਰਾਹੀਂ, ਉਹਨਾਂ ਨਿੱਕ-ਬੁਰਜੂਆ ਲੋਕਾਂ ਦੀ ਬੁਜ਼ਦਿਲੀ ਤੋਂ **ਮੁਕਤ** ਇਕ ਪਰੋਲੇਤਾਰੀ ਜਮਾਤੀ ਜਦੋਜਹਿਦ ਛੇੜਨ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਕੇਵਲ ਉਹਨਾਂ ਪਰੋਲੇਤਾਰੀਆਂ ਦੀ, ਜੋ ਨਿਕ-ਬੁਰਜੁਆਜ਼ੀ ਦੇ ਪ੍ਰਭਾਵ ਤੋਂ ਮੁਕਤ ਹਨ, ਕੇਵਲ ਕਥਨੀ ਵਿਚ ਨਹੀਂ ਕਰਨੀ ਵਿਚ ਮਜ਼ਬੂਤੀ ਨਿਕ-ਬੁਰਜੁਆਜ਼ੀ ਦੇ ਪੈਰਾਂ ਥੱਲੇ ਧਰਤੀ ਨੂੰ ਇਤਨਾ ਗਰਮ ਕਰ ਸਕਦੀ ਹੈ ਕਿ ਇਸ ਨੂੰ ਕੁਝ ਵਿਸ਼ੇਸ਼ ਹਾਲਤਾਂ ਅਧੀਨ ਸੱਤਾ ਪ੍ਰਾਪਤ ਕਰਨ ਦੀ **ਆਗਿਆ** ਦਿੱਤੀ ਜਾਵੇਗੀ; ਇਹ ਅਜੇ ਵੀ ਸੰਭਾਵਨਾ ਦੀਆਂ ਹੱਦਾਂ ਵਿਚ ਹੈ ਕਿ ਗੁਚਕੋਵ ਤੇ ਮਿਲੀਓਕੋਵ—ਮੁੜ ਕੁਝ ਵਿਸ਼ੇਸ਼ ਹਾਲਤਾਂ ਅਧੀਨ—ਚਖੀਦਜ਼ੇ; ਤਸੇਰੇਤੇਲੀ, ਐਸ ਆਰਾਂ ਅਤੇ ਸਤੇਕਲੋਵ ਨੂੰ, ਭਾਵੇਂ ਇਹ ਸਾਰੇ "**ਰੱਖਿਆ-ਵਾਦੀ**" ਹਨ, ਪੂਰੀ ਸੂਰੀ ਸੱਤਾ ਸੌਂਪਣ ਦੇ ਹੱਕ ਵਿਚ ਹੋਣਗੇ।

ਸੋਵੀਅਤਾ ਦੇ ਪਰੋਲੇਤਾਰੀ ਅੰਸ਼ਾ ਨੂੰ (ਭਾਵ ਪਰੋਲੇਤਾਰੀਏ, ਕਮਿਊਨਿਸਟ ਪਾਰਟੀ) ਨਿੱਕ-

ਬੁਰਜੂਆ ਅੰਸ਼ਾਂ ਤੋਂ ਤੁਰੰਤ ਤੇ ਅਮੋੜ ਤੌਰ ਤੇ ਵੱਖ ਕਰਨ ਦਾ ਅਰਥ ਇਹਨਾਂ ਦੋ ਸੰਭਵ ਹਾਲਤਾਂ ਵਿਚੋਂ ਕਿਸੇ ਇਕ ਵਿਚ ਲਹਿਰ ਦੇ ਹਿਤਾਂ ਪ੍ਰਤੀ ਸਹੀ ਪ੍ਰਗਟਾਅ ਕਰਨਾ ਹੈ; ਇਸ ਹਾਲਤ ਵਿਚ ਕਿ ਰੂਸ ਬੁਰਜੂਆਜ਼ੀ ਤੋਂ ਸੁਤੰਤਰ ਇਕ ਵਿਸ਼ੇਸ਼ "ਪਰੋਲੇਤਾਰੀਆ ਤੇ ਕਿਰਸਾਣੀ ਦੀ ਡਿਕਟੇਟਰਸ਼ਿਪ" ਦੇ ਤਜਰਬੇ ਵਿਚੋਂ ਦੀ ਗੁਜ਼ਰੇ, ਅਤੇ ਇਸ ਹਾਲਤ ਵਿਚ ਕਿ ਨਿਕ-ਬੁਰਜੂਆਜ਼ੀ ਬੁਰਜੂਆਜ਼ੀ ਤੋਂ ਆਪਣੇ ਆਪ ਨੂੰ ਵੱਖ ਕਰਨ ਦੇ ਯੋਗ ਨਹੀਂ ਹੋਵੇਗੀ ਅਤੇ ਸਾਡੇ ਤੇ ਇਸ ਦੇ ਵਿਚਾਲੇ ਸਦੀਵੀ ਤੌਰ ਤੇ (ਭਾਵ, ਉਦੋਂ ਤਕ ਜਦੋਂ ਤਕ ਸੋਸ਼ਲਿਜ਼ਮ ਸਥਾਪਤ ਨਹੀਂ ਹੁੰਦਾ) ਡਿਕੌਡੋਲੇ ਖਾਵੇਗੀ।

ਕਿਸੇ ਦੀਆਂ ਸਰਗਰਮੀਆਂ ਵਿਚ ਮਹਿਜ਼ ਇਕ ਸਾਧਾਰਨ ਫਾਰਮੂਲੇ ਤੋਂ" ਬੁਰਜੂਆ-ਜਨਵਾਦੀ ਇਨਕਲਾਬ ਸੰਪੂਰਨ ਨਹੀਂ ਹੋਇਆ" ਅਗਵਾਈ ਲੈਣਾ ਆਪਣੇ ਆਪ ਉਤੇ ਇਹ ਜ਼ਾਮਨੀ ਲੈਣ ਵਾਂਗ ਹੈ ਕਿ ਨਿੱਕ-ਖੁਰਜੂਆਜ਼ੀ ਨਿਸ਼ਚਿਤ ਰੂਪ ਵਿਚ ਬੁਰਜੂਆਜ਼ੀ ਤੋਂ ਸੁਤੰਤਰ ਹੋਣ ਦੇ ਯੋਗ ਹੈ। ਇੰਜ ਕਰਨ ਦਾ ਅਰਥ ਆਪਣੇ ਆਪ ਨੂੰ, ਸਬੰਧਤ ਘੜੀ ਦੇ ਸਮੇਂ ਨਿੱਕ-ਬੁਰਜੂਆਜ਼ੀ ਦੇ ਰਹਿਮ ਉਤੇ ਸੁੱਟਣਾ ਹੈ।

ਸਬੱਬ ਨਾਲ, ਪਰੋਲੇਤਾਰੀਆ ਤੇ ਕਿਰਸਾਣੀ ਦੀ ਡਿਕਟੇਟਰਸ਼ਿਪ ਦੇ ਫਾਰਮੂਲੇ ਦੇ ਸੰਬੰਧ ਵਿਚ ਇਹ ਗੱਲ ਵਰਨਣਯੋਗ ਹੈ ਕਿ **ਦੋ ਦਾਅ ਪੇਚ** (ਜੁਲਾਈ 1905) ਵਿਚ ਮੈਂ ਇਸ ਗੱਲ ਤੇ ਜ਼ੋਰ ਦੇਣ ਲਈ (**ਬਾਰਾਂ ਵਰ੍ਹੇ**) ਇਹ ਨੁਕਤਾ ਬਣਾਇਆ ਸੀ :

"ਸੰਸਾਰ ਵਿਚ ਹੋਰ ਹਰ ਚੀਜ਼ ਵਾਂਗ ਪਰੋਲੇਤਾਰੀਆ ਤੇ ਕਿਰਸਾਣੀ ਦੀ ਇਨਕਲਾਬੀ ਜਨਵਾਦੀ ਡਿਕਟੇਟਰਸ਼ਿਪ ਦਾ ਇਕ ਭੂਤ ਤੇ ਭਵਿੱਖ ਹੈ। ਇਸ ਦਾ ਭੂਤ ਇਕ-ਪੁਰਖੀ ਰਾਜ, ਭੋਏਂ ਗੁਲਾਮਦਾਰੀ, ਪਾਤਸ਼ਾਹੀ ਤੇ ਸਹੂਲਤ......ਹੈ। ਇਸ ਦਾ ਭਵਿੱਖ ਨਿੱਜੀ ਸੰਪਤੀ ਦੇ ਵਿਰੁੱਧ ਜਦੋਜਹਿਦ, ਮਾਲਕ ਦੇ ਵਿਰੁੱਧ ਉਜ਼ਰਤੀ ਮਜ਼ਦੂਰ ਦੀ ਜਦੋਜਹਿਦ, ਸੋਸ਼ਲਿਜ਼ਮ ਲਈ ਜਦੋਜਹਿਦ ਹੈ......।"

ਕਾਮਰੇਡ ਕਾਮੇਨੇਵ ਦੀ ਗ਼ਲਤੀ ਇਹ ਹੈ ਕਿ 1917 ਵਿਚ ਵੀ ਉਹ ਪਰੋਲੇਤਾਰੀਆ ਤੇ ਕਿਰਸਾਣੀ ਦੀ ਇਨਕਲਾਬੀ-ਜਨਵਾਦੀ ਡਿਕਟੇਟਰਸ਼ਿਪ ਦਾ ਕੇਵਲ ਭੂਤ ਵੇਖਦਾ ਹੈ ਜਦ ਕਿ **ਅਸਲੀਅਤ** ਇਹ ਹੈ ਕਿ ਇਸ ਦਾ **ਭਵਿੱਖ** ਆਰੰਭ ਹੋ ਗਿਆ ਹੈ, ਕਿਉਂ ਜੋ ਉਜ਼ਰਤੀ ਮਜ਼ਦੂਰ ਤੇ ਛੋਟੇ ਮਾਲਕ ਦੇ ਹਿੱਤਾਂ ਤੇ ਨੀਤੀਆਂ ਦਾ **ਅਸਲ ਵਿਚ** ਨਖੇੜਾ ਹੋ ਵੀ ਚੁਕਿਆ ਹੈ, ਇਥੋਂ ਤਕ ਕਿ "ਰੱਖਿਆਵਾਦ" ਦੇ ਸਾਮਰਾਜੀ ਜੰਗ ਵਲ ਵਤੀਰੇ ਦੇ ਸੁਆਲ ਬਾਰੇ ਵੀ ਨਖੇੜਾ ਹੋ ਚੁਕਿਆ ਹੈ।

ਇਹ ਗੱਲ ਮੈਨੂੰ ਕਾਮਰੇਡ ਕਾਮੇਨੇਵ ਦੀ ਉਪਰ ਵਰਣਤ ਦਲੀਲ ਵਿਚ ਦੂਜੀ ਗਲਤੀ ਵਲ ਲੈ ਆਉਂਦੀ ਹੈ। ਉਹ ਇਹ ਕਹਿ ਕੇ ਮੇਰੀ ਨੁਕਤਾਚੀਨੀ ਕਰਦਾ ਹੈ ਕਿ ਮੇਰੀ ਸਕੀਮ "ਇਸ (ਬੁਰਜੂਆ ਡੈਮੋਕਰੇਟਿਕ) ਇਨਕਲਾਬ ਦੀ ਸੋਸ਼ਲਿਸਟ ਇਨਕਲਾਬ ਵਿਚ ਤੁਰੰਤ ਤਬਦੀਲੀ" ਉਤੇ "ਉਸਰਦੀ" ਹੈ।

ਇਹ ਗ਼ਲਤ ਹੈ। ਮੈਂ ਆਪਣੀ ਸਕੀਮ ਨਾ ਕੇਵਲ ਆਪਣੇ ਇਨਕਲਾਬ ਦੀ ਸੋਸ਼ਲਿਸਟ ਇਨਕਲਾਬ ਵਿਚ "ਤੁਰੰਤ ਤਬਦੀਲੀ" ਉਤੇ ਨਹੀਂ ਉਸਾਰਦਾ, ਸਗੋਂ ਅਸਲ ਵਿਚ ਮੈਂ ਇਸ ਦੇ ਵਿਰੁੱਧ ਚਿਤਾਵਨੀ ਦੇਂਦਾ ਹਾਂ, ਜਦੋਂ ਥੀਸਸ ਨੰਬਰ 8 ਵਿਚ ਮੈਂ ਬਿਆਨ ਕਰਦਾ ਹਾਂ : "ਸੋਸ਼ਲਿਜ਼ਮ ਨੂੰ 'ਪੇਸ਼ ਕਰਨਾ' ਸਾਡਾ **ਫੌਰੀ** ਕਾਰਜ ਨਹੀਂ ......।"

ਕੀ ਇਹ ਗੱਲ ਸਪਸ਼ਟ ਨਹੀਂ ਹੈ ਕਿ ਕੋਈ ਵੀ ਵਿਅਕਤੀ ਜੋ ਸੋਸ਼ਲਿਸਟ ਇਨਕਲਾਬ

ਵਿਚ ਸਾਡੇ ਇਨਕਲਾਬ ਦੀ ਫੌਰੀ ਤਬਦੀਲੀ ਉਤੇ ਆਪਣੀ ਸਕੀਮ ਉਸਾਰਦਾ ਹੈ, ਸੋਸ਼ਲਿਜ਼ਮ ਨੂੰ ਪੇਸ਼ ਕਰਨ ਦੇ ਫੌਰੀ ਕਾਰਜ ਦੇ ਵਿਰੁੱਧ ਹੋ ਸਕਦਾ ਹੈ।

ਇਸ ਤੋਂ ਉਪਰੰਤ, ਇਥੋਂ ਤਕ ਕਿ ਇਕ "ਕਮਿਊਨ ਰਾਜ" (ਭਾਵ, ਪੈਰਿਸ ਕਮਿਊਨ ਦੀਆਂ ਲੀਹਾਂ ਅਨੁਸਾਰ ਜਥੇਬੰਦ ਕੀਤਾ ਰਾਜ) ਰੂਸ ਵਿਚ "ਫੌਰੀ ਤੌਰ ਤੇ" ਪੇਸ਼ **ਨਹੀਂ ਕਰ ਸਕਦਾ,** ਕਿਉਂ ਜੋ ਇੰਜ ਕਰਨ ਲਈ ਸਾਰੀਆਂ (ਜਾਂ ਬਹੁਤੀਆਂ) ਸੋਵੀਅਤਾਂ ਵਿਚ ਡਿਪਟੀਆਂ ਦੀ **ਬਹੁਗਿਣਤੀ** ਲਈ ਸਪਸ਼ਟ ਤੌਰ ਤੇ ਐਸ. ਆਰਾਂ, ਚਖੀਦਜ਼ੇ, ਤਸੇਰੇਤੇਲੀ, **ਸਤੇਕਲੋਵ** ਆਦਿ ਵਲੋਂ ਅਮਲ ਵਿਚ ਲਿਆਂਦੇ ਜਾ ਰਹੇ ਦਾਅ ਪੇਚਾਂ ਤੇ ਨੀਤੀ ਦੀਆਂ ਸਾਰੀਆਂ ਤਰੁੱਟੀਆਂ ਤੇ ਖ਼ਤਰੇ ਨੂੰ ਸਮਝਣਾ ਜ਼ਰੂਰੀ ਹੋਵੇਗਾ। ਜਿਥੋਂ ਤਕ ਮੇਰਾ ਸੰਬੰਧ ਹੈ, ਮੈਂ ਦਰੁਸਤ ਤੌਰ ਤੇ ਇਹ ਐਲਾਨ ਕੀਤਾ ਕਿ ਇਸ ਸਬੰਧ ਵਿਚ ਕੇਵਲ ਇਕ "ਸਾਬਰ" ਵਿਆਖਿਆ ਉਤੇ ਸਕੀਮ, "ਉਸਾਰਦਾ" ਹਾਂ (ਕੀ ਕਿਸੇ ਨੂੰ ਇਕ ਤਬਦੀਲੀ ਲਿਆਉਣ ਲਈ ਜੋ "ਫੌਰੀ ਤੌਰ ਤੇ" ਤੇ ਅਮਲ ਵਿਚ ਲਿਆਂਦੀ ਜਾ ਸਕਦੀ ਹੈ, ਨਾਬਰ ਹੋਣਾ ਚਾਹੀਦਾ ਹੈ ?)

ਕਾਮਰੇਡ ਕਾਮੇਨੇਵ ਆਪਣੀ ਉਤਸੁਕਤਾ ਵਿਚ ਕੁਝ ਆਪਣੇ ਆਪ ਮਾਤ ਖਾ ਗਿਆ ਹੈ, ਅਤੇ ਪੈਰਿਸ ਕਮਿਊਨ ਬਾਰੇ ਇਸ ਬੁਰਜੂਆ ਬਦਗੁਮਾਨੀ ਨੂੰ ਕਿਉਂ, ਉਹ ਸੋਸ਼ਲਿਜ਼ਮ ਨੂੰ "ਬਹੁਤ ਜਲਦੀ" ਲਾਗੂ ਕਰਨਾ ਚਾਹੁੰਦਾ ਸੀ, ਦੁਹਰਾਇਆ ਹੈ। ਇਹ ਇਸ ਤਰ੍ਹਾਂ ਨਹੀਂ ਹੈ। ਮੰਦੇ ਭਾਗਾਂ ਨੂੰ ਕਮਿਊਨ ਸੋਸ਼ਲਿਜ਼ਮ ਨੂੰ ਲਾਗੂ ਕਰਨ ਵਿਚ ਬਹੁਤ ਹੀ ਸੁਸਤ ਸੀ। ਕਮਿਊਨ ਦਾ ਅਸਲੀ ਤੱਤ ਉਥੇ ਨਹੀਂ ਹੈ ਜਿਥੇ ਬੁਰਜੁਆਜ਼ੀ ਆਮ ਤੌਰ ਤੇ ਵੇਖਦੀ ਹੈ ਸਗੋਂ ਇਹ ਵਿਸ਼ੇਸ਼ ਨਮੂਨੇ ਦੇ **ਰਾਜ** ਦੀ ਰਚਨਾ ਵਿਚ ਹੈ। ਅਜਿਹਾ ਰਾਜ ਰੂਸ ਵਿਚ ਪੈਦਾ **ਵੀ** ਹੋ ਚੁਕਿਆ ਹੈ, ਇਹ ਹੈ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ।

ਕਾਮਰੇਡ ਕਾਮੇਨੇਵ ਨੇ ਮੌਜੂਦ ਸੋਵੀਅਤਾਂ ਦੀ ਮਹੱਤਤਾ, ਉਹਨਾਂ ਦੀ ਕਮਿਊਨ ਰਾਜ ਨਾਲ ਨਮੂਨੇ ਤੇ ਸਮਾਜਕ-ਰਾਜਨੀਤਿਕ ਲੱਛਣ ਦੇ ਨੁਕਤੇ ਤੇ ਇਕਰੂਪਤਾ ਦੇ **ਤੱਥ** ਉਤੇ ਵਿਚਾਰ ਨਹੀਂ ਕੀਤਾ, ਸਗੋਂ ਇਸ **ਤੱਥ** ਦਾ ਅਧਿਅਨ ਕਰਨ ਦੀ ਥਾਂ ਉਸ ਨੇ ਕਿਸੇ ਹੋਰ ਗੱਲ ਬਾਰੇ ਕਹਿਣਾ ਸ਼ੁਰੂ ਕਰ ਦਿਤਾ ਕਿ ਮੈਂ ਉਸ ਦੇ ਅਨੁਮਾਨ ਅਨੁਸਾਰ "ਤੁਰੰਤ" ਭਵਿੱਖ ਬਾਰੇ ਦਲੀਲਾਂ ਦੇ ਰਿਹਾ ਸਾ। ਮੰਦੇ ਭਾਗਾਂ ਨੂੰ ਇਸ ਦਾ ਸਿੱਟਾ ਉਸ ਢੰਗ ਦੀ ਦੁਹਰਾਈ ਜੋ ਨਵੀਂ ਬੁਰਜੂਆ ਵਿਅਕਤੀਆਂ ਵਲੋਂ ਵਰਤਿਆ ਗਿਆ ਹੈ: ਇਸ ਸੁਆਲ ਤੋਂ ਜਿਵੇਂ ਸੋਵੀਅਤਾਂ **ਕੀ ਹਨ,** ਕੀ ਇਹ ਪਾਰਲੀਮੈਂਟਰੀ ਰੀਪਬਲਿਕ ਨਾਲੋਂ ਉਚੇਰੇ ਨਮੂਨੇ ਦੀਆਂ ਹਨ, ਕੀ ਇਹ ਲੋਕਾਂ ਲਈ ਵਧੇਰੇ ਲਾਹੇਵੰਦ **ਵਧੇਰੇ ਜਨਵਾਦੀ** ਹਨ, ਕੀ ਇਹ ਉਦਾਹਰਣ ਵਜੋਂ ਅਨਾਜ ਦੀ ਥੁੜ ਦੇ ਟਾਕਰੇ ਲਈ ਵਧੇਰੇ **ਸੁਖਾਵੀਆਂ** ਹਨ ਆਦਿ—ਇਸ ਅਸਲੀ ਫੌਰੀ, ਅਤਿ ਜ਼ਰੂਰੀ ਮਸਲੇ ਤੋਂ ਧਿਆਨ ਖੋਖਲੇ, ਕਥਿਤ ਤੌਰ ਤੇ ਵਿਗਿਆਨਕ, ਪਰ ਅਸਲ ਵਿਚ ਸੱਖਣੇ, ਪ੍ਰਤੱਖ ਰੂਪ ਵਿਚ ਮੁਰਦਾ "ਇਕ ਫੌਰੀ ਕਾਇਆਕਲਪ ਉਤੇ ਉਸਾਰੀ" ਦੇ ਸੁਆਲ ਵਲ ਮੋੜ ਦਿੱਤਾ ਗਿਆ ਹੈ।

ਇਕ ਬੇਅਰਥ ਸੁਆਲ ਗ਼ਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਮੈਂ ਆਪਣੀ ਦਲੀਲ ਕੇਵਲ ਇਸ ਤੇ, **ਇਕਾਂਤਰ ਰੂਪ** ਵਿਚ ਇਸ ਉਤੇ "ਉਸਾਰਦਾ" ਹਾਂ—ਕਿ ਮਜ਼ਦੂਰ, ਸਿਪਾਹੀ ਤੇ ਕਿਸਾਨ ਵਧੇਰੇ ਅਨਾਜ ਪੈਦਾ ਕਰਨ ਦੀਆਂ, ਉਸ ਨੂੰ ਵਧੀਆ ਢੰਗ ਨਾਲ ਵੰਡਣ ਅਤੇ ਸਿਪਾਹੀਆਂ ਨੂੰ ਉਸ ਦੀ ਵਧੀਆ ਸਪਲਾਈ ਜਾਰੀ ਰਖਣ ਦੀਆਂ ਔਖੀਆਂ **ਅਮਲੀ** ਸਮੱਸਿਆਵਾਂ ਨਾਲ ਅਫ਼ਸਰਾਂ ਨਾਲੋਂ ਵਧੀਆ, ਪੁਲਸ ਨਾਲੋਂ ਵਧੀਆ ਢੰਗ ਨਾਲ ਨਿਪਟਣਗੇ।

ਮੈਂ ਡੂੰਘੀ ਤਰ੍ਹਾਂ ਕਾਇਲ ਹਾਂ ਕਿ ਸੋਵੀਅਤਾਂ **ਜਨ ਸਮੂਹਾਂ** ਦੀ ਸੁਤੰਤਰ ਸਰਗਰਮੀ ਨੂੰ ਉਸ ਤੋਂ ਵਧੇਰੇ ਤੇਜ਼ੀ ਨਾਲ ਤੇ ਅਸਰਦਾਰ ਢੰਗ ਨਾਲ ਇਕ ਹਕੀਕਤ ਬਨਾਉਣਗੀਆਂ ਜਿੰਨਾ ਇਕ ਪਾਰਲੀਮੈਂਟਰੀ ਰੀਪਬਲਿਕ ਬਣਾਏਗੀ (ਰਾਜ ਦੇ ਦੋ ਨਮੂਨਿਆਂ ਦਾ ਵਧੇਰੇ ਵਿਸਥਾਰ ਵਿਚ ਟਾਕਰਾ ਇਕ ਹੋਰ ਚਿੱਠੀ ਵਿਚ ਕਰਾਂਗਾ)। ਇਹ ਵਧੇਰੇ ਅਸਰਦਾਰ ਢੰਗ ਨਾਲ, ਵਧੇਰੇ ਅਮਲੀ ਤੌਰ ਤੇ ਤੇ ਵਧੇਰੇ ਸਹੀ ਢੰਗ ਨਾਲ ਫੈਸਲਾ ਕਰਨਗੀਆਂ ਕਿ ਸੋਸ਼ਲਿਜ਼ਮ ਵਲ ਕਿਹੜੇ **ਕਦਮ** ਪੁਟੇ ਜਾ ਸਕਦੇ ਹਨ ਤੇ ਇਹ ਕਦਮ ਕਿਵੇਂ ਪੁੱਟਣੇ ਚਾਹੀਦੇ ਹਨ। ਇਕ ਬੈਂਕ ਉਤੇ ਕੰਟਰੋਲ, ਸਾਰੇ ਬੈਂਕਾਂ ਨੂੰ ਇਸ ਵਿਚ ਮਿਲਾਉਣਾ **ਅਜੇ ਸੋਸ਼ਲਿਜ਼ਮ ਨਹੀਂ ਹੈ,** ਸਗੋਂ ਇਹ **ਸੋਸ਼ਲਿਜ਼ਮ ਵਲ ਇਕ ਕਦਮ** ਹੈ। ਅਜ ਅਜਿਹੇ ਕਦਮ ਜਰਮਨੀ ਵਿਚ ਜੁੰਕਰਾਂ ਤੇ ਬੁਰਜੁਆਜ਼ੀ ਵਲੋਂ ਲੋਕਾਂ ਦੇ ਵਿਰੁਧ ਪੁਟੇ ਜਾ ਰਹੇ ਹਨ। ਕਲ੍ਹ ਨੂੰ ਇਹ ਕਦਮ ਸੋਵੀਅਤ ਲੋਕਾਂ ਦੇ ਲਾਭ ਲਈ ਵਧੇਰੇ ਅਸਰਦਾਰ ਢੰਗ ਨਾਲ ਪੁਟਣ ਦੇ ਯੋਗ ਹੋਵੇਗੀ, ਜੇ ਸਮੁੱਚੀ ਰਾਜ ਸੱਤਾ ਉਸ ਦੇ ਹੱਥਾਂ ਵਿਚ ਹੋਵੇਗੀ।

ਅਜਿਹੇ ਕਦਮਾਂ ਲਈ ਕਿਹੜੀ ਗੱਲ **ਮਜਬੂਰ** ਕਰਦੀ ਹੈ?

ਕਾਲ! ਆਰਥਕ ਗੜਬੜੀ। ਸਿਰ ਤੇ ਖਲੋਤੀ ਤਬਾਹੀ। ਜੰਗ ਦਾ ਭਿਆਨਕ ਡਰ। ਜੰਗ ਵਲੋਂ ਮਨੁੱਖਤਾ ਨੂੰ ਲਾਏ ਗਏ ਜ਼ਖਮਾਂ ਦੀ ਭਿਆਨਕਤਾ।

ਕਾਮਰੇਡ ਕਾਮੇਨੇਵ ਇਸ ਲੇਖ ਨੂੰ ਇਸ ਟਿੱਪਣੀ ਨਾਲ ਖ਼ਤਮ ਕਰਦਾ ਹੈ ਕਿ "ਇਕ ਵਿਸ਼ਾਲ ਬਹਿਸ ਵਿਚ ਉਹ ਆਪਣੇ ਦ੍ਰਿਸ਼ਟੀਕੋਣ ਨੂੰ ਸਹੀ ਸਿੱਧ ਕਰਨ ਦੀ ਆਸ ਰੱਖਦਾ ਹੈ, ਜਿਹੜਾ ਇਨਕਲਾਬੀ ਸੋਸ਼ਲ-ਡੇਮੋਕਰੇਸੀ ਲਈ ਇਕੋ ਇਕ ਸੰਭਵ ਦ੍ਰਿਸ਼ਟੀਕੋਣ ਹੈ। ਜੇ ਉਹ ਅਖੀਰ ਤੱਕ ਪਰੋਲੇਤਾਰੀਆ ਦੇ ਇਨਕਲਾਬੀ ਸਮੂਹਾਂ ਦੇ ਅੰਗ ਸੰਗ ਰਹਿਣਾ ਚਾਹੁੰਦਾ ਹੈ ਤੇ ਉਸ ਨੂੰ ਰਹਿਣਾ ਚਾਹੀਦਾ ਹੈ ਅਤੇ ਕਮਿਉਨਿਸਟ ਪਰਾਪੇਗੰਡੇ ਦੇ ਇਕ ਗਰੁੱਪ ਵਿਚ ਨਹੀਂ ਬਦਲਣਾ ਚਾਹੁੰਦਾ।"

ਮੈਨੂੰ ਜਾਪਦਾ ਹੈ ਕਿ ਇਹ ਸ਼ਬਦ ਸਥਿਤੀ ਦੇ ਬਿਲਕੁਲ ਗ਼ਲਤ ਅਨੁਮਾਨ ਨੂੰ ਸੁਤੇ-ਸਿਧ ਪਰਗਟ ਕਰਦੇ ਹਨ। ਕਾਮਰੇਡ ਕਾਮੇਨੇਵ "ਜਨਸਮੂਹ ਦੀ ਪਾਰਟੀ" ਨੂੰ "ਪਰਚਾਰਕਾਂ ਦੇ ਇਕ ਗਰੁੱਪ" ਦੇ ਟਾਕਰੇ ਵਿਚ ਪੇਸ਼ ਕਰਦਾ ਹੈ। ਪਰ "ਜਨਸਮੂਹ"ਨੇ ਹੁਣ "ਇਨਕਲਾਬੀ" ਰੱਖਿਆਵਾਦ ਦੇ ਝੱਲ ਦੇ ਅੱਗੇ ਹਥਿਆਰ ਸੁੱਟ ਦਿੱਤੇ ਹਨ। ਕੀ ਇਸ ਘੜੀ ਕੋਮਾਂਤਰੀਵਾਦੀਆਂ ਲਈ ਇਹ ਦਰਸਾਉਣਾ ਜ਼ਰੂਰੀ ਨਹੀਂ ਬਣਦਾ ਜਾ ਰਿਹਾ ਕਿ ਉਹ ਜਨਸਮੂਹ ਨਾਲ "ਰਹਿਣ ਦੀ ਇੱਛਾ" ਨਾਲੋਂ "ਸਮੂਹ" ਮਦਹੋਸ਼ੀ ਦਾ ਟਾਕਰਾ ਕਰ ਸਕਦੇ ਹਨ? ਭਾਵ, ਆਮ ਮਹਾਮਾਰੀ ਦੇ ਅੱਗੇ ਹਥਿਆਰ ਸੁੱਟਣਾ? ਕੀ ਅਸਾਂ ਇਹ ਨਹੀਂ ਵੇਖਿਆ ਕਿ ਯੂਰਪ ਦੇ ਸਾਰੇ ਲੜ ਰਹੇ ਦੇਸ਼ਾਂ ਵਿਚ ਅੰਧਰਾਸ਼ਟਰਵਾਦੀਆਂ ਨੇ ਆਪਣੇ ਆਪ ਨੂੰ ਇਸ ਆਧਾਰ ਤੇ ਸਹੀ ਸਿੱਧ ਕਰਨ ਦੇ ਯਤਨ ਕੀਤੇ ਕਿ ਉਹ "ਜਨਸਮੂਹ ਨਾਲ ਰਹਿਣ" ਦੀ ਇੱਛਾ ਰੱਖਦੇ ਹਨ? ਕੀ ਅਸੀਂ "ਸਮੂਹ" ਮਦਹੋਸ਼ੀ ਦੇ ਵਿਰੁੱਧ ਕੁਝ ਸਮੇਂ ਲਈ ਘੱਟ ਗਿਣਤੀ ਵਿਚ ਰਹਿਣ ਦੇ ਯੋਗ ਨਹੀਂ ਹਾਂ? ਕੀ ਇਸ ਘੜੀ ਪਰਚਾਰਕਾਂ ਦਾ ਇਹ ਕੰਮ ਨਹੀਂ ਹੈ ਕਿ ਉਹ ਪਰੋਲੇਤਾਰੀ ਲਾਈਨ ਨੂੰ ਰੱਖਿਆ ਦੀ ਤੇ ਨਿੱਕ-ਬੁਰਜੂਆ "ਸਮੂਹ" ਮਦਹੋਸ਼ੀ ਤੋਂ ਨਿਖੇੜਨ? ਇਹ ਸੀ, ਪਰੋਲੇਤਾਰੀ ਤੇ ਗ਼ੈਰ-ਪਰੋਲੇਤਾਰੀ ਜਨਸਮੂਹਾਂ ਦੀ, ਜਨਸਮੂਹਾਂ ਦੇ ਅੰਦਰ ਜਮਾਤੀ ਫ਼ਰਕਾਂ ਦਾ ਧਿਆਨ ਕੀਤੇ ਬਿਨਾਂ ਤਦਰੂਪਤਾ, ਜਿਸ ਨੇ ਰੱਖਿਆ ਦੀ ਮਹਾਮਾਰੀ ਲਈ ਇਕ ਵਿਰੋਧ ਨੂੰ ਸਿਰਜਿਆ। ਇਕ **ਪਰੋਲੇਤਾਰੀ** ਲਾਈਨ ਦੀ

ਹਮਾਇਤ ਕਰਨ ਵਾਲੇ "ਪਰਚਾਰਕਾਂ ਦੇ ਇਕ ਗਰੁੱਪ" ਬਾਰੇ ਘਿਰਣਾ ਨਾਲ ਗੱਲ ਕਰਨੀ ਕੋਈ ਬਹੁਤੀ ਚੰਗੀ ਨਹੀਂ ਜਾਪਦੀ ।

8 ਤੇ 13 (21 ਤੇ 26) ਅਪਰੈਲ 1917
ਵਿਚਾਲੇ ਲਿਖੀ ਗਈ

ਪ੍ਰੀਬੋਦੀ ਪ੍ਰਕਾਸਕਾਂ ਨੇ
ਇਕ ਪੰਫਲਟ ਵਜੋਂ ਅਪਰੈਲ 1917
ਨੂੰ ਪਰਕਾਸ਼ਤ ਕੀਤੀ

## ਦੂਪਾਸੀ ਸੱਤਾ

ਹਰ ਇਨਕਲਾਬ ਦਾ ਬੁਨਿਆਦ ਸਵਾਲ ਰਾਜ ਸੱਤਾ ਹੈ, ਜਿੰਨਾ ਚਿਰ ਇਸ ਸਵਾਲ ਨੂੰ ਨਹੀਂ ਸਮਝਿਆ ਜਾਂਦਾ, ਇਨਕਲਾਬ ਦੀ ਅਗਵਾਈ ਕਰ ਸਕਣਾ ਤਾਂ ਕਿਤੇ ਰਿਹਾ, ਇਸ ਵਿਚ ਸੂਝਵਾਨ ਹਿੱਸੇਦਾਰੀ ਵੀ ਸੰਭਵ ਨਹੀਂ ।

ਸਾਡੇ ਇਨਕਲਾਬ ਦਾ ਅਤਿਅੰਤ ਉੱਘੜਵਾਂ ਲੱਛਣ ਇਹ ਹੈ ਕਿ ਇਸ ਨੇ ਦੂਪਾਸੀ ਸੱਤਾ (ਦੋ-ਅਮਲੀ) ਨੂੰ ਜਨਮ ਦਿੱਤਾ ਹੈ । ਸਭ ਤੋਂ ਪਹਿਲਾਂ ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝਣਾ ਜ਼ਰੂਰੀ ਹੈ । ਜਿੰਨਾ ਚਿਰ ਇਹ ਸਮਝਿਆ ਨਹੀਂ ਜਾਂਦਾ ਅਸੀਂ ਅੱਗੇ ਨਹੀਂ ਵਧ ਸਕਦੇ । ਸਾਨੂੰ ਪੁਰਾਣੇ "ਫਾਰਮੂਲਿਆਂ", ਉਦਾਹਰਣ ਵਜੋਂ, ਬਾਲਸ਼ਵਿਜਮ ਦੇ ਫਾਰਮੂਲਿਆਂ ਨੂੰ ਸੰਪੂਰਨ ਕਰਨ ਤੇ ਸੋਧਣ ਦੀ ਜਾਂਚ ਆਉਣੀ ਚਾਹੀਦੀ ਹੈ । ਬਾਲਸ਼ਵਿਜ਼ਮ ਦੇ ਇਹ ਫਾਰਮੂਲੇ ਭਾਵੇਂ ਸਮੁੱਚੇ ਤੌਰ ਤੇ ਠੀਕ ਸਾਬਤ ਹੋਏ ਹਨ, ਪਰ ਇਹਨਾਂ ਦੀ ਠੋਸ ਪ੍ਰਾਪਤੀ ਵੱਖਰੇ ਰੂਪ ਵਿਚ ਹੋਈ ਹੈ ।

ਇਹ ਦੂਪਾਸੀ ਸੱਤਾ ਕੀ ਹੈ ? ਅਸਥਾਈ ਸਰਕਾਰ ਅਥਵਾ ਬੁਰਜੁਆਜ਼ੀ ਦੀ ਸਰਕਾਰ ਦੇ ਨਾਲ ਨਾਲ ਇਕ ਹੋਰ ਸਰਕਾਰ ਉਤਪੰਨ ਹੋ ਗਈ ਹੈ, ਜੋ ਭਾਵੇਂ ਅਜੇ ਕਮਜ਼ੋਰ ਅਤੇ ਮੁੱਢਲੀ ਅਵਸਥਾ ਵਿਚ ਹੀ ਹੈ, ਪਰ ਜੋ ਨਿਰਸੰਦੇਹ ਹਕੀਕਤ ਵਿਚ ਮੌਜੂਦ ਹੈ ਅਤੇ ਵਧ-ਫੁਲ ਰਹੀ ਹੈ । ਇਹ ਸਰਕਾਰ ਹੈ—ਕਾਮਿਆਂ ਤੇ ਫ਼ੌਜੀਆਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ।

ਇਸ ਦੂਸਰੀ ਸਰਕਾਰ ਦੀ ਜਮਾਜੀ ਸਾਖ਼ਤ ਕੀ ਹੈ ? ਇਹ ਪਰੋਲੇਤਾਰੀਆ ਤੇ (ਫ਼ੌਜੀ ਵਰਦੀ ਵਿਚ) ਕਿਸਾਨਾਂ ਉਪਰ ਨਿਰਭਰ ਹੈ ? ਇਹ ਇਨਕਲਾਬੀ ਡਿਕਟੇਟਰਸ਼ਿਪ ਹੈ, ਅਥਵਾ ਇਹ ਅਜਿਹੀ ਸੱਤਾ ਹੈ ਜੋ ਸਿੱਧੇ ਤੌਰ ਤੇ ਇਨਕਲਾਬੀ ਕਬਜ਼ੇ ਉਪਰ, ਹੇਠਲੀ ਪੱਧਰ ਦੇ ਲੋਕਾਂ ਦੀ ਸਿੱਧੀ ਪਹਿਲ ਕਦਮੀ ਉਪਰ ਆਧਾਰਤ ਹੈ; ਇਹ ਕਿਸੇ ਕੇਂਦਰੀ ਰਾਜ ਸੱਤਾ ਵਲੋਂ ਘੜੇ ਗਏ ਕਿਸੇ ਕਾਨੂੰਨ ਉਪਰ ਅਧਾਰਤ ਨਹੀਂ । ਇਹ ਅਮਰੀਕਾ ਤੇ ਯੂਰਪ ਦੇ ਵਿਕਸਿਤ ਦੇਸ਼ਾਂ ਵਿਚ ਹੁਣ ਵੀ ਪ੍ਰਚੱਲਤ ਆਮ ਰੂਪ ਦੇ ਪਾਰਲੀਮਾਨੀ ਬੁਰਜੂਆ-ਲੋਕਤੰਤਰਕ ਰਾਜਾਂ ਨਾਲੋਂ ਬਿਲਕੁਲ ਵੱਖਰੀ ਕਿਸਮ ਦੀ ਸੱਤਾ ਹੈ । ਇਸ ਪ੍ਰਸਥਿਤੀ ਨੂੰ ਆਮ ਤੌਰ ਤੇ ਅੱਖੋਂ ਪਰੋਖਾ ਕਰ ਦਿੱਤਾ ਜਾਂਦਾ ਹੈ, ਕਈ ਵਾਰ ਇਸ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾਂਦਾ, ਹਾਲਾਂ ਕਿ ਇਹ ਮਾਮਲੇ ਦਾ ਤੱਤ ਹੈ। ਇਹ ਸੱਤਾ ਉਸ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦੀ ਸੱਤਾ 1871 ਦਾ ਪੈਰਿਸ ਕਮਿਊਨ ਸੀ। ਇਸ ਭਾਂਤ ਦੀ ਸੱਤਾ ਦੇ ਬੁਨਿਆਦੀ ਲੱਛਣ ਹਨ : (1) ਸੱਤਾ ਦਾ ਸਰੋਤ ਪਾਰਲੀਮੈਂਟ ਦੁਆਰਾ ਪਹਿਲਾਂ ਵਿਚਾਰਿਆ ਤੇ ਪਾਸ ਕੀਤਾ ਕੋਈ ਕਾਨੂੰਨ ਨਹੀਂ ਸਗੋਂ ਹੇਠਲੀ ਪੱਧਰ ਤੋਂ ਲੋਕਾਂ ਵਲੋਂ ਉਹਨਾਂ ਦੇ

ਸਥਾਨਕ ਇਲਾਕਿਆਂ ਵਿਚੋਂ ਲਈ ਗਈ ਮਿਥੀ ਪਹਿਲ ਕਦਮੀ ਹੈ, ਜਿਸ ਨੂੰ ਅੱਜ ਕਲ੍ਹ "ਸਿੱਧਾ ਕਬਜ਼ਾ" ਆਖਿਆ ਜਾਂਦਾ ਹੈ; (2) ਪੁਲਸ ਅਤੇ ਫ਼ੌਜ, ਜੋ ਲੋਕਾਂ ਤੋਂ ਨਿੱਖੜੀਆਂ ਹੋਈਆਂ ਤੇ ਲੋਕ-ਵਿਰੋਧੀ ਸੰਸਥਾਵਾਂ ਹਨ, ਦੀ ਥਾਂ ਸਮੁੱਚੇ ਤੌਰ ਤੇ ਸ਼ਸਤਰਬੱਧ ਕੀਤੇ ਗਏ ਲੋਕਾਂ ਵਲੋਂ ਲੈਣਾ। ਅਜਿਹੀ ਸੱਤਾ ਅਧੀਨ ਰਾਜ ਵਿਚ ਵਿਵਸਥਾ ਖ਼ੁਦ ਹਥਿਆਰਬੰਦ ਮਜ਼ਦੂਰਾਂ ਤੇ ਕਿਰਤੀਆਂ ਦੁਆਰਾ ਖ਼ੁਦ ਸ਼ਸਤਰਬੰਦ ਲੋਕਾਂ ਦੁਆਰਾ ਰੱਖੀ ਜਾਂਦੀ ਹੈ; (3) ਅਫ਼ਸਰਸ਼ਾਹੀ, ਨੌਕਰਸ਼ਾਹੀ ਇਸੇ ਤਰ੍ਹਾਂ ਹੀ ਜਾਂ ਤਾਂ ਲੋਕਾਂ ਦੁਆਰਾ ਸਿੱਧੇ ਰਾਜ ਪ੍ਰਬੰਧ ਨੂੰ ਥਾਂ ਦੇ ਦਿੰਦੀ ਹੈ ਜਾਂ ਘੱਟੋ ਘੱਟ ਇਹ ਉਚੇਚੇ ਕੰਟਰੋਲ ਵਿਚ ਆ ਜਾਂਦੀ ਹੈ। ਅਧਿਕਾਰੀ ਨਾ ਕੇਵਲ ਚੁਣੇ ਹੋਏ ਹੁੰਦੇ ਹਨ ਸਗੋਂ ਲੋਕਾਂ ਦੀ ਪਹਿਲੀ ਮੰਗ ਉਪਰ ਹੀ ਵਾਪਸ ਵੀ ਬੁਲਾਏ ਜਾ ਸਕਦੇ ਹਨ, ਉਹ ਬੁਰਜੂਆ ਪੱਧਰ ਉਪਰ ਵੱਡੀਆਂ ਵੱਡੀਆਂ ਤਨਖਾਹਾਂ ਵਾਲੀਆਂ "ਪਦਵੀਆਂ" ਦੇ ਅਧਿਕਾਰੀਆਂ ਦੇ ਨਿਵੇਕਲੇ ਗਰੁੱਪ ਦੀ ਥਾਂ ਸਿਰਫ਼ "ਸੇਵਾ ਦੇ ਇਕ ਵਿਸ਼ੇਸ਼ ਵਿਚਾਰਾਂ" ਦੇ ਕਿਰਤੀਆਂ ਦੀ ਪੱਧਰ ਉਪਰ ਆ ਜਾਂਦੇ ਹਨ, ਜਿਨ੍ਹਾਂ ਦੀ ਤਨਖਾਹ ਕਿਸੇ ਨਿਪੁੰਨ ਕਿਰਤੀ ਦੀ ਸਧਾਰਨ ਤਨਖਾਹ ਤੋਂ ਵਧ ਨਹੀਂ ਹੁੰਦੀ।

ਪੈਰਿਸ ਕਮਿਊਨ ਵਾਲੇ ਵਿਸ਼ੇਸ਼ ਰੂਪ ਦੇ ਰਾਜ ਦਾ ਇਹੀ ਇਕੋ ਇਕ ਤੱਤ ਹੈ। ਇਸ ਤੱਥ ਨੂੰ ਪਲੇਖ਼ਾਨੋਵ (ਸੁਧਾ ਵਡ-ਕੌਮਪ੍ਰਸਤ, ਜਿਸ ਨੇ ਮਾਰਕਸਵਾਦ ਨਾਲ ਗੱਦਾਰੀ ਕੀਤੀ ਹੈ) ਕਾਟਸਕੀਆਂ ("ਕੇਂਦਰ" ਦੇ ਆਦਮੀ, ਅਥਵਾ ਉਹ ਜੋ ਵੱਡ-ਕੌਮਪ੍ਰਸਤੀ ਤੇ ਮਾਰਕਸਵਾਦ ਵਿਚਕਾਰ ਡਿਕੌਡੋਲੇ ਖਾਂਦੇ ਹਨ) ਅਤੇ ਆਮ ਰੂਪ ਵਿਚ ਉਹਨਾਂ ਸਭਨਾਂ ਸੋਸ਼ਲ ਡੈਮੋਕਰੈਟਾਂ, ਸੋਸ਼ਲਿਸਟ ਇਨਕਲਾਬੀਆਂ, ਇਤਿਆਦਿ ਨੇ, ਜਿਨ੍ਹਾਂ ਦੀ ਹੁਣ ਤੂਤੀ ਬੋਲਦੀ ਹੈ, ਜਾਂ ਤਾਂ ਭੁਲਾ ਦਿੱਤਾ ਹੈ ਤੇ ਜਾਂ ਵਿਗਾੜ ਦਿੱਤਾ ਹੈ।

ਉਹ ਖੋਖਲੇ ਵਾਕਾਂ, ਹੁੱਜਤਾਂ ਤੇ ਢਕਵੰਜਾਂ ਨਾਲ ਗੁਜ਼ਾਰਾ ਕਰਨ ਦੇ ਯਤਨ ਵਿਚ ਹਨ। ਉਹ ਇਕ ਦੂਜੇ ਨੂੰ ਇਨਕਲਾਬ ਉਪਰ ਹਜ਼ਾਰ ਵਾਰ ਵਧਾਈਆਂ ਦਿੰਦੇ ਹਨ, ਪਰ ਇਹ ਸਮਝਣ ਤੋਂ ਇਨਕਾਰੀ ਹਨ ਕਿ ਕਾਮਿਆਂ ਤੇ ਫ਼ੌਜੀਆਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਕੀ ਹਨ। ਉਹ ਇਹ ਇਸ ਪ੍ਰਤੱਖ ਸਚਿਆਈ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਹਨ ਕਿ ਜਿੰਨੀਆਂ ਕੁ ਇਹ ਸੋਵੀਅਤਾਂ ਮੌਜੂਦ ਹਨ, ਜਿੰਨੀ ਕੁ ਇਹਨਾਂ ਪਾਸ ਸ਼ਕਤੀ ਹੈ, ਉਨੀ ਕੁ ਹੀ ਰੂਸ ਵਿਚ ਪੈਰਿਸ ਕਮਿਊਨ ਦੇ ਰੂਪ ਦਾ ਰਾਜ ਮੌਜੂਦ ਹੈ।

ਮੈਂ "ਜਿੰਨੀ ਕੁ" ਸ਼ਬਦ ਉਤੇ ਜ਼ੋਰ ਦਿੱਤਾ ਹੈ, ਇਸ ਲਈ ਕਿ ਇਹ ਅਜੇ ਆਰੰਭਕ ਸੱਤਾ ਹੀ ਹੈ। ਬੁਰਜੂਆ ਅਸਥਾਈ ਸਰਕਾਰ ਨਾਲ ਸਿੱਧੇ ਸਮਝੌਤੇ ਦੁਆਰਾ ਅਤੇ ਬੁਰਜੁਆਜ਼ੀ ਨੂੰ ਦਿੱਤੀਆਂ ਸਿਲਸਿਲੇਵਾਰ ਰਿਆਇਤਾਂ ਦੁਆਰਾ ਸੋਵੀਅਤਾਂ ਬੁਰਜੁਆਜ਼ੀ ਅੱਗੇ ਝੁਕੀਆਂ ਹਨ ਤੇ ਝੁਕ ਰਹੀਆਂ ਹਨ। ਅਤੇ ਉਸ ਅੱਗੇ ਆਪਣੀਆਂ ਸਾਰੀਆਂ ਪੁਜ਼ੀਸ਼ਨਾਂ ਦਾ ਤਿਆਗ ਕਰ ਰਹੀਆਂ ਹਨ।

ਕਿਉਂ ? ਕੀ ਇਸ ਲਈ ਕਿ ਚਖ਼ੀਦਜ਼ੇ ਤਜ਼ੇਰੇਤੇਲੀ, ਸਤੇਕਲੋਵ ਐਂਡ ਕੰਪਨੀ 'ਗਲਤੀ" ਕਰ ਰਹੀ ਹੈ ? ਬਕਵਾਸ। ਕੇਵਲ ਕੱਚ-ਘਰੜ ਲੋਕ ਹੀ ਇਸ ਤਰ੍ਹਾਂ ਸੋਚ ਸਕਦੇ ਹਨ, ਮਾਰਕਸਵਾਦੀ ਨਹੀਂ। ਕਾਰਨ ਹੈ ਮਜ਼ਦੂਰਾਂ ਤੇ ਕਿਸਾਨਾਂ ਦੀ ਨਾ ਕਾਫੀ ਜਮਾਤੀ ਚੇਤੰਨਤਾ ਅਤੇ ਸੰਗਠਨ। ਆਗੂਆਂ ਦੀ ਜਿਸ "ਗਲਤੀ" ਦਾ ਮੈਂ ਨਾਂਅ ਲਿਆ ਹੈ ਉਹ ਉਹਨਾਂ ਦੀ ਅਰਧ-ਬੁਰਜੂਆ ਪੁਜ਼ੀਸ਼ਨ ਵਿਚ, ਇਸ ਤੱਥ ਵਿਚ ਵਿੱਦਮਾਨ ਹੈ ਕਿ ਕਿਰਤੀਆਂ ਦੇ ਮਨ ਸਪੱਸ਼ਟ ਕਰਨ ਦੀ ਥਾਂ ਉਹ ਉਹਨਾਂ ਨੂੰ ਧੁੰਦਲੇ ਕਰ ਰਹੇ ਹਨ, ਅਰਧ-ਬੁਰਜੂਆ ਭੁਲੇਖਿਆਂ ਨੂੰ ਤਿਆਗਣ ਦੀ ਥਾਂ ਉਹਨਾਂ ਨੂੰ ਰਚਾ ਰਹੇ ਹਨ, ਲੋਕਾਂ ਨੂੰ ਬੁਰਜੂਆ ਪ੍ਰਭਾਵ ਤੋਂ ਮੁਕਤ ਕਰਨ ਦੀ ਥਾਂ ਉਸ ਪ੍ਰਭਾਵ ਨੂੰ ਮਜ਼ਬੂਤ ਬਣਾ ਰਹੇ ਹਨ।

ਇਸ ਤੋਂ ਸਾਫ਼ ਹੋ ਜਾਏਗਾ ਕਿ ਸਾਡੇ ਸਾਥੀ ਵੀ ਕਿੰਨੀਆਂ ਗਲਤੀਆਂ ਕਰਦੇ ਹਨ ਜਦੋਂ ਉਹ ਸਾਧਾਰਨ ਜਿਹੇ ਰੂਪ ਵਿਚ ਸਵਾਲ ਕਰਦੇ ਹਨ : ਕੀ ਅਸਥਾਈ ਸਰਕਾਰ ਛੇਤੀ ਤੌਰ ਤੇ ਉਲਟਾਈ ਜਾਵੇ ?

ਮੇਰਾ ਉੱਤਰ ਹੈ (1) ਇਹ ਉਲਟਾਈ ਜਾਵੇ ਕਿਉਂਕਿ ਇਹ ਜੁੰਡੀ ਦੀ ਬੁਰਜੂਆ ਸਰਕਾਰ ਹੈ, ਲੋਕ ਸਰਕਾਰ ਨਹੀਂ, ਅਤੇ ਇਹ ਲੋਕਾਂ ਨੂੰ ਅਮਨ, ਰੋਟੀ ਜਾਂ ਪੂਰਨ ਆਜ਼ਾਦੀ ਦੇ ਸਕਣ ਦੇ ਸਮਰੱਥ ਨਹੀਂ; (2) ਇਸ ਨੂੰ ਹੁਣੇ ਹੀ ਉਲਟਾਇਆ ਨਹੀਂ ਜਾ ਸਕਦਾ ਕਿਉਂਕਿ ਇਹ ਕਾਮੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਅਤੇ ਵਿਸ਼ੇਸ਼ ਕਰਕੇ ਮੁੱਖ ਸੋਵੀਅਤ—ਪੀਤਰੋਗਰਾਦ ਸੋਵੀਅਤ—ਨਾਲ ਸਿੱਧੇ ਤੇ ਅਸਿੱਧੇ, ਰਸਮੀ ਤੇ ਵਾਸਤਵਿਕ ਸਮਝੌਤੇ ਨਾਲ ਹੀ ਤਾਕਤ ਵਿਚ ਰੱਖੀ ਜਾ ਰਹੀ ਹੈ। ਇਹ ਸਾਧਾਰਨ ਢੰਗ ਰਾਹੀਂ ਉਲਟਾਈ ਵੀ ਨਹੀਂ ਜਾ ਸਕਦੀ ਕਿਉਂਕਿ ਇਹ ਦੂਸਰੀ ਸਰਕਾਰ ਕਾਮੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਵਲੋਂ ਬੁਰਜੁਆਜੀ ਨੂੰ ਦਿੱਤੀ ਗਈ "ਸਹਾਇਤਾ" ਉਪਰ ਨਿਰਭਰ ਹੈ ਅਤੇ ਇਹ ਦੂਸਰੀ ਸਰਕਾਰ ਹੀ ਇਕੋ ਇਕ ਸੰਭਵ ਇਨਕਲਾਬੀ ਸਰਕਾਰ ਹੈ ਜੋ ਸਿੱਧੇ ਤੌਰ ਤੇ ਕਿਰਤੀਆਂ ਅਤੇ ਕਿਸਾਨਾਂ ਦੀ ਇੱਛਾ ਤੇ ਭਾਵਨਾ ਦਾ ਪ੍ਰਗਟਾਅ ਕਰਦੀ ਹੈ। ਮਨੁੱਖਤਾ ਨੇ ਅਜੇ ਅਜਿਹੀ ਕੋਈ ਸਰਕਾਰ ਨਹੀਂ ਬਣਾਈ ਅਤੇ ਸਾਨੂੰ ਅਜੇ ਤੱਕ ਅਜਿਹੀ ਕਿਸੇ ਸਰਕਾਰ ਦਾ ਗਿਆਨ ਨਹੀਂ ਜੋ ਕਾਮਿਆਂ, ਖੇਤ ਮਜ਼ਦੂਰਾਂ, ਕਿਸਾਨਾਂ ਤੇ ਫ਼ੌਜੀ ਜੁਆਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਤੋਂ ਉੱਤਮ ਜਾਂ ਚੰਗੇਰੀ ਹੋਵੇ।

ਸੱਤਾਧਾਰੀ ਬਣਨ ਲਈ ਜਮਾਤੀ ਤੌਰ ਤੇ ਚੇਤੰਨ ਕਿਰਤੀਆਂ ਨੂੰ ਬਹੁਸੰਮਤੀ ਆਪਣੇ ਵੱਲ ਜਿੱਤਣੀ ਚਾਹੀਦੀ ਹੈ ਜਿੰਨਾ ਚਿਰ ਤੱਕ ਲੋਕਾਂ ਵਿਰੁੱਧ ਤਸ਼ੱਦਦ ਦੀ ਵਰਤੋਂ ਨਹੀਂ ਹੁੰਦੀ, ਸੱਤਾ ਪ੍ਰਾਪਤ ਕਰਨ ਦਾ ਹੋਰ ਕੋਈ ਰਾਹ ਨਹੀਂ। ਅਸੀਂ "ਬਲਾਂਕਿਸਟ" ਨਹੀਂ, ਅਸੀਂ ਘੱਟ-ਸੰਮਤੀ ਵਲੋਂ ਰਾਜ ਸੱਤਾ ਹਥਿਆਉਣ ਦੇ ਹੱਕ ਵਿਚ ਨਹੀਂ। ਅਸੀਂ ਮਾਰਕਸਵਾਦੀ ਹਾਂ, ਅਸੀਂ ਅਰਧ-ਬੁਰਜੂਆ ਖੁਆਰੀ ਵਿਰੁੱਧ, ਵੱਡ-ਕੌਮਪ੍ਰਸਤ-ਸੁਰੱਖਿਆਵਾਦ ਵਿਰੁੱਧ ਬਿਆਨਬਾਜ਼ੀ ਵਿਰੁੱਧ ਅਤੇ ਬੁਰਜੁਆਜ਼ੀ ਦੀ ਮੁਥਾਜੀ ਵਿਰੁੱਧ ਪ੍ਰੋਲਤਾਰੀ ਦੇ ਵਰਗ-ਸੰਘਰਸ਼ ਦੇ ਅਨੁਆਈ ਹਾਂ।

ਆਓ, ਪ੍ਰੋਲੇਤਾਰੀ ਕਮਿਊਨਿਸਟ ਪਾਰਟੀ ਉਸਾਰੀਏ, ਇਸ ਦੇ ਤੱਤ ਬਾਲਸ਼ਵਿਜ਼ਮ ਦੇ ਪੱਕੇ ਅਨੁਆਈਆਂ ਵਿਚ ਪਹਿਲਾਂ ਹੀ ਸਿਰਜੇ ਗਏ ਹਨ। ਆਓ, ਅਸੀਂ ਆਪਣੀਆਂ ਸਫ਼ਾਂ ਨੂੰ ਪ੍ਰੋਲੇਤਾਰੀ ਜਮਾਤੀ ਕੰਮ ਕਾਜ ਲਈ ਲਾਮਬੰਦ ਕਰੀਏ। ਇਸ ਤਰ੍ਹਾਂ ਪ੍ਰੋਲਤਾਰੀਆਂ ਵਿਚੋਂ ਸਭ ਤੇ ਗ਼ਰੀਬ ਕਿਸਾਨਾਂ ਵਿਚੋਂ ਵੱਧ ਤੋਂ ਵੱਧ ਗਿਣਤੀ ਵਿਚ ਲੋਕ ਸਾਡੇ ਪਾਸੇ ਆਉਣਗੇ ਕਿਉਂਕਿ ਅਸਲੀ ਤਜਰਬਾ ਦਿਨੋ ਦਿਨ ਇਹਨਾਂ ਸੋਸ਼ਲ-ਡੈਮੋਕਰੇਟਾਂ, ਚਖੀਦਜ਼ਿਆਂ, ਜ਼ਰੇਤੇਲੀਆਂ, ਸਤੇਕਲੋਵਾਂ ਅਤੇ ਦੂਸਰੀਆਂ "ਸੋਸ਼ਲਿਸਟ ਇਨਕਲਾਬੀਆਂ", ਨਿਰਮਲ ਅਰਧ-ਬੁਰਜੁਆਜ਼ੀ ਆਦਿ ਦੇ ਅਰਧ-ਬੁਰਜੂਆ ਭੁਲੇਖਿਆਂ ਨੂੰ ਖ਼ਤਮ ਕਰ ਦੇਵੇਗਾ।

ਬੁਰਜੁਆਜ਼ੀ ਆਪਣੀ ਜਮਾਤ ਦੀ ਅਵੰਡ ਸੱਤਾ ਦੇ ਹੱਕ ਵਿਚ ਖਲੋਤੀ ਹੈ।

ਜਮਾਤੀ ਤੌਰ ਤੇ ਚੇਤੰਨ ਕਿਰਤੀ ਕਾਮਿਆਂ, ਖੇਤ ਮਜ਼ਦੂਰਾਂ, ਕਿਸਾਨਾਂ ਤੇ ਫ਼ੌਜੀ ਜੁਆਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਲਈ ਅਵੰਡ ਸੱਤਾ ਦੇ ਸਮਰਥਕ ਹਨ, ਅਜਿਹੀ ਅਵੰਡ ਸੱਤਾ ਦੇ, ਜੋ ਮਾਅਰਕੇਬਾਜ਼ੀ ਦੁਆਰਾ ਨਹੀਂ ਸਗੋਂ ਪਰੋਲਤਾਰੀ ਦੇ ਮਨਾਂ ਨੂੰ ਸਪੱਸ਼ਟ ਕਰਨ ਦੁਆਰਾ ਉਹਨਾਂ ਨੂੰ ਬੁਰਜੁਆਜ਼ੀ ਦੇ ਪ੍ਰਭਾਵ ਤੋਂ ਮੁਕਤ ਕਰਨ ਦੁਆਰਾ ਸੰਭਵ ਹੋਣਗੇ।

ਅਰਧ ਬੁਰਜੂਆ—"ਸੋਸ਼ਲ ਡੈਮੋਕਰੇਟ", ਸੋਸ਼ਲਿਸਟ ਇਨਕਲਾਬੀ ਇਤਿਆਦਿ—ਥਿੜਕਦੇ

ਹਨ ਅਤੇ ਇਸ ਤਰ੍ਹਾਂ ਇਸ ਸਪੱਸ਼ਟਤਾ ਤੇ ਮੁਕਤੀ ਦੇ ਰਾਹ ਵਿਚ ਰੁਕਾਵਟ ਬਣਦੇ ਹਨ।

ਤਾਕਤਾਂ ਦੀ ਇਹ ਹਕੀਕੀ ਜਮਾਤੀ ਪਰ੍ਹਾਬੰਦੀ ਹੀ ਸਾਡੇ ਕੰਮਾਂ ਨੂੰ ਨਿਰਧਾਰਤ ਕਰਦੀ ਹੈ।

**ਪਰਾਵਦਾ** ਨੰਬਰ 28,
9 ਅਪਰੈਲ 1917
ਸਹੀ :—ਨ. ਲੈਨਿਨ

# ਸਾਡੇ ਇਨਕਲਾਬ ਵਿਚ ਪਰੋਲਤਾਰੀਆਂ ਦੇ ਕੰਮ

## ਪਰੋਲਤਾਰੀ ਪਾਰਟੀ ਲਈ ਪਲੇਟਫਾਰਮ ਦਾ ਖਰੜਾ

ਇਤਿਹਾਸ ਦੇ ਜਿਸ ਪੜਾਅ 'ਚੋਂ ਰੂਸ ਲੰਘ ਰਿਹਾ ਹੈ ਉਸ ਦੇ ਮੁੱਖ ਲੱਛਣ ਨਿਮਨ ਲਿਖਤ ਹਨ :

### ਹੋ ਚੁੱਕੇ ਇਨਕਲਾਬ ਦਾ ਜਮਾਤੀ ਲੱਛਣ

(1) ਪੁਰਾਣੀ ਜ਼ਾਰਸ਼ਾਹੀ ਸੱਤਾ ਕੇਵਲ ਮੁੱਠੀ ਭਰ ਸਾਮੰਤੀ ਭੌਂ-ਪਤੀਆਂ ਦੀ—ਜੋ ਸਮੁੱਚੀ ਰਾਜ ਮਸ਼ੀਨਰੀ (ਫੌਜ, ਪੁਲਸ ਤੇ ਨੌਕਰਸ਼ਾਹੀ) ਉਪਰ ਕਾਬਜ਼ ਸਨ--ਪ੍ਰਤੀਨਿਧਤਾ ਕਰਦੀ ਸੀ। ਇਹ ਉਲਟਾ ਕੇ ਪਰੇ ਸੁੱਟ ਦਿੱਤੀ ਗਈ, ਪਰ ਪੂਰੀ ਤਰ੍ਹਾਂ ਤਬਾਹ ਨਹੀਂ ਕੀਤੀ ਗਈ। ਬਾਦਸ਼ਾਹਤ ਰਸਮੀ ਤੌਰ ਤੇ ਖ਼ਤਮ ਨਹੀਂ ਕੀਤੀ ਗਈ, ਰੋਮਾਨੋਵ ਜੁੰਡਲੀ ਬਾਦਸ਼ਾਹੀ ਗੋਂਦਾਂ ਜਾਰੀ ਰੱਖ ਰਹੀ ਹੈ। ਸਾਮੰਤੀ ਜਾਗੀਰਦਾਰਾਂ ਦੀਆਂ ਵਿਸ਼ਾਲ ਜ਼ਮੀਨੀ ਮਾਲਕੀਆਂ ਖ਼ਤਮ ਨਹੀਂ ਕੀਤੀਆਂ ਗਈਆਂ।

(2) ਰੂਸ ਵਿਚ ਰਾਜ ਸੱਤਾ ਇਕ ਨਵੀਂ ਜਮਾਤ, ਬੁਰਜੂਆਜ਼ੀ ਕੋਲ ਤੇ ਬੁਰਜੂਆ ਬਣੇ ਭੌਂ-ਪਤੀਆਂ ਕੋਲ ਚਲੀ ਗਈ ਹੈ। ਇਸ ਹੱਦ ਤਕ ਰੂਸ ਵਿਚ ਬੁਰਜੂਆ ਜਮਹੂਰੀ ਇਨਕਲਾਬ ਸੰਪੂਰਨ ਹੋ ਚੁੱਕਿਆ ਹੈ।

ਸੱਤਾਧਾਰੀ ਹੋਣ ਉਪਰੰਤ ਬੁਰਜੂਆਜ਼ੀ ਨੇ ਨੰਗੇ ਚਿੱਟੇ ਸ਼ਾਹ-ਪ੍ਰਸਤਾਂ (ਕੈਡਿਟਾਂ ਤੋਂ ਸੱਜੇ ਪਾਸੇ ਗੁਚਕੋਵ ਤੇ ਦੂਸਰੇ ਸਿਆਸਤਦਾਨਾਂ) ਜੋ 1906-14 ਵਿਚ ਖ਼ੂਨੀ ਨਿਕੋਲਸ ਅਤੇ ਜੱਲਾਦ ਸਤੋਲੀਪਿਨ ਦੀ ਦ੍ਰਿੜ੍ਹ ਹਮਾਇਤ ਕਰਨ ਕਰਕੇ ਬਦਨਾਮ ਹਨ, ਨਾਲ ਇਕ ਬਲਾਕ (ਮਹਾਜ) ਬਣਾ ਲਿਆ ਹੈ। ਲਵੋਵ ਐਂਡ ਕੰਪਨੀ ਦੀ ਨਵੀਂ ਬੁਰਜੂਆ ਸਰਕਾਰ ਨੇ ਰੂਸ ਵਿਚ ਬਾਦਸ਼ਾਹਤ ਬਹਾਲ ਕਰਨ ਲਈ ਰੋਮਾਨੋਵਾਂ ਨਾਲ ਸਮਝੌਤੇ ਵਾਲੀ ਗੱਲਬਾਤ ਅਰੰਭਣ ਦਾ ਯਤਨ ਕੀਤਾ ਹੈ ਤੇ ਗੱਲਬਾਤ ਅਰੰਭ ਲਈ ਹੈ। ਇਨਕਲਾਬੀ ਲੱਫ਼ਾਜ਼ੀ ਦੇ ਪਰਦੇ ਹੇਠਾਂ ਇਹ ਸਰਕਾਰ ਪਿਛਲੀ ਹਕੂਮਤ ਦੇ ਪੱਖੀਆਂ ਨੂੰ ਕੁੰਜੀਵਤ ਪੁਜ਼ੀਸ਼ਨਾਂ ਉਤੇ ਲਾ ਰਹੀ ਹੈ। ਇਹ ਰਾਜ ਦੀ ਸਮੁੱਚੀ ਮਸ਼ੀਨਰੀ (ਫ਼ੌਜ, ਪੁਲਸ, ਨੌਕਰਸ਼ਾਹੀ) ਨੂੰ—ਜਿੰਨਾ ਵੀ ਘੱਟ ਤੋਂ ਘੱਟ ਹੋ ਸਕੇ, ਸੁਧਾਰਨ ਦਾ ਯਤਨ ਕਰ ਰਹੀ ਹੈ। ਤੇ ਇਸ ਨੇ ਉਸ ਨੂੰ ਬੁਰਜੂਆਜ਼ੀ ਦੇ ਹਵਾਲੇ ਕਰ ਦਿੱਤਾ ਹੈ। ਨਵੀਂ ਸਰਕਾਰ ਨੇ ਹਰ ਢੰਗ ਰਾਹੀਂ ਜਨਤਕ ਐਕਸ਼ਨ ਦੀ ਇਨਕਲਾਬੀ ਪਹਿਲ ਕਦਮੀ ਨੂੰ ਤੇ ਹੇਠਲੀ ਪੱਧਰ ਤੋਂ ਲੋਕਾਂ ਦੁਆਰਾ

ਤਾਕਤ ਹਥਿਆਉਣ ਨੂੰ, ਜੋ ਇਨਕਲਾਬ ਦੀ ਹਕੀਕੀ ਸਫ਼ਲਤਾ ਦੀ ਇਕੋ ਇਕ ਗਾਰੰਟੀ ਹੈ, ਰੋਕਣਾ ਆਰੰਭ ਦਿੱਤਾ ਹੈ।

ਅਜੇ ਤਕ ਇਸ ਸਰਕਾਰ ਨੇ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਬੁਲਾਉਣ ਦੀ ਤਾਰੀਖ ਵੀ ਨਹੀਂ ਮਿਥੀ। ਇਹ ਵੱਡੀਆਂ ਜਗੀਰੂ ਐਸਟੇਟਾਂ ਵੱਲ ਉਂਗਲ ਨਹੀਂ ਕਰ ਰਹੀ ਜੋ ਸਾਮੰਤੀ ਜ਼ਾਰਸ਼ਾਹੀ ਦਾ ਪਦਾਰਥਕ ਅਧਾਰ ਹਨ। ਇਹ ਸਰਕਾਰ ਅਜਾਰੇਦਾਰ ਵਿੱਤੀ ਸੰਗਠਨਾਂ, ਵੱਡੀਆਂ ਬੈਂਕਾਂ, ਪੂੰਜੀਦਾਰਾਂ ਦੀਆਂ ਸਿੰਡੀਕੇਟਾਂ ਆਦਿ ਦੀਆਂ ਕਾਰਵਾਈਆਂ ਦੀ ਪੜਤਾਲ ਕਰਨ ਤੇ ਇਸ ਪੜਤਾਲ ਨੂੰ ਲੋਕਾਂ ਸਾਹਮਣੇ ਲਿਆਉਣ ਜਾਂ ਇਹਨਾਂ ਉਪਰ ਕੰਟਰੋਲ ਸਥਾਪਤ ਕਰਨ ਦਾ ਵਿਚਾਰ ਵੀ ਨਹੀਂ ਰੱਖ ਰਹੀ।

ਨਵੀਂ ਸਰਕਾਰ ਵਿਚ ਕੁੰਜੀਵਤ ਪੁਜ਼ੀਸ਼ਨਾਂ, ਫ਼ੈਸਲਾਕੁਨ ਵਜ਼ਾਰਤੀ ਪਦਵੀਆਂ (ਗ੍ਰਹਿ ਵਜ਼ਾਰਤ ਤੇ ਜੰਗ ਬਾਰੇ ਵਜ਼ਾਰਤ, ਅਥਵਾ ਫੌਜ, ਪੁਲਸ, ਨੌਕਰਸ਼ਾਹੀ—ਲੋਕਾਂ ਨੂੰ ਦਬਾਉਣ ਦੇ ਸਮੁੱਚੇ ਪ੍ਰਬੰਧਕ ਢਾਂਚੇ) ਉਪਰ ਸ਼ਾਹ-ਪ੍ਰਸਤਾਂ ਅਤੇ ਵੱਡੀਆਂ ਜ਼ਮੀਨੀ ਮਾਲਕੀਆਂ ਦੇ ਪ੍ਰਬੰਧ ਦੇ ਹਮਾਇਤੀਆਂ ਦਾ ਕਬਜ਼ਾ ਹੈ। ਇਹ ਦਿਹਾੜੀ ਪੁਰਾਣੇ ਰੀਪਬਲਿਕਨਾਂ ਅਥਵਾ ਕੈਡਿਟਾਂ ਨੂੰ, ਜੋ ਆਪਣੀ ਇੱਛਾ ਦੇ ਵਿਰੁੱਧ ਹੀ ਰੀਪਬਲਿਕਨ ਹਨ, ਉਹ ਛੋਟੀਆਂ ਛੋਟੀਆ ਅਸਾਮੀਆ ਦੇ ਦਿੱਤੀਆਂ ਗਈਆਂ ਹਨ ਜਿਨ੍ਹਾਂ ਦਾ ਲੋਕਾਂ ਉੱਪਰ "ਕਮਾਂਡ" ਦਾ ਰਾਜ ਸੱਤਾ ਦੇ ਪ੍ਰਬੰਧਕ ਢਾਂਚੇ ਨਾਲ ਕੋਈ ਸੰਬੰਧ ਨਹੀਂ। ਇਕ ਤਰੂਦੋਵਿਕ ਤੇ "ਬਣਨ ਵਾਲੇ ਸੋਸ਼ਲਿਸਟ" ਏ. ਕੇਰੇਨਸਕੀ ਦਾ ਇਸ ਤੋਂ ਸਿਵਾ ਹੋਰ ਕੋਈ ਕੰਮ ਨਹੀਂ ਉਹ ਲੁਭਾਏਮਾਨ ਲੱਫ਼ਾਜ਼ੀ ਨਾਲ ਲੋਕਾਂ ਦੇ ਧਿਆਨ ਤੇ ਚੌਕਸੀ ਨੂੰ ਕਮਜ਼ੋਰ ਕਰੇ।

ਇਹਨਾਂ ਸਭਨਾ ਕਾਰਨਾਂ ਕਰਕੇ ਨਵੀਂ ਬੁਰਜੂਆ ਸਰਕਾਰ ਘਰੋਗੀ ਨੀਤੀ ਦੇ ਖੇਤਰ ਵਿਚ ਵੀ ਪਰੋਲਤਾਰੀਆ ਦੇ ਵਿਸ਼ਵਾਸ ਦੀ ਅਧਿਕਾਰੀ ਨਹੀਂ ਅਤੇ ਪਰੋਲਤਾਰੀਏ ਵਲੋਂ ਇਸ ਸਰਕਾਰ ਦੀ ਕਿਸੇ ਪ੍ਰਕਾਰ ਦੀ ਹਮਾਇਤ ਦੀ ਵੀ ਆਗਿਆ ਨਹੀਂ ਦਿੱਤੀ ਜਾ ਸਕਦੀ।

## ਨਵੀਂ ਸਰਕਾਰ ਦੀ ਬਦੇਸ਼ੀ ਨੀਤੀ

(3) ਬਦੇਸ਼ੀ ਨੀਤੀ ਦੇ ਖੇਤਰ ਵਿਚ, ਜੋ ਬਾਹਰ ਮੁਖੀ ਹਾਲਾਤ ਕਾਰਨ ਹੁਣ ਬਿਲਕੁਲ ਸਾਹਮਣੇ ਆ ਗਈ ਹੈ, ਨਵੀਂ ਸਰਕਾਰ ਸਾਮਰਾਜੀ ਜੰਗ ਨੂੰ ਜਾਰੀ ਰਖਣ ਦੇ ਹੱਕ ਵਿਚ ਹੈ। ਉਹ ਜੰਗ ਜਿਹੜੀ ਪੂੰਜੀਵਾਦੀ ਲੁੱਟ ਦੇ ਮਾਲ ਦੀ ਵੰਡ ਲਈ ਅਤੇ ਛੋਟੀਆ ਤੇ ਕਮਜ਼ੋਰ ਕੌਮਾਂ ਉਤੇ ਕਬਜ਼ਾ ਕਰਨ ਲਈ ਬਰਤਾਨੀਆਂ, ਫਰਾਂਸ ਤੇ ਦੂਸਰੀਆਂ ਸਾਮਰਾਜੀ ਸ਼ਕਤੀਆਂ ਨਾਲ ਮੁਹਾਜ਼ ਬਣਾ ਕੇ ਲੜੀ ਜਾ ਰਹੀ ਹੈ।

ਰੂਸੀ ਪੂੰਜੀਵਾਦ ਅਤੇ ਉਸ ਦੇ ਸ਼ਕਤੀਸ਼ਾਲੀ ਰੱਖਿਅਕ ਤੇ ਮਾਲਕ—ਐਂਗਲੋ-ਫਰਾਂਸੀਸੀ ਸਾਮਰਾਜੀ ਪੂੰਜੀਵਾਦ—ਜੋ ਸੰਸਾਰ ਵਿਚ ਸਭ ਤੋਂ ਵਧ ਧਨਵਾਨ ਹੈ—ਦੇ ਹਿਤਾਂ ਦੇ ਅਧੀਨ ਹੋਣ ਕਰਕੇ ਨਵੀਂ ਸਰਕਾਰ ਨੇ ਫੌਜ਼ੀ ਜਵਾਨਾਂ ਤੇ ਕਿਰਤੀਆਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਦੁਆਰਾ ਲੋਕਾਂ ਦੀ ਪ੍ਰਤੱਖ ਬਹੁਸੰਮਤੀ ਵਲੋਂ ਸਪਸ਼ਟ ਰੂਪ ਵਿਚ ਪ੍ਰਗਟਾਈ ਗਈ। ਇਸ ਦੇ ਬਾਵਜੂਦ ਪੂੰਜੀਦਾਰਾਂ ਦੇ ਹਿਤਾਂ ਦੀ ਖ਼ਾਤਰ ਲੋਕਾਂ ਦੇ ਹੋ ਰਹੇ ਕਤਲਾਮ ਨੂੰ ਰੋਕਣ ਲਈ ਕੋਈ ਹਕੀਕੀ ਕਦਮ ਨਹੀਂ ਚੁਕਿਆ। ਇਸ ਨੇ ਪ੍ਰਤੱਖ ਰੂਪ ਵਿਚ ਲੁੱਟ ਮਾਰ ਦੇ ਸੁਭਾਅ ਵਾਲੀਆਂ (ਪਰਸ਼ੀਆ ਦੀ ਵੰਡ, ਚੀਨ ਦੀ ਲੁੱਟ, ਤੁਰਕੀ ਦੀ ਲੁੱਟ, ਆਸਟਰੀਆ ਦੀ ਵੰਡ, ਪੂਰਬੀ ਪਰਸ਼ੀਆ ਹਥਿਆਉਣ, ਜਰਮਨ ਬਸਤੀਆਂ ਹਥਿਆਉਣ ਆਦਿ ਲਈ) ਸੰਧੀਆਂ ਨੂੰ, ਜੋ ਜਿਵੇਂ ਕਿ ਹਰ ਕੋਈ ਜਾਣਦਾ ਹੈ ਰੂਸ ਨੂੰ ਐਂਗਲੋ-ਫਰਾਂਸੀਸੀ ਲੁਟੇਰੇ ਸਾਮਰਾਜੀ ਸਰਮਾਏ ਨਾਲ ਬੰਨ੍ਹਦੀਆਂ

ਹਨ, ਅਜੇ ਤਕ ਪ੍ਰਕਾਸ਼ਤ ਵੀ ਨਹੀਂ ਕੀਤਾ। ਇਸ ਸਰਕਾਰ ਨੇ ਉਸ ਜ਼ਾਰਸ਼ਾਹੀ ਵਲੋਂ ਕੀਤੀਆਂ ਸੰਧੀਆਂ ਦੀ ਪੁਸ਼ਟੀ ਕੀਤੀ ਹੈ ਜਿਸ ਨੇ ਸਦੀਆਂ ਤਕ ਕਿਸੇ ਵੀ ਹੋਰ ਹੈਂਸਿਆਰੇ ਖ਼ੁਦਮੁਖ਼ਤਾਰ ਹਾਕਮਾਂ ਨਾਲੋਂ ਵਧ ਕੌਮਾਂ ਨੂੰ ਲੁੱਟਿਆ ਤੇ ਲਤਾੜਿਆ ਹੈ ਅਤੇ ਜਿਸ ਨੇ ਨਾ ਕੇਵਲ ਮਹਾਨ ਰੂਸੀ ਕੌਮ ਨੂੰ ਨਪੀੜਿਆ ਹੈ ਸਗੋਂ ਦੂਜੀਆਂ ਕੌਮਾਂ ਉਪਰ ਜਬਰ ਢਾਹੁਣ ਵਾਲੀ ਕੌਮ ਬਣਾ ਕੇ ਇਸ ਨੂੰ ਭ੍ਰਿਸ਼ਟ ਕੀਤਾ ਤੇ ਸਾਹਸਹੀਣ ਬਣਾਇਆ ਹੈ।

ਨਵੀਂ ਸਰਕਾਰ ਨੇ ਇਹਨਾਂ ਸ਼ਰਮਨਾਕ ਲੁੱਟੂ ਸੰਧੀਆਂ ਦੀ ਪੁਸ਼ਟੀ ਕੀਤੀ ਹੈ ਅਤੇ ਕਾਮਿਆਂ ਤੇ ਫੌਜੀ ਜੁਆਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਦੁਆਰਾ ਰੂਸ ਦੇ ਬਹੁਸੰਮਤੀ ਲੋਕਾਂ ਵਲੋਂ ਸਪਸ਼ਟ ਰੂਪ ਵਿਚ ਕੀਤੀ ਮੰਗ ਦੇ ਬਾਵਜੂਦ ਜੰਗ ਵਿਚ ਸ਼ਾਮਲ ਸਭਨਾਂ ਕੌਮਾਂ ਨੂੰ ਫੌਰੀ ਤੌਰ ਤੇ ਜੰਗਬੰਦੀ ਦੀ ਪੇਸ਼ਕਸ਼ ਨਹੀਂ ਕੀਤੀ। ਇਸ ਨੇ ਪੱਕੇ ਗੂੰਜਵੇਂ ਲਫੇੜੀ ਪਰ ਉੱਕਾ ਹੀ ਸੱਖਣੇ ਐਲਾਨਾਂ ਤੇ ਵਾਕਾਂ ਦੀ ਸਹਾਇਤਾ ਨਾਲ, ਜੋ ਬੁਰਜੂਆ ਡਿਪਲੋਮੈਟਾਂ ਦੇ ਮੂੰਹਾਂ ਵਿਚ ਆ ਕੇ ਸਦਾ ਲਤਾੜੇ ਹੋਏ ਲੋਕਾਂ ਦੀਆਂ ਭੋਲੀਆਂ ਭਾਲੀਆਂ ਸਫਾਂ ਨੂੰ ਧੋਖਾ ਦੇਣ ਲਈ ਵਰਤੇ ਜਾਂਦੇ ਹਨ ਤੇ ਵਰਤੇ ਜਾ ਰਹੇ ਹਨ, ਸਾਰੇ ਮਾਮਲੇ ਨੂੰ ਟਾਲ ਦਿੱਤਾ ਹੈ।

(4) ਇਸ ਲਈ ਨਾ ਕੇਵਲ ਨਵੀਂ ਸਰਕਾਰ ਬਦੇਸ਼ੀ ਨੀਤੀ ਦੇ ਖੇਤਰ ਵਿਚ ਲੋਕਾਂ ਦੇ ਰਤਾ ਜਿੰਨੇ ਵੀ ਵਿਸ਼ਵਾਸ ਦੇ ਅਯੋਗ ਹੈ, ਸਗੋਂ ਇਹ ਮੰਗ ਜਾਰੀ ਰਖਣੀ ਕਿ ਇਹ ਅਮਨ ਲਈ ਰੂਸ ਦੇ ਲੋਕਾਂ ਦੀ ਇੱਛਾ ਦਾ ਐਲਾਨ ਕਰੇ, ਕਿ ਇਹ ਹਥਿਆਏ ਹੋਏ ਇਲਾਕਿਆਂ ਦਾ ਤਿਆਗ ਕਰੇ, ਇਸ ਸਰਕਾਰ ਬਾਰੇ ਲੋਕਾਂ ਦੇ ਮਨਾਂ ਵਿਚ ਝੂਠੀਆਂ ਇੱਛਾਵਾਂ ਜਗਾ ਕੇ ਅਤੇ ਉਨ੍ਹਾਂ ਦੇ ਮਨਾਂ ਦੇ ਸਪਸ਼ਟੀਕਰਣ ਦੇ ਰਾਹ ਵਿਚ ਰੁਕਾਵਟ ਬਣ ਕੇ ਵਾਸਤਵ ਵਿਚ ਸਿਰਫ ਲੋਕਾਂ ਨੂੰ ਧੋਖਾ ਦੇਣ ਵਾਲੀ ਗੱਲ ਹੈ। ਇਸ ਦਾ ਮੰਤਵ ਜੰਗ ਜਾਰੀ ਰਹਿਣ ਦੀ ਸਥਿਤੀ ਨਾਲ ਅਸਿੱਧੇ ਤੌਰ ਤੇ ਲੋਕਾਂ ਦਾ ਸਮਝੌਤਾ ਕਰਾਉਣਾ ਹੈ, ਅਜਿਹੀ ਜੰਗ ਵਿਚ ਜਿਸ ਦਾ ਅਸਲੀ ਸਮਾਜੀ ਲੱਛਣ ਪਵਿੱਤਰ ਇੱਛਾਵਾਂ ਦੁਆਰਾ ਨਹੀਂ, ਸਗੋਂ ਜੰਗ ਲੜਨ ਵਾਲੀ ਸਰਕਾਰ ਦੇ ਜਮਾਤੀ ਖਾਸੇ ਤੋਂ ਨਿਰਧਾਰਤ ਹੁੰਦਾ ਹੈ। ਇਸ ਗੱਲ ਤੋਂ ਨਿਰਧਾਰਤ ਹੁੰਦਾ ਹੈ ਕਿ ਇਹ ਸਰਕਾਰ ਜਿਸ ਸ਼ਰੇਣੀ ਦੀ ਪ੍ਰਤੀਨਿਧਤਾ ਕਰ ਰਹੀ ਹੈ ਉਸ ਦਾ ਰੂਸ, ਬਰਤਾਨੀਆਂ, ਫ਼ਰਾਂਸ ਇਤਿਆਦਿ ਦੇ ਸਾਮਰਾਜੀ ਅਜਾਰੇਦਾਰ ਸਰਮਾਏ ਨਾਲ ਕੀ ਸੰਬੰਧ ਹੈ ਅਤੇ ਉਹ ਸ਼ਰੇਣੀ ਵਾਸਤਵ ਰੂਪ ਵਿਚ ਕਿਨ੍ਹਾਂ ਨੀਤੀਆਂ ਉੱਪਰ ਚਲ ਰਹੀ ਹੈ।

## ਦੂਪਾਸੀ ਸੱਤਾ ਦੀ ਨਿਰਾਲੀ ਸਥਿਤੀ ਅਤੇ ਇਸ ਦਾ ਜਮਾਤੀ ਮਹੱਤਵ

(5) ਸਾਡੇ ਇਨਕਲਾਬ ਦਾ ਮੁੱਖ ਰੂਪ ਜੋ ਲਾਜ਼ਮੀ ਤੌਰ ਤੇ ਵਿਚਾਰਸ਼ੀਲ ਧਿਆਨ ਦੀ ਮੰਗ ਕਰਦਾ ਹੈ, ਉਹ ਹੈ ਦੂਪਾਸੀ ਸੱਤਾ ਜੋ ਇਨਕਲਾਬ ਦੀ ਜਿੱਤ ਦੇ ਪਹਿਲੇ ਦਿਨਾਂ ਵਿਚ ਹੀ ਉੱਘੜ ਆਇਆ ਸੀ।

ਇਹ ਦੂਪਾਸੀ ਸੱਤਾ ਦੋ ਸਰਕਾਰਾਂ ਦੀ ਹੋਂਦ ਵਿਚ ਪ੍ਰਤੱਖ ਹੈ: ਇਕ ਹੈ ਮੁਖੀ, ਹਕੀਕੀ, ਅਸਲੀ ਬੁਰਜੂਆ ਸਰਕਾਰ, ਅਥਵਾ, ਲਵੋਵ ਐਂਡ ਕੰਪਨੀ ਦੀ ਆਰਜ਼ੀ ਸਰਕਾਰ, ਜਿਸ ਦੇ ਹੱਥ ਵਿਚ ਸੱਤਾ ਦੇ ਸਾਰੇ ਅੰਗ ਹਨ। ਦੂਸਰੀ ਹੈ ਕਿਰਤੀਆਂ ਤੇ ਫੌਜੀ ਜੁਆਨਾਂ ਦੇ ਪ੍ਰਤੀਨਿਧਾਂ ਦੀ ਪੈਤਰੋਗਰਾਦ ਸੋਵੀਅਤ ਦੇ ਰੂਪ ਵਿਚ ਪੂਰਨ ਮੁਕਾਬਲੇ ਦੀ "ਕੰਟਰੋਲ ਕਰਨ ਵਾਲੀ" ਸਰਕਾਰ, ਜਿਸ ਕੋਲ ਰਾਜ ਸੱਤਾ ਦਾ ਕੋਈ ਅੰਗ ਨਹੀਂ ਪਰ ਜੋ ਸਿੱਧੇ ਤੌਰ ਤੇ ਲੋਕਾਂ ਦੀ ਪ੍ਰਤੱਖ ਤੇ ਵਿਵਾਦ-ਰਹਿਤ ਬਹੁ-ਸੰਮਤੀ ਦੀ ਸਹਾਇਤਾ ਉਪਰ ਹਥਿਆਰਬੰਦ ਕਿਰਤੀਆਂ ਤੇ ਫੌਜੀ ਜੁਆਨਾਂ ਉੱਪਰ ਆਧਾਰ ਰੱਖਦੀ ਹੈ।

ਇਸ ਜਮਾਤੀ ਸੱਤਾ ਦਾ ਜਮਾਤੀ ਸੋਮਾ ਤੇ ਜਮਾਤੀ ਮਹੱਤਵ ਇਹ ਹੈ : ਮਾਰਚ, 1917 ਦੇ ਰੂਸੀ ਇਨਕਲਾਬ ਨੇ ਨਾ ਕੇਵਲ ਸਮੁੱਚੀ ਜ਼ਾਰਸ਼ਾਹੀ ਨੂੰ ਹੂੰਝ ਸੁਟਿਆ, ਨਾ ਕੇਵਲ ਇਸ ਨੇ ਸਮੁੱਚੀ ਸੱਤਾ ਬੁਰਜੂਆਜ਼ੀ ਨੂੰ ਸੌਂਪੀ, ਸਗੋਂ ਇਹ ਪਰੋਲਤਾਰੀ ਕਿਸਾਨੀ ਦੀ ਇਨਕਲਾਬੀ ਲੋਕ-ਤੰਤਰਿਕ ਡਿਕਟੇਟਰਸ਼ਿਪ ਵਲ ਵਧਿਆ। ਪੀਤਰੋਗਰਾਦ ਦੀ ਤੇ ਹੋਰ ਸਥਾਨਕ ਸੋਵੀਅਤਾਂ ਐਨ ਇਹੋ ਡਿਕਟੇਟਰਸ਼ਿਪ ਹਨ (ਅਥਵਾ ਸੱਤਾ ਕਾਨੂੰਨ ਉੱਪਰ ਨਹੀਂ ਸਗੋਂ ਵਸੋਂ ਦੇ ਹਥਿਆਰਬੰਦ ਸਮੂਹ ਦੀ ਸਿੱਧੀ ਸ਼ਕਤੀ ਉੱਪਰ ਆਧਾਰਤ ਹੈ)। ਇਹ ਡਿਕਟੇਟਰਸ਼ਿਪ ਬਿਲਕੁਲ ਉੱਪਰ ਦਸੀਆਂ ਜਮਾਤਾਂ ਦੀ ਹੈ।

(6) ਰੂਸੀ ਇਨਕਲਾਬ ਦਾ ਦੂਜਾ ਅਤਿਅੰਤ ਮਹੱਤਵਪੂਰਨ ਰੂਪ ਇਹ ਤੱਥ ਹੈ ਕਿ ਫੌਜੀ ਜੁਆਨਾਂ ਤੇ ਕਿਰਤੀਆਂ ਦੇ ਪ੍ਰਤੀਨਿਧਾਂ ਦੀ ਪੀਤਰੋਗਰਾਦ ਸੋਵੀਅਤ, ਜਿਸ ਨੂੰ ਸਪਸ਼ਟ ਰੂਪ ਵਿਚ ਬਹੁਤ ਸਾਰੀਆਂ ਸਥਾਨਕ ਸੋਵੀਅਤਾਂ ਦਾ ਵਿਸ਼ਵਾਸ ਪ੍ਰਾਪਤ ਹੈ, ਸਵੈ-ਇੱਛਾ ਨਾਲ ਰਾਜ-ਸੱਤਾ, ਬੁਰਜੂਆਜ਼ੀ ਅਤੇ ਉਸ ਦੀ ਅਸਥਾਈ ਸਰਕਾਰ ਨੂੰ ਸੌਂਪ ਰਹੀ ਹੈ, ਅਤੇ ਉਸ ਦੀ ਹਮਾਇਤ ਬਾਰੇ ਸਮਝੌਤਾ ਕਰ ਕੇ ਸਵੈ-ਇੱਛਾ ਨਾਲ ਸਰਦਾਰੀ ਉਸ ਨੂੰ ਸੌਂਪ ਰਹੀ ਹੈ ਅਤੇ ਆਪਣੇ ਕਿਰਦਾਰ ਨੂੰ ਇਹ ਸੰਵਿਧਾਨਕ ਅਸੈਂਬਲੀ ਦੇ ਸਮਾਗਮ (ਜਿਸ ਲਈ ਆਰਜ਼ੀ ਸਰਕਾਰ ਨੇ ਅਜੇ ਤਕ ਕੋਈ ਤਾਰੀਖ ਨਹੀਂ ਮਿਥੀ) ਦੇ ਇਕ ਦਰਸ਼ਕ ਤੇ ਨਿਗਰਾਨ ਤਕ ਹੀ ਸੀਮਤ ਕਰ ਰਹੀ ਹੈ।

ਇਸ ਉਘੇ ਖਾਸੇ ਨੇ,ਜਿਸ ਦੀ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ, ਦੋ ਡਿਕਟੇਟਰਸ਼ਿਪਾਂ ਦੇ ਅੰਤਰ-ਜੋੜ ਨੂੰ ਜਨਮ ਦਿਤਾ ਹੈ, ਬੁਰਜੂਆਜ਼ੀ ਦੀ ਡਿਕਟੇਟਰਸਿਪ (ਕਿਉਂਕਿ ਲਵੋਵ ਐਂਡ ਕੰਪਨੀ ਦੀ ਸਰਕਾਰ ਡਿਕਟੇਟਰਸ਼ਿਪ ਹੈ ਅਥਵਾ ਅਜਿਹੀ ਸੱਤਾ ਜੋ ਕਾਨੂੰਨ ਜਾਂ ਲੋਕਾਂ ਦੀ ਪਹਿਲਾਂ ਪ੍ਰਗਟ ਕੀਤੀ ਇੱਛਾ ਉਪਰ ਅਧਾਰਤ ਨਹੀਂ ਸਗੋਂ ਜੋ ਇਕ ਵਿਸ਼ੇਸ਼ ਜਮਾਤ ਬੁਰਜੂਆਜ਼ੀ ਵਲੋਂ ਜ਼ੋਰ ਨਾਲ ਤਾਕਤ ਹਥਿਆਉਣ ਵਿਚ ਆਧਾਰਤ ਹੈ) ਅਤੇ ਕਿਰਸਾਣੀ ਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ (ਕਿਰਤੀਆਂ ਤੇ ਫੌਜੀ ਜੁਆਨਾਂ ਦੇ ਪ੍ਰਤੀਨਿਧਾਂ ਦੀ ਸੋਵੀਅਤ)।

ਇਸ ਵਿਚ ਰਤਾ ਸੰਦੇਹ ਨਹੀਂ ਕਿ ਅਜਿਹਾ "ਅੰਤਰ-ਜੋੜ" ਬਹੁਤੀ ਦੇਰ ਨਹੀਂ ਚਲ ਸਕਦਾ। ਇਕ ਰਾਜ ਵਿਚ ਦੋ ਸ਼ਕਤੀਆ ਨਹੀਂ ਰਹਿ ਸਕਦੀਆਂ। ਇਕ ਦਾ ਅਲੋਪ ਹੋਣਾ ਲਾਜ਼ਮੀ ਹੈ ਅਤੇ ਸਮੁੱਚੀ ਰੂਸੀ ਬੁਰਜੁਆਜ਼ੀ ਪਹਿਲਾਂ ਹੀ ਹਰ ਥਾ ਤੇ ਹਰ ਢੰਗ ਨਾਲ ਸੋਵੀਅਤਾਂ ਨੂੰ ਦੂਰ ਰਖਣ ਤੇ ਕਮਜ਼ੋਰ ਕਰਨ, ਉਹਨਾ ਨੂੰ ਨਾ ਹੋਇਆਂ ਵਰਗੀਆ ਬਣਾ ਦੇਣ ਅਤੇ ਬੁਰਜੂਆਜ਼ੀ ਦੀ ਅਣਵੰਡੀ-ਸੱਤਾ ਸਥਾਪਤ ਕਰਨ ਲਈ ਆਪਣਾ ਪੂਰਾ ਤਾਣ ਲਾ ਰਹੀ ਹੈ।

ਦੁਪਾਸੀ ਸੱਤਾ ਇਨਕਲਾਬ ਦੇ ਵਿਕਾਸ ਵਿਚ ਸਿਰਫ ਇਕ ਅੰਤਰ-ਕਾਲੀ ਅਵਸਥਾ ਦਾ ਪ੍ਰਗਟਾਅ ਕਰਦੀ ਹੈ, ਜਦੋਂ ਇਹ ਸਾਧਾਰਨ ਬੁਰਜੂਆ ਜਮਹੂਰੀ ਇਨਕਲਾਬ ਤੋਂ ਅੱਗੇ ਜਾ ਚੁਕਿਆ ਹੈ, ਪਰ ਪਰੋਲਤਾਰੀਆਂ ਤੇ ਕਿਰਸਾਣੀ ਦੀ "ਨਿਰੋਲ" ਡਿਕਟੇਟਰਸ਼ਿਪ ਤਕ ਅਜੇ ਨਹੀਂ ਪਹੁੰਚਿਆ।

ਇਸ ਅੰਤਰਕਾਲੀ ਤੇ ਅਸਥਾਈ ਅਵਸਥਾ ਦੀ ਜਮਾਤੀ ਮਹੱਤਤਾ (ਤੇ ਜਮਾਤੀ ਵਿਆਖਿਆ) ਇਹ ਹੈ : ਸਭਨਾਂ ਇਨਕਲਾਬਾ ਵਾਂਗ ਸਾਡੇ ਇਨਕਲਾਬ ਨੂੰ ਵੀ ਜ਼ਾਰਸ਼ਾਹੀ ਵਿਰੁੱਧ ਸੰਘਰਸ਼ ਲਈ ਲੋਕਾਂ ਵਲੋਂ ਮਹਾਨ ਸੂਰਮਗਤੀ ਤੇ ਸਵੈ-ਕੁਰਬਾਨੀ ਦੀ ਲੋੜ ਸੀ। ਇਸ ਨੇ ਵੀ ਫੌਰਨ ਲਾ-ਮਿਸਾਲ ਵਿਸ਼ਾਲ ਹੱਦ ਤਕ ਸਾਧਾਰਨ ਨਾਗਰਿਕਾਂ ਨੂੰ ਲਹਿਰ ਵਿਚ ਖਿੱਚ ਲਿਆ।

ਵਿਗਿਆਨ ਦੀ ਤੇ ਅਸਲੀ ਰਾਜਨੀਤੀ ਦੀ ਦ੍ਰਿਸ਼ਟੀ ਤੋਂ ਹਰ ਅਸਲੀ ਇਨਕਲਾਬ ਦਾ ਇਕ ਮੁੱਖ ਚਿੰਨ੍ਹ ਆਮ ਤੌਰ ਤੇ ਉਹਨਾਂ "ਸਾਧਾਰਨ ਨਾਗਰਿਕਾਂ" ਦੀ ਗਿਣਤੀ ਵਿਚ ਤਿੱਖਾ

ਅੰਤਰਨੰਦੇਤ ਤੋਂ ਇਕ ਦਮ ਵਾਧਾ ਹੁੰਦਾ ਹੈ ਜੋ ਰਾਜਸੀ ਜੀਵਨ ਅਤੇ ਰਾਜ ਦੇ ਸੰਗਠਨ ਵਿਚ, ਸਰਗਰਮੀ ਨਾਲ, ਸੁੰਦਰਤਾ ਨਾਲ ਤੇ ਅਸਰੋਦਾਇਕ ਢੰਗ ਨਾਲ ਭਾਗ ਲੈਣਾ ਸ਼ੁਰੂ ਕਰ ਦਿੰਦੇ ਹਨ।

ਇਹੋ ਹਾਲ ਰੂਸ ਦਾ ਹੈ। ਰੂਸ ਅੱਜ ਉਬਾਲੇ ਖਾ ਰਿਹਾ ਹੈ। ਲੱਖਾਂ ਕਰੋੜਾਂ ਲੋਕ, ਜੋ ਦਸਾਂ ਸਾਲਾਂ ਤੋਂ ਰਾਜਸੀ ਤੌਰ ਤੇ ਸੁੱਤੇ ਪਏ ਸਨ ਅਤੇ ਜ਼ਾਰਸ਼ਾਹੀ ਦੇ ਅਸਹਿ ਜਬਰ ਅਤੇ ਭੋਂ-ਪਤੀਆਂ ਖਾਤਰ ਅਣਮਨੁੱਖੀ ਮਿਹਨਤ ਕਰਨ ਦੁਆਰਾ ਰਾਜਸੀ ਤੌਰ ਤੇ ਲਤਾੜੇ ਹੋਏ ਸਨ, ਹੁਣ ਜਾਗ ਪਏ ਹਨ ਅਤੇ ਰਾਜਨੀਤੀ ਵਿਚ ਤੀਬਰ ਭਾਗ ਲੈ ਰਹੇ ਹਨ। ਇਹ ਲੱਖਾਂ ਕਰੋੜਾਂ ਲੋਕ ਹਨ ਕੌਣ? ਆਮ ਕਰਕੇ ਪੂੰਜੀਪਤੀਆਂ ਤੇ ਉਜਰਤੀ ਮਜ਼ਦੂਰਾਂ ਦੇ ਵਿਚਕਾਰ ਖਲੋਣ ਵਾਲੇ ਛੋਟੇ ਮਾਲਕ ਤੇ ਅਰਧ-ਬੁਰਜੂਆ ਲੋਕ। ਰੂਸ ਯੂਰਪ ਦੇ ਸਭਨਾਂ ਦੇਸ਼ਾਂ ਨਾਲੋਂ ਵਧ ਅਰਧ-ਬੁਰਜੂਆ ਹੈ।

ਇਕ ਬਹੁਤ ਵੱਡੀ ਅਰਧ-ਬੁਰਜੂਆ ਲਹਿਰ ਨੇ ਹਰ ਵਸਤ ਨੂੰ ਹੂੰਝ ਸੁੱਟਿਆ ਹੈ ਅਤੇ ਇਹ ਨਾ ਕੇਵਲ ਗਿਣਤੀ ਦੇ ਪੱਖ ਤੋਂ ਸਗੋਂ ਵਿਚਾਰਧਾਰਕ ਪੱਖ ਤੋਂ ਵੀ ਜਮਾਤੀ ਤੌਰ ਤੇ ਚੇਤੰਨ ਪਰੋਲਤਾਰੀਆਂ ਉਪਰ ਭਾਰੂ ਹੋ ਗਈ ਹੈ। ਇਸ ਨੇ ਕਿਰਤੀਆਂ ਦੇ ਵਿਸ਼ਾਲ ਹਲਕਿਆਂ ਨੂੰ ਅਰਧ-ਬੁਰਜੂਆ ਰਾਜਸੀ ਦ੍ਰਿਸ਼ਟੀਕੋਣ ਦੀ ਰੰਗਤ ਚਾੜ੍ਹ ਦਿੱਤੀ ਹੈ।

ਅਰਧ-ਬਰਜੂਆ ਲੋਕ ਅਸਲੀ ਜੀਵਨ ਵਿਚ ਬੁਰਜੂਆਜ਼ੀ ਉਪਰ ਨਿਰਭਰ ਹਨ, ਕਿਉਂਕਿ ਉਹ (ਸਮਾਜੀ ਉਤਪਾਦਨ ਵਿਚ ਉਹਨਾ ਦੇ ਸਥਾਨ ਦੀ ਦ੍ਰਿਸ਼ਟੀ ਤੋਂ) ਪਰੋਲਤਾਰੀਆਂ ਵਾਂਗ ਨਹੀਂ, ਮਾਲਕਾਂ ਵਾਂਗ ਰਹਿੰਦੇ ਹਨ ਅਤੇ ਆਪਣੇ ਦ੍ਰਿਸ਼ਟੀਕੋਣ ਵਿਚ ਬੁਰਜੂਆਜ਼ੀ ਦੇ ਪੈਰ-ਚਿੰਨ੍ਹਾਂ ਉਤੇ ਚਲਦੇ ਹਨ।

ਪੂੰਜੀਪਤੀਆਂ ਵਿਚ, ਜੋ ਅਮਨ ਤੇ ਸਮਾਜਵਾਦ ਦੇ ਸਭ ਤੋਂ ਭੈੜੇ ਦੁਸ਼ਮਣ ਹਨ, ਅਨੁਚਿਤ ਵਿਸ਼ਵਾਸ ਦਾ ਵਤੀਰਾ ਇਸ ਸਮੇਂ ਰੂਸ ਵਿਚ ਵਿਸ਼ਾਲ ਜਨਤਾ ਦੀ ਰਾਜਨੀਤੀ ਨੂੰ ਨਿਰਧਾਰਤ ਕਰਦਾ ਹੈ। ਇਹ ਰਾਜਨੀਤੀ ਸਭ ਯੂਰਪੀਅਨ ਦੇਸ਼ਾਂ 'ਚੋਂ ਅਤਿਅੰਤ ਅਰਧ-ਬੁਰਜੂਆ ਦੇਸ਼ ਦੀ ਸਮਾਜੀ ਤੇ ਆਰਥਕ ਭੋਂ ਦੀ ਉਪਜ ਹੈ, ਜੋ ਇਨਕਲਾਬੀ ਤੇਜ਼ੀ ਨਾਲ ਵਧੀ ਹੈ। ਅਸਥਾਈ ਸਰਕਾਰ ਅਤੇ ਕਾਮਿਆਂ ਤੇ ਫੌਜੀ ਜੁਆਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਵਿਚਕਾਰ ਸਮਝੌਤੇ ਦਾ ਜਮਾਤੀ ਆਧਾਰ ਇਹੋ ਹੈ (ਮੈਂ ਇਸ ਗੱਲ ਉਪਰ ਜ਼ੋਰ ਦਿੰਦਾ ਹਾਂ ਕਿ ਮੈਂ ਰਸਮੀ ਸਮਝੌਤੇ ਦਾ ਜ਼ਿਕਰ ਨਹੀਂ ਕਰ ਰਿਹਾ, ਵਾਸਤਵਿਕ ਹਮਾਇਤ, ਚੁਪ ਚਾਪ ਸਮਝੌਤੇ ਤੇ ਅਨੁਚਿਤ ਵਿਸ਼ਵਾਸ ਤੋਂ ਪ੍ਰਭਾਵਤ ਹੋ ਕੇ ਸੱਤਾ ਸੌਂਪ ਦੇਣ ਦੀ ਗੱਲ ਕਰ ਰਿਹਾ ਹਾਂ)। ਸਮਝੌਤਾ, ਜਿਸ ਨੇ ਕਿ ਗੁਚਕੋਵਾਂ ਨੂੰ ਵੱਡਾ ਹਿੱਸਾ ਅਥਵਾ ਵਾਸਤਵਿਕ ਸੱਤਾ ਦਿੱਤੀ ਹੈ ਜਦੋਂ ਕਿ ਸੋਵੀਅਤਾਂ ਨੂੰ (ਹਾਲ ਦੀ ਘੜੀ) ਕੇਰੈਨਸਕੀਆਂ ਵਲੋਂ ਸਿਰਫ਼ ਇਕਰਾਰ ਸਨਮਾਨ, ਖੁਸ਼ਾਮਦ, ਲੱਫਾਜ਼ੀ, ਯਕੀਨ ਦਹਾਨੀਆਂ ਅਤੇ ਕੇਰੈਨਸਕੀਆਂ ਦੀਆਂ ਸਲਾਮਾਂ ਤੇ ਘਰੋੜੀਆਂ ਹੀ ਮਿਲੀਆਂ ਹਨ।

ਦੂਜੇ ਬੰਨੇ ਰੂਸ ਵਿਚ ਸਾਡੇ ਪਾਸ ਪਰੋਲਤਾਰੀਆਂ ਦੀ ਗਿਣਤੀ ਨਾ ਕਾਫੀ ਹੈ ਅਤੇ ਇਸ ਦੀ ਜਥੇਬੰਦੀ ਵੀ ਲੋੜੀਂਦੀ ਮਾਤਰਾ ਵਿਚ ਨਹੀਂ।

ਸੋਸ਼ਲਿਸਟ ਇਨਕਲਾਬੀਆਂ ਸਮੇਤ ਸਭ ਨਰੋਦਨਿਕ ਪਾਰਟੀਆਂ ਸਦਾ ਅਰਧ-ਬੁਰਜੂਆ ਰਹੀਆਂ ਹਨ। ਇਹ ਗੱਲ ਆਰਗੇਨਾਈਜ਼ਿੰਗ ਕਮੇਟੀ (ਚਖੀਦਜ਼ੇ, ਜ਼ੇਰੇਤੇਲੀ ਆਦਿ) ਦੀ ਪਾਰਟੀ ਬਾਰੇ ਵੀ ਸੱਚ ਹੈ। ਗੈਰ-ਪਾਰਟੀ ਇਨਕਲਾਬੀ (ਸਤੇਕਲੋਵ ਤੇ ਹੋਰ) ਵੀ ਇਸੇ ਤਰ੍ਹਾਂ ਵਹਾ ਵਿਚ ਰੁੜ੍ਹ ਗਏ ਹਨ, ਜਾਂ ਇਸ ਦੇ ਟਾਕਰੇ ਵਿਚ ਖਲੋਣ ਦੇ ਸਮਰੱਥ ਨਹੀਂ ਹੋ ਸਕੇ, ਜਾਂ ਇਹ ਕੁਝ ਕਰ ਸਕਣ ਦਾ ਉਹਨਾਂ ਪਾਸ ਸਮਾਂ ਹੀ ਨਹੀਂ ਸੀ।

**ਉਪ੍ਰੋਕਤ ਅਵਸਥਾ ਵਿਚੋਂ ਪੈਦਾ ਹੋਣ ਵਾਲੇ ਦਾਅ-ਪੇਚਾਂ ਦਾ ਨਿਆਰਾ ਖ਼ਾਸਾ**

(7) ਕਿਸੇ ਮਾਰਕਸਵਾਦੀ ਲਈ, ਜਿਸ ਨੂੰ ਵਿਅਕਤੀਆਂ ਨੂੰ ਨਹੀਂ ਸਗੋਂ ਲੋਕਾਂ ਅਤੇ ਜਮਾਤਾਂ ਨੂੰ ਬਾਹਰਮੁਖੀ ਤੱਥਾਂ ਨੂੰ ਗਿਣਤੀ ਵਿਚ ਲਿਆਉਣਾ ਚਾਹੀਦਾ ਹੈ, ਉਪਰ ਬਿਆਨ ਕੀਤੀ ਵਾਸਤਵਿਕ ਅਵਸਥਾ ਦੇ ਨਿਆਰੇ ਖ਼ਾਸੇ ਤੋਂ ਅਜੋਕੀ ਲਹਿਰ ਵਾਸਤੇ ਦਾਅ-ਪੇਚਾਂ ਦਾ ਵਿਸ਼ੇਸ਼ ਰੂਪ ਨਿਰਧਾਰਤ ਕਰਨਾ ਚਾਹੀਦਾ ਹੈ ।

ਅਵਸਥਾ ਦਾ ਇਹ ਨਿਆਰਾਪਣ ਸਭ ਤੋਂ ਪਹਿਲਾਂ ਇਹ ਮੰਗ ਕਰਦਾ ਹੈ ਕਿ "ਇਨਕਲਾਬੀ ਜਮਹੂਰੀ ਫਿਕਰੇਬਾਜ਼ੀ ਦੇ ਮਿੱਠੇ ਪਾਣੀਆਂ ਉਪਰ ਸਿਰਕਾ ਅਤੇ ਕੁੜੱਤਣ ਉਲਦੀ ਜਾਵੇ ।" (ਜਿਵੇਂ ਕਿ ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਵਿਚ ਮੇਰੇ ਸਾਥੀ ਮੈਂਬਰ ਤਿਓਦੋਰੋਵਿਚ ਨੇ ਕਲ੍ਹ ਪੀਤਰੋਗਰਾਦ ਵਿਚ ਰੇਲਵੇ ਕਾਮਿਆਂ ਦੀ ਸਰਬ-ਰੂਸੀ ਕਾਂਗਰਸ ਦੇ ਸਮਾਗਮ ਵਿਚ ਐਨ ਠੀਕ ਤੌਰ ਤੇ ਕਿਹਾ ਸੀ) । ਸਾਡਾ ਕੰਮ ਅਲੋਚਨਾ ਕਰਨ ਦਾ, ਅਰਧ-ਬੁਰਜੂਆ ਸੋਸ਼ਲਿਸਟ-ਇਨਕਲਾਬੀ ਤੇ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਦੀਆਂ ਗ਼ਲਤੀਆਂ ਦੀ ਵਿਆਖਿਆ ਕਰਨ ਦਾ, ਇਕ ਚੇਤੰਨ ਤੌਰ ਤੇ ਪਰੋਲਤਾਰੀ ਕਮਿਊਨਿਸਟ ਪਾਰਟੀ ਦੇ ਅਨਸਰਾਂ ਨੂੰ ਤਿਆਰ ਤੇ ਪੱਕਾ ਕਰਨ ਦਾ ਅਤੇ ਪਰੋਲਤਾਰੀਆਂ ਨੂੰ "ਆਮ" ਅਰਧ-ਬੁਰਜੂਆ ਖ਼ੁਮਾਰੀ ਤੋਂ ਮੁਕਤ ਕਰਨ ਦਾ ਹੋਣਾ ਚਾਹੀਦਾ ਹੈ ।

ਇਹ ਪ੍ਰਚਾਰ ਦੇ ਕੰਮ ਤੋਂ ਕੁਝ ਵਧੇਰੇ ਪ੍ਰਤੀਤ ਨਹੀਂ ਹੁੰਦਾ । ਪਰ ਹਕੀਕਤ ਵਿਚ ਇਹ ਅਤਿਅੰਤ ਅਮਲੀ ਇਨਕਲਾਬੀ ਕਾਰਜ ਹੈ ਕਿਉਂਕਿ ਕਿਸੇ ਅਜਿਹੇ ਇਨਕਲਾਬ ਨੂੰ ਅਗੇ ਨਹੀਂ ਲਿਜਾਇਆ ਜਾ ਸਕਦਾ ਜੋ ਖੜੋਤ ਦੀ ਅਵਸਥਾ ਵਿਚ ਆ ਚੁਕਿਆ ਹੋਵੇ, ਜਿਸ ਨੇ ਆਪਣੇ ਆਪ ਨੂੰ ਲੱਫ਼ਾਜ਼ੀ ਨਾਲ ਤੁੰਨ ਰਖਿਆ ਹੋਵੇ, ਅਤੇ ਜੋ ਬਾਹਰ-ਮੁਖੀ ਰੁਕਾਵਟਾਂ ਕਾਰਨ ਨਹੀਂ, ਬੁਰਜੁਆਜ਼ੀ ਦੇ ਤਸ਼ੱਦਦ ਕਾਰਨ ਨਹੀਂ (ਗੂਚਕੋਵ ਹਾਲੇ ਲੜਾਕੂ ਜਨਤਾ ਵਿਰੁਧ ਤਸ਼ੱਦਦ ਦੀ ਵਰਤੋਂ ਕਰਨ ਦੀਆਂ ਧਮਕੀਆਂ ਹੀ ਦਿੰਦਾ ਹੈ,) ਸਗੋਂ ਲੋਕਾਂ ਦੇ ਅਨੁਚਿਤ ਵਿਸ਼ਵਾਸ ਕਾਰਨ "ਝਟ ਲੰਘਾ" ਰਿਹਾ ਹੋਵੇ ।

ਕੇਵਲ ਇਸ ਅਨੁਚਿਤ ਵਿਸ਼ਵਾਸ ਉਪਰ ਕਾਬੂ ਪਾਉਣ ਦੁਆਰਾ ਹੀ (ਤੇ ਅਸੀਂ ਸਿਰਫ ਵਿਚਾਰਧਾਰਕ ਤੌਰ ਤੇ ਸਾਥੀਆਂ ਵਾਲੀ ਪ੍ਰੇਰਨਾ ਨਾਲ ਅਤੇ ਤਜਰਬੇ ਦੇ ਸ਼ਬਦਾਂ ਵਲ ਸੰਕੇਤ ਕਰ ਕੇ ਹੀ ਇਸ ਉਪਰ ਕਾਬੂ ਪਾ ਸਕਦੇ ਹਾਂ ਅਤੇ ਸਾਨੂੰ ਇਸੇ ਤਰ੍ਹਾਂ ਇਸ ਉਪਰ ਕਾਬੂ ਪਾਉਣਾ ਚਾਹੀਦਾ ਹੈ) ਅਸੀਂ ਇਨਕਲਾਬੀ ਲੱਫ਼ਾਜ਼ੀ ਦੀ ਪ੍ਰਚੱਲਤ ਸ਼ਰਮਸਤੀ ਤੋਂ ਛੁਟਕਾਰਾ ਪਾ ਸਕਦੇ ਹਾਂ ਅਤੇ ਪਰੋਲਤਾਰੀਆ ਤੇ ਵਿਸ਼ਾਲ ਜਨਤਾ ਦੋਹਾਂ ਦੀ ਚੇਤਨਾ ਨੂੰ ਸੱਚਮੁਚ ਉਤੇਜਤ ਕਰ ਸਕਦੇ ਅਤੇ ਥਾਉਂ ਥਾਈਂ ਉਹਨਾਂ ਦੀ ਦਲੇਰਾਨਾ ਤੇ ਦ੍ਰਿੜ੍ਹ ਪਹਿਲਕਦਮੀ ਨੂੰ ਤਿੱਖਾ ਕਰ ਸਕਦੇ ਹਾਂ ਤਾਂ ਜੋ ਉਹ ਸੁਤੰਤਰਤਾ,ਜਮਹੂਰੀਅਤ, ਤੇ ਸਾਰੀ ਭੋਂ ਦੀ ਲੋਕਾਂ ਵਲੋਂ ਮਾਲਕੀ ਦੇ ਅਸੂਲ ਦੀ ਸੁਤੰਤਰ ਪ੍ਰਾਪਤੀ ਵਿਕਾਸ ਤੇ ਪਰਪੱਕਤਾ ਪ੍ਰਾਪਤ ਕਰ ਸਕਣ ।

ਬੁਰਜੂਆ ਤੇ ਭੋਂ-ਪਤੀ ਸਰਕਾਰਾਂ ਦੇ ਸੰਸਾਰ-ਵਿਆਪੀ ਤਜਰਬੇ ਨੇ ਲੋਕਾਂ ਨੂੰ ਅਧੀਨਗੀ ਵਿਚ ਰੱਖਣ ਦੇ ਦੋ ਢੰਗ ਵਿਗਸਾਏ ਹਨ । ਪਹਿਲਾ ਹੈ ਤਸ਼ੱਦਦ । ਨਿਕੋਲਸ ਰੋਮਾਨੋਵ ਪਹਿਲੇ ਨੇ, ਜਿਸ ਦਾ ਨਾਂਅ ਵੱਡੀ-ਲੱਠ-ਵਾਲਾ ਨਿਕੋਲਸ ਪਿਆ ਹੋਇਆ ਸੀ, ਅਤੇ ਖ਼ੂਨੀ ਨਿਕੋਲਸ ਦੂਸਰੇ ਨੇ ਰੂਸੀ ਲੋਕਾਂ ਨੂੰ ਦਰਸਾ ਦਿਤਾ ਕਿ ਇਹਨਾਂ ਜੱਲਾਦਾਂ ਵਾਲੇ ਅਮਲਾਂ ਰਾਹੀਂ ਵਧ ਤੋਂ ਵਧ ਕੀ ਕੁਝ ਕੀਤਾ ਜਾ ਸਕਦਾ ਹੈ ਤੇ ਕੀ ਕੁਝ ਨਹੀਂ । ਪਰ ਇਹ ਇਕ ਹੋਰ ਢੰਗ ਹੈ ਜਿਸ ਨੂੰ ਉਸ ਬਰਤਾਨਵੀ ਤੇ ਫਰਾਂਸੀਸੀ ਬੁਰਜੁਆਜ਼ੀ ਨੇ ਸਭ ਤੋਂ ਵਧ ਵਿਕਸਤ ਕੀਤਾ ਹੈ ਜਿਸ ਨੇ ਮਹਾਨ

ਇਨਕਲਾਬਾਂ ਦੇ ਸਿਲਸਿਲੇ ਤੋਂ ਅਤੇ ਲੋਕਾਂ ਦੀਆਂ ਇਨਕਲਾਬੀ ਲਹਿਰਾਂ ਤੋਂ ਆਪਣਾ "ਸਬਕ ਸਿੱਖ ਲਿਆ" ਹੈ। ਇਹ ਢੰਗ ਹੈ ਧੋਖੇ, ਖੁਸ਼ਾਮਦ, ਰੰਗੀਨ ਲੱਫਾਜ਼ੀ, ਲਖੂਖਾ ਇਕਰਾਰਾਂ, ਨਿੱਕੇ ਨਿੱਕੇ ਰਕਮਿਆਂ ਦਾ ਅਤੇ ਜ਼ਰੂਰੀ ਨੂੰ ਕਾਇਮ ਰਖਦਿਆਂ ਹੋਇਆਂ ਗੈਰ-ਜ਼ਰੂਰੀ ਖੇਤਰ ਵਿਚ ਰਿਆਇਤਾਂ ਦੇਣ ਦਾ ਢੰਗ।

ਰੂਸ ਵਿਚ ਅਜੋਕੀ ਅਵਸਥਾ ਦਾ ਨਿਆਰਾ ਲੱਛਣ ਹੈ : ਪਹਿਲੇ ਤੋਂ ਦੂਸਰੇ ਢੰਗ ਵਲ, ਲੋਕਾਂ ਉਪਰ ਤਸ਼ੱਦਦ-ਭਰਪੂਰ ਜਬਰ ਤੋਂ ਉਹਨਾ ਦੀ ਖੁਸ਼ਾਮਦ ਕਰਨ ਤੇ ਇਕਰਾਰਾਂ ਰਾਹੀਂ ਉਹਨਾਂ ਨੂੰ ਗੁਮਰਾਹ ਕਰਨ ਦੇ ਢੰਗ ਵਲ ਰਕਾਰੂੰਧ ਤੇਜ਼ੀ ਨਾਲ ਵਧਣਾ। ਪਰਿਵਰਤਣ "ਵਾਸਕਾ ਬਿੱਲੀ ਸੁਣਦੀ ਹੈ, ਪਰ ਨਾਲ ਦੀ ਨਾਲ ਖਾਈ ਜਾਂਦੀ ਹੈ।" ਮਿਲਿਯੂਕੋਵ ਤੇ ਗੁਚਕੋਵ ਸੱਤਾ ਸਾਂਭੀ ਬੈਠੇ ਹਨ, ਉਹ ਪੂੰਜੀਪਤੀਆਂ ਦੇ ਮੁਨਾਫਿਆਂ ਦੀ ਰਾਖੀ ਕਰ ਰਹੇ ਹਨ, ਰੂਸੀ ਤੇ ਅੰਗਰੇਜ਼ੀ-ਫਰਾਂਸੀਸੀ ਸਰਮਾਏ ਦੇ ਹਿੱਤਾਂ ਵਿਚ ਸਾਮਰਾਜੀ ਜੰਗ ਲੜ ਰਹੇ ਹਨ, ਅਤੇ ਰਖੀਦਜ਼ੇ ਥ਼ਰੇਤੇਲੀ ਅਤੇ ਸ ਤੇਕਲੋਵ ਵਰਗੇ "ਰਸੋਈਆਂ" ਦੇ—ਜੋ ਧਮਕੀਆਂ ਦਿੰਦੇ, ਸਮਝਾਂਦੇ, ਮੰਤਰ ਮਾਰਦੇ, ਤਰਲੇ ਕਰਦੇ, ਮੰਗਦੇ ਤੇ ਐਲਾਨ ਕਰਦੇ ਹਨ—ਭਾਸ਼ਨਾਂ ਦੇ ਉੱਤਰ ਵਿਚ ਇਕਰਾਰਾਂ, ਭਾਸ਼ਣਾਂ ਅਤੇ ਗੂੰਜਵੇਂ ਐਲਾਨਾਂ ਦੁਆਰਾ ਡੰਗ ਟਪਾਉਣ ਦਾ ਯਤਨ ਕਰ ਰਹੇ ਹਨ।...ਵਾਸਕਾ ਬਿੱਲੀ ਸੁਣਦੀ ਹੈ, ਪਰ ਨਾਲ ਦੀ ਨਾਲ ਖਾਈ ਵੀ ਜਾਂਦੀ ਹੈ।

ਪਰ ਦਿਨੋ ਦਿਨ ਤਰਕ ਦੀ ਵਿਸ਼ਵਾਸ ਭਰੀ ਅਣਹੋਂਦ ਅਤੇ ਅਨੁਚਿਤ ਵਿਸ਼ਵਾਸ ਖ਼ਤਮ ਹੁੰਦਾ ਜਾਵੇਗਾ, ਖ਼ਾਸ ਕਰ ਕੇ ਪਰੋਲੇਤਾਰੀਆਂ ਤੇ ਗ਼ਰੀਬ ਕਿਸਾਨਾਂ ਵਿਚ, ਜੋ ਕਿ ਤਜਰਬੇ ਤੋਂ (ਆਪਣੀ ਸਮਾਜਕ ਤੇ ਆਰਥਕ ਸਥਿਤੀ ਕਾਰਨ) ਪੂੰਜੀਪਤੀਆ ਉਪਰ ਬੇ-ਵਿਸ਼ਵਾਸੀ ਕਰਨਾ ਸਿੱਖ ਰਹੇ ਹਨ।

ਅਰਧ-ਬੁਰਜੁਆਜ਼ੀ ਦੇ ਆਗੂਆਂ ਵਲੋਂ ਲੋਕਾਂ ਨੂੰ ਬੁਰਜੁਆਜ਼ੀ ਉਪਰ ਵਿਸਵਾਸ ਕਰਨਾ ਸਿਖਾਉਣਾ "ਲਾਜ਼ਮੀ" ਹੈ। ਪਰੋਲਤਾਰੀਆਂ ਲਈ ਜ਼ਰੂਰੀ ਹੈ ਕਿ ਉਹ ਲੋਕਾ ਨੂੰ ਬੁਰਜੁਆਜ਼ੀ ਉਪਰ ਬੇ-ਵਿਸ਼ਵਾਸੀ ਕਰਨਾ ਸਿਖਾਉਣ।

## ਇਨਕਲਾਬੀ ਸੁਰੱਖਿਅਤਵਾਦ ਤੇ ਇਸ ਦਾ ਜਮਾਤੀ ਮਹੱਤਵ

9. ਇਨਕਲਾਬੀ ਸੁਰੱਖਿਆਵਾਦ ਨੂੰ ਉਸ ਅਰਧ-ਬੁਰਜੂਆ ਲਹਿਰ ਦਾ ਅਤਿਅੰਤ ਮਹੱਤਵਪੂਰਨ ਤੇ ਅਤਿਅੰਤ ਉੱਘੜਵਾਂ ਪ੍ਰਗਟਾਅ ਸਮਝਣਾ ਚਾਹੀਦਾ ਹੈ ਜਿਸ ਨੇ "ਲਗ ਪਗ ਹਰ ਵਸਤ" ਨੂੰ ਹੂੰਝ ਸੁਟਿਆ ਹੈ। ਇਹ ਰੂਸੀ ਇਨਕਲਾਬ ਦੇ ਹੋਰ ਅਗੇ ਵਧਣ ਤੇ ਸਫਲ ਹੋਣ ਦਾ ਸਭ ਤੋਂ ਵਡਾ ਦੁਸ਼ਮਣ ਹੈ। ਜੋ ਲੋਕ ਇਸ ਨੁਕਤੇ ਅਗੇ ਦਬ ਗਏ ਹਨ ਅਤੇ ਆਪਣੇ ਆਪ ਨੂੰ ਇਸ ਤੋਂ ਮੁਕਤ ਕਰਾਉਣ ਤੋਂ ਅਸਮਰੱਥ ਹਨ, ਉਹ ਇਨਕਲਾਬ ਤੋਂ ਖੁੱਸ ਗਏ ਹਨ। ਪਰ ਲੋਕ ਆਗੂਆਂ ਨਾਲੋਂ ਵੱਖਰੀ ਤਰ੍ਹਾਂ ਦਬਦੇ ਹਨ ਅਤੇ ਉਹ ਵਿਕਾਸ ਦੇ ਵਿਭਿੰਨ ਵਰਤਾਰੇ ਅਤੇ ਵਿਭਿੰਨ ਸਾਧਨਾਂ ਦੁਆਰਾ, ਵੱਖਰੀ ਤਰ੍ਹਾਂ ਆਪਣੇ ਆਪ ਨੂੰ ਮੁਕਤ ਕਰਾਉਂਦੇ ਹਨ।

ਇਨਕਲਾਬੀ ਸੁਰੱਖਿਆਵਾਦ ਇਕ ਬੰਨੇ ਤਾਂ ਬੁਰਜੁਆਜ਼ੀ ਦੁਆਰਾ ਲੋਕਾਂ ਨਾਲ ਫਰੇਬ ਦਾ ਅਤੇ ਕਿਰਤੀਆਂ ਦੇ ਇਕ ਭਾਗ ਤੇ ਕਿਸਾਨਾਂ ਵਿਚ ਵਿੱਦਮਾਨ ਤਰਕ ਦੀ ਵਿਸ਼ਵਾਸ-ਪੂਰਨ ਅਣਹੋਂਦ ਦਾ ਸਿੱਟਾ ਹੈ ਦੂਸਰੇ ਬੰਨੇ ਛੋਟੇ ਮਾਲਕ ਦੇ ਹਿੱਤਾਂ ਅਤੇ ਦ੍ਰਿਸ਼ਟੀਕੋਣ ਦਾ ਪ੍ਰਗਟਾਅ ਹੈ, ਜੋ ਕਿਸੇ ਹੱਦ ਤਕ ਕਬਜ਼ੇ ਤੇ ਬੈਂਕ ਮੁਨਾਫਿਆਂ ਵਿਚ ਦਿਲਚਸਪੀ ਰਖਦਾ ਹੈ, ਅਤੇ ਜੋ "ਪਵਿੱਤਰਤਾ ਨਾਲ" ਬਾਦਸ਼ਾਹੀ ਦੀਆਂ ਰਵਾਇਤਾਂ ਦੀ ਰਾਖੀ ਕਰਦਾ ਹੈ। ਉਹ ਰਵਾਇਤਾਂ, ਜਿਹਨਾਂ ਨੇ ਕਿ "ਮਹਾਨ

ਰੂਸੀਆਂ ਨੂੰ ਦੂਜੇ ਲੋਕਾਂ ਵਿਰੁਧ ਜੱਲਾਦਾਂ ਦਾ ਕੰਮ ਕਰਵਾ ਕੇ ਵਹਿੰਦੀ ਕਲਾ ਵਿਚ ਸੁੱਟ ਦਿਤਾ ਸੀ।

ਲੋਕਾਂ ਦੇ ਇਨਕਲਾਬ ਉਤੇ ਉੱਤਮ ਮਾਣ ਨੂੰ ਵਰਤ ਕੇ, ਅਤੇ ਇਹ ਪਾਖੰਡ ਧਾਰ ਕੇ ਕਿ ਜਿਥੋਂ ਤਕ ਰੂਸ ਦਾ ਸਬੰਧ ਹੈ, ਇਨਕਲਾਬ ਦੇ ਵਰਤਮਾਨ ਪੜਾਅ ਕਾਰਨ ਅਥਵਾ ਜ਼ਾਰਸ਼ਾਹੀ ਬਾਦਸ਼ਾਹਤ ਦੀ ਥਾਂ ਗੂਚਕੋਵ ਅਤੇ ਮਿਲਿਯੂਕੋਵ ਦੀ ਲਗਪਗ ਰੀਪਬਲਿਕ ਸਥਾਪਤ ਹੋ ਜਾਣ ਕਾਰਨ ਜੰਗ ਦਾ ਸਮਾਜੀ ਤੇ ਰਾਜਸੀ ਖ਼ਾਸਾ ਬਦਲ ਗਿਆ ਹੈ, ਅਤੇ ਬੁਰਜੁਆਜ਼ੀ ਲੋਕਾਂ ਨੂੰ ਧੋਖਾ ਦੇਂਦੀ ਹੈ, ਅਤੇ ਕੁਝ ਸਮੇਂ ਲਈ ਲੋਕਾਂ ਨੇ ਇਸ ਉਤੇ ਭਰੋਸਾ ਕਰ ਲਿਆ। ਇਸ ਦਾ ਵਡਾ ਕਾਰਨ ਉਹ ਜੁਗਾਂ ਪੁਰਾਣੇ ਤੁਅੱਸਬ ਹਨ, ਜਿਹਨਾਂ ਨੇ ਰੂਸ ਦੇ ਦੂਸਰੇ ਲੋਕਾਂ ਨੂੰ ਅਥਵਾ ਗੈਰ-ਮਹਾਨ ਰੂਸੀਆਂ ਨੂੰ ਮਹਾਨ ਰੂਸੀਆਂ ਦੀ ਇਕ ਪ੍ਰਕਾਰ ਦੀ ਜਾਇਦਾਦ ਤੇ ਨਿੱਜੀ ਐਸਟੇਟ ਸਮਝਣ ਲਾ ਦਿਤਾ ਸੀ। ਜ਼ਾਰਸ਼ਾਹੀ ਦੁਆਰਾ ਲਿਆਂਦੀ ਗਈ ਮਹਾਨ ਰੂਸੀਆਂ ਦੀ ਇਹ ਭੈੜੀ ਸਾਹਸ-ਹੀਣਤਾ, ਜੋ ਉਹਨਾਂ ਨੂੰ ਦੂਸਰੇ ਲੋਕਾਂ ਨੂੰ ਘਟੀਆ ਸਮਝਣਾ ਅਤੇ "ਅਧਿਕਾਰ ਵਜੋਂ" ਰੂਸੀਆਂ ਦੀ ਮਲਕੀਅਤ ਸਮਝਣਾ ਸਿਖਾਉਂਦੀ ਸੀ, ਤਟ ਫਟਾ ਅਲੋਪ ਨਹੀਂ ਸੀ ਹੋ ਸਕਦੀ।

ਸਾਡੇ ਵਿਚ ਇਹ ਸਮਰਥਾ ਹੋਣੀ ਚਾਹੀਦੀ ਹੈ ਕਿ ਅਸੀਂ ਲੋਕਾਂ ਨੂੰ ਸਮਝਾਈਏ ਕਿ ਜੰਗ ਦਾ ਸਮਾਜੀ ਤੇ ਰਾਜਸੀ ਖ਼ਾਸਾ ਵਿਅਕਤੀਆਂ ਟੋਲੀਆਂ ਜਾਂ ਏਥੋਂ ਤਕ ਕਿ ਕੌਮਾਂ ਦੀ ਸ਼ੁਭ ਇੱਛਾ ਦੁਆਰਾ ਨਿਰਧਾਰਤ ਨਹੀਂ ਹੁੰਦਾ ਸਗੋਂ ਜੰਗ ਕਰ ਰਹੀ ਜਮਾਤ ਦੀ ਸਥਿਤੀ ਉਸ ਜਮਾਤੀ ਨੀਤੀ ਜਿਸ ਕਾਰਨ ਜੰਗ ਜਾਰੀ ਹੈ, ਆਧੁਨਿਕ ਸਮਾਜ ਦੀ ਭਾਰੂ ਆਰਥਕ ਸ਼ਕਤੀ ਪੂਜੀ ਦੀਆਂ ਕੜੀਆਂ, ਕੌਮਾਂਤਰੀ ਸਰਮਾਏ ਦੇ ਸਾਮਰਾਜਵਾਦੀ ਖਾਸੇ ਅਤੇ ਰੂਸ ਦੀ ਬਰਤਾਨੀਆਂ, ਫ਼ਰਾਂਸ, ਇਤਿਆਦ ਦੇ ਪੈਸੇ ਬੈਂਕਾਂ ਤੇ ਡਿਪਲੋਮੇਸੀ ਉਪਰ ਨਿਰਭਰਤਾ ਦੁਆਰਾ ਨਿਰਧਾਰਤ ਹੁੰਦਾ ਹੈ। ਇਹ ਗੱਲ ਲੋਕਾਂ ਨੂੰ ਚੱਜ ਨਾਲ ਇਸ ਤਰ੍ਹਾਂ ਸਮਝਾਉਣਾ ਕਿ ਉਹਨਾਂ ਨੂੰ ਸਮਝ ਪੈ ਜਾਏ, ਕੋਈ ਸੌਖੀ ਗੱਲ ਨਹੀਂ। ਸਾਡੇ ਵਿਚੋਂ ਕੋਈ ਵੀ ਇਸ ਕਾਰਜ ਨੂੰ ਬਿਨਾ ਗਲਤੀਆਂ ਦੇ ਝਟ ਪਟ ਕਰਨ ਦੇ ਸਮਰੱਥ ਨਹੀਂ ਹੋਵੇਗਾ।

ਪਰ, ਸਾਡੇ ਪਰਵਾਰ ਦਾ ਇਹੋ ਤੇ ਕੇਵਲ ਇਹੋ ਨਿਸ਼ਾਨਾ ਜਾਂ ਸੰਦੇਸ਼ ਹੋਣਾ ਚਾਹੀਦਾ ਹੈ। ਇਨਕਲਾਬੀ ਸੁਰੱਖਿਆਵਾਦ ਨੂੰ ਰਤਾ ਜਿੰਨੀ ਰਿਆਇਤ ਵੀ ਭਾਵੇਂ ਇਸ ਨੂੰ ਕਿੰਨੇ ਵੀ ਸੁੰਦਰ ਵਾਕਾਂ ਅਤੇ "ਅਮਲੀ ਲੋੜਾਂ" ਨਾਲ ਹੱਕੀ ਕਿਉਂ ਨਾ ਠਹਿਰਾਇਆ ਜਾਂਦਾ ਹੋਵੇ, ਸਮਾਜਵਾਦ ਨਾਲ ਗ਼ੱਦਾਰੀ ਤੇ ਕੌਮਾਂਤਰੀਵਾਦ ਦਾ ਪੂਰਨ ਤਿਆਗ ਹੈ।

"ਜੰਗ ਮੁਰਦਾਬਾਦ" ਦਾ ਨਾਅਰਾ ਠੀਕ ਤਾਂ ਹੈ ਹੀ, ਪਰ ਇਹ ਵਰਤਮਾਨ ਸਮੇਂ ਦੇ ਕੰਮਾਂ ਦੇ ਨਿਸ਼ਚਿਤ ਖਾਸੇ ਨੂੰ ਅਤੇ ਵਿਸ਼ਾਲ ਜਨਤਾ ਤੱਕ ਵੱਖਰੇ ਢੰਗ ਨਾਲ ਪਹੁੰਚ ਕਰਨ ਦੀ ਲੋੜ ਨੂੰ ਧਿਆਨ ਵਿਚ ਲਿਆਉਣ ਤੋਂ ਨਾਕਾਮ ਰਹਿੰਦਾ ਹੈ। ਇਹ ਮੈਨੂੰ "ਜ਼ਾਰਸ਼ਾਹੀ ਮੁਰਦਾਬਾਦ" ਦੇ ਨਾਅਰੇ ਦੀ ਯਾਦ ਦੁਆਉਂਦਾ ਹੈ ਜਿਸ ਨਾਅਰੇ ਨਾਲ "ਪੁਰਾਣੇ ਵੇਲਿਆਂ ਦਾ ਨਾ-ਤਜਰਬੇ-ਕਾਰ ਐਜੀਟੇਟਰ, ਬਸ ਸਿੱਧਾ ਪਿੰਡਾਂ ਵਿਚ ਚਲਿਆ ਗਿਆ ਸੀ ਅਤੇ ਆਪਣੇ ਇਸ ਕਸ਼ਟ ਕਾਰਨ ਕੁਟਾਪੇ ਦਾ ਨਿਸ਼ਾਨਾ ਬਣਿਆ ਸੀ। ਇਨਕਲਾਬੀ ਸੁਰੱਖਿਆਵਾਦ ਦੇ ਆਮ ਵਿਸ਼ਵਾਸੀ, ਨਿੱਜੀ ਰੂਪ ਵਿਚ ਨਹੀਂ, ਜਮਾਤੀ ਰੂਪ ਵਿਚ ਈਮਾਨਦਾਰ ਹਨ, ਅਥਵਾ ਉਹ ਉਹਨਾਂ ਸ਼੍ਰੇਣੀਆਂ (ਕਿਰਤੀਆਂ ਤੇ ਗ਼ਰੀਬ ਕਿਸਾਨਾਂ) ਨਾਲ ਸਬੰਧਤ ਹਨ ਜਿਨ੍ਹਾਂ ਨੂੰ ਵਾਸਤਵ ਵਿਚ ਇਲਾਕੇ ਹਥਿਆਉਣ ਅਤੇ ਦੂਸਰੇ ਲੋਕਾਂ ਨੂੰ ਅਧੀਨ ਬਨਾਉਣ ਵਿਚ ਕੋਈ ਲਾਭ ਨਹੀਂ। ਇਹ ਬੁਰਜੂਆ ਜਾਂ ਬੁੱਧੀਜੀਵੀ ਭਾਈਚਾਰੇ ਵਰਗੀ ਕੋਈ ਗੱਲ ਨਹੀਂ, ਜਿਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੁੰਦਾ ਹੈ ਕਿ

ਸਰਮਾਏ ਦਾ ਰਾਜ ਤਿਆਗਣ ਬਿਨਾਂ ਹਥਿਆਏ ਇਲਾਕੇ ਛੱਡੇ ਨਹੀਂ ਜਾ ਸਕਦੇ ਅਤੇ ਜੋ ਜੋ ਸੁਹਣੇ ਸੁਹਣੇ ਵਾਕਾਂ, ਅਸੀਮਤ ਇਕਰਾਰਾਂ ਤੇ ਬੇਅੰਤ ਭਰੋਸਿਆਂ ਨਾਲ ਲੋਕਾਂ ਨੂੰ ਬੇਸੰਕੋਚ ਧੋਖਾ ਦਿੰਦੇ ਹਨ।

ਸੁਰੱਖਿਆਵਾਦ ਦਾ ਸਾਧਾਰਣ ਵਿਸ਼ਵਾਸੀ ਜਨ-ਸਾਧਾਰਨ ਵਾਂਗ ਮਸਲੇ ਨੂੰ ਬਹੁਤ ਸਿੱਧੇ ਸਾਦੇ ਰੂਪ ਵਿਚ ਵੇਖਦਾ ਹੈ : "ਮੈਂ ਇਲਾਕੇ ਹਥਿਆਉਣਾ ਨਹੀਂ ਚਾਹੁੰਦਾ ਪਰ ਜਰਮਨ ਸਾਡੇ ਇਲਾਕੇ ਹਥਿਆ ਰਹੇ ਹਨ, ਇਸ ਲਈ ਮੈਂ ਇਕ ਹੱਕੀ ਕਾਜ਼ ਦੀ ਹਮਾਇਤ ਕਰ ਰਿਹਾ ਹਾਂ, ਕਿਸੇ ਪ੍ਰਕਾਰ ਦੇ ਸਾਮਰਾਜੀ ਹਿੱਤਾਂ ਦੀ ਨਹੀਂ।" ਇਸ ਕਿਸਮ ਦੇ ਮਨੁੱਖ ਨੂੰ ਮੁੜ ਮੁੜ ਇਹ ਗੱਲ ਸਮਝਾਉਣੀ ਜ਼ਰੂਰੀ ਹੈ ਕਿ ਸਵਾਲ ਉਸ ਦੀਆਂ ਨਿੱਜੀ ਇਛਾਵਾਂ ਦਾ ਨਹੀਂ ਸਗੋਂ ਸਵਾਲ ਹੈ ਸਮੂਹ ਦਾ, ਜਮਾਤ ਦਾ ਅਤੇ ਰਾਜਨੀਤਿਕ ਸਬੰਧਾਂ ਤੇ ਰਾਜਸੀ ਸਥਿਤੀ ਦਾ, ਪੂੰਜੀ ਅਤੇ ਬੈਂਕਾਂ ਦੇ ਕੌਮਾਂਤਰੀ ਜਾਲ ਦੇ ਹਿੱਤਾਂ ਨਾਲ ਜੰਗ ਦੇ ਸੰਬੰਧ ਦਾ, ਇਤਿਆਦ । ਸੁਰੱਖਿਆਵਾਦ ਵਿਰੁਧ ਕੇਵਲ ਅਜਿਹਾ ਸੰਘਰਸ਼ ਹੀ ਗੰਭੀਰ ਹੋਵੇਗਾ ਤੇ ਸਫਲ ਹੋ ਸਕੇਗਾ। ਇਹ ਸਫਲਤਾ ਭਾਵੇਂ ਬਹੁਤੀ ਤਿੱਖੀ ਤਾਂ ਨਹੀਂ ਹੋਵੇਗੀ ਪਰ ਇਹ ਆਖਰੀ ਤੇ ਚਿਰ ਸਥਾਈ ਹੋਵੇਗੀ।

## ਜੰਗ ਖ਼ਤਮ ਕਿਵੇਂ ਕੀਤੀ ਜਾ ਸਕਦੀ ਹੈ ?

10. ਜੰਗ "ਇੱਛਾ ਧਾਰਨ" ਨਾਲ ਹੀ ਖਤਮ ਨਹੀਂ ਕੀਤੀ ਜਾ ਸਕਦੀ। ਇਹ ਯੁੱਧਕਾਰਾਂ ਵਿਚੋਂ ਕਿਸੇ ਇਕ ਦੇ ਫੈਸਲਾ ਕਰ ਦੇਣ ਨਾਲ ਵੀ ਖ਼ਤਮ ਨਹੀਂ ਹੋ ਸਕਦੀ। ਇਹ ਜਿਵੇਂ ਕਿ ਇਕ ਸੁਰੱਖਿਆਵਾਦ ਫੌਜੀ ਜੁਆਨਾਂ ਨੂੰ ਆਖਿਆ ਸੀ, "ਬੰਦੂਕ ਨੂੰ ਜ਼ਮੀਨ ਵਿਚ ਦੱਬ ਦੇਣ" ਨਾਲ ਵੀ ਖਤਮ ਨਹੀਂ ਹੋਣ ਲੱਗੀ।

ਜੰਗ ਵਿਭਿੰਨ ਦੇਸਾਂ ਦੇ ਸੋਸ਼ਲਿਸਟਾਂ ਵਿਚਕਾਰ "ਸਮਝੌਤੇ", ਸਭਨਾਂ ਦੇਸ਼ਾਂ ਦੇ ਪਰੋਲਤਾਰੀਆਂ ਦੇ "ਐਕਸ਼ਨ", ਲੋਕਾਂ ਦੀ "ਇੱਛਾ" ਇਤਿਆਦਿ ਨਾਲ ਵੀ ਖ਼ਤਮ ਨਹੀਂ ਹੋ ਸਕਦੀ। ਇਸ ਕਿਸਮ ਦੀ ਸਾਰੀ ਲੱਫਾਜ਼ੀ ਜੋ ਸੁਰੱਖਿਆਵਾਦੀ ਪਰਚਿਆਂ ਦੇ ਲੇਖਾਂ ਵਿਚ ਅਤੇ ਅਣਗਿਣਤ ਮਤਿਆਂ, ਅਪੀਲਾਂ, ਉਦੇਸ਼-ਪੱਤਰਾਂ ਵਿਚ ਭਰੀ ਹੁੰਦੀ ਹੈ, ਅਤੇ ਕਾਮਿਆਂ ਤੇ ਫੌਜੀ ਜੁਆਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਦੇ ਅਤੇ ਇਹ ਸਾਰਾ ਕੁਝ ਅਰਧ-ਬੁਰਜੁਆਜ਼ੀ ਦੀਆਂ ਨਿਰਾਰਥਕ, ਮਾਸੂਮ ਤੇ ਪਵਿੱਤਰ ਇੱਛਾਵਾਂ ਤੋਂ ਬਿਨਾਂ ਕੁਝ ਨਹੀਂ। "ਅਮਲ ਲਈ ਲੋਕਾਂ ਦੀ ਇੱਛਾ ਦਾ ਪਤਾ ਲਾਉਣ" ਅਤੇ ਪਰੋਲਤਾਰੀਆਂ ਦੇ ਇਨਕਲਾਬੀ ਅਮਲ ਦੇ ਕ੍ਰਮ (ਰੂਸੀ ਪਰੋਲਤਾਰੀਆਂ ਪਿਛੋਂ ਹੁਣ ਜਰਮਨ ਪਰੋਲੇਤਾਰੀਆਂ ਦੀ ਵਾਰੀ ਹੈ) ਵਰਗੇ ਵਾਕਾਂ ਨਾਲੋਂ ਕੋਈ ਗੱਲ ਵੀ ਵਧੇਰੇ ਹਾਨੀ-ਕਾਰਕ ਨਹੀਂ ਹੋ ਸਕਦੀ। ਇਹ ਸਾਰਾ ਕੁਝ "ਬਲਾਂਕਿਜ਼ਮ" ਹੈ, ਖੁਸ਼-ਖਿਆਲੀ ਹੈ, ਰਾਜਸੀ ਮੁਹਿੰਮ ਨਾਲ ਖੇਡਣਾ ਹੈ ਅਤੇ ਵਾਸਤਵ ਵਿਚ ਸਿਰਫ ਵਾਸਕਾ ਬਿੱਲੀ ਦੀ ਕਹਾਣੀ ਨੂੰ ਦੁਹਰਾਉਣਾ ਹੀ ਹੈ।

ਜੰਗ ਹਾਬੜੇ ਪੂੰਜੀਪਤੀਆਂ ਦੇ ਭੈੜੇ ਇਰਾਦਿਆਂ ਦੀ ਉਪਜ ਨਹੀਂ, ਭਾਵੇਂ ਕਿ ਨਿਰਸੰਦੇਹ ਇਹ ਕੇਵਲ ਉਨ੍ਹਾਂ ਦੇ ਹਿੱਤਾਂ ਵਿਚ ਲੜੀ ਜਾ ਰਹੀ ਹੈ ਅਤੇ ਕੇਵਲ ਉਹੀ ਇਸ ਦੁਆਰਾ ਅਮੀਰ ਬਣ ਰਹੇ ਹਨ। ਜੰਗ ਸੰਸਾਰ ਪੂੰਜੀਵਾਦ ਦੇ ਅੱਧੀ ਸਦੀ ਦੇ ਵਿਕਾਸ ਅਤੇ ਇਸ ਦੀਆਂ ਕਰੋੜਾਂ ਤੰਦਾਂ ਤੇ ਸੰਬੰਧਾਂ ਦੀ ਉਪਜ ਹੈ। ਪੂੰਜੀ ਦੇ ਰਾਜ ਨੂੰ ਖ਼ਤਮ ਕੀਤੇ ਬਿਨਾਂ ਸਾਮਰਾਜੀ ਜੰਗ ਵਿਚੋਂ ਨਿਕਲ ਸਕਣਾ ਅਤੇ ਲੋਕ ਰਾਜੀ, ਦਮਨ-ਰਹਿਤ ਅਮਨ ਪ੍ਰਾਪਤ ਕਰ ਸਕਣਾ ਅਸੰਭਵ ਹੈ।

ਫਰਵਰੀ-ਮਾਰਚ 1977 ਦਾ ਰੂਸੀ ਇਨਕਲਾਬ ਸਾਮਰਾਜੀ ਜੰਗ ਨੂੰ ਘਰੋਗੀ ਜੰਗ ਵਿਚ

ਪਰਤਾਉਣ ਦਾ ਆਰੰਭ ਸੀ। ਇਸ ਇਨਕਲਾਬ ਨੇ ਜੰਗ ਦੇ ਖ਼ਤਮ ਕਰਨ ਵਲ ਪਹਿਲਾ ਕਦਮ ਚੁਕਿਆ। ਪਰ ਜੰਗ ਦੇ ਖ਼ਾਤਮੇ ਨੂੰ ਯਕੀਨੀ ਬਣਾਉਣ ਲਈ ਦੂਜਾ ਕਦਮ ਚੁਕਣਾ, ਅਰਥਾਤ ਰਾਜ ਸੱਤਾ ਪਰੋਲੇਤਾਰੀਆ ਨੂੰ ਸੌਂਪਣਾ ਜ਼ਰੂਰੀ ਹੈ। ਇਹ ਸੰਸਾਰ-ਵਿਆਪੀ ਪੱਧਰ ਉਪਰ ਇਕ "ਤ੍ਰੇੜ" ਦਾ ਆਰੰਭ ਹੋਵੇਗਾ। ਤ੍ਰੇੜ ਜੋ ਕਿ ਪੂੰਜੀਵਾਦੀ ਹਿਤਾਂ ਦੇ ਮੋਰਚੇ ਵਿਚ ਪਏਗੀ ਅਤੇ ਇਸ ਮੋਰਚੇ ਵਿਚ ਇਹ ਤ੍ਰੇੜ ਪਾਉਣ ਦੁਆਰਾ ਹੀ ਪਰੋਲਤਾਰੀਆ ਮਨੁੱਖਤਾ ਨੂੰ ਜੰਗ ਦੀਆਂ ਭਿਆਨਕਤਾਵਾਂ ਤੋਂ ਮੁਕਤ ਕਰਵਾ ਸਕਦਾ ਹੈ ਅਤੇ ਇਸ ਨੂੰ ਅਮਨ ਦਾ ਵਰ ਦੇ ਸਕਦਾ ਹੈ।

ਮੋਰਚੇ ਲਈ ਰੂਸੀ ਇਨਕਲਾਬ ਨੇ ਕਾਮੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਸਥਾਪਤ ਕਰ ਕੇ ਰੂਸੀ ਪਰੋਲਤਾਰੀਏ ਨੂੰ ਹੁਣ ਹੀ ਪੂੰਜੀਵਾਦੀਆਂ ਦੇ ਮੋਰਚੇ ਵਿਚ ਅਜੇਹੀ ਤ੍ਰੇੜ ਪਾਉਣ ਤਕ ਲੈ ਆਂਦਾ ਹੈ।

## ਸਾਡੇ ਇਨਕਲਾਬ ਵਿਚੋਂ ਨਵੀਂ ਕਿਸਮ ਦਾ ਰਾਜ ਉਭਰ ਰਿਹਾ ਹੈ

11. ਕਾਮਿਆਂ, ਫੌਜੀ ਜੁਆਨਾ, ਕਿਸਾਨਾਂ ਤੇ ਹੋਰਨਾਂ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਨੂੰ ਸਮਝਿਆ ਨਹੀਂ ਜਾ ਰਿਹਾ ਹੈ। ਨਾ ਕੇਵਲ ਬਹੁ-ਸੰਮਤੀ ਲੋਕਾਂ ਨੂੰ ਇਹਨਾਂ ਦੀ ਜਮਾਤੀ ਮਹੱਤਤਾ ਦਾ ਗਿਆਨ ਨਹੀਂ ਸਗੋਂ ਰੂਸੀ ਇਨਕਲਾਬ ਵਿਚ ਇਹਨਾਂ ਦਾ ਰੋਲ ਵੀ ਬਹੁਤਿਆਂ ਨੂੰ ਸਪਸ਼ਟ ਨਹੀਂ। ਇਹ ਵੀ ਨਹੀਂ ਸਮਝਿਆ ਜਾ ਰਿਹਾ ਕਿ ਇਹ ਰਾਜ ਦਾ ਇਕ ਨਵਾਂ ਰੂਪ ਜਾਂ ਇਕ ਨਵੀਂ ਕਿਸਮ ਦਾ ਰਾਜ ਹਨ।

ਬੁਰਜੂਆ ਰਾਜ ਦਾ ਅਤਿਅੰਤ ਨਿਪੁੰਨ ਤੇ ਅਤਿਅੰਤ ਵਿਕਸਤ ਰੂਪ ਪਾਰਲੀਮਾਨੀ ਜਮਹੂਰੀ ਰੀਪਬਲਿਕ ਹੈ: ਸੱਤਾ ਪਾਰਲੀਮੈਂਟ ਦੇ ਹੱਥ ਹੁੰਦੀ ਹੈ, ਰਾਜ ਦੀ ਮਸ਼ੀਨਰੀ ਰਾਜ ਪ੍ਰਬੰਧ ਦੇ ਅਦਾਰੇ ਤੇ ਸਾਜ ਸਮਾਨ ਰਵਾਇਤੀ ਕਿਸਮ ਦੇ ਹੁੰਦੇ ਹਨ; ਸਥਾਈ ਫੌਜ, ਪੁਲਸ ਤੇ ਨੌਕਰਸ਼ਾਹੀ —ਜੋ ਅਮਲੀ ਤੌਰ ਤੇ ਬਦਲੀਆ ਨਹੀਂ ਜਾ ਸਕਦੀਆਂ—ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ ਤੇ ਇਹ ਲੋਕਾਂ ਤੋਂ ਉਪਰ ਰਹਿੰਦੇ ਹਨ।

ਔਪਰ ਉਨ੍ਹੀਵੀਂ ਸਦੀ ਦੇ ਖ਼ਾਤਮੇ ਦੇ ਸਮੇਂ ਤੋਂ ਇਨਕਲਾਬੀ ਦੌਰਾਂ ਨੇ ਇਕ ਉਚੇਰੀ ਕਿਸਮ ਦੇ ਜਮਹੂਰੀ ਰਾਜ ਨੂੰ ਸਾਹਮਣੇ ਲਿਆਂਦਾ ਹੈ, ਰਾਜ ਜੋ ਕੁਝ ਪੱਖਾਂ ਵਿਚ ਏਂਗਲਜ਼ ਦੇ ਕਹਿਣ ਅਨੁਸਾਰ, "ਸ਼ਬਦ ਦੇ ਠੀਕ ਅਰਥਾਂ ਵਿਚ ਰਾਜ ਹੁੰਦਾ ਹੀ ਨਹੀਂ।" ਇਹ ਪੈਰਿਸ ਕਮਿਊਨ ਦੀ ਕਿਸਮ ਦਾ ਰਾਜ ਹੈ, ਜਿਸ ਵਿਚ ਲੋਕਾਂ ਤੋਂ ਛੇਕੀ ਫੌਜ ਤੇ ਪੁਲਸ ਦੀ ਬਜਾਏ ਖੁਦ ਹਥਿਆਰਬੰਦ ਹੋਏ ਲੋਕ ਉਸ ਦੀ ਥਾਂ ਮੱਲ ਲੈਂਦੇ ਹਨ। ਇਹੋ ਲੱਛਣ ਕਮਿਊਨ ਦਾ ਅਸਲੀ ਤੱਤ ਹੈ, ਜਿਸ ਨੂੰ ਬੁਰਜੂਆ ਲੇਖਕਾਂ ਦੁਆਰਾ ਬਹੁਤ ਜ਼ਿਆਦਾ ਗਲਤ ਰੂਪ ਵਿਚ ਪੇਸ਼ ਕੀਤਾ ਤੇ ਭੰਡਿਆ ਗਿਆ ਹੈ ਅਤੇ ਜਿਸ ਨਾਲ ਹੋਰਨਾਂ ਗੱਲਾਂ ਤੋਂ ਬਿਨਾਂ ਫੌਰੀ ਸਮਾਜਵਾਦ "ਲਾਗੂ ਕਰਨ" ਦਾ ਇਰਾਦਾ ਗਲਤ ਤੌਰ ਤੇ ਜੋੜ ਦਿੱਤਾ ਗਿਆ ਹੈ।

ਇਹ ਰਾਜ ਦੀ ਉਹ ਕਿਸਮ ਹੈ ਜਿਸ ਨੂੰ ਰੂਸੀ ਇਨਕਲਾਬ ਨੇ 1905 ਵਿਚ ਅਤੇ 1917 ਵਿਚ ਸਿਰਜਣਾ ਅਰੰਭ ਕੀਤਾ। ਲੋਕਾਂ ਦੇ ਪ੍ਰਤੀਨਿਧਾਂ ਦੀ ਇਕ ਸਰਬ ਰੂਸੀ ਸੰਵਿਧਾਨਕ ਸਭਾ ਵਿਚ ਜਾ ਸੋਵੀਅਤਾਂ ਦੀ ਕੌਂਸਲ ਇਤਿਆਦ ਵਿਚ ਜੁੜੀਆਂ ਕਿਰਤੀਆਂ ਫੌਜੀ ਜੁਆਨਾਂ, ਕਿਸਾਨਾਂ ਤੇ ਦੂਸਰੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਦੀ ਰੀਪਬਲਿਕ ਤਾਂ ਹੁਣੇ ਹੀ ਇਸੇ ਵੇਲੇ ਸਾਡੇ ਦੇਸ਼ ਵਿਚ ਪ੍ਰਾਪਤ ਹੋ ਰਹੀ ਹੈ। ਇਹ ਕੁਝ ਕੌਮ ਦੇ ਲੱਖਾਂ ਕਰੋੜਾਂ ਦੀ ਪਹਿਲ ਕਦਮੀ ਨਾਲ ਹੋ ਰਿਹਾ ਹੈ, ਜੋ ਇਹ ਉਡੀਕਣ ਤੋਂ ਬਿਨਾਂ ਹੀ ਕਿ ਕਦੋਂ ਕੈਡਿਟ ਪ੍ਰੋਫ਼ੈਸਰ ਪਾਰਲੀਮਾਨੀ ਬੁਰਜੂਆ

ਕਣਰਾਜ ਵਾਸਤੇ ਬਿੱਲ ਘੜਦੇ ਹਨ, ਜਾਂ ਮਿਸਟਰ ਪਲੈਖਾਨੋਵ ਜਾਂ ਕਾਟਸਕੀ ਵਰਗੇ ਪੰਡਤ ਤੇ ਅਰਧ-ਬੁਰਜੂਆ "ਸੋਸ਼ਲ ਡੈਮੋਕਰੇਸੀ" ਦੇ ਸ਼ੈਦਾਈ ਕਦੋਂ ਰਾਜ ਸੰਬੰਧੀ ਮਾਰਕਸੀ ਸਿਖਿਆਵਾਂ ਦੀ ਭੰਨ ਤੋੜ ਬੰਦ ਕਰਦੇ ਹਨ, ਆਪਣੇ ਆਪ ਹੀ ਤੇ ਆਪਣੇ ਹੀ ਢੰਗ ਨਾਲ ਇਕ ਜਮਹੂਰੀਅਤ ਦੀ ਸਿਰਜਣਾ ਕਰ ਰਹੇ ਹਨ।

ਮਾਰਕਸਵਾਦ ਦਾ ਅਰਾਜਕਤਾਵਾਦ ਨਾਲੋਂ ਇਸ ਗੱਲ ਵਿਚ ਫਰਕ ਹੈ ਕਿ ਇਹ ਇਨਕਲਾਬ ਦੇ ਦੌਰ ਵਿਚ ਆਮ ਤੌਰ ਤੇ ਪੂੰਜੀਵਾਦ ਤੋਂ ਸਮਾਜਵਾਦ ਵਲ ਪਰਿਵਰਤਨ ਸਮੇਂ ਖ਼ਾਸ ਤੌਰ ਤੇ ਰਾਜ ਅਤੇ ਰਾਜ ਸੱਤਾ ਦੀ ਲੋੜ ਸਵੀਕਾਰ ਕਰਦਾ ਹੈ।

ਮਾਰਕਸਵਾਦ ਦਾ ਪਲੈਖਾਨੋਵ, ਕਾਟਸਕੀ ਐਂਡ ਕੰਪਨੀ ਦੇ ਅਰਧ-ਬੁਰਜੂਆ ਮੌਕਾ ਤਾੜੂ ਸੋਸ਼ਲ ਡੈਮੋਕਰੇਟਿਜ਼ਮ ਨਾਲੋਂ ਇਸ ਗੱਲ ਵਿਚ ਫ਼ਰਕ ਹੈ ਕਿ ਇਹ ਸਵੀਕਾਰ ਕਰਦਾ ਹੈ ਕਿ ਇਹਨਾਂ ਦੋਵਾਂ ਸਮਿਆਂ ਵਿਚ ਜਿਸ ਚੀਜ਼ ਦੀ ਲੋੜ ਹੈ ਉਹ ਆਮ ਕਿਸਮ ਦਾ ਪਾਰਲੀਮਾਨੀ ਬੁਰਜੂਆ ਜਮਹੂਰੀ ਰਾਜ ਨਹੀਂ, ਸਗੋਂ ਪੈਰਿਸ ਕਮਿਊਨ ਦੇ ਰੂਪ ਦਾ ਰਾਜ ਹੈ।

ਇਸ ਪਿਛਲੀ ਕਿਸਮ ਦੇ ਰਾਜ ਤੇ ਪੁਰਾਣੀ ਕਿਸਮ ਦੇ ਰਾਜ ਵਿਚਕਾਰ ਨਿਮਨਲਿਖਤ ਮੁੱਖ ਫ਼ਰਕ ਇਹ ਹਨ :

(ਜਿਵੇਂ ਕਿ ਇਤਿਹਾਸ ਸਾਬਤ ਕਰਦਾ ਹੈ) ਪਾਰਲੀਮਾਨੀ ਬੁਰਜੂਆ ਰੀਪਬਲਿਕ ਤੋਂ ਬਾਦਸ਼ਾਹਤ ਵਲ ਮੁੜਨਾ ਬੜਾ ਸੌਖਾ ਹੈ ਕਿਉਂਕਿ ਦਮਨ ਦੀ ਸਾਰੀ ਮਸ਼ੀਨਰੀ ਫ਼ੌਜ, ਪੁਲਸ ਤੇ ਨੌਕਰਸ਼ਾਹੀ ਉਵੇਂ ਕਿਵੇਂ ਕਾਇਮ ਰਹਿੰਦੀ ਹੈ। ਕਮਿਊਨ ਅਤੇ ਸੋਵੀਅਤਾ ਇਸ ਮਸ਼ੀਨਰੀ ਨੂੰ ਤਬਾਹ ਕਰ ਕੇ ਇਸ ਦਾ ਅੰਤ ਕਰ ਦੇਂਦੀਆਂ ਹਨ।

ਪਾਰਲੀਮਾਨੀ ਬੁਰਜੂਆ ਰੀਪਬਲਿਕ ਲੋਕਾਂ ਦੇ ਆਜ਼ਾਦ ਰਾਜਨੀਤਕ ਜੀਵਨ ਅਤੇ ਹੇਠਾਂ ਤੋਂ ਲੈ ਕੇ ਉਪਰ ਤਕ ਰਾਜ ਦੇ ਜੀਵਨ ਦੇ ਜਮਹੂਰੀ ਜਥੇਬੰਦੀ ਵਿਚ ਉਹਨਾਂ ਦੀ ਸਿੱਧੀ ਸ਼ਮੂਲੀਅਤ ਵਿਚ ਰੋਕ ਪਾਉਂਦੀ ਤੇ ਉਸ ਨੂੰ ਦਬਾਉਂਦੀ ਹੈ। ਸੋਵੀਅਤਾਂ ਇਸ ਤੋਂ ਐਨ ਉਲਟ ਕਰਦੀਆਂ ਹਨ।

ਸੋਵੀਅਤਾਂ ਅਜਿਹੇ ਰਾਜ ਨੂੰ ਮੁੜ ਪੈਦਾ ਕਰਦੀਆਂ ਹਨ ਜੋ ਪੈਰਿਸ ਕਮਿਊਨ ਦੁਆਰਾ ਸਿਰਜਿਆ ਜਾ ਰਿਹਾ ਸੀ ਅਤੇ ਜਿਸ ਬਾਰੇ ਮਾਰਕਸ ਨੇ ਕਿਹਾ ਸੀ ਕਿ "ਆਖ਼ਰਕਾਰ ਅਜਿਹਾ ਰਾਜਸੀ ਰੂਪ ਲਭ ਪਿਆ ਜਿਸ ਵਿਚ ਕਿਰਤ ਨੂੰ ਆਰਥਕ ਮੁਕਤੀ ਮਿਲ ਸਕੇਗੀ।"

ਸਾਨੂੰ ਅਕਸਰ ਦਸਿਆ ਜਾਂਦਾ ਹੈ ਕਿ ਰੂਸੀ ਲੋਕ ਅਜੇ ਕਮਿਊਨ "ਲਾਗੂ ਕਰਨ" ਲਈ ਤਿਆਰ ਨਹੀਂ। ਇਹੀ ਦਾਸ-ਸੁਆਮੀਆਂ ਦੀ ਦਲੀਲ ਸੀ ਜਦੋਂ ਉਹਨਾਂ ਦਾਅਵਾ ਕੀਤਾ ਸੀ ਕਿ ਕਿਸਾਨ ਮੁਕਤੀ ਲਈ ਤਿਆਰ ਨਹੀਂ ਸਨ। ਕਮਿਊਨ ਅਥਵਾ ਸੋਵੀਅਤ ਕੋਈ ਵੀ ਅਜਿਹਾ ਸੁਧਾਰ ਲਾਗੂ ਨਹੀਂ ਕਰਦੀ, "ਲਾਗੂ ਕਰਨ" ਦਾ ਇਰਾਦਾ ਨਹੀਂ ਰਖਦੀ ਅਤੇ ਕਦਾਚਿਤ ਲਾਗੂ ਨਹੀਂ ਕਰੇਗੀ, ਜੋ ਆਰਥਕ ਹਕੀਕਤ ਵਿਚ ਅਤੇ ਲੋਕਾਂ ਦੀ ਭਾਰੀ ਬਹੁਸੰਮਤੀ ਦੇ ਮਨਾਂ ਵਿਚ ਪੂਰੀ ਤਰ੍ਹਾਂ ਪੱਕ ਨਾ ਚੁਕਿਆ ਹੋਵੇ। ਜੰਗ ਦੁਆਰਾ ਆਰਥਕ ਤਬਾਹੀ ਤੇ ਸੰਕਟ ਜਿੰਨਾ ਡੂੰਘਾ ਹੋਵੇਗਾ ਅਜਿਹੇ ਅਤਿਅੰਤ ਨਿਪੁੰਨ ਰਾਜਸੀ ਰੂਪ ਦੀ ਲੋੜ ਓਨੀ ਹੀ ਜ਼ਰੂਰੀ ਹੋਵੇਗੀ, ਜੋ ਜੰਗ ਦੁਆਰਾ ਮਨੁੱਖਤਾ ਉਪਰ ਲਾਏ ਕਾਰੀ ਜ਼ਖਮਾਂ ਨੂੰ ਰਾਜ਼ੀ ਕਰਨਾ ਸਹਿਲ ਬਣਾਏਗੀ। ਰੂਸੀ ਲੋਕਾਂ ਦਾ ਜਥੇਬੰਦਕ ਤਜਰਬਾ ਜਿੰਨਾ ਥੋੜ੍ਹਾ ਹੈ, ਸਾਨੂੰ ਚਾਹੀਦਾ ਹੈ ਕਿ ਓਨੀ ਹੀ ਵਧੇਰੇ ਦ੍ਰਿੜ੍ਹਤਾ ਨਾਲ ਅਸੀਂ ਲੋਕਾਂ ਵਲੋਂ ਆਪਣੇ ਆਪ ਜਥੇਬੰਦਕ ਵਿਕਾਸ ਵਲ ਵਧੀਏ ਤੇ ਇਹ ਕੰਮ ਨਿਰਾ ਸਰਮਾਏਦਾਰ ਸਿਆਸਤਦਾਨਾਂ ਤੇ "ਖੁਸ਼ਹਾਲ" ਨੌਕਰਸ਼ਾਹਾਂ ਉਤੇ ਨਾ ਛੱਡ ਦੇਈਏ, ਨਾ ਕਿ ਬੁਰਜੂਆ

ਰਾਜਨੀਤੀਵਾਂ ਅਤੇ ਵੱਡੇ ਨੌਕਰਸ਼ਾਹਾਂ ਉਤੋਂ" ਜਥੇਬੰਦਕ ਵਿਕਾਸ ਵਲ ਵਧੀਏ।

ਜਿੰਨੀ ਛੇਤੀ ਅਸੀਂ ਨਕਲੀ ਮਾਰਕਸਵਾਦ, ਪਲੈਖ਼ਾਨੋਵ, ਕਾਟਸਕੀ ਐਂਡ ਕੰਪਨੀ ਦੁਆਰਾ ਵਿਗਾੜੇ ਹੋਏ ਮਾਰਕਸਵਾਦ ਦੇ ਪੁਰਾਣੇ ਤੁਅੱਸਬਾਂ ਨੂੰ ਤਿਆਗਦੇ ਹਾਂ ਉਤਨੀ ਹੀ ਵਧੇਰੇ ਸਰਗਰਮੀ ਨਾਲ ਅਸੀਂ ਹਰ ਥਾਂ ਫੌਰੀ ਤੌਰ ਤੇ ਕਾਮਿਆਂ ਤੇ ਕਿਸਾਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਨੂੰ ਸੰਗਠਤ ਕਰਨ ਲਈ ਲੋਕਾਂ ਦੀ ਮੱਦਦ ਅਰੰਭਦੇ ਹਾਂ ਅਤੇ ਲੋਕਾਂ ਦੇ ਜੀਵਨ ਨੂੰ ਉਸ ਦੇ ਸਮੁੱਚੇ ਰੂਪ ਵਿਚ ਆਪਣੇ ਹੱਥ ਲੈਣ ਵਿਚ ਮੱਦਦ ਕਰਦੇ ਹਾਂ ਅਤੇ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਸੱਦਣ ਵਿਚ ਲਵੋਵ ਐਂਡ ਕੰਪਨੀ ਜਿੰਨੀ ਦੇਰ ਕਰਦੇ ਹਨ, ਲੋਕਾਂ ਲਈ (ਸੰਵਿਧਾਨਕ ਅਸੈਂਬਲੀ ਦੇ ਮਾਧਿਅਮ ਦੁਆਰਾ ਅਤੇ ਜੇ ਲਵੋਵ ਐਂਡ ਕੰਪਨੀ ਇਸ ਦਾ ਸਮਾਗਮ ਬੁਲਾਉਣ ਵਿਚ ਜ਼ਿਆਦਾ ਹੀ ਦੇਰ ਕਰਦੇ ਹਨ ਤਾਂ ਇਸ ਤੋਂ ਬਿਨਾਂ ਹੀ) ਕਿਰਤੀਆਂ ਤੇ ਕਿਸਾਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਦੀ ਰੀਪਬਲਿਕ ਦੇ ਹੱਕ ਵਿਚ ਫੈਸਲਾ ਦੇਣਾ ਓਨਾ ਹੀ ਸਹਿਲ ਹੋਵੇਗਾ। ਲੋਕਾਂ ਵਲੋਂ ਆਪਣੇ ਆਪ ਜਥੇਬੰਦਕ ਵਿਕਾਸ ਦੇ ਨਵੇਂ ਕੰਮ ਵਿਚ ਗ਼ਲਤੀਆਂ ਪਹਿਲਾਂ ਪਹਿਲ ਤਾਂ ਲਾਜ਼ਮੀ ਹਨ, ਪਰ ਇਹ ਉਡੀਕਣ ਨਾਲੋਂ ਗ਼ਲਤੀਆਂ ਕਰਨਾ ਤੇ ਅਗੇ ਵਧਦੇ ਜਾਣਾ ਚੰਗੇਰਾ ਹੈ ਕਿ ਮਿਸਟਰ ਲਵੋਵ ਵਲੋਂ ਸੱਦੇ ਕਾਨੂੰਨ ਦੇ ਪ੍ਰੋਫੈਸਰ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਬੁਲਾਉਣ, ਪਾਰਲੀਮਾਨੀ ਬੁਰਜੂਆ ਰੀਪਬਲਿਕ ਨੂੰ ਪੱਕਾ ਕਰਨ ਅਤੇ ਕਿਰਤੀਆਂ ਤੇ ਕਿਸਾਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਨੂੰ ਦਬਾਉਣ ਵਾਸਤੇ ਕਾਨੂੰਨ ਦੇ ਖਰੜੇ ਕਦੋਂ ਤਿਆਰ ਕਰਦੇ ਹਨ।

ਜੇ ਅਸੀਂ ਆਪਣੇ ਆਪ ਨੂੰ ਜਥੇਬੰਦ ਕਰੀਏ ਤੇ ਸੁੱਘੜਤਾ ਨਾਲ ਆਪਣਾ ਪਰਚਾਰ ਕਰੀਏ ਤਾਂ ਨਾ ਕੇਵਲ ਪਰੋਲਤਾਰੀ ਸਗੋਂ ਦਸਾਂ ਵਿਚੋਂ ਨੌਂ ਹਿੱਸੇ ਕਿਸਾਨ ਵੀ ਪੁਲਸ ਦੀ ਪੁਨਰ-ਸਥਾਪਤੀ ਦੇ ਵਿਰੁਧ ਹੋਣਗੇ। ਉਹ ਨਾ ਹਟਾਈ ਜਾ ਸਕਣ ਵਾਲੀ ਤੇ ਉਚੇਰੇ ਅਧਿਕਾਰਾਂ ਵਾਲੀ ਨੌਕਰਸ਼ਾਹੀ ਅਤੇ ਲੋਕਾਂ ਤੋਂ ਉਪਰ ਦੀ ਫੌਜ ਦਾ ਵੀ ਵਿਰੋਧ ਕਰਨਗੇ ਅਤੇ ਨਵੀਂ ਕਿਸਮ ਦਾ ਰਾਜ ਇਹਨਾਂ ਗੱਲਾਂ ਦੇ ਹੱਕ ਵਿਚ ਹੀ ਤਾਂ ਖਲੋਤਾ ਹੈ।

12, ਜਨਤਕ ਮਿਲੀਸ਼ੀਆ ਵਲੋਂ ਪੁਲਸ ਦੀ ਥਾਂ ਲੈਣ ਦਾ ਅਮਲ ਇਕ ਅਜਿਹਾ ਸੁਧਾਰ ਹੈ ਜੋ ਇਨਕਲਾਬ ਦੇ ਸਮੁੱਚੇ ਅਮਲ ਵਿਚੋਂ ਉਤਪੰਨ ਹੁੰਦਾ ਹੈ ਅਤੇ ਜਿਸ ਨੂੰ ਹੁਣ ਰੂਸ ਦੇ ਬਹੁਤ ਸਾਰੇ ਭਾਗਾਂ ਵਿਚ ਲਾਗੂ ਕੀਤਾ ਜਾ ਰਿਹਾ ਹੈ। ਸਾਨੂੰ ਲਾਜ਼ਮੀ ਤੌਰ ਤੇ ਲੋਕਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਆਮ ਕਿਸਮ ਦੇ ਬਹੁਤ ਸਾਰੇ ਬੁਰਜੂਆ ਇਨਕਲਾਬਾਂ ਵਿਚ ਇਹ ਸੁਧਾਰ ਬਹੁਤ ਹੀ ਥੋੜ੍ਹ-ਚਿਰਾ ਹੁੰਦਾ ਸੀ ਤੇ ਬੁਰਜੁਆਜ਼ੀ ਅਤਿਅੰਤ ਜਮਹੂਰੀ ਤੇ ਰੀਪਬਲਿਕਨ ਬੁਰਜੁਆਜ਼ੀ ਵੀ ਪੁਰਾਣੀ ਜ਼ਾਰਸ਼ਾਹੀ ਕਿਸਮ ਦੀ ਪੁਲਸ ਨੂੰ ਪੁਨਰ-ਸਥਾਪਤ ਕਰ ਦਿੰਦੀ ਹੈ, ਪੁਲਸ ਜੋ ਲੋਕਾਂ ਤੋਂ ਨਿੱਖੜੀ ਹੁੰਦੀ ਸੀ, ਬੁਰਜੁਆਜ਼ੀ ਦੇ ਹੁਕਮ ਵਿਚ ਹੁੰਦੀ ਸੀ ਅਤੇ ਲੋਕਾਂ ਨੂੰ ਹਰ ਢੰਗ ਨਾਲ ਦਬਾਉਣ ਦੇ ਸਮਰੱਥ ਹੁੰਦੀ ਸੀ।

ਪੁਲਸ ਦੀ ਪੁਨਰ-ਸਥਾਪਤੀ ਨੂੰ ਰੋਕਣ ਦਾ ਇਕੋ ਇਕ ਢੰਗ ਹੈ ਜਨਤਕ ਮਿਲੀਸ਼ੀਆ ਦੀ ਸਿਰਜਣਾ ਕਰਨਾ ਅਤੇ ਇਸ ਨੂੰ ਫੌਜ ਨਾਲ ਇਕਮਿਕ ਕਰ ਦੇਣਾ: (ਜਥਾਈ ਫੌਜ ਦੀ ਥਾਂ ਸਮੁੱਚੇ ਲੋਕਾਂ ਨੂੰ ਹਥਿਆਰਬੰਦ ਕਰ ਦਿਤਾ ਜਾਵੇ)। ਇਸ ਮਿਲੀਸ਼ੀਆ ਵਿਚ ਪੰਦਰਾਂ ਤੋਂ ਪੈਂਹਠ ਸਾਲ ਦੇ ਮਰਦ ਔਰਤਾਂ—ਸਭਨਾਂ ਹੀ ਨਾਗਰਿਕਾਂ—ਤੋਂ ਬਿਨਾਂ ਛੋਟ ਦੇ ਸੇਵਾ ਲਈ ਜਾਵੇ। ਉਮਰ ਦੀ ਹੱਦ ਦੇ ਇਸ ਮੁੱਢਲੇ ਜਿਹੇ ਸੁਭਾਅ ਦਾ ਮਤਲਬ ਮੁੱਛ-ਫੁੱਟ ਗੱਭਰੂਆਂ ਤੋਂ ਲੈ ਕੇ ਬੁੱਢਿਆਂ ਤਕ

ਦੀ ਜ਼ਮੂਲੀਅਤ ਦਾ ਸੰਕੇਤ ਕਰਨਾ ਹੈ। ਪੂੰਜੀਪਤੀਆਂ ਦੇ ਨੌਕਰ ਜਾਂ ਮੁਲਾਜ਼ਮ ਜਿੰਨੇ ਦਿਨ ਮਿਲੀਸ਼ੀਆ ਦੀ ਜਨਤਕ ਸੇਵਾ ਵਿਚ ਲਾਉਣ, ਉਹਨਾਂ ਨੂੰ ਓਨੇ ਦਿਨਾਂ ਦੀਆਂ ਤਨਖਾਹਾਂ ਪੂੰਜੀਪਤੀਆਂ ਨੂੰ ਹੀ ਦੇਣੀਆਂ ਪੈਣ। ਜਿੰਨਾ ਚਿਰ ਇਸਤਰੀਆਂ ਨੂੰ ਕੇਵਲ ਸਾਧਾਰਨ ਰਾਜਸੀ ਜੀਵਨ ਸਗੋਂ ਨਿੱਤ ਦਿਹਾੜੀ ਦੇ ਵਿਆਪਕ ਜਨਤਕ ਸੇਵਾ ਦੇ ਕੰਮ ਵਿਚ ਵੀ ਆਪਣਾ ਅਜ਼ਾਦਾਨਾ ਪਾਰਟ ਅਦਾ ਕਰਨ ਲਈ ਸਾਹਮਣੇ ਨਹੀਂ ਲਿਆਂਦਾ ਜਾਂਦਾ, ਸਮਾਜਵਾਦ ਤਾਂ ਕੀ ਪੂਰਨ ਤੇ ਸਥਾਈ ਲੋਕਤੰਤਰ ਦੀ ਗੱਲ ਕਰਨ ਦਾ ਵੀ ਕੋਈ ਲਾਭ ਨਹੀਂ । ਬੀਮਾਰਾਂ ਅਤੇ ਬੇਘਰੇ ਬੱਚਿਆਂ ਦੀ ਦੇਖ ਭਾਲ, ਅੰਨ ਦੀ ਜਾਂਚ ਆਦਿ ਦੇ ਪੁਲਸ ਦੇ ਕੰਮ ਕਦੇ ਵੀ ਸੰਤੋਖਜਨਕ ਢੰਗ ਨਾਲ ਨੇਪਰੇ ਨਹੀਂ ਚਾੜ੍ਹਨਗੇ, ਜਿੰਨਾ ਚਿਰ ਔਰਤਾ ਨੂੰ ਸਿਰਫ ਨਾਂਅ ਗਿਨਾਉਣ ਵਜੋਂ ਹੀ ਨਹੀਂ ਸਗੋਂ ਵਾਸਤਵਿਕ ਰੂਪ ਵਿਚ ਮਰਦਾਂ ਦੇ ਬਰਾਬਰ ਖੜਾ ਨਹੀਂ ਕੀਤਾ ਜਾਂਦਾ।

ਇਨਕਲਾਬ ਨੂੰ ਸੁਰੱਖਿਅਤ ਕਰਨ, ਮਜ਼ਬੂਤ ਬਨਾਉਣ ਤੇ ਵਿਕਸਤ ਕਰਨ ਲਈ ਜੋ ਕੰਮ ਪਰੋਲਤਾਰੀਏ ਨੂੰ ਲਾਜ਼ਮੀ ਤੌਰ ਤੇ ਲੋਕਾਂ ਸਾਹਮਣੇ ਰੱਖਣੇ ਚਾਹੀਦੇ ਹਨ ਉਹ ਹਨ ਪੁਲਸ ਦੀ ਪੁਨਰ-ਸਥਾਪਤੀ ਨੂੰ ਰੋਕਣਾ ਅਤੇ ਜਨਤਕ ਮਿਲੀਸ਼ੀਆ ਬਨਾਉਣ ਵਿਚ ਸਮੁੱਚੇ ਲੋਕਾਂ ਦੀਆਂ ਜਥੇਬੰਦਕ ਸ਼ਕਤੀਆਂ ਨੂੰ ਵਰਤੋਂ ਵਿਚ ਲਿਆਉਣਾ।

## ਜ਼ਰਈ ਅਤੇ ਕੌਮੀ ਪ੍ਰੋਗਰਾਮ

13. ਹਾਲ ਦੀ ਘੜੀ ਅਸੀਂ ਯਕੀਨੀ ਤੌਰ ਤੇ ਇਹ ਨਹੀਂ ਕਹਿ ਸਕਦੇ ਕਿ ਨੇੜ-ਭਵਿੱਖ ਵਿਚ ਰੂਸ ਦੇ ਪਿੰਡਾ ਵਿਚ ਇਕ ਸਕਤੀਸ਼ਾਲੀ ਜ਼ਰਈ ਇਨਕਲਾਬ ਵਿਕਸਤ ਹੋਏਗਾ ਜਾ ਨਹੀਂ। ਅਸੀਂ ਠੀਕ ਠੀਕ ਇਹ ਨਹੀਂ ਕਹਿ ਸਕਦੇ ਕਿ ਕਿਸਾਨਾ ਵਿਚਕਾਰ ਜਮਾਤੀ ਪਾੜਾ ਕਿੰਨਾ ਕੁ ਜਿਆਦਾ ਹੈ। ਇਹ ਪਿਛਲੇ ਸਮੇਂ ਵਿਚ ਇਕ ਬੰਨੇ ਖੇਤ ਮਜ਼ਦੂਰਾਂ, ਉਜਰਤੀ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ (ਅਰਧ-ਪਰੋਲਤਾਰੀਆ) ਅਤੇ ਦੂਜੇ ਬੰਨੇ ਅਮੀਰ ਤੇ ਦਰਮਿਆਨੇ ਕਿਸਾਨਾਂ (ਪੂੰਜੀਪਤੀਆਂ ਤੇ ਅਰਧ-ਪੂੰਜੀਪਤੀਆਂ) ਵਿਚਕਾਰ ਵੰਡ ਵਜੋਂ ਨਿਰਸੰਦੇਹ ਵਧੇਰੇ ਤਿੱਖਾ ਹੋਇਆ ਹੈ। ਅਜਿਹੇ ਸਵਾਲ ਕੇਵਲ ਤਜਰਬੇ ਦੁਆਰਾ ਹੀ ਸੁਲਝਾਏ ਜਾ ਸਕਦੇ ਹਨ ਤੇ ਸੁਲਝਾਏ ਜਾਣਗੇ।

ਐਪਰ, ਪਰੋਲਤਾਰੀਏ ਦੀ ਪਾਰਟੀ ਹੋਣ ਦੇ ਨਾਤੇ ਸਾਡਾ ਫਰਜ ਨਾ ਕੇਵਲ ਫੌਰੀ ਤੌਰ ਤੇ ਇਕ ਜ਼ਮੀਨੀ ਪਰੋਗਰਾਮ ਪੇਸ਼ ਕਰਨਾ ਹੈ, ਸਗੋਂ ਅਜਿਹੇ ਅਮਲੀ ਕਦਮਾਂ ਦੀ ਵਕਾਲਤ ਕਰਨਾ ਵੀ ਹੈ ਜੋ ਰੂਸ ਦੇ ਕਿਰਸਾਨੀ ਇਨਕਲਾਬ ਦੇ ਹਿੱਤਾ ਵਿਚ ਫੌਰੀ ਤੌਰ ਤੇ ਚੁੱਕੇ ਜਾ ਸਕਣ।

ਸਾਨੂੰ ਲਾਜ਼ਮੀ ਤੌਰ ਤੇ ਸਾਰੀ ਜ਼ਮੀਨ ਦੇ ਕੌਮੀਕਰਣ ਦੀ ਮੰਗ ਕਰਨੀ ਚਾਹੀਦੀ ਹੈ, ਅਥਵਾ ਇਹ ਮੰਗ ਕਿ ਰਾਜ ਦੀ ਸਾਰੀ ਜ਼ਮੀਨ ਕੇਂਦਰੀ ਰਾਜ-ਸੱਤਾ ਦੀ ਜਾਇਦਾਦ ਬਣ ਜਾਵੇ। ਇਹ ਸੱਤਾ ਲਾਜ਼ਮੀ ਮੁੜ-ਵਸਾਊ ਜਮੀਨੀ ਫੰਡ ਦਾ ਆਧਾਰ ਆਦਿ ਨਿਸ਼ਚਿਤ ਕਰੇ; ਜੰਗਲਾਂ ਦੀ ਸੰਭਾਲ, ਜ਼ਮੀਨ ਦੇ ਵਿਕਾਸ ਆਦਿ ਬਾਰੇ ਕਾਨੂੰਨ ਪਾਸ ਕਰੇ, ਅਤੇ ਭੋਂ ਦੇ ਮਾਲਕ ਅਥਵਾ ਰਾਜ ਤੇ ਮੁਜ਼ਾਰੇ ਅਥਵਾ ਵਾਹਕ ਵਿਚਕਾਰ ਕਿਸੇ ਵੀ ਤਰ੍ਹਾਂ ਦੇ ਵਿਚੋਲਿਆਂ ਦੇ ਦਖਲ ਨੂੰ ਉੱਕਾ ਹੀ ਬੰਦ ਕਰੇ। (ਜ਼ਮੀਨ ਅਗਾਂਹ ਪਟੇ ਆਦਿ ਉਤੇ ਦੇਣ ਉਪਰ ਪਾਬੰਦੀ ਲਾਵੇ)। ਐਪਰ, ਜ਼ਮੀਨ ਦੀ ਵੰਡ ਨੂੰ ਜ਼ਮੀਨ ਦੀ ਮਾਲਕੀ ਨਿਰਧਾਰਤ ਕਰਨ ਵਾਲੇ ਸਥਾਨਕ ਕਾਨੂੰਨਾਂ ਨੂੰ ਤੇ ਜ਼ਮੀਨ ਦੀ ਮੁਜ਼ਾਰਾਗੀਰੀ ਦੀ ਮਿਆਦ ਨੂੰ ਨਿਰਧਾਰਤ ਕਰਨ ਦਾ ਕੰਮ ਕਿਸੇ ਵੀ ਹਾਲਤ ਵਿਚ, ਨੌਕਰਸ਼ਾਹਾਂ ਤੇ ਅਫਸਰਾਂ ਦੇ ਹੱਥਾਂ ਵਿਚ ਨਹੀਂ ਦੇਣਾ ਚਾਹੀਦਾ, ਸਗੋਂ ਇਹ ਸਾਰਾ ਕੁਝ ਪੂਰੀ ਤਰ੍ਹਾਂ ਕਿਸਾਨ ਪ੍ਰਤੀਨਿਧਾਂ ਦੀਆਂ

ਇਨਕਲਾਬੀ ਤੇ ਸਥਾਨਕ ਸੋਵੀਅਤਾਂ ਦੇ ਹੱਥ ਵਿਚ ਹੋਣਾ ਚਾਹੀਦਾ ਹੈ।

ਅਨਾਜ ਦੀ ਉਪਜ ਦੀ ਤਕਨੀਕ ਨੂੰ ਵਿਕਸਤ ਕਰਨ ਵਾਲੇ ਅਤੇ ਉਤਪਾਦਨ ਵਧਾਉਣ ਲਈ, ਅਤੇ ਜਨਤਕ ਕੰਟਰੋਲ ਅਧੀਨ ਵਿਸ਼ਾਲ ਪੱਧਰ ਉਪਰ ਯੁਕਤੀ-ਭਰਪੂਰ ਵਾਹੀ ਨੂੰ ਵਿਕਸਤ ਕਰਨ ਲਈ ਅਸੀਂ ਕਿਸਾਨ ਕਮੇਟੀਆਂ ਅੰਦਰ ਲਾਜ਼ਮੀ ਤੌਰ ਤੇ ਹਰ ਖੋਹੀ ਹੋਈ ਜ਼ਮੀਨੀ ਜਾਇਦਾਦ ਨੂੰ ਖੇਤ ਮਜਦੂਰਾਂ ਦੇ ਪ੍ਰਤੀਨਿਧਾ ਦੀਆ ਸੋਵੀਅਤਾ ਦੇ ਕੰਟਰੋਲ ਹੇਠਲੇ ਵੱਡੇ ਨਮੂਨੇ ਦੇ ਫਾਰਮਾਂ ਵਿਚ ਪਰਤਣ ਦਾ ਜਤਨ ਕਰੀਏ।

ਅਰਧ-ਬੁਰਜੂਆ ਨਾਅਰੇਬਾਜੀ ਦਾ ਤੇ ਸੋਸਲਿਸਟ-ਇਨਕਲਾਬੀਆਂ ਵਿਚ ਪਰਚੱਲਤ ਨੀਤੀ ਦਾ ਉੱਤਰ ਦੇਣ ਲਈ ਖਾਸ ਕਰ "ਗੁਜ਼ਾਰੇ" ਦੀ ਪੱਧਰ ਜਾਂ "ਕਿਰਤ" ਪੱਧਰ "ਜ਼ਮੀਨ ਦਾ ਸਮਾਜੀਕਰਣ" ਇਤਿਆਦਿ ਦਾ ਜਵਾਬ ਦੇਣ ਲਈ ਪਰੋਲਤਾਰੀ ਦੀ ਪਾਰਟੀ ਨੂੰ ਲਾਜ਼ਮੀ ਤੌਰ ਤੇ ਇਹ ਸਪੱਸਟ ਕਰਨਾ ਚਾਹੀਦਾ ਹੈ ਕਿ ਜਿਨਸੀ ਉਤਪਾਦਨ ਦੇ ਪ੍ਰਬੰਧ ਹੇਠ ਛੋਟੀ ਪੱਧਰ ਦੀ ਖੇਤੀ ਬਾੜੀ ਮਨੁੱਖਤਾ ਨੂੰ ਜਬਰ ਤੋਂ ਮੁਕਤ ਨਹੀਂ ਕਰ ਸਕਦੀ।

ਕਿਸਾਨ ਪ੍ਰਤੀਨਿਧਾ ਦੀਆ ਸੋਵੀਅਤਾ ਨੂੰ ਛੱਬਦੇ ਹੀ ਜਰੂਰੀ ਤੌਰ ਤੇ ਦੁਫਾੜ ਕਰਨ ਤੋਂ ਬਿਨਾ ਹੀ, ਪਰੋਲਤਾਰੀਏ ਦੀ ਪਾਰਟੀ ਨੂੰ ਲਾਜਮੀ ਤੌਰ ਤੇ ਖੇਤ ਮਜਦੂਰਾਂ ਦੇ ਪ੍ਰਤੀਨਿਧਾਂ ਦੀਆਂ ਵੱਖਰੀਆ ਸੋਵੀਅਤਾ ਅਤੇ ਗ਼ਰੀਬ (ਅਰਧ-ਪਰੋਲਤਾਰੀਆ) ਕਿਸਾਨਾ ਦੇ ਪ੍ਰਤੀਨਿਧਾਂ ਦੀਆਂ ਵੱਖਰੀਆ ਸੋਵੀਅਤਾ ਜਥੇਬੰਦ ਕਰਨ, ਜਾਂ ਘੱਟੋ ਘੱਟ, ਕਿਸਾਨ ਪ੍ਰਤੀਨਿਧਾ ਦੀਆ ਆਮ ਸੋਵੀਅਤਾਂ ਵਿਚ ਵੱਖਰੇ ਗਰੁੱਪਾ ਜਾ ਪਾਰਟੀਆ ਦੇ ਰੂਪ ਵਿਚ ਇਸ "ਜਮਾਤੀ ਹੈਸੀਅਤ" ਵਾਲੇ ਪ੍ਰਤੀਨਿਧਾਂ ਦੀਆ ਬਾਕਾਇਦਾ ਵੱਖਰੀਆ ਕਾਨਫਰੰਸਾ ਕਰਨ ਦੀ ਲੋੜ ਸਮਝਾਉਣੀ ਚਾਹੀਦੀ ਹੈ। ਨਹੀਂ ਤਾਂ ਕਿਸਾਨਾਂ ਸਬੰਧੀ ਨਰੋਦਨਿਕਾ ਦੀ ਕੱਠੀ ਸ਼ਹਿਦ-ਭਰੀ ਅਰਧ-ਬੁਰਜੂਆ ਆਮ ਗੱਲ-ਕੱਥ ਧਨੀ ਕਿਸਾਨਾ, ਜੋ ਸਿਰਫ ਪੂੰਜੀਪਤੀਆ ਦੀ ਹੀ ਇਕ ਵੰਨਗੀ ਹਨ, ਵਲੋਂ ਸੰਪਤੀ-ਰਹਿਤ ਲੋਕਾਂ ਨੂੰ ਧੋਖਾ ਦੇਣ ਦੀ ਢਾਲ ਦਾ ਕੰਮ ਦੇਵੇਗੀ।

ਬਹੁਤ ਸਾਰੇ ਸੋਸਲਿਸਟ ਇਨਕਲਾਬੀਆਂ ਅਤੇ ਕਿਰਤੀਆਂ ਤੇ ਫੌਜੀ ਜੁਆਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾ ਵਲੋਂ ਜੋ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਹੋਣ ਤਕ ਕਿਸਾਨਾਂ ਨੂੰ ਜ਼ਮੀਨੀ ਜਾਇਦਾਦਾ ਨਾ ਖੋਹਣ ਅਤੇ ਜਮੀਨੀ ਸੁਧਾਰ ਨਾ ਆਰੰਭਣ ਦਾ ਉਪਦੇਸ਼ ਦੇਂਦੀਆਂ ਹਨ, ਪਰਚਾਰੇ ਜਾਂਦੇ ਬੁਰਜੂਆ ਉਦਾਰਵਾਦੀ ਜਾ ਨਿਰੋਲ ਨੌਕਰਸ਼ਾਹ ਉਪਦੇਸ਼ਾਂ ਦਾ ਉੱਤਰ ਦੇਣਾ ਪਰੋਲਤਾਰੀਆਂ ਦੀ ਪਾਰਟੀ ਨੂੰ ਲਾਜਮੀ ਤੌਰ ਤੇ ਕਿਸਾਨਾਂ ਨੂੰ ਆਖਣਾ ਚਾਹੀਦਾ ਹੈ ਕਿ ਉਹ ਤੁਰਤ ਹੀ ਆਪਣੇ ਆਪ ਜਰਈ ਸੁਧਾਰ ਦੇ ਕੰਮ ਨੇਪਰੇ ਚਾੜ੍ਹਨ ਅਤੇ ਥਾਉਂ ਥਾਈਂ ਕਿਸਾਨ ਪ੍ਰਤੀਨਿਧਾਂ ਦੇ ਫੈਸਲੇ ਅਨੁਸਾਰ ਫੌਰੀ ਤੌਰ ਤੇ ਜਮੀਨੀ ਜਾਇਦਾਦਾਂ ਖੋਹ ਲੈਣ।

ਇਸ ਦੇ ਨਾਲ ਹੀ ਮੋਰਚੇ ਉਤੇ ਲੜਦੇ ਫੌਜੀ ਜੁਆਨਾਂ ਖ਼ਾਤਰ ਅਤੇ ਸ਼ਹਿਰਾਂ ਖਾਤਰ ਅੰਨ ਦੀ ਉਪਜ ਵਧਾਉਣ ਦੀ ਲੋੜ ਉਤੇ ਤੇ ਪਸ਼ੂਆਂ, ਸੰਦਾਂ, ਮਸ਼ੀਨਰੀ, ਇਮਾਰਤਾ ਆਦਿ ਨੂੰ ਕਿਸੇ ਤਰ੍ਹਾਂ ਦਾ ਕੋਈ ਵੀ ਨੁਕਸਾਨ ਨਾ ਪੁਚਾਉਣ ਦੀ ਲੋੜ ਉਤੇ ਜ਼ੋਰ ਦੇਣਾ ਅਤਿਅੰਤ ਜ਼ਰੂਰੀ ਹੈ।

14. ਜਿਥੋਂ ਤੱਕ ਕੌਮੀ ਸਵਾਲ ਦਾ ਸਬੰਧ ਹੈ, ਪਰੋਲਤਾਰੀਏ ਦੀ ਪਾਰਟੀ ਨੂੰ ਸਭ ਤੋਂ ਪਹਿਲਾਂ ਲਾਜ਼ਮੀ ਤੌਰ ਤੇ ਉਹਨਾਂ ਸੱਭ ਕੌਮਾਂ ਤੇ ਲੋਕਾਂ ਦੀ ਫੌਰੀ ਤੌਰ ਤੇ ਰੂਸ ਤੋਂ ਅਲਹਿਦਗੀ ਦੀ ਪੂਰਨ ਸੁਤੰਤਰਤਾ ਦਾ ਐਲਾਨ ਕਰਨ ਦਾ ਪਰਚਾਰ ਕਰਨਾ ਚਾਹੀਦਾ ਹੈ, ਜਿਨ੍ਹਾਂ ਨੂੰ ਜ਼ਾਰਸ਼ਾਹੀ ਨੇ ਦਬਾ ਰਖਿਆ ਸੀ, ਜਾਂ ਜੋ ਰਾਜ ਕਾਲ ਜ਼ਬਰਦਸਤੀ ਰਲਾਏ ਗਏ ਸਨ ਜਾਂ ਜਬਰੀ ਤੌਰ ਤੇ ਰਾਜ ਦੀਆਂ ਹੱਦਾਂ ਅੰਦਰ ਰੱਖੇ ਗਏ ਸਨ, ਅਥਵਾ ਹਥਿਆਏ ਗਏ ਸਨ।

ਹਥਿਆਏ ਇਲਾਕੇ ਤਿਆਗਣ ਨਾਲ ਸੰਬੰਧਤ ਸਭ ਬਿਆਨ, ਐਲਾਨ ਤੇ ਉਪਦੇਸ਼-ਪੱਤਰ ਜੋ ਲੋਕਾਂ ਦੇ ਅਲਹਿਦਗੀ ਦੇ ਅਧਿਕਾਰ ਦੀ ਪਰਵਾਨਗੀ ਦੀ ਗੱਲ ਨਹੀਂ ਕਰਦੇ, ਲੋਕਾਂ ਨੂੰ, ਧੋਖਾ ਦੇਣ ਵਾਲੇ ਬੁਰਜੂਆ ਢੋਂਗ ਤੋਂ ਬਿਨਾਂ ਕੁਝ ਨਹੀਂ, ਜਾਂ ਇਹ ਨਿਰੀਆਂ ਅਰਧ-ਬੁਰਜੂਆ ਪਵਿੱਤਰ ਖ਼ਾਹਸ਼ਾਂ ਹਨ ।

ਪਰੋਲਤਾਰੀ ਦੀ ਪਾਰਟੀ ਜਿੰਨਾ ਵੀ ਸੰਭਵ ਹੋਏ ਵੱਡਾ ਰਾਜ ਸਿਰਜਣ ਦਾ ਜਤਨ ਕਰਦੀ ਹੈ, ਕਿਉਂਕਿ ਇਸ ਤਰ੍ਹਾਂ ਕਰਨਾ ਮਜ਼ਦੂਰ ਜਮਾਤ ਲਈ ਲਾਹੇਵੰਦਾ ਹੈ; ਇਹ ਕੌਮਾਂ ਨੂੰ ਇਕ ਦੂਸਰੀ ਦੇ ਹੋਰ ਨੇੜੇ ਲਿਆਉਣ ਅਤੇ ਉਨ੍ਹਾਂ ਵਿਚ ਵਧੇਰੇ ਇਕਮਿਕਤਾ ਲਿਆਉਣ ਦਾ ਜਤਨ ਕਰਦੀ ਹੈ । ਪਰ ਇਹ ਨਿਸ਼ਾਨਾ ਤਸ਼ੱਦਦ ਨਾਲ ਨਹੀਂ ਸਗੋਂ ਸਭਨਾਂ ਕੌਮਾਂ ਦੇ ਮਜ਼ਦੂਰਾਂ ਤੇ ਮਿਹਨਤੀ ਲੋਕਾਂ ਦੀ ਆਜ਼ਾਦਾਨਾ ਭਰੱਪਣ ਵਾਲੀ ਯੂਨੀਅਨ ਦੁਆਰਾ ਪ੍ਰਾਪਤ ਕਰਨ ਦੀ ਇੱਛਾ ਰੱਖਦੀ ਹੈ । ਰੂਸੀ ਰੀਪਬਲਿਕ ਜਿੰਨੀ ਵਧੇਰੇ ਜਮਹੂਰੀ ਹੋਵੇਗੀ ਤੇ ਜਿੰਨੀ ਸਫਲਤਾ ਨਾਲ ਇਹ ਆਪਣੇ ਆਪ ਨੂੰ ਕਿਰਤੀਆਂ ਤੇ ਕਿਸਾਨ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਦੀ ਜਮਹੂਰੀਅਤ ਵਿਚ ਜਥੇਬੰਦ ਕਰੇਗੀ, ਸਭਨਾਂ ਕੌਮਾਂ ਦੇ ਮਿਹਨਤਕਸ਼ ਲੋਕਾਂ ਰੀਪਬਲਿਕ ਨੂੰ ਸਵੈ-ਇੱਛਾ ਨਾਲ ਆਪਣੇ ਵੱਲ ਖਿੱਚ ਲੈਣ ਦੀ ਉਸ ਦੀ ਤਾਕਤ ਉਤਨੀ ਹੀ ਵੱਧ ਹੋਏਗੀ ।

ਵੱਖ ਹੋ ਸਕਣ ਦੀ ਪੂਰਨ ਸੁਤੰਤਰਤਾ, ਵਿਸ਼ਾਲ ਤੋਂ ਵਿਸ਼ਾਲ ਸਥਾਨਕ (ਅਤੇ ਕੌਮੀ) ਸਵਾਧੀਨਤਾ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਪੂਰਨ ਗਰੰਟੀ ਇਨਕਲਾਬੀ ਪਰੋਲਤਾਰੀਆਂ ਦਾ ਇਹ ਪਰੋਗਰਾਮ ਹੈ ।

## ਬੈਂਕਾਂ ਅਤੇ ਪੂੰਜੀਵਾਦੀ ਸਿੰਡੀਕੇਟਾਂ ਦਾ ਕੌਮੀ-ਕਰਣ

15. ਪਰੋਲਤਾਰੀਏ ਦੀ ਪਾਰਟੀ ਕਿਸੇ ਵੀ ਹਾਲਤ ਵਿਚ ਛੋਟੀ ਕਿਸਾਨੀ ਵਾਲੇ ਕਿਸੇ ਦੇਸ਼ ਵਿਚ ਸਮਾਜਵਾਦ "ਲਾਗੂ ਕਰਨ" ਦਾ ਨਿਸਾਨਾ ਆਪਣੇ ਸਾਹਮਣੇ ਰਹੀਂ ਰੱਖ ਸਕਦੀ ਜਿੰਨਾ ਚਿਰ ਤਕ ਵਸੋਂ ਦੀ ਭਾਰੀ ਬਹੁਸੰਮਤੀ ਸਮਾਜਵਾਦੀ ਇਨਕਲਾਬ ਦੀ ਲੋੜ ਨੂੰ ਮਹਿਸੂਸ ਨਾ ਕਰਨ ਲੱਗ ਪਏ ।

ਪਰ ਕੁਝ ਬੁਰਜੂਆ ਮਿਥਿਆਵਾਦੀ ਹੀ "ਲਗ ਪਗ ਮਾਰਕਸੀ" ਸ਼ਬਦਾਵਲੀ ਹੇਠਾਂ ਲੁਕ ਕੇ, ਉਪਰੋਕਤ ਤੱਥ ਵਿਚੋਂ ਅਜਿਹੇ ਫੌਰੀ ਇਨਕਲਾਬੀ ਕਦਮਾਂ ਨੂੰ ਪਿਛਾਂਹ ਪਾਉਣ ਦੀ ਨੀਤੀ ਨੂੰ ਹੱਕੀ ਠਹਿਰਾ ਸਕਦੇ ਹਨ, ਜਿਨ੍ਹਾ ਲਈ ਹਾਲਾਤ ਪੂਰੀ ਤਰ੍ਹਾਂ ਪੱਕ ਚੁੱਕੇ ਹਨ, ਇਹ ਕਦਮ ਅਜਿਹੇ ਹਨ ਜਿਹੜੇ ਕਈ ਬੁਰਜੂਆ ਰਾਜਾਂ ਵਾਲੇ ਜੰਗ ਦੌਰਾਨ ਅਕਸਰ ਚੁੱਕੇ ਗਏ ਹਨ ਤੇ ਆ ਰਹੀ ਭਰਪੂਰ ਆਰਥਕ ਗੜਬੜ ਤੇ ਕਾਲ ਨੂੰ ਰੋਕਣ ਲਈ ਅਤਿਅੰਤ ਜ਼ਰੂਰੀ ਹਨ ।

ਜ਼ਮੀਨ, ਸਭ ਬੈਂਕਾਂ ਅਤੇ ਪੂੰਜੀਪਤੀ ਸਿੰਡੀਕੇਟਾਂ ਦਾ ਕੌਮੀਕਰਣ ਜਾਂ ਘੱਟੋ ਘੱਟ ਉਹਨਾਂ ਉਪਰ ਕਿਰਤੀਆਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਦਾ ਫੌਰੀ ਕੰਟਰੋਲ ਸਥਾਪਤ ਕਰਨ ਵਾਲੇ ਕਦਮਾਂ ਉਪਰ—ਜੋ ਕਿ ਕਿਸੇ ਤਰ੍ਹਾਂ ਵੀ ਸਮਾਜਵਾਦ "ਲਾਗੂ" ਕਰਨ ਦੇ ਤੁਲ ਨਹੀਂ—ਪੂਰੀ ਤਰ੍ਹਾਂ ਜ਼ੋਰ ਦਿੱਤਾ ਜਾਵੇ ਅਤੇ ਜਦੋਂ ਵੀ ਸੰਭਵ ਹੋਏ ਇਨਕਲਾਬੀ ਢੰਗ ਨਾਲ ਉਨ੍ਹਾਂ ਨੂੰ ਨੇਪਰੇ ਚਾੜ੍ਹਿਆ ਜਾਏ । ਅਜਿਹੇ ਕਦਮਾਂ ਤੋਂ ਬਿਨਾਂ, ਜੋ ਸਮਾਜਵਾਦ ਵੱਲ ਕੁਝ ਕਦਮ ਹੀ ਹਨ ਅਤੇ ਜੋ ਆਰਥਕ ਤੌਰ ਤੇ ਪੂਰੀ ਤਰ੍ਹਾਂ ਨੇਪਰੇ ਚਾੜ੍ਹਨ ਯੋਗ ਹਨ, ਜੰਗ ਵਲੋਂ ਲਾਏ ਜ਼ਖਮਾਂ ਨੂੰ ਰਾਜ਼ੀ ਕਰ ਸਕਣਾ ਤੇ ਭਾਰੀ ਤਬਾਹੀ ਨੂੰ ਟਾਲ ਸਕਣਾ ਉੱਕਾ ਹੀ ਅਸੰਭਵ ਹੋਏਗਾ । ਇਨਕਲਾਬੀ ਪਰੋਲਤਾਰੀਏ ਦੀ ਪਾਰਟੀ ਉਹਨਾਂ ਪੂੰਜੀਪਤੀਆਂ ਅਤੇ ਬੈਂਕਰਾਂ ਦੇ ਮਣਾਂ-ਮੂੰਹੀਂ ਮੁਨਾਫ਼ਿਆਂ ਉਪਰ ਹੱਥ ਪਾਉਣ ਤੋਂ ਕਦੇ ਨਹੀਂ

ਭਿਜਕੋਫ਼ੀ ਜਿਹੜੇ ਬਹੁਤ ਹੀ ਬਦਨਾਮੀ ਵਾਲੇ ਢੰਗਾਂ ਨਾਲ ਜੰਗ ਵਿਚੋਂ ਆਪਣੇ ਆਪ ਨੂੰ ਅਮੀਰ ਬਣਾ ਰਹੇ ਹਨ।

## ਸੋਸਲਿਸਟ ਇੰਟਰਨੈਸ਼ਨਲ ਅੰਦਰਲੀ ਅਵਸਥਾ

16. ਰੂਸ ਦੀ ਮਜ਼ਦੂਰ ਜਮਾਤ ਦੀਆਂ ਕੌਮਾਂਤਰੀ ਜ਼ਿਮੇਵਾਰੀਆਂ ਐਨ ਹੁਣ ਹੀ ਉਚੇਚੇ ਜ਼ੋਰ ਨਾਲ ਸਾਹਮਣੇ ਆ ਰਹੀਆਂ ਹਨ।

ਅੱਜ ਕਲ੍ਹ ਕੇਵਲ ਸੁਸਤ ਆਦਮੀ ਹੀ ਕੌਮਾਂਤਰੀਵਾਦ ਦਾ ਹੁੰਗਾਰਾ ਨਹੀਂ ਭਰਦੇ। ਏਥੋਂ ਤੱਕ ਕਿ ਵੱਡੇ ਕੌਮਪ੍ਰਸਤ, ਸੁਰੱਖਿਆਵਾਦੀ, ਪਲੈਖ਼ਾਨੋਵ ਤੇ ਪੋਤਰੇਸੋਵ ਵੀ ਤੇ ਕੇਰੈਨਸਕੀ ਵੀ ਆਪਣੇ ਆਪ ਨੂੰ ਕੌਮਾਂਤਰੀਵਾਦੀ ਅਖਵਾਉਂਦੇ ਹਨ। ਇਸ ਲਈ ਪਰੋਲਤਾਰੀਆਂ ਦੀ ਪਾਰਟੀ ਦਾ ਇਹ ਹੋਰ ਵੀ ਜ਼ਰੂਰੀ ਫ਼ਰਜ਼ ਬਣ ਜਾਂਦਾ ਹੈ ਕਿ ਉਹ ਜ਼ਬਾਨੀ ਜਮ੍ਹਾਂ ਖ਼ਰਚ ਵਾਲੇ ਕੌਮਾਂਤਰੀਵਾਦ ਵਿਰੁਧ ਅਮਲ ਦੇ ਕੌਮਾਂਤਰੀਵਾਦ ਨੂੰ ਸਪੱਸ਼ਟ, ਠੀਕ ਠੀਕ ਤੇ ਨਿਸਚਿਤ ਰੂਪ ਵਿਚ ਪੇਸ਼ ਕਰੇ।

ਸਭਨਾਂ ਦੇਸ਼ਾਂ ਦੇ ਕਿਰਤੀਆਂ-ਨੂੰ ਨਿਰੀਆਂ ਅਪੀਲਾਂ, ਕੌਮਾਂਤਰੀਵਾਦ ਪ੍ਰਤੀ ਵਫ਼ਾਦਾਰੀ ਦੇ ਖ਼ਾਲੀ ਭਰੋਸੇ, ਵਿਭਿੰਨ ਜੰਗਬਾਜ਼ ਦੇਸਾਂ ਵਿਚ ਇਨਕਲਾਬੀ ਪਰੋਲਤਾਰੀਆਂ ਦੇ ਕੰਮਾਂ ਦੀ "ਲੜੀ" ਨੂੰ ਨਿਸਚਿਤ ਕਰਨ ਲਈ ਸਿੱਧੇ ਜਾਂ ਅਸਿੱਧੇ ਯਤਨ, ਇਨਕਲਾਬੀ ਸੰਘਰਸ਼ ਦੇ ਸਵਾਲ ਉਪਰ ਜੰਗਬਾਜ਼ ਦੇਸ਼ਾਂ ਦੇ ਸੋਸ਼ਲਿਸਟਾਂ ਵਿਚਕਾਰ "ਸਮਝੌਤੇ" ਕਰਨ ਦੀਆਂ ਅਣਥੱਕ ਕੋਸ਼ਿਸ਼ਾਂ, ਅਮਨ ਮੁਹਿੰਮ ਲਈ ਸੋਸ਼ਲਿਸਟ ਕਾਂਗਰਸਾਂ ਸੱਦਣ ਦਾ ਸਾਰਾ ਰੌਲਾ, ਇਤਿਆਦ—ਅਜਿਹੇ ਵਿਚਾਰਾਂ, ਜਤਨਾਂ ਦੇ ਘਾੜੇ ਭਾਵੇਂ ਕਿੰਨੇ ਵੀ ਸੁਹਿਰਦ ਕਿਉਂ ਨਾ ਹੋਣ—ਜਿਥੋਂ ਤੱਕ ਉਹਨਾਂ ਦੇ ਬਾਹਰਮੁਖੀ ਮਹੱਤਵ ਦਾ ਸੰਬੰਧ ਹੈ, ਨਿਰੀ ਲੱਫਾਜ਼ੀ ਤੋਂ ਵੱਧ ਕੁਝ ਨਹੀਂ। ਜਾਂ ਵੱਧ ਤੋਂ ਵੱਧ ਇਹ ਮਾਸੂਮ ਤੇ ਪਵਿੱਤਰ ਇੱਛਾਵਾਂ ਹਨ ਜੋ ਵੱਡੇ-ਕੌਮਪ੍ਰਸਤਾਂ ਵਲੋਂ ਧੋਖਾ ਦੇਣ ਲਈ ਇਕ ਪਰਦੇ ਦਾ ਕੰਮ ਕਰਦੀਆਂ ਹਨ। ਫ਼ਰਾਂਸੀਸੀ ਸੋਸ਼ਲ ਵੱਡੇ ਕੌਮਪ੍ਰਸਤ, ਜੋ ਪਾਰਲੀਮਾਨੀ ਹੱਥ-ਫੇਰੀ ਦੇ ਢੰਗਾਂ ਵਿਚ ਬਹੁਤ ਨਿਪੁੰਨ ਹਨ, ਗੂੰਜਵੀਆਂ ਕੌਮਾਂਤਰੀਵਾਦੀ ਅਖੌਤਾਂ ਦਾ ਰੌਲਾ ਪਾਉਣ ਅਤੇ ਉਸ ਦੇ ਨਾਲ ਸਾਮਰਾਜੀ ਜੰਗ ਚਲਾ ਰਹੀ ਸਰਕਾਰ ਵਿਚ ਪਦਵੀਆ ਪ੍ਰਾਪਤ ਕਰਨ, ਕਰਜ਼ਿਆਂ ਆਦਿ ਦੇ ਹੱਕ ਵਿਚ ਵੋਟ ਪਾਉਣ (ਜਿਵੇਂ ਚਖੀਦਜ਼ੇ, ਸਕੋਬੇਲੇਵ, ਜ਼ਰੇਤੇਲੀ ਅਤੇ ਸਤੇਕਲੋਵ ਰੂਸ ਵਿਚ ਕਰਦੇ ਆ ਰਹੇ ਹਨ) ਤੇ ਆਪਣੇ ਦੇਸ਼ ਵਿਚ ਇਨਕਲਾਬੀ ਸੰਘਰਸ਼ ਦੀ ਵਿਰੋਧਤਾ ਕਰਨ ਰਾਹੀਂ ਨਾ ਮੰਨੀ ਜਾ ਸਕਣ ਵਾਲੀ ਹੱਦ ਤਕ ਸੋਸ਼ਲਿਜ਼ਮ ਤੇ ਕੌਮਾਂਤਰੀਵਾਦ ਨਾਲ ਨੰਗਾ ਚਿੱਟਾ ਦਗ਼ਾ ਕਰ ਰਹੇ ਹਨ।

ਭਲੇ ਪੁਰਖ ਅਕਸਰ ਸਾਮਰਾਜੀ ਸੰਸਾਰ ਜੰਗ ਦੀ ਵਹਿਸ਼ੀ ਤੇ ਜੰਗਲੀ ਸਥਿਤੀ ਨੂੰ ਭੁੱਲ ਜਾਂਦੇ ਹਨ। ਇਹ ਸਥਿਤੀ ਲੱਫਾਜ਼ੀ ਨੂੰ ਬਰਦਾਸ਼ਤ ਨਹੀਂ ਕਰਦੀ ਅਤੇ ਮਾਸੂਮ ਤੇ ਪਵਿੱਤਰ ਇੱਛਾਵਾਂ ਦਾ ਮੌਜੂ ਉਡਾਉਂਦੀ ਹੈ।

ਕੇਵਲ ਇਕ ਹੀ ਕਿਸਮ ਦਾ ਕੌਮਾਂਤਰੀਵਾਦੀ ਹਕੀਕੀ ਕੌਮਾਂਤਰੀਵਾਦ ਹੈ, ਅਤੇ ਉਹ ਹੈ ਆਪਣੇ ਦੇਸ਼ ਦੀ ਇਨਕਲਾਬੀ ਲਹਿਰ ਤੇ ਇਨਕਲਾਬੀ ਸੰਘਰਸ਼ ਦੇ ਵਿਕਾਸ ਲਈ ਦਿਲੋਂ ਮਨੋਂ ਕੰਮ ਕਰਨਾ ਤੇ ਇਸ ਸੰਘਰਸ਼ ਦੀ (ਪਰਚਾਰ, ਹਮਦਰਦੀ ਤੇ ਪਦਾਰਥਕ ਸਹਾਇਤਾ ਦੁਆਰਾ) ਮਦਦ ਕਰਨਾ। ਬਿਨਾਂ ਕਿਸੇ ਛੋਟ ਦੇ ਸਿਰਫ਼ ਇਹੋ ਨੀਤੀ ਹਰ ਦੇਸ਼ ਵਿਚ ਕੌਮਾਂਤਰੀਵਾਦ ਦੀ ਨੀਤੀ ਹੈ।

ਕੋਈ ਵੀ ਹੋਰ ਗੱਲ ਨਿਰਾ ਧੋਖਾ ਅਤੇ ਮੇਨਿਲੋਵਿਜ਼ਮ ਹੈ।

ਜੰਗ ਦੇ ਇਹਨਾਂ ਦੋ ਕੁ ਵਰ੍ਹਿਆਂ ਦੌਰਾਨ ਹਰ ਦੇਸ਼ ਵਿਚ ਕੌਮਾਂਤਰੀ ਸੋਸ਼ਲਿਸਟ ਤੇ ਮਜ਼ਦੂਰ ਜਮਾਤ ਲਹਿਰ ਵਿਚ ਤਿੰਨ ਰੁਝਾਣ ਆਏ ਹਨ। ਜੋ ਕੋਈ ਅਸਲੀਅਤ ਨੂੰ ਅੱਖੋਂ ਪਰੋਖਾ

ਕਢਦਾ ਅਤੇ ਇਹਨਾਂ ਤਿੰਨਾਂ ਰੁਝਾਣਾਂ ਨੂੰ ਵੇਖਣ ਸਮਝਣ ਅਤੇ ਹਕੀਕੀ ਤੌਰ ਤੇ ਕੌਮਾਂਤਰੀਵਾਦੀ ਰੁਝਾਣ ਦੇ ਹੱਕ ਵਿਚ ਸੰਘਰਸ਼ ਕਰਨ ਤੋਂ ਇਨਕਾਰ ਕਰਦਾ ਹੈ, ਉਹ ਨਿਸਚੇ ਹੀ ਨਿਪੁੰਸਕਤਾ, ਨਿਰਾਸਤਾ ਅਤੇ ਗਲਤੀਆਂ ਦਾ ਸ਼ਿਕਾਰ ਹੋਵੇਗਾ ।

ਇਹ ਤਿੰਨ ਰੁਝਾਣ ਹਨ :—

1. ਸੋਸ਼ਲ ਵੱਡ-ਕੌਮਪ੍ਰਸਤ ਅਥਵਾ ਲਫਜ਼ਾਂ ਦੇ ਸੋਸ਼ਲਿਸਟ ਅਤੇ ਅਮਲਾਂ ਦੇ ਵੱਡ-ਕੌਮਪ੍ਰਸਤ ਉਹ ਲੋਕ ਜੋ ਇਕ ਸਾਮਰਾਜੀ ਜੰਗ ਵਿਚ (ਇਸ ਤੋਂ ਵੀ ਉਪਰ ਅਜੋਕੀ ਸਾਮਰਾਜੀ ਜੰਗ ਵਿਚ) "ਪਿਤਾ ਭੂਮੀ ਦੀ ਰੱਖਿਆ" ਨੂੰ ਸਵੀਕਾਰ ਕਰਦੇ ਹਨ ।

ਇਹ ਲੋਕ ਸਾਡੇ ਜਮਾਤੀ ਦੁਸ਼ਮਣ ਹਨ । ਇਹ ਬੁਰਜੂਆਜ਼ੀ ਨਾਲ ਰਲ ਚੁੱਕੇ ਹਨ ।

ਇਹਨਾਂ ਸਭਨਾਂ ਦੇਸ਼ਾਂ ਦੀਆਂ ਸਰਕਾਰਾਂ ਸੋਸ਼ਲ ਡੈਮੋਕਰੈਟਿਕ ਪਾਰਟੀਆਂ ਦੇ ਅਧਿਕ੍ਰਤ ਆਗੂਆਂ ਦੀ ਬਹੁਸੰਮਤੀ ਹਨ ਜਿਵੇਂ ਕਿ ਰੂਸ ਵਿਚ—ਪਲੈਖਾਨੋਵ ਐਂਡ ਕੰਪਨੀ, ਜਰਮਨੀ ਵਿਚ ਸ਼ਿਦੇਮਾਨ, ਫਰਾਂਸ ਵਿਚ ਰਨਾਦੋਲ, ਗੁਸ਼ਦੇ ਅਤੇ ਸੈਂਬਾਤ, ਇਟਲੀ ਵਿਚ ਬਿਸੋਲਾਤੀ ਐਂਡ ਕੰਪਨੀ, ਬਰਤਾਨੀਆ ਵਿਚ ਹਾਈਡਮਾਨ ਵਰਗੇ ਫੇਬੀਅਨ ਅਤੇ "ਲੇਬਰ ਪਾਰਟੀ" ਦੇ ਆਗੂ, ਸਵੀਡਨ ਵਿਚ ਬਰਾਟਿੰਗ ਐਂਡ ਕੰਪਨੀ, ਹਾਲੈਂਡ ਵਿਚ ਟਰੋਲਸਟਰਾ ਤੇ ਉਸ ਦੀ ਪਾਰਟੀ, ਡੈਨਮਾਰਕ ਵਿਚ ਸਟਾਨਿੰਗ ਤੇ ਉਸ ਦੀ ਪਾਰਟੀ, ਅਮਰੀਕਾ ਵਿਚ ਵਿਕਟਰ ਬਰਗਰ ਤੇ "ਮਾਤ ਭੂਮੀ ਦੇ ਦੂਸਰੇ ਰੱਖਿਅਕ", ਇਤਿਆਦਿ ।

2. ਦੂਸਰਾ ਰੁਝਾਣ, ਜੋ "ਕੇਂਦਰ" ਕਰ ਕੇ ਜਾਣਿਆ ਜਾਂਦਾ ਹੈ, ਉਹਨਾਂ ਲੋਕਾਂ ਕਾਰਨ ਹੈ ਜੋ ਸੋਸ਼ਲ ਵੱਡ-ਕੌਮਪ੍ਰਸਤਾਂ ਅਤੇ ਹਕੀਕੀ ਕੌਮਾਂਤਰੀਵਾਦੀਆਂ ਵਿਚਕਾਰ ਡਿੱਕੋ ਡੋਲੇ ਖਾਂਦੇ ਹਨ ।

"ਕੇਂਦਰ" ਵਾਲੇ ਸਾਰੇ ਲੋਕ ਸਹੁੰਆਂ ਖਾਂਦੇ ਹਨ ਅਤੇ ਐਲਾਨ ਕਰਦੇ ਹਨ ਕਿ ਉਹ "ਮਾਰਕਸਵਾਦੀ" ਅਤੇ ਕੌਮਾਂਤਰੀਵਾਦੀ ਹਨ, ਕਿ ਉਹ ਅਮਨ ਦੇ ਸਰਕਾਰਾਂ ਉਪਰ ਹਰ ਪਰਕਾਰ ਦਾ "ਦਬਾਅ" ਪਾਉਣ ਦੇ ਹਰ ਢੰਗ ਨਾਲ ਇਹ ਮੰਗ ਕਰਨ ਦੇ, ਕਿ "ਉਹਨਾਂ ਦੀਆਂ ਸਰਕਾਰਾਂ ਅਮਨ ਲਈ ਲੋਕਾਂ ਦੀ ਇੱਛਾ ਦਾ ਪਤਾ ਲਾਉਣ" ਦੇ ਹੱਕ ਵਿਚ ਹਨ, ਕਿ ਉਹ ਸਭ ਪ੍ਰਕਾਰ ਦੀ ਅਮਨ ਮੁਹਿੰਮ, ਇਲਾਕੇ ਹਥਿਆਉਣ ਤੋਂ ਬਿਨਾਂ ਅਮਨ, ਆਦਿ ਦੇ ਹੱਕ ਵਿਚ ਹਨ—ਅਤੇ ਸੋਸ਼ਲ ਵੱਡ-ਕੌਮਪ੍ਰਸਤਾਂ ਨਾਲ ਵੀ ਅਮਨ ਕਰਨ ਦੇ ਪੱਖੀ ਹਨ । "ਕੇਂਦਰ" ਏਕਤਾ ਦਾ ਪੱਖੀ ਹੈ । "ਕੇਂਦਰ" ਦੁਫੇੜ ਦੇ ਵਿਰੁੱਧ ਹੈ ।

"ਕੇਂਦਰ" ਮਿੱਠੀਆਂ ਅਰਧ-ਬੁਰਜੂਆ ਅਖਾਉਤਾਂ, ਸ਼ਬਦਾਂ ਵਿਚ ਕੌਮਾਂਤਰੀਵਾਦ ਅਤੇ ਅਮਲਾਂ ਵਿਚ ਕਾਇਰਤਾ ਵਾਲੀ ਮੌਕਾਪ੍ਰਸਤੀ ਅਤੇ ਸੋਸ਼ਲ ਵੱਡ-ਕੌਮਪ੍ਰਸਤਾ ਦੇ ਖੁਸ਼ਾਮਦੀਆਂ ਦਾ ਮੰਡਲ ਹੈ ।

ਗੱਲ ਦਾ ਤੱਤ ਇਹ ਕਿ "ਕੇਂਦਰ" ਆਪਣੇ ਦੇਸ਼ ਦੀ ਸਰਕਾਰ ਦੇ ਵਿਰੁੱਧ ਇਨਕਲਾਬ ਦੀ ਲੋੜ ਬਾਰੇ ਸਹਿਮਤ ਨਹੀਂ । ਇਹ ਇਨਕਲਾਬ ਦਾ ਪਰਚਾਰ ਨਹੀਂ ਕਰਦਾ । ਇਹ ਸੁਹਿਰਦਤਾ ਨਾਲ ਇਨਕਲਾਬੀ ਸੰਘਰਸ਼ ਨਹੀਂ ਛੇੜਦਾ ਅਤੇ ਅਜੇਹੇ ਸੰਘਰਸ਼ ਨੂੰ ਟਾਲਣ ਲਈ ਨਿਗੂਣੇ ਪਰਮ-ਮਾਰਕਸਵਾਦੀ ਬਹਾਨੇ ਲੱਭਦਾ ਹੈ ।

ਸੋਸ਼ਲ ਵੱਡ-ਕੌਮਪ੍ਰਸਤ ਸਾਡੇ ਜਮਾਤੀ ਦੁਸ਼ਮਣ ਹਨ । ਇਹ ਮਜ਼ਦੂਰ ਜਮਾਤ ਲਹਿਰ ਦੇ ਇਕ ਤਬਕੇ, ਗਰੋਹ ਜਾਂ ਭਾਗ ਦੀ ਪ੍ਰਤੀਨਿਧਤਾ ਕਰਦੇ ਹਨ ਜਿਸ ਨੂੰ ਬਾਹਰ ਮੁੱਖੀ ਤੋਰ ਤੇ ਬੁਰਜੂਆਜ਼ੀ ਵਲੋਂ (ਚੰਗੀਆਂ ਤਨਖਾਹਾਂ ਤੇ ਮਾਣ ਦੀਆਂ ਪੁਜ਼ੀਸ਼ਨਾਂ ਇਤਿਆਦ ਰਾਹੀਂ) ਰਿਸ਼ਵਤ ਦਿੱਤੀ ਗਈ

ਹੈ ਅਤੇ ਜੋ ਆਪਣੀ ਬੁਰਜੂਆਜ਼ੀ ਨੂੰ ਛੋਟੇ ਤੇ ਕਮਜ਼ੋਰ ਲੋਕਾਂ ਨੂੰ ਦਬਾਉਣ ਤੇ ਉਹਨਾਂ ਦੀ ਲੁੱਟ ਖਸੁੱਟ ਕਰਨ ਵਿਚ ਸਹਾਇਕ ਹੁੰਦਾ ਹੈ ਅਤੇ ਪੂੰਜੀਵਾਦੀ ਮੁਨਾਫ਼ਿਆਂ ਦੀ ਵੰਡ ਲਈ ਲੜਦਾ ਹੈ।

"ਕੇਂਦਰ" ਨਿੱਤ-ਕਰਮ ਦੇ ਪੂਜਕਾਂ ਦਾ ਸਮੂਹ ਹੈ ਜਿਹੜੇ ਵਿਧਾਨਕਤਾ ਦੀ ਬੀਮਾਰੀ ਵਿਚ ਖੁਰੇ ਹੋਏ ਪਾਰਲੀਮਾਨੀ ਵਾਤਾਵਰਣ ਵਿਚ ਭ੍ਰਿਸ਼ਟੇ ਹੋਏ ਲੋਕ ਹਨ। ਇਹ ਉਹ ਨੌਕਰਸ਼ਾਹ ਹਨ ਜੋ ਸੁਰੱਖਿਅਤ ਪਦਵੀਆਂ ਅਤੇ ਸੌਖੀਆਂ ਨੌਕਰੀਆਂ ਦੇ ਆਦੀ ਹੋ ਚੁੱਕੇ ਹਨ। ਇਤਿਹਾਸਕ ਤੇ ਆਰਥਕ ਦ੍ਰਿਸ਼ਟੀ ਤੋਂ ਇਹ ਕੋਈ ਵੱਖਰਾ ਤਬਕਾ ਨਹੀਂ ਸਗੋਂ ਮਜ਼ਦੂਰ ਜਮਾਤ ਲਹਿਰ ਦੇ ਪਿਛਲੇ ਪੜਾਅ—1871 ਤੋਂ 1914 ਵਿਚਲਾ ਪੜਾਅ ਜਿਸ ਨੇ ਮਜ਼ਦੂਰ ਜਮਾਤ ਨੂੰ ਬਹੁਤ ਕੁਝ ਵਡਮੁੱਲਾ ਦਿੱਤਾ, ਖ਼ਾਸ ਕਰ ਵੱਡੀ ਸਗੋਂ ਬਹੁਤ ਵਡੇਰੀ ਪੱਧਰ ਉਪਰ ਸਹਿਜੇ ਨਿਰੰਤਰ ਤੇ ਨਿਯਮਬੱਧ ਜਥੇਬੰਦਕ ਕੰਮ ਦੀ ਅਤੀ ਲੋੜੀਂਦੀ ਮੁਹਾਰਤ ਪ੍ਰਦਾਨ ਕੀਤੀ—ਤੋਂ ਨਵੇਂ ਪੜਾਅ—ਜੋ ਪਹਿਲੀ ਸੰਸਾਰ ਜੰਗ, ਜਿਸ ਨੇ ਸਮਾਜਕ ਇਨਕਲਾਬ ਦੇ ਜੁਗ ਦਾ ਉਦਘਾਟਨ ਕੀਤਾ, ਦੇ ਛਿੜਨ ਨਾਲ ਬਾਹਰਮੁੱਖੀ ਤੌਰ ਤੇ ਅਵੱਸ਼ਕ ਹੋ ਗਿਆ ਸੀ—ਵੱਲ ਪਰੀਵਰਤਣ ਦੀ ਪ੍ਰਤੀਨਿਧਤਾ ਕਰਦਾ ਹੈ।

"ਕੇਂਦਰ" ਦਾ ਮੁੱਖ ਆਗੂ ਤੇ ਬੁਲਾਰਾ ਕਾਰਲ ਕਾਟਸਕੀ ਹੈ ਜੋ ਦੂਜੀ ਇੰਟਰਨੈਸ਼ਨਲ ਵਿਚ (1889-1914) ਸਭ ਤੋਂ ਉੱਘਾ ਅਧਿਕਾਰੀ ਸੀ ਤੇ ਜੋ ਅਗਸਤ 1914 ਤੋਂ ਇਕ ਮਾਰਕਸ-ਵਾਦੀ ਵਜੋਂ ਅਤਿਅੰਤ ਦੀਵਾਲੀਆਪਣ ਦਾ ਨਮੂਨਾ ਹੈ ਅਤੇ ਜੋ ਲਾ-ਮਿਸਾਲ ਕਾਇਰਤਾ, ਅਤਿਅੰਤ ਭੱਦੀ ਥਿੜਕਣ ਤੇ ਗ਼ੱਦਾਰੀ ਦਾ ਸਾਕਾਰ ਰੂਪ ਹੈ। "ਕੇਂਦਰ" ਵਾਲੇ ਇਸ ਰੁਝਾਣ ਵਿਚ ਆਮ ਰੂਪ ਵਿਚ ਕਾਟਸਕੀ, ਹਾਸੇ, ਲੇਡੇਬੋਰ ਅਤੇ ਕਥਿਤ ਮਜ਼ਦੂਰ ਗਰੁੱਪ ਸਾਮਲ ਹੈ; ਫ਼ਰਾਂਸ ਵਿਚ ਇਸ ਵਿਚ ਲੌਂਗੇ, ਪਰੈਸਮੈਨ ਤੇ ਕਥਿਤ ਘੱਟ ਸੰਮਤੀਆ ਸੰਮਿਲਤ ਹਨ; ਬਰਤਾਨੀਆ ਵਿਚ ਫਿਲਿਪ, ਸਨੋਡਨ, ਰੈਮਸੇ ਮੈਕਡਾਨਲਡ, ਆਜ਼ਾਦ ਲੇਬਰ ਪਾਰਟੀ ਦੇ ਹੋਰ ਬਹੁਤ ਸਾਰੇ ਆਗੂ; ਅਮਰੀਕਾ ਵਿਚ ਮੌਰਿਸ ਹਿਲਕੁਇਟ ਤੇ ਕਈ ਹੋਰ, ਇਟਲੀ ਵਿਚ ਤੁਰਾਤੀ, ਤਰੇਵ, ਮੋਦੀਗਲਿਆਨੀ ਤੇ ਹੋਰ, ਸਵਿਟਜ਼ਰਲੈਂਡ ਵਿਚ ਰੌਬਰਟ ਗਰਿੱਮ ਤੇ ਹੋਰ ਲੋਕ, ਆਸਟਰੀਆ ਵਿਚ ਵਿਕਟਰ ਐਡਲਰ ਐਂਡ ਕੰਪਨੀ, ਰੂਸ ਵਿਚ ਆਰਗੇਨਾਈਜ਼ਿੰਗ ਕਮੇਟੀ ਦੀ ਪਾਰਟੀ ਅਗਜੇਲਰੋਦ, ਮਾਰਤੋਵ, ਜ਼ਖੀਦਜ਼ੇ ਜ਼ਰੇਤੇਲੀ ਤੇ ਹੋਰ ਲੋਕ ਸ਼ਾਮਲ ਹਨ।

ਸੁਭਾਵਕ ਹੀ ਵੱਖ ਵੱਖ ਸਮਿਆਂ ਉਪਰ ਵੱਖ ਵੱਖ ਵਿਅਕਤੀ ਅਚੇਤ ਤੌਰ ਤੇ ਸੋਸ਼ਲ ਵੱਡ-ਕੌਮਪ੍ਰਸਤੀ ਤੋਂ "ਕੇਂਦਰ" ਦੀ ਪੁਜੀਸ਼ਨ ਵਲ ਅਤੇ ਇਸੇ ਤਰ੍ਹਾਂ ਦੂਸਰੇ ਉਲਟਦੇ ਰਹਿੰਦੇ ਹਨ। ਹਰ ਮਾਰਕਸਵਾਦੀ ਜਾਣਦਾ ਹੈ ਕਿ ਵਿਅਕਤੀ ਭਾਵੇਂ ਖੁਲ੍ਹ-ਡੁਲ੍ਹ ਨਾਲ ਇਕ ਜਮਾਤ ਤੋਂ ਦੂਸਰੀ ਜਮਾਤ ਵਲ ਵਿਚਰਦੇ ਰਹਿਣ ਪਰ ਜਮਾਤਾਂ ਬੜੀਆਂ ਸਪੱਸ਼ਟ ਹਨ। ਇਸੇ ਤਰ੍ਹਾਂ ਇਸ ਤੱਥ ਦੇ ਬਾਵਜੂਦ ਕਿ ਵਿਅਕਤੀ ਇਕ ਰੁਝਾਣ ਤੋਂ ਦੂਸਰੇ ਰੁਝਾਣ ਵਿਚ ਆਜ਼ਾਦੀ ਨਾਲ ਜਾ ਸਕਦੇ ਹਨ, ਰਾਜਸੀ ਜੀਵਨ ਵਿਚ ਰੁਝਾਣ ਬੜੇ ਸਪੱਸ਼ਟ ਹਨ ਤੇ ਉਹਨਾਂ ਨੂੰ ਰਲ-ਗੱਡ ਕਰਨ ਦੇ ਸਭ ਯਤਨਾਂ ਦੇ ਬਾਵਜੂਦ ਇਹ ਸਪਸ਼ਟ ਹੀ ਰਹਿੰਦੇ ਹਨ।

3. ਤੀਸਰੇ ਸੱਜੇ ਕੌਮਾਂਤਰੀਵਾਦੀਆਂ ਦੇ ਰੁਝਾਣ ਦੀ "ਜ਼ਿਮਰਵਾਲਡ ਲੈਫ਼ਟ" ਵਧੀਆ ਪ੍ਰਤੀਨਿਧਤਾ ਕਰਦਾ ਹੈ (ਅਸੀਂ ਸਤੰਬਰ 1915 ਦਾ ਇਸ ਦਾ ਮੈਨੀਫੈਸਟੋ ਸਪਲੀਮੈਂਟ ਵਜੋਂ ਛਾਪ ਰਹੇ ਹਾਂ, ਤਾਂ ਜੋ ਪਾਠਕ ਇਸ ਰੁਝਾਣ ਦੀ ਉਤਪਤੀ ਨੂੰ ਮੌਲਿਕ ਰੂਪ ਵਿਚ ਸਮਝਣ ਦੇ ਯੋਗ ਹੋ ਸਕਣ)।

ਸੋਸ਼ਲ ਵਡ-ਕੌਮਪ੍ਰਸਤੀ ਅਤੇ "ਕੇਂਦਰਵਾਦ" ਨਾਲੋਂ ਪੂਰਨ ਤੋੜ-ਵਿਛੋੜਾ ਅਤੇ ਇਸ ਦੀ ਆਪਣੀ ਸਾਮਰਾਜੀ ਸਰਕਾਰ ਤੇ ਇਸ ਦੀ ਆਪਣੀ ਸਾਮਰਾਜੀ ਬੁਰਜੂਆਜ਼ੀ ਦੇ ਵਿਰੁਧ ਸ਼ਾਨਦਾਰ

ਸੰਘਰਸ਼ ਇਸ ਦਾ ਉੱਘੜਵਾਂ ਲੱਛਣ ਹੈ। ਇਸ ਦਾ ਅਸੂਲ ਹੈ, "ਸਾਡਾ ਮੁੱਖ ਦੁਸ਼ਮਣ ਘਰ ਵਿਚ ਹੈ।" ਇਹ ਮਿੱਠੀਆਂ ਮਿੱਠੀਆਂ ਸੋਸ਼ਲ-ਸ਼ਾਂਤਵਾਦੀ ਫਿਕਰੇਬਾਜ਼ੀਆਂ (ਸੋਸ਼ਲ ਸ਼ਾਂਤੀਵਾਦੀ ਸ਼ਬਦਾਂ ਵਿਚ ਸੋਸ਼ਲਿਸਟ ਤੇ ਅਮਲ ਵਿਚ ਬੁਰਜੁਆ-ਸ਼ਾਂਤੀਵਾਦੀ ਹੁੰਦਾ ਹੈ। ਬੁਰਜੁਆ-ਸ਼ਾਂਤੀਵਾਦੀ ਸਰਮਾਏ ਦੇ ਦਾਬੇ ਦਾ ਜੂਲਾ ਲਾਹ ਸੁੱਟਣ ਤੋਂ ਬਿਨਾਂ ਸਦੀਵੀ ਅਮਨ ਦੇ ਸੁਪਨੇ ਲੈਂਦੇ ਹਨ) ਅਤੇ ਵਰਤਮਾਨ ਜੰਗ ਦੇ ਸਬੰਧ ਵਿਚ ਪਰੋਲਤਾਰੀ ਇਨਕਲਾਬ ਸੰਘਰਸ਼ ਤੇ ਪਰੋਲਤਾਰੀ ਸੋਸ਼ਲਿਸਟ ਇਨਕਲਾਬ ਦੀ ਸੰਭਾਵਨਾ, ਉਚਿਤਤਾ ਦੇ ਮੌਕੇ ਦੀ ਦਰੁਸਤੀ ਤੋਂ ਇਨਕਾਰ ਕਰਨ ਲਈ ਵਰਤੇ ਜਾਂਦੇ ਸਭ ਢਕਵੰਜਾਂ ਵਿਰੁੱਧ ਘੋਲ ਕਰਦਾ ਹੈ।

ਜਰਮਨੀ ਵਿਚ ਇਸ ਰੁਝਾਣ ਦਾ ਸਭ ਤੋਂ ਉੱਘੜਵਾਂ ਪ੍ਰਤੀਨਿਧ ਸਪਾਰਟੇਕਸ ਇੰਟਰਨੈਸ਼ਨਲ ਦਾ ਬਹੁਤ ਉੱਘਾ ਪ੍ਰਤੀਨਿਧ ਹੈ।

ਕਾਰਲ ਲਿਬਕਨੇਖ਼ਤ ਨੇ ਜਰਮਨੀ ਦੇ ਕਿਰਤੀਆਂ ਤੇ ਫੌਜੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੀਆਂ ਬੰਦੂਕਾਂ ਦੇ ਮੂੰਹ ਆਪਣੀ ਸਰਕਾਰ ਵਲ ਫੇਰ ਦੇਣ। ਕਾਰਲ ਲਿਬਕਨੇਖ਼ਤ ਨੇ ਇਹ ਕੁਝ ਖੁਲ੍ਹੇਆਮ ਪਾਰਲੀਮੈਂਟ (ਰੀਸ਼ਤਾਗ) ਦੇ ਮੰਚ ਤੋਂ ਕੀਤਾ। ਉਹ ਫੇਰ ਬਰਲਿਨ ਦੇ ਇਕ ਵੱਡੇ ਚੌਕ ਪੋਟਸਰਾਮੇਰ ਪਲਾਜ਼ ਵਿਚ ਗੈਰ-ਕਾਨੂੰਨੀ ਢੰਗ ਨਾਲ ਛਾਪੇ ਪੈਂਫਲਿਟਾਂ ਸਹਿਤ, ਜਿਨ੍ਹਾਂ ਉਤੇ "ਸਰਕਾਰ ਮੁਰਦਾਬਾਦ" ਦਾ ਨਾਅਰਾ ਲਿਖਿਆ ਹੋਇਆ ਸੀ, ਇਕ ਮੁਜ਼ਾਹਰੇ ਵਿਚ ਗਿਆ। ਉਸ ਨੂੰ ਗਰਿਫਤਾਰ ਕਰ ਲਿਆ ਗਿਆ ਤੇ ਸਖ਼ਤ ਮੁਸ਼ੱਕਤ ਦੀ ਸਜ਼ਾ ਹੋਈ। ਹੁਣ ਉਹ ਜੇ ਹਜ਼ਾਰਾਂ ਨਹੀਂ ਤਾਂ ਸੈਂਕੜੇ ਹੋਰ ਸੱਚੇ ਜਰਮਨ ਸੋਸਲਿਸਟਾਂ ਨਾਲ, ਜਿਨ੍ਹਾਂ ਨੂੰ ਉਹਨਾਂ ਦੀਆਂ ਜੰਗ-ਵਿਰੋਧੀ ਸਰਗਰਮੀਆਂ ਕਾਰਨ ਗਰਿਫਤਾਰ ਕੀਤਾ ਗਿਆ ਹੈ, ਜਰਮਨ ਦੀਆਂ ਜੇਲ੍ਹਾਂ ਵਿਚ ਸਜ਼ਾ ਭੁਗਤ ਰਿਹਾ ਹੈ।

ਕਾਰਲ ਲਿਬਕਨੇਖ਼ਤ ਨੇ ਆਪਣੇ ਭਾਸ਼ਣਾਂ ਤੇ ਚਿੱਠੀਆਂ ਵਿਚ ਨਾ ਕੇਵਲ ਉਸ ਦੇ ਆਪਣੇ ਪਲੈਖ਼ਾਨੋਵਾਂ ਤੇ ਪੋਤਰੇਸੋਵਾਂ (ਸ਼ੀਦੇਮਾਨ, ਲੇਜੀਅਨ, ਡੇਵਿਡ ਐਂਡ ਕੰਪਨੀ) ਸਗੋਂ ਉਸ ਦੇ ਆਪਣੇ ਕੇਂਦਰਵਾਦੀਆਂ, ਆਪਣੇ ਚਖੀਦਜ਼ਿਆਂ, ਜ਼ਰੇਤੇਲੀਆਂ (ਕਾਟਸਕੀ, ਹਾਸੇ, ਲੇਡੇਬੋਰ ਐਂਡ ਕੰਪਨੀ) ਦੀ ਵੀ ਬੁਰੀ ਤਰ੍ਹਾਂ ਛਿੱਲ ਲਾਹੀ।

ਕਾਰਲ ਲਿਬਕਨੇਖ਼ਤ ਤੇ ਉਸ ਦੇ ਮਿੱਤਰ ਔਟੋ ਰੂਹਲੇ ਨੇ, ਇਕ ਸੌ ਦਸ ਪਾਰਲੀਮੈਂਟ ਮੈਂਬਰਾਂ ਵਿਚੋਂ ਦੋ ਨੇ ਜ਼ਾਬਤਾ ਭੰਗ ਕੀਤਾ, "ਕੇਂਦਰ" ਅਤੇ ਵਡ-ਕੌਮਪ੍ਰਸਤਾਂ ਨਾਲ "ਏਕਤਾ" ਨੂੰ ਤੋੜਿਆ ਅਤੇ ਉਹਨਾਂ ਸਭਨਾਂ ਦਾ ਵਿਰੋਧ ਕੀਤਾ। ਇਕੱਲਾ ਲਿਬਕਨੇਖ਼ਤ ਹੀ ਸਮਾਜਵਾਦ, ਪਰੋਲਤਾਰੀ ਕਾਜ਼ ਤੇ ਪਰੋਲਤਾਰੀ ਇਨਕਲਾਬ ਦੀ ਪ੍ਰਤੀਨਿਧਤਾ ਕਰਦਾ ਹੈ। ਬਾਕੀ ਸਭ ਜਰਮਨ ਸੋਸ਼ਲ ਡੈਮੋਕਰੇਸੀ, ਰੋਜ਼ਾ ਲਕਸਮਬਰਗ (ਜੋ ਆਪ ਸਪਾਰਟੇਕਸ ਗਰੁੱਹ ਦੀ ਇਕ ਮੈਂਬਰ ਤੇ ਆਗੂ ਹੈ) ਦੇ ਸ਼ਬਦਾਂ ਅਨੁਸਾਰ ਇਕ "ਬਦਬੂ ਮਾਰਦੀ ਲਾਸ਼" ਹੈ।

ਜਰਮਨ ਵਿਚ ਸੱਚੇ ਕੌਮਾਂਤਰੀਵਾਦੀਆਂ ਦਾ ਇਕ ਹੋਰ ਗਰੋਹ ਬਰੇਮਨ ਦੇ ਅਖ਼ਬਾਰ "ਆਰਬੀਟਰਪੋਲਟਿਕੋ" ਦਾ ਹੈ।

ਅਸਲ ਵਿਚ ਇਹ ਲੋਕ ਕੌਮਾਂਤਰੀਵਾਦ ਦੇ ਐਨ ਨਾਲ ਹਨ। ਫਰਾਂਸ ਵਿਚ ਲੋਰੀਓ ਤੇ ਉਸ ਦੇ ਮਿੱਤਰ (ਬੁਰਦੇਰੋਂ ਅਤੇ ਮੇਰਹੀਮ ਸੋਸ਼ਲ ਸ਼ਾਂਤਵਾਦ ਵਲ ਖਿਸਕ ਗਏ ਹਨ) ਅਤੇ ਫਰਾਂਸੀਸੀ ਹੈਨਰੀ ਗੁਇਲਬਾਖ਼ ਵੀ, ਜੋ ਜੇਨੇਵਾ "ਡੀਮੇਨ" ਅਖ਼ਬਾਰ ਪ੍ਰਕਾਸ਼ਤ ਕਰਦਾ ਹੈ, ਬਰਤਾਨੀਆਂ ਵਿਚ ਅਖ਼ਬਾਰ "ਟਰੇਡ ਯੂਨੀਅਨਿਸਟ" ਅਤੇ ਬ੍ਰਿਟਿਸ਼ ਸੋਸ਼ਲਿਸਟ ਪਾਰਟੀ ਤੇ ਲੇਬਰ ਪਾਰਟੀ ਦੇ ਕੁਝ ਮੈਂਬਰ (ਮਿਸਾਲ ਵਜੋਂ ਰੱਸਲ ਵਿਲੀਅਮ, ਜਿਸ ਨੇ ਸਮਾਜਵਾਦ ਨਾਲ ਗ਼ੱਦਾਰੀ ਕਰ ਗਏ ਲੀਡਰਾਂ

ਨਾਲੋਂ ਤੋੜ ਵਿਛੋੜਾ ਕਰਨ ਦਾ ਖੁਲ੍ਹੇ ਆਮ ਸੱਦਾ ਦਿੱਤਾ ਸੀ) ਸਕਾਟਿਸ਼ ਸੋਸ਼ਲਿਸਟ ਸਕੂਲ ਅਧਿਆਪਕ ਮੈਕਲਿਨ, ਜਿਸ ਨੂੰ ਜੰਗ ਵਿਰੁਧ ਆਪਣੇ ਇਨਕਲਾਬੀ ਸੰਘਰਸ਼ ਕਾਰਨ ਬਰਤਾਨੀਆਂ ਦੀ ਬੁਰਜੂਆ ਸਰਕਾਰ ਨੇ ਸਖ਼ਤ ਮੁਸ਼ੱਕਤ ਦੀ ਸਜ਼ਾ ਦਿੱਤੀ ਸੀ ਅਤੇ ਸੈਂਕੜੇ ਹੀ ਬਰਤਾਨਵੀ, ਜੋ ਏਸੇ ਅਪਰਾਧ ਬਦਲੇ ਜੇਲ੍ਹਾਂ ਵਿਚ ਬੰਦ ਹਨ। ਇਹੀ ਤੇ ਕੇਵਲ ਇਹੀ ਅਮਲ ਵਿਚ ਕੌਮਾਂਤਰੀਵਾਦੀ ਹਨ। ਅਮਰੀਕਾ ਵਿਚ ਸੋਸ਼ਲਿਸਟ ਲੇਬਰ ਪਾਰਟੀ ਅਤੇ ਮੌਕਾਪ੍ਰਸਤ ਸੋਸ਼ਲ ਪਾਰਟੀ ਵਿਚਲੇ ਉਹ ਜਿਨ੍ਹਾਂ ਨੇ ਜਨਵਰੀ, 1917 ਵਿਚ "ਦੀ ਇੰਟਰਨੈਸ਼ਨਲ ਪੇਪਰ" ਦੀ ਪ੍ਰਕਾਸ਼ਨਾ ਅਰੰਭੀ ਸੀ, ਹਾਲੈਂਡ ਵਿਚ "ਟ੍ਰਿਬਿਊਨਿਸਟਾਂ" ਦੀ ਪਾਰਟੀ (ਪਾਨੇਕੋਇਕ, ਹਰਮਨ ਗੋਰਟਰ, ਵਿਜਨਕੂਪ ਅਤੇ ਹੈਨਰਾਈਟ ਰੋਲਾਂ ਹੋਸਟ, ਜੋ ਜਿਮਰਵਾਲਡ ਵਿਚ ਭਾਵੇਂ ਕੇਂਦਰੀਵਾਦੀ ਸਨ, ਹੁਣ ਸਾਡੀਆਂ ਸਫ਼ਾਂ ਵਿਚ ਆ ਗਏ ਹਨ), ਜੋ "ਦੀ ਟ੍ਰਿਬਿਊਨ" ਅਖ਼ਬਾਰ ਕੱਢਦੀ ਹੈ; ਸਵੀਡਨ ਵਿਚ ਲਿੰਡਹਾਗੇਨ, ਟੂਅਰ ਕਰੇਮਾਨ, ਕਾਰਲੀਸਨ, ਸਟਰੌਂਮ ਅਤੇ ਜ਼ੈੱਡ. ਹੋਗਲੁੰਡ ਜੋ ਜ਼ਿਮਰਵਾਲਡ ਵਿਚ "ਜ਼ਿਮਰਵਾਲਡ ਲੈਫਟ" ਦੇ ਸੰਗਠਨ ਲਈ ਨਿੱਜੀ ਤੌਰ ਤੇ ਸਰਗਰਮ ਸੀ ਅਤੇ ਜੋ ਜੰਗ ਵਿਰੁੱਧ ਆਪਣੇ ਇਨਕਲਾਬੀ ਸੰਘਰਸ਼ ਕਾਰਨ ਹੁਣ ਜੇਲ੍ਹ ਵਿਚ ਹੈ, ਦੀ ਅਗਵਾਈ ਵਿਚ "ਖੱਬੇ-ਪੱਖੀਆ" ਜਾਂ "ਨੌਜੁਆਨਾ ਦੀ ਪਾਰਟੀ" ਡੈਨਮਾਰਕ ਵਿਚ ਟਰੇਅਰ ਤੇ ਉਸ ਦੇ ਮਿੱਤਰ, ਜੋ ਮਨਿਸਟਰ ਦੀ ਅਗਵਾਈ ਹੇਠਲੀ ਹੁਣ ਪੂਰੀ ਤਰ੍ਹਾਂ ਬੁਰਜੂਆ ਬਣ ਚੁਕੀ ਡੈਨਮਾਰਕ ਦੀ "ਸੋਸ਼ਲ ਡੈਮੋਕਰੈਟਿਕ" ਪਾਰਟੀ ਨੂੰ ਛੱਡ ਗਏ ਹਨ; ਬਲਗਾਰੀਆ ਵਿਚ ਤੇਸਨਿਆਕੀ", ਇਟਲੀ ਵਿਚ ਸਾਡੇ ਸਭ ਤੋਂ ਨੇੜੇ ਹਨ ਪਾਰਟੀ ਸਕੱਤਰ ਕੋਸਤਾਂਤੀਨੋ ਲਾਜ਼ਾਰੀ ਅਤੇ ਕੇਂਦਰੀ ਅਖ਼ਬਾਰ "ਅਵਾਂਤੀ" ਦਾ ਸੰਪਾਦਕ ਸੇਰਾਤੀ; ਪੋਲੈਂਡ ਵਿਚ "ਰੋਜ਼ਨ ਐਗਜ਼ੈਕਟਿਵ" ਵਿਚ ਇਕੱਠੇ ਹੋਏ ਰਾਦੇਨ, ਹਾਨੇਸਕੀ ਤੇ ਸੋਸ਼ਲ ਡੈਮੋਕਰੈਟਾਂ ਦੇ ਦੂਸਰੇ ਆਗੂ ਅਤੇ "ਚੀਫ਼ ਐਗਜ਼ੈਕਟਿਵ" ਵਿਚ ਜੁੜੇ ਰੋਜ਼ਾ ਲਕਸਮਬਰਗ, ਤਾਈਜ਼ਕਾ ਤੇ ਮੌਮਲਿਸਟ ਡੈਮੋਕਰੇਟਾਂ ਦੇ ਹੋਰ ਆਗੂ; ਸਵਿਟਜ਼ਰਲੈਂਡ ਵਿਚ ਉਹ ਖੱਬੇ ਪੱਖੀ ਜਿਨ੍ਹਾਂ ਨੇ ਆਪਣੇ ਦੇਸ ਵਿਚ ਸੋਸ਼ਲ ਵੱਡ-ਕੌਮਪ੍ਰਸਤਾਂ ਤੇ "ਕੇਂਦਰ" ਵਿਰੁੱਧ ਘੋਲ ਕਰਨ ਲਈ "ਰੀਫਰੈਂਡਮ" (ਜਨਵਰੀ 1917) ਲਈ ਦਲੀਲ ਘੜੀ ਸੀ, ਅਤੇ ਜਿਨ੍ਹਾ ਨੇ 11 ਫਰਵਰੀ, 1917 ਨੂੰ ਟੋਸ ਵਿਚ ਹੋਈ ਜ਼ਿਊਰਿਕ ਕੈਂਟੋਨਲ ਸੋਸ਼ਲਿਸਟ ਕਨਵੈਨਸ਼ਨ ਵਿਚ ਜੰਗ ਦੇ ਵਿਰੁੱਧ ਇਕਸਾਰ ਇਨਕਲਾਬੀ ਮਤਾ ਪੇਸ਼ ਕੀਤਾ ਸੀ; ਆਸਟਰੀਆ ਵਿਚ ਫਰੇਡਰਿਕ ਐਡਲਰ ਦੇ ਨੌਜੁਆਨ ਖੱਬੇ-ਪੱਖੀ ਮਿੱਤਰ ਜੋ ਅੰਸ਼ਕ ਰੂਪ ਵਿਚ ਵੀਆਨਾ ਦੀ ਕਾਰਲ ਮਾਰਕਸ ਕਲੱਬ ਦੁਆਰਾ ਕੰਮ ਕਰਦੇ ਸਨ, ਜਿਸ ਨੂੰ ਹੁਣ ਆਸਟਰੀਆ ਦੀ ਉਸ ਅਤਿਅੰਤ ਪਿਛਾਂਹ-ਖਿੱਚੂ ਸਰਕਾਰ ਨੇ ਬੰਦ ਕਰ ਦਿੱਤਾ ਹੈ ਅਤੇ ਜਿਹੜੀ ਸਰਕਾਰ ਐਲਡਰ ਦੀ ਜ਼ਿੰਦਗੀ ਨੂੰ ਉਸ ਦੇ ਇਕ ਵਜ਼ੀਰ ਉਪਰ ਗੋਲੀ ਚਲਾਉਣ ਦੇ ਬਹਾਦਰੀ-ਭਰੇ, ਪਰ ਘੱਟ ਸੂਝ ਵਾਲੇ ਕਾਰਨਾਮੇ ਬਦਲੇ ਤਬਾਹ ਕਰ ਰਹੀ ਹੈ; ਇਤਿਆਦਿ।

ਸਵਾਲ ਵਿਚਾਰਾਂ ਦੇ ਸੂਖਮ ਵਖਰੇਵਿਆਂ ਦਾ ਨਹੀਂ, ਜੋ ਨਿਸ਼ਚੇ ਹੀ ਖੱਬੇ-ਪੱਖੀਆਂ ਵਿਚ ਵੀ ਮੌਜੂਦ ਹਨ। ਸਵਾਲ ਰੁਝਾਣ ਦਾ ਹੈ। ਗੱਲ ਇਹ ਹੈ ਕਿ ਇਕ ਭਿਆਨਕ ਸਾਮਰਾਜੀ ਜੰਗ ਵਿਚ ਅਮਲੀ ਤੌਰ ਤੇ ਕੌਮਾਂਤਰੀਵਾਦੀ ਹੋਣਾ ਸੌਖਾ ਨਹੀਂ। ਅਜਿਹੇ ਲੋਕ ਬਹੁਤ ਥੋੜ੍ਹੇ ਹਨ, ਪਰ ਕੇਵਲ ਅਜਿਹੇ ਲੋਕਾਂ ਦੇ ਸਿਰ ਉਤੇ ਸਮਾਜਵਾਦ ਦਾ ਭਵਿੱਖ ਨਿਰਭਰ ਹੈ, ਕੇਵਲ ਉਹੀ ਲੋਕਾਂ ਦੇ ਆਗੂ ਹਨ, ਉਹਨਾਂ ਨੂੰ ਭ੍ਰਿਸ਼ਟ ਕਰਨ ਵਾਲੇ ਨਹੀਂ।

ਸੁਧਾਰਵਾਦੀਆਂ ਤੇ ਇਨਕਲਾਬੀਆਂ ਵਿਚਲਾ ਸੋਸ਼ਲ-ਡੈਮੋਕਰੇਟਾਂ ਅਤੇ ਆਮ ਸੋਸ਼ਲਿਸਟਾਂ ਵਿਚਲਾ ਫਰਕ ਸਾਮਰਾਜੀ ਜੰਗ ਦੀਆਂ ਪ੍ਰਸਥਿਤੀਆਂ ਵਿਚ ਬਾਹਰਮੁਖੀ ਤੌਰ ਅਵੱਸ਼ ਬਦਲ

ਜਾਣਾ ਸੀ । ਉਹ ਲੋਕ ਜੋ ਆਪਣੇ ਆਪ ਨੂੰ ਇਹ "ਮੰਗ ਕਰਨ" ਤਕ ਸੀਮਤ ਰਖਦੇ ਹਨ ਕਿ ਬੁਰਜੂਆ ਸਰਕਾਰ ਅਮਨ ਕਾਇਮ ਕਰੇ ਅਤੇ "ਅਮਨ ਲਈ ਲੋਕਾਂ ਦੀ ਇੱਛਾ ਜਾਣੇ" ਇਤਿਆਦ, ਵਾਸਤਵ ਵਿਚ ਸੁਧਾਰਾਂ ਵਲ ਸਰਕ ਰਹੇ ਹਨ । ਕਿਉਂਕਿ ਬਾਹਰਮੁਖੀ ਤੌਰ ਤੇ, ਜੰਗ ਦੀ ਸਮੱਸਿਆ ਨੂੰ ਇਨਕਲਾਬੀ ਢੰਗ ਨਾਲ ਹੀ ਸੁਲਝਾਇਆ ਜਾ ਸਕਦਾ ਹੈ ।

ਪਰੋਲਤਾਰੀ ਇਨਕਲਾਬ ਤੋਂ ਬਗੈਰ ਇਸ ਜੰਗ ਦੇ ਜਮਹੂਰੀ ਤੇ ਦਬਾਅ-ਰਹਿਤ ਅਮਨ ਵਿਚ ਸਮਾਪਤ ਹੋਣ ਜਾਂ ਜੰਗ ਵਿਚੋਂ ਮਣਾਂ-ਮੂੰਹੀਂ ਮੁਨਾਫੇ ਕਮਾਉਣ ਵਾਲੇ ਸਰਮਾਏਦਾਰਾਂ ਦੇ ਹਿਤਾਂ ਵਿਚ ਖਰਚੇ ਗਏ ਅਰਬਾਂ ਰੁਪਇਆਂ ਦੇ ਬੋਝ ਤੋਂ ਲੋਕਾਂ ਨੂੰ ਮੁਕਤ ਕਰਾਉਣ ਦੀ ਹੋਰ ਕੋਈ ਸੰਭਾਵਨਾ ਨਹੀਂ ।

ਬੁਰਜੂਆ ਸਰਕਾਰ ਪਾਸੋਂ ਵਿਭਿੰਨ ਸੁਧਾਰਾਂ ਦੀ ਮੰਗ ਕੀਤੀ ਜਾ ਸਕਦੀ ਹੈ ਤੇ ਕਰਨੀ ਚਾਹੀਦੀ ਹੈ, ਪਰ ਮਾਨੀਲੋਵਿਜ਼ਮ ਤੇ ਸੁਧਾਰਵਾਦ ਵਿਚ ਗ੍ਰਸੇ ਜਾਣ ਤੋਂ ਬਿਨਾਂ ਕੋਈ ਇਹ ਮੰਗ ਨਹੀਂ ਕਰ ਸਕਦਾ ਕਿ ਸਾਮਰਾਜੀ ਸਰਮਾਏ ਦੀਆਂ ਹਜ਼ਾਰਾਂ ਹੀ ਤੰਦਾਂ ਵਿਚ ਜਕੜੇ ਲੋਕ ਤੇ ਜਮਾਤਾਂ ਇਹਨਾ ਤੰਦਾਂ ਨੂੰ ਤੋੜ ਦੇਣ ਅਤੇ ਜਿੰਨਾ ਚਿਰ ਇਹਨਾਂ ਨੂੰ ਤੋੜਿਆ ਨਹੀਂ ਜਾਂਦਾ ਜੰਗ ਵਿਰੁੱਧ ਜੰਗ ਦੀ ਸਭ ਗੱਲਬਾਤ ਫਜ਼ੂਲ ਤੇ ਧੋਖੇ ਭਰੀ ਹੈ ।

"ਕਾਟਸਕੀਵਾਦੀ" ਅਤੇ "ਕੇਂਦਰ" ਵਾਲੇ ਗੱਲਾਂਬਾਤਾਂ ਦੇ ਇਨਕਲਾਬੀ ਪਰ ਅਮਲ ਦੇ ਸੋਧਵਾਦੀ ਹਨ । ਉਹ ਗੱਲਾਂ ਬਾਤਾਂ ਵਿਚ ਕੌਮਾਤਰੀਵਾਦੀ ਪਰ ਅਮਲ ਵਿਚ ਸੋਸ਼ਲ ਵੱਡ-ਕੌਮਪ੍ਰਸਤਾਂ ਦੇ ਭਿਆਲ ਹਨ ।

## ਜ਼ਿਮਰਵਾਲਡ ਇੰਟਰਨੈਸ਼ਨਲ ਦਾ ਨਿਘਾਰ
## ਤੀਜੀ ਇੰਟਰਨੈਸ਼ਨਲ ਦੀ ਸਥਾਪਨਾ ਦੀ ਲੋੜ

17. ਮੁੱਢ ਤੋਂ ਹੀ ਜਿਮਰਵਾਲਡ ਇੰਟਰਨੈਸਨਲ ਨੇ ਥਿੜਕਨ ਭਰਪੂਰ ਟਰਾਟਸਕੀਵਾਦੀ "ਕੇਂਦਰੀ" ਪੁਜੀਸ਼ਨ ਅਪਣਾਈ, ਜਿਸ ਨੇ "ਜ਼ਿਮਰਵਾਲਡ ਖੱਬੇ ਧੜੇ" ਨੂੰ ਆਪਣੇ ਆਪ ਨੂੰ ਇਸ ਤੋਂ ਵੱਖ ਕਰਨ, ਬਾਕੀਆਂ ਨਾਲੋਂ ਆਪਣੇ ਆਪ ਨੂੰ ਅਲਹਿਦਾ ਕਰਨ ਅਤੇ ਇਸ ਦਾ ਆਪਣਾ ਮੈਨੀਫੈਸਟੋ (ਜੋ ਸਵਿਟਜ਼ਰਲੈਂਡ ਵਿਚ ਰੂਸੀ, ਜਰਮਨ ਤੇ ਫ਼ਰਾਂਸੀਸੀ ਭਾਸ਼ਾ ਵਿਚ ਪ੍ਰਕਾਸ਼ਤ ਹੋਇਆ ਹੈ) ਜਾਰੀ ਕਰਨ ਲਈ ਮਜਬੂਰ ਕੀਤਾ ।

ਜ਼ਿਮਰਵਾਲਡ ਇੰਟਰਨੈਸ਼ਨਲ ਦੀ ਮੁੱਖ ਕਮਜੋਰੀ ਅਤੇ ਇਸ ਦਾ ਭੱਠਾ ਬਹਿ ਜਾਣ ਦਾ ਕਾਰਨ (ਕਿਉਂਕਿ ਰਾਜਨੀਤਕ ਤੇ ਵਿਚਾਰਧਾਰਕ ਦ੍ਰਿਸ਼ਟੀ ਤੋਂ ਇਸ ਦਾ ਪਹਿਲਾਂ ਹੀ ਭੱਠਾ ਬਹਿ ਚੁੱਕਾ ਹੈ) ਸੋਸ਼ਲ ਵੱਡ-ਕੌਮਪ੍ਰਸਤਾਂ ਅਤੇ ਪੁਰਾਣੀ ਸੋਸ਼ਲ ਵੱਡ-ਕੌਮਪ੍ਰਸਤ ਇੰਟਰਨੈਸ਼ਨਲ, ਜਿਸ ਦੀ ਅਗਵਾਈ ਹੇਗ (ਹਾਲੈਂਡ) ਵਿਚ ਵਾਂਦਰਵੈਲਡੇ ਅਤੇ ਹਿਉਸਮਾਨਜ਼ ਕਰਦੇ ਸਨ, ਨਾਲੋਂ ਪੂਰਨ ਤੋੜ-ਵਿਛੋੜਾ ਕਰਨ ਵਰਗੇ ਨਾਜ਼ਕ ਅਮਲੀ ਮਹੱਤਵ ਵਾਲੇ ਮਹਾਨ ਸਵਾਲ ਬਾਰੇ ਫੈਸਲਾ ਕਰਨਾ ਤੇ ਥਿੜਕਾਹਟ ਵਿਖਾਉਣੀ ਸੀ ।

ਰੂਸ ਵਿਚ ਅਜੇ ਇਹ ਪਤਾ ਨਹੀਂ ਸੀ ਕਿ ਜਿਮਰਵਾਲਡ ਦੀ ਬਹੁ-ਸੰਮਤੀ ਕਾਟਸਕੀਵਾਦੀ ਤੋਂ ਵਧ ਕੁਝ ਸੀ । ਐਪਰ ਇਹ ਬੁਨਿਆਦੀ ਤੱਥ ਹੈ, ਜਿਸ ਨੂੰ ਅਖੋਂ ਪਰੋਖਾ ਨਹੀਂ ਜਾ ਸਕਦਾ ਅਤੇ ਜਿਸ ਨੂੰ ਪੱਛਮੀ ਯੂਰਪ ਵਿਚ ਆਮ ਜਾਣਿਆ ਜਾਦਾ ਹੈ । ਏਥੋਂ ਤਕ ਕਿ ਅੰਨ੍ਹੇ ਵੱਡ-ਕੌਮਪ੍ਰਸਤ ਪਰਚੇ **ਚੇਮਨਿਟਜ਼ਰ ਵੋਕਸਟਾਈਮ** ਦਾ ਸੰਪਾਦਕ ਅਤੇ ਪਰਵੂਸ ਦੇ ਅੰਨ੍ਹੇ ਵੱਡ ਕੌਮਪ੍ਰਸਤ ਦੇ ਪਰਚੇ "**ਗਲੋਕੇ**"(ਜੋ ਸੋਸ਼ਲ ਡੈਮੋਕਰੇਟ ਤਾਂ ਜ਼ਰੂਰ ਹੈ, ਤੇ ਸੋਸ਼ਲ-ਡੈਮੋਕਰੇਟਿਕ "ਏਕਤਾ" ਦਾ ਪੱਕਾ ਹਮਾਇਤੀ ਹੈ) ਦਾ ਲੇਖਕ ਉਹ ਵੱਡ-ਕੌਮਪ੍ਰਸਤ, ਅੰਤ ਦਾ ਜਰਮਨ ਵੱਡ-ਕੌਮਪ੍ਰਸਤ ਹੇਲਮਾਨ

ਵੀ ਪ੍ਰੈਸ ਵਿਚ ਇਹ ਪ੍ਰਵਾਨ ਕਰਨ ਲਈ ਮਜਬੂਰ ਹੋਇਆ ਕਿ "ਕੇਂਦਰ" ਜਾਂ "ਕਾਟਸਕੀਵਾਦੀ" ਅਤੇ "ਜ਼ਿਮਰਵਾਲਡ ਬਹੁਸੰਮਤੀ" ਇਕੋ ਹੀ ਚੀਜ਼ ਹਨ।

ਇਹ ਤੱਥ 1916 ਦੇ ਅੰਤ ਅਤੇ 1917 ਦੇ ਆਰੰਭ ਵਿਚ ਨਿਸਚਿਤ ਰੂਪ ਵਿਚ ਸਥਾਪਤ ਹੋ ਗਿਆ। ਭਾਵੇਂ ਸੋਸ਼ਲ ਸ਼ਾਂਤਵਾਦ ਦੀ ਕੇਨਥਾਲ ਮੈਨੀਫੈਸਟੋ ਵਿਚ ਨਿਖੇਧੀ ਕੀਤੀ ਗਈ ਸੀ, ਜਿਮਰਵਾਲਡ ਦੇ ਸਾਰੇ ਸੱਜੇ-ਪੱਖੀ ਸਾਰੀ ਜਿਮਰਵਾਲਡ ਬਹੁਸੰਮਤੀ ਸੋਸ਼ਲ-ਸ਼ਾਂਤਵਾਦ ਵਿਚ ਖੁਭ ਗਈ : ਜਨਵਰੀ ਤੇ ਫਰਵਰੀ 1917 ਵਿਚ ਕਈ ਕਥਨਾਂ ਦੁਆਰਾ ਕਾਟਸਕੀ ਐਂਡ ਕੰਪਨੀ, ਫਰਾਂਸ ਵਿਚ ਥੋਰਦੀਰੇਨ ਤੇ ਮਰਹਿਮ, ਜਿਹਨਾਂ ਨੇ ਸੋਸ਼ਲ ਪਾਰਟੀ ਦੇ ਸ਼ਾਂਤਵਾਦੀ ਮਤੇ ਉਪਰ (ਦਸੰਬਰ, 1916) ਅਤੇ ਫਰੈਂਚ ਟਰੇਡ ਯੂਨੀਅਨਾਂ ਦੇ ਕੌਮੀ ਸੰਗਠਨ (ਦਸੰਬਰ, 1916 ਵਿਚ ਹੀ) ਦੇ ਮਤੇ ਉਪਰ ਵੱਡ-ਕੌਮਪ੍ਰਸਤਾਂ ਨਾਲ ਮਿਲ ਕੇ ਹਾਂ ਵਿਚ ਵੋਟ ਪਾਈ, ਇਟਲੀ ਵਿਚ ਤੁਰਾਤੀ ਐਂਡ ਕੰਪਨੀ ਜਿਥੇ ਸਮੁੱਚੀ ਪਾਰਟੀ ਨੇ ਸੋਸ਼ਲ ਸ਼ਾਂਤਵਾਦੀ ਪੁਜ਼ੀਸ਼ਨ ਲੈ ਲਈ, ਜਦ ਕਿ ਖ਼ੁਦ ਤੁਰਾਤੀ 17 ਦਸੰਬਰ, 1916 ਨੂੰ ਆਪਣੇ ਭਾਸ਼ਣ ਵਿਚ ਸਾਮਰਾਜੀ ਜੰਗ ਉਪਰ ਪੋਚਾ ਪਾਉਂਦਾ ਹੋਇਆ "ਕੌਮੀ" ਅਖੌਤਾਂ ਵਿਚ (ਕਿਸੇ ਹਾਦਸੇ ਕਾਰਨ ਨਹੀਂ) ਖੁਭ ਗਿਆ। ਜਨਵਰੀ, 1917 ਵਿਚ ਜ਼ਿਮਰਵਾਲਡ ਤੇ ਕੇਨਥਾਲ ਕਾਨਫਰੰਸਾਂ ਦਾ ਚੇਅਰਮੈਨ ਰਾਬਰਟ ਗਰਿੱਮ, ਅਸਲ ਵਿਚ ਕੌਮਾਂਤਰੀਵਾਦ ਦੇ ਵਿਰੁਧ ਆਪਣੀ ਪਾਰਟੀ ਵਿਚਲੇ ਵੱਡ-ਕੌਮਪ੍ਰਸਤਾਂ (ਗਰਿਊਲਿਚ, ਫਲੂਗਰ, ਗੁਸਤਾਵ ਮੁਲਰ ਅਤੇ ਹੋਰ) ਨਾਲ ਰਲ ਗਿਆ।

ਜਨਵਰੀ ਤੇ ਫਰਵਰੀ, 1917 ਵਿਚ ਵਿਭਿੰਨ ਦੇਸ਼ਾਂ ਦੇ ਜ਼ਿਮਰਵਾਲਡੀਆਂ ਦੀਆਂ ਦੋ ਕਾਨਫਰੰਸਾਂ ਵਿਚ ਕਈ ਦੇਸ਼ਾਂ ਦੇ ਖੱਬੇ-ਪੱਖੀ ਕੌਮਾਂਤਰੀਵਾਦੀਆਂ-ਇੰਟਰਨੈਸ਼ਨਲ ਯੁਵਕ ਸੰਗਠਨ ਦੇ ਸਕੱਤਰ ਤੇ ਖੂਬਸੂਰਤ ਕੌਮਾਂਤਰੀਵਾਦੀ ਪਰਚੇ "**ਦੀ ਜੁਗੇਂਡਇੰਟਰਨੈਸ਼ਨੇਲ**" ਦੇ ਸੰਪਾਦਕ ਮੁਨਜ਼ਨਬਰਗ, ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਦੇ ਪ੍ਰਤੀਨਿਧ ਜ਼ਿਨੋਵੀਏਵ, ਪੋਲਿਸ਼ ਸੋਸ਼ਲ-ਡੈਮੋਕਰੇਟਕ ਪਾਰਟੀ ("ਰੀਜਨਲ ਐਗਜ਼ੈਕਟਿਵ") ਦੇ ਕ. ਰਾਦੇਕ, ਅਤੇ ਸਪਾਰੇਟਕਸ ਗਰੁਪ ਦੇ ਮੈਂਬਰ ਇਕ ਜਰਮਨ ਸੋਸ਼ਲ ਡੈਮੋਕਰੇਟ ਹਾਰਤਸਤੇਨ—ਨੇ ਜ਼ਿਮਰਵਾਲਡ-ਬਹੁਸੰਮਤੀ ਦੇ ਇਸ ਨੰਗੇ ਚਿੱਟੇ ਦੋਗਲੇ ਵਿਵਹਾਰ ਦਾ ਰਸਮੀ ਤੌਰ ਤੇ ਖੰਡਨ ਕਰ ਦਿਤਾ।

ਰੂਸੀ ਪਰੋਲਤਾਰੀਏ ਨੂੰ ਬਹੁਤ ਕੁਝ ਦਿੱਤਾ ਗਿਆ ਹੈ, ਸੰਸਾਰ ਵਿਚ ਕਿਸੇ ਵੀ ਥਾਂ ਅਜੇ ਮਜ਼ਦੂਰ ਜਮਾਤ ਏਨੀ ਵਧੇਰੇ ਇਨਕਲਾਬੀ ਮੁਕਤੀ ਵਿਕਸਤ ਕਰਨ ਵਿਚ ਸਫਲ ਨਹੀਂ ਰਹੀ, ਜਿੰਨੀ ਕਿ ਰੂਸ ਵਿਚ। ਪਰ ਜਿਸ ਨੂੰ ਬਹੁਤ ਕੁਝ ਦਿਤਾ ਗਿਆ ਹੈ, ਉਸ ਤੋਂ ਬਹੁਤ ਕੁਝ ਦੀ ਜ਼ਰੂਰਤ ਵੀ ਹੈ।

ਜ਼ਿਮਰਵਾਲਡ ਦੀ ਜਿਲ੍ਹਣ ਹੁਣ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਸਾਨੂੰ ਜ਼ਿਮਰਵਾਲਡ "ਕਾਟਸਕੀਆਂ" ਦੀ ਖ਼ਾਤਰ ਪਲੈਖਾਨੋਵਾਂ ਅਤੇ ਸ਼ਿਦੇਮਾਨਾਂ ਦੀ ਵੱਡ-ਕੌਮਪ੍ਰਸਤ ਇੰਟਰਨੈਸ਼ਨਲ ਨਾਲ ਅਰਧ-ਮੁਹਾਜ਼ ਜਾਰੀ ਨਹੀਂ ਰਖਣਾ ਚਾਹੀਦਾ। ਸਾਨੂੰ ਇਸ ਇੰਟਰਨੈਸ਼ਨਲ ਨਾਲੋਂ ਫੌਰਨ ਤੋੜ-ਵਿਛੋੜਾ ਕਰ ਲੈਣਾ ਚਾਹੀਦਾ ਹੈ। ਅਸੀਂ ਜ਼ਿਮਰਵਾਲਡ ਵਿਚ ਕੇਵਲ ਜਾਣਕਾਰੀ ਪ੍ਰਾਪਤ ਕਰਨ ਦੇ ਮੰਤਵ ਨਾਲ ਹੀ ਰਹੀਏ।

ਸਾਨੂੰ ਹੁਣੇ ਹੀ, ਬਿਨਾਂ ਦੇਰੀ ਦੇ, ਇਕ ਨਵੀਂ ਇਨਕਲਾਬੀ ਪਰੋਲਤਾਰੀ ਇੰਟਰਨੈਸ਼ਨਲ ਸਥਾਪਤ ਕਰਨੀ ਚਾਹੀਦੀ ਹੈ ਜਾਂ ਸਮਝੋ ਕਿ ਸਾਨੂੰ ਖੁਲ੍ਹੇ ਆਮ ਇਹ ਸਵੀਕਾਰ ਕਰਨ ਤੋਂ ਡਰਨਾ ਨਹੀਂ ਚਾਹੀਦਾ ਕਿ ਇਹ ਨਵੀਂ ਇੰਟਰਨੈਸ਼ਨਲ ਪਹਿਲਾਂ ਹੀ ਸਥਾਪਤ ਹੋ ਚੁਕੀ ਹੈ ਅਤੇ ਕੰਮ ਕਰ ਰਹੀ ਹੈ।

ਇਹ ਇੰਟਰਨੈਸ਼ਨਲ "ਅਮਨ ਦੇ ਉਹਨਾਂ ਕੌਮਾਂਤਰੀਵਾਦੀਆਂ" ਦੀ ਹੈ ਜਿਹਨਾਂ ਦੇ ਨਾਂਅ ਮੈਂ ਉਪਰ ਚੰਗੀ ਤਰ੍ਹਾਂ ਗਿਣਾਏ ਹਨ। ਉਹ ਤੇ ਕੇਵਲ ਉਹ ਹੀ ਇਨਕਲਾਬੀ ਅੰਤਰ-ਰਾਸ਼ਟਰਵਾਦੀ ਜਨਤਾ ਦੇ ਪ੍ਰਤੀਨਿਧ ਹਨ, ਉਹਨਾਂ ਨੂੰ ਭ੍ਰਿਸ਼ਟ ਕਰਨ ਵਾਲੇ ਨਹੀਂ।

ਅਤੇ ਜੇ ਉਸ ਪ੍ਰਕਾਰ ਦੇ ਸੋਸ਼ਲਿਸਟ ਥੋੜੇ ਹਨ ਤਾਂ ਹਰ ਰੂਸੀ ਕਿਰਤੀ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਕੀ 1917 ਦੇ ਫਰਵਰੀ-ਮਾਰਚ ਇਨਕਲਾਬ ਤੋਂ ਝਟ ਪਹਿਲਾਂ ਰੂਸ ਵਿਚ ਸੱਚਮੁਚ ਜਮਾਤੀ ਤੌਰ ਤੇ ਇਨਕਲਾਬੀ ਬਹੁਤ ਸਨ।

ਸਵਾਲ ਗਿਣਤੀ ਦਾ ਨਹੀਂ ਸਗੋਂ ਅਸਲੀ ਇਨਕਲਾਬੀ ਪਰੋਲਤਾਰੀਆਂ ਦੇ ਵਿਚਾਰਾਂ ਅਤੇ ਨੀਤੀਆਂ ਨੂੰ ਠੀਕ ਪ੍ਰਗਟਾਵਾ ਦੇਣ ਦਾ ਹੈ। ਗੱਲ "ਕੌਮਾਂਤਰੀਵਾਦੀ" ਹੋਣ ਦਾ ਐਲਾਨ ਕਰਨ ਦੀ ਨਹੀਂ, ਸਗੋਂ ਸਖ਼ਤ ਮੁਸ਼ਕਲਾਂ ਦੇ ਸਮਿਆਂ ਵਿਚ ਵੀ ਅਸਲ ਵਿਚ ਕੌਮਾਂਤਰੀਵਾਦੀ ਹੋਣ ਦੇ ਸਮਰੱਥ ਹੋਣ ਦੀ ਹੈ।

ਸਾਨੂੰ ਆਪਣੇ ਆਪ ਨੂੰ ਸਮਝੌਤਿਆਂ ਤੇ ਕੌਮਾਂਤਰੀ ਕਾਂਗਰਸਾਂ ਦੀਆਂ ਆਸ਼ਾਵਾਂ ਨਾਲ ਧੋਖੇ ਦਾ ਸ਼ਿਕਾਰ ਨਹੀਂ ਬਣਾਉਣਾ ਚਾਹੀਦਾ। ਜਿੰਨਾ ਚਿਰ ਸਾਮਰਾਜਵਾਦੀ ਜੰਗ ਜਾਰੀ ਹੈ, ਅੰਤਰ-ਰਾਸ਼ਟਰੀ ਤਾਲਮੇਲ ਸਾਮਰਾਜੀ ਬੁਰਜੂਆਜੀ ਦੀ ਫੌਜੀ ਡਿਕਟੇਟਰਸ਼ਿਪ ਫੌਲਾਦੀ ਸ਼ਕੰਜੇ ਵਿਚ ਹੀ ਹੁੰਦਾ ਹੈ। ਜੇ "ਰੀਪਬਲਿਕਨ" ਮਿਲਿਯੂਕੋਵ ਨੇ, ਜਿਸ ਨੂੰ ਕਿਰਤੀ ਪ੍ਰਤੀਨਿਧਾਂ ਦੀ ਸੋਵੀਅਤ ਦੀ ਟਾਕਰੇ ਦੀ ਸਰਕਾਰ ਬਰਦਾਸਤ ਕਰਨੀ ਪੈ ਰਹੀ ਹੈ, ਸਵਿੱਸ ਸੋਸ਼ਲਿਸਟ ਪਾਰਟੀ ਦੇ ਸਕੱਤਰ ਫਰਿਟਜ ਪਲਾਟਨ ਨੂੰ, ਜੋ ਕੌਮਾਂਤਰੀਵਾਦੀ ਹੈ ਅਤੇ ਜੋ ਜ਼ਿਮਰਵਾਲਡ ਤੇ ਕੇਨਥਾਲ ਕਾਨਫਰੰਸਾਂ ਵਿਚ ਸ਼ਾਮਲ ਹੋਇਆ ਸੀ, ਰੂਸ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਦਿਤੀ ਅਤੇ ਇਸ ਤੱਥ ਦੇ ਬਾਵਜੂਦ ਨਹੀਂ ਦਿਤੀ ਕਿ ਪਲਾਟਨ ਦੀ ਪਤਨੀ ਰੂਸੀ ਹੈ ਅਤੇ ਉਹ ਆਪਣੀ ਪਤਨੀ ਦੇ ਸਬੰਧੀਆਂ ਨੂੰ ਮਿਲਣ ਆ ਰਿਹਾ ਸੀ। ਇਸ ਤੱਥ ਦੇ ਬਾਵਜੂਦ ਕਿ ਉਸ ਨੇ ਰੀਗਾ ਵਿਚ 1905 ਦੇ ਇਨਕਲਾਬ ਵਿਚ ਭਾਗ ਲਿਆ ਸੀ, ਜਿਸ ਦੇ ਬਦਲੇ ਉਸ ਨੂੰ ਰੂਸ ਦੀ ਜੇਲ੍ਹ ਵਿਚ ਕੈਦ ਕੀਤਾ ਗਿਆ ਸੀ ਅਤੇ ਜਿਸ ਨੇ ਰਿਹਾਈ ਲਈ ਜ਼ਾਰ ਦੀ ਸਰਕਾਰ ਨੂੰ ਜ਼ਮਾਨਤ ਦਿਤੀ ਗਈ ਸੀ, ਅਤੇ ਉਹ ਆਖ਼ਰੀ ਜ਼ਮਾਨਤ ਵਾਪਸ ਲੈਣ ਦੀ ਖਾਹਿਸ਼ ਰਖਦਾ ਸੀ। ਜੇ ਕਰ "ਰੀਪਬਲਿਕਨ" ਮਿਲਿਯੂਕੋਵ ਅਪਰੈਲ, 1917 ਵਿਚ ਇਹ ਕੁਝ ਕਰ ਸਕਿਆ ਹੈ ਤਾਂ ਇਹ ਅਨੁਮਾਨ ਲਾਉਣਾ ਔਖਾ ਨਹੀਂ ਕਿ ਬਿਨਾਂ ਇਲਾਕੇ ਹਥਿਆਉਣ ਦੇ ਅਮਨ, ਆਦਿ, ਬਾਰੇ ਬੁਰਜੂਆਜ਼ੀ ਦੇ ਵਾਅਦਿਆਂ, ਵਿਸ਼ਵਾਸਾਂ, ਕਥਨਾਂ ਅਤੇ ਐਲਾਨਾਂ ਦਾ ਕੀ ਮੁੱਲ ਹੋ ਸਕਦਾ ਹੈ।

ਅਤੇ ਫਿਰ ਬਰਤਾਨਵੀ ਸਰਕਾਰ ਦਆਰਾ ਟਰਾਟਸਕੀ ਦੀ ਗਰਿਫਤਾਰੀ ? ਅਤੇ ਮਾਰਤੋਵ ਨੂੰ ਸਵਿਟਜ਼ਰਲੈਂਡ ਛੱਡ ਸਕਣ ਦੀ ਆਗਿਆ ਦੇਣ ਤੋਂ ਇਨਕਾਰ ਅਤੇ ਉਸ ਨੂੰ ਬਰਤਾਨੀਆ ਵਿਚ ਖਿੱਚਣ ਦਾ ਯਤਨ ਜਿਥੇ ਟਰਾਟਸਕੀ ਵਾਲੀ ਹੋਣੀ ਹੀ ਉਸ ਨੂੰ ਉਡੀਕ ਰਹੀ ਹੈ ?

ਸਾਨੂੰ ਕਿਸੇ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ। ਸਾਨੂੰ ਆਪਣੇ ਆਪ ਨੂੰ ਧੋਖਾ ਨਹੀਂ ਦੇਣਾ ਚਾਹੀਦਾ।

ਅੰਤਰ-ਰਾਸ਼ਟਰੀ ਕਾਂਗਰਸਾਂ ਜਾ ਕਾਨਫਰੰਸਾਂ ਨੂੰ "ਉਡੀਕਣਾ" ਤਾਂ ਨਿਰਾ ਕੌਮਾਂਤਰੀਵਾਦ ਨਾਲ ਗ਼ੱਦਾਰੀ ਹੈ, ਕਿਉਂਕਿ ਇਹ ਦਰਸਾਇਆ ਜਾ ਚੁਕਿਆ ਹੈ ਕਿ ਹੋਰ ਤਾਂ ਹੋਰ ਸਟਾਕਹਾਮ ਤੋਂ ਵੀ ਨਾ ਤਾਂ ਕੌਮਾਂਤਰੀਵਾਦ ਪ੍ਰਤੀ ਵਫ਼ਾਦਾਰ ਸੋਸ਼ਲਿਸਟਾਂ ਨੂੰ, ਅਤੇ ਨਾ ਹੀ ਉਹਨਾਂ ਦੇ ਪੱਤਰਾਂ ਨੂੰ ਏਥੇ ਆਉਣ ਦੀ ਆਗਿਆ ਹੈ, ਭਾਵੇਂ ਕਿ ਇਹ ਐਨ ਸੰਭਵ ਹੈ ਅਤੇ ਭਾਵੇਂ ਕਿ ਸਖ਼ਤ ਫੌਜੀ ਸੈਂਸਰਸ਼ਿਪ ਕਾਇਮ ਹੈ।

ਸਾਡੀ ਪਾਰਟੀ ਨੂੰ ਉੱਕਾ ਹੀ "ਉਡੀਕਣਾ" ਨਹੀਂ ਚਾਹੀਦਾ, ਸਗੋਂ ਫੌਰਨ "ਤੀਜੀ ਇੰਟਰਨੈਸ਼ਨਲ" ਸਥਾਪਤ ਕਰਨੀ ਚਾਹੀਦੀ ਹੈ। ਜਰਮਨੀ ਤੇ ਬਰਤਾਨੀਆਂ ਵਿਚ ਜੇਲ੍ਹੀਂ ਸੁੱਟੇ ਸੈਂਕੜੇ ਸੋਸ਼ਲਿਸਟ ਤਦ ਸੁਖ ਦਾ ਸਾਹ ਲੈਣਗੇ, ਹਜ਼ਾਰਾਂ ਤੇ ਲੱਖਾਂ ਜਰਮਨ ਮਜ਼ਦੂਰ, ਜਿਹੜੇ ਹੁਣ ਹੜਤਾਲਾਂ ਤੇ ਮੁਜ਼ਾਹਰੇ ਕਰ ਰਹੇ ਹਨ, ਜਿਹਨਾਂ ਨੇ ਬਦਮਾਸ਼ ਤੇ ਡਾਕੂ ਵਿਲਹੇਲਮ ਨੂੰ ਭੈ ਭੀਤ ਕਰ ਰਖਿਆ ਹੈ, ਗੈਰ-ਕਾਨੂੰਨੀ ਤੌਰ ਤੇ ਛਾਪੇ ਸਾਡੇ ਪੈਂਫਲਿਟਾਂ ਦੁਆਰਾ ਸਾਡੇ ਫੈਸਲੇ ਤੋਂ, ਕਾਰਲ ਲਿਬਕਨੇਖ਼ਤ ਵਿਚ ਤੇ ਕੇਵਲ ਉਸ ਵਿਚ ਹੀ ਸਾਡੇ ਭਰਾਤਰੀ ਵਿਸ਼ਵਾਸ ਤੋਂ ਅਤੇ ਇਸ ਸਮੇਂ ਵੀ "ਇਨਕਲਾਬੀ ਸੁਰੱਖਿਆਵਾਦ" ਵਿਰੁਧ ਘੋਲ ਕਰਨ ਦੇ ਸਾਡੇ ਫੈਸਲੇ ਤੋਂ ਜਾਣੂ ਹੋਣਗੇ, ਉਹ ਇਹ ਕੁਝ ਪੜ੍ਹਨਗੇ ਅਤੇ ਆਪਣੇ ਇਨਕਲਾਬੀ ਕੌਮਾਂਤਰੀਵਾਦ ਵਿਚ ਮਜ਼ਬੂਤ ਹੋਣਗੇ।

ਜਿਸ ਨੂੰ ਬਹੁਤ ਕੁਝ ਦਿੱਤਾ ਜਾਂਦਾ ਹੈ, ਉਸ ਤੋਂ ਬਹੁਤ ਕੁਝ ਦੀ ਮੰਗ ਵੀ ਹੁੰਦੀ ਹੈ। ਸੰਸਾਰ ਦਾ ਕੋਈ ਵੀ ਦੇਸ਼ ਇਸ ਵੇਲੇ ਓਨਾ ਆਜ਼ਾਦ ਨਹੀਂ, ਜਿੰਨਾ ਰੂਸ ਹੈ। ਅਸੀਂ ਇਸ ਆਜ਼ਾਦੀ ਨੂੰ ਬੁਰਜੂਆਜ਼ੀ ਲਈ ਜਾਂ ਬੁਰਜੂਆ "ਇਨਕਲਾਬੀ ਸੁਰੱਖਿਆਵਾਦ" ਦੀ ਹਮਾਇਤ ਪ੍ਰਚਾਰਨ ਲਈ ਨਹੀਂ, ਸਗੋਂ ਦਲੇਰ, ਈਮਾਨਦਾਰਾਨਾ ਲਿਬਕਨੇਖ਼ਤ ਦੇ ਢੰਗ ਨਾਲ ਤੀਜੀ ਇੰਟਰਨੈਸ਼ਨਲ ਦੀ ਸਥਾਪਨਾ ਲਈ ਵਰਤੀਏ। ਇੰਟਰਨੈਸ਼ਨਲ, ਜੋ ਕਿ ਸੋਸ਼ਲ ਵੱਡ-ਕੌਮਪ੍ਰਸਤ, ਗ਼ੱਦਾਰ ਅਤੇ ਥਿੜਕਦੇ ਕੇਂਦਰਵਾਦੀਆਂ ਦੋਹਾਂ ਦੀ ਹੀ ਬੇ-ਝਿਜਕ ਦੁਸ਼ਮਣ ਹੋਵੇ।

18. ਹੁਣ ਤਕ ਜੋ ਕੁਝ ਕਿਹਾ ਗਿਆ ਹੈ, ਉਸ ਤੋਂ ਪਿਛੋਂ ਇਹ ਸਮਝਾਉਣ ਵਾਸਤੇ ਸ਼ਬਦ ਜ਼ਾਇਆ ਕਰਨ ਦੀ ਲੋੜ ਨਹੀਂ ਕਿ ਰੂਸ ਵਿਚ ਸੋਸ਼ਲ-ਡੈਮੋਕਰੇਟਾਂ ਨੂੰ ਇਕੱਠਿਆਂ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਆਰਗੇਨਾਈਜ਼ਿੰਗ ਕਮੇਟੀ ਦੀ ਪਾਰਟੀ ਨਾਲ, ਚਖੀਦਜ਼ੇ ਤੇ ਜ਼ਰੇਤੇਲੀ ਜੋ "ਰਬੋਚਾਇਆ ਗਾਜ਼ੇਤਾ" ਵਿਚ ਪੋਤਰੇਸੋਵ ਨਾਲ ਗੱਠਜੋੜ ਬਰਦਾਸ਼ਤ ਕਰ ਸਕਦੇ ਹਨ, ਜਿਹਨਾਂ ਨੇ ਕਾਮੇ ਪ੍ਰਤੀਨਿਧਾਂ ਦੀ ਸੋਵੀਅਤ ਦੀ ਐਗਜ਼ੈਕਟਿਵ ਕਮੇਟੀ ਵਿਚ ਕਰਜ਼ੇ ਦੇ ਹਕ ਵਿਚ ਵੋਟ ਪਾਈ ਸੀ ਅਤੇ ਜੋ "ਸੁਰੱਖਿਆਵਾਦ" ਵਿਚ ਖੁਭ ਗਏ ਹਨ, ਇਕ ਪਲ ਲਈ ਵੀ ਸਾਂਝ ਪਾਉਣ ਦਾ ਖ਼ਿਆਲ ਕਰਨ ਨਾਲੋਂ ਲਿਬਕਨੇਖ਼ਤ ਵਰਗੇ ਇਕੋ ਇਕ ਦੋਸਤ ਨਾਲ ਰਹਿ ਲੈਣਾ ਹੀ ਜਰੂਰੀ ਹੈ ਅਤੇ ਇਸ ਦੇ ਅਰਥ ਇਨਕਲਾਬੀ ਪਰੋਲਤਾਰੀਆਂ ਨਾਲ ਰਹਿਣਾ ਹੈ।

ਮਰਿਆਂ ਨੂੰ ਆਪਣੇ ਮੁਰਦੇ ਦਬਾਉਣ ਦਿਓ।

ਜੋ ਡੋਲਦਿਆਂ ਨੂੰ ਸਹਾਈ ਹੋਣਾ ਚਾਹੁੰਦਾ ਹੈ ਉਸ ਨੂੰ ਪਹਿਲਾਂ ਆਪ ਡੋਲਣਾ ਬੰਦ ਕਰਨਾ ਚਾਹੀਦਾ ਹੈ।

## ਸਾਡੀ ਪਾਰਟੀ ਦਾ ਨਾਂਅ ਕੀ ਹੋਵੇ—ਉਹ ਜੋ ਵਿਗਿਆਨਕ ਤੌਰ ਤੇ ਠੀਕ ਹੋਵੇ ਅਤੇ ਪਰੋਲਤਾਰੀਏ ਦਾ ਮਨ ਰਾਜਸੀ ਤੌਰ ਤੇ ਸਪਸ਼ਟ ਕਰਨ ਵਿਚ ਸਹਾਈ ਹੋਵੇ ?

19. ਮੈਂ ਹੁਣ ਅੰਤਮ ਨੁਕਤੇ ਵੱਲ ਆਉਂਦਾ ਹਾਂ, ਤੇ ਇਹ ਹੈ ਪਾਰਟੀ ਦਾ ਨਾਂਅ। ਸਾਨੂੰ ਆਪਣੇ ਆਪ ਨੂੰ ਕਮਿਊਨਿਸਟ ਪਾਰਟੀ ਆਖਣਾ ਚਾਹੀਦਾ ਹੈ ਜਿਵੇਂ ਕਿ ਮਾਰਕਸ ਤੇ ਏਂਗਲਜ਼ ਨੇ ਆਪਣੇ ਆਪ ਨੂੰ ਕਿਹਾ ਸੀ।

ਸਾਨੂੰ ਜ਼ਰੂਰ ਦੁਹਰਾਉਣਾ ਚਾਹੀਦਾ ਹੈ ਕਿ ਅਸੀਂ ਮਾਰਕਸਵਾਦੀ ਹਾਂ ਅਤੇ ਕਿ ਅਸੀਂ ਕਮਿਊਨਿਸਟ ਮੈਨੀਫੈਸਟੋ ਨੂੰ ਆਪਣਾ ਆਧਾਰ ਬਣਾਉਂਦੇ ਹਾਂ, ਜਿਸ ਨੂੰ ਸੋਸ਼ਲ-ਡੈਮੋਕਰੇਟਾਂ

ਨੇ ਤੋੜ ਮੋੜ ਕੇ ਪੇਸ਼ ਕੀਤਾ ਹੈ ਅਤੇ ਜਿਸ ਦੇ ਦੋ ਨੁਕਤਿਆਂ ਨਾਲ ਉਹਨਾਂ ਗ਼ੱਦਾਰੀ ਕੀਤੀ ਹੈ। (1) 'ਕਿਰਤੀਆਂ ਦਾ ਕੋਈ ਦੇਸ਼ ਨਹੀਂ'; ਸਾਮਰਾਜੀ ਜੰਗ ਵਿਚ "ਪਿਤਾ-ਭੂਮੀ ਦੀ ਸੁਰੱਖਿਆ" ਸਮਾਜਵਾਦ ਨਾਲ ਗ਼ੱਦਾਰੀ ਹੈ ਅਤੇ (2) ਰਾਜ ਦੇ ਮਾਰਕਸਵਾਦੀ ਸਿਧਾਂਤ ਨੂੰ ਦੂਜੀ ਇੰਟਰਨੈਸ਼ਨਲ ਨੇ ਵਿਗਾੜ ਦਿਤਾ ਹੈ।

ਜਿਵੇਂ ਕਿ ਮਾਰਕਸ ਨੇ ਆਮ ਹੀ ਅਤੇ 1875 ਵਿਚ "ਗੋਥਾ ਪ੍ਰੋਗਰਾਮ ਦੀ ਆਲੋਚਨਾ" ਵਿਚ ਵਿਸ਼ੇਸ਼ ਤੌਰ ਤੇ ਦਸਿਆ ਸੀ ਅਤੇ ਜਿਵੇਂ ਏਂਗਲਜ਼ ਨੇ 1894 ਵਿਚ ਇਸ ਨੂੰ ਵਧੇਰੇ ਵਿਆਪਕ ਰੂਪ ਵਿਚ ਦ੍ਰਿੜ੍ਹਾਇਆ ਸੀ ਕਿ "ਸੋਸ਼ਲ ਡੈਮੋਕਰੇਸੀ" ਨਾਂਅ ਵਿਗਿਆਨਕ ਤੌਰ ਤੇ ਗ਼ਲਤ ਹੈ। ਪੂੰਜੀਵਾਦ ਤੋਂ ਮਨੁੱਖਤਾ ਸਿੱਧੇ ਤੌਰ ਤੇ ਸਮਾਜਵਾਦ ਅਰਥਾਤ ਉਤਪਾਦਨ ਦੇ ਸਾਧਨਾਂ ਦੀ ਸਮਾਜੀ ਮਲਕੀਅਤ ਅਤੇ ਵਿਅਕਤੀ ਵਲੋਂ ਕੀਤੇ ਗਏ ਕੰਮ ਅਨੁਸਾਰ ਉਪਜ ਦੀ ਵੰਡ ਵੱਲ ਹੀ ਵਧ ਸਕਦੀ ਹੈ। ਸਾਡੀ ਪਾਰਟੀ ਇਸ ਤੋਂ ਅਗਾਂਹ ਵੇਖਦੀ ਹੈ; ਸਮਾਜਵਾਦ ਜ਼ਰੂਰ ਲਾਜ਼ਮੀ ਤੌਰ ਤੇ ਸਹਿਜੇ ਸਹਿਜੇ ਕਮਿਊਨਿਜ਼ਮ ਵਿਚ ਢਲੇ ਜਿਸ ਦੇ ਨਿਸ਼ਾਨ ਉਪਰ ਉਕਰਿਆ ਹੋਇਆ ਹੈ, "ਹਰਿਕ ਤੋਂ ਉਸ ਦੀ ਸਮੱਰਥਾ ਅਨੁਸਾਰ, ਹਰਿਕ ਨੂੰ ਉਸ ਦੀ ਲੋੜ ਅਨੁਸਾਰ," ਇਹ ਹੈ ਮੇਰੀ ਪਹਿਲੀ ਦਲੀਲ।

ਤੇ ਹੁਣ ਸੁਣੋ ਦੂਸਰੀ ਦਲੀਲ : ਸਾਡੀ ਪਾਰਟੀ (ਸੋਸ਼ਲ-ਡੈਮੋਕਰੇਟ) ਦੇ ਨਾਂਅ ਦਾ ਦੂਸਰਾ ਭਾਗ ਵੀ ਵਿਗਿਆਨਕ ਤੌਰ ਤੇ ਗ਼ਲਤ ਹੈ। ਡੈਮੋਕਰੇਸੀ ਰਾਜ ਦਾ ਇਕ ਰੂਪ ਹੈ ਜਦ ਕਿ ਅਸੀਂ ਮਾਰਕਸਵਾਦੀ ਰਾਜ **ਹਰ ਕਿਸਮ** ਦੇ ਵਿਰੁਧ ਹਾਂ।

ਪਲੈਖਾਨੋਵ, ਕਾਟਸਕੀ ਤੇ ਉਹਨਾਂ ਵਰਗੇ ਹੋਰ ਦੂਸਰੀ ਇੰਟਰਨੈਸ਼ਨਲ (1889—1914) ਦੇ ਲੀਡਰਾਂ ਨੇ ਮਾਰਕਸਵਾਦ ਨੂੰ ਵਿਗਾੜਿਆ ਤੇ ਭ੍ਰਿਸ਼ਟ ਬਣਾਇਆ ਹੈ।

ਮਾਰਕਸਵਾਦ ਦਾ ਅਨਾਰਕਿਜ਼ਮ ਨਾਲੋਂ ਇਸ ਗੱਲ ਵਿਚ ਫ਼ਰਕ ਹੈ ਕਿ ਇਹ ਸਮਾਜਵਾਦ ਵਲ ਪਰਿਵਰਤਨ ਦੇ ਮੰਤਵ ਲਈ ਰਾਜ ਦੀ ਲੋੜ ਨੂੰ ਪ੍ਰਵਾਨ ਕਰਦਾ ਹੈ; ਪਰ (ਅਤੇ ਇਸ ਥਾਂ ਅਸੀਂ ਕਾਟਸਕੀ ਐਂਡ ਕੰਪਨੀ ਨਾਲ ਮੱਤਭੇਦ ਰਖਦੇ ਹਾਂ) ਆਮ ਪਾਰਲੀਮਾਨੀ ਬੁਰਜੂਆ-ਜਮਹੂਰੀ ਕਿਸਮ ਦੇ ਰਾਜ ਨੂੰ ਨਹੀਂ ਸਗੋਂ 1871 ਦੇ ਪੈਰਿਸ ਕਮਿਊਨ ਅਤੇ 1905 ਦੀਆਂ ਕਾਮੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਵਰਗੇ ਰਾਜ ਨੂੰ ਪ੍ਰਵਾਨ ਕਰਦਾ ਹੈ।

ਮੇਰੀ ਤੀਸਰੀ ਦਲੀਲ ਹੈ : **ਜਿਉਂਦੀ ਜਾਗਦੀ ਹਕੀਕਤ**, ਇਨਕਲਾਬ ਨੇ ਸਾਡੇ ਦੇਸ਼ ਵਿਚ ਭਾਵੇਂ ਕਮਜ਼ੋਰ ਤੇ ਬੀਜ-ਮਾਤਰ ਰੂਪ ਵਿਚ ਹੀ, ਇਸ ਨਵੀਂ ਪ੍ਰਕਾਰ ਦੇ ਰਾਜ ਦੀ, ਜੋ ਸ਼ਬਦ ਦੇ ਠੀਕ ਅਰਥਾਂ ਵਿਚ ਰਾਜ ਨਹੀਂ, ਸਥਾਪਨਾ ਪਹਿਲਾਂ ਹੀ ਕਰ ਦਿਤੀ ਹੈ।

ਇਹ ਹੁਣ ਕੇਵਲ ਆਗੂਆਂ ਦਾ ਸਿਧਾਂਤ ਹੀ ਨਹੀਂ, ਸਗੋਂ ਲੋਕਾਂ ਦੇ ਅਸਲੀ ਕਾਰਜ ਦਾ ਮਾਮਲਾ ਹੈ।

ਬੋਲੇ ਦੇ ਠੀਕ ਅਰਥਾਂ ਅਨੁਸਾਰ ਰਾਜ ਤੋਂ ਭਾਵ ਹੈ : ਲੋਕਾਂ ਤੋਂ ਨਿੱਖੜੇ ਹੋਏ ਹਥਿਆਰਬੰਦ ਦਸਤਿਆਂ ਵਲੋਂ ਲੋਕਾਂ ਉਪਰ ਦਾਬਾ।

ਸਾਡਾ ਹੰਗਾਮੀ ਨਵਾਂ ਰਾਜ ਵੀ ਇਕ ਰਾਜ ਹੈ, ਕਿਉਂਕਿ ਸਾਨੂੰ ਵੀ ਫੌਜੀ ਦਸਤਿਆਂ ਦੀ ਲੋੜ ਹੈ, ਅਸੀਂ ਸਖ਼ਤ ਜ਼ਾਬਤਾ ਚਾਹੁੰਦੇ ਹਾਂ, ਅਤੇ ਜ਼ਾਰਸ਼ਾਹੀ ਜਾਂ ਗੁਚਕੋਵ ਬੁਰਜੂਆ ਉਲਟ—ਇਨਕਲਾਬ ਲਿਆਉਣ ਦੇ ਸਭ ਯਤਨਾਂ ਨੂੰ ਹਰ ਸੂਰਤ ਨਾਲ ਬੁਰੀ ਤਰ੍ਹਾਂ ਦਬਾਉਣ ਦੀ ਲੋੜ ਨੂੰ ਸਮਝਦੇ ਹਾਂ।

ਪਰ ਸਾਡਾ ਹੰਗਾਮੀ ਨਵਾਂ ਰਾਜ ਬੋਲੇ ਦੇ ਠੀਕ ਅਰਥਾਂ ਵਿਚ ਹੁਣ ਰਾਜ ਨਹੀਂ ਰਿਹਾ,

ਕਿਉਂਕਿ ਰੂਸ ਦੇ ਕੁਝ ਭਾਗਾਂ ਵਿਚ ਇਹ ਫੌਜੀ ਦਸਤੇ ਲੋਕ ਆਪ ਹਨ, ਇਹ ਲੋਕਾਂ ਦੇ ਉਪਰ ਬਿਠਾਏ ਤੇ ਲੋਕਾਂ ਤੋਂ ਨਿੱਖੜੇ ਹੋਏ ਉਚੇਰੇ ਅਧਿਕਾਰਾਂ ਵਾਲੇ ਲੋਕ ਨਹੀਂ ਜਿਹਨਾਂ ਨੂੰ ਕਿਸੇ ਤਰ੍ਹਾਂ ਵੀ ਲਾਹੁਣਾ ਸੰਭਵ ਨਾ ਹੋਵੇ।

ਅਸੀਂ ਉਸ ਆਮ ਬੁਰਜੂਆ ਕਿਸਮ ਦੇ ਲੋਕਤੰਤਰ ਵਲ ਪਿਛਾਂਹ ਨਾ ਵੇਖੀਏ ਜਿਸ ਨੇ ਰਾਜ ਪ੍ਰਬੰਧ ਦੇ ਪੁਰਾਣੇ ਰਜਵਾੜਸ਼ਾਹੀ ਸਾਧਨਾਂ, ਪੁਲਸ, ਫੌਜ, ਨੌਕਰਸ਼ਾਹੀ ਰਾਹੀਂ ਬੁਰਜੂਆਜ਼ੀ ਦੀ ਹਕੂਮਤ ਨੂੰ ਪੱਕਿਆਂ ਕੀਤਾ ਸਗੋਂ ਅਗਾਂਹ ਵਲ ਵੇਖੀਏ।

ਅਸੀਂ ਅਗਾਂਹ ਉਭਰ ਰਹੀ ਨਵੀਂ ਜਮਹੂਰੀਅਤ ਵਲ ਵੇਖੀਏ ਜੋ ਹੁਣੇ ਹੀ ਜਮਹੂਰੀਅਤ ਨਹੀਂ ਰਹਿ ਗਈ, ਕਿਉਂਕਿ ਜਮਹੂਰੀਅਤ ਦਾ ਅਰਥ ਹੈ ਲੋਕਾਂ ਉਪਰ ਦਾਬਾ ਅਤੇ ਹਥਿਆਰਬੰਦ ਲੋਕ ਆਪਣੇ ਆਪ ਉਪਰ ਦਾਬਾ ਨਹੀਂ ਪਾ ਸਕਦੇ।

ਬੋਲਾ ਜਮਹੂਰੀਅਤ ਜਦੋਂ ਕਮਿਊਨਿਸਟ ਪਾਰਟੀ ਉਪਰ ਲਾਗੂ ਕਰੀਏ ਤਾਂ ਨਾ ਕੇਵਲ ਵਿਗਿਆਨਕ ਤੌਰ ਤੇ ਗ਼ਲਤ ਹੈ ਸਗੋਂ ਹੁਣ ਮਾਰਚ 1917 ਤੋਂ ਲੈ ਕੇ ਇਨਕਲਾਬੀ ਲੋਕਾਂ ਦੀਆਂ ਅੱਖਾਂ ਅਗੇ ਪਰਦਾ ਪਾਉਣ ਵਾਲੀ ਵਸਤ ਬਣ ਗਈ ਹੈ ਅਤੇ ਉਹਨਾਂ ਨੂੰ ਆਪਣੀ ਪਹਿਲ ਕਦਮੀ ਨਾਲ ਦਲੇਰਾਨਾ ਤੇ ਆਜ਼ਾਦਾਨਾ ਢੰਗ ਨਾਲ ਕਿਰਤੀਆਂ, ਕਿਸਾਨਾਂ ਤੇ ਦੂਸਰੇ ਸਾਰੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਨੂੰ ਰਾਜ ਦੀ ਇਕੋ ਇਕ ਸੱਤਾ ਬਣਾਉਣ ਅਤੇ ਇਹਨਾਂ ਨੂੰ ਹਰ ਇਕ ਰੂਪ ਵਿਚ ਰਾਜ ਦੇ ਅਲੋਪ ਹੋਣ ਦਾ ਅਗਵਾਨੂੰ ਬਣਾਉਣ ਤੋਂ ਰੋਕਣਾ ਹੈ।

ਮੇਰੀ ਚੌਥੀ ਦਲੀਲ ਹੈ : ਅਸੀਂ ਉਸ ਅਸਲੀ ਹਾਲਤ ਨੂੰ ਪ੍ਰਵਾਨ ਕਰੀਏ ਜਿਸ ਵਿਚ ਅਜ ਸਮਾਜਵਾਦ ਕੌਮਾਂਤਰੀ ਤੌਰ ਤੇ ਹੈ।

ਇਹ ਹਾਲਤ ਉਹ ਨਹੀਂ ਜੋ 1871—1914 ਵਿਚ ਸੀ, ਜਦੋਂ ਮਾਰਕਸ ਤੇ ਏਂਗਲਜ਼ ਨੇ ਜਾਣ-ਬੁਝ ਕੇ "ਸੋਸ਼ਲ-ਡੈਮੋਕਰੇਸੀ" ਦੇ ਗ਼ਲਤ ਤੇ ਮੌਕਾਪ੍ਰਸਤ ਬੋਲੇ ਨੂੰ ਬਰਦਾਸ਼ਤ ਕੀਤਾ ਸੀ, ਕਿਉਂਕਿ ਉਹਨਾਂ ਦਿਨਾਂ ਵਿਚ ਪੈਰਿਸ ਕਮਿਊਨ ਦੀ ਹਾਰ ਪਿਛੋਂ ਇਤਿਹਾਸ ਨੇ ਧੀਮੇ ਜਥੇਬੰਦਕ ਤੇ ਵਿਦਿਅਕ ਕੰਮ ਨੂੰ ਜ਼ਰੂਰੀ ਬਣਾ ਦਿਤਾ ਸੀ। ਕੁਝ ਵੀ ਹੋਰ ਸੰਭਵ ਨਹੀਂ ਸੀ। ਅਨਾਰਕਿਸਟ ਉਦੋਂ ਵੀ (ਹੁਣ ਵਾਂਗ ਹੀ) ਨਾ ਕੇਵਲ ਸਿਧਾਂਤ ਦੇ ਪੱਖ ਤੋਂ ਸਗੋਂ ਆਰਥਕ ਤੇ ਰਾਜਨੀਤਕ ਪੱਖ ਤੋਂ ਵੀ ਬੁਨਿਆਦੀ ਤੌਰ ਤੇ ਗ਼ਲਤ ਹਨ। ਅਨਾਰਕਿਸਟਾਂ ਨੇ ਸਮੇਂ ਦੇ ਸੁਭਾਅ ਨੂੰ ਗ਼ਲਤ ਪਛਾਣਿਆ, ਕਿਉਂਕ ਉਹ ਸੰਸਾਰ ਅਵਸਥਾ ਨੂੰ ਸਮਝਣ ਵਿਚ ਅਸਫਲ ਰਹੇ। ਇਹ ਇਸ ਪ੍ਰਕਾਰ ਸੀ. ਬਰਤਾਨਵੀ ਮਜ਼ਦੂਰੀ ਸਾਮਰਾਜੀ ਮੁਨਾਫਿਆਂ ਨੇ ਭ੍ਰਿਸ਼ਟ ਕਰ ਦਿਤੇ ਸਨ, ਪੈਰਿਸ ਵਿਚ ਕਮਿਊਨ ਨੂੰ ਭਾਂਜ ਹੋ ਗਈ ਸੀ। ਜਰਮਨੀ ਵਿਚ ਬੁਰਜੂਆ ਕੌਮੀ ਲਹਿਰ (1871) ਨੂੰ ਤਾਜ਼ਾ ਜਿੱਤ ਹੋਈ ਸੀ ਅਤੇ ਅਰਧ-ਸਾਮੰਤੀ ਰੂਸ ਜੁਗਾਂ ਪੁਰਾਣੀ ਨੀਂਦ ਦਾ ਗ੍ਰਸਿਆ ਸੀ।

ਮਾਰਕਸ ਤੇ ਏਂਗਲਜ਼ ਨੇ ਸਮੇਂ ਨੂੰ ਠੀਕ ਮਾਪਿਆ। ਉਹ ਕੌਮਾਂਤਰੀ ਅਵਸਥਾ ਨੂੰ ਸਮਝਦੇ ਸਨ। ਉਹ ਜਾਣਦੇ ਸਨ ਕਿ ਸਮਾਜੀ ਇਨਕਲਾਬ ਦੇ ਆਰੰਭ ਵਲ ਪਹੁੰਚ ਲਾਜ਼ਮੀ ਤੌਰ ਤੇ ਸੁਸਤ ਹੋਵੇਗੀ।

ਆਪਣੀ ਵਾਰੀ ਅਸੀਂ ਵੀ ਨਵੇਂ ਦੌਰ ਤੇ ਵਿਸ਼ੇਸ਼ ਲਛਣਾਂ ਤੇ ਕੰਮਾਂ ਨੂੰ ਸਮਝੀਏ। ਅਸੀਂ ਉਹਨਾਂ ਗਏ-ਗੁਜ਼ਰੇ ਮਾਰਕਸਵਾਦੀਆਂ ਦੀ ਨਕਲ ਨਾ ਕਰੀਏ ਜਿਹਨਾਂ ਬਾਰੇ ਮਾਰਕਸ ਨੇ ਕਿਹਾ ਸੀ ਕਿ, "ਮੈਂ ਬੀਜੇ ਸਨ ਅਜਗਰ ਦੇ ਦੰਦ ਪਰ ਫਸਲ ਵੱਢੀ ਪਿੱਸੂਆਂ ਦੀ।"

ਪੂੰਜੀਵਾਦ ਜੋ ਵਧੇਰੇ ਸਮਾਜਵਾਦ ਬਣ ਗਿਆ, ਦੀ ਬਾਹਰਮੁਖੀ ਅਟੱਲਤਾ ਨੇ ਸਾਮਰਾਜੀ

ਜੰਗ ਲਿਆਂਦੀ। ਜੰਗ ਮਨੁਖਤਾ ਨੂੰ ਸਭਿਅਤਾ ਦੀ ਤਬਾਹੀ ਦੀ ਦੇਹਲੀ ਅਤੇ ਕਰੋੜਾਂ ਅਣਗਿਣਤ ਮਨੁੱਖਾਂ ਦੇ ਖਾਤਮੇ ਦੀ ਪੱਧਰ ਉਤੇ ਲੈ ਆਈ ਹੈ।

ਇਸ ਵਿਚੋਂ ਨਿਕਲਣ ਦਾ ਇਕੋ ਇਕ ਰਾਹ ਪਰੋਲਤਾਰੀ ਇਨਕਲਾਬ ਹੈ। ਐਨ ਉਸ ਵਲੋਂ ਜਦੋਂ ਕਿ ਅਜਿਹਾ ਇਨਕਲਾਬ ਆਰੰਭ ਹੋ ਰਿਹਾ ਹੈ, ਜਦੋਂ ਉਹ ਆਪਣੇ ਪਹਿਲੇ ਹਿਚਕਚਾਹਟ-ਭਰੇ ਕਦਮ ਟੋਹ ਟੋਹ ਕੇ ਚੁੱਕ ਰਿਹਾ ਹੈ, ਕਦਮ ਜੋ ਬੁਰਜੁਆਜ਼ੀ ਵਿਚ ਕੁਝ ਜ਼ਿਆਦਾ ਹੀ ਵਿਸ਼ਵਾਸ ਦਿਖਾਉਂਦੇ ਹਨ—ਅਜਿਹੇ ਸਮੇਂ ਸੋਸ਼ਲ-ਡੈਮੋਕਰੈਟਿਕ ਆਗੂਆਂ, ਸੋਸ਼ਲ-ਡੈਮੋਕਰੇਟਿਕ ਪਾਰਲੀਮੈਂਟ ਮੈਂਬਰਾਂ ਤੇ ਸੋਸ਼ਲ-ਡੈਮੋਕਰੈਟਿਕ ਅਖ਼ਬਾਰਾਂ, ਜੋ ਲੋਕਾਂ ਨੂੰ ਪ੍ਰਭਾਵਤ ਕਰਨ ਵਾਲੇ ਅਦਾਰੇ ਹਨ, ਬਹੁਸੰਮਤੀ ਨੇ ਇਹ (ਇਹ ਸਚਾਈ ਹੈ ਤੱਥ ਹੈ) ਸਮਾਜਵਾਦ ਨੂੰ ਤਿਆਗ ਦਿਤਾ ਹੈ। ਉਹ ਸਮਾਜਵਾਦ ਨਾਲ ਗ਼ੱਦਾਰੀ ਕਰ ਗਏ ਹਨ ਅਤੇ "ਆਪਣੀ" ਕੌਮੀ ਬੁਰਜੁਆਜ਼ੀ ਵਲ ਚਲੇ ਗਏ ਹਨ।

ਲੋਕਾਂ ਨੂੰ ਇਹਨਾਂ ਆਗੂਆਂ ਨੇ ਅਤੇ ਭੰਬਲ ਭੂਸਿਆਂ ਵਿਚ ਪਾਇਆ, ਕੁਰਾਹੇ ਲਿਜਾਇਆ ਅਤੇ ਧੋਖਾ ਦਿੱਤਾ ਹੈ।

ਜੇ ਅਸੀਂ ਇਸ ਵੇਲੇ ਵਿਹਾ ਚੁੱਕੀ ਪਾਰਟੀ ਦਾ ਨਾਂਅ ਕਾਇਮ ਰਖਦੇ ਹਾਂ ਜੋ ਕਿ ਦੂਜੀ ਇੰਟਰਨੈਸ਼ਨਲ ਵਾਂਗ ਨਿਘਾਰ-ਗ੍ਰਸਤ ਹੋ ਚੁੱਕੀ ਹੈ ਤਾਂ ਅਸੀਂ ਇਸ ਦੰਭ ਦੀ ਸਹਾਇਤਾ ਕਰ ਰਹੇ ਤੇ ਇਸ ਨੂੰ ਸ਼ਹਿ ਦੇ ਰਹੇ ਹੋਵਾਂਗੇ।

ਮੰਨਿਆ ਕਿ "ਬਹੁਤ ਸਾਰੇ" ਕਾਰਕੁਨ ਸੋਸ਼ਲ-ਡੈਮੋਕਰੇਸੀ ਨੂੰ ਸੁਹਿਰਦ ਅਰਥਾਂ ਵਿਚ ਸਮਝਦੇ ਹਨ, ਪਰ ਹੁਣ ਇਹ ਸਿੱਖਣ ਦਾ ਸਮਾਂ ਹੈ ਕਿ ਬਾਹਰਮੁਖੀ ਚੀਜ਼ ਨੂੰ ਅੰਤਰਮੁਖੀ ਨਾਲ ਕਿਵੇਂ ਨਿਖੇੜੀਦਾ ਹੈ।

ਅੰਤਰਮੁਖੀ ਤੌਰ ਤੇ, ਅਜਿਹੇ ਸੋਸ਼ਲ-ਡੈਮੋਕਰੈਟਿਕ ਕਾਰਕੁਨ ਪਰੋਲਤਾਰੀਆ ਦੇ ਬਹੁਤ ਵਫ਼ਾਦਾਰ ਆਗੂ ਹਨ।

ਐਪਰ ਬਾਹਰਮੁਖੀ ਤੌਰ ਤੇ ਸੰਸਾਰ-ਅਵਸਥਾ ਅਜਿਹੀ ਹੈ ਕਿ ਸਾਡੀ ਪਾਰਟੀ ਦਾ ਪੁਰਾਣਾ ਨਾਂਅ ਲੋਕਾਂ ਨੂੰ ਸਹਿਜੇ ਹੀ ਉੱਲੂ ਬਣਾ ਸਕਦਾ ਹੈ ਅਤੇ ਅਗਾਂਹ ਦੇ ਮਾਰਚ ਵਿਚ ਰੁਕਾਵਟ ਪਾਉਂਦਾ ਹੈ, ਕਿਉਂਕਿ ਹਰ ਕਦਮ ਉਤੇ ਹਰ ਅਖ਼ਬਾਰ ਵਿਚ ਪਾਰਲੀਮੈਂਟਰੀ ਗਰੁੱਪ ਵਿਚ ਲੋਕ ਆਗੂਆਂ ਨੂੰ ਵੇਖਦੇ ਹਨ ਅਥਵਾ ਉਹਨਾਂ ਲੋਕਾਂ ਨੂੰ ਵੇਖਦੇ ਹਨ ਜਿਨ੍ਹਾਂ ਦੀ ਆਵਾਜ਼ ਦੂਰ ਤਕ ਜਾ ਸਕਦੀ ਹੈ ਤੇ ਜਿਨ੍ਹਾਂ ਦੇ ਅਮਲ ਬੜੇ ਪ੍ਰਗਟ ਹੁੰਦੇ ਹਨ, ਫਿਰ ਵੀ ਉਹ ਸਾਰੇ ਬਣਨ ਵਾਲੇ "ਸੋਸ਼ਲ-ਡੈਮੋਕਰੇਟ" ਹਨ, ਉਹ ਸਾਰੇ ਹੀ ਸਮਾਜਵਾਦ ਦੇ ਗ਼ੱਦਾਰਾਂ ਨਾਲ, ਸੋਸ਼ਲ-ਵੱਡ ਕੋਮਪ੍ਰਸਤਾ ਨਾਲ "ਏਕਤਾ" ਦੇ ਹੱਕ ਵਿਚ ਹਨ ਅਤੇ ਉਹ ਸੋਸ਼ਲ ਡੈਮੋਕਰੇਸੀ ਵਲੋਂ ਜਾਰੀ ਕੀਤੇ ਪੁਰਾਣੇ ਬਿੱਲਾਂ ਨੂੰ ਅਦਾਇਗੀ ਲਈ ਪੇਸ਼ ਕਰਦੇ ਹਨ...।

ਤੇ ਫਿਰ ਵਿਰੋਧੀ ਦਲੀਲਾਂ ਕੀ ਹਨ ?... ਕਿਹਾ ਜਾਂਦਾ ਹੈ ਕਿ ਅਸੀਂ ਅਨਾਰਕਿਸਟ-ਕਮਿਊਨਿਸਟਾਂ ਨਾਲ ਰਲ-ਗੱਡ ਹੋ ਜਾਵਾਂਗੇ...।

ਅਸੀਂ ਸੋਸ਼ਲ-ਕੋਮਪ੍ਰਸਤਾਂ, ਸੋਸ਼ਲ-ਲਿਬਰਲਾਂ ਜਾਂ ਤਿੱਕੇ ਸੋਸ਼ਲਿਸਟਾਂ, ਫਰਾਂਸੀਸੀ ਰੀਪਬਲਿਕ ਦੀ ਪ੍ਰਮੁਖ ਬੁਰਜੂਆ ਪਾਰਟੀ ਤੇ ਲੋਕਾਂ ਦੀ ਬੁਰਜੂਆ ਠੱਗੀ ਵਿਚ ਨਿਪੁੰਨ ਪਾਰਟੀ ਨਾਲ ਰਲਗੱਡ ਹੋਣ ਤੋਂ ਕਿਉਂ ਨਹੀਂ ਘਬਰਾਉਂਦੇ ?......ਸਾਨੂੰ ਦਸਿਆ ਜਾਂਦਾ ਹੈ : ਲੋਕ ਇਸ ਨਾਂਅ ਦੇ ਆਦੀ ਹੋ ਚੁੱਕੇ ਹਨ, ਮਜ਼ਦੂਰ "ਆਪਣੀ" ਸੋਸ਼ਲ ਡੈਮੋਕਰੈਟਿਕ ਪਾਰਟੀ ਨੂੰ 'ਪਿਆਰ' ਕਰਨ ਲਗ ਪਏ ਹਨ।

ਇਹੀ ਹੈ ਇਕੋ ਇਕ ਦਲੀਲ। ਪਰ ਇਹ ਅਜਿਹੀ ਦਲੀਲ ਹੈ ਜੋ ਮਾਰਕਸਵਾਦ ਦੀ ਸਾਇੰਸ ਨੂੰ, ਇਨਕਲਾਬ ਦੇ ਕੰਮਾਂ ਨੂੰ, ਸੰਸਾਰ ਸਮਾਜਵਾਦ ਦੀ ਬਾਹਰਮੁਖੀ ਪੁਜ਼ੀਸ਼ਨ ਨੂੰ, ਦੂਸਰੀ ਇੰਟਰਨੈਸ਼ਨਲ ਦੇ ਸ਼ਰਮਨਾਕ ਨਿਘਾਰ ਨੂੰ ਅਤੇ ਪਰੋਲਤਾਰੀਆ ਦੇ ਦੁਆਲੇ ਜੁੜੇ "ਬਣਨ ਵਾਲੇ ਸੋਸ਼ਲ-ਡੈਮੋਕਰੇਟਾਂ" ਦੇ ਗਰੋਹਾਂ ਵਲੋਂ ਆਪਣੀ ਕਾਜ ਨੂੰ ਪਹੁੰਚਾਏ ਗਏ ਨੁਕਸਾਨ ਨੂੰ ਪਾਸੇ ਰੱਖਦੀ ਹੈ।

ਇਹ ਦਲੀਲ ਨਿਤਾ-ਪ੍ਰਤੀ ਦੇ ਕਰਮ ਵਿਚ ਫਸੇ ਰਹਿਣ ਦੀ ਦਲੀਲ ਹੈ, ਸਿੱਥਲਤਾ ਦੀ ਦਲੀਲ ਹੈ ਅਤੇ ਖੜੋਤ ਦੀ ਦਲੀਲ ਹੈ।

ਪਰ ਅਸੀਂ ਨਵਾਂ ਸੰਸਾਰ ਸਿਰਜਣ ਲਈ ਦ੍ਰਿੜ੍ਹ ਹਾਂ। ਅਸੀਂ ਸਾਮਰਾਜੀ ਸੰਸਾਰ ਜੰਗ ਨੂੰ ਖ਼ਤਮ ਕਰਨ ਲਈ ਦ੍ਰਿੜ੍ਹ ਹਾਂ, ਜਿਸ ਜੰਗ ਵਿਚ ਲੱਖਾਂ ਕਰੋੜਾਂ ਲੋਕ ਧੂਹੇ ਗਏ ਹਨ, ਜਿਸ ਵਿਚ ਅਰਬਾਂ-ਖਰਬਾਂ ਦਾ ਸਰਮਾਇਆ ਲਗ ਰਿਹਾ ਹੈ; ਜੰਗ ਜੋ ਮਨੁੱਖੀ ਇਤਿਹਾਸ ਦੇ ਮਹਾਨ ਪਰੋਲਤਾਰੀ ਇਨਕਲਾਬ ਤੋਂ ਬਿਨਾਂ ਸੱਚਮੁਚ ਦੇ ਜਮਹੂਰੀ ਅਮਨ ਵਿਚ ਸਮਾਪਤ ਨਹੀਂ ਹੋ ਸਕਦੀ।

ਅਜੇ ਵੀ ਅਸੀਂ ਆਪਣੇ ਆਪ ਤੋਂ ਡਰ ਰਹੇ ਹਾਂ। ਅਸੀਂ 'ਪਿਆਰੀ ਪੁਰਾਣੀ' ਗੰਦੀ ਹੋ ਚੁੱਕੀ ਕਮੀਜ਼ ਨੂੰ ਉਤਾਰ ਸੁੱਟਣ ਤੋਂ ਡਰਦੇ ਹਾਂ।

ਪਰ ਗੰਦੀ ਕਮੀਜ਼ ਨੂੰ ਉਤਾਰ ਸੁੱਟਣ ਤੇ ਸਾਫ ਕਪੜਾ ਪਹਿਨਣ ਦਾ ਸਮਾਂ ਆ ਗਿਆ ਹੈ।

ਪੀਤਰੋਗਰਾਦ, 10 ਅਪਰੈਲ, 1917
ਪਹਿਲਾਂ ਪ੍ਰੀਬੋਈ ਪ੍ਰਕਾਸ਼ਕਾਂ ਵਲੋਂ
ਸਤੰਬਰ, 1917 ਵਿਚ ਵਿਚ ਪੈਂਫਲਟ ਵਜੋਂ ਪ੍ਰਕਾਸ਼ਤ
ਸਹੀ : **ਐਨ. ਲੈਨਿਨ**

# ਰੂਸ ਵਿਚ ਰਾਜਸੀ ਪਾਰਟੀਆਂ ਅਤੇ ਪਰੋਲੇਤਾਰੀ ਦੇ ਕਾਰਜ

## ਦੂਜੀ ਐਡੀਸ਼ਨ ਦੀ ਭੂਮਿਕਾ

ਪੈਂਫਲਟ ਕੁਲੀਸ਼ਨ ਸਰਕਾਰ ਬਣਨ ਤੋਂ ਪਹਿਲਾਂ ਅਪਰੈਲ 1917 ਵਿਚ ਲਿਖਿਆ ਗਿਆ ਸੀ। ਉਸ ਤੋਂ ਮਗਰੋਂ ਪੁਲਾਂ ਦੇ ਥੱਲਿਓਂ ਬਹੁਤ ਪਾਣੀ ਵਹਿ ਚੁੱਕਿਆ ਹੈ, ਪਰ ਮੁੱਖ ਰਾਜਸੀ ਪਾਰਟੀਆਂ ਦੇ ਮੁੱਖ ਲੱਛਣ ਇਨਕਲਾਬ ਦੇ ਸਾਰੇ ਅਗਲੇ ਪੜਾਵਾਂ ਤੇ ਅਮਲ ਵਿਚ ਸੱਚੇ ਸਿੱਧ ਹੋਏ ਹਨ। ਕੁਲੀਸ਼ਨ ਸਰਕਾਰ ਦੇ ਦੌਰਾਨ, ਜੋ 6 ਮਈ 1917 ਨੂੰ ਹੋਂਦ ਵਿਚ ਆਈ, ਬਾਲਸ਼ਵਿਕਾਂ ਵਿਰੁੱਧ ਮੈਨਸ਼ਵਿਕਾਂ ਤੇ ਸੋਸਲਿਸਟ-ਇਨਕਲਾਬੀਆਂ ਵਿਚਾਲੇ ਜੂਨ (ਜੁਲਾਈ) 1917 ਗਠਜੋੜ ਦੇ ਦੌਰਾਨ, ਕੋਰਨੀਲੋਵ ਘਟਨਾਵਾਂ ਦੇ ਦੌਰਾਨ ਅਤੇ 1917 ਦੇ ਅਕਤੂਬਰ ਇਨਕਲਾਬ ਦੇ ਦੌਰਾਨ ਅਤੇ ਉਸ ਦੇ ਮਗਰੋਂ।

ਮੁਖ ਪਾਰਟੀਆਂ ਤੇ ਉਹਨਾਂ ਦੀਆਂ **ਜਮਾਤੀ ਬੁਨਿਆਦਾਂ** ਨੂੰ ਦਿੱਤੇ ਗਏ ਲੱਛਣਾਂ ਦੀ ਦਰੁਸਤੀ ਰੂਸੀ ਇਨਕਲਾਬ ਦੇ ਸਾਰੇ ਅਮਲ ਵਿਚ ਸਹੀ ਸਿੱਧ ਹੋਈ ਹੈ। ਅੱਜ ਪੱਛਮੀ ਯੂਰਪ ਵਿਚ ਇਨਕਲਾਬ ਦੀ ਤਰੱਕੀ ਦਰਸਾਉਂਦੀ ਹੈ ਕਿ ਉਥੇ ਵੀ ਮੁੱਖ ਪਾਰਟੀਆਂ ਦੀ ਕਤਾਰਬੰਦੀ ਇਸੇ ਤਰ੍ਹਾਂ ਦੀ ਹੈ। ਮੈਨਸ਼ਵਿਕਾਂ ਤੇ ਸੋਸ਼ਲਿਸਟ ਇਨਕਲਾਬੀਆਂ ਦਾ ਰੋਲ ਸਾਰੇ ਦੇਸ਼ਾਂ (ਕਥਨੀ ਵਿਚ ਸੋਸ਼ਲਿਸਟ ਤੇ ਕਰਨੀ ਵਿਚ ਅੰਧਰਾਸਟਰਵਾਦੀ) ਦੇ ਸੋਸ਼ਲ-ਅੰਧਰਾਸ਼ਟਰਵਾਦੀਆਂ ਵਲੋਂ ਅਤੇ ਜਰਮਨੀ ਵਿਚ ਕਾਟਸਕੀਵਾਦੀਆਂ ਵਲੋਂ ਅਤੇ ਫ਼ਰਾਂਸ ਵਿਚ ਲਾਂਗੇਵਾਦੀਆਂ ਵਲੋਂ ਅਦਾ ਕੀਤਾ ਜਾ ਰਿਹਾ ਹੈ।

**ਐਨ. ਲੈਨਿਨ**

ਮਾਸਕੋ, 22 ਅਕਤੂਬਰ 1918

ਪੈਂਫਲਟ ਵਿਚ 1918 ਵਿਚ ਪ੍ਰਕਾਸ਼ਤ ਹੋਇਆ :
**ਐਨ. ਲੈਨਿਨ. ਰੂਸ ਵਿਚ ਰਾਜਸੀ ਪਾਰਟੀਆਂ ਅਤੇ ਪਰੋਲੇਤਾਰੀਆ ਦੇ ਕਾਰਜ**, ਕਮਿਊਨਿਸਟ ਪ੍ਰਕਾਸ਼ਨ ਘਰ, ਮਾਸਕੋ।

ਹੇਠਾਂ, ਪਹਿਲਾਂ ਵਧੇਰੇ ਜ਼ਰੂਰੀ ਤੇ ਫਿਰ ਘੱਟ ਜ਼ਰੂਰੀ ਸੁਆਲਾਂ ਨੂੰ ਅਤੇ ਰੂਸ ਵਿਚਲੀ ਵਰਤਮਾਨ ਸਥਿਤੀ ਨੂੰ ਲੱਛਣਾਉਣ ਵਾਲੇ ਜੁਆਬਾਂ ਨੂੰ ਤੇ ਵੱਖ ਵੱਖ ਪਾਰਟੀਆਂ ਵਲੋਂ ਇਸ ਨੂੰ ਸਮਝਣ ਦੇ ਢੰਗ ਨੂੰ ਸੂਤਰਿਤ ਕਰਨ ਦਾ ਯਤਨ ਕੀਤਾ ਗਿਆ ਹੈ।

## ਸੁਆਲ I

### (1) ਰੂਸ ਵਿਚ ਮੁੱਖ ਰਾਜਸੀ ਪਾਰਟੀ ਗੱਠਜੋੜ ਕਿਹੜੇ ਹਨ ?

### ਜੁਆਬ

(ੳ). (ਸੀ. ਡੀ. ਦੇ ਸੱਜੇ ਪਾਸੇ) ਕਾਨਸਟੀਚਿਊਸ਼ਨਲ-ਡੈਮੋਕਰੈਟਸ ਦੇ ਸੱਜੇ ਪਾਸੇ ਦੀਆਂ ਪਾਰਟੀਆ ਤੇ ਗਰੁਪ।

(ਅ.). (ਸੀ.ਡੀ.)। ਕਾਨਸਟੀਚਿਊਸਨਲ-ਡੈਮੋਕਰੈਟਿਕ ਪਾਰਟੀ (ਕੈਡਿਟਸ, ਜਾਂ ਲੋਕ ਸੁਤੰਤਰਤਾ ਪਾਰਟੀ) ਅਤੇ ਉਸ ਨਾਲ ਮਿਲਦੇ ਜੁਲਦੇ ਗਰੁੱਪ।

(ੲ). (ਐਸ. ਡੀ. ਅਤੇ ਐਸ. ਆਰ)। ਸੋਸ਼ਲ-ਡੈਮੋਕਰੈਟਿਕ, ਸੋਸ਼ਲਿਸਟ-ਰੈਵੋਲਿਊਸ਼ਨਰੀ ਤੇ ਇਹਨਾ ਨਾਲ ਮਿਲਦੇ ਜੁਲਦੇ ਗਰੁਪ।

(ਸ) ("ਬਾਲਸ਼ਵਿਕ")। ਪਾਰਟੀ, ਜਿਸ ਨੂੰ ਯੋਗ ਢੰਗ ਨਾਲ **ਕਮਿਊਨਿਸਟ ਪਾਰਟੀ** ਕਹਿਣਾ ਚਾਹੀਦਾ ਹੈ, ਪਰ ਇਸ ਸਮੇਂ ਜਿਸ ਦਾ ਨਾਅ ਰੂਸੀ ਸੋਸ਼ਲ-ਜਨਵਾਦੀ ਲੇਬਰ ਪਾਰਟੀ ਰਖਿਆ ਗਿਆ ਹੈ ਜੋ ਕੇਂਦਰੀ ਕਮੇਟੀ ਅਧੀਨ ਸੰਗਠਿਤ ਹੈ, ਜਾਂ "ਬਾਲਸ਼ਵਿਕ" ਨਾਂਅ ਤੇ ਪ੍ਰਸਿੱਧ ਹੈ।

### (2) ਇਹ ਪਾਰਟੀਆਂ ਕਿਹੜੀਆਂ ਜਮਾਤਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ ? ਕਿਹੜੇ ਜਮਾਤੀ ਦ੍ਰਿਸ਼ਟੀਕੋਣ ਇਹ ਪਰਗਟ ਕਰਦੀਆਂ ਹਨ ?

(ੳ) (ਸੀ. ਡੀ. ਦੇ ਸੱਜੇ ਪਾਸੇ)। ਸਾਮੰਤਸ਼ਾਹੀ ਜਗੀਰਦਾਰ ਅਤੇ ਬੁਰਜੂਆਜ਼ੀ (ਸਰਮਾਏਦਾਰ) ਦੇ ਬਹੁਤ ਹੀ ਪੱਛੜੇ ਹੋਏ ਭਾਗ।

(ਅ) (ਸੀ. ਡੀ.) ਸਮੁੱਚੀ ਬੁਰਜੂਆਜ਼ੀ, ਭਾਵ. ਸਰਮਾਏਦਾਰ ਜਮਾਤ ਅਤੇ ਜਗੀਰਦਾਰ ਜੋ ਬੁਰਜੂਆ ਬਣ ਗਏ ਹਨ, ਭਾਵ, ਜੋ ਸਰਮਾਏਦਾਰ ਬਣ ਗਏ ਹਨ।

(ੲ) (ਐਸ.ਡੀ. ਅਤੇ ਐਸ.ਆਰ.)। ਛੋਟੇ ਮਾਲਕ, ਛੋਟੇ ਤੇ ਦਰਮਿਆਨੇ ਕਿਸਾਨ, ਨਿਕ-

ਬੁਰਜੁਆਜ਼ੀ ਅਤੇ ਮਜ਼ਦੂਰਾਂ ਦਾ ਉਹ ਭਾਗ ਜੋ ਬੁਰਜੁਆਜ਼ੀ ਦੇ ਪਰਭਾਵ ਹੇਠ ਆ ਗਿਆ ਹੈ।

(ਸ) ("ਬਾਲਸ਼ਵਿਕ")। ਜਮਾਤੀ ਤੌਰ ਤੇ ਸੁਚੇਤ ਪਰੋਲੇਤਾਰੀਏ, ਉਜਰਤੀ ਮਜ਼ਦੂਰ ਅਤੇ ਉਹਨਾਂ ਦੇ ਨੇੜੇ ਖਲੋਤੀ ਗ਼ਰੀਬ ਕਿਰਸਾਨੀ (ਅਰਧ-ਪਰੋਲੇਤਾਰੀਏ)।

### (3) ਸੋਸ਼ਲਿਜ਼ਮ ਵੱਲ ਉਹਨਾਂ ਦਾ ਵਤੀਰਾ ਕੀ ਹੈ ?

(ੳ) (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ) (ਸੀ.ਡੀ.)। ਨਿਰਣਾਇਕ ਤੌਰ ਤੇ ਵੈਰ-ਭਾਵੀ, ਕਿਉਂ ਜੋ ਇਹ ਸਰਮਾਏਦਾਰਾਂ ਤੇ ਜਗੀਰਦਾਰਾਂ ਦੇ ਮੁਨਾਫ਼ਿਆ ਲਈ ਖਤਰਾ ਪੇਸ਼ ਕਰਦਾ ਹੈ।

(ੲ). (ਐਸ.ਡੀ. ਅਤੇ ਐਸ.ਆਰ.)। ਸੋਸ਼ਲਿਜ਼ਮ ਦੇ ਹੱਕ ਵਿਚ, ਪਰ ਇਸ ਬਾਰੇ ਸੋਚਣਾ ਜਾਂ ਇਸ ਦੀ ਪਰਾਪਤੀ ਲਈ ਤੁਰੰਤ ਕਦਮ ਪੁੱਟਣੇ ਸਮੇਂ ਤੋਂ ਬਹੁਤ ਪਹਿਲਾ ਦੀ ਗੱਲ ਹੈ।

(ਸ). ("ਬਾਲਸ਼ਵਿਕ") ਸੋਸ਼ਲਿਜ਼ਮ ਦੇ ਹੱਕ ਵਿਚ। ਸੋਵੀਅਤਾਂ ਨੂੰ ਇਸ ਦੀ ਪਰਾਪਤੀ ਲਈ ਸਾਰੇ ਸੰਭਵ ਕਦਮ ਤੁਰੰਤ ਪੁੱਟਣੇ ਚਾਹੀਦੇ ਹਨ।

### (4) ਇਸ ਸਮੇਂ ਉਹ ਸਰਕਾਰ ਦਾ ਕਿਹੜਾ ਰੂਪ ਚਾਹੁੰਦੀਆਂ ਹਨ ?

(ੳ). (ਸੀ.ਡੀ. ਦੇ ਸੱਜੇ ਪਾਸੇ)। ਇਕ ਸੰਵਿਧਾਨਕ ਪਾਤਸਾਹੀ। ਨੌਕਰਸ਼ਾਹੀ ਤੇ ਪੁਲਸ ਦੀ ਕੱਤਈ ਸੱਤਾ।

(ਅ). (ਸੀ.ਡੀ.)। ਇਕ ਬੁਰਜੂਆ ਪਾਰਲੀਮੈਂਟਰੀ ਗਣਰਾਜ, ਭਾਵ ਸਰਮਾਏਦਾਰਾਂ ਦੇ ਰਾਜ ਦੀ ਮਜ਼ਬੂਤੀ, ਜਦ ਕਿ ਪੁਰਾਣੀ ਨੌਕਰਸ਼ਾਹੀ ਤੇ ਪੁਲਸ ਦੀ ਬਰਕਰਾਰੀ।

(ੲ). (ਐਸ.ਡੀ. ਤੇ ਐਸ.ਆਰ.)। ਇਕ ਬੁਰਜੂਆ ਪਾਰਲੀਮੈਂਟਰੀ ਗਣਰਾਜ, ਮਜ਼ਦੂਰਾਂ ਤੇ ਕਿਸਾਨਾਂ ਲਈ ਸੁਧਾਰ।

(ਸ). ("ਬਾਲਸ਼ਵਿਕ")। ਮਜ਼ਦੂਰਾਂ, ਸਿਪਾਹੀਆਂ, ਕਿਸਾਨਾਂ ਦੇ ਡਿਪਟੀਆਂ ਤੇ ਹੋਰ ਡਿਪਟੀਆਂ ਦੀਆਂ ਸੋਵੀਅਤਾ ਦਾ ਗਣਰਾਜ। ਸਟੈਂਡਿੰਗ ਫ਼ੌਜ ਤੇ ਪੁਲਸ ਦਾ ਖਾਤਮਾ, ਜਿਨ੍ਹਾਂ ਦੀ ਥਾਂ ਤੇ ਸਮੁੱਚੀ ਕੌਮ ਦੀ ਹਥਿਆਰਬੰਦੀ; ਅਫਸਰ ਨਾ ਕੇਵਲ ਚੁਣੇ ਜਾਣਗੇ ਸਗੋਂ ਹਟਾਏ ਵੀ ਜਾ ਸਕਣਗੇ; ਉਹਨਾਂ ਦੀ ਤਨਖਾਹ ਇਕ ਸੁਯੋਗ ਮਜਦੂਰ ਦੀ ਤਨਖਾਹ ਤੋਂ ਵੱਧ ਨਹੀਂ ਹੋਵੇਗੀ।

### (5) ਰੋਮਾਨੋਵ ਪਾਤਸ਼ਾਹੀ ਦੀ ਬਹਾਲੀ ਵੱਲ ਉਹਨਾਂ ਦਾ ਵਤੀਰਾ ਕੀ ਹੈ ?

(ੳ). (ਸੀ.ਡੀ. ਦੇ ਸੱਜੇ ਪਾਸੇ)। ਉਹ ਇਸ ਦੇ ਹੱਕ ਵਿਚ ਹਨ, ਪਰ ਲੁਕਵੇਂ ਤੇ ਸਾਵਧਾਨ ਢੰਗ ਨਾਲ ਕੰਮ ਕਰਦੇ ਹਨ, ਕਿਉਂ ਜੋ ਉਹ ਲੋਕਾ ਤੋਂ ਡਰਦੇ ਹਨ।

(ਅ). (ਸੀ.ਡੀ.)। ਜਦੋਂ ਗੁਚਕੋਵ ਇਕ ਸੱਤਾ ਜਾਪਦੇ ਸਨ, ਕੈਡਿਟਸ ਨਿਕੋਲਸ ਦੇ ਭਰਾ ਜਾਂ ਪੁੱਤਰ ਨੂੰ ਤਖ਼ਤ ਦੇ ਬਿਠਾਉਣ ਦੇ ਹੱਕ ਵਿਚ ਸਨ; ਪਰ ਜਦੋਂ ਲੋਕ ਇਕ ਸੱਤਾ ਵਿਖਾਈ ਦੇਣ ਲਗੇ, ਕੈਡਿਟਸ ਪਾਤਸ਼ਾਹੀ-ਵਿਰੋਧੀ ਬਣ ਗਏ।

(ੲ). (ਐਸ.ਡੀ. ਤੇ ਐਸ.ਆਰ.) ਅਤੇ (ਸ). ("ਬਾਲਸ਼ਵਿਕ")। ਨਿਰਣਾਇਕ ਤੌਰ ਤੇ ਪਾਤਸ਼ਾਹੀ ਨੂੰ ਕਿਸੇ ਵੀ ਰੂਪ ਵਿਚ ਬਾਹਾਲ ਕਰਨ ਦੇ ਵਿਰੁੱਧ ਹਨ।

### (6) ਸੱਤਾ ਉਤੇ ਕਬਜ਼ਾ ਕਰਨ ਸਬੰਧੀ ਉਹਨਾਂ ਦਾ ਕੀ ਵਤੀਰਾ ਹੈ ? ਉਹ ਅਮਨ ਚੈਨ ਬਾਰੇ ਅਤੇ ਅਰਾਜਕਤਾ ਬਾਰੇ ਕੀ ਸਮਝਦੇ ਹਨ ?

(ੳ). (ਸੀ.ਡੀ. ਦੇ ਸੱਜੇ ਪਾਸੇ)। ਜੇ ਇਕ ਜ਼ਾਰ ਜਾਂ ਕੋਈ ਬਹਾਦਰ ਜਰਨੈਲ ਸੱਤਾ ਕਬਜ਼ੇ

ਵਿਚ ਲੈਂਦਾ ਹੈ, ਤਾਂ ਇਹ ਖ਼ੁਦਾ ਦੀ ਰਹਿਮਤ ਹੈ, ਉਹ ਅਮਨ ਚੈਨ ਹੈ। ਬਾਕੀ ਦੀ ਅਰਾਜਕਤਾ ਹੈ।

(ਅ). (ਸੀ.ਡੀ.)। ਜੇ ਸਰਮਾਏਦਾਰ ਸੱਤਾ ਕਬਜ਼ੇ ਵਿਚ ਲੈਂਦੇ ਹਨ, ਭਾਵੇਂ ਤਾਕਤ ਰਾਹੀਂ, ਉਹ ਅਮਨ ਚੈਨ ਹੈ; ਸਰਮਾਏਦਾਰਾਂ ਦੇ ਵਿਰੁੱਧ ਸੱਤਾ ਉਤੇ ਕਬਜ਼ਾ ਕਰਨਾ ਅਰਾਜਕਤਾ ਹੋਵੇਗੀ।

(ੲ). (ਐਸ.ਡੀ. ਅਤੇ ਐਸ.ਆਰ.)। ਜੇ ਇਕੱਲੀਆਂ ਸੋਵੀਅਤਾਂ ਸਾਰੀ ਸੱਤਾ ਕਬਜ਼ੇ ਵਿਚ ਲੈਂਦੀਆਂ ਹਨ ਤਾਂ ਇਸ ਦਾ ਅਰਥ ਅਰਾਜਕਤਾ ਦਾ ਖਤਰਾ ਹੈ। ਸਰਮਾਏਦਾਰਾ ਨੂੰ ਸੱਤਾ ਇਸ ਸਮੇਂ ਅਪਣੇ ਕੋਲ ਰੱਖਣ ਦਿਓ, ਸੋਵੀਅਤਾਂ ਕੋਲ "ਕੰਨਟੇਕਟ ਕਮਿਸ਼ਨ" ਰਹਿਣ ਦਿਓ।

(ਸ). ("ਬਾਲਸ਼ਵਿਕ")। ਸਾਰੀ ਸੱਤਾ ਮਜ਼ਦੂਰਾਂ, ਸਿਪਾਹੀਆਂ, ਕਿਸਾਨਾਂ, ਖੇਤ ਮਜ਼ਦੂਰਾਂ ਤੇ ਹੋਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਹੱਥਾਂ ਵਿਚ ਹੋਣੀ ਚਾਹੀਦੀ ਹੈ। ਸਾਰਾ ਪ੍ਰਾਪੇਗੰਡਾ, ਐਜੀਟੇਸਨ ਤੇ ਲਖੂਖਾ ਲੋਕਾਂ ਦੀ ਜਥੇਬੰਦੀ ਇਸ ਮੰਤਵ ਦੀ ਪਰਾਪਤੀ **ਵੱਲ ਤੁਰੰਤ ਸੇਧਿਤ** ਕਰਨਾ ਚਾਹੀਦਾ ਹੈ।[1]

### (7) ਕੀ ਆਰਜ਼ੀ ਸਰਕਾਰ ਦੀ ਹਮਾਇਤ ਕਰਨੀ ਚਾਹੀਦੀ ਹੈ ?

(ੳ). (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ ਡੀ.)। ਨਿਰਸੰਦੇਹ, ਕਿਉਂ ਜੋ ਕੇਵਲ ਇਹ ਹੀ ਸਰਕਾਰ ਹੈ ਇਸ ਘੜੀ ਸਰਮਾਏਦਾਰਾ ਦੇ ਹਿੱਤਾ ਦੀ ਰਾਖੀ ਕਰਨ ਦੇ ਯੋਗ ਹੈ।

(ੲ). (ਐਸ ਡੀ. ਤੇ ਐਸ.ਆਰ.)। ਇਸ ਦੀ ਹਮਾਇਤ ਕਰਨੀ ਚਾਹੀਦੀ ਹੈ, ਪਰ ਇਸ ਸਰਤ ਤੇ ਕਿ ਇਹ ਸੋਵੀਅਤਾ ਨਾਲ ਆਪਣੇ ਕੀਤੇ ਇਕਰਾਰ ਪੂਰੇ ਕਰੇ ਅਤੇ ਕੰਨਟੇਕਟ ਕਮਿਸ਼ਨ ਦੀਆ ਮੀਟਿੰਗਾ ਵਿਚ ਭਾਗ ਲਏ।

(ਸ). ("ਬਾਲਸ਼ਵਿਕ")। ਨਹੀਂ, ਸਰਮਾਏਦਾਰਾ ਨੂੰ ਇਸ ਦੀ ਹਮਾਇਤ ਕਰਨ ਦਿਓ। ਸਾਡਾ ਕੰਮ ਲੋਕਾ ਨੂੰ ਸੋਵੀਅਤਾ ਵਲੋਂ ਪੂਰੀ ਤੇ ਅਵੰਡ ਸੱਤਾ ਅਪਣੇ ਹੱਥਾਂ ਵਿਚ ਲੈਣ ਦੇ ਹੱਕ ਵਿਚ ਲੋਕਾ ਨੂੰ ਤਿਆਰ ਕਰਨਾ ਹੈ।

### (8) ਅਵੰਡ ਸੱਤਾ ਜਾਂ ਦੁਪਾਸੀ ਸੱਤਾ ਲਈ ?

(ੳ). (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ.ਡੀ.)। ਸਰਮਾਏਦਾਰਾਂ ਤੇ ਜਾਗੀਰਦਾਰਾਂ ਦੀ ਅਵੰਡ ਸੱਤਾ ਲਈ।

(ੲ). (ਐਸ.ਡੀ. ਅਤੇ ਐਸ.ਆਰ.) ਦੁਪਾਸੀ ਸੱਤਾ ਲਈ। ਆਰਜ਼ੀ ਸਰਕਾਰ ਉਤੇ ਸੋਵੀਅਤਾ ਦਾ ਕੰਟਰੋਲ। ਇਹ ਦਰਸਾਉਣਾ ਮਾੜੀ ਗੱਲ ਹੈ ਕਿ ਕੀ ਕੰਟਰੋਲ ਸੱਤਾ ਤੋਂ ਬਿਨਾਂ ਪ੍ਰਭਾਵਸ਼ਾਲੀ ਹੋ ਸਕਦਾ ਹੈ ?

(ਸ). ("ਬਾਲਸ਼ਵਿਕ")। ਹੇਠਾ ਤੋਂ ਲੈ ਕੇ ਉਪਰ ਤੱਕ ਸਾਰੇ ਦੇਸ਼ ਵਿਚ ਸੋਵੀਅਤਾਂ ਦੀ ਅਵੰਡ ਸੱਤਾ ਲਈ।

### (9) ਕੀ ਇਕ ਸੰਵਿਧਾਨ ਅਸੰਬਲੀ ਬੁਲਾਈ ਜਾਣੀ ਚਾਹੀਦੀ ਹੈ ?

(ੳ). (ਸੀ.ਡੀ. ਦੇ ਸੱਜੇ ਪਾਸੇ)। ਨਹੀਂ, ਕਿਉਂ ਜੋ ਹੋ ਸਕਦਾ ਹੈ ਇਹ ਜਾਗੀਰਦਾਰਾਂ ਨੂੰ ਬਦਗੁਮਾਨ ਕਰ ਦੇਵੇ। ਤੁਸੀਂ ਇਹ ਉੱਕਾ ਨਹੀਂ ਜਾਣਦੇ—ਸੰਵਿਧਾਨ ਅਸੰਬਲੀ ਵਿਚ ਕਿਸਾਨ

[1] ਅਰਾਜਕਤਾ ਰਾਜ ਸੱਤਾ ਦਾ ਸੰਪੂਰਨ ਨਿਸ਼ੇਧ ਹੈ, ਜਦ ਕਿ ਸੋਵੀਅਤਾਂ ਆਪ ਰਾਜ ਸੱਤਾ ਹਨ।

ਇਹ ਫ਼ੈਸਲਾ ਕਰ ਲੈਣ ਕਿ ਜਗੀਰਦਾਰਾਂ ਤੋਂ ਉਹਨਾਂ ਦੀਆਂ ਮਿਲਖਾਂ ਲੈ ਲੈਣੀਆਂ ਚਾਹੀਦੀਆਂ ਹਨ।

(ਅ). (ਸੀ.ਡੀ.)। ਹਾਂ, ਪਰ ਬਿਨਾਂ ਕੋਈ ਮਿਤੀ ਨਿਸ਼ਚਿਤ ਕਰਨ ਦੇ। ਕਾਨੂੰਨ ਦੇ ਪਰੋਫੈਸਰਾਂ ਨਾਲ ਸਲਾਹ ਮਸ਼ਵਰਾ ਕਰਨ ਲਈ ਵੱਧ ਤੋਂ ਵੱਧ ਸਮਾਂ ਖ਼ਰਚਿਆ ਜਾਵੇ; ਪਹਿਲੀ ਗੱਲ. ਕਿਉਂ ਜੋ ਜਿਵੇਂ ਬੇਬੇਲ ਨੇ ਆਖਿਆ ਹੈ : ਕਾਨੂੰਨਦਾਨ ਸੰਸਾਰ ਵਿਚ ਸਭ ਤੋਂ ਵੱਧ ਪਿਛਾਹ, ਖਿੱਚੂ ਲੋਕ ਹਨ; ਅਤੇ ਦੂਜੀ ਗੱਲ, ਕਿਉਂ ਜੋ ਸਾਰੇ ਇਨਕਲਾਬਾਂ ਦੇ ਤਜਰਬੇ ਨੇ ਦਰਸਾਇਆ ਹੈ ਕਿ ਜਨਤਕ ਆਜ਼ਾਦੀ ਦਾ ਕਾਜ਼ ਗਵਾਚ ਜਾਂਦਾ ਹੈ ਜਦੋਂ ਇਸ ਨੂੰ ਪਰੋਫੈਸਰਾਂ ਨੂੰ ਸੌਂਪਿਆ ਜਾਦਾ ਹੈ।

(ੲ). (ਐਸ.ਡੀ. ਅਤੇ ਐਸ.ਆਰ.)। ਹਾਂ, ਅਤੇ ਜਿਤਨੀ ਜਲਦੀ ਸੰਭਵ ਹੋਵੇ, ਬੁਲਾਈ ਜਾਣੀ ਚਾਹੀਦੀ ਹੈ। ਇਕ ਮਿਤੀ ਨਿਸਚਿਤ ਕੀਤੀ ਜਾਣੀ ਚਾਹੀਦੀ ਹੈ; ਅਸੀਂ ਪਹਿਲਾ ਹੀ ਕੰਟੈਕਟ ਕਮਿਸ਼ਨ ਦੀਆ ਮੀਟਿੰਗਾਂ ਵਿਚ ਦੋ ਸੌ ਵਾਰ ਕਹਿ ਚੁੱਕੇ ਹਾਂ, ਅਤੇ ਕਲ੍ਹ ਫਿਰ ਆਖਾਗੇ।

(ਸ). ("ਬਾਲਸ਼ਵਿਕ")। ਹਾਂ, ਅਤੇ ਜਿਤਨੀ ਜਲਦੀ ਸੰਭਵ ਹੋਵੇ। ਪਰ ਇਸ ਨੂੰ ਬੁਲਾਉਣ ਤੇ ਇਸ ਦੀ ਸਫ਼ਲਤਾ ਕੇਵਲ ਇਕ ਢੰਗ ਨਾਲ ਯਕੀਨੀ ਹੋ ਸਕਦੀ ਹੈ, ਅਤੇ ਇਹ ਢੰਗ ਹੈ ਸੋਵੀਅਤਾਂ ਦੀ ਗਿਣਤੀ ਤੇ ਸ਼ਕਤੀ ਵਧਾਈ ਜਾਵੇ ਅਤੇ ਮਜ਼ਦੂਰ ਜਮਾਤ ਦੇ ਸਮੂਹਾਂ ਨੂੰ ਜਥੇਬੰਦ ਤੇ ਹਥਿਆਰਬੰਦ ਕੀਤਾ ਜਾਵੇ। ਕੇਵਲ ਇਹੋ ਇਕ ਜ਼ਮਾਨਤ ਹੈ।

## (10) ਕੀ ਰਾਜ ਨੂੰ ਆਮ ਕਿਸਮ ਦੀ ਪੁਲਸ ਅਤੇ ਇਕ ਸਟੈਂਡਿੰਗ ਫ਼ੌਜ ਦੀ ਜ਼ਰੂਰਤ ਹੈ ?

(ੳ). (ਸੀ ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ.ਡੀ.)। ਨਿਰਸੰਦੇਹ, ਇਸ ਦੀ ਜਰੂਰਤ ਹੈ, ਕਿਉਂ ਜੋ ਸਰਮਾਏਦਾਰਾ ਦੇ ਰਾਜ ਲਈ ਕੇਵਲ ਇਹ ਹੀ ਜ਼ਮਾਨਤ ਹਨ। ਜ਼ਰੂਰਤ ਦੀ ਹਾਲਤ ਵਿਚ, ਜਿਵੇਂ ਕਿ ਸਾਰੇ ਦੇਸਾ ਦੇ ਤਜਰਬੇ ਨੇ ਦਰਸਾਇਆ ਹੈ ਕਿ ਗਣਰਾਜ ਤੋਂ ਇਕ ਪਾਤਸਾਹੀ ਵੱਲ ਵਾਪਸੀ ਇਸ ਤਰ੍ਹਾਂ ਬਹੁਤ ਹੀ ਸੁਖਾਲੀ ਹੋ ਜਾਂਦੀ ਹੈ।

(ੲ). (ਐਸ.ਡੀ. ਤੇ ਐਸ.ਆਰ.)। ਇਕ ਪਾਸੇ, ਸ਼ਾਇਦ ਇਹ ਜਰੂਰੀ ਨਹੀਂ ਹਨ। ਦੂਜੇ ਪਾਸੇ, ਕੀ ਇਹ ਰੇਡੀਕਲ ਤਬਦੀਲੀ ਵੀ ਅਗੇਤੀ ਗੱਲ ਨਹੀਂ ਹੈ? ਫਿਰ ਵੀ ਅਸੀਂ ਇਹ ਮਾਮਲਾ ਕੰਟੈਕਟ ਕਮਿਸ਼ਨ ਵਿਚ ਉਠਾਵਾਗੇ।

(ਸ). ("ਬਾਲਸ਼ਵਿਕ")। ਨਿਸਚਿਤ ਰੂਪ ਵਿਚ ਇਸ ਦੀ ਕੋਈ ਜ਼ਰੂਰਤ ਨਹੀਂ ਹੈ। ਹਰ ਥਾਂ ਤੇ ਸਮੁੱਚੇ ਲੋਕਾਂ ਨੂੰ ਤੁਰੰਤ ਤੇ ਬਿਨਾਂ ਸੰਕੋਚ ਦੇ ਹਥਿਆਰਬੰਦ ਕਰ ਦੇਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਮਿਲੀਸ਼ੀਆ ਤੇ ਫ਼ੌਜ ਵਿਚ ਮਿਲਾ ਦੇਣਾ ਚਾਹੀਦਾ ਹੈ। ਮਿਲੀਸ਼ੀਆ ਵਿਚ ਕੰਮ ਦੇ ਦਿਨਾਂ ਦੀ ਮਜ਼ਦੂਰਾਂ ਨੂੰ ਉਜਰਤ ਸਰਮਾਏਦਾਰਾਂ ਨੂੰ ਦੇਣੀ ਚਾਹੀਦੀ ਹੈ।

## (11) ਕੀ ਰਾਜ ਨੂੰ ਆਮ ਕਿਸਮ ਦੀ ਨੌਕਰਸ਼ਾਹੀ ਦੀ ਜ਼ਰੂਰਤ ਹੈ ?

(ੳ). (ਸੀ.ਡੀ ਦੇ ਸੱਜੇ ਪਾਸੇ) ਅਤੇ (ਅ). (ਸੀ.ਡੀ.)। ਹਰ ਹਾਲਤ ਵਿਚ ਜ਼ਰੂਰਤ ਹੈ। ਉਹਨਾਂ ਵਿਚੋਂ 9/10 ਜਗੀਰਦਾਰਾਂ ਤੇ ਸਰਮਾਏਦਾਰਾਂ ਦੇ ਪੁੱਤਰ ਤੇ ਭਰਾ ਹਨ। ਉਹਨਾ ਨੂੰ ਹਰ ਹਾਲਤ ਵਿਚ ਅਮਲ ਵਿਚ ਵੱਧ ਸਹੂਲਤਾਂ ਵਾਲਾ ਲੋਕਾਂ ਦਾ ਅਦਾਰਾ ਰਹਿਣਾ ਚਾਹੀਦਾ ਹੈ।

(ੲ). (ਐਸ.ਡੀ. ਅਤੇ ਐਸ.ਆਰ.)। ਅਜਿਹਾ ਸੁਆਲ ਇਤਨੀ ਕਾਹਲੀ ਵਿਚ ਉਠਾਉਣਾ

ਮੁਸ਼ਕਲ ਨਾਲ ਢੁਕਵਾਂ ਹੈ ਜਿਹੜਾ ਅਮਲੀ ਤੌਰ ਤੇ ਪੈਰਿਸ ਕਮਿਊਨ ਵਲੋਂ ਉਠਾਇਆ ਗਿਆ ਸੀ।

(ਸ). ("ਬਾਲਸ਼ਵਿਕ")। ਨਿਰਸੰਦੇਹ, ਇਸ ਦੀ ਕੋਈ ਜ਼ਰੂਰਤ ਨਹੀਂ ਹੈ। ਸਾਰੇ ਅਧਿਕਾਰੀ ਅਤੇ ਸਾਰੇ ਤੇ ਹਰ ਪਰਕਾਰ ਦੇ ਡਿਪਟੀ ਨਾ ਕੇਵਲ ਚੁਣੇ ਹੋਏ ਹੋਣੇ ਚਾਹੀਦੇ ਹਨ, ਸਗੋਂ ਉਹਨਾਂ ਨੂੰ ਕਿਸੇ ਵੀ ਸਮੇਂ ਹਟਾਇਆ ਵੀ ਜਾ ਸਕਦਾ ਹੋਵੇ। ਉਹਨਾ ਦੀ ਤਨਖਾਹ ਇਕ ਸੁਯੋਗ ਮਜ਼ਦੂਰ ਨਾਲੋਂ ਵੱਧ ਨਹੀਂ ਹੋਣੀ ਚਾਹੀਦੀ। (ਸਹਿਜੇ ਸਹਿਜੇ) ਉਹਨਾ ਦੀ ਥਾਂ, ਲੋਕਾਂ ਦੇ ਮਿਲੀਸ਼ੀਆ ਤੇ ਦਸਤਿਆਂ ਨੂੰ ਦਿਤੀ ਜਾਣੀ ਚਾਹੀਦੀ ਹੈ।

## (12) ਕੀ ਅਫਸਰ ਸਿਪਾਹੀਆਂ ਰਾਹੀਂ ਚੁਣੇ ਜਾਣੇ ਚਾਹੀਦੇ ਹਨ ?

(ੳ). (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ) (ਸੀ.ਡੀ.)। ਨਹੀਂ। ਇਹ ਗੱਲ ਜਗੀਰਦਾਰਾਂ ਤੇ ਸਰਮਾਏਦਾਰਾਂ ਲਈ ਹਾਨੀਕਾਰਕ ਹੋਵੇਗੀ। ਜੇ ਸਿਪਾਹੀਆਂ ਨੂੰ ਸ਼ਾਂਤ ਨਾ ਕੀਤਾ ਜਾ ਸਕਦਾ ਹੋਵੇ ਤਾਂ ਆਰਜ਼ੀ ਤੌਰ ਤੇ ਉਹਨਾਂ ਨਾਲ ਇਸ ਸੁਧਾਰ ਦਾ ਇਕਰਾਰ ਕਰ ਲਿਆ ਜਾਵੇ, ਪਰ ਇਸ ਨੂੰ ਜਿੰਨੀ ਛੇਤੀ ਸੰਭਵ ਹੋਵੇ ਵਾਪਸ ਲੈ ਲੈਣਾ ਚਾਹੀਦਾ ਹੈ।

(ੲ). (ਐਸ.ਡੀ. ਅਤੇ ਐਸ.ਆਰ.)। ਹਾਂ, ਉਹਨਾਂ ਨੂੰ ਚੁਣਨਾ ਚਾਹੀਦਾ ਹੈ।

(ਸ). ("ਬਾਲਸ਼ਵਿਕ")। ਨਾ ਕੇਵਲ ਉਹਨਾਂ ਨੂੰ ਹਰ ਹਾਲਤ ਵਿਚ ਚੁਣਿਆ ਜਾਣਾ ਚਾਹੀਦਾ ਹੈ, ਸਗੋਂ ਹਰ ਅਫਸਰ ਤੇ ਹਰ ਜਰਨੈਲ ਦੇ ਹਰ ਕਦਮ ਦੀ ਉਹਨਾਂ ਵਿਅਕਤੀਆਂ ਵੱਲੋਂ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਨੂੰ ਸਿਪਾਹੀ ਵਿਸ਼ੇਸ਼ ਤੌਰ ਤੇ ਇਸ ਮੰਤਵ ਲਈ ਚੁਣਨਗੇ।

## (13) ਕੀ ਸਿਪਾਹੀਆਂ ਨੂੰ ਇਸ ਦੀ ਜ਼ਰੂਰਤ ਹੈ ਕਿ ਉਹ ਆਪਣੇ ਫੈਸਲੇ ਅਨੁਸਾਰ, ਆਪਣੇ ਉਪਰਲੇ ਅਫਸਰਾਂ ਨੂੰ ਹਟਾ ਦੇਣ ?

(ੳ). (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ.ਡੀ.)। ਇਹ ਬਹੁਤ ਹੀ ਹਾਨੀਕਾਰਕ ਹੈ। ਗੁਚਕੋਵ ਨੇ ਪਹਿਲਾ ਹੀ ਇਸ ਨੂੰ ਤਿਆਗ ਦਿੱਤਾ ਹੈ। ਉਸ ਨੇ ਤਾਕਤ ਦੀ ਵਰਤੋਂ ਕਰਨ ਦੀ ਧਮਕੀ ਦੇ ਵੀ ਦਿੱਤੀ ਹੈ। ਗੁਚਕੋਵ ਦੀ ਜ਼ਰੂਰ ਮੱਦਦ ਕਰਨੀ ਚਾਹੀਦੀ ਹੈ।

(ੲ), (ਐਸ.ਡੀ. ਤੇ ਐਸ.ਆਰ.)। ਇਸ ਦੀ ਜ਼ਰੂਰਤ ਹੈ। ਪਰ ਇਹ ਗੱਲ ਸਪੱਸ਼ਟ ਨਹੀਂ ਹੈ ਕਿ ਕੀ ਉਹਨਾਂ ਨੂੰ ਕੰਟੈਕਟ ਕਮਿਸ਼ਨ ਨਾਲ ਇਸ ਮਾਮਲੇ ਬਾਰੇ ਵਿਚਾਰਨ ਤੋਂ ਪਹਿਲਾਂ ਹਟਾ ਦਿੱਤਾ ਜਾਵੇ, ਜਾਂ ਇਸ ਤੋਂ ਵਿਪਰੀਤ।

(ਸ). ("ਬਾਲਸ਼ਵਿਕ")। ਇਸ ਦੀ ਜ਼ਰੂਰਤ ਹੈ ਤੇ ਹਰ ਢੰਗ ਨਾਲ ਇਹ ਜ਼ਰੂਰੀ ਹੈ। ਸਿਪਾਹੀ ਕੇਵਲ ਚੁਣੇ ਹੋਏ ਅਧਿਕਾਰੀਆਂ ਦਾ ਹੁਕਮ ਮੰਨਣਗੇ ਤੇ ਉਹਨਾ ਦਾ ਸਤਿਕਾਰ ਕਰਨਗੇ।

## (14) ਵਰਤਮਾਨ ਜੰਗ ਦੇ ਹੱਕ ਵਿਚ ਜਾਂ ਵਿਰੁੱਧ ?

(ੳ). (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ.ਡੀ.)। ਬਿਲਕੁਲ ਹੱਕ ਵਿਚ, ਕਿਉਂ ਜੋ ਇਹ ਸਰਮਾਏਦਾਰਾਂ ਨੂੰ ਅੰਨ੍ਹੇ ਮੁਨਾਫ਼ੇ ਪਰਦਾਨ ਕਰਦੀ ਹੈ ਅਤੇ ਮਜ਼ਦੂਰਾਂ ਨੂੰ ਪਾੜਨ ਤੇ ਉਹਨਾਂ ਨੂੰ ਇਕ ਦੂਜੇ ਦੇ ਵਿਰੁੱਧ ਲੜਾਉਣ ਰਾਹੀਂ ਉਹਨਾਂ ਦੇ ਰਾਜ ਨੂੰ ਮਜ਼ਬੂਤ ਬਨਾਉਣ ਦਾ ਇਕਰਾਰ ਕਰਦੀ ਹੈ। ਸਾਨੂੰ ਮਜ਼ਦੂਰਾਂ ਨੂੰ ਜੰਗ ਬਾਰੇ ਇਹ ਕਹਿ ਕੇ ਬੁੱਧੂ ਬਨਾਉਣਾ ਚਾਹੀਦਾ ਹੈ ਕਿ ਇਹ

ਜੰਗ ਕੌਮੀ ਸੁਰੱਖਿਆ ਲਈ, ਇਸ ਦਾ ਅਸਲ ਮੰਤਵ ਵਿਲਹੇਲਮ ਨੂੰ ਤਖ਼ਤੋਂ ਲਾਹੁਣਾ ਹੈ।

(ੲ). (ਐਸ.ਡੀ. ਤੇ ਐਸ.ਆਰ.)। ਆਮ ਤੌਰ ਤੇ ਅਸੀਂ ਸਾਮਰਾਜੀ ਜੰਗਾਂ ਦੇ ਵਿਰੁੱਧ ਹਾਂ, ਪਰ ਅਸੀਂ ਆਪਣੇ ਆਪ ਨੂੰ ਬੇਵਕੂਫ਼ ਬਣਾਏ ਜਾਣ ਲਈ ਰਾਜ਼ੀ ਹਾਂ, ਅਤੇ ਗੂਚਕੋਵ, ਮਿਲਿਯੂਕੋਵ ਤੇ ਕੰਪਨੀ ਰਾਹੀਂ ਛੇੜੀ ਗਈ ਸਾਮਰਾਜੀ ਜੰਗ ਨੂੰ ਦਿੱਤੀ ਗਈ ਮੱਦਦ ਨੂੰ "ਇਨਕਲਾਬੀ ਰੱਖਿਆਵਾਦ" ਕਹਿਣ ਨੂੰ ਤਿਆਰ ਹਾਂ।

(ਸ). ("ਬਾਲਸ਼ਵਿਕ")। ਅਸੀਂ ਸਾਰੀਆਂ ਸਾਮਰਾਜੀ ਜੰਗਾਂ ਅਤੇ ਅਜਿਹੀਆਂ ਜੰਗਾਂ ਛੇੜਨ ਵਾਲੀਆ ਸਾਰੀਆਂ ਬੁਰਜੂਆ ਸਰਕਾਰਾਂ ਦੇ, ਜਿਨ੍ਹਾਂ ਵਿਚ ਸਾਡੀ ਆਰਜ਼ੀ ਸਰਕਾਰ ਵੀ ਸ਼ਾਮਲ ਹੈ, ਉੱਕਾ ਹੀ ਵਿਰੁੱਧ ਹਾ। ਅਸੀਂ ਰੂਸ ਵਿਚ "ਇਨਕਲਾਬੀ ਰੱਖਿਆਵਾਦ" ਦੇ ਬਿਲਕੁਲ ਵਿਰੁੱਧ ਹਾਂ।

**(15) ਜ਼ਾਰ, ਬਰਤਾਨੀਆ, ਫ਼ਰਾਂਸ ਆਦਿ ਵਿਚਾਲੇ ਲੋਟੂ ਕੌਮਾਂਤਰੀ ਸੰਧੀਆਂ ਦੇ ਵਿਰੁੱਧ ਹੋ ਜਾਂ ਹੱਕ ਵਿਚ ? (ਪਰਸ਼ੀਆ ਨੂੰ ਆਪਣੇ ਅਧੀਨ ਕਰਨ ਲਈ, ਚੀਨ, ਤੁਰਕ ਤੇ ਆਸਟਰੀਆ ਆਦਿ ਦੀ ਵੰਡ ਲਈ) ?**

(ੳ). (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ.ਡੀ.)। ਬਿਲਕੁਲ ਤੇ ਸਮੁੱਚੇ ਤੌਰ ਤੇ ਹੱਕ ਵਿਚ। ਇਸੇ ਸਮੇਂ, ਸਾਨੂੰ ਇਹ ਸੰਧੀਆਂ ਨਹੀਂ ਛਾਪਣੀਆਂ ਚਾਹੀਦੀਆਂ, ਕਿਉਂ ਜੋ ਅੰਗ-ਫਰਾਂਸੀਸੀ ਸਾਮਰਾਜੀ ਸਰਮਾਇਆ ਤੇ ਇਸ ਦੀਆਂ ਸਰਕਾਰਾਂ ਇਸ ਦੀ ਆਗਿਆ ਨਹੀਂ ਦੇਣਗੀਆਂ ਕਿਉਂ ਜੋ ਰੂਸੀ ਸਰਮਾਇਆ ਜਨਤਾ ਦੇ ਸਾਹਮਣੇ ਅਪਣੇ ਲੁਕਵੇਂ ਮਾਮਲਿਆਂ ਨੂੰ ਨੰਗਾ ਕਰਨ ਦੇ ਸਮਰੱਥ ਨਹੀਂ ਹੈ।

(ੲ). (ਐਸ.ਡੀ. ਤੇ ਐਸ.ਆਰ.)। ਵਿਰੁੱਧ। ਪਰ ਸਾਨੂੰ ਅਜੇ ਵੀ ਆਸ ਹੈ ਕਿ ਕੰਟੈਕਟ ਕਮਿਸ਼ਨ ਦੀ ਮੱਦਦ ਨਾਲ ਅਤੇ ਜਨਸਮੂਹਾਂ ਵਿਚਾਲੇ "ਮੁਹਿੰਮਾਂ" ਦੀ ਇਕ ਲੜੀ ਨਾਲ ਸਰਮਾਏਦਾਰ ਸਰਕਾਰ ਨੂੰ "ਪ੍ਰਭਾਵਤ" ਕਰਨਾ ਸੰਭਵ ਹੋ ਸਕਦਾ ਹੈ।

(ਸ). ("ਬਾਲਸ਼ਵਿਕ")। ਵਿਰੁਧ। ਸਮੁੱਚਾ ਨੁਕਤਾ ਇਹ ਹੈ ਕਿ ਜਨਸਮੂਹਾਂ ਨੂੰ ਸਰਮਾਏਦਾਰ ਸਰਕਾਰ ਤੋਂ ਇਸ ਪੱਖੋਂ ਨਵੀਂ ਚੀਜ਼ ਪ੍ਰਾਪਤ ਕਰਨ ਦੀ ਨਿਰਾਸ਼ਾ ਤੋਂ ਅਤੇ ਸੱਤਾ ਪਰੋਲਤਾਰੀਏ ਤੇ ਗ਼ਰੀਬ ਕਿਸਾਨਾ ਦੇ ਹੱਥਾਂ ਵਿਚ ਤਬਦੀਲ ਕਰਨ ਦੀ ਜ਼ਰੂਰਤ ਤੋਂ ਜਾਣੂ ਕਰਾਇਆ ਜਾਵੇ।

**(16) ਦੂਜੇ ਦੇਸ਼ਾਂ ਦੇ ਇਲਾਕਿਆਂ ਉਤੇ ਕਬਜ਼ੇ ਦੇ ਹੱਕ ਵਿਚ ਜਾਂ ਵਿਰੁੱਧ ?**

(6). (ਸੀ. ਡੀ ਦੇ ਸੱਜੇ ਪਾਸੇ) ਅਤੇ (ਅ). (ਸ਼ੀ. ਡੀ)। ਜੇ ਇਹ ਜਰਮਨ ਸਰਮਾਏਦਾਰਾਂ ਵਲੋਂ ਜਾਂ ਉਹਨਾਂ ਦੇ ਡਾਕੂ ਸਰਦਾਰ ਵਿਲਹੇਲਮ ਵਲੋਂ ਕਬਜ਼ਾ ਹੈ ਤਾਂ ਅਸੀਂ ਵਿਰੁੱਧ ਹਾਂ। ਜੇ ਅੰਗਰੇਜ਼ਾਂ ਵਲੋਂ ਹੈ ਤਾਂ ਅਸੀਂ ਵਿਰੁਧ ਨਹੀਂ ਹਾਂ, ਕਿਉਂ ਜੋ ਉਹ "ਸਾਡੇ" ਇਤਿਹਾਦੀ ਹਨ। ਜੇ ਸਾਡੇ ਸਰਮਾਏਦਾਰਾਂ ਵਲੋਂ ਹੈ, ਜੋ ਉਹਨਾਂ ਕੌਮਾਂ ਨੂੰ ਰੂਸ ਦੀਆਂ ਹੱਦਾਂ ਦੇ ਅੰਦਰ ਜ਼ਬਰਦਸਤੀ ਰਖ ਰਹੇ ਹਨ ਜੋ ਜ਼ਾਰ ਦੀਆਂ ਗੁਲਾਮ ਸਨ ਤਾਂ ਅਸੀਂ ਹੱਕ ਵਿਚ ਹਾਂ, ਅਸੀਂ ਉਸ ਨੂੰ ਕਬਜ਼ਾ ਨਹੀਂ ਆਖਦੇ ਹਾਂ।

(ੲ). (ਐਸ. ਡੀ ਅਤੇ ਐਸ. ਆਰ)। ਕਬਜੇ ਦੇ ਵਿਰੁਧ ਹਾਂ, ਪਰ ਅਸੀਂ ਅਜੇ ਵੀ ਆਸ ਰਖਦੇ ਹਾਂ ਕਿ ਸਰਮਾਏਦਾਰ ਸਰਕਾਰ ਕੋਲੋਂ ਵੀ ਕਬਜ਼ੇ ਨੂੰ ਤਿਆਗਣ ਦਾ ਇਕਰਾਰ ਲੈਣਾ

ਸੰਭਵ ਹੋਵੇਗਾ ।

(ਸ)· ("ਬਾਲਸ਼ਵਿਕ") ਕਬਜ਼ਿਆਂ ਦੇ ਵਿਰੁੱਧ । ਸਰਮਾਏਦਾਰ ਸਰਕਾਰਾਂ ਵਲੋਂ ਕਬਜ਼ੇ ਤਿਆਗਣ ਦੇ ਸਾਰੇ ਇਕਰਾਰ ਬਿਲਕੁਲ ਧੋਖਾ ਹਨ । ਇਸ ਨੂੰ ਨੰਗਾ ਕਰਨ ਦਾ ਕੇਵਲ ਇਕੋ ਢੰਗ ਹੈ, ਭਾਵ, ਉਹਨਾਂ ਕੌਮਾਂ ਦੀ ਮੁਕਤੀ ਦੀ ਮੰਗ ਜੋ **ਉਹਨਾਂ ਦੇ ਆਪਣੇ ਸਰਮਾਏਦਾਰਾਂ** ਦੀਆਂ ਗੁਲਾਮ ਹਨ ।

**(17) ਮੁਕਤੀ ਕਰਕੇ ਦੇ ਹੱਕ ਵਿਚ ਜਾਂ ਵਿਰੁੱਧ ?**

(6). (ਸੀ. ਡੀ. ਦੇ ਸੱਜੇ ਪਾਸੇ) ਅਤੇ (ਅ), (ਸੀ. ਡੀ,) । ਬਿਲਕੁਲ ਹੱਕ ਵਿਚ, ਕਿਉਂ ਜੋ ਇਹ ਸਾਮਰਾਜੀ ਜੰਗ ਦੇ ਅਮਲ ਨੂੰ ਸੁਖਾਲਾ ਬਣਾਉਂਦਾ ਹੈ, ਕਿਉਂ ਜੋ ਇਹ ਜੰਗ **ਨਿਸ਼ਚਿਤ** ਕਰਦੀ ਹੈ ਕਿ ਸਰਮਾਏਦਾਰਾਂ ਦੇ ਕਿਹੜੇ ਗਰੁੱਪ ਨੂੰ ਸੰਸਾਰ ਉਤੇ ਰਾਜ ਕਰਨਾ ਚਾਹੀਦਾ ਹੈ ।

(ੲ). (ਐਸ. ਡੀ· ਅਤੇ ਐਸ. ਆਰ.) । ਹੱਕ ਵਿਚ । "ਇਨਕਲਾਬੀ ਰੱਖਿਆਵਾਦ" ਦਾ ਗਲਤ ਸਟੈਂਡ ਸਾਨੂੰ ਕੌਮਾਂਤਰੀਵਾਦ ਤੋਂ ਇਸ ਅਵੱਸ਼ ਵੱਖ ਹੋਣ ਵਲ ਧਕਦਾ ਹੈ ।

(ਸ). ("ਬਾਲਸ਼ਵਿਕ") । ਵਿਰੁੱਧ । ਕਿਉਂ ਜੋ ਜੰਗ ਇਕ ਸਾਮਰਾਜੀ ਜੰਗ ਰਹਿਣੀ ਹੈ, ਜੋ ਸਰਮਾਏਦਾਰਾਂ ਨਾਲ ਸਰਮਾਏਦਾਰਾਂ ਦੇ ਗੱਠਜੋੜ ਰਾਹੀਂ ਅਤੇ ਸਰਮਾਏਦਾਰਾਂ ਦੇ ਹਿੱਤਾਂ ਵਿਚ ਛੇੜੀ ਗਈ ਹੈ ।

**(18) ਸਰਮਾਏਦਾਰਾਂ ਦੀਆਂ ਸਰਕਾਰਾਂ ਦੇ ਹੱਕ ਵਿਚ ਜਾਂ ਵਿਰੁੱਧ ਜੋ ਅਮਨ ਲਈ ਲੋਕਾਂ ਦੀ ਇੱਛਾ ਪੂਰੀ ਕਰਨ ਦੀ ਪੁਸ਼ਟੀ ਕਰਦੀਆਂ ਹਨ ?**

(ੳ). (ਸੀ. ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ. ਡੀ.) । ਹੱਕ ਵਿਚ, ਕਿਉਂ ਜੋ ਜੋ ਫ਼ਰਾਂਸੀਸੀ ਰੀਪਬਲਿਕਨ ਸਮਾਜਕ-ਅੰਧ ਰਾਸ਼ਟਰਵਾਦੀਆ ਦਾ ਤਜਰਬਾ ਇਸ ਗੱਲ ਦਾ ਸ਼ਾਨਦਾਰ ਸਬੂਤ ਸੀ ਕਿ ਲੋਕਾਂ ਨੂੰ ਇਸ ਢੰਗ ਨਾਲ ਬੁੱਧੂ ਬਣਾਇਆ ਜਾ ਸਕਦਾ ਹੈ । ਅਸੀਂ ਜੋ ਜੀ ਆਵੇ ਆਖ ਸਕਦੇ ਹਾਂ, ਪਰ ਅਸਲ ਵਿਚ ਜਰਮਨਾ ਤੋਂ ਕਬਜੇ ਵਿਚ ਲਈਆ ਉਹਨਾਂ ਦੀਆਂ ਬਸਤੀਆਂ ਨੂੰ ਕਬਜ਼ੇ ਵਿਚ ਰਖਾਂਗੇ, ਜਰਮਨ ਡਾਕੂਆਂ ਨੂੰ ਉਹਨਾ ਬਸਤੀਆ ਤੋਂ, ਜੋ ਉਹਨਾਂ ਕਬਜ਼ੇ ਵਿਚ ਲਈਆਂ, ਵਿਰਵਾ ਕਰ ਦਿਆਂਗੇ ।

(ੲ). (ਐਸ. ਡੀ. ਅਤੇ ਐਸ. ਆਰ.) । ਹੱਕ ਵਿਚ, ਕਿਉਂ ਜੋ ਅਜੇ ਅਸਾਂ ਉਹ ਕਈ ਚੰਗੀਆਂ ਨਿਰਅਧਾਰ ਆਸਾਂ ਨਹੀਂ ਤਿਆਗੀਆਂ ਜੋ ਨਿਕ-ਬੁਰਜੁਆਜੀ ਨੇ ਸਰਮਾਏਦਾਰਾਂ ਉਤੇ ਲਾਈਆਂ ਹੋਈਆਂ ਹਨ ।

(ਸ). ("ਬਾਲਸ਼ਵਿਕ") ਵਿਰੁੱਧ, ਕਿਉਂ ਜੋ ਜਮਾਤੀ ਤੌਰ ਤੇ ਸੁਚੇਤ ਮਜ਼ਦੂਰ ਸਰਮਾਏ-ਦਾਰਾਂ ਤੋਂ **ਕਿਸੇ ਪ੍ਰਕਾਰ** ਦੀ ਆਸ ਨਹੀਂ ਰਖਦੇ ਅਤੇ ਸਾਡਾ ਇਹ ਕਾਰਜ ਹੈ ਕਿ ਅਸੀਂ ਅਜਿਹੀਆਂ ਆਸਾਂ ਦੀ ਵਿਅਰਥਤਾ ਬਾਰੇ ਜਨ ਸਮੂਹ ਦੀਆਂ ਅੱਖਾਂ ਖੋਹਲੀਏ ।

**(19). ਕੀ ਸਾਰੀਆਂ ਪਾਤਸ਼ਾਹੀਆਂ ਖ਼ਤਮ ਕਰ ਦੇਣੀਆਂ ਚਾਹੀਦੀਆਂ ਹਨ ?**

(ੳ). (ਸੀ. ਡੀ. ਦੇ ਸੱਜੇ ਪਾਸੇ) ਅਤੇ (ਅ) (ਸੀ. ਡੀ.) । ਨਹੀਂ; ਅੰਗਰੇਜ਼ੀ, ਇਤਾਲਵੀ ਤੇ ਇਤਿਹਾਦੀ ਪਾਤਸ਼ਾਹੀਆਂ ਉੱਕਾ ਖ਼ਤਮ ਨਹੀਂ ਕਰਨੀਆਂ ਚਾਹੀਦੀਆਂ, ਸਗੋਂ ਜਰਮਨ, ਆਸਟਰੀਆਈ, ਤੁਰਕੀ ਤੇ ਬਲਗੇਰੀਆਈ ਖ਼ਤਮ ਕਰਨੀਆਂ ਚਾਹੀਦੀਆਂ ਹਨ, ਕਿਉਂ ਜੋ ਉਹਨਾਂ ਉਤੇ ਫਤਿਹ ਸਾਡੇ ਮੁਨਾਫ਼ੇ ਵਧਾਏਗੀ ।

(ੲ). (ਐਸ. ਡੀ. ਅਤੇ ਐਸ. ਆਰ.) । ਕਿਸੇ "ਤਰਤੀਬ" ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਸਾਨੂੰ ਹਰ ਹਾਲਤ ਵਿਚ ਵਿਲਹੇਲਮ ਤੋਂ ਆਰੰਭ ਕਰਨਾ ਚਾਹੀਦਾ ਹੈ; ਜਿਥੋਂ ਤਕ ਇਤਿਹਾਦੀ ਪਾਤਸ਼ਾਹੀ ਦਾ ਸੰਬੰਧ ਹੈ, ਸਾਡੇ ਲਈ ਸ਼ਾਇਦ ਕੁਝ ਚਿਰ ਉਡੀਕਣਾ ਠੀਕ ਰਹੇਗਾ।

(ਸ). ("ਬਾਲਸ਼ਵਿਕ") । ਇਨਕਲਾਬਾਂ ਲਈ ਕੋਈ ਤਰਤੀਬ ਸਥਾਪਤ ਨਹੀਂ ਕੀਤੀ ਜਾ ਸਕਦੀ। ਸਾਨੂੰ ਬਿਨਾਂ ਕਿਸੇ ਛੋਟ ਦੇ ਸਾਰੇ ਦੇਸ਼ਾਂ ਵਿਚ ਸਾਰੀਆਂ ਪਾਤਸ਼ਾਹੀਆਂ ਅਮਲੀ ਤੌਰ ਤੇ ਖ਼ਤਮ ਕਰਨ ਵਿਚ ਕੇਵਲ ਇਨਕਲਾਬੀਆਂ ਦੀ ਮੱਦਦ ਕਰਨੀ ਚਾਹੀਦੀ ਹੈ।

### (20) ਕੀ ਕਿਸਾਨਾਂ ਨੂੰ ਸਾਰੀਆਂ ਜ਼ਮੀਨੀ ਮਿਲਖਾਂ ਤੁਰੰਤ ਹੱਥ ਵਿਚ ਲੈ ਲੈਣੀਆਂ ਚਾਹੀਦੀਆਂ ਹਨ ?

(ੳ) (ਸੀ. ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ. ਡੀ.) । ਕਿਸੇ ਹਾਲਤ ਵਿਚ ਨਹੀਂ ਲੈਣੀਆਂ ਚਾਹੀਦੀਆਂ। ਸਾਨੂੰ ਸੰਵਿਧਾਨ ਅਸੈਂਬਲੀ ਦੀ ਉਡੀਕ ਕਰਨੀ ਚਾਹੀਦੀ ਹੈ। ਸ਼ਿੰਗਾਰੇਓਵ ਨੇ ਪਹਿਲਾਂ ਹੀ ਵਿਆਖਿਆ ਕਰ ਦਿੱਤੀ ਹੈ ਕਿ ਜਦੋਂ ਸਰਮਾਏਦਾਰ ਜ਼ਾਰ ਤੋਂ ਸੱਤਾ ਕਬਜ਼ੇ ਵਿਚ ਲੈਂਦੇ ਹਨ ਉਹ ਇਕ ਮਹਾਨ ਤੇ ਸ਼ਾਨਦਾਰ ਇਨਕਲਾਬ ਹੈ; ਪਰ ਜਦੋਂ ਕਿਸਾਨ ਜਾਗੀਰ-ਦਾਰਾਂ ਤੋਂ ਜ਼ਮੀਨ ਲੈ ਲੈਂਦੇ ਹਨ, ਓਹ ਇਕ ਆਪਹੁਦਰਾ ਕੰਮ ਹੈ। ਮਨ ਮਨੌਤ ਦੇ ਕਮਿਸ਼ਨ ਸਥਾਪਤ ਕੀਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਵਿਚ ਜ਼ਿਮੀਂਦਾਰਾਂ ਤੇ ਕਿਸਾਨਾਂ ਦੇ ਪ੍ਰਤੀਨਿਧ ਬਰਾਬਰ ਬਰਾਬਰ ਹੋਣਗੇ ਜਦ ਕਿ ਚੇਅਰਮੈਨ ਸਰਕਾਰੀ ਬੰਦੇ ਹੋਣਗੇ, ਭਾਵ ਸਰਮਾਏਦਾਰਾਂ ਤੇ ਜਗੀਰਦਾਰਾ ਵਿਚੋਂ ਲਏ ਗਏ ਲੋਕ।

(ੲ) (ਐਸ. ਡੀ. ਅਤੇ ਐਸ. ਆਰ.) । ਜੇ ਕਿਸਾਨਾਂ ਨੇ ਸੰਵਿਧਾਨ ਅਸੰਬਲੀ ਦੀ ਉਡੀਕ ਕੀਤੀ ਹੁੰਦੀ ਤਾਂ ਚੰਗੀ ਗੱਲ ਸੀ।

(ਸ) ("ਬਾਲਸ਼ਵਿਕ") । ਸਾਰੀ ਜ਼ਮੀਨ ਤੁਰੰਤ ਲੈ ਲੈਣੀ ਚਾਹੀਦੀ ਹੈ। ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾ ਵਲੋਂ ਅਮਨ ਚੈਨ ਕਰੜਾਈ ਨਾਲ ਬਹਾਲ ਰਖਣਾ ਚਾਹੀਦਾ ਹੈ। ਵਧੇਰੇ ਅਨਾਜ ਤੇ ਮਾਸ ਪੈਦਾ ਹੋਣਾ ਚਾਹੀਦਾ ਹੈ ਅਤੇ ਸਿਪਾਹੀਆਂ ਨੂੰ ਪੂਰੀ ਖੁਰਾਕ ਮਿਲਣੀ ਚਾਹੀਦੀ ਹੈ। ਪਸ਼ੂਆਂ, ਜੀਵਾਂ ਆਦਿ ਨੂੰ ਕਿਸੇ ਪ੍ਰਕਾਰ ਦੇ ਨੁਕਸਾਨ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ।

### (21) ਕੀ ਸਾਨੂੰ ਜ਼ਮੀਨਾਂ ਦੀ ਵੰਡ ਤੇ ਸਾਰੇ ਪੇਂਡੂ ਮਾਮਲੇ ਕੇਵਲ ਕਿਸਾਨ ਡਿਪਟੀਆਂ ਦੀਆਂ ਸੋਵੀਅਤਾਂ ਦੇ ਹੱਥਾਂ ਵਿਚ ਛੱਡ ਦੇਣੇ ਚਾਹੀਦੇ ਹਨ ?

(ੳ). (ਸੀ. ਡੀ. ਦੇ ਸੱਜੇ ਪਾਸੇ) ਅਤੇ (ਅ) (ਸੀ. ਡੀ.) । ਜ਼ਿਮੀਂਦਾਰ ਤੇ ਸਰਮਾਏਦਾਰ ਆਮ ਤੌਰ ਤੇ ਪੂਰੀ ਤੇ ਅਵੰਡ ਸੱਤਾ ਪਿੰਡਾਂ ਵਿਚ ਕਿਸਾਨ ਡਿਪਟੀਆ ਦੀਆਂ ਸੋਵੀਅਤਾਂ ਨੂੰ ਸੌਂਪਣ ਦੇ ਹੱਕ ਵਿਚ ਨਹੀਂ ਹਨ; ਪਰ ਜੇ ਇਹਨਾਂ ਸੋਵੀਅਤਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਤਾਂ ਸਾਨੂੰ ਕੇਵਲ ਉਹਨਾਂ ਤਕ ਹੀ ਸੀਮਤ ਰੱਖਣਾ ਚਾਹੀਦਾ ਹੈ ਕਿਉਂ ਜੋ ਅਮੀਰ ਕਿਸਾਨ ਵੀ ਸਰਮਾਏਦਾਰ ਹਨ।

(ੲ). (ਐਸ. ਡੀ. ਤੇ ਐਸ. ਆਰ.) ਇਸੇ ਸਮੇਂ, ਸ਼ਾਇਦ ਹਾਂ, ਭਾਵੇਂ "ਅਸੂਲੀ ਤੌਰ ਤੇ" ਸੋਸ਼ਲ ਡੈਮੋਕਰੇਟ ਛਰਾਇਤੀ, ਉਜਰਤੀ ਮਜ਼ਦੂਰਾਂ ਲਈ ਇਕ ਵਖਰੀ ਜਥੇਬੰਦੀ ਤੋਂ ਇਨਕਾਰ ਨਹੀਂ ਕਰਦੇ।

(ਸ) ("ਬਾਲਸ਼ਵਿਕ")। ਅਸੀਂ ਆਪਣੇ ਆਪ ਨੂੰ ਕੇਵਲ ਕਿਸਾਨ ਡਿਪਟੀਆਂ ਦੀਆਂ ਆਮ ਸੋਵੀਅਤਾਂ ਤਕ ਸੀਮਤ ਨਹੀਂ ਰਖ ਸਕਦੇ, ਕਿਉਂ ਜੋ ਧਨਾਢ ਕਿਸਾਨ ਵੀ ਸਰਮਾਏਦਾਰ ਹਨ ਅਤੇ ਉਹ ਹਮੇਸ਼ਾ ਖੇਤ ਮਜ਼ਦੂਰਾਂ, ਦਿਹਾੜੀ ਦੇ ਕਾਮਿਆਂ ਤੇ ਗ਼ਰੀਬ ਕਿਸਾਨਾਂ ਨਾਲ ਧੋਖਾ ਕਰਦੇ ਹਨ ਤੇ ਲੁਟਦੇ ਹਨ। ਇਸ ਲਈ ਪੇਂਡੂ ਵਸੋਂ ਦੇ ਇਹਨਾਂ ਗਰੁੱਪਾਂ ਲਈ ਕਿਸਾਨ ਡਿਪਟੀਆਂ ਦੀਆਂ ਸੋਵੀਅਤਾਂ ਦੇ ਅੰਦਰ ਅਤੇ ਖੇਤ ਮਜ਼ਦੂਰਾਂ ਤੋਂ ਡਿਪਟੀਆਂ ਦੀਆਂ ਸੋਵੀਅਤਾਂ ਵਜੋਂ ਵੱਖਰੀਆਂ ਜਥੇਬੰਦੀਆਂ ਸਥਾਪਤ ਕਰਨੀਆਂ ਚਾਹੀਦੀਆਂ ਹਨ।

**(22) ਕੀ ਲੋਕਾਂ ਨੂੰ ਸਭ ਤੋਂ ਵੱਡੀਆਂ ਤੇ ਬਹੁਤ ਹੀ ਸ਼ਕਤੀਸ਼ਾਲੀ ਸਰਮਾਏਦਾਰ ਅਜਾਰੇਦਾਰੀਆਂ, ਬੈਂਕ, ਕਾਰਖ਼ਾਨੇਦਾਰਾਂ ਦੇ ਸਿੰਡੀਕੇਟ ਆਪਣੇ ਹੱਥਾਂ ਵਿਚ ਲੈ ਲੈਣੇ ਚਾਹੀਦੇ ਹਨ?**

(ੳ). (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ.ਡੀ.), ਬਿਲਕੁਲ ਨਹੀਂ। ਹੋ ਸਕਦਾ ਹੈ ਇਹ ਜ਼ਿਮੀਦਾਰਾਂ ਤੇ ਸਰਮਾਏਦਾਰਾਂ ਨੂੰ ਨੁਕਸਾਨ ਪਹੁੰਚਾਏ।

(ੲ). (ਐਸ.ਡੀ. ਅਤੇ ਐਸ.ਆਰ.)। ਆਮ ਤੌਰ ਤੇ, ਅਸੀਂ ਅਜਿਹੀਆਂ ਜਥੇਬੰਦੀਆਂ ਸਮੁੱਚੇ ਲੋਕਾਂ ਨੂੰ ਸੌਂਪਣ ਦੇ ਹੱਕ ਵਿਚ ਹਾਂ, ਪਰ ਹੁਣੇ ਹੀ ਇੰਜ ਸੋਚਣਾ ਜਾਂ ਇਸ ਲਈ ਤਿਆਰੀ ਕਰਨੀ ਬਹੁਤ ਪਹਿਲਾਂ ਦੀ ਗੱਲ ਹੈ।

(ਸ). ("ਬਾਲਸ਼ਵਿਕ")। ਸਾਨੂੰ ਹੁਣੇ ਹੀ ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ, ਬੈਂਕ ਮੁਲਾਜ਼ਮਾਂ ਦੇ ਡਿਪਟੀਆਂ ਦੀਆ ਸੋਵੀਅਤਾਂ ਨੂੰ ਸਾਰੇ ਬੈਂਕਾਂ ਨੂੰ ਇਕੋ ਇਕ ਕੌਮੀ ਬੈਂਕ ਵਿਚ ਮਿਲਾਉਣ ਵੱਲ ਅਮਲੀ ਤੇ ਅਮਲ ਯੋਗ ਕਦਮ ਪੁੱਟਣ ਲਈ ਤਿਆਰ ਕਰਨਾ ਚਾਹੀਦਾ ਹੈ। ਇਸ ਦੇ ਮਗਰੋਂ ਮਜ਼ਦੂਰਾਂ ਦੇ ਡਿਪਟੀਆ ਦੀਆਂ ਸੋਵੀਅਤਾਂ ਵੱਲੋਂ ਬੈਂਕਾਂ ਤੇ ਸਿੰਡੀਕੇਟਾਂ ਉਤੇ ਕੰਟਰੋਲ ਸਥਾਪਤ ਹੋਣਾ ਚਾਹੀਦਾ ਹੈ ਅਤੇ ਇਸ ਦੇ ਮਗਰੋਂ ਉਹਨਾਂ ਦਾ ਕੌਮੀਕਰਣ ਹੋਣਾ ਚਾਹੀਦਾ ਹੈ, ਭਾਵ, ਸਮੁੱਚੇ ਲੋਕਾਂ ਦੇ ਕਬਜ਼ੇ ਵਿਚ ਉਹਨਾਂ ਦੀ ਸੌਂਪਣੀ।

**(23) ਇਸ ਸਮੇਂ ਲੋਕਾਂ ਨੂੰ ਸਾਰੇ ਦੇਸ਼ਾਂ ਦੇ ਮਜ਼ਦੂਰਾਂ ਦੀ ਇਕ ਭਰਾਤਰੀ ਯੂਨੀਅਨ ਬਨਾਉਣ ਲਈ ਕਿਸ ਪਰਕਾਰ ਦੀ ਸੋਸ਼ਲਿਸਟ ਇੰਟਰਨੈਸ਼ਨਲ ਚਾਹੀਦੀ ਹੈ?**

(ੳ). (ਸੀ.ਡੀ. ਦੇ ਸੱਜੇ ਪਾਸੇ) ਅਤੇ (ਅ). (ਸੀ.ਡੀ.)। ਆਮ ਤੌਰ ਤੇ, ਕਿਸੇ ਵੀ ਕਿਸਮ ਦੀ ਸੋਸ਼ਲਿਸਟ ਇੰਟਰਨੈਸ਼ਨਲ ਸਰਮਾਏਦਾਰਾਂ ਤੇ ਜ਼ਿਮੀਦਾਰਾਂ ਲਈ ਹਾਨੀਕਾਰਕ ਤੇ ਖ਼ਤਰਨਾਕ ਹੈ; ਪਰ ਜੇ ਜਰਮਨ ਪਲੈਖਾਨੋਵ, ਭਾਵ ਸ਼ਿਦੇਮਾਨ ਰੂਸੀ ਸ਼ਿਦੇਮਾਨ ਨਾਲ, ਰੂਸੀ ਪਲੈਖਾਨੋਵ ਨਾਲ ਸਹਿਮਤ ਹੋ ਜਾਂਦਾ ਹੈ, ਅਤੇ ਜੇ ਉਹ ਇਕ ਦੂਜੇ ਵਿਚ ਸੋਸ਼ਲਿਸਟ ਚੇਤਨਤਾ ਦੀ ਰਹਿੰਦ ਖੂੰਹਦ ਲੱਭਦੇ ਹਨ, ਤਾਂ ਫਿਰ ਅਸਾਂ ਸਰਮਾਏਦਾਰਾਂ ਲਈ **ਅਜਿਹੇ ਸੋਸ਼ਲਿਸਟਾਂ**, ਦੀ ਜੋ **ਆਪੋ ਆਪਣੀਆਂ** ਸਰਕਾਰਾਂ ਦੇ ਪੱਖ ਪੂਰਦੇ ਹਨ, ਇਕ **ਅਜਿਹੀ ਇੰਟਰਨੈਸ਼ਨਲ** ਦਾ ਸੁਆਗਤ ਕਰਨਾ ਸ਼ਾਇਦ ਚੰਗੀ ਗੱਲ ਹੋਵੇਗੀ।

(ੲ). (ਐਸ.ਡੀ. ਅਤੇ ਐਸ.ਆਰ.)। ਅਸੀਂ ਅਜਿਹੀ ਸੋਸ਼ਲਿਸਟ ਇੰਟਰਨੈਸ਼ਨਲ ਚਾਹੁੰਦੇ ਹਾਂ ਜੋ ਹਰ ਇਕ ਨੂੰ ਸੰਗਠਤ ਕਰੇਗੀ : ਸ਼ਿਦੇਮਾਨਾਂ, ਪਲੈਖਾਨੋਵਾ ਤੇ "ਕੇਂਦਰਵਾਦੀਆਂ" ਨੂੰ, ਜੋ ਸੋਸ਼ਲ-ਅੰਧਰਾਸ਼ਟਰਵਾਦ ਤੇ ਕੌਮਾਂਤਰੀਵਾਦ ਦੇ ਵਿਚਾਲੇ ਡਿਕੋ-ਡੋਲੇ ਖਾਂਦੇ ਹਨ। ਜਿੰਨਾ ਵਧੇਰੇ ਮਿਲਗੋਭਾ ਹੋਵੇਗਾ ਉਤਨੀ ਹੀ ਵਧੇਰੀ "ਏਕਤਾ" ਹੋਵੇਗੀ। ਮਹਾਨ ਸੋਸ਼ਲਿਸਟ ਏਕਤਾ ਜ਼ਿੰਦਾਬਾਦ!

(ਸ). ("ਬਾਲਸ਼ਵਿਕ") । ਲੋਕ ਕੇਵਲ ਅਜਿਹੀ ਇਕ ਇੰਟਰਨੈਸ਼ਨਲ ਚਾਹੁੰਦੇ ਹਨ ਜੋ ਅਸਲੀ ਮਜ਼ਦੂਰ ਇਨਕਲਾਬੀਆਂ ਨੂੰ ਸੰਗਠਤ ਕਰੇਗੀ ਜੋ ਲੋਕਾਂ ਦੇ ਇਸ ਘਿਨਾਉਣੇ, ਮੁਜ਼ਰਮਾਨਾ ਕਤਲਾਮ ਨੂੰ ਖ਼ਤਮ ਕਰਨ ਦੇ ਅਤੇ ਮਨੁੱਖਤਾ ਨੂੰ ਸਰਮਾਏ ਦੀ ਗ਼ੁਲਾਮੀ ਤੋਂ ਮੁਕਤ ਕਰਾਉਣ ਦੇ ਯੋਗ ਹੋਵੇਗੀ । ਕੇਵਲ ਜਰਮਨ ਸੋਸ਼ਲਿਸਟ ਕਾਰਲ ਲਿਬਕਨੇਖ਼ਤ ਵਰਗੇ ਲੋਕ (ਗਰੁੱਪ-ਪਾਰਟੀਆਂ ਆਦਿ) ਕੇਵਲ ਉਹ ਲੋਕ ਜਿਹੜੇ **ਆਪਣੀਆਂ** ਸਰਕਾਰਾਂ ਵਿਰੁੱਧ, **ਆਪਣੀ** ਬੁਰਜੂਆਜ਼ੀ ਵਿਰ, **ਆਪਣੇ** ਸੋਸ਼ਲ-ਅੰਧਰਾਸ਼ਟਰਵਾਦੀਆਂ, **ਆਪਣੇ** "ਕੇਂਦਰਵਾਦੀਆਂ" ਵਿਰੁੱਧ ਲੜ ਰਹੇ ਇਕ ਇੰਟਰਨੈਸ਼ਨਲ ਤੁਰੰਤ ਬਣਾ ਸਕਦੇ ਹਨ ਤੇ ਬਨਾਉਣਾ ਵੀ ਚਾਹੀਦਾ ਹੈ ਜਿਸ ਦੀ ਲੋਕਾਂ ਨੂੰ ਜ਼ਰੂਰਤ ਹੈ ।

**(24) ਕੀ ਮੋਰਚੇ ਉਤੇ ਲੜ ਰਹੇ ਦੇਸ਼ਾਂ ਦੇ ਸਿਪਾਹੀਆਂ ਵਿਚਾਲੇ ਭਾਰਤਰੀਕਰਣ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ?**

(6). (ਸੀ. ਡੀ. ਦੇ ਸੱਜੇ ਪਾਸੇ) ਅਤੇ (ਅ) (ਸੀ.ਡੀ.) । ਨਹੀਂ, ਇਹ ਜ਼ਿਮੀਦਾਰਾਂ ਤੇ ਸਰਮਾਏਦਾਰਾਂ ਦੇ ਹਿਤਾਂ ਲਈ ਭੈੜੀ ਗੱਲ ਹੈ. ਕਿਉਂ ਜੋ ਇਹ ਉਹਨਾ ਦੀ ਗੁਲਾਮੀ ਤੋਂ ਮਨੱਖਤਾ ਦੀ ਮੁਕਤੀ ਨੂੰ ਤੇਜ ਕਰ ਸਕਦੀ ਹੈ ।

(ੲ) (ਐਸ. ਡੀ. ਅਤੇ ਐਸ. ਆਰ.) । ਹਾਂ, ਇਸ ਦੀ ਜ਼ਰੂਰਤ ਹੈ । ਪਰ ਅਸੀਂ ਸਾਰੇ ਪੂਰੀ ਤਰ੍ਹਾਂ ਕਾਇਲ ਨਹੀ ਹਾ ਕਿ ਅਜਿਹੇ ਭਾਰਤਰੀਕਰਣ ਦਾ ਉਤਸ਼ਾਹ ਸਾਰੇ ਲੜ ਰਹੇ ਦੇਸ਼ਾ ਵਿਚਾਲੇ ਤੁਰਤ ਅਰੰਭ ਕਰ ਦੇਣਾ ਚਾਹੀਦਾ ਹੈ ।

(ਸ) (ਬਾਲਸ਼ਵਿਕ) ਹਾਂ, ਇਸ ਦੀ ਜਰੂਰਤ ਹੈ । ਦੋਵੇਂ **ਲੜ ਰਹੇ** ਗਰੁੱਪਾਂ ਦੇ ਸਿਪਾਹੀਆਂ ਵਿਚਾਲੇ ਭਾਰਤਰੀਕਰਣ ਦੇ ਯਤਨਾਂ ਨੂੰ ਸਾਰੇ ਲੜ ਰਹੇ ਦੇਸਾ ਵਿਚ ਤੁਰੰਤ ਉਤਸ਼ਾਹਤ ਕਰਨਾ ਬਹੁਤ ਹੀ ਜ਼ਰੂਰੀ ਹੈ ।

**(25) ਵਖ ਵਖ ਰਾਜਨੀਤਕ ਪਾਰਟੀਆਂ ਦੇ ਲੱਛਣ ਦੇ ਅਨੁਕੂਲ ਝੰਡੇ ਦਾ ਕਿਹੜਾ ਰੰਗ ਹੋਣਾ ਚਾਹੀਦਾ ਹੈ ?**

(ੳ) (ਸੀ. ਡੀ. ਦੇ ਸੱਜੇ ਪਾਸੇ) ਕਾਲਾ, ਕਿਉਂ ਜੋ ਉਹ ਅਸਲੀ **ਕਾਲੇ ਸੈਂਕੜੇ** ਹਨ ।

(ਅ) (ਸੀ. ਡੀ.) । ਪੀਲਾ, ਕਿਉਂ ਜੋ ਇਹ ਮਜ਼ਦੂਰਾਂ ਦਾ ਕੌਮਾਤਰੀ ਝੰਡਾ ਹੈ । ਜੋ ਤਨੋ ਮਨੋ ਸਰਮਾਏਦਾਰਾਂ ਦੀ ਸੇਵਾ ਕਰਦੇ ਹਨ ।

(ੲ) (ਐਸ. ਡੀ. ਅਤੇ ਐਸ. ਆਰ.) । ਗੁਲਾਬੀ, ਕਿਉਂ ਜੋ ਉਹਨਾਂ ਦੀ ਸਮੁੱਚੀ ਨੀਤੀ ਗੁਲਾਬ ਦਾ ਅਰਕ ਹੈ ।

(ਸ) ("ਬਾਲਸ਼ਵਿਕ") । ਲਾਲ, ਕਿਉਂ ਜੋ ਇਕ ਕੌਮਾਂਤਰੀ ਪਰੋਲੇਤਾਰੀ ਇਨਕਲਾਬ ਦਾ ਝੰਡਾ ਹੈ ।

---

ਇਹ ਪੰਫਲਟ ਅਪਰੈਲ 1917 ਦੇ ਅਰੰਭ ਤੇ ਲਿਖਿਆ ਗਿਆ ਸੀ ਇਹ ਸੁਆਲ ਕਿ ਕੀ ਇਹ 6. ਮਈ 1917 ਦੇ ਮਗਰੋਂ, ਨਵੀਂ ਕੁਲੀਸ਼ਨ ਸਰਕਾਰ ਦੇ ਬਣਨ ਮਗਰੋਂ ਹੁਣ ਪੁਰਾਣਾ ਹੋ ਗਿਆ ਹੈ ? ਮੇਰਾ ਜੁਆਬ ਹੈ : ਨਹੀਂ, ਕਿਉਂ ਜੋ ਕੰਟੈਕਟ ਕਮਿਸ਼ਨ ਅਸਲੀ ਤੌਰ ਤੇ

ਅਲੋਪ ਨਹੀਂ ਹੋਇਆ ਹੈ, ਇਹ ਮਹਿਜ਼ ਦੂਜੇ ਕਮਰੇ ਵਿਚ ਚਲਿਆ ਗਿਆ ਹੈ, ਜਿਸ ਕਮਰੇ ਵਿਚ ਮਤਰੀ ਮੰਡਲ ਦੇ ਭੱਦਰ ਪੁਰਸ਼ ਵੀ ਬੈਠਦੇ ਹਨ। ਇਹ ਤੱਥ ਕਿ ਚੇਰਨੋਵ ਤੇ ਤਸੇਰੇਤੇਲੀ ਇਕ ਹੋਰ ਕਮਰੇ ਵਿਚ ਚਲੇ ਗਏ ਹਨ ਉਹਨਾਂ ਦੀ ਨੀਤੀ ਨੂੰ ਅਤੇ ਨਾ ਹੀ ਉਹਨਾਂ ਦੀਆ ਪਾਰਟੀਆਂ ਦੀ ਨੀਤੀਆਂ ਵੀ ਬਦਲਦਾ ਹੈ।

ਅਪਰੈਲ 1917 ਦੇ ਅਰੰਭ ਵਿਚ ਲਿਖਿਆ ਗਿਆ

6, 9 ਤੇ 10 ਮਈ (23, ?6, ਤੇ 27 ਅਪਰੈਲ) 1917 ਨੂੰ
ਅਖਬਾਰ **ਵੋਲਨਾ** ਦੇ ਨੰਬਰਾਂ 20, 22, 23, ਵਿਚ
ਪ੍ਰਕਾਸ਼ਤ ਹੋਇਆ।

## ਝੂਠਾਂ ਦੀ ਇਕ ਭਾਈਵਾਲੀ

ਹਰ ਦੇਸ ਵਿਚ ਬੁਰਜੂਆ ਪ੍ਰੈਸ ਵਲੋਂ ਵਰਤਿਆ ਜਾਂਦਾ ਇਕ ਉੱਘਾ ਤਰੀਕਾ ਝੂਠ ਬੋਲਣਾ, ਚੀਕਣਾ, ਚੀਕ ਚਿਹਾੜਾ ਪਾਉਣਾ ਹੈ ਅਤੇ ਬਿਨਾਂ ਸਬੱਬ ਦੇ ਝੂਠਾਂ ਨੂੰ ਦੁਹਰਾਈ ਜਾਣਾ ਹੈ ਕਿ "ਕੋਈ ਚੀਜ਼ ਚੁੱਭਣ ਵਾਲੀ ਹੈ"।

**"ਲੈਨਿਨ ਕਸ਼ੇਸੀਨਸਕਾਇਆ ਥੀਏਟਰ ਭਵਨ ਵਿਚ ਬਹੁਤ ਹੀ ਰੌਲਾ ਪਾਉਂਦਾ ਹੈ" ਰੀਸ਼ ਲਿਖਦਾ ਹੈ, "ਲੈਨਿਨ ਮਾਡਰਨ ਸਰਕਸ ਦੀ ਇਮਾਰਤ ਦੀ ਛੱਤ ਤੋਂ ਮੀਟਿੰਗ ਨੂੰ ਸੰਬੋਧਨ ਕਰਦਾ ਹੈ," ਕਈ ਅਖਬਾਰਾਂ ਰੀਪੋਰਟ ਛਾਪਦੀਆਂ ਹਨ।**

ਇਹ ਸਭ ਕੁਝ ਸੱਚ ਨਹੀਂ ਹੈ। ਲੈਨਿਨ ਮਾਡਰਨ ਸਰਕਸ ਦੀ ਇਮਾਰਤ ਵਿਚ ਹੋਈ ਮੀਟਿੰਗ ਵਿਚ ਹਾਜ਼ਰ ਨਹੀਂ ਸੀ। ਲੈਨਿਨ ਨੇ ਕਦੀ ਰੌਲਾ ਨਹੀਂ ਸੀ ਪਾਇਆ, ਉਸ ਨੇ ਬਾਲਸ਼ਵਿਕਾਂ ਤੇ ਮੈਨਸ਼ਵਿਕਾ ਦੇ ਇਕੱਠ ਵਿਚ ਕੇਵਲ ਇਕ ਰੀਪੋਰਟ ਪੇਸ਼ ਕੀਤੀ ਸੀ ਅਤੇ ਇਕ ਛੋਟੀ ਜਿਹੀ ਅਖ਼ਬਾਰ **ਪਰਾਵਦਾ** ਵਿਚ ਕੁਝ ਛੋਟੇ ਛੋਟੇ ਲੇਖ ਪ੍ਰਕਾਸ਼ਤ ਕੀਤੇ ਸਨ।

ਇਹ ਸਰਮਾਏਦਾਰ ਹਨ ਤੇ ਸਰਮਾਏਦਾਰ ਅਖ਼ਬਾਰਾ ਹਨ ਜੋ ਬਹੁਤਾ ਰੌਲਾ ਪਾ ਰਹੇ ਹਨ, ਜੋ ਸਚਾਈ ਨੂੰ ਰੌਲਾ ਪਾ ਕੇ ਬੰਦ ਕਰਨ ਦਾ, ਉਸ ਨੂੰ ਸੁਣੇ ਜਾਣ ਤੋਂ ਰੋਕਣ ਦਾ, ਉਸ ਨੂੰ ਚੀਕ ਚਿਹਾੜੇ ਦੇ ਤੂਫ਼ਾਨ ਵਿਚ ਡੋਬਣ ਦਾ, ਤੱਥਾਂ ਦੇ ਇਕ ਸੱਚੇ **ਮੁਲਅੰਕਣ** ਨੂੰ **ਰੋਕਣ** ਦਾ ਯਤਨ ਕਰ ਰਹੇ ਹਨ।

ਇਹ ਕੁਝ ਹੈ ਜੋ ਸਰਮਾਏਦਾਰਾਂ ਦੇ ਅਤੇ ਉਹਨਾਂ ਕਥਿਤ ਸੋਸ਼ਲਿਸਟਾਂ ਦੇ ਯਤਨ ਕਰ ਰਹੇ ਜਿਹੜੇ ਮਿਸਟਰ ਪਲੈਖ਼ਾਨੋਵ ਵਾਂਗ ਪੂਰੀ ਤਰ੍ਹਾਂ ਸਰਮਾਏਦਾਰਾਂ ਵਲ ਚਲੇ ਗਏ ਹਨ।

ਵਿਸ਼ੇਸ਼"ਕੌਮੀ ਮਹੱਤਤਾ" ਵਾਲੇ ਇਕ ਸੰਪਾਦਕੀ ਵਿਚ ਅਜ ਫਿਰ **ਰੀਸ਼** "ਅਰਾਜਕਤਾ ਦੇ ਪਰਚਾਰ" ਦੇ ਵਿਰੁਧ ਬੋਲ ਕਬੋਲ ਬੋਲਦਾ ਹੈ, ਅਤੇ ਇੰਜ ਕਰਦਿਆਂ ਆਪਣੇ ਆਪ ਨੂੰ ਹੀ ਬੜੇ ਉੱਘੜਵੇਂ ਰੂਪ ਵਿਚ ਰੱਦ ਕਰਦਾ ਹੈ। ਇਹ ਗੱਲ ਉਸ ਨੂੰ ਸਪਸ਼ਟ ਹੈ। ਜੋ ਉਸ ਨੇ ਸੁਣਿਆ ਜਾਂ ਪੜ੍ਹਿਆ ਹੈ ਉਸ ਬਾਰੇ ਗਹੁ ਨਾਲ ਵਿਚਾਰ ਕਰਦਾ ਹੈ।

**"ਮਹਾਨ ਇਨਕਲਾਬ ਸੱਤਾ ਦੀਆਂ ਸਾਰੀਆਂ ਪੁਰਾਣੀਆਂ ਜਥੇਬੰਦੀਆਂ ਨੂੰ ਰੋੜ੍ਹ ਕੇ ਲੈ ਗਿਆ ਹੈ..." ਇਹ ਸੱਚ ਨਹੀਂ ਹੈ। ਇਸ ਦਾ ਸਾਰਾ ਕੁਝ ਸੱਚ ਨਹੀਂ, ਸਚਾਈ ਤੋਂ ਦੂਰ ਹੈ। "ਇਸ ਨੂੰ ਕੌਮੀ ਮਨੋਵਿਗਿਆਨ (ਸ਼ਬਦ ਦੀ ਵਿਸ਼ਾਲ ਭਾਵਨਾ ਵਿਚ) ਇਕ**

**ਤਬਦੀਲੀ ਰਾਹੀਂ ਜਾਂ ਨਵੇਂ ਮਨੋਵਿਗਿਆਨ ਰਾਹੀਂ ਬਹਾਲ ਕੀਤਾ ਜਾ ਸਕਦਾ ਹੈ ਜੋ ਅਧਿਕਾਰਤਾ ਅਤੇ ਅਧੀਨਗੀ ਦੇ ਫ਼ਰਜ਼ ਨੂੰ ਪਰਨਾਮ ਕਰਦਾ ਹੈ।**

ਇਹ ਇਕ ਸਿੱਕੇ-ਬੰਦ ਝੂਠ ਹੈ, ਝੂਠ ਬੋਲਣ ਦੀ ਸਿੱਕੇ-ਬੰਦ ਭਾਈਵਾਲੀ ਹੈ ਜੋ ਇਕ ਪਾਸੇ ਸਰਮਾਏਦਾਰਾਂ, ਅਤੇ ਦੂਜੇ ਪਾਸੇ ਪਲੈਖਾਨੋਵਾਂ, ਚੇਰੇਵਾਨਿਨਾਂ ਤੇ ਕੰਪਨੀ ਵਿਚਾਲੇ ਪ੍ਰਵਾਨ ਚੜ੍ਹੀ ਹੈ ਜਿਹੜੇ ਅਰਾਜਕਤਾ ਬਾਰੇ ਤੇ ਇਤਿਆਦਿ ਬਾਰੇ ਚੀਕ ਚਿਹਾੜਾ ਪਾ ਰਹੇ ਹਨ।

ਵਾਰਤਾਲਾਪ ਵਰਤੋਂ ਵਿਚ ਤੇ ਵਿਗਿਆਨ ਵਿਚ ਵੀ ਬਿਨਾਂ ਕਿਉਂ ਦੇ ਪਰਵਾਨਤ ਹੈ ਕਿ ਅਰਾਜਕਤਾਵਾਦ ਦਾ ਅਰਥ ਪੂੰਜੀਵਾਦ ਤੋਂ ਸੋਸਲਿਜ਼ਮ ਵਲ ਤਬਦੀਲੀ ਦੇ ਸਮੇਂ ਦੇ ਦੌਰਾਨ **ਰਾਜ ਦਾ ਨਿਖੇਧ** ਹੁੰਦਾ ਹੈ।

ਸੋਸਲਿਜ਼ਮ ਰਾਜ ਦੇ "ਮੁਰਝਾਉਣ ਵਲ" ਲਿਜਾਂਦਾ ਹੈ, ਇਹ ਮਾਰਕਸਵਾਦ ਦਾ ਇਕ ਨਿਸਚਾ ਹੈ। ਮਿਲਿਯੁਕੋਵ, ਪਲੈਖਾਨੋਵ, ਚੇਰੇਵਨਿਨ ਤੇ ਹੋਰ, ਜੋ ਝੂਠ ਬੋਲਣ ਵਿਚ ਭਾਈਵਾਲ ਹਨ, ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ।

ਕੀ ਪਰਾਵਦਾਵਾਦੀ ਜਾਂ ਲੈਨਿਨ **ਹੁਣ ਰਾਜ** ਦੀ ਜ਼ਰੂਰਤ ਤੋਂ ਇਨਕਾਰੀ ਹਨ ? ਕੀ ਉਹ "ਸੱਤਾ ਦੀ ਜਥੇਬੰਦੀ", ਇਸ ਪ੍ਰਤੀ "ਅਧੀਨਗੀ ਦੇ ਫ਼ਰਜ਼" ਲਈ ਜ਼ਰੂਰਤ ਤੋਂ ਇਨਕਾਰ ਕਰਦੇ ਹਨ ?

ਹਰ ਕੋਈ ਜੋ ਉਸ ਦੀਆਂ ਨੀਤੀਆਂ ਨੂੰ ਜਾਣਦਾ ਹੈ, ਝੂਠ ਬੋਲਣ ਦੀ ਭਾਈਵਾਲੀ ਤੋਂ ਬਿਨਾਂ ਚੰਗੀ ਤਰ੍ਹਾਂ ਇਸ ਗੱਲ ਤੋਂ ਜਾਣੂ ਹੈ ਕਿ ਉਹ ਇਸ ਤੋਂ ਇਨਕਾਰ ਨਹੀਂ ਕਰਦੇ।

**ਪਰਾਵਦਾ** ਤੇ ਲੈਨਿਨ, ਦੋਵਾਂ ਨੇ ਹੀ, ਉਤਨੀ ਸਪੱਸ਼ਟਤਾ ਨਾਲ ਜਿਤਨੀ ਹੋ ਸਕਦੀ ਹੈ, ਬਿਆਨ ਕੀਤਾ ਤੇ ਦੁਹਰਾਇਆ ਹੈ ਕਿ ਅਸੀਂ ਸਾਰੇ ਬਿਨਾਂ ਕਿਸੇ ਰੱਖ ਰਖਾਅ ਦੇ ਇਕ ਰਾਜ ਦੀ ਅਤੇ ਸੱਤਾ ਦੀ ਇਕ ਜਥੇਬੰਦੀ ਦੀ ਜ਼ਰੂਰਤ ਨੂੰ ਨਾ ਕੇਵਲ ਵਰਤਮਾਨ ਸਮੇਂ ਲਈ ਸਗੋਂ ਉਸ ਅਗਲੇ ਇਤਿਹਾਸਕ ਸਮੇਂ ਲਈ ਵੀ ਪਰਵਾਨ ਕਰਦੇ ਹਾਂ ਜੋ ਪੂੰਜੀਵਾਦ ਤੋਂ ਸੋਸ਼ਲਿਜ਼ਮ ਵਿਚ ਤਬਦੀਲ ਹੋ ਰਹੀ ਹੋਵੇਗੀ।

ਕੇਵਲ ਝੂਠ ਬੋਲਣ ਦੀ ਭਾਈਵਾਲੀ ਹੀ ਇਸ ਤੋਂ ਇਨਕਾਰ ਕਰ ਸਕਦੀ ਹੈ ਜਾਂ ਇਸ ਨੂੰ ਵੇਖਣ ਤੋਂ ਅਸਫ਼ਲ ਰਹਿ ਸਕਦੀ ਹੈ।

ਸੁਆਲ ਇਹ ਹੈ ਕਿ ਕਿਹੜੀ "ਸੱਤਾ ਦੀ ਜਥੇਬੰਦੀ" ਅਸੀਂ **ਲੋਕਾਂ ਨੂੰ ਤਜਵੀਜ਼** ਕਰਦੇ ਹਾਂ।

ਸੱਤਾ ਦੀ ਪੁਰਾਣੀ ਜਥੇਬੰਦੀ ਨਹੀਂ, ਪੁਲਸ ਦੀ ਨਹੀਂ, ਨੌਕਰਸ਼ਾਹੀ ਨਹੀਂ, ਸਟੈਂਡਿੰਗ ਫੌਜ ਨਹੀਂ, ਸਗੋਂ ਇਕ ਨਵੀਂ ਜਥੇਬੰਦੀ—**ਮਜ਼ਦੂਰਾਂ, ਸਿਪਾਹੀਆਂ, ਕਿਸਾਨਾਂ ਦੇ ਡਿਪਟੀਆਂ ਤੇ ਹੋਰ ਡਿਪਟੀਆਂ ਦੀਆਂ ਸੋਵੀਅਤਾਂ** ਤਜਵੀਜ਼ ਕਰਦੇ ਹਾਂ।

ਅਜਿਹੀਆਂ ਸੋਵੀਅਤਾਂ ਪਹਿਲਾਂ ਹੀ ਮੌਜੂਦ ਹਨ; ਇਹ ਇਨਕਲਾਬ ਨੇ ਸਾਹਮਣੇ ਲਿਆਂ-ਦੀਆਂ ਹਨ; ਇਹਨਾਂ ਨੂੰ ਹਰ ਇਕ ਨੇ, ਇਥੋਂ ਤੱਕ ਕਿ ਸਰਮਾਏਦਾਰ ਸਰਕਾਰ ਨੇ, ਇਕ **ਅਰਧ-ਸਰਕਾਰ** ਵਜੋਂ ਪਰਵਾਨ ਕਰ ਲਿਆ ਹੈ।

ਅਤੇ ਅਸਾਂ ਉਤਨੀ ਸਪੱਸ਼ਟਤਾ ਨਾਲ ਜਿਤਨੀ ਹੋ ਸਕਦੀ ਹੈ ਬਿਆਨ ਕੀਤਾ ਹੈ ਕਿ ਇਹ ਸੋਵੀਅਤਾਂ ਇਕ ਇਨਕਲਾਬੀ ਸਰਕਾਰ ਦਾ **ਇਕੋ ਇਕ ਸੰਭਵ** ਰੂਪ ਹਨ।

ਕਿਉਂ ਜੋ ਇਹੋ "**ਇਕੋ ਇਕ ਸੰਭਵ**" ਰੂਪ ਹੈ, ਇਸ ਦਾ ਅਰਥ ਹੈ ਕਿ ਸਾਨੂੰ ਉਦੋਂ ਤੱਕ

**ਕੇਵਲ** ਪਰਾਪੇਗੰਡੇ ਰਾਹੀਂ ਅਮਲ ਕਰਨਾ ਚਾਹੀਦਾ ਹੈ ਜਦੋਂ ਤਕ ਕੋਈ ਜਨਸਮੂਹ ਉਤੇ ਹਿੰਸਾ ਦੀ ਵਰਤੋਂ ਕਰਨੀ ਸ਼ੁਰੂ ਨਹੀਂ ਕਰਦਾ।

"ਅਧਿਕਾਰਤਾ ਅਤੇ ਅਧੀਨਗੀ ਦੇ ਫ਼ਰਜ਼ ਦੀ ਜ਼ਰੂਰਤ" ਨੂੰ **ਸਾਰੇ ਪਰਾਵਦਾਵਾਦੀਆਂ** ਨੇ ਪਰਵਾਨ ਕਰ ਲਿਆ ਹੈ, ਜੋ ਲੋਕਾਂ ਵਿਚ ਇਸ ਦਾ ਪਰਚਾਰ ਕਰ ਰਹੇ ਹਨ।

ਮਿਲਿਯੂਕੋਵ, ਪਲੇਖ਼ਾਨੋਵ, ਚੇਰੇਵਾਨਿਨ ਤੇ ਕੰਪਨੀ ਲੋਕਾਂ ਤੋਂ ਸੱਚਾਈ ਨੂੰ ਲੁਕਾਉਣ ਲਈ ਝੂਠ ਬੋਲਦੇ ਹਨ; ਉਹ **ਸਾਰਿਆਂ** ਤੋਂ **ਬਹੁਤ ਜ਼ਰੂਰੀ** ਚੀਜ਼ ਨੂੰ ਦਬਾਉਣ ਲਈ ਝੂਠ ਬੋਲਦੇ ਹਨ—ਸੱਤਾ ਦੀ **ਕਿਸੇ** ਵੀ ਸਬੰਧਤ ਜਥੇਬੰਦੀ ਦੇ ਜਮਾਤੀ ਲੱਛਣ ਦਾ ਸੁਆਲ।

ਮਾਮਲੇ ਦੀ ਗੁੱਲੀ ਇਹ ਹੈ।

ਸਰਮਾਏਦਾਰ ਸੋਵੀਅਤਾਂ ਨੂੰ **ਅਰਾਜਕਤਾ** ਆਖਦੇ ਹਨ, ਕਿਉਂ ਜੋ ਸੱਤਾ ਦੀ **ਅਜਿਹੀ** ਜਥੇਬੰਦੀ ਲੋਕਾਂ ਨੂੰ ਪਹਿਲਾਂ ਹੀ ਅਤੇ ਬਿਨਾਂ ਸ਼ਰਤ ਦੇ ਪੂੰਜੀਵਾਦੀ ਗ਼ੁਲਾਮੀ ਅਧੀਨ ਨਹੀਂ ਕਰਦੀ, ਸਗੋਂ ਉਹਨਾਂ ਨੂੰ ਸੋਸ਼ਲਿਜ਼ਮ ਵੱਲ ਸ਼ਾਂਤਮਈ ਤੇ ਸਹਿਜੇ ਸਹਿਜੇ ਤਬਦੀਲੀ ਨਾਲ ਮੁਕਤੀ ਤੇ ਅਮਨ ਚੈਨ ਪਰਦਾਨ ਕਰਦੀ ਹੈ।

ਕੇਵਲ ਇਹੋ ਹੀ ਇਕੱਲੀ ਗੱਲ ਹੈ ਜੋ ਸਰਮਾਏਦਾਰਾਂ ਵਿਚ ਨਰਾਜ਼ਗੀ, ਗੁੱਸਾ ਤੇ ਵਿਰੋਧ ਪੈਦਾ ਕਰਦੀ ਹੈ। ਸੋ ਇਸੇ ਲਈ ਝੂਠ ਬੋਲਣ ਦੀ ਭਾਈਵਾਲੀ ਹੋਂਦ ਵਿਚ ਆਈ ਹੈ। ਇਸੇ ਲਈ ਤੁਹਮਤਾਂ ਦਾ ਝੱਖੜ ਅਤੇ ਗੁੱਸੇ ਦਾ ਚੀਕ ਚਿਹਾੜਾ ਹੈ।

ਇਸੇ ਲਈ, ਲੁਕਵਾਂ ਫਸਾਦਾਂ ਦਾ ਪਰਚਾਰ ਹੈ, ਜਿਸ ਬਾਰੇ **ਰੀਸ਼** ਉਪਰ ਵਰਣਤ ਸੰਪਾਦਕੀ ਵਿਚ ਰੀਪੋਰਟ ਕਰਦਾ ਹੈ, ਜਦੋਂ ਉਹ "ਮੋੜਵੀਂ ਕਾਰਵਾਈ" ਲਈ, "ਸਿੱਥਲਤਾ, ਲਾਪਰਵਾਹੀ" ਨੂੰ ਤਿਆਗਣ ਲਈ ਤੇ ਇਤਿਆਦਿ ਲਈ ਸੱਦਾ ਦੇਂਦਾ ਹੈ।

ਜੇ ਤੁਹਾਡੇ ਪਿੱਛੇ ਕੌਮ ਦੀ ਬਹੁਗਿਣਤੀ ਹੈ, ਜੇ ਸੋਵੀਅਤਾਂ ਨਾਲ ਤੁਹਾਡਾ ਗੱਠਜੋੜ ਹੈ (ਅਤੇ ਅਸੀਂ ਖੁਲ੍ਹੇ ਤੌਰ ਤੇ ਮੰਨਦੇ ਹਾਂ ਕਿ ਇਸ ਘੜੀ ਸੋਵੀਅਤਾਂ ਵਿਚ ਬਹੁ-ਗਿਣਤੀ ਸਾਡੇ ਪਿੱਛੇ ਨਹੀਂ ਹੈ) ਤਾਂ, ਫਿਰ ਭੱਦਰ ਪੁਰਸ਼ੋ ਤੁਸੀਂ ਕਿਸ ਲਈ ਡਰਦੇ ਹੋ? ਝੂਠ ਕਿਉਂ ਬੋਲਦੇ ਹੋ?

ਅਸੀਂ ਕੇਵਲ ਮਜ਼ਦੂਰਾਂ ਨੂੰ ਅਤੇ ਗਰੀਬ ਕਿਸਾਨਾ ਨੂੰ ਉਹਨਾਂ ਦੇ ਦਾਅ-ਪੇਚਾਂ ਦੀਆਂ ਗ਼ਲਤੀਆਂ **ਸਪੱਸ਼ਟ ਕਰਨਾ** ਚਾਹੁੰਦੇ ਹਾਂ। ਅਸੀਂ ਸੋਵੀਅਤਾਂ ਨੂੰ ਕੇਵਲ ਸੰਭਵ ਅਧਿਕਾਰਤ ਜਥੇਬੰਦੀ ਪਰਦਾਨ ਕਰਦੇ ਹਾਂ। ਅਸੀਂ ਅਧਿਕਾਰਤਾ ਦੀ ਜਰੂਰਤ ਤੇ ਇਸ ਪ੍ਰਤੀ ਅਧੀਨਗੀ ਦੀ ਹਮਾਇਤ ਕਰਦੇ ਹਾਂ।

ਫਿਰ ਤੁਸੀਂ ਕਿਉਂ ਡਰਦੇ ਹੋ? ਤੁਸੀਂ ਝੂਠ ਕਿਉਂ ਬੋਲਦੇ ਹੋ?

ਇਹ ਸੱਚ ਹੈ ਕਿ ਤੁਸੀਂ ਡਰਦੇ ਹੋ। ਤੁਸੀਂ ਝੂਠ ਬੋਲਦੇ ਹੋ ਤਾਂ ਜੋ ਇਸ ਸੱਚ ਨੂੰ **ਉਭਰਨ** ਤੋਂ **ਰੋਕਿਆ** ਜਾਵੇ, ਇਸ ਨੂੰ ਹੁੱਲੜਬਾਜ਼ੀ, ਤੁਹਮਤਾਂ, ਹਿੰਸਾ ਤੇ ਬਕਵਾਸ ਦੇ ਸਾਧਨਾਂ ਰਾਹੀਂ ਰੋਕਿਆ ਜਾਵੇ।

ਇਥੋਂ ਤੱਕ ਸਾਡੇ ਕੁਝ ਵਿਰੋਧੀ ਇਸ ਨੂੰ ਵੇਖਦੇ ਹਨ। ਅੱਜ ਦਾ **ਡਾਈਏਲੋ ਨਰੋਦਾ,** ਸੋਸ਼ਲਿਸਟ-ਇਨਕਲਾਬੀਆਂ ਦਾ ਅਖ਼ਬਾਰ ਪੜ੍ਹੋ, ਜਿਸ ਵਿਚ ਵਜ਼ੀਰ ਕੈਰੇਨਸਕੀ ਲਿਖਦਾ ਹੈ।

ਇਹ ਅਖ਼ਬਾਰ ਪਲੇਖ਼ਾਨੋਵ ਬਾਰੇ, ਜੋ **ਰੂਸਕਾਇਆ ਵੋਲੀਆ** ਅਤੇ **ਰੀਸ਼** ਦਾ ਵਫ਼ਾਦਾਰ ਇਤਿਹਾਦੀ ਹੈ, ਇਹ ਲਿਖਦਾ ਹੈ:

"ਅਸੀਂ **ਰੂਸਕਾਇਆ ਵੋਲੀਆ** ਦੇ ਕਾਲਮਾਂ ਵਿਚ ਅਜਿਹੇ ਸ਼ਬਦ ਅਤੇ ਜਦੋਜਹਿਦ ਦਾ ਅਜਿਹਾ ਤਰੀਕਾ ਵੇਖਣ ਦੇ ਆਦੀ ਹਾਂ। ਪਰ ਸੋਸ਼ਲਿਸਟਾਂ ਵਲੋਂ ਲਿਖੇ ਲੇਖਾਂ ਵਿਚ ਅਜਿਹੇ ਸ਼ਬਦਾਂ

ਤੇ ਢੰਗ ਦੀ ਵਰਤੋਂ, ਸਾਫ਼ ਗੱਲ ਹੈ, ਦੁੱਖਦਾਈ ਤੇ ਅਫ਼ਸੋਸਨਾਕ ਹੈ...।"

ਸੋ, ਸਾਡੇ ਵਿਰੋਧੀ ਇਸ ਤਰ੍ਹਾਂ ਲਿਖਦੇ ਹਨ।

ਸੋ, ਡੈਮੋਕਰੇਟ ਲਿਖਦੇ ਹਨ ਜਿਨ੍ਹਾਂ ਦੀ ਜਨਵਾਦੀ ਚੇਤਨਤਾ ਜਾਗ ਪਈ ਹੈ।

ਮਿਲਿਯੂਕੋਵਾਂ, ਪਲੈਖ਼ਾਨੋਵਾਂ ਤੇ ਚੇਰੇਵਾਨਿਨਾਂ ਨੂੰ ਸ਼ਰਮਸਾਰ ਕਰਨ ਦੇ ਯਤਨ ਫ਼ਜ਼ੂਲ ਹਨ। ਪਰ ਜਦੋਂ ਉਹ ਅਖ਼ਬਾਰ, ਜਿਸ ਵਿਚ ਵਜ਼ੀਰ ਕਰੈਨਸਕੀ ਲਿਖਦਾ ਹੈ, ਪਲੈਖ਼ਾਨੋਵ ਵਲੋਂ ਵਰਤੇ ਜਾ ਰਹੇ ਪਾਗ਼ਲਾਨਾ ਅੰਧ-ਰਾਸ਼ਟਰਵਾਦੀ ਸ਼ਰਮਨਾਕ, ਤੂਹਮਤੀ, ਹੁੱਲੜਬਾਜ਼ੀ ਦੇ ਢੰਗਾਂ ਤੋਂ ਨਿਰਾਸ਼ਾ ਨਾਲ ਮੂੰਹ ਫੇਰ ਲੈਂਦਾ ਹੈ, ਤਾਂ ਅਸੀਂ ਆਸਾਨੀ ਨਾਲ ਆਖ ਸਕਦੇ ਹਾਂ :

ਉਹ, ਅਜਿਹੇ ਢੰਗਾਂ ਦੇ ਹੀਰੋ ਲੋਕ ਮੁਰਦਾ ਹਨ।

13 (26) ਅਪਰੈਲ, 1917 ਨੂੰ ਲਿਖਿਆ ਗਿਆ,

**ਪਰਾਵਦਾ** ਨੰਬਰ 32 ਵਿਚ
14 ਅਪਰੈਲ, 1917 ਨੂੰ ਪਰਕਾਸ਼ਤ ਹੋਇਆ।

## ਨਾਗਰਿਕੋ ! ਵੇਖੋ, ਸਾਰੇ ਦੇਸ਼ਾਂ ਦੇ ਸਰਮਾਏਦਾਰ ਕਿਹੋ ਜਿਹੇ ਢੰਗ ਤਰੀਕੇ ਵਰਤ ਰਹੇ ਹਨ !

ਅੱਜ ਦੇ **ਰੀਚ** ਵਿਚ ਸੰਪਾਦਕੀ ਇਹਨਾਂ ਸ਼ਬਦਾਂ ਨਾਲ ਸਮਾਪਤ ਹੁੰਦਾ ਹੈ :

"ਜਰਮਨ ਸਰਕਾਰ ਜਰਮਨੀ ਦੀ ਅੰਦਰਲੀ ਏਕਤਾ ਨੂੰ ਬਹਾਲ ਰਖਣ ਦਾ ਯਤਨ ਕਰ ਰਹੀ ਹੈ ਅਤੇ ਇਤਿਹਾਦੀਆ ਵਿਚਾਲੇ ਫੁੱਟ ਬੀਜ ਰਹੀ ਹੈ । ਸਾਡੇ '**ਪਰਾਵਦਾਵਾਦੀ**' ਇਨਕਲਾਬੀ ਰੂਸ ਵਿਚ ਏਕਤਾ ਨੂੰ ਤੋੜਨ ਦਾ ਅਤੇ ਰੂਸੀ ਸਰਕਾਰ ਨੂੰ ਸਾਡੇ ਇਤਿਹਾਦੀਆਂ, ਬਰਤਾਨੀਆਂ ਤੇ ਫ਼ਰਾਂਸ ਦੀਆਂ ਸਰਕਾਰਾ ਦੇ ਉੱਪਰ ਸਥਾਪਤ ਕਰਨ ਦਾ ਹਰ ਯਤਨ ਕਰ ਰਹੇ ਹਨ । ਕੀ ਸਾਨੂੰ ਇਹ ਕਹਿਣ ਦਾ ਹੱਕ ਨਹੀਂ ਹੈ ਕਿ ਲੈਨਿਨ ਦਾ ਟੋਲਾ ਵੋਨ ਬੇਥਮਾਨ ਹਾਲਵੇਗ ਅਤੇ ਵਿਲਹੈਲਮ II ਲਈ ਕੰਮ ਕਰ ਰਿਹਾ ਹੈ ?"

ਨਹੀਂ, ਸਰਮਾਏਦਾਰ ਜੁੰਡਲੀ ਦੇ ਭੱਦਰ ਪੁਰਸ਼ੋ, ਤੁਹਾਨੂੰ ਇਹ ਕਹਿਣ ਦਾ ਕੋਈ ਹੱਕ ਨਹੀਂ ਹੈ । ਕੇਵਲ ਅਸੀਂ ਇਕੱਲੇ **ਪਰਾਵਾਦਵਾਦੀ** ਹੀ ਹਾਂ ਜਿਹੜੇ ਜਰਮਨੀ ਵਿਚਲੀ ਏਕਤਾ ਨੂੰ ਬਹਾਲ ਰਖਣ ਤੋਂ ਕਿਤੇ ਦੂਰ, ਇਸ ਦੇ ਉਲਟ ਅਸਲ ਵਿਚ, **ਇਸ ਨੂੰ ਨਸ਼ਟ ਕਰਨ ਵਿਚ ਰੁਝੇ ਹੋਏ ਹਾਂ ।**

ਇਹ ਇਕ ਹਕੀਕਤ ਹੈ ਜਿਸ ਨੂੰ ਰੂਸੀ ਸਰਮਾਏਦਾਰਾਂ ਦਾ ਕੋਈ ਵੀ ਝੂਠ ਰੱਦ ਨਹੀਂ ਕਰ ਸਕਦਾ ।

ਇਹ ਹਕੀਕਤ ਹੈ ਕਿ ਅਸੀਂ ਪਰਾਵਦਾਵਾਦੀ, ਅਤੇ ਕੇਵਲ ਅਸੀਂ, ਮਗ ਕਰਦੇ ਹਾਂ ਕਿ ਜਰਮਨ ਸੋਸ਼ਲਿਸਟਾਂ ਨੂੰ ਬਿਨਾਂ ਸ਼ਰਤ ਦੇ ਤੇ ਤੁਰੰਤ ਜਰਮਨ ਪਲੈਖ਼ਾਨੋਵਾਂ ਨਾਲੋਂ ਤੋੜ ਵਿਛੋੜਾ ਕਰ ਲੈਣਾ ਚਾਹੀਦਾ ਹੈ, ਭਾਵ ਸ਼ੀਦੇਮਾਨਾਂ ਨਾਲੋਂ, ਅਤੇ ਜਰਮਨ "ਕੇਂਦਰਵਾਦੀਆਂ" ਨਾਲੋਂ, ਭਾਵੇਂ ਉਹਨਾਂ ਡਾਵਾਂਡੋਲ ਲੋਕਾ ਨਾਲੋਂ ਜਿਹੜੇ ਸ਼ਿਦੇਮਾਨਾਂ ਨਾਲ, ਨਿਰਸੰਦੇਹ ਅਸੂਲਾਂ ਤੇ ਤੋੜ ਵਿਛੋੜਾ ਕਰਨ ਦਾ ਮਨ ਨਹੀਂ ਬਣਾ ਸਕਦੇ ।

ਇਹ ਇਕ ਹਕੀਕਤ ਹੈ ਕਿ ਅਸੀਂ ਪਰਾਵਦਾਵਾਦੀ, ਅਤੇ ਕੇਵਲ ਅਸੀਂ, **ਕੇਵਲ** ਦੋ ਜਰਮਨ ਸੋਸ਼ਲਿਸਟ ਗਰੁੱਪਾਂ ਨਾਲ (ਸਪਾਰਟੇਕਸ ਅਤੇ ਆਰਬੀਟਰਪੋਲੇਟਿਕ) ਏਕਤਾ ਦ ਹੱਕ ਵਿਚ ਹਾਂ ਜਿਹੜੇ ਕਾਰਲ ਲਿਬਕਨੇਖ਼ਤ ਦੀ ਨੀਤੀ ਦੀ ਹਮਾਇਤ ਕਰਦੇ ਹਨ, ਭਾਵ **ਜਰਮਨੀ ਦੀ ਅੰਦਰਲੀ ਏਕਤਾ ਨੂੰ ਨਸ਼ਟ ਕਰਨ ਦੀ ਨੀਤੀ** । ਕਾਰਲ ਲਿਬਕਨੇਖ਼ਤ ਦੀ ਨੀਤੀ ਜੋ,

ਕਥਨੀ ਦੀ ਨਹੀਂ ਕਰਨੀ ਦੀ ਨੀਤੀ ਹੈ, ਜਰਮਨੀ ਵਿਚ ਸਰਮਾਏਦਾਰਾਂ ਤੇ ਮਜ਼ਦੂਰਾਂ ਦੀ "ਅੰਦਰਲੀ ਏਕਤਾ" ਨੂੰ ਤਬਾਹ ਕਰਨ ਦੀ ਨੀਤੀ ਹੈ।

ਸਪਸ਼ਟ ਤੌਰ ਤੇ ਇਹ ਸਮਝਦਿਆਂ ਕਿ ਜਰਮਨ ਸਰਮਾਏਦਾਰ ਤੇ ਉਹਨਾਂ ਦਾ ਵਿਲਹੇਲਮ ਸਾਮਰਾਜਵਾਦੀ ਹਨ, ਭਾਵ ਧਾੜਵੀ ਤੇ ਡਾਕੂ ਹਨ, ਕਾਰਲ ਲਿਬਕਨੇਖ਼ਤ ਨੇ ਸਤੰਬਰ 1915 ਵਿਚ ਜ਼ਿਮਰਵਾਲਡ ਕਾਨਫਰੰਸ ਨੂੰ ਇਕ ਚਿੱਠੀ ਭੇਜੀ ਸੀ, ਜੋ ਪ੍ਰਕਾਸ਼ਤ ਨਹੀਂ ਸੀ ਕੀਤੀ ਗਈ। ਚਿਠੀ, ਜੋ ਲਿਬਕਨੇਖ਼ਤ ਉਸ ਸਮੇਂ ਅਜੇ ਇਕ ਕਾਨੂੰਨੀ ਵਿਅਕਤੀ ਸੀ ਪਰ ਹਰ ਕੋਈ ਜੋ ਜ਼ਿਮਰਵਾਲਡ ਵਿਚ ਸੀ, ਇਸ ਬਾਰੇ ਜਾਣਦਾ ਸੀ।

ਚਿੱਠੀ ਇਕ ਗ੍ਰਹਿ-ਯੁੱਧ ਬੰਦੀ ਦਾ ਨਹੀਂ ਸਗੋਂ ਗ੍ਰਹਿ-ਯੁੱਧ ਦਾ ਸੱਦਾ ਦੇਂਦੀ ਸੀ।

ਇਸ ਤਰ੍ਹਾਂ ਸਾਡੇ ਵਿਚਾਰਾਂ ਦੇ ਸਹਿਯੋਗੀ, ਕਾਰਲ ਲਿਬਕਨੇਖ਼ਤ ਨੇ ਜਰਮਨੀ ਵਿਚ "ਅੰਦਰਲੀ ਏਕਤਾ" ਦਾ ਪਰਚਾਰ ਕੀਤਾ। ਇਹੋ ਵਿਚਾਰ ਅਸਾਂ ਆਪਣੇ ਪਰਾਵਦਾਵਾਦੀ ਪੰਫਲਟ **ਸਮਾਜਵਾਦ ਤੇ ਜੰਗ** (ਜ਼ੀਨੋਵੀਵ ਤੇ ਲੈਨਿਨ ਵਲੋਂ) ਦੇ ਜਰਮਨ ਅਨੁਵਾਦ ਵਿਚ ਕੀਤਾ ਹੈ।

ਕਾਰਲ ਲਿਬਕਨੇਖ਼ਤ ਨੇ ਨਾ ਕੇਵਲ ਇਸ ਤਰ੍ਹਾਂ ਆਖਿਆ ਸਗੋਂ ਇਸੇ ਤਰ੍ਹਾਂ ਕੀਤਾ ਸੀ। ਜਰਮਨ ਪਾਰਲੀਮੈਂਟ ਦੇ ਮੰਚ ਤੋਂ ਉਸ ਨੇ ਜਰਮਨ ਸਿਪਾਹੀਆਂ ਨੂੰ ਆਪਣੇ ਹਥਿਆਰਾਂ ਦੇ ਮੂੰਹ **ਆਪਣੀ ਜਰਮਨ ਸਰਕਾਰ** ਦੇ ਵਲ ਮੋੜਨ ਦਾ ਸੱਦਾ ਦਿੱਤਾ। ਫਿਰ ਉਹ ਉਸ ਆਮ ਮੁਜ਼ਾਹਰੇ ਵਿਚ ਸ਼ਾਮਲ ਹੋਇਆ ਜਿਸ ਦਾ ਨਾਅਰਾ ਸੀ: 'ਸਰਕਾਰ ਮੁਰਦਾ-ਬਾਦ''

ਇਹ ਹੈ ਉਹ ਢੰਗ ਜਿਸ ਨਾਲ, ਸਾਡੀ ਪਰਾਵਦਾਵਾਦੀ ਨੀਤੀ ਦਾ ਪੱਕਾ ਹਮਾਇਤੀ, ਕਾਰਲ ਲਿਬਕਨੇਖ਼ਤ "ਜਰਮਨੀ ਦੀ ਅੰਦਰਲੀ ਏਕਤਾ ਨੂੰ ਬਹਾਲ ਕਰਨ ਦਾ ਯਤਨ ਕਰਦਾ ਰਿਹਾ ਹੈ।" ਇਸੇ ਲਈ ਉਸ ਨੂੰ ਇਕ ਮੁਜਰਮਾਂ ਦੀ ਜੇਹਲ ਵਿਚ ਸੁੱਟ ਦਿੱਤਾ ਗਿਆ ਹੈ।

ਅਤੇ ਕਾਰਲ ਲਿਬਕਨੇਖ਼ਤ ਦੀ ਯਹੂਦੀਆਂ ਤੇ ਇਕ ਗ਼ੱਦਾਰ ਵਜੋਂ ਨਿਖੇਧੀ ਨਾ ਕੇਵਲ ਜਰਮਨ ਸਰਮਾਏਦਾਰਾ ਦੇ ਸਮੁੱਚੇ ਪ੍ਰੈਸ ਵਜੋਂ ਸਗੋਂ ਜਰਮਨ ਪਲੈਖ਼ਾਨੋਵਾਂ ਦੇ ਸਾਰੇ ਅਖ਼ਬਾਰਾਂ ਵਲੋਂ ਕੀਤੀ ਗਈ ਹੈ ਜੋ ਉਸ ਉਤੇ ਘੱਟ ਵਧ ਸਿੱਧੇ ਤੌਰ ਤੇ ਗ਼ੱਦਾਰ ਹੋਣ ਦਾ ਜਾਂ ਅਰਾਜਕਤਾਵਾਦੀ ਹੋਣ ਦਾ ਦੋਸ਼ ਲਾਉਂਦੇ ਹਨ।

**ਸਾਰੇ** ਦੇਸ਼ਾਂ ਵਿਚ ਸਰਮਾਏਦਾਰ ਉਹਨਾਂ ਸੋਸ਼ਲਿਸਟਾਂ ਦੇ ਵਿਰੁੱਧ ਝੂਠਾਂ, ਤੁਹਮਤਾਂ, ਗਾਲ੍ਹਾਂ ਤੇ ਗ਼ੱਦਾਰੀ ਦੇ ਇਲਜ਼ਾਮਾਂ ਦਾ ਝੱਖੜ ਉਗਲੱਛ ਰਹੇ ਹਨ ਜਿਹੜੇ ਉਸ ਢੰਗ ਨਾਲ ਵਿਚਰ ਰਹੇ ਹਨ ਜਿਸ ਨਾਲ ਜਰਮਨੀ ਵਿਚ ਕਾਰਲ ਲਿਬਕਨੇਖ਼ਤ ਵਿਚਰ ਰਿਹਾ ਹੈ, ਜਾਂ ਜਿਸ ਢੰਗ ਨਾਲ ਰੂਸ ਵਿਚ ਪਰਾਵਦਾਵਾਦੀ ਵਿਚਰ ਰਹੇ ਹਨ, ਭਾਵ ਜਿਹੜੇ ਹਰ ਦੇਸ਼ ਵਿਚ ਮਜ਼ਦੂਰਾਂ ਤੇ ਸਰਮਾਏਦਾਰਾਂ ਵਿਚਾਲੇ, ਮਜਦੂਰਾਂ ਤੇ ਪਲੈਖ਼ਾਨੋਵਾਂ ਵਿਚਾਲੇ, ਮਜ਼ਦੂਰਾਂ ਤੇ "ਕੇਂਦਰਵਾਦੀਆਂ" ਵਿਚਾਲੇ "ਅੰਦਰਲੀ ਏਕਤਾ" ਨੂੰ ਤਬਾਹ ਕਰ ਰਹੇ ਹਨ, ਜਿਹੜੇ **ਸਾਰੇ ਦੇਸ਼ਾਂ ਦੇ ਮਜ਼ਦੂਰਾਂ ਵਿਚਾਲੇ** ਇਸ ਲਈ **ਏਕਤਾ ਪੈਦਾ ਕਰ ਰਹੇ ਹਨ** ਤਾਂ ਜੋ ਸਾਮਰਾਜੀਆਂ ਦੀ ਲੋਟੂ ਤੇ ਕਾਤਲ ਜੰਗ ਨੂੰ ਸਮਾਪਤ ਕੀਤਾ ਜਾਵੇ ਤਾਂ ਜੋ ਮਨੁੱਖਤਾ ਨੂੰ ਪੂੰਜੀਵਾਦ ਦੇ ਜੂਲੇ ਤੋਂ ਮੁਕਤ ਕੀਤਾ ਜਾਵੇ।

ਜਰਮਨੀ ਵਿਚ ਸਰਮਾਏਦਾਰ ਕਾਰਲ ਲਿਬਕਨੇਖ਼ਤ ਤੇ ਉਸ ਦੇ ਦੋਸਤਾਂ ਦਾ, ਉਹਨਾਂ ਨੂੰ ਗ਼ੱਦਾਰ ਆਖ ਕੇ, ਪਿੱਛਾ ਕਰ ਰਹੇ ਹਨ। ਜਰਮਨੀ ਵਿਚ ਹੀ ਸਾਡਾ ਕਾਮਰੇਡ ਲਿਬਕਨੇਖ਼ਤ ਨੂੰ ਭੀੜ-ਹਿੰਸਾ ਦਾ ਵਾਰ ਵਾਰ ਖ਼ਤਰਾ ਪੈਦਾ ਕੀਤਾ ਜਾਂਦਾ ਹੈ। ਇਸ ਗੱਲ ਦਾ ਵਰਣਨ ਉਸ ਜਰਮਨ ਪਲੈਖ਼ਾਨੋਵ, ਸੋਸ਼ਲ-ਅੰਧਰਾਸ਼ਟਰਵਾਦੀ ਡੇਵਿਡ ਨੇ ਵੀ ਕੀਤਾ ਹੈ। ਰੂਸ ਵਿਚ ਸਰਮਾਏਦਾਰ

ਪਰਾਵਦਾਵਾਦੀਆਂ ਦਾ ਗ਼ੱਦਾਰਾਂ ਵਜੋਂ ਪਿੱਛਾ ਕਰਦੇ ਹਨ । ਬਰਤਾਨੀਆਂ ਵਿਚ ਸਰਮਾਏਦਾਰ ਸਕਾਚ ਜਨਤਕ ਸਕੂਲ ਦੇ ਅਧਿਆਪਕ ਮੈਕਲੀਨ ਦਾ ਇਕ ਗ਼ੱਦਾਰ ਵਜੋਂ ਪਿੱਛਾ ਕਰਦੇ ਹਨ। ਉਸ ਨੂੰ ਵੀ ਉਸੇ ਜੁਰਮ ਦੇ ਕਸੂਰ ਵਿਚ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਹੈ ਜਿਸ ਦਾ ਕਾਰਲ ਲਿਬਕਨੇਖ਼ਤ ਤੇ ਅਸੀਂ ਪਰਾਵਦਾਵਾਦੀ ਕਸੂਰਵਾਰ ਹਾਂ ।

ਫ਼ਰਾਂਸ ਵਿਚ ਰੀਪਬਲਿਕਨ ਪੂੰਜੀਵਾਦੀ ਸਰਕਾਰ ਨੇ ਫ਼ਰਾਂਸੀਸੀ ਕਨਟੈਂਟ ਅਤੇ ਰੂਸੀ ਰਾਯੇਵ ਨੂੰ "ਅਮਨ ਲਾਗੂ ਕਰੋ" ਦੇ ਸਿਰਲੇਖ ਵਾਲਾ ਐਲਾਨ ਜਾਰੀ ਕਰਨ ਦੇ ਕਸੂਰ ਵਿਚ ਜੇਲ੍ਹ ਵਿਚ ਰਖਿਆ ਹੋਇਆ ਹੈ ।

ਰੂਸ ਦੇ ਭੱਦਰ ਪੁਰਸ਼, ਇਨਕਲਾਬੀ ਸਰਕਾਰ ਦੇ ਵਜ਼ੀਰ ਤੇ ਮੈਂਬਰ ਸਾਨੂੰ ਪਰਾਵਦਾ-ਵਾਦੀਆਂ ਨੂੰ ਜੇਲ੍ਹ ਵਿਚ ਰਖਦੇ ਹਨ, ਜਾਂ ਰੂਸੀ ਲੋਕਾਂ ਨੂੰ ਆਖਦੇ ਹਨ ਕਿ ਸਾਨੂੰ ਜੇਲ੍ਹ ਵਿਚ ਬੰਦ ਕਰ ਦਿਓ ' ਤਾ ਹੀ ਤੁਸੀਂ ਅਸਲ ਵਿਚ ਪੂੰਜੀਵਾਦੀ ਬਰਤਾਨੀਆਂ, ਸਾਡੇ "**ਇਤਿਹਾਦੀ**" (ਜ਼ਾਰ ਨਿਕੋਲਸ II ਦਾ ਇਤਿਹਾਦੀ, ਕਿਉਂ ਜੋ ਉਹ ਹੀ ਸੀ ਜਿਸ ਨੇ ਇਤਿਹਾਦੀਆਂ ਨਾਲ ਸੰਧੀ ਕੀਤੀ ਹੈ) ਦੇ ਪੈਰ-ਚਿੱਤਰਾਂ ਉਤੇ ਚਲ ਰਹੇ ਹੋਵੋਗੇ ਜੋ ਅੰਗਰੇਜ਼ ਪਰਾਵਦਾਵਾਦੀਆਂ ਨੂੰ ਜੇਲ੍ਹ ਵਿਚ ਰਖ ਰਿਹਾ ਹੈ ।

ਸਾਰੇ ਦੇਸ਼ਾਂ ਵਿਚ ਮਜ਼ਦੂਰਾਂ ਤੇ ਸਰਮਾਏਦਾਰਾਂ ਵਿਚਾਲੇ "ਅੰਦਰਲੀ ਏਕਤਾ" ਮੁਰਦਾਬਾਦ, ਕਿਉਂ ਜੋ ਇਸ "ਏਕਤਾ" ਨੇ ਮਨੁੱਖਤਾ ਨੂੰ ਸਰਮਾਏਦਾਰਾਂ ਦੇ ਹਿੱਤਾਂ ਵਿਚ ਛੇੜੀ ਗਈ ਲੁੱਟੂ ਸਾਮਰਾਜੀ ਜੰਗ ਦੀ ਭਿਆਨਕਤਾ ਦਾ ਅਜੇ ਵੀ ਸ਼ਿਕਾਰ ਬਣਾਇਆ ਹੋਇਆ ਹੈ ।

ਸਾਰੇ ਦੇਸ਼ਾਂ ਦੇ **ਉਹਨਾਂ** ਸਾਰੇ ਸੋਸ਼ਲਿਸਟਾਂ ਤੇ ਮਜ਼ਦੂਰਾਂ ਵਿਚਾਲੇ ਏਕਤਾ ਜ਼ਿੰਦਾਬਾਦ ਜਿਹੜੇ ਨਾ ਕੇਵਲ ਕਾਰਲ ਲਿਬਕਨੇਖ਼ਤ ਨਾਲ ਸ਼ਬਦਾਂ ਵਿਚ ਹਮਦਰਦੀ ਪਰਗਟ ਕਰਦੇ ਹਨ **ਸਗੋਂ ਆਪਣੇ** ਸਰਮਾਏਦਾਰਾਂ ਦੇ ਵਿਰੁੱਧ ਲਿਬਕਨੇਖ਼ਤ ਦੀ ਨੀਤੀ ਉਤੇ ਅਸਲ ਵਿਚ ਅਮਲ ਕਰਦੇ ਹਨ ।

14 (27) ਅਪਰੈਲ, 1917
ਵਿਚ ਲਿਖਿਆ ਗਿਆ

**ਪਰਾਵਦਾ**, ਨੰਬਰ 33 ਵਿਚ
15 ਅਪਰੈਲ 1917 ਨੂੰ
ਪ੍ਰਕਾਸ਼ਤ ਹੋਇਆ ।

# ਸਿਪਾਹੀ ਅਤੇ ਜ਼ਮੀਨ

ਬਹੁਤੇ ਸਿਪਾਹੀ ਕਿਰਸਾਣੀ ਵਿਚੋਂ ਆਉਂਦੇ ਹਨ। ਹਰ ਕਿਸਾਨ ਜਾਣਦਾ ਹੈ ਕਿ ਜਗੀਰ-ਦਾਰ ਕਿਵੇਂ ਲੋਕਾਂ ਨੂੰ ਦਬਾਉਂਦੇ ਰਹੇ ਹਨ। ਪਰ ਜਗੀਰਦਾਰਾਂ ਦੀ ਸ਼ਕਤੀ ਕਿਹੜੀ ਚੀਜ਼ ਵਿਚ ਸਥਿਤ ਹੈ ?

ਜ਼ਮੀਨ ਵਿਚ।

ਜਗੀਰਦਾਰਾ ਕੋਲ ਲੱਖੂਖਾ ਏਕੜ ਜ਼ਮੀਨ ਹੈ। ਇਸੇ ਲਈ ਲੱਖੂਖਾ ਕਿਸਾਨ ਪਰਵਾਰਾਂ ਕੋਲ ਜਗੀਰਦਾਰਾਂ ਦੇ ਗੁਲਾਮ ਬਣਨ ਤੋਂ ਬਿਨਾਂ ਕਈ ਚੋਣ ਨਹੀਂ ਹੈ।

ਸਾਰੀਆਂ ਜ਼ਮੀਨੀ ਮਿਲਖਾਂ ਲੋਕਾਂ ਨੂੰ ਆਪਣੇ ਹੱਥਾਂ ਵਿਚ ਲੈ ਲੈਣੀਆਂ ਚਾਹੀਦੀਆਂ ਹਨ। ਦੇਸ਼ ਦੀ ਸਾਰੀ ਜ਼ਮੀਨ ਸਾਰੇ ਲੋਕਾਂ ਦੀ ਸੰਪਤੀ ਬਣ ਜਾਣੀ ਚਾਹੀਦੀ ਹੈ ਕਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸਥਾਨਕ ਸੋਵੀਅਤਾਂ ਰਾਹੀਂ ਵੰਡੀ ਜਾਣੀ ਚਾਹੀਦੀ ਹੈ।

ਇਹ ਕਾਰਜ ਕਿਵੇਂ ਨੇਪਰੇ ਚਾੜ੍ਹਿਆ ਜਾਣਾ ਚਾਹੀਦਾ ਹੈ ? ਸਾਨੂੰ ਤੁਰਤ ਹੀ ਸ਼ਹਿਰਾਂ ਵਿਚਲੀਆਂ ਮਜ਼ਦੂਰਾ ਤੇ ਸਿਪਾਹੀਆ ਦੇ ਡਿਪਟੀਆ ਦੀਆਂ ਸੋਵੀਅਤਾਂ ਦੇ ਨਮੂਨੇ ਉਤੇ ਹਰ ਪਿੰਡ ਵਿਚ ਬਿਨਾਂ ਫੋਟ ਦੇ ਕਿਸਾਨਾਂ ਤੇ ਖੇਤ ਮਜ਼ਦੂਰਾ ਦੇ ਡਿਪਟੀਆਂ ਦੀਆਂ ਸੋਵੀਅਤਾਂ ਸਥਾਪਤ ਕਰਨੀਆਂ ਚਾਹੀਦੀਆਂ ਹਨ। ਜਦੋਂ ਤਕ ਕਿਸਾਨ ਤੇ ਖੇਤ ਮਜ਼ਦੂਰ **ਆਪਣੇ ਆਪ ਨੂੰ** ਸੰਗਠਤ ਨਹੀਂ ਕਰਦੇ, ਜਦੋਂ ਤਕ ਉਹ ਆਪ ਆਪਣੀ ਹੋਣੀ ਆਪਣੇ ਹੱਥਾਂ ਵਿਚ ਨਹੀਂ ਲੈਂਦੇ, ਸੰਸਾਰ ਵਿਚ ਕੋਈ ਬੰਦਾ ਉਹਨਾਂ ਦੀ ਮੱਦਦ ਨਹੀਂ ਕਰੇਗਾ, ਕੋਈ ਵੀ ਉਹਨਾਂ ਨੂੰ ਜਗੀਰਦਾਰਾਂ ਦੀ ਜਕੜ ਤੋਂ ਆਜ਼ਾਦ ਨਹੀਂ ਕਰਾਏਗਾ।

ਕਿਸਾਨਾਂ ਨੂੰ ਉਹਨਾਂ ਦੇ ਆਪਣੇ ਜ਼ਿਲ੍ਹਿਆਂ ਵਿਚ ਜਗੀਰਦਾਰਾਂ ਤੋਂ ਸਾਰੀ ਜ਼ਮੀਨ ਤੁਰੰਤ ਆਪਣੇ ਹੱਥਾਂ ਵਿਚ ਲੈਣ ਦੇ ਯੋਗ ਬਨਾਉਣ ਲਈ ਅਤੇ ਇਸ ਨੂੰ ਸਹੀ ਢੰਗ ਨਾਲ ਵੰਡਣ ਲਈ, ਸਹੀ ਅਮਨ ਚੈਨ ਬਹਾਲ ਰਖਦਿਆਂ ਤੇ ਜਾਇਦਾਦ ਨੂੰ ਕਿਸੇ ਪਰਕਾਰ ਦੇ ਨੁਕਸਾਨ ਤੋਂ ਬਚਾਉਂਦਿਆਂ ਸਿਪਾਹੀਆਂ ਨੂੰ ਕਿਸਾਨਾਂ ਦੀ ਮੱਦਦ ਕਰਨੀ ਚਾਹੀਦੀ ਹੈ।

ਕਿਸਾਨ, ਸਿਪਾਹੀ ਤੇ ਮਜ਼ਦੂਰ ਵਸੋਂ ਦੀ ਬਹੁਤ ਭਾਰੀ ਬਹੁ ਗਿਣਤੀ ਹਨ। ਇਹ ਬਹੁ-ਗਿਣਤੀ **ਚਾਹੁੰਦੀ ਹੈ** ਕਿ ਸਾਰੀ ਜ਼ਮੀਨ ਕਿਸਾਨ ਡਿਪਟੀਆਂ ਦੀਆਂ ਸੋਵੀਅਤਾਂ ਦੇ ਹੱਥਾਂ ਵਿਚ ਤੁਰੰਤ ਦੇ ਦਿਤੀ ਜਾਵੇ। ਕਈ ਵੀ ਬਹੁ-ਗਿਣਤੀ ਨੂੰ ਜੇ ਉਹ ਚੰਗੀ ਤਰ੍ਹਾਂ ਜਥੇਬੰਦ

(ਮਜ਼ਬੂਤੀ ਨਾਲ ਸੰਗਠਤ) ਹੈ, ਜੇ ਉਹ ਜਮਾਤੀ ਤੌਰ ਤੇ ਚੇਤੰਨ ਹੈ, ਜੇ ਉਹ ਹਥਿਆਰ ਬੰਦ ਹੈ, ਇਹ ਕੁਝ ਕਰਨੋਂ ਨਹੀਂ ਰੋਕ ਸਕਦਾ।

ਸਿਪਾਹੀਓ! ਸਾਰੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਸੰਗਠਤ ਤੇ ਹਥਿਆਰ ਬੰਦ ਹੋਣ ਵਿਚ ਮੱਦਦ ਕਰੋ!

ਸਿਪਾਹੀਓ! ਤੁਹਾਨੂੰ ਵੀ ਵਧੇਰੇ ਮਜਬੂਤੀ ਨਾਲ ਸੰਗਠਤ ਹੋਣਾ ਚਾਹੀਦਾ ਹੈ, ਅਤੇ ਮਜ਼ਦੂਰਾਂ ਤੇ ਕਿਸਾਨਾ ਨਾਲ ਨੇੜਲੇ ਸਬੰਧ ਸਥਾਪਤ ਕਰਨੇ ਚਾਹੀਦੇ ਹਨ! ਕਿਸੇ ਨੂੰ ਆਪਣੀ ਹਥਿਆਰਬੰਦ ਸ਼ਕਤੀ ਖੋਹ ਕੇ ਲਿਜਾਣ ਦੀ ਆਗਿਆ ਨਾ ਦਿਓ!

ਉਦੋਂ, ਤੇ ਕੇਵਲ ਉਦੋਂ ਲੋਕ ਸਾਰੀ ਜ਼ਮੀਨ ਪ੍ਰਾਪਤ ਕਰਨਗੇ, ਅਤੇ ਆਪਣੇ ਆਪ ਨੂੰ ਜਗੀਰਦਾਰਾਂ ਦੀ ਜਕੜ ਤੋਂ ਮੁਕਤ ਕਰ ਸਕਣਗੇ।

**ਸੋਲਦਾਤਸਕਾਇਆ ਪਰਾਵਦਾ ਨੰਬਰ 1**

15 ਅਪਰੈਲ, 1917

ਸਹੀ : ਐਨ ਲੈਨਿਨ

## ਦਿਵਾਲਾ ?

ਸਾਨੂੰ ਦਸਿਆ ਗਿਆ ਹੈ ਕਿ ਮਜਦੂਰਾਂ ਤੇ ਕਿਸਾਨਾਂ ਦੇ ਡਿਪਟੀਆ ਦੀ ਸੋਵੀਅਤ ਦੀ ਕਾਰਜ ਕਰਨੀ ਕਮੇਟੀ ਨੇ ਹੁਣੇ ਜਿਹੇ ਇਕ ਲਿਖਤੀ ਸੂਚਨਾ ਪ੍ਰਾਪਤ ਕੀਤੀ ਹੈ ਜੋ ਸਾਡੀ ਆਰਜ਼ੀ ਸਰਕਾਰ ਨੇ ਆਪਣੇ ਦੇਸੋਂ ਬਾਹਰ ਰਹਿਣ ਵਾਲੇ ਪ੍ਰਤੀਨਿਧਾਂ ਦੇ ਨਾਂਅ ਭੇਜੀ ਹੈ।

ਇਹ ਲਿਖਤੀ ਸੂਚਨਾ, ਸਪੱਸਟ ਰੂਪ ਵਿਚ, ਉਹ "ਬਿਆਨ" ਹੈ ਜੋ ਐਨ. ਐਸ. ਚਖੀਦਜ਼ੇ ਤਿੰਨ ਦਿਨਾਂ ਦੇ ਅੰਦਰ ਜਾਰੀ ਕੀਤੇ ਜਾਣ ਦੀ ਆਸ ਰਖਦਾ ਸੀ ਅਤੇ ਜਿਸ ਵਿਚ ਕਬਜ਼ਿਆਂ ਵਿਰੁਧ ਨਿਸਚਿਤ ਐਲਾਨ ਸਾਮਲ ਹੋਣੇ ਸਨ।

ਪਰ ਅਸੀਂ ਕੀ ਦੇਖਦੇ ਹਾਂ ?

ਲਿਖਤੀ ਸੂਚਨਾ ਵਿਚ ਆਰਜੀ ਸਰਕਾਰ ਦਾ ਇਸ ਬਾਰੇ ਸਪੱਸ਼ਟ ਐਲਾਨ ਹੈ ਕਿ ਰੂਸ ਅਖੀਰ ਤਕ ਲੜੇਗਾ, ਕਿ ਰੂਸ ਇਤਿਹਾਸ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਸੱਚਾ ਰਹੇਗਾ।

ਇਸ ਲਿਖਤੀ ਸੂਚਨਾ ਇਕ ਬੰਬ ਗੋਲੇ ਦੇ ਫਟਣ ਦੇ ਤੁਲ ਹੈ।

ਕਾਰਜ ਕਰਨੀ ਕਮੇਟੀ ਦੀ ਬਹੁ-ਗਿਣਤੀ ਵਿਚ ਚਖੀਦਜੇ ਤਸੇਰੇਤੇਲੀ ਤੇ ਹੋਰਾਂ ਵਿਚ ਪੂਰੀ ਘਬਰਾਹਟ ਤੇ ਬੇਚੈਨੀ ਹੈ। "ਸਮਝੌਤਿਆ" ਦੀ ਸਮੁੱਚੀ ਨੀਤੀ ਦਾ ਦਿਵਾਲਾ ਪਰਤੱਖ ਹੈ ਅਤੇ ਉਸੇ ਸਮੇਂ ਤੋਂ ਬਹੁਤ ਪਹਿਲਾ ਵਾਪਰ ਗਿਆ ਹੈ ਜਿਸ ਦੀ ਸਾਨੂੰ ਆਸ ਸੀ।

ਕੰਟੈਕਟ ਕਮਿਸ਼ਨ ਵਿਚ ਗੱਲਬਾਤ ਸਾਮਰਾਜੀ ਜੰਗ ਨੂੰ ਖਤਮ ਨਹੀਂ ਕਰੇਗੀ।

**ਪਰਾਵਦਾ** ਨੰਬਰ 36.

3 ਮਈ (20 ਅਪਰੈਲ), 1917

# ਲੜਾਈ ਵਿਚ ਰੁਝੇ ਸਾਰੇ ਦੇਸ਼ਾਂ ਦੇ ਸਿਪਾਹੀਆਂ ਨੂੰ ਅਪੀਲ

ਸਿਪਾਹੀ ਭਰਾਵੋ !

ਅਸੀਂ ਸਾਰੇ ਇਸ ਭਿਆਨਕ ਜੰਗ ਵਿਚ ਥੱਕ ਟੁੱਟ ਗਏ ਹਾਂ ਜਿਸ ਨੇ ਲੱਖਾਂ ਜਾਨਾਂ ਹੜੱਪ ਲਈਆਂ ਹਨ, ਲਖੂਖਾ ਲੋਕਾਂ ਨੂੰ ਅਪੰਗ ਬਣਾ ਦਿੱਤਾ ਹੈ ਅਤੇ ਅਕਹਿ ਮੁਸੀਬਤ, ਤਬਾਹੀ ਤੇ ਭੁੱਖ-ਮਰੀ ਪੈਦਾ ਕਰ ਦਿੱਤੀ ਹੈ।

ਅਤੇ ਵਧੇਰੇ ਤੋਂ ਵਧੇਰੇ ਲੋਕ ਅਪਣੇ ਆਪ ਤੋਂ ਪੁੱਛਣ ਲੱਗ ਪਏ ਹਨ : ਕਿਸ ਨੇ ਇਹ ਜੰਗ ਛੇੜੀ ਸੀ, ਇਹ ਜੰਗ ਕਿਸ ਲਈ ਲੜੀ ਜਾ ਰਹੀ ਹੈ ?

ਹਰ ਰੋਜ਼ ਸਾਨੂੰ, ਮਜ਼ਦੂਰਾਂ ਤੇ ਕਿਸਾਨਾਂ ਨੂੰ, ਜਿਹੜੇ ਜੰਗ ਦਾ ਨੁਕਸਾਨ ਉਠਾ ਰਹੇ ਹਾਂ, ਇਹ ਗੱਲ ਸਪੱਸ਼ਟ ਹੁੰਦੀ ਜਾ ਰਹੀ ਹੈ ਕਿ ਇਹ ਜੰਗ ਸਾਰੇ ਦੇਸ਼ਾਂ ਦੇ ਸਰਮਾਏਦਾਰਾਂ ਵਲੋਂ ਸਰਮਾਏਦਾਰਾਂ ਦੇ ਹਿੱਤਾਂ ਲਈ, ਸੰਸਾਰ ਵਿਚ ਉੱਚਤਮਤਾ ਪਰਾਪਤ ਕਰਨ ਲਈ, ਕਾਰਖਾਨੇਦਾਰਾਂ, ਫੈਕਟਰੀ ਮਾਲਕਾਂ ਤੇ ਬੈਂਕ ਮਾਲਕਾਂ ਲਈ ਮੰਡੀਆਂ ਦੀ ਖ਼ਾਤਰ, ਕਮਜ਼ੋਰ ਕੌਮੀਅਤਾਂ ਨੂੰ ਲੁੱਟਣ ਦੀ ਖ਼ਾਤਰ ਛੇੜੀ ਗਈ ਹੈ ਤੇ ਲੜੀ ਜਾ ਰਹੀ ਹੈ। ਉਹ ਬਸਤੀਆਂ ਵੰਡ ਰਹੇ ਹਨ ਅਤੇ ਬਲਕਾਨ ਤੇ ਤੁਰਕੀ ਵਿਚ ਇਲਾਕੇ ਹਥਿਆ ਰਹੇ ਹਨ—ਅਤੇ ਇਸ ਲਈ ਯੂਰਪੀ ਲੋਕਾਂ ਨੂੰ ਜ਼ਰੂਰ ਤਬਾਹ ਹੋਣਾ ਚਾਹੀਦਾ ਹੈ, ਇਸ ਲਈ ਸਾਨੂੰ ਮਰਨਾ ਚਾਹੀਦਾ ਹੈ, ਇਸ ਲਈ ਸਾਨੂੰ ਤਬਾਹੀ ਅਤੇ ਅਪਣੇ ਟੱਬਰਾਂ ਦੀ ਭੁੱਖ-ਮਰੀ ਤੇ ਮੌਤ ਦਾ ਮੂੰਹ ਵੇਖਣਾ ਚਾਹੀਦਾ ਹੈ।

ਸਾਰੇ ਦੇਸ਼ਾਂ ਵਿਚ ਸਰਮਾਏਦਾਰ ਜਮਾਤ ਸੌਦਿਆਂ ਤੇ ਜੰਗੀ ਭੁਗਤਾਨਾਂ ਰਾਹੀਂ, ਆਪਣੇ ਕਬਜ਼ੇ ਵਿਚ ਲਏ ਦੇਸ਼ਾਂ ਵਿਚੋਂ ਰਿਆਇਤਾਂ ਤੋਂ ਅਤੇ ਵਸਤਾਂ ਦੀਆਂ ਨਿੱਤ ਵਧਦੀਆਂ ਕੀਮਤਾਂ ਤੋਂ ਅਥਾਹ, ਭਾਰੀ, ਚਕਰਾਉਣ ਵਾਲੇ, ਅਪਮਾਨ-ਜਨਕ ਉੱਚੇ ਮੁਨਾਫ਼ੇ ਕਮਾ ਰਹੀ ਹੈ। ਇਸ ਸਰਮਾਏਦਾਰ ਜਮਾਤ ਨੇ ਸਾਰੀਆ ਕੌਮਾ ਉੱਤੇ ਕਈ ਦਹਾਕੇ ਪਹਿਲਾਂ ਹੀ ਜੰਗ ਵਿਚ ਦਿੱਤੇ ਕਰਜ਼ਿਆਂ ਉੱਤੇ ਉੱਚੇ ਸੂਦ ਦੇ ਰੂਪ ਵਿਚ ਚੰਦਾ ਮੜ੍ਹ ਦਿੱਤਾ ਹੈ। ਅਤੇ ਸਾਨੂੰ, ਮਜ਼ਦੂਰਾਂ ਤੇ ਕਿਸਾਨਾਂ ਨੂੰ ਜ਼ਰੂਰ ਮਰਨਾ ਚਾਹੀਦਾ ਹੈ, ਜ਼ਰੂਰ ਤਬਾਹ ਹੋਣਾ ਚਾਹੀਦਾ ਹੈ ਤੇ ਭੁੱਖਿਆਂ ਮਰਨਾ ਚਾਹੀਦਾ ਹੈ, ਇਹ ਸਭ ਕੁਝ ਬੜੇ ਸਬਰ ਨਾਲ ਸਹਾਰਨਾ ਚਾਹੀਦਾ ਹੈ ਤੇ ਅਪਣੇ ਜਾਬਰਾਂ ਨੂੰ, ਸਰਮਾਏਦਾਰਾਂ ਨੂੰ, ਵੱਖ ਵੱਖ ਦੇਸ਼ਾਂ ਦੇ ਮਜ਼ਦੂਰਾਂ ਵਲੋਂ ਇਕ ਦੂਜੇ ਨੂੰ ਖ਼ਤਮ ਕਰਨ ਰਾਹੀਂ ਤੇ ਇਕ ਦੂਜੇ ਪ੍ਰਤੀ ਘਿਰਣਾ ਮਹਿਸੂਸ ਕਰਨ ਰਾਹੀਂ ਮਜ਼ਬੂਤ ਬਣਾਉਣਾ ਚਾਹੀਦਾ ਹੈ।

ਕੀ ਅਸੀਂ ਦਥੇਲ ਬਣ ਕੇ ਅਪਣੇ ਜੂਲੇ ਨੂੰ ਸਹਾਰਨਾ ਜਾਰੀ ਰਖਾਂਗੇ, ਸਰਮਾਏਦਾਰ ਜਮਾਤਾਂ ਵਿਚਾਲੇ ਜੰਗ ਨੂੰ ਸਹਾਰਦੇ ਰਹਾਂਗੇ ? ਕੀ ਅਸੀਂ ਆਪਣੀ ਕੌਮੀ ਹਕੂਮਤ ਦਾ, ਆਪਣੀ ਕੌਮੀ ਬੁਰਜੁਆਜ਼ੀ ਦਾ, ਆਪਣੇ ਕੌਮੀ ਸਰਮਾਏਦਾਰਾਂ ਦਾ ਪੱਖ ਲੈ ਕੇ ਇਸ ਜੰਗ ਨੂੰ ਲਮਕਾਉਣ ਦੀ ਆਗਿਆ ਦੇਵਾਂਗੇ, ਅਤੇ ਇਸ ਤਰ੍ਹਾਂ ਸਾਰੇ ਦੇਸ਼ਾਂ ਦੇ, ਸਮੁੱਚੇ ਸੰਸਾਰ ਦੇ, ਮਜ਼ਦੂਰਾਂ ਦੀ ਕੌਮਾਂਤਰੀ ਏਕਤਾ ਨੂੰ ਤਬਾਹ ਕਰਨ ਦੀ ਆਗਿਆ ਦੇਂਦੇ ਰਹਾਂਗੇ ?

ਨਹੀਂ, ਸਿਪਾਹੀ ਭਰਾਵੋ, ਸਮਾਂ ਆ ਗਿਆ ਹੈ ਕਿ ਅਸੀਂ ਆਪਣੀਆਂ ਅੱਖਾਂ ਖੋਲ੍ਹੀਏ; ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਹੋਣੀ ਆਪਣੇ ਹੱਥਾਂ ਵਿਚ ਲਈਏ। ਸਾਰੇ ਦੇਸ਼ਾਂ ਵਿਚ ਸਰਮਾਏਦਾਰ ਜਮਾਤ ਦੇ ਵਿਰੁੱਧ, ਜਿਸ ਨੇ ਲੋਕਾਂ ਨੂੰ ਜੰਗ ਵਿਚ ਖਿੱਚ ਲਿਆਂਦਾ ਹੈ, ਜਨਤਕ ਗੁੱਸਾ ਵਧ ਰਿਹਾ ਹੈ, ਫੈਲ ਰਿਹਾ ਹੈ ਅਤੇ ਤਾਕਤ ਪਕੜ ਰਿਹਾ ਹੈ। ਨਾ ਕੇਵਲ ਜਰਮਨੀ ਵਿਚ, ਸਗੋਂ ਬਰਤਾਨੀਆ ਵਿਚ ਵੀ, ਜਿਸ ਨੂੰ ਜੰਗ ਤੋਂ ਪਹਿਲਾਂ ਇਕ ਬਹੁਤ ਹੀ ਸੁਤੰਤਰ ਦੇਸ਼ ਹੋਣ ਦੀ ਪ੍ਰਸਿੱਧੀ ਪਰਾਪਤ ਸੀ, ਮਜ਼ਦੂਰ ਜਮਾਤ ਦੇ ਸੈਂਆ ਸੱਚੇ ਦੋਸਤ ਤੇ ਪ੍ਰਤੀਨਿਧ ਜੰਗ ਦੇ ਵਿਰੁੱਧ ਤੇ ਸਰਮਾਏਦਾਰ ਦੇ ਵਿਰੁੱਧ ਸੱਚ ਬੋਲਣ ਕਾਰਨ ਜੇਲ੍ਹ ਵਿਚ, ਤਸੀਹੇ ਭੋਗ ਰਹੇ ਹਨ। ਰੂਸ ਵਿਚ ਇਨਕਲਾਬ ਪਹਿਲੇ ਇਨਕਲਾਬ ਦਾ ਕੇਵਲ ਪਹਿਲਾ ਕਦਮ ਹੈ, ਇਸ ਦੀ ਪੈਰਵੀ ਕਰਨੀ ਚਾਹੀਦੀ ਹੈ ਅਤੇ ਹੋਰ ਇਸ ਦੀ ਪੈਰਵੀ ਕਰਨਗੇ।

ਰੂਸ ਵਿਚ ਨਵੀਂ ਸਰਕਾਰ—ਜਿਸ ਨੇ ਨਿਕੋਲਸ II ਦਾ ਤਖ਼ਤਾ ਉਲਟ ਦਿੱਤਾ ਹੈ ਜਿਹੜਾ ਵਿਲਹੇਲਮ II ਵਾਂਗ ਇਕ ਤਾਜਦਾਰ ਲੁਟੇਰਾ ਸੀ—ਸਰਮਾਏਦਾਰਾਂ ਦੀ ਸਰਕਾਰ ਹੈ। ਇਹ ਜਰਮਨੀ, ਬਰਤਾਨੀਆ ਤੇ ਹੋਰ ਦੇਸ਼ਾਂ ਦੇ ਸਰਮਾਏਦਾਰਾਂ ਵਾਂਗ ਇਕ ਲੋਟੂ ਤੇ ਸਾਮਰਾਜੀ ਜੰਗ ਲੜ ਰਹੀ ਹੈ। ਇਸ ਨੇ ਨਿਕੋਲਸ II ਦੀਆਂ ਬਰਤਾਨੀਆ, ਫਰਾਂਸ ਤੇ ਦੂਜੇ ਦੇਸਾਂ ਨਾਲ ਕੀਤੀਆਂ ਲੋਟੂ ਗੁਪਤ ਸੰਧੀਆਂ ਦੀ ਤਸਦੀਕ ਕਰ ਦਿੱਤੀ ਹੈ। ਇਹ ਸੰਸਾਰ ਦੀ ਜਾਣਕਾਰੀ ਲਈ ਇਹ ਸੰਧੀਆਂ ਪ੍ਰਕਾਸ਼ਤ ਨਹੀਂ ਕਰ ਰਹੀ, ਜਿਸ ਤਰ੍ਹਾਂ ਜਰਮਨ ਸਰਕਾਰ ਆਸਟਰੀਆ, ਬੁਲਗਾਰੀਆ ਤੇ ਹੋਰ ਦੇਸ਼ਾਂ ਨਾਲ ਕੀਤੀਆਂ ਲੋਟੂ ਤੇ ਗੁਪਤ ਸੰਧੀਆਂ ਨੂੰ ਪ੍ਰਕਾਸਤ ਨਹੀਂ ਕਰ ਰਹੀ।

20 ਅਪਰੈਲ ਨੂੰ ਰੂਸ ਦੀ ਆਰਜ਼ੀ ਸਰਕਾਰ ਨੇ ਇਕ ਲਿਖਤੀ ਸੂਚਨਾ ਪ੍ਰਕਾਸ਼ਤ ਕੀਤੀ ਜਿਸ ਵਿਚ ਜ਼ਾਰ ਰਾਹੀਂ ਕੀਤੀਆਂ ਪੁਰਾਣੀਆਂ ਲੋਟੂ ਸੰਧੀਆਂ ਦੀ ਤਸਦੀਕ ਕੀਤੀ ਗਈ ਹੈ ਅਤੇ ਇਸ ਜੰਗ ਨੂੰ ਜੇਤੂ ਅੰਤ ਤਕ ਲੜਨ ਦਾ ਐਲਾਨ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਉਹਨਾਂ ਲੋਕਾਂ ਵਿਚ ਗੁੱਸਾ ਤੇ ਰੋਹ ਪੈਦਾ ਕਰ ਦਿੱਤਾ ਹੈ ਜਿਨ੍ਹਾਂ ਨੇ ਹੁਣ ਤਕ ਉਸ ਤੇ ਵਿਸ਼ਵਾਸ ਕੀਤਾ ਹੈ ਤੇ ਹਮਾਇਤ ਕੀਤੀ ਹੈ।

ਪਰ, ਸਰਮਾਏਦਾਰ ਸਰਕਾਰ ਤੋਂ ਉਪਰੰਤ, ਰੂਸੀ ਇਨਕਲਾਬ ਨੇ ਆਪ-ਮੁਹਾਰੀਆਂ ਇਨਕਲਾਬੀ ਜਥੇਬੰਦੀਆਂ ਨੂੰ ਜਨਮ ਦਿੱਤਾ ਹੈ ਜੋ ਮਜ਼ਦੂਰਾਂ ਤੇ ਕਿਸਾਨਾਂ ਦੀ ਵਿਸਾਲ ਬਹੁ-ਗਿਣਤੀ ਦੀਆਂ ਪ੍ਰਤੀਨਿਧਤਾ ਕਰਦੀਆਂ ਹਨ, ਭਾਵ ਪਾਤਰੋਗਰਾਦ ਵਿਚ ਅਤੇ ਰੂਸ ਦੇ ਸ਼ਹਿਰਾਂ ਦੀ ਬਹੁ-ਗਿਣਤੀ ਵਿਚ ਮਜ਼ਦੂਰਾਂ ਤੇ ਸਿਪਾਹੀਆਂ ਦੀਆਂ ਸੋਵੀਅਤਾਂ। ਰੂਸ ਵਿਚ ਬਹੁਤੇ ਸਿਪਾਹੀ ਤੇ ਕੁਝ ਮਜ਼ਦੂਰ—ਜਰਮਨੀ ਵਿਚਲੇ ਕਈ ਮਜ਼ਦੂਰਾਂ ਤੇ ਸਿਪਾਹੀਆਂ ਵਾਂਗ—ਅਜੇ ਵੀ ਸਰਮਾਏਦਾਰਾਂ ਦੀ ਸਰਕਾਰ ਵਿਚ ਅਤੇ ਉਹਨਾਂ ਦੀਆਂ ਦੂਜੇ ਦੇਸਾਂ ਨੂੰ ਹਥਿਆਏ ਬਿਨਾਂ ਅਮਨ, ਸਵੈ-ਸੁਰੱਖਿਆ ਲਈ ਜੰਗ ਆਦਿ ਬਾਰੇ ਖੋਖਲੀਆਂ ਤੇ ਝੂਠੀਆਂ ਗੱਲਾਂ ਵਿਚ ਅਯੋਗ ਵਿਸ਼ਵਾਸ ਰੱਖਦੇ ਹਨ।

ਪਰ, ਸਰਮਾਏਦਾਰਾਂ ਤੋਂ ਵਿਪਰੀਤ, ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਦੀ ਦੂਜੇ ਦੇਸ਼ਾਂ ਨੂੰ ਹਥਿਆਉਣ ਵਿਚ ਅਤੇ ਸਰਮਾਏਦਾਰਾਂ ਦੇ ਮੁਨਾਫ਼ਿਆਂ ਦੀ ਹਿਫਾਜ਼ਤ ਕਰਨ ਵਿਚ ਕੋਈ ਦਿਲਚਸਪੀ

ਨਹੀਂ ਹੈ। ਅਤੇ ਇਸ ਲਈ, ਹਰ ਰੋਜ਼, ਸਰਮਾਏਦਾਰ ਸਰਕਾਰ ਵਲੋਂ ਰੂਸ ਤੇ ਜਰਮਨੀ ਵਿਚ, ਚੁਕਿਆ ਜਾਂਦਾ ਹਰ ਕਦਮ ਸਰਮਾਏਦਾਰਾਂ ਦੇ ਛਲ ਨੂੰ ਨੰਗਾ ਕਰੇਗਾ। ਇਸ ਤੱਥ ਨੂੰ ਨੰਗਾ ਕਰੇਗਾ ਕਿ ਜਦੋਂ ਤਕ ਸਰਮਾਏਦਾਰ ਰਾਜ ਕਾਇਮ ਰਹੇਗਾ, ਇਥੇ ਦੂਜੇ ਦੇਸ਼ਾਂ ਨੂੰ ਹਥਿਆਉਣ ਦੇ ਤਿਆਗ ਉਤੇ ਅਧਾਰਤ, ਭਾਵ ਬਿਨਾਂ ਛੋਟ ਦੇ ਸਾਰੀਆਂ ਬਸਤੀਆਂ ਦੀ, ਸਾਰੀਆਂ ਗ਼ੁਲਾਮ, ਬਿਨਾਂ ਛੋਟ ਦੇ ਸਾਰੀਆਂ ਪਿੱਛੋਂ ਜ਼ੋਰੀ ਕਬਜ਼ੇ ਵਿਚ ਲਈਆਂ ਗਈਆਂ ਘੱਟ ਗਿਣਤੀਆਂ ਦੀ ਆਜ਼ਾਦੀ ਉਤੇ ਅਧਾਰਤ ਕੋਈ ਅਸਲੀ ਜਨਵਾਦੀ, ਜਬਰ-ਰਹਿਤ ਅਮਨ ਨਹੀਂ ਹੋ ਸਕਦਾ ਅਤੇ ਜੰਗ ਸਾਰੀਆਂ ਸੰਭਾਵਨਾ ਅਨੁਸਾਰ ਹੋਰ ਗੰਭੀਰ ਤੇ ਲੰਮੀ ਹੋਵੇਗੀ।

ਕੇਵਲ ਤਾਂ ਹੀ ਜੇ, ਵਰਤਮਾਨ ਵੈਰ-ਭਾਵੀ ਦੇਸ਼ਾਂ, ਉਦਾਹਰਣ ਵਜੋਂ, ਰੂਸ ਤੇ ਜਰਮਨੀ ਵਿਚ ਰਾਜ-ਸੱਤਾ ਪੂਰਨ ਤੌਰ ਤੇ ਵਿਸ਼ੇਸ਼ ਤੌਰ ਤੇ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਇਨਕਲਾਬੀ ਸੋਵੀਅਤਾਂ ਦੇ ਹੱਥਾਂ ਵਿਚ, ਜੋ ਪੂੰਜੀਵਾਦੀ ਸਬੰਧਾਂ ਤੇ ਹਿੱਤਾਂ ਦੇ ਸਮੁੱਚੇ ਜਾਲ ਨੂੰ ਸਹੀ ਤੌਰ ਤੇ ਪਾੜਨ ਦੇ ਯੋਗ ਹਨ, ਆ ਜਾਵੇ। ਦੋਵੇਂ ਲੜਨ ਵਾਲੇ ਦੇਸ਼ਾਂ ਦੇ ਮਜ਼ਦੂਰ ਇਕ ਦੂਜੇ ਵਿਚ ਵਿਸ਼ਵਾਸ ਪਰਾਪਤ ਕਰਨਗੇ ਅਤੇ ਇਸ ਅਸਲੀ ਜਨਵਾਦੀ ਅਮਨ ਉਤੇ ਅਧਾਰਤ ਜੰਗ ਦਾ ਤੁਰੰਤ ਅੰਤ ਕਰਨ ਦੇ ਯੋਗ ਹੋਣਗੇ ਜੋ ਸੰਸਾਰ ਦੀਆਂ ਸਾਰੀਆਂ ਕੌਮਾ ਤੇ ਕੌਮੀਅਤਾਂ ਅਸਲੀ ਤੌਰ ਤੇ ਮੁਕਤ ਕਰ ਦੇਵੇਗਾ।

ਸਿਪਾਹੀ ਭਰਾਵੋ !

ਆਓ, ਅਸੀਂ ਇਸ ਅਮਲ ਨੂੰ ਤੇਜ਼ ਕਰਨ ਲਈ, ਇਸ ਮੰਤਵ ਨੂੰ ਪਰਾਪਤ ਕਰਨ ਕਰਨ ਲਈ ਹਰ ਗੱਲ ਕਰੀਏ। ਸਾਨੂੰ ਕੁਰਬਾਨੀਆਂ ਦੇਣ ਤੋਂ ਨਹੀਂ ਡਰਨਾ ਚਾਹੀਦਾ—ਮਜ਼ਦੂਰਾਂ ਦੇ ਇਨਕਲਾਬ ਲਈ ਕੋਈ ਵੀ ਕੁਰਬਾਨੀ ਜੰਗ ਵਿਚ ਦਿੱਤੀਆਂ ਕੁਰਬਾਨੀਆਂ ਨਾਲੋਂ ਘੱਟ ਦੁਖਦਾਈ ਹੋਵੇਗੀ। ਇਨਕਲਾਬ ਦਾ ਹਰ ਜੇਤੂ ਕਦਮ ਲਖੂਖਾ ਲੋਕਾਂ ਨੂੰ ਮੌਤ, ਤਬਾਹੀ ਤੇ ਭੁੱਖ-ਮਰੀ ਤੋਂ ਬਚਾਵੇਗਾ।

ਝੁੱਗੀਆ ਲਈ ਅਮਨ, ਮਹੱਲਾਂ ਦੇ ਵਿਰੁੱਧ ਜੰਗ ! ਸਾਰੇ ਦੇਸ਼ਾਂ ਦੇ ਮਜ਼ਦੂਰਾਂ ਲਈ ਅਮਨ ! ਸਾਰੇ ਦੇਸ਼ਾਂ ਦੇ ਇਨਕਲਾਬੀ ਮਜ਼ਦੂਰਾਂ ਦੀ ਭਰਾਤਰੀ ਏਕਤਾ ਜ਼ਿੰਦਾਬਾਦ ! ਸੋਸ਼ਲਿਜ਼ਮ ਜ਼ਿੰਦਾਬਾਦ !

ਆਰ.ਐਸ.ਡੀ.ਐਲ.ਪੀ. ਦੀ ਕੇਂਦਰੀ ਕਮੇਟੀ
ਆਰ.ਐਸ. ਡੀ.ਐਲ.ਪੀ. ਦੀ ਪੀਤਰੋਗਰਾਦ ਕਮੇਟੀ
ਪਰਾਵਦਾ ਦਾ ਸੰਪਾਦਕੀ ਮੰਡਲ

ਪਰਾਵਦਾ ਨੰਬਰ 37
4 ਮਈ (21 ਅਪਰੈਲ), 1917

# ਆਰਜ਼ੀ ਸਰਕਾਰ ਦੀ ਲਿਖਤੀ ਸੂਚਨਾ

ਸਭ ਕੁਝ ਤੁਹਾਡੇ ਸਾਹਮਣੇ ਹੈ। ਸਾਡੇ ਕੋਲ ਗੁਚਕੋਵ ਤੇ ਮਿਲਿਯੂਕੋਵ ਦਾ ਉਹਨਾਂ ਦੀ ਲਿਖਤੀ ਸੂਚਨਾ ਲਈ, ਜੋ ਅਜ ਸਾਰੇ ਅਖਬਾਰਾ ਵਿਚ ਪਰਕਾਸਤ ਹੋਈ ਹੈ, ਧੰਨਵਾਦੀ ਹੋਣ ਦਾ ਹਰ ਕਾਰਨ ਮੌਜੂਦ ਹੈ।

ਮਜਦੂਰਾ ਤੇ ਸਿਪਾਹੀਆ ਦੇ ਡਿਪਟੀਆ ਦੀ ਸੋਵੀਅਤ ਦੀ ਕਾਰਜ ਕਰਨੀ ਦੀ ਬਹੁ-ਗਿਣਤੀ, ਨਰੋਦਨਿਕਾ, ਮੈਨਸਵਿਕਾ—ਉਹਨਾ ਸਾਰਿਆ ਨੇ ਜਿਨ੍ਹਾ ਨੇ ਹਣ ਤਕ ਆਰਜੀ ਸਰਕਾਰ ਵਿਚ ਵਿਸਵਾਸ ਲਈ ਅਪੀਲ ਕੀਤੀ ਹੈ—ਯਗ ਸਜਾ ਪ੍ਰਾਪਤ ਕੀਤੀ ਹੈ। ਉਹਨਾਂ ਆਸ ਕੀਤੀ, ਅਤੇ ਵਿਸਵਾਸ ਕੀਤਾ ਕਿ ਆਰਜੀ ਸਰਕਾਰ, ਚਖੀਦਜੇ, ਸਕੋਬੇਲੇਵ, ਅਤੇ ਸਤੈਕਲੋਵ ਨਾਲ "ਸਬੰਧ" ਦੇ ਲਾਹੇਵੰਦ ਪਰਭਾਵ ਅਧੀਨ ਦੂਜੇ ਦੇਸਾ ਦੇ ਹਥਿਆਏ ਇਲਾਕਿਆ ਨੂੰ ਹਮੇਸਾ ਲਈ ਰੱਦ ਕਰ ਦੇਵੇਗੀ। ਪਰ ਗੱਲਾ ਕਿਸੇ ਹੱਦ ਤਕ ਉਲਟੀਆ ਵਾਪਰੀਆ ਹਨ।

ਆਪਣੀ 18 ਅਪਰੈਲ ਦੀ ਲਿਖਤੀ ਸੂਚਨਾ ਵਿਚ ਆਰਜੀ ਸਰਕਾਰ "ਸੰਸਾਰ ਜੰਗ ਨੂੰ **ਅੰਤਮ ਜਿੱਤ ਤਕ** ਲੜਨ ਦੀ ਸਮੁੱਚੀ ਕੌਮ (!) ਦੀ ਇੱਛਾ ਦੀ ਗੱਲ ਕਰਦੀ ਹੈ।

"**ਇਹ ਕਹਿਣ ਦੀ ਲੋੜ ਨਹੀਂ ਹੈ,**" ਲਿਖਤੀ ਸੂਚਨਾ ਹੋਰ ਕਹਿੰਦੀ ਹੈ "**ਆਰਜ਼ੀ ਸਰਕਾਰ ਆਪਣੇ ਇਤਿਹਾਦੀਆਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਪੂਰਾ ਕਰੇਗੀ।**"

ਸੰਖੇਪ ਪਰ ਸਪੱਸਟ ! ਅੰਤਮ ਜਿਤ ਤਕ ਜੰਗ ! ਅੰਗਰੇਜ ਤੇ ਫਰਾਂਸੀਸੀ ਬੈਂਕ ਮਾਲਕਾਂ ਨਾਲ ਗੱਠਜੋੜ ਪਵਿੱਤਰ ਹੈ...... !

"ਸਾਡੇ" ਇਤਿਹਾਦੀਆ, ਭਾਵ ਅੰਗਰੇਜ਼ ਤੇ ਫਰਾਂਸੀਸੀ ਧਨਕੁਬੇਰਾਂ ਨਾਲ, ਇਹ ਗੱਠਜੋੜ ਕਿਸ ਨੇ ਕੀਤਾ ਹੈ ? ਨਿਰਸੰਦੇਹ, ਜ਼ਾਰ, ਰਾਸਪੂਤਿਨ ਤੇ ਜਾਰ ਦੀ ਜੁੰਡਲੀ ਨੇ। ਪਰ ਮਿਲਿਯੂਕੋਵ ਤੇ ਕੰਪਨੀ ਲਈ ਇਹ ਸੰਧੀ ਪਵਿੱਤਰ ਹੈ।

ਕਿਉਂ ?

ਕੁਝ ਕਹਿੰਦੇ ਹਨ ! ਮਿਲਿਯੂਕੋਵ ਸੁਹਿਰਦ ਹੈ, ਉਹ ਇਕ ਉਸਤਾਦ ਵਿਅਕਤੀ ਹੈ ਇਤਿਆਦ।

ਪਰ ਨੁਕਤਾ ਇਹ ਨਹੀਂ ਹੈ। ਨੁਕਤਾ ਇਹ ਹੈ ਕਿ ਗੁਚਕੋਵ, ਮਿਲਿਯੂਕੋਵ, ਤੇਰੇਸ਼ਚੇਨਕੋ

ਅਤੇ ਕੌਨੋਵਾਲੋਵ ਸਰਮਾਏਦਾਰਾਂ ਦੇ ਬੁਲਾਰੇ ਹਨ ਅਤੇ ਬਦੇਸ਼ੀ ਧਰਤੀਆਂ ਉੱਤੇ ਕਬਜ਼ਾ ਸਰ-ਮਾਏਦਾਰਾਂ ਲਈ ਜ਼ਰੂਰੀ ਹੈ। ਉਹ ਨਵੀਆਂ ਮੰਡੀਆਂ, ਸਰਮਾਏ ਦੀ ਬਰਾਮਦ ਲਈ ਨਵੀਆਂ ਥਾਵਾਂ ਆਪਣੇ ਲੱਖਾਂ ਪੁੱਤਰਾਂ ਲਈ ਲਾਹੇਵੰਦ ਕੰਮਾਂ ਦਾ ਪ੍ਰਬੰਧ ਕਰਨ ਲਈ ਨਵੇਂ ਅਵਸਰ ਪਰਾਪਤ ਕਰਨਗੇ। ਨੁਕਤਾ ਇਹ ਹੈ ਕਿ ਵਰਤਮਾਨ ਘੜੀ ਰੂਸੀ ਸਰਮਾਏਦਾਰਾਂ ਦੇ ਹਿੱਤ ਅੰਗਰੇਜ਼ ਤੇ ਫਰਾਂਸੀਸੀ ਸਰਮਾਏਦਾਰਾਂ ਦੇ ਹਿੱਤਾਂ ਨਾਲ ਮਿਲਦੇ ਹਨ। ਇਹੋ, ਤੇ ਕੇਵਲ ਇਹੋ ਕਾਰਨ ਹੈ ਜ਼ਾਰ ਦੀਆਂ ਅੰਗਰੇਜ਼ ਤੇ ਫਰਾਂਸੀਸੀ ਸਰਮਾਏਦਾਰਾਂ ਨਾਲ ਸੰਧੀਆਂ ਰੂਸੀ ਸਰਮਾਏਦਾਰਾਂ ਦੀ ਆਰਜ਼ੀ ਸਰਕਾਰ ਲਈ ਕਿਉਂ ਇੰਨੀਆਂ ਕੀਮਤੀ ਹਨ।

ਆਰਜ਼ੀ ਸਰਕਾਰ ਦੀ ਨਵੀਂ ਲਿਖਤੀ ਸੂਚਨਾ ਸੁਹਲਿਆਂ ਉਤੇ ਤੇਲ ਛਿੜਕੇਗੀ। ਇਹ ਜਰਮਨੀ ਵਿਚ ਲੜਾਕੂ ਭਾਵਨਾ ਨੂੰ ਕੇਵਲ ਉਤਸ਼ਾਹਤ ਹੀ ਕਰ ਸਕਦੀ ਹੈ। ਇਹ ਲੁਟੇਰੇ ਵਿਲਹੇਲਮ ਦੀ "ਆਪਣੇ" ਮਜ਼ਦੂਰਾਂ ਤੇ ਸਿਪਾਹੀਆਂ ਨੂੰ ਧੋਖਾ ਦੇਈ ਜਾਣ ਵਿਚ ਤੇ ਉਹਨਾਂ ਨੂੰ "ਅੰਤ ਤਕ" ਜੰਗ ਵਿਚ ਖਿੱਚੀ ਰਖਣ ਵਿਚ ਮੱਦਦ ਕਰੇਗੀ।

ਆਰਜ਼ੀ ਸਰਕਾਰ ਦੀ ਨਵੀਂ ਲਿਖਤੀ ਸੂਚਨਾ ਇਹ ਸੁਆਲ ਪੈਦਾ ਕਰਦੀ ਹੈ : ਅਗਾਂਹ ਕੀ ਹੋਵੇਗਾ ?

ਸਾਡੇ ਇਨਕਲਾਬ ਦੀ ਪਹਿਲੀ ਘੜੀ ਤੋਂ ਹੀ ਅੰਗਰੇਜ਼ ਤੇ ਫ਼ਰਾਂਸੀਸੀ ਸਰਮਾਏਦਾਰ ਸਾਨੂੰ ਇਹ ਵਿਸ਼ਵਾਸ ਦੇਂਦੇ ਆ ਰਹੇ ਹਨ ਕਿ ਰੂਸੀ ਇਨਕਲਾਬ ਕੇਵਲ ਤੇ ਵਿਸ਼ੇਸ਼ ਤੌਰ ਤੇ ਜੰਗ ਨੂੰ "ਅੰਤ ਤਕ" ਲੜਨ ਲਈ ਕੀਤਾ ਗਿਆ ਸੀ। ਸਰਮਾਏਦਾਰ ਤੁਰਕੀ, ਪਰਸ਼ੀਆ ਤੇ ਚੀਨ ਨੂੰ ਲੁੱਟਣਾ ਚਾਹੁੰਦੇ ਹਨ। ਜੇ ਇਸ ਲਈ ਹੋਰ ਇਕ ਕਰੋੜ ਲੋਕਾਂ ਜਾਂ ਰੂਸੀ ਕਿਸਾਨਾਂ ਦਾ ਕਤਲ ਹੁੰਦਾ ਹੈ ਤਾਂ ਕੀ ਗੱਲ ਹੈ ? ਜੋ ਅਸੀਂ ਚਾਹੁੰਦੇ ਹਾਂ, ਉਹ ਹੈ "ਨਿਰਣਾਇਕ ਜਿੱਤ"...... ।
ਅਤੇ ਹੁਣ ਆਰਜ਼ੀ ਸਰਕਾਰ ਨੇ ਪੂਰੀ ਸਪਸ਼ਟਤਾ ਨਾਲ ਉਸ ਰਾਹ ਨੂੰ ਤਿਆਗ ਦਿੱਤਾ ਹੈ।

"ਲੜੋ—ਕਿਉਂ ਜੋ ਅਸੀਂ ਲੁੱਟਣਾ ਚਾਹੁੰਦੇ ਹਾਂ।"

"ਹਰ ਰੋਜ਼ ਲੱਖਾਂ ਦੀ ਗਿਣਤੀ ਵਿਚ ਮਰੋ—ਕਿਉਂ ਜੋ 'ਅਸੀਂ' ਅਜੇ ਜੰਗ ਅੰਤ ਤਕ ਨਹੀਂ ਲੜੀ ਅਤੇ ਅਸਾਂ ਅਜੇ ਲੁੱਟ ਖਸੁੱਟ ਦਾ ਆਪਣਾ ਹਿੱਸਾ ਪ੍ਰਾਪਤ ਨਹੀਂ ਕੀਤਾ।"

ਕੋਈ ਵੀ ਜਮਾਤੀ ਤੌਰ ਤੇ ਸੁਚੇਤ ਮਜ਼ਦੂਰ, ਕੋਈ ਵੀ ਜਮਾਤੀ ਤੌਰ ਤੇ ਸੁਚੇਤ ਸਿਪਾਹੀ ਆਰਜ਼ੀ ਸਰਕਾਰ ਵਿਚ "ਵਿਸ਼ਵਾਸ" ਦੀ ਨੀਤੀ ਦੀ ਹੋਰ ਹਮਾਇਤ ਨਹੀਂ ਕਰੇਗਾ। ਵਿਸ਼ਵਾਸ ਦੀ ਨੀਤੀ ਦਿਵਾਲੀਆ ਨੀਤੀ ਹੈ।

ਸਾਡੀ ਸੋਸ਼ਲ-ਡੈਮੋਕਰੇਟਿਕ ਸ਼ਹਿਰੀ ਕਾਨਫਰੰਸ ਨੇ ਆਪਣੇ ਮਤੇ ਵਿਚ ਬਿਆਨ ਕੀਤਾ ਕਿ ਸਾਡੇ ਵਿਚਾਰ ਦੀ ਦਰੁਸਤੀ ਦੀ ਹਰ ਰੋਜ ਪੁਸ਼ਟੀ ਹੋਵੇਗੀ। ਪਰ ਸਾਨੂੰ ਵੀ ਇਹ ਆਸ ਨਹੀਂ ਸੀ ਕਿ ਹਾਲਾਤ ਇਤਨੀ ਤੇਜ਼ੀ ਨਾਲ ਵਾਪਰਨਗੇ।

ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਵਰਤਮਾਨ ਸੋਵੀਅਤ ਨੂੰ ਇਕ ਬਦਲ ਦਰਪੇਸ਼ ਹੈ ! ਜਾਂ ਤਾਂ ਗੁਚਕੋਵ ਤੇ ਮਿਲਿਯੂਕੋਵ ਵਲੋਂ ਪੇਸ਼ ਕੀਤੀ ਗਈ ਗੋਲੀ ਨਿਗਲੇ, ਜਿਸ ਦਾ ਅਰਥ ਹਮੇਸ਼ਾ ਲਈ ਇਕ ਸੁਤੰਤਰ ਰਾਜਨੀਤਕ ਰੋਲ ਦਾ ਤਿਆਗ ਹੋਵੇਗਾ, ਕਲ੍ਹ ਨੂੰ ਮਿਲਿਯੂਕੋਵ "ਆਪਣਾ ਪੈਰ ਮੇਜ਼ ਉਤੇ" ਰਖੇਗਾ ਅਤੇ ਸੋਵੀਅਤ ਨੂੰ ਸਿਫ਼ਰ ਦੇ ਬਰਾਬਰ ਕਰ ਦੇਵੇਗਾ, ਜਾਂ ਮਿਲਿਯੂਕੋਵ ਦੀ ਲਿਖਤੀ ਸੂਚਨਾ ਨੂੰ ਰੱਦ ਕਰ ਦਿਤਾ ਜਾਵੇ, ਜਿਸ ਦਾ ਅਰਥ ਵਿਸ਼ਵਾਸ ਦੀ ਪੁਰਾਣੀ ਨੀਤੀ ਨਾਲੋਂ ਤੋੜ ਵਿਛੋੜਾ ਕਰਨਾ ਅਤੇ ਪਰਾਵਦਾ ਵਲੋਂ ਸੁਝਾਏ ਰਾਹ ਨੂੰ ਅਪਨਾਉਣਾ ਹੋਵੇਗਾ।

ਕੁਦਰਤੀ ਤੌਰ ਤੇ ਹੋ ਸਕਦਾ ਹੈ, ਕੋਈ ਵਿਚ-ਵਿਚਾਲਾ ਰਾਹ ਲਭਿਆ ਜਾਵੇ।

ਪਰ ਕੀ ਉਹ ਲੰਮੇ ਸਮੇਂ ਲਈ ਹੋਵੇਗਾ ?

ਮਜ਼ਦੂਰੋ ਤੇ ਸਿਪਾਹੀਓ, ਤੁਹਾਨੂੰ ਹੁਣ ਉੱਚੀ ਆਵਾਜ਼ ਵਿਚ ਐਲਾਨ ਕਰਨਾ ਚਾਹੀਦਾ ਹੈ ਕਿ ਦੇਸ਼ ਵਿਚ ਕੇਵਲ ਇਕ ਸੱਤਾ ਹੋਣੀ ਚਾਹੀਦੀ ਹੈ। ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ। ਆਰਜ਼ੀ ਸਰਕਾਰ, ਮੁੱਠੀ ਭਰ ਸਰਮਾਏਦਾਰਾਂ ਦੀ ਸਰਕਾਰ ਨੂੰ ਇਹਨਾਂ ਸੋਵੀਅਤਾਂ ਲਈ ਰਾਹ ਖ਼ਾਲੀ ਕਰਨਾ ਚਾਹੀਦਾ ਹੈ।

20 ਅਪਰੈਲ (3 ਮਈ), 1917 ਨੂੰ ਲਿਖਿਆ ਗਿਆ

4 ਮਈ (21 ਅਪਰੈਲ), 1917 ਨੂੰ ਪਰਾਵਦਾ ਨੰਬਰ 37
ਵਿਚ ਪ੍ਰਕਾਸ਼ਤ ਹੋਇਆ।

# ਫ਼ਿੰਬ ਬਨਾਮ ਤੋਪਾਂ
# ਲੱਫ਼ਾਜ਼ੀ ਬਨਾਮ ਸਰਮਾਇਆ

ਜੇਤੂ ਅੰਤ ਤਕ ਜੰਗ ਬਾਰੇ ਆਰਜ਼ੀ ਸਰਕਾਰ ਦੀ ਲਿਖਤੀ ਸੂਚਨਾ ਨੇ ਉਹਨਾਂ ਲੋਕਾਂ ਵਿਚ ਵੀ ਰੋਹ ਜਗਾਇਆ ਹੈ ਜੋ ਸਰਮਾਏਦਾਰਾਂ ਦੀ ਸਰਕਾਰ ਵਲੋਂ ਬਿਗਾਨੇ ਇਲਾਕੇ ਹਥਿਆਉਣ ਦੇ ਸੰਭਵ ਤਿਆਗ ਲਈ ਭੁਲੇਵੇਂ ਭਰਪੂਰ ਆਸਾਂ ਰਖਦੇ ਹਨ। ਅਖਬਾਰ ਭੁਲੇਵੇਂ ਭਰਪੂਰ ਆਸਾਂ ਦੀ ਇਸ ਨਿਕ-ਬੁਰਜੂਆ ਦੇ ਬੁਲਾਰਿਆ ਵਜੋਂ ਕੰਮ ਕਰਦੇ ਰਹੇ ਹਨ ਅਜ ਜਾ ਤਾ **ਰਾਬੋਚਾਇਆ ਗਾਜ਼ੇਤਾ** ਵਾਗ ਨਿਰਾਸਤਾ ਵਿਚ ਬੁੜਬੜਾ ਰਹੇ ਹਨ ਜਾ ਇਸ ਰੋਹ ਨੂੰ ਵਿਅਕਤੀਆਂ ਵਿਰੁੱਧ ਮੋੜਨ ਦਾ ਯਤਨ ਕਰ ਰਹੇ ਹਨ।

**ਨੋਵਾਇਆ ਜ਼ੀਜ਼ਨ** ਲਿਖਦਾ ਹੈ: "ਜਨਵਾਦੀ ਰੂਸ ਦੀ ਸਰਕਾਰ ਵਿਚ ਕੌਮਾਂਤਰੀ ਸਰਮਾਏ ਦੇ ਹਿਤਾ ਦੇ ਸਮਰਥਕ ਲਈ ਕੋਈ ਥਾਂ ਨਹੀਂ ਹੈ। ਸਾਨੂੰ ਯਕੀਨ ਹੈ ਕਿ ਮਜਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਮਿਸਟਰ ਮਿਲਿਯੂਕੋਵ ਨੂੰ ਹਾਨੀਮੁਕਤ ਬਨਾਉਣ ਵਲ ਬਹੁਤ ਹੀ ਸ਼ਕਤੀਸ਼ਾਲੀ ਕਦਮ ਚੁਕਣ ਵਿਚ ਤੁਰੰਤ ਅਮਲ ਕਰਨਗੀਆਂ ਅਤੇ **ਡਾਈਏਲੋ ਨਾਰੋਦਾ** ਉਜੱਡ ਸਿਆਣਪ ਦਾ ਉਹੋ ਟੁਕੜਾ ਹੇਠਲੇ ਸਬਦਾ ਵਿਚ ਪ੍ਰਗਟ ਕਰਦਾ ਹੈ: ਮਿਲਿਯੂਕੋਵ ਦੀ ਲਿਖਤੀ ਸੂਚਨਾ, ਇਹ ਲਿਖਦਾ ਹੈ, "ਉਸ ਬਹੁਤ ਭਾਰੀ ਕੌਮਾਤਰੀ ਮਹੱਤਤਾ ਵਾਲੇ ਬਿਆਨ ਨੂੰ ਜਿਸ ਵਿਚ ਸਮੁੱਚੇ ਮੰਤਰੀ ਮੰਡਲ ਨੇ ਪਰਵਾਨ ਕੀਤਾ ਸੀ, ਨਾ ਬਰਾਬਰ ਕਰਨ ਦਾ ਯਤਨ ਕਰਦੀ ਹੈ।"

ਫ਼ਿੰਬ ਬਨਾਮ ਤੋਪਾਂ। ਲੱਫ਼ਾਜ਼ੀ ਬਨਾਮ ਸਰਮਾਇਆ। ਹਥਿਆਏ ਬਦੇਸ਼ੀ ਇਲਾਕਿਆਂ ਨੂੰ ਤਿਆਗਣ ਬਾਰੇ ਸਰਕਾਰ ਦਾ ਬਿਆਨ ਇਕ ਨਿਪਟ ਹੀ ਬੇਅਰਥ ਰਾਜਦੂਤਕ ਲੱਫਾਜ਼ੀ ਦਾ ਟੁਕੜਾ ਸੀ ਜੋ ਸ਼ਾਇਦ ਕਿਸੇ ਅਨਜਾਣ ਕਿਸਾਨ ਨੂੰ ਧੋਖਾ ਦੇ ਦੇਵੇ, ਪਰ ਨਿਕ-ਬੁਰਜੂਆ ਸੋਸ਼ਲ-ਡੇਮੋਕਰੇਟਕ ਤੇ ਸੋਸ਼ਲਿਸਟ ਇਨਕਲਾਬੀ ਪਾਰਟੀਆਂ ਦੇ ਆਗੂਆਂ ਨੂੰ, **ਨੋਵਾਇਆ ਜ਼ੀਜ਼ਨ** ਤੇ **ਡਾਈਏਲੋ ਨਾਰੋਦਾ** ਦੇ ਲੇਖਕਾਂ ਨੂੰ ਉਨਾ ਚਿਰ ਧੋਖਾ ਨਹੀਂ ਦੇ ਸਕਦਾ ਜਦੋਂ ਤਕ ਉਹ ਧੋਖਾ ਖਾਧੇ ਜਾਣ ਲਈ ਰਾਜ਼ੀ ਨਾ ਹੋਣ। ਇਹ ਖੋਖਲੇ ਵਾਕੰਸ਼ ਕੀ ਹਨ ਕਿ "ਕੌਮਾਂਤਰੀ ਸਰਮਾਏ ਦੇ ਹਿਤਾਂ ਦੇ ਇਕ ਸਮਰਥਕ ਲਈ ਜਨਵਾਦੀ ਰੂਸ ਦੀ ਸਰਕਾਰ ਵਿਚ ਕੋਈ ਥਾਂ ਨਹੀਂ ਹੈ।" ਅਜਿਹਾ ਗੰਦ ਮੰਦ ਲਿਖਣ ਤੇ ਪੜ੍ਹੇ ਲਿਖੇ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ।

ਸਮੁੱਚੀ ਆਰਜ਼ੀ ਸਰਕਾਰ ਸਰਮਾਏਦਾਰ ਜਮਾਤ ਦੀ ਸਰਕਾਰ ਹੈ। ਇਹ ਜਮਾਤ ਦਾ ਮਾਮਲਾ ਹੈ, ਵਿਅਕਤੀਆਂ ਦਾ ਨਹੀਂ। ਵਿਅਕਤੀਗਤ ਤੌਰ ਤੇ ਮਿਲਿਊਕੋਵ ਉਤੇ ਹਮਲਾ ਕਰਨਾ, ਉਸ ਦੀ ਸਿੱਧੀ ਜਾਂ ਅਸਿੱਧੀ ਮਾਫ਼ੀ ਦੀ ਮੰਗ ਕਰਨਾ ਇਕ ਬੇਹੂਦਾ ਸੁਖਾਂਤ ਹੈ, ਕਿਉਂਜੋ ਵਿਅਕਤੀਆਂ ਦੀ ਕੋਈ ਵੀ ਤਬਦੀਲੀ ਉਨਾ ਚਿਰ ਕੋਈ ਵੀ ਚੀਜ਼ ਬਦਲ ਨਹੀਂ ਸਕਦੀ ਜਦੋਂ ਤਕ ਸੱਤਾ ਤੇ ਬਰਾਜਮਾਨ ਜਮਾਤਾਂ ਨਹੀਂ ਬਦਲੀਆਂ ਜਾਂਦੀਆਂ।

ਰੂਸ, ਬਰਤਾਨੀਆ ਤੇ ਫਰਾਸ ਦੇ ਜਨਵਾਦ ਵਿਚਾਲੇ ਲਕੀਰ ਖਿੱਚਣਾ ਅਤੇ ਸਰਮਾਏ ਦਾ ਸਮਰਥਨ ਕਰਨਾ ਇਕ ਗਾਪੋਨ ਦੀ ਆਰਥਕ ਤੇ ਰਾਜਨੀਤਕ ਸਿਆਣਪ ਦੀ ਪੱਧਰ ਤਕ ਨੀਵਾ ਉੱਤਰ ਜਾਣ ਦੇ ਬਰਾਬਰ ਹੈ।

ਇਕ ਅਨਜਾਣ ਕਿਸਾਨ ਲਈ ਇਹ ਗੱਲ ਖਿਮਾ ਯੋਗ ਹੈ ਕਿ ਉਹ ਇਕ ਸਰਮਾਏਦਾਰ ਤੋਂ ਇਸ "ਵਚਨ" ਦੀ ਮੰਗ ਕਰੇ ਕਿ ਉਹ ਸਰਮਾਏਦਾਰਾਨਾ ਢੰਗ ਨਾਲ ਨਹੀਂ ਸਗੋਂ "ਸਹੀ ਢੰਗ ਨਾਲ ਰਹੇ" ਕਿ ਉਸ ਨੂੰ "ਸਰਮਾਏ ਦੇ ਹਿੱਤਾ ਦਾ ਸਮਰਥਨ" ਨਹੀਂ ਕਰਨਾ ਚਾਹੀਦਾ। ਪਰ ਪੀਤਰੋਗਰਾਦ ਸੋਵੀਅਤ ਦੇ ਆਗੂਆ ਲਈ, **ਨੋਵਾਇਆ ਜ਼ੀਜ਼ਨ ਤੇ ਡਾਈਏਲੋ ਨਰੋਦਾ** ਦੇ ਲੇਖਕਾ ਲਈ ਇਹ ਅਜਿਹੇ ਢੰਗ ਵਰਤਣ ਦਾ ਅਰਥ ਭੁਲੇਵੇਂ ਭਰਪੂਰ ਆਸਾ ਪੈਦਾ ਕਰਨਾ ਹੈ ਜੋ ਲੋਕ ਸਰਮਾਏਦਾਰਾ ਪ੍ਰਤੀ ਰਖਦੇ ਹਨ; ਆਸਾਂ ਜੋ ਆਜ਼ਾਦੀ ਦੇ ਕਾਜ਼ ਲਈ, ਬਹੁਤ ਹੀ ਹਾਨੀਕਾਰਕ ਹਨ।

**ਪਰਾਵਦਾ** ਨੰਬਰ 37
4 ਮਈ (21 ਅਪਰੈਲ), 1917

# ਆਰ. ਐਸ. ਡੀ. ਐਲ. ਪੀ. (ਬਾਲਸ਼ਵਿਕ) ਦੀ ਕੇਂਦਰੀ ਕਮੇਟੀ ਦਾ ਮਤਾ ਜੋ 21 ਅਪਰੈਲ (4 ਮਈ), 1917 ਨੂੰ ਪਰਵਾਨ ਕੀਤਾ ਗਿਆ

ਉਸ ਸਥਿਤੀ ਤੇ ਵਿਚਾਰ ਕਰਨ ਮਗਰੋਂ—ਜੋ ਪੀਤਰੋਗਰਾਦ ਵਿਚ ਆਰਜ਼ੀ ਸਰਕਾਰ ਦੇ 18 ਅਪਰੈਲ 1917 ਦੇ ਸਾਮਰਾਜੀ ਕਬਜੇਵਾਦੀ ਤੇ ਲੋਟੂ ਲਿਖਤੀ ਸੂਚਨਾ ਦੇ ਮਗਰੋਂ ਪੈਦਾ ਹੋਈ ਹੈ ਅਤੇ 20 ਅਪਰੈਲ ਨੂੰ ਪੀਤਰੋਗਰਾਦ ਦੀਆਂ ਗਲੀਆਂ ਬਾਜ਼ਾਰਾਂ ਵਿਚ ਲੋਕਾਂ ਵਲੋਂ ਕੀਤੇ ਗਏ ਜਲਸਿਆਂ ਤੇ ਮੁਜ਼ਾਹਰਿਆਂ ਦੇ ਮਗਰੋਂ—ਆਰ. ਐਸ. ਡੀ. ਐਲ. ਪੀ. ਦੀ ਕੇਂਦਰੀ ਕਮੇਟੀ ਫੈਸਲਾ ਕਰਦੀ ਹੈ :

(1.) ਪਾਰਟੀ ਪਰਚਾਰਕਾਂ ਤੇ ਬੁਲਾਰਿਆਂ ਨੂੰ ਸਰਮਾਏਦਾਰ ਅਖ਼ਬਾਰਾਂ ਦੇ ਉਹਨਾਂ ਅਖ਼ਬਾਰਾਂ ਦੇ ਘਿਰਣਾਮਈ ਝੂਠਾਂ ਦੀ ਨਿਖੇਧੀ ਕਰਨੀ ਚਾਹੀਦੀ ਹੈ ਜੋ ਸਰਮਾਏਦਾਰਾਂ ਦੀ ਇਹ ਕਹਿ ਕੇ ਹਮਾਇਤ ਕਰ ਰਹੇ ਹਨ ਕਿ ਅਸੀਂ **ਗ੍ਰਹਿ-ਯੁੱਧ** ਦੀ ਧਮਕੀ ਦੇ ਰਹੇ ਹਾਂ। ਇਹ ਇਕ ਘਿਰਣਾਮਈ ਝੂਠ ਹੈ, ਕਿਉਂ ਜੋ ਕੇਵਲ ਵਰਤਮਾਨ ਘੜੀ ਜਦੋਂ ਤਕ ਸਰਮਾਏਦਾਰ ਤੇ ਉਹਨਾਂ ਦੀ ਸਰਕਾਰ ਜਨਸਮੂਹਾਂ ਵਿਰੁੱਧ ਤਾਕਤ ਦੀ ਵਰਤੋਂ ਨਹੀਂ ਕਰਦੀ ਤੇ ਕਰਨ ਦੀ ਜੁੱਰਅਤ ਨਹੀਂ ਕਰਦੀ, ਜਦੋਂ ਤਕ ਸਿਪਾਹੀਆਂ ਦੇ ਮਜ਼ਦੂਰਾਂ ਦੇ ਸਮੂਹ ਆਪਣੀ ਰਾਏ ਖੁਲ੍ਹ ਕੇ ਪ੍ਰਗਟ ਕਰ ਰਹੇ ਹਨ ਅਤੇ ਆਜ਼ਾਦਾਨਾ ਤੌਰ ਤੇ ਸਾਰੇ ਅਧਿਕਾਰਤ ਅਦਾਰੇ ਚੁਣ ਰਹੇ ਹਨ ਤੇ ਹਟਾ ਰਹੇ ਹਨ। **ਅਜਿਹੀ ਘੜੀ** ਗ੍ਰਹਿ-ਯੁੱਧ ਦਾ ਕੋਈ ਵੀ **ਵਿਚਾਰ ਫ਼ਜ਼ੂਲ, ਸਿੱਧੜ ਤੇ ਉਟ ਪਟਾਂਗ ਗੱਲ ਹੋਵੇਗੀ**; ਅਜਿਹੀ ਘੜੀ **ਵਸੋਂ ਦੀ ਬਹੁ ਗਿਣਤੀ ਦੀ ਮਰਜ਼ੀ ਨੂੰ ਪੂਰਨਾ ਚਾਹੀਦਾ ਹੈ** ਅਤੇ ਵਿਰੋਧੀ ਘੱਟ ਗਿਣਤੀ ਵਲੋਂ ਇਸ ਮਰਜੀ ਦੀ ਖੁਲ੍ਹੀ ਨੁਕਤਾਚੀਨੀ ਹੋਣੀ ਚਾਹੀਦੀ ਹੈ; ਜੇ ਹਿੰਸਾ ਦੀ ਵਰਤੋਂ ਹੋਈ ਤਾਂ ਇਸ ਦੀ ਜ਼ਿੰਮੇਵਾਰੀ ਆਰਜ਼ੀ ਸਰਕਾਰ ਤੇ ਉਸ ਦੇ ਹਮਾਇਤੀਆਂ ਦੇ ਸਿਰ ਆਵੇਗੀ।

(2.) ਗ੍ਰਹਿ-ਯੁੱਧ ਵਿਰੁੱਧ ਆਪਣੇ ਚੀਕ ਚਿਹਾੜੇ ਰਾਹੀਂ ਸਰਮਾਏਦਾਰਾਂ ਦੀ ਸਰਕਾਰ ਅਤੇ ਉਸ ਦੇ ਅਖ਼ਬਾਰ ਸਰਮਾਏਦਾਰਾਂ ਵਲੋਂ ਜਿਹੜੇ ਲੋਕਾਂ ਦੀ ਨਿਗੂਣੀ ਜਿਹੀ ਘੱਟ ਗਿਣਤੀ ਹਨ, ਬਹੁ-ਗਿਣਤੀ ਦੀ ਮਰਜ਼ੀ ਦੇ ਅੱਗੇ ਸਿਰ ਨਿਵਾਉਣ ਤੋਂ ਜੱਕੋ ਤੱਕੀ ਨੂੰ ਲੁਕਾਉਣ ਦਾ ਕੇਵਲ ਯਤਨ ਕਰ ਰਹੇ ਹਨ।

(3) ਪੀਤਰੋਗਰਾਦ ਵਿਚ, ਜਿਥੇ ਇਸ ਸਮੇਂ ਸਿਪਾਹੀਆਂ ਦੀ ਇਕ ਅਤਿਅਧਕ ਵੱਡੀ ਗਿਣਤੀ ਹੈ, ਜਿਹੜੇ ਕਿਸਾਨਾਂ ਦੀ ਭਾਵਨਾ ਤੋਂ ਜਾਣੂ ਹਨ ਤੇ ਸਹੀ ਤੌਰ ਤੇ ਉਸ ਨੂੰ ਪਰਗਟ ਕਰਦੇ ਹਨ, ਵਸੋਂ ਦੀ ਬਹੁ-ਗਿਣਤੀ ਦੀ ਮਰਜ਼ੀ ਨੂੰ ਸਮਝਣ ਲਈ ਪੀਤਰੋਗਰਾਦ ਨੇ ਸਾਰੇ ਜ਼ਿਲ੍ਹਿਆਂ ਵਿਚ ਤੇ ਇਸ ਦੀਆਂ ਬਾਹਰਲੀਆਂ ਬਸਤੀਆਂ ਵਿਚ ਇਕ ਜਨਤਕ ਵੋਟ ਦਾ ਪਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਹ ਪਤਾ ਲਾਇਆ ਜਾਵੇ ਕਿ ਸਰਕਾਰ ਦੀ ਲਿਖਤੀ ਸੂਚਨਾ ਪ੍ਰਤੀ ਕੀ ਵਤੀਰਾ ਹੈ, ਵੱਖ ਵੱਖ ਪਾਰਟੀਆਂ ਨੂੰ ਕਿਹੜੀ ਹਮਾਇਤ ਪਰਾਪਤ ਹੈ ਤੇ ਕਿਹੋ ਜਿਹੀ ਆਰਜ਼ੀ ਸਰਕਾਰ ਚਾਹੀਦੀ ਹੈ।

(4) ਸਾਰੇ ਪਾਰਟੀ ਪਰਚਾਰਕਾਂ ਨੂੰ ਇਹਨਾਂ ਵਿਚਾਰਾਂ ਤੇ ਇਸ ਤਜਵੀਜ਼ ਦਾ ਪਰਚਾਰ ਫੈਕਟਰੀਆਂ ਵਿਚ, ਫ਼ੌਜੀ ਰਜਮੈਂਟਾਂ ਵਿਚ, ਗਲੀਆਂ ਬਾਜ਼ਾਰਾਂ ਵਿਚ **ਸ਼ਾਂਤਮਈ** ਵਿਚਾਰ-ਵਟਾਂਦਰੇ ਰਾਹੀਂ ਤੇ ਸ਼ਾਂਤਮਈ ਮੁਜ਼ਾਹਰਿਆਂ ਰਾਹੀਂ ਅਤੇ ਹਰ ਥਾਂ ਤੇ ਮੀਟਿੰਗਾਂ ਰਾਹੀਂ ਕਰਨਾ ਚਾਹੀਦਾ ਹੈ; ਸਾਨੂੰ ਫੈਕਟਰੀਆਂ ਤੇ ਰਜਮੈਂਟਾਂ ਵਿਚ ਨਿਸਬਤ ਵੋਟਾਂ ਦਾ ਪਰਬੰਧ ਕਰਨ ਦਾ ਯਤਨ ਇਹ ਧਿਆਨ ਵਿਚ ਰਖਦਿਆ ਕਰਨਾ ਚਾਹੀਦਾ ਹੈ ਕਿ ਅਮਨ ਚੈਨ ਤੇ ਸਾਥੀਆਂ ਵਾਲੇ ਡਸਿਪਲਨ ਦੀ ਕਰੜਾਈ ਨਾਲ ਪਾਲਣਾ ਕੀਤੀ ਜਾਵੇ।

(5) ਪਾਰਟੀ ਪਰਚਾਰਕਾਂ ਨੂੰ ਸਰਮਾਏਦਾਰਾਂ[1] ਵਲੋਂ ਫੈਲਾਈ ਜਾ ਰਹੀ ਇਸ ਘਿਰਣਤ ਤੁਹਮਤ ਵਿਰੁੱਧ ਵਾਰ ਵਾਰ ਰੋਸ ਪਰਗਟ ਕਰਨਾ ਚਾਹੀਦਾ ਹੈ ਕਿ ਸਾਡੀ ਪਾਰਟੀ ਜਰਮਨੀ ਨਾਲ ਇਕ ਵੱਖਰੇ ਅਮਨ ਦੇ ਹੱਕ ਵਿਚ ਹੈ। ਅਸੀਂ ਵਿਲਹੇਲਮ II ਨੂੰ ਨਿਕੋਲਸ II ਵਰਗਾ ਇਕ ਤਾਜਦਾਰ ਲੁਟੇਰਾ ਸਮਝਦੇ ਹਾ ਅਤੇ ਜਰਮਨ ਗੁਚਕੋਵਾਂ ਨੂੰ ਭਾਵ, ਜਰਮਨ ਸਰਮਾਏਦਾਰਾਂ ਨੂੰ ਰੂਸੀ, ਅੰਗਰੇਜ਼ ਤੇ ਹੋਰ ਸਰਮਾਏਦਾਰਾਂ ਵਾਂਗ ਬਦੇਸ਼ੀ ਇਲਾਕੇ ਹਥਿਆਉਣ ਵਾਲੇ, ਲੁਟੇਰੇ ਤੇ ਸਾਮਰਾਜੀ ਸਮਝਦੇ ਹਾ। ਅਸੀਂ ਸਰਮਾਏਦਾਰਾ ਨਾਲ ਗੱਲਬਾਤ ਕਰਨ ਦੇ **ਵਿਰੁੱਧ ਹਾਂ**, ਅਸੀਂ **ਸਾਰੇ ਦੇਸ਼ਾਂ ਦੇ ਇਨਕਲਾਬੀ ਮਜ਼ਦੂਰਾਂ ਤੇ ਸਿਪਾਹੀਆਂ ਨਾਲ** ਗੱਲਬਾਤ ਕਰਨ ਦੇ ਭਰੱਪਣ ਜਤਾਉਣ ਦੇ ਹੱਕ ਵਿਚ ਹਾਂ। ਅਸੀਂ ਇਸ ਕਾਰਨ ਦੇ ਕਾਇਲ ਹਾ ਕਿ ਕਿਉਂ ਜੋ ਗੁਚਕੋਵ-ਮਿਲਿਯੁਕੋਵ ਸਰਕਾਰ ਸਥਿਤੀ ਨੂੰ ਕਿਉਂ ਵਿਗਾੜ ਰਹੀ ਹੈ, ਕਿਉਂ ਜੋ ਉਹ ਜਾਣਦੀ ਹੈ ਕਿ ਇਹ ਇਨਕਲਾਬ ਸਾਰੇ ਦੇਸ਼ਾਂ ਦੇ ਸਰਮਾਏਦਾਰਾ ਲਈ ਇਕ ਕਰਾਰੀ ਸੱਟ ਸਿੱਧ ਹੋਵੇਗਾ।

(6) ਜਦੋਂ ਆਰਜ਼ੀ ਸਰਕਾਰ ਨਿਪਟ ਤੇ ਨਾ ਟਾਲੀ ਜਾਣ ਵਾਲੀ ਆਰਥਕ ਗੜਬੜ ਬਾਰੇ ਅਫ਼ਵਾਹਾਂ ਫੈਲਾਉਂਦੀ ਹੈ, ਇਹ ਨਾ ਕੇਵਲ ਲੋਕਾ ਨੂੰ ਇਕ ਆਰਜ਼ੀ ਸਰਕਾਰ ਦੇ ਹੱਥਾ ਵਿਚ ਸੱਤਾ ਲਈ ਰੱਖਣ ਬਾਰੇ ਡਰਾਉਣ ਦਾ ਯਤਨ ਕਰ ਰਹੀ ਹੈ, ਸਗੋਂ ਇਸ ਡੂੰਘੇ ਤੇ ਸ਼ੰਕਾ-ਰਹਿਤ ਸੱਚ ਨੂੰ ਵੀ ਅਸਪੱਸ਼ਟ ਤੌਰ ਤੇ ਘਬਰਾਹਟ ਵਿਚ ਪਰਗਟ ਕਰ ਰਹੀ ਹੈ ਕਿ ਸੰਸਾਰ ਦੀਆਂ **ਸਾਰੀਆਂ** ਕੌਮਾਂ ਇਕ ਅੰਨ੍ਹੀ ਗਲੀ ਵੱਲ ਲਿਜਾਈਆਂ ਜਾ ਰਹੀਆਂ ਹਨ ਕਿ ਸਰਮਾਏਦਾਰਾਂ ਦੇ ਹਿੱਤ ਵਿਚ ਛੇੜੀ ਗਈ ਜੰਗ ਨੇ ਉਹਨਾ ਨੂੰ ਤਬਾਹੀ ਦੀ ਦੰਦੀ ਉਤੇ ਲੈ ਆਂਦਾ ਹੈ, ਅਤੇ ਕਿ ਅਸਲ ਵਿਚ ਇਸ ਤੋਂ ਬਚਣ ਦਾ ਇਸ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਕਿ ਸੱਤਾ ਨੂੰ ਇਨਕਲਾਬੀ ਜਮਾਤ, ਭਾਵ, ਇਨਕਲਾਬੀ ਪਰੋਲੇਤਾਰੀਏ ਦੇ, ਹੱਥਾ ਵਿਚ ਤਬਦੀਲ ਕਰ ਦਿੱਤਾ ਜਾਵੇ ਜੋ ਇਨਕਲਾਬੀ ਕਦਮ ਪੁੱਟਣ ਦੇ ਯੋਗ ਹੈ।

ਜੇ ਦੇਸ਼ ਵਿਚ ਅਨਾਜ ਦੇ ਕਈ ਭੰਡਾਰ ਹਨ ਤਾਂ ਸਿਪਾਹੀਆਂ ਤੇ ਮਜ਼ਦੂਰਾਂ ਦੀ ਸਰਕਾਰ ਜਾਣ ਜਾਵੇਗੀ ਕਿ ਉਹਨਾਂ ਨੂੰ ਕਿਵੇਂ ਵੰਡਣਾ ਹੈ। ਪਰ ਜੇ ਸਰਮਾਏਦਾਰ ਜੰਗ ਨੇ ਆਰਥਕ ਤਬਾਹੀ ਨੂੰ ਉਸ ਪੜਾਅ ਤੇ ਲੈ ਆਂਦਾ ਹੈ, ਜਿਥੇਂ ਰੋਟੀ ਉੱਕਾ ਹੈ ਹੀ ਨਹੀਂ, ਸਰਮਾਏਦਾਰ ਸਰਕਾਰ ਲੋਕਾਂ

ਦੀ ਹਾਲਤ ਸੁਧਾਰਨ ਦੀ ਥਾਂ ਹੋਰ ਵਿਗਾੜੇਗੀ।

(7) ਅਸੀਂ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਦੇ, ਨਰੋਦਨਿਕ ਤੇ ਮੈਨਸ਼ਵਿਕ ਪਾਰਟੀਆਂ ਦੇ ਆਗੂਆਂ ਦੀ ਵਰਤਮਾਨ ਬਹੁਗਿਣਤੀ ਦੀ ਨੀਤੀ ਨੂੰ ਬਹੁਤ ਹੀ ਗ਼ਲਤ ਸਮਝਦੇ ਹਾਂ, ਕਿਉਂ ਜੋ ਆਰਜ਼ੀ ਸਰਕਾਰ ਵਿਚ ਵਿਸ਼ਵਾਸ, ਇਸ ਨਾਲ ਸਮਝੌਤਾ ਕਰਨ ਦੇ ਯਤਨ, ਤਰਮੀਮਾਂ ਉੱਤੇ ਲੈਣ ਦੇਣ ਆਦਿ ਦਾ ਅਸਲ ਵਿਚ ਅਰਥ ਕਾਗ਼ਜ਼ ਦੇ ਕਿੰਨੇ ਹੀ ਬੇਅਰਥ ਢੇਰ ਹੋਣਗੇ ਤੇ ਫ਼ਜ਼ੂਲ ਦੇਰ ਹੋਵੇਗੀ; ਅਤੇ ਇਸ ਤੋਂ ਉਪਰੰਤ ਇਹ ਨੀਤੀ ਇਕ ਪਾਸੇ ਸੋਵੀਅਤਾਂ ਦੀ ਮਰਜ਼ੀ ਅਤੇ ਦੂਜੇ ਪਾਸੇ ਮੋਰਚੇ ਓਹਲੇ ਤੇ ਪੀਤਰੋਗਰਾਦ ਵਿਚਲੇ ਇਨਕਲਾਬੀ ਸਿਪਾਹੀਆਂ ਦੀ ਅਤੇ ਮਜ਼ਦੂਰਾਂ ਦੀ ਬਹੁ-ਗਿਣਤੀ ਦੀ ਮਰਜ਼ੀ ਵਿਚਾਲੇ ਇਕ ਪਾੜਾ ਪਾਉਣ ਦਾ ਖ਼ਤਰਾ ਪੈਦਾ ਕਰਦੀ ਹੈ।

(8) ਅਸੀਂ ਉਹਨਾਂ ਮਜ਼ਦੂਰਾਂ ਤੇ ਸਿਪਾਹੀਆਂ ਨੂੰ ਜਿਹੜੇ ਇਹ ਸਮਝਦੇ ਹਨ ਕਿ ਸੋਵੀਅਤਾਂ ਨੂੰ ਆਪਣੀ ਨੀਤੀ ਬਦਲਣੀ ਚਾਹੀਦੀ ਹੈ ਅਤੇ ਆਰਜ਼ੀ ਸਰਕਾਰ ਵਿਚ ਵਿਸ਼ਵਾਸ ਦੀ ਤੇ ਉਸ ਨਾਲ ਸਮਝੌਤਾ ਕਰਨ ਦੀ ਨੀਤੀ ਨੂੰ ਤਿਆਗਣਾ ਚਾਹੀਦਾ ਹੈ, ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਦੀਆਂ ਨਵੀਆਂ ਚੋਣਾਂ ਕਰਨ ਦਾ ਅਤੇ ਇਸ ਅਦਾਰੇ ਵਿਚ ਕੇਵਲ ਅਜਿਹੇ ਲੋਕ ਭੇਜਣ ਦਾ ਸੱਦਾ ਦੇਂਦੇ ਹਾਂ ਜੋ ਬਹੁ-ਗਿਣਤੀ ਦੀ ਅਸਲ ਮਰਜ਼ੀ ਅਨੁਸਾਰ ਆਪਣੀ ਬਿਲਕੁਲ ਨਿਸਚਿਤ ਰਾਏ ਉਤੇ ਮਜ਼ਬੂਤੀ ਨਾਲ ਪੱਕੇ ਰਹਿਣਗੇ।

ਪਰਾਵਦਾ ਨੰਬਰ 38
*5 ਮਈ (22 ਅਪਰੈਲ), 1917*

# ਸੁਹਿਰਦ ਰੱਖਿਆਵਾਦ ਦਾ ਪਰਦਾ ਫਾਸ਼

ਪਿਛਲੇ ਕੁਝ ਦਿਨਾਂ ਦੇ ਦੌਰਾਨ, ਵਿਸ਼ੇਸ਼ ਤੌਰ ਤੇ ਕਲ੍ਹ ਦੀਆਂ ਪੀਤਰੋਗਰਾਦ ਵਿਚਲੀਆਂ ਘਟ-ਨਾਵਾਂ ਦੇ ਦਰਸਾਇਆ ਹੈ ਕਿ ਅਸਲ ਸਮੂਹ ਦੇ "ਸੁਹਿਰਦ" ਰੱਖਿਆਵਾਦ ਨੂੰ ਆਗੂਆਂ ਤੇ ਪਾਰਟੀ ਦੇ ਰੱਖਿਆਵਾਦ ਤੋਂ ਵੱਖਰਾ ਰਹਿਣ ਵਿਚ ਅਸੀਂ ਕਿਤਨੇ ਸਹੀ ਸਾਂ।

ਵਸੋਂ ਦਾ ਸਮੂਹ ਪਰਲੋਤਾਰੀਆ, ਅਰਧ-ਪਰਲੋਤਾਰੀਆ, ਤੇ ਗਰੀਬ ਕਿਸਾਨਾਂ ਦਾ ਹੈ। ਉਹ ਕੌਮ ਦੀ ਵਿਸ਼ਾਲ ਬਹੁ-ਗਿਣਤੀ ਹਨ। ਇਹ ਜਮਾਤਾਂ ਬਦੇਸ਼ੀ ਇਲਾਕੇ ਹਥਿਆਉਣ ਦੇ ਉਕਾ ਹੱਕ ਵਿਚ ਨਹੀਂ ਹਨ। ਸਾਮਰਾਜੀ ਨੀਤੀਆਂ, ਬੈਂਕਾਂ ਦੇ ਸਰਮਾਏ ਤੋਂ ਮੁਨਾਫ਼ੇ, ਪਰਸ਼ੀਆ ਵਿਚ ਰੇਲਾਂ ਤੋਂ ਆਮਦਨੀਆਂ, ਗਾਲੀਸ਼ੀਆ ਤੇ ਆਰਮੀਨੀਆ ਵਿਚ ਲਾਹੇਵੰਦ ਕੰਮ; ਫਿਨਲੈਂਡ ਦੀ ਆਜ਼ਾਦੀ ਉਤੇ ਪਾਬੰਦੀ—ਇਹਨਾਂ ਸਾਰੀਆਂ ਚੀਜ਼ਾਂ ਵਿਚ ਇਹ ਜਮਾਤਾਂ ਦੀ ਕੋਈ ਦਿਲ-ਚਸਪੀ ਨਹੀਂ ਹੈ।

ਪਰ ਇਹ ਸਾਰੀਆਂ ਚੀਜ਼ਾਂ ਮਿਲ ਕੇ, ਜਿਵੇਂ ਕਿ ਵਿਗਿਆਨ ਤੇ ਪਰੈਸ ਵਿਚ ਜਾਣਿਆਂ ਜਾਂਦਾ ਹੈ, ਇਕ ਸਾਮਰਾਜੀ ਬਦੇਸ਼ੀ ਇਲਾਕੇ ਹਥਿਆਉਣ ਵਾਲੀ ਲੋਟੂ ਨੀਤੀ ਬਣ ਜਾਂਦੀਆਂ ਹਨ।

ਮਾਮਲੇ ਦੀ ਘੁੰਡੀ ਇਹ ਹੈ ਕਿ ਗੂਚਕੋਵ, ਮਿਲਿਯੂਕੋਵ ਤੇ ਲਵੋਵ—ਭਲੇ ਇਹ ਸਾਰੇ ਉਚਤਮਤਾ, ਨਿਸ਼ਕਾਮਤਾ ਦੇ ਨਮੂਨੇ ਹੋਣ ਅਤੇ ਆਪਣੇ ਅਨੁਆਈ ਦੇ ਪਿਆਰੇ ਹੋਣ—ਸਰਮਾਏ ਦਾਰ ਜਮਾਤ ਦੇ ਬੁਲਾਰੇ, ਆਗੂ ਤੇ ਚੁਣੇ ਹੋਏ ਪ੍ਰਤੀਨਿਧ ਹਨ। ਸਰਮਾਏਦਾਰ ਜਮਾਤ, ਜਿਸ ਦੇ ਲੋਟੂ, ਬਦੇਸ਼ੀ ਇਲਾਕੇ ਹਥਿਆਉਣ ਵਾਲੀ ਨੀਤੀ ਵਿਚ ਸੁਆਰਥੀ ਹਿਤ ਹਨ, ਇਸ ਜਮਾਤ ਨੇ ਖਰਬਾਂ "ਜੰਗ ਵਿਚ" ਲਾਏ ਹਨ ਅਤੇ "ਜੰਗ ਵਿਚੋਂ" ਅਤੇ ਹਥਿਆਏ ਬਦੇਸ਼ੀ ਇਲਾਕਿਆਂ ਵਿਚੋਂ ਕਰੋੜਾਂ ਕਮਾ ਰਹੀ ਹੈ

ਇਹ ਵਿਸ਼ਵਾਸ ਕਰਨਾ ਕਿ ਸਰਮਾਏਦਾਰ ਜਮਾਤ "ਆਪਣੇ ਆਪ ਨੂੰ ਸੁਧਾਰ ਲਏਗੀ", ਇਕ ਸਰਮਾਏਦਾਰ ਜਮਾਤ ਨਹੀਂ ਰਹੇਗੀ, ਆਪਣੇ ਮੁਨਾਫ਼ੇ ਤਿਆਗ ਦਏਗੀ, ਇਕ ਮੂੜ੍ਹ ਆਸ ਹੈ, ਇਕ ਫ਼ਜ਼ੂਲ ਸੁਪਨਾ ਹੈ, ਅਤੇ ਅਸਲ ਵਿਚ ਲੋਕਾਂ ਨਾਲ ਛਲ ਹੈ। ਕੇਵਲ ਨਿਕ-ਬੁਰਜੂਆ ਸਿਆਸਤਦਾਨ, ਜੋ ਸਰਮਾਏਦਾਰ ਤੇ ਪਰੋਲੇਤਾਰੀ ਨੀਤੀ ਵਿਚਾਲੇ ਡਿਕੋਡੋਲੇ ਖਾ ਰਹੇ ਹਨ, ਅਜਿਹੀਆਂ ਮੂੜ੍ਹ ਆਸਾਂ ਰਖ ਸਕਦੇ ਹਨ ਤੇ ਉਹਨਾਂ ਨੂੰ ਉਤਸ਼ਾਹਤ ਕਰ ਸਕਦੇ ਹਨ। ਇਸ

ਗੱਲ ਵਿਚ ਨਰੋਦਨਿਕ ਤੇ ਮੈਨਸ਼ਵਿਕ ਪਾਰਟੀ ਦੇ ਆਗੂਆਂ, ਚਖੀਦਜ਼ੇ ਤਸੇਰੇਤੇਲੀ ਚੇਰਨੋਵ ਤੇ ਹੋਰਾਂ ਦੀ ਗਲਤੀ ਸਬਿਤ ਹੈ।

ਰੱਖਿਆਵਾਦ ਦੇ ਸਮੂਹ ਪ੍ਰਤੀਨਿਧ ਰਾਜਨੀਤੀ ਵਿਚ ਸਿਆਣੇ ਨਹੀਂ ਹਨ। ਉਹ ਕਿਤਾਬਾਂ ਤੋਂ ਡੂਮਾ ਵਿਚ ਸ਼ਮੂਲੀਅਤ ਤੋਂ, ਜਾਂ ਰਾਜਨੀਤੀ ਵਿਚ ਰੁਲੇ ਲੋਕਾ ਦੀ ਨੇੜਵੀਂ ਘੋਖ ਤੋਂ ਰਾਜਨੀਤੀ ਲਿਖਣ ਦੇ ਯੋਗ ਨਹੀਂ ਹੋਏ ਹਨ।

ਰੱਖਿਆਵਾਦ ਦੇ ਸਮੂਹ ਪ੍ਰਤੀਨਿਧ ਅਜੇ ਵੀ ਇਹ ਨਹੀਂ ਜਾਣਦੇ ਕਿ ਜੰਗਾਂ ਸਰਕਾਰਾਂ ਛੇੜਦੀਆ ਹਨ ਕਿ ਸਰਕਾਰਾਂ ਖ਼ਾਸ ਜਮਾਤਾਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ, ਕਿ ਵਰਤਮਾਨ ਜੰਗ ਦੋਹਾਂ ਲੜ ਰਹੇ ਧੜਿਆਂ ਵਲੋਂ ਸਰਮਾਏਦਾਰਾਂ ਰਾਹੀਂ ਸਰਮਾਏਦਾਰਾ ਦੇ ਲੋਟੂ ਹਿਤਾਂ ਵਿਚ ਤੇ ਲੋਟੂ ਮੰਤਵਾ ਲਈ ਛੇੜੀ ਗਈ ਹੈ।

ਇਸ ਤੋਂ ਅਨਜਾਣ ਹੋਣ ਕਾਰਨ ਰੱਖਿਆਵਾਦ ਦੇ ਸਮੂਹ ਪ੍ਰਤੀਨਿਧ ਬਿਲਕੁਲ ਸਾਧਾਰਨ ਦਲੀਲ ਦੇਂਦੇ ਹਨ : ਅਸੀਂ ਬਦੇਸ਼ੀ ਇਲਾਕੇ ਨਹੀਂ ਹਥਿਆਉਣਾ ਚਾਹੁੰਦੇ, ਅਸੀਂ ਇਕ ਜਨਵਾਦੀ ਅਮਨ ਦੀ ਮੰਗ ਕਰਦੇ ਹਾਂ, ਅਸੀਂ ਕਾਨਸਟੈਂਟੀਨੋਪਲ ਲਈ, ਪਰਸੀਆ ਨੂੰ ਹਰਾਉਣ ਲਈ, ਤੁਰਕੀ ਨੂੰ ਲੁੱਟਣ ਲਈ ਨਹੀਂ ਲੜਨਾ ਚਾਹੁੰਦੇ ਤੇ ਇਤਿਆਦ; ਅਸੀਂ "ਮੰਗ ਕਰਦੇ ਹਾਂ" ਕਿ ਆਰਜ਼ੀ ਸਰਕਾਰ ਨੂੰ ਬਦੇਸੀ ਇਲਾਕੇ ਹਥਿਆਉਣ ਦੀ ਨੀਤੀ ਤਜ ਦੇਣੀ ਚਾਹੀਦੀ ਹੈ।

ਰੱਖਿਆਵਾਦ ਦੇ ਸਮੂਹ ਪ੍ਰਤੀਨਿਧ ਇਹ ਇੱਛਾ ਕਰਨ ਵਿਚ ਵਿਅਕਤੀ ਵਜੋਂ ਨਹੀਂ ਸਗੋਂ ਜਮਾਤੀ ਭਾਵਨਾ ਵਿਚ **ਸੁਹਿਰਦ** ਹਨ ਕਿਉਂ ਜੋ ਉਹ ਉਹਨਾਂ ਜਮਾਤਾ ਬਾਰੇ ਗੱਲ ਕਰਦੇ ਹਨ ਜੋ ਬਦੇਸੀ ਇਲਾਕੇ ਹਥਿਆਉਣ ਵਿਚ **ਦਿਲਚਸਪੀ** ਨਹੀਂ ਰਖਦੇ । ਪਰ ਜਿਹੜੀ ਗੱਲ ਜਨਸਮੂਹਾਂ ਦੇ ਇਹ ਪ੍ਰਤੀਨਿਧ ਨਹੀਂ ਜਾਣਦੇ ਉਹ ਇਹ ਹੈ ਕਿ ਸਰਮਾਏਦਾਰ ਤੇ ਉਹਨਾ ਦੀ ਸਰਕਾਰ ਹੋ ਸਕਦਾ ਹੈ ਬਦੇਸੀ ਇਲਾਕੇ ਹਥਿਆਉਣ ਦੀ ਨੀਤੀ ਨੂੰ ਸ਼ਬਦਾ ਵਿਚ ਤਿਆਗ ਦੇਵੇ, ਲਾਰੇ ਲੱਪੇ ਲਾਵੇ, ਜਬਾਨੀ ਕਲਾਮੀ ਗੱਲਾ ਕਰੇ, ਪਰ **ਅਸਲ ਵਿਚ** ਉਹ ਬਦੇਸੀ ਇਲਾਕੇ ਹਥਿਆਉਣ ਦੇ ਵਿਚਾਰ ਨੂੰ ਤੱਜ ਨਹੀਂ ਸਕਦੇ।

ਇਸੇ ਲਈ ਰੱਖਿਆਵਾਦ ਦੇ ਸਮੂਹ ਪ੍ਰਤੀਨਿਧ ਆਰਜੀ ਸਰਕਾਰ ਦੀ 18 ਅਪਰੈਲ ਦੀ ਲਿਖਤੀ ਸੂਚਨਾ ਤੋਂ ਇਤਨੇ ਪਰੇਸਾਨ ਹੋਏ।

ਰਾਜਨੀਤੀ ਤੋਂ ਜਾਣੂ ਲੋਕ ਲਿਖਤੀ ਸੂਚਨਾ ਤੋਂ ਹੈਰਾਨ ਨਹੀਂ ਸਨ ਹੋ ਸਕਦੇ ਕਿਉਂ ਜੋ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਦੋਂ ਸਰਮਾਏਦਾਰ "ਬਦੇਸੀ ਇਲਾਕਿਆ ਨੂੰ ਹਥਿਆਉਣਾ ਤਿਆਗਣ" ਦੀ ਗੱਲ ਕਰਦੇ ਹਨ ਤਾਂ ਅਸਲ ਵਿਚ ਉਹਨਾ ਦਾ ਇਹ ਅਰਥ ਨਹੀਂ ਹੁੰਦਾ। ਇਹ ਮਹਿਜ ਇਕ ਆਮ ਚਲਾਕੀ ਹੈ ਤੇ ਡਿਪਲੋਮੈਟਾਂ ਦੀ ਲੱਫਾਜੀ ਹੈ।

ਪਰ ਰੱਖਿਆਵਾਦ ਦੇ "ਸੁਹਿਰਦ" ਸਮੂਹ ਪ੍ਰਤੀਨਿਧ ਹੈਰਾਨ ਹੋਏ, ਦੁਖੀ ਹੋਏ ਤੇ ਗੁੱਸੇ ਵਿਚ ਲਾਲ ਪੀਲੇ ਹੋਏ। ਉਹਨਾਂ ਮਹਿਸੂਸ ਕੀਤਾ ਕਿ ਉਹ ਇਸ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਨ ਸਕੇ, ਪਰ ਉਹਨਾ ਨੇ ਇਹ ਮਹਿਸੂਸ ਕੀਤਾ ਕਿ ਉਹਨਾ ਨਾਲ ਧੋਖਾ ਕੀਤਾ ਗਿਆ ਹੈ।

ਇਹ ਸੰਕਟ ਦਾ ਤੱਤ ਹੈ ਅਤੇ ਇਸ ਨੂੰ ਵਿਅਕਤੀਆਂ ਤੇ ਪਾਰਟੀਆਂ ਦੀਆਂ ਰਾਵਾਂ, ਆਸਾਂ ਤੇ ਅਨੁਮਾਨਾ ਤੋਂ ਸਪੱਸਟ ਤੋਰ ਤੇ ਵਖਰਿਆਉਣਾ ਚਾਹੀਦਾ ਹੈ।

ਥੋੜ੍ਹੇ ਸਮੇਂ ਲਈ ਇਸ ਸੰਕਟ ਨੂੰ ਇਕ ਨਵੇਂ ਐਲਾਨ ਨਾਲ, ਇਕ ਨਵੀਂ ਲਿਖਤੀ ਸੂਚਨਾ ਨਾਲ (ਇਹ ਹੈ ਜਿਸ ਬਾਰੇ ਇਕ ਪਾਸੇ ਮਿਸਟਰ ਪਲੈਖਾਨੋਵ ਨੇ ਯੇਦੀਨਸਤਵੋ ਵਿਚ ਸਲਾਹ ਦੇਂਦਾ ਹੈ ਅਤੇ ਜੋ ਮਿਲਿਯੂਕੋਵ ਤੇ ਕੰਪਨੀ ਦੀਆਂ ਲਾਲਸਾਵਾਂ ਹਨ, ਅਤੇ ਦੂਜੇ

ਪਾਸੇ ਚਖੀਦਜ਼ੇ ਤੇ ਤਸੇਰੇਤੇਲੀ ਦੀਆਂ ਵੀ—ਟਾਲਣਾ, ਨਵੇਂ ਇਕਰਾਰ ਰਾਹੀਂ ਝਗੜਿਆਂ ਨੂੰ ਮੂੰਹ ਨਾਲ ਮੇਲਣਾ ਨਿਰਸੰਦੇਹ ਸੰਭਵ ਹੈ, ਪਰ ਇਹ ਨੁਕਸਾਨ ਨਾ ਪਹੁੰਚਾਉਣ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਕਰੇਗਾ। ਇਕ ਨਵੇਂ ਇਕਰਾਰ ਦਾ ਅਟੱਲ ਤੌਰ ਤੇ ਅਰਥ ਜਨਸਮੂਹ ਨਾਲ ਇਕ ਹੋਰ ਛਲ ਹੋਵੇਗਾ; ਇਸ ਲਈ ਗੁੱਸੇ ਦਾ ਇਕ ਤੂਫ਼ਾਨ ਉਠੇਗਾ ਅਤੇ ਅਜਿਹੇ ਗੁੱਸੇ ਨੂੰ ਇਕ ਸੂਝਵਾਨ ਸੇਧ ਨਾ ਦਿਤੀ ਜਾਵੇ ਤਾਂ ਹੋ ਸਕਦਾ ਹੈ ਇਹ ਹਾਨੀਕਾਰਕ ਸਿੱਧ ਹੋਵੇ।

ਜਨਸਮੂਹ ਨੂੰ ਸਾਰੀ ਸਚਾਈ ਦਸਣੀ ਚਾਹੀਦੀ ਹੈ। ਸਰਮਾਏਦਾਰਾਂ ਦੀ ਸਰਕਾਰ ਬਦੇਸ਼ੀ ਇਲਾਕੇ ਹਥਿਆਉਣੇ ਤਿਆਗ ਨਹੀਂ ਸਕਦੀ; ਇਹ ਆਪਣੀ ਜਿੱਲ੍ਹਣ ਵਿਚ ਫਸ ਗਈ ਹੈ, ਤੇ ਇਸ ਦਾ ਕੋਈ ਬਚਾਅ ਨਹੀਂ ਹੈ। ਉਹ ਮਹਿਸੂਸ ਕਰਦੀ ਹੈ, ਇਹ ਸਮਝਦੀ ਹੈ, ਇਹ ਵੇਖਦੀ ਹੈ ਕਿ ਇਨਕਲਾਬੀ ਕਦਮਾ ਤੋਂ ਬਿਨਾਂ (ਜਿਨ੍ਹਾਂ ਦੇ ਕੇਵਲ ਇਕ ਇਨਕਲਾਬੀ ਜਮਾਤ ਹੀ ਯੋਗ ਹੈ) ਬਚਾਅ ਦਾ ਕੋਈ ਰਾਹ ਨਹੀਂ ਹੈ ਅਤੇ ਇਹ ਦਹਿਸ਼ਤ-ਜ਼ਦਾ ਹੋ ਰਹੀ ਹੈ, ਆਪਣੀ ਸਮਝ ਗਵਾ ਰਹੀ ਹੈ; ਇਹ ਇਕਰਾਰ ਕੋਈ ਕਰਦੀ ਹੈ, ਪਰ ਕਰਦੀ ਕੁਝ ਹੋਰ ਹੈ; ਇਕ ਮਿੰਟ ਇਹ ਜਨਸਮੂਹ ਨੂੰ ਹਿੰਸਾ ਦੀਆਂ ਧਮਕੀਆਂ ਦੇਂਦੀ ਹੈ (ਗੂਚਕੋਵ ਤੇ ਸ਼ਿੰਗਾਰੀਓਵ) ਅਤੇ ਦੂਜੇ ਮਿੰਟ ਇਹ ਸੁਝਾਅ ਦੇਂਦੀ ਹੈ ਕਿ ਸੱਤਾ ਇਸ ਦੇ ਹੱਥਾਂ ਵਿਚੋਂ ਲੈ ਲਈ ਜਾਵੇ।

ਆਰਥਕ ਤਬਾਹੀ, ਸੰਕਟ, ਜੰਗ ਦੀ ਭਿਆਨਕਤਾ, ਇਕ ਅਜਿਹੀ ਉਲਝਣ ਜਿਸ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਹੈ। ਇਹ ਕੁਝ ਹੈ ਜਿਸ ਵਿਚ ਸਰਮਾਏਦਾਰਾਂ ਨੇ ਸਾਰੀਆਂ ਕੌਮਾ ਨੂੰ ਫਸਾ ਦਿਤਾ ਹੈ।

ਨਿਰਸੰਦੇਹ, ਇਸ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਹੈ। ਸਿਵਾਏ ਇਸ ਦੇ ਕਿ ਸੱਤਾ ਇਨਕਲਾਬੀ ਜਮਾਤ ਨੂੰ, ਇਨਕਲਾਬੀ ਪਰੋਲੇਤਾਰੀਆ ਨੂੰ ਸੌਂਪ ਦਿਤੀ ਜਾਵੇ, ਜੋ ਇਕੱਲੀ ਵਸੋਂ ਦੀ ਬਹੁਗਿਣਤੀ ਦੀ ਹਮਾਇਤ ਨਾਲ, ਇਨਕਲਾਬ ਨੂੰ ਸਾਰੇ ਲੜ ਰਹੇ ਦੇਸਾਂ ਵਿਚ ਜਿਤਾਉਣ ਵਿਚ ਮਦਦ ਕਰਨ ਦੇ ਯੋਗ ਹੈ ਮਨੁੱਖਤਾ ਨੂੰ ਸਦੀਵੀ ਅਮਨ ਤੇ ਸਰਮਾਏਦਾਰੀ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਵਲ ਲਿਜਾਣ ਦੇ ਯੋਗ ਹੈ।

ਪਰਾਵਦਾ ਨੰਬਰ 38,
5 ਮਈ (22 ਅਪਰੈਲ), 1917

# ਆਰ. ਐਸ. ਡੀ. ਐਲ. ਪੀ, (ਬਾਲਸ਼ਵਿਕ) ਦੀ ਕੇਂਦਰੀ ਕਮੇਟੀ ਦਾ ਮਤਾ ਜੋ 22 ਅਪਰੈਲ (5 ਮਈ), 1917 ਦੀ ਸਵੇਰ ਨੂੰ ਪਾਸ ਹੋਇਆ

ਰਾਜਸੀ ਸੰਕਟ, ਜਿਹੜਾ 19 ਅਪਰੈਲ ਅਤੇ 21 ਅਪਰੈਲ ਦੇ ਵਿਚਾਲੇ ਵਿਕਸਤ ਹੋਇਆ, ਘਟੋ ਘੱਟ ਇਸ ਦੇ ਮੁੱਢਲੇ ਪੜਾਅ ਵਿਚ ਗੁਜਰ ਗਿਆ ਸਮਝਣਾ ਚਾਹੀਦਾ ਹੈ।

ਨਿਕ-ਬੁਰਜੂਆ ਸਮੂਹ, ਜੋ ਸਰਮਾਏਦਾਰਾ ਨਾਲ ਨਰਾਜ਼ ਸਨ, ਪਹਿਲਾਂ ਉਹਨਾ ਤੋਂ **ਖਿਸਕ ਕੇ** ਮਜ਼ਦੂਰਾਂ ਵਲ ਹੋ ਗਏ, ਪਰ ਦੋ ਦਿਨ ਮਗਰੋਂ ਉਹ ਫਿਰ ਮੈਨਸ਼ਵਿਕ ਤੇ ਨਰੋਦਨਿਕ ਆਗੂਆਂ ਦੇ ਪਿਛੇ ਲਗ ਤੁਰੇ ਜਿਹੜੇ ਸਰਮਾਏਦਾਰਾਂ ਵਿਚ "ਵਿਸਵਾਸ" ਤੇ "ਸਮਝੌਤੇ" ਦੇ ਹੱਕ ਵਿਚ ਸਨ।

ਇਹਨਾ ਆਗੂਆ ਨੇ ਸਮਝੌਤਾ ਕਰ ਲਿਆ, ਪੂਰੀ ਤਰ੍ਹਾਂ ਆਪਣੀਆ ਸਾਰੀਆਂ ਪੁਜ਼ੀਸ਼ਨਾ ਸਰਮਾਏਦਾਰਾ ਦੇ ਹਵਾਲੇ ਕਰ ਦਿੱਤੀਆ। ਆਪਣੇ ਆਪ ਨੂੰ ਉਹਨਾ ਦੇ ਖੋਖਲੇ ਤੇ ਨਿਰੋਲ ਜ਼ਬਾਨੀ ਵਿਚਾਰਾਂ ਨਾਲ ਸੰਤੁਸਟ ਕਰ ਲਿਆ।

ਸੰਕਟ ਦਾ ਖਾਸਾ ਇਹ ਹੈ ਕਿ ਨਿਕ-ਬੁਰਜੂਆ ਸਮੂਹ ਸਰਮਾਏਦਾਰਾ ਵਿਚ ਆਪਣੇ ਉਮਰਾਂ ਪੁਰਾਣੇ ਵਿਸਵਾਸ ਅਤੇ ਉਹਨਾ ਵਿਰੁੱਧ ਆਪਣੀ ਨਰਾਜ਼ਗੀ, ਇਕ ਅਜਿਹੀ ਰੁਚੀ ਜੋ ਇਨ-ਕਲਾਬੀ ਪਰੋਲੇਤਾਰੀ ਵਿਚ ਇਸ ਦੇ ਵਿਸਵਾਸ ਕਰਨ ਦੀ ਪ੍ਰਤੀਕ ਹੈ, ਵਿਚਾਲੇ ਡੋਲ ਰਿਹਾ ਸੀ।

ਸਰਮਾਏਦਾਰ ਜੰਗ ਨੂੰ ਲਮਕਾ ਰਹ ਹਨ ਅਤੇ ਹਕੀਕਤ ਨੂੰ ਲੱਫਾਜੀ ਨਾਲ ਕੱਜ ਰਹੇ ਹਨ। ਕੇਵਲ ਇਨਕਲਾਬੀ ਪਰੋਲੇਤਾਰੀਆ ਇਸ ਦਾ ਖਾਤਮਾ ਕਰ ਸਕਦਾ ਹੈ ਅਤੇ ਮਜ਼ਦੂਰਾ ਦੇ ਅਜਿਹੇ ਸੰਸਾਰ ਇਨਕਲਾਬ ਦੇ ਸਾਧਨਾ ਰਾਹੀਂ, ਜੰਗ ਨੂੰ ਖਤਮ ਕਰਨ ਲਈ ਕੰਮ ਕਰ ਰਿਹਾ ਹੈ, ਜਿਹੜਾ ਇਨਕਲਾਬ ਸਾਡੇ ਦੇਸ ਵਿਚ ਅਵੱਸ਼ ਤੌਰ ਤੇ ਵਧ ਰਿਹਾ ਹੈ, ਜਰਮਨੀ ਵਿਚ ਪੱਕ ਰਿਹਾ ਹੈ ਅਤੇ ਕਈ ਹੋਰ ਦੇਸਾ ਵਿਚ ਨੇੜੇ ਆ ਰਿਹਾ ਹੈ।

ਵਰਤਮਾਨ ਸਮੇਂ "ਆਰਜ਼ੀ ਸਰਕਾਰ ਮੁਰਦਾਬਾਦ" ਦਾ ਨਾਅਰਾ ਗਲਤ ਹੈ, ਕਿਉਂ ਜੋ ਇਨਕਲਾਬੀ ਪਰੋਲੇਤਾਰੀਏ ਦੇ ਪੱਖ ਵਿਚ ਇਸ ਮਜਬੂਤ (ਭਾਵ, ਇਕ ਜਮਾਤੀ ਤੌਰ ਤੇ ਚੇਤੰਨ ਤੇ ਜਥੇਬੰਦ) ਲੋਕਾ ਦੀ ਬਹੁਗਿਣਤੀ ਦੀ ਅਣਹੋਂਦ ਕਾਰਨ ਅਜਿਹਾ ਨਾਅਰਾ ਜਾਂ ਤਾਂ ਖੋਖਲਾ ਹੈ, ਜਾ ਬਾਹਰਮੁਖੀ ਤੌਰ ਤੇ ਇਕ ਮਾਅਰਕੇਬਾਜ਼ ਲੱਛਣ ਦੇ ਪ੍ਰਤੀਕ ਯਤਨਾ ਦੇ ਤੁਲ ਹੈ।

ਅਜਿਹੀ ਸੱਤਾ ਨੂੰ ਪਰੋਲੇਤਾਰੀਏ ਤੇ ਅਰਧ-ਪਰੋਲੇਤਾਰੀਏ ਦੇ ਹੱਥ ਸੌਂਪਣ ਦੀ ਕੇਵਲ ਉਦੋਂ ਹਮਾਇਤ ਕਰਾਂਗੇ ਜਦੋਂ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਸਾਡੀ ਨੀਤੀ ਅਪਨਾਉਣ ਲਈ ਅਤੇ ਸੱਤਾ ਨੂੰ ਆਪਣੇ ਹੱਥਾਂ ਵਿਚ ਲੈਣ ਲਈ ਰਾਜ਼ੀ ਹੋਣਗੀਆਂ।

ਸਾਡੀ ਪਾਰਟੀ ਦੀ ਜਥੇਬੰਦੀ, ਪਰੋਲੇਤਾਰੀ ਸ਼ਕਤੀਆਂ ਦੀ ਮਜ਼ਬੂਤੀ ਸੰਕਟ ਦੇ ਸਮੇਂ ਸਪਸ਼ਟ ਤੌਰ ਤੇ ਨਾ-ਕਾਫ਼ੀ ਸਿੱਧ ਹੋਈਆਂ।

ਇਸ ਘੜੀ ਦੇ ਨਾਅਰੇ ਹਨ : (1) ਜੰਗ ਨੂੰ ਖਤਮ ਕਰਨ ਦੀ ਪਰੋਲੇਤਾਰੀ ਨੀਤੀ ਤੇ ਪਰੋਲੇਤਾਰੀ ਢੰਗ ਦੀ **ਵਿਆਖਿਆ** ਕਰਨੀ ; (2) ਸਰਮਾਏਦਾਰਾਂ ਦੀ ਸਰਕਾਰ ਵਿਚ ਵਿਸ਼ਵਾਸ ਰੱਖਣ ਦੀ ਤੇ ਇਸ ਨਾਲ ਸਮਝੌਤਾ ਕਰਨ ਦੀ ਨਿਕ-ਬੁਰਜੂਆ ਨੀਤੀ ਦੀ ਅਲੋਚਨਾ ਕਰਨੀ। (3) ਇਕ ਗਰੁੱਪ ਤੋਂ ਦੂਜੇ ਗਰੁੱਪ ਤਕ **ਹਰ ਰਜਮੈਂਟ** ਵਿਚ, ਹਰ ਫੈਕਟਰੀ ਵਿਚ ਅਤੇ ਵਿਸ਼ੇਸ਼ ਤੌਰ ਤੇ ਹੀ ਪੱਛੜੇ ਹੋਏ ਸਮੂਹਾਂ ਵਿਚ, ਜਿਵੇਂ ਘਰੇਲੂ ਨੌਕਰਾਂ, ਗੈਰ-ਹੁਨਰਮੰਦ ਮਜ਼ਦੂਰਾਂ ਆਦਿ 'ਚ ਇਕ ਪਰਚਾਰ ਤੇ ਐਜੀਟੇਸ਼ਨ ਜਾਰੀ ਰਖਣਾ, ਕਿਉਂ ਜੋ ਪਹਿਲੀ ਥਾਂ ਤੇ ਇਹ ਉਹਨਾਂ ਦੀ ਹਮਾਇਤ ਸੀ ਜੋ ਬਰੂਜੂਆਜ਼ੀ ਨੇ ਸੰਕਟ ਦੇ ਦੌਰਾਨ ਪਰਾਪਤ ਕਰਨ ਦਾ ਯਤਨ ਕੀਤਾ ਸੀ ; (4) ਹਰ ਫੈਕਟਰੀ ਵਿਚ, ਹਰ ਜ਼ਿਲ੍ਹੇ ਵਿਚ ਤੇ ਹਰ ਸ਼ਹਿਰੀ ਕੁਆਟਰ ਵਿਚ ਪਰੋਲੇਤਾਰੀਆਂ **ਜਥੇਬੰਦ, ਜਥੇਬੰਦ** ਤੇ ਇਕ ਵਾਰ ਹੋਰ **ਜਥੇਬੰਦ** ਕਰਨਾ।

ਪੀਤਰੋਗਰਾਦ ਸੋਵੀਅਤ ਦਾ 21 ਅਪਰੈਲ ਦਾ ਦੋ ਦਿਨਾਂ ਲਈ ਗਲੀਆਂ ਬਜ਼ਾਰਾਂ ਦੇ ਸਾਰੇ ਜਲਸਿਆਂ ਤੇ ਮੁਜ਼ਾਹਰਿਆਂ ਉਤੇ ਪਾਬੰਦੀ ਲਾਉਣ ਦਾ ਮਤਾ ਸਾਡੀ ਪਾਰਟੀ ਦੇ ਹਰ ਮੈਂਬਰ ਨੂੰ ਬਿਨਾਂ ਕਿਸੇ ਸ਼ਰਤ ਦੇ ਪਰਵਾਨ ਕਰਨਾ ਚਾਹੀਦਾ ਹੈ। ਕੇਂਦਰੀ ਕਮੇਟੀ ਨੇ ਕਲ੍ਹ ਸਵੇਰ ਨੂੰ ਇਕ ਮਤਾ ਪਹਿਲਾਂ ਹੀ ਵੰਡ ਦਿੱਤਾ ਹੈ ਅਤੇ ਅੱਜ **ਪਰਾਵਦਾ** ਵਿਚ ਪਰਕਾਸ਼ਤ ਕਰ ਰਹੀ ਹੈ, ਜੋ ਇਹ ਬਿਆਨ ਕਰਦਾ ਹੈ ਕਿ "ਇਕ ਅਜਿਹੀ ਘੜੀ ਗ੍ਰਿਹਿ-ਯੁੱਧ ਦਾ ਕੋਈ ਵੀ ਵਿਚਾਰ ਫ਼ਜ਼ੂਲ ਹੋਵੇਗਾ ਤੇ ਬੇਥਵ੍ਹਾ ਹੋਵੇਗਾ", ਕਿ ਸਾਰੇ ਮੁਜ਼ਾਹਰੇ ਸ਼ਾਂਤਮਈ ਹੋਣੇ ਚਾਹੀਦੇ ਹਨ ਅਤੇ ਕਿ ਹਿੰਸਾ ਲਈ ਜ਼ਿੰਮੇਵਾਰੀ ਆਰਜ਼ੀ ਸਰਕਾਰ ਤੇ ਇਸ ਦੇ ਹਮਾਇਤੀਆਂ ਦੇ ਸਿਰ ਆਵੇਗੀ। ਇਸ ਲਈ ਸਾਡੀ ਪਾਰਟੀ ਸਮਝਦੀ ਹੈ ਕਿ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਦਾ ਉਪਰ ਵਰਣਤ ਮਤਾ ਸਮੁੱਚੇ ਤੌਰ ਤੇ (ਅਤੇ ਵਿਸ਼ੇਸ਼ ਤੌਰ ਤੇ ਹਥਿਆਰਬੰਦ ਮੁਜ਼ਾਹਰਿਆਂ ਤੇ ਹਵਾ ਵਿਚ ਗੋਲੀ ਚਲਾਉਣ ਉਤੇ ਪਾਬੰਦੀ ਵਾਲਾ ਨਾਅਰਾ) ਪੂਰੀ ਤਰ੍ਹਾਂ ਸਹੀ ਹੈ ਅਤੇ ਇਸ ਦੀ **ਬਿਨਾਂ ਸ਼ਰਤ ਪਾਲਣਾ ਕਰਨੀ ਚਾਹੀਦੀ ਹੈ।**

ਅਸੀਂ ਸਾਰੇ ਮਜ਼ਦੂਰਾਂ ਤੇ ਸਿਪਾਹੀਆਂ ਨੂੰ ਸੱਦਾ ਦੇਂਦੇ ਹਾਂ ਕਿ ਉਹ ਪਿਛਲੇ ਦੋ ਦਿਨਾਂ ਦੇ ਸੰਕਟ ਬਾਰੇ ਗਹੁ ਨਾਲ ਵਿਚਾਰ ਕਰਨ ਅਤੇ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਨੂੰ ਅਤੇ ਕੇਂਦਰੀ ਕਮੇਟੀ ਨੂੰ ਡੈਲੀਗੇਟਾਂ ਵਜੋਂ ਕੇਵਲ ਅਜਿਹੇ ਕਾਮਰੇਡ ਭੇਜਣ ਜੋ ਬਹੁ-ਗਿਣਤੀ ਦੀ ਇੱਛਾ ਨੂੰ ਪਰਗਟ ਕਰਨ ਵਾਲੇ ਹੋਣ। ਉਸ ਹਾਲਤ ਵਿਚ ਜਦੋਂ ਕੋਈ ਡੈਲੀਗੇਟ ਬਹੁ-ਗਿਣਤੀ ਦੀ ਰਾਏ ਪਰਗਟ ਨਹੀਂ ਕਰਦਾ ਤਾਂ ਫੈਕਟਰੀਆਂ ਤੇ ਬੈਰਕਾਂ ਵਿਚ ਨਵੀਆਂ ਚੋਣਾਂ ਕਰਾਈਆਂ ਜਾਣ।

**ਪਰਾਵਦਾ ਨੰਬਰ 39**
*6 ਮਈ (23 ਅਪਰੈਲ), 1917*

# ਸੰਕਟ ਦੇ ਸਬਕ

ਪੀਤਰੋਗਰਾਦ ਅਤੇ ਪੂਰਾ ਰੂਸ ਇਕ ਗੰਭੀਰ ਰਾਜਸੀ ਸੰਕਟ ਥਾਣੀਂ ਲੰਘੇ ਹਨ, ਜਿਹੜਾ ਇਨਕਲਾਬ ਤੋਂ ਪਿੱਛੋਂ ਪਹਿਲਾ ਰਾਜਸੀ ਸੰਕਟ ਸੀ।

18 ਅਪਰੈਲ ਨੂੰ ਆਰਜ਼ੀ ਸਰਕਾਰ ਨੇ ਅਣਸੁਖਾਵੇਂ ਤੌਰ ਉਤੇ ਆਪਣਾ ਬਦਨਾਮ ਨੋਟ ਜਾਰੀ ਕੀਤਾ, ਜੀਹਨੇ ਜੰਗ ਦੇ ਧਾੜਵੀ ਨਿਸ਼ਾਨਿਆਂ ਦੀ ਏਨੀ ਖਾਸੀ ਸਪੱਸ਼ਟ ਤੌਰ ਉਤੇ ਪੁਸ਼ਟੀ ਕੀਤੀ ਕਿ ਆਮ ਲੋਕਾਂ ਦਾ ਰੋਹ ਜਾਗਿਆ ਜਿਨ੍ਹਾਂ ਨੂੰ "ਇਲਾਕਾਈ ਕਬਜ਼ੇ ਤਿਆਗਣ" ਦੇ ਸਬੰਧ ਵਿਚ ਪੂੰਜੀਪਤੀਆਂ ਦੀ ਇੱਛਾ (ਅਤੇ ਯੋਗਤਾ) ਵਿਚ ਈਮਾਨਦਾਰੀ ਨਾਲ ਭਰੋਸਾ ਸੀ। 20-21 ਅਪਰੈਲ ਨੂੰ ਪੀਤਰੋਗਰਾਦ ਵਿਖੇ ਹਲਚਲ ਮੱਚੀ ਹੋਈ ਸੀ। ਸੜਕਾਂ ਉਤੇ ਲੋਕਾਂ ਦੀਆਂ ਭੀੜਾਂ ਜਮ੍ਹਾਂ ਸਨ, ਦਿਨੇ ਰਾਤੀਂ ਲੋਕਾਂ ਦੀਆਂ ਟੋਲੀਆਂ ਤੇ ਗਰੋਹ ਡਟੇ ਖੜੇ ਰਹਿੰਦੇ ਅਤੇ ਥਾਂ ਥਾਂ ਛੋਟੀਆਂ ਵੱਡੀਆਂ ਇਕੱਤਰਤਾਵਾਂ ਹੁੰਦੀਆਂ ਰਹਿੰਦੀਆਂ, ਸੜਕਾਂ ਉਤੇ ਵੱਡੇ ਵੱਡੇ ਜਲੂਸਾਂ ਅਤੇ ਮੁਜ਼ਾਹਰਿਆਂ ਦਾ ਅਟੁੱਟ ਸਿਲਸਲਾ ਜਾਰੀ ਰਹਿੰਦਾ। ਕਲ੍ਹ ਸ਼ਾਮੀਂ, 21 ਅਪਰੈਲ ਨੂੰ, ਸੰਕਟ ਜਾਂ ਘੱਟੋ ਘੱਟ ਦੀ ਸੰਕਟ ਦੀ ਪਹਿਲੀ ਮੰਜ਼ਲ ਦਾ ਭੋਗ ਪੈ ਗਿਆ ਜਦੋਂ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਦੀ ਕਾਰਜ-ਸਾਧਕ ਕਮੇਟੀ ਨੇ ਅਤੇ ਫੇਰ ਖੁਦ ਸੋਵੀਅਤ ਨੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਨੂੰ ਹਕੂਮਤ ਵਲੋਂ ਕੀਤੀ ਗਈ "ਵਿਆਖਿਆ", ਨੋਟ ਵਿਚ ਤਰਮੀਮਾਂ ਅਤੇ "ਸਪੱਸ਼ਟੀਕਰਣ" ਬਾਰੇ ਤਸੱਲੀ ਹੈ (ਜੋ ਅਸਲ ਵਿਚ ਥੋਥੇ ਕਥਨ ਹੀ ਸਨ, ਜਿਨ੍ਹਾਂ ਵਿਚ ਬਿਲਕੁਲ ਹੀ ਕੁਝ ਨਹੀਂ ਸੀ ਆਖਿਆ ਗਿਆ, ਕੁਝ ਨਹੀਂ ਸੀ ਬਦਲਿਆ ਗਿਆ ਅਤੇ ਹਕੂਮਤ ਨੇ ਕਿਸੇ ਚੀਜ਼ ਬਾਰੇ ਵੀ ਵਚਨ ਨਹੀਂ ਸੀ ਦਿੱਤਾ)। ਉਨ੍ਹਾਂ ਦੇ ਖਿਆਲ ਵਿਚ "ਮਾਮਲਾ ਨਿਬੜ ਚੁੱਕਾ" ਸੀ।

ਕੀ ਆਮ ਜਨਤਾ "ਮਾਮਲੇ ਨੂੰ ਨਿਬੜ-ਚੁੱਕਾ" ਸਮਝਦੀ ਹੈ, ਇਹ ਤਾਂ ਭਵਿੱਖ ਹੀ ਵਿਖਾਏਗਾ। ਹੁਣ ਤਾਂ ਸਾਡਾ ਕੰਮ ਉਨ੍ਹਾਂ ਨੂੰ ਸ਼ਕਤੀਆਂ, ਜਮਾਤਾਂ ਨੂੰ ਧਿਆਨ ਨਾਲ ਘੋਖਣਾ ਹੈ ਜਿਨ੍ਹਾਂ ਨੇ ਸੰਕਟ ਵਿਚ ਆਪਣੇ ਆਪ ਨੂੰ ਪ੍ਰਗਟਾਇਆ ਅਤੇ ਆਪਣੀ ਪਰੋਲਤਾਰੀ ਪਾਰਟੀ ਲਈ ਸਬੰਧਤ ਸਬਕ ਕੱਢਣੇ ਹਨ ਕਿਉਂਕਿ ਇਹ ਸਭਨਾਂ ਸੰਕਟਾਂ ਦੀ ਵੱਡੀ ਵਿਸ਼ੇਸ਼ਤਾ ਹੁੰਦੀ ਹੈ ਕਿ ਜੋ ਕੁਝ ਲੁਕਿਆ ਹੁੰਦਾ ਹੈ ਉਹ ਉਹਨੂੰ ਜ਼ਾਹਰ ਕਰ ਦਿੰਦੇ ਹਨ ਕਿ ਉਹ ਉਸ ਸਭ ਕਾਸੇ ਨੂੰ ਲਾਂਭੇ ਸੁੱਟ ਪਾਉਂਦੇ ਹਨ ਜੋ ਸੰਬੰਧਤ, ਸਤਹੀ ਅਤੇ ਤੁੱਛ ਹੁੰਦਾ ਹੈ, ਉਹ ਰਾਜਸੀ ਗੰਦ ਨੂੰ ਹੂੰਝ ਸੁੱਟਦੇ ਹਨ ਅਤੇ ਜਮਾਤੀ ਘੋਲ ਦੇ ਅਸਲੀ ਪਰੇਰਕਾਂ ਨੂੰ ਪ੍ਰਤੱਖ ਕਰਦੇ ਹਨ।

ਠੀਕ ਠੀਕ ਏਸੇ ਲਈ 18 ਅਪਰੈਲ ਨੂੰ ਪੂੰਜੀਵਾਦੀ ਹਕੂਮਤ ਨੇ ਆਪਣੇ ਪਹਿਲਾਂ ਵਾਲੇ ਨੋਟ ਨੂੰ ਹੀ ਮੁੜ ਦੁਹਰਾਇਆ, ਜਿਸ ਵਿਚ ਸਾਮਰਾਜੀ ਜੰਗ ਬਾਰੇ ਗੋਲ-ਮੋਲ ਡਿਪਲੋਮੈਟਿਕ ਗੱਲਾਂ ਆਖੀਆਂ ਗਈਆਂ ਸਨ। ਸਿਪਾਹੀ ਨਰਾਜ਼ ਸਨ ਕਿਉਂ ਜੁ ਉਨ੍ਹਾਂ ਨੂੰ ਪੂੰਜੀਪਤੀਆਂ ਦੀ ਸੁਹਿਰਦਤਾ ਅਤੇ ਉਨ੍ਹਾਂ ਦੇ ਅਮਨ-ਭਰੇ ਇਰਾਦਿਆਂ ਵਿਚ ਸੱਚੇ ਦਿਲੋਂ ਵਿਸ਼ਵਾਸ ਸੀ। ਮੁਜ਼ਾਹਰੇ ਸਿਪਾਹੀਆਂ ਦੇ ਮੁਜ਼ਾਹਰਿਆਂ ਵਜੋਂ ਏਸ ਵਿਰੋਧਤਾਈ ਵਾਲੇ, ਗੁਮਰਾਹਕੁਨ ਤੇ ਬੇ-ਅਸਰ ਨਾਹਰੇ ਹੇਠ ਸ਼ੁਰੂ ਹੋਏ: "ਮਿਲਿਯੂਕੋਵ ਮੁਰਦਾਬਾਦ" (ਜਿਵੇਂ ਕਿ ਆਦਮੀਆਂ ਜਾਂ ਗਰੋਹਾਂ ਦੀ ਤਬਦੀਲੀ ਨੀਤੀ ਦੇ ਸਾਰ ਨੂੰ ਤਬਦੀਲ ਕਰ ਸਕਦੀ ਹੋਵੇ !)।

ਇਹਦੇ ਅਰਥ ਹਨ ਕਿ ਵਿਸ਼ਾਲ, ਅਸਥਿਰ ਅਤੇ ਡਾਵਾਂਡੋਲ ਜਨਤਾ, ਜੋ ਕਿਸਾਨ ,ਵਰਗ ਦੇ ਅਤਿ-ਨੇੜੇ ਹੈ ਅਤੇ ਜੋ ਆਪਣੀ ਵਿਗਿਆਨਕ ਜਮਾਤੀ ਪ੍ਰੀਭਾਸ਼ਾ ਤੋਂ ਨਿੱਕ-ਬੁਰਜੂਆ ਹੈ, ਪੂੰਜੀਪਤੀਆਂ ਵਲੋਂ ਇਨਕਲਾਬੀ ਮਜ਼ਦੂਰਾਂ ਵੱਲ ਉਲਰੀ। ਇਸ ਸਮੂਹ ਦਾ, ਜੋ ਨਿਰਣਈ ਅਨਸਰ ਬਣਨ ਲਈ ਕਾਫ਼ੀ ਤਕੜਾ ਸੀ, ਉਲਰਨਾ ਜਾਂ ਗਤੀ ਹੀ ਸੀ ਜੋ ਸੰਕਟ ਦਾ ਕਾਰਨ ਬਣੀ।

ਇਹੋ ਨੁਕਤਾ ਸੀ ਜਿਸ ਉਤੇ ਦੂਜੇ ਭਾਗਾਂ ਵਿਚ ਹਿੱਲ-ਜੁੱਲ ਹੋਣ ਲੱਗੀ, ਦਰਮਿਆਨੇ ਨਹੀਂ ਸਗੋਂ ਅਤਿ ਦੇ ਅਨਸਰ, ਦਰਮਿਆਨੀ ਨਿੱਕ-ਬੁਰਜੂਆਜ਼ੀ ਨਹੀਂ ਸਗੋਂ ਬੁਰਜੂਆਜ਼ੀ ਅਤੇ ਪਰੋਲਤਾਰੀਆ ਸੜਕਾਂ ਉਤੇ ਨਿਕਲਣ ਅਤੇ ਜਥੇਬੰਦ ਹੋਣ ਲੱਗੇ।

ਬੁਰਜੂਆਜ਼ੀ ਨੇ ਨੇਵਸਕੀ ਪ੍ਰਾਸਪੈਕਟ ਉਤੇ—ਜਾਂ "ਮਿਲਿਯੂਕੋਵ" ਪ੍ਰਾਸਪੈਕਟ ਉਤੇ ਜੋ ਨਾਂਅ ਕਿ ਇਕ ਅਖਬਾਰ ਨੇ ਇਹਨੂੰ ਦਿੱਤਾ—ਅਤੇ ਖੁਸ਼ਹਾਲ ਪੀਤਰੋਗਰਾਦ, ਪੂੰਜੀਪਤੀਆਂ ਅਤੇ ਸਰਕਾਰੀ ਕਰਮਚਾਰੀਆਂ ਦੇ ਪੀਤਰੋਗਰਾਦ ਦੇ ਨਾਲ ਲਗਵੇਂ ਮਹੱਲਿਆ ਉਤੇ ਕਬਜ਼ਾ ਕਰ ਲਿਆ। ਅਫਸਰਾ, ਵਿਦਿਆਰਥੀਆਂ ਅਤੇ "ਮੱਧ ਸਰੇਣੀਆ" ਨੇ ਆਰਜ਼ੀ ਹਕੂਮਤ ਦੇ ਹੱਕ ਵਿਚ ਮੁਜ਼ਾਹਰਾ ਕੀਤਾ। ਲੱਗਣ ਵਾਲੇ ਨਾਹਰਿਆਂ ਵਿਚ "ਲੈਨਿਨ ਮੁਰਦਾਬਾਦ" ਦਾ ਨਾਹਰਾ ਵੀ ਸੀ ਜੋ ਅਨੇਕਾਂ ਝੰਡਿਆਂ ਉਤੇ ਲਿਖਿਆ ਹੋਇਆ ਸੀ।

ਪਰੋਲਤਾਰੀਆ ਖੁਦ ਆਪਣੇ ਕੇਂਦਰਾ ਤੇ ਮਜ਼ਦੂਰ ਜਮਾਤ ਦੀਆਂ ਉਪ-ਨਗਰੀਆਂ ਵਿਚ ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਦੇ ਨਾਹਰਿਆ ਅਤੇ ਅਪੀਲਾ ਦੁਆਲੇ ਆਣ ਜੁੜਿਆ। 20-21 ਅਪਰੈਲ ਨੂੰ ਕੇਂਦਰੀ ਕਮੇਟੀ ਨੇ ਮਤੇ ਪਰਵਾਨ ਕੀਤੇ ਜੋ ਪਾਰਟੀ ਸੰਸਥਾਵਾਂ ਰਾਹੀਂ ਪਰੋਲਤਾਰੀਏ ਤਕ ਤੁਰੰਤ ਹੀ ਪਹੁੰਚ ਗਏ। ਮਜ਼ਦੂਰ ਗ਼ਰੀਬ ਘੱਟ ਕੇਂਦਰੀ ਇਲਾਕਿਆ ਥਾਣੀਂ ਲੰਘੇ ਅਤੇ ਫੇਰ ਟੋਲੀਆਂ ਵਿਚ ਨੇਵਸਕੀ ਜਾ ਅਪੜੇ। ਆਪਣੇ ਜਨਤਕ ਖ਼ਾਸੇ ਅਤੇ ਇਕਮੁੱਠਤਾ ਦੇ ਲਿਹਾਜ਼, ਇਹ ਮੁਜ਼ਾਹਰੇ ਬੁਰਜੂਆਜ਼ੀ ਦੇ ਮੁਜ਼ਾਹਰਿਆਂ ਨਾਲੋਂ ਬਹੁਤ ਵੱਖਰੀ ਤਰ੍ਹਾਂ ਦੇ ਸਨ। ਕਈ ਝੰਡਿਆਂ ਉਤੇ ਲਿਖਿਆ ਹੋਇਆ ਸੀ: "ਸਾਰੀ ਸੱਤਾ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਨੂੰ।"

ਨੇਵਸਕੀ ਉਤੇ ਝੜੱਪਾਂ ਹੋਈਆਂ। "ਵਿਰੋਧੀ" ਮੁਜ਼ਾਹਰਿਆਂ ਨੇ ਇਕ ਦੂਜੇ ਦੇ ਝੰਡੇ ਪਾੜ ਸੁੱਟੇ। ਕਾਰਜ-ਸਾਧਕ ਕਮੇਟੀ ਨੂੰ ਕਈਆ ਥਾਵਾ ਤੋਂ ਟੈਲੀਫ਼ੋਨ ਰਾਹੀਂ ਖ਼ਬਰਾਂ ਮਿਲੀਆਂ ਕਿ ਦੋਹਾਂ ਪਾਸਿਆਂ ਤੋਂ ਗੋਲੀ ਚੱਲੀ ਹੈ ਕਿ ਮਰੇ ਵੀ ਹਨ ਤੇ ਫੱਟੜ ਵੀ ਹੋਏ ਹਨ, ਪਰ ਸੂਚਨਾ ਅਤਿ ਵਿਰੋਧਤਾਈ ਵਾਲੀ ਸੀ ਤੇ ਇਹਦੀ ਪੁਸ਼ਟੀ ਨਹੀਂ ਸੀ ਹੋਈ।

ਬੁਰਜੂਆਜ਼ੀ ਨੇ "ਘਰੋਗੀ ਜੰਗ ਦੇ ਹਊਏ" ਬਾਰੇ ਚੀਕ-ਚਿਹਾੜਾ ਪਾਇਆ ਤੇ ਇਸ ਤਰ੍ਹਾਂ ਆਪਣਾ ਇਹ ਡਰ ਪ੍ਰਗਟਾਇਆ ਕਿ ਅਸਲੀ ਜਨਤਾ, ਰਾਸ਼ਟਰ ਦੀ ਅਸਲੀ ਬਹੁ-ਗਿਣਤੀ, ਸੱਤਾ ਉਤੇ ਕਬਜ਼ਾ ਕਰ ਸਕਦੀ ਹੈ। ਸੋਵੀਅਤ ਦੇ ਨਿੱਕ-ਬੁਰਜੂਆ ਆਗੂਆਂ, ਮੈਨਸ਼ਵਿਕਾਂ ਤੇ ਨਰੋਦਨਿਕਾਂ

ਨੇ—ਜਿਨ੍ਹਾਂ ਕੋਲ ਆਮ ਤੌਰ ਉੱਤੇ ਸੰਕਟ ਦੇ ਦੌਰਾਨ, ਕੋਈ ਨਿਸਚਿਤ ਪਾਰਟੀ ਨੀਤੀ ਨਹੀਂ ਸੀ—ਆਪਣੇ ਆਪ ਨੂੰ ਭੈ-ਭੀਤ ਹੋਣ ਦਿੱਤਾ। ਕਾਰਜ-ਸਾਧਕ ਕਮੇਟੀ ਵਿਚ ਕਰੀਬ-ਕਰੀਬ ਅੱਧੀਆਂ ਵੋਟਾਂ ਸੰਕਟ ਤੋਂ ਐਨ ਪਹਿਲਾਂ ਆਰਜ਼ੀ ਹਕੂਮਤ ਦੇ ਖ਼ਿਲਾਫ਼ ਪਈਆਂ, ਪਰ ਹੁਣ ਚੌਂਤੀ ਵੋਟਾਂ (ਵਿਰੁੱਧ ਚੌਦਾਂ ਪਈਆਂ) ਇਹਦੇ ਹੱਕ ਵਿਚ ਪਈਆਂ ਕਿ ਪੂੰਜੀਪਤੀਆਂ ਵਿਚ ਵਿਸ਼ਵਾਸ ਅਤੇ ਉਨ੍ਹਾਂ ਨਾਲ ਸਮਝੌਤੇ ਦੀ ਪੀਹੜੀ ਵੱਲ ਮੁੜਿਆ ਜਾਵੇ।

ਅਤੇ ਇਸ "ਘਟਨਾ" ਨੂੰ "ਨਜਿੱਠੀ ਗਈ" ਸਮਝਿਆ ਗਿਆ।

ਜਮਾਤੀ ਘੋਲ ਦਾ ਸਾਰ ਕੀ ਹੈ? ਪੂੰਜੀਪਤੀ ਜੰਗ ਨੂੰ ਸੱਖਣੇ ਸ਼ਬਦਾਂ ਅਤੇ ਝੂਠੇ ਵਾਹਦਿਆਂ ਦੇ ਪਰਦੇ ਹੇਠ ਲਮਕਾਉਣ ਦੇ ਹੱਕ ਵਿਚ ਹਨ। ਉਹ ਰੂਸੀ, ਐਂਗਲੋ-ਫ਼ਰਾਂਸੀਸੀ ਅਤੇ ਅਮਰੀਕਨ ਬੈਂਕਿੰਗ ਸਰਮਾਏ ਦੀਆਂ ਫਾਹੀਆਂ ਵਿਚ ਫਸ ਗਏ ਹਨ। ਪਰੋਲਤਾਰੀਆ, ਜਿਵੇਂ ਕਿ ਇਹਦਾ ਜਮਾਤੀ ਚੇਤੰਨਤਾ ਵੱਲ ਹਰਾਵਲ ਦਸਤਾ ਇਹਦੀ ਪ੍ਰਤੀਨਿਧਤਾ ਕਰਦਾ ਹੈ, ਇਨਕਲਾਬੀ ਜਮਾਤ, ਮਜ਼ਦੂਰ ਜਮਾਤ ਅਤੇ ਅੱਧ-ਪਰੋਲਤਾਰੀਅਨਾਂ ਦੇ ਹੱਥ ਸੱਤਾ ਮੁਨਤਕਿਲ ਕਰਨ ਦੇ ਹੱਕ ਵਿਚ ਹੈ; ਮਜ਼ਦੂਰਾਂ ਦੇ ਸੰਸਾਰ ਇਨਕਲਾਬ ਦੇ ਵਿਕਾਸ ਦੇ ਹੱਕ ਵਿਚ ਹੈ; ਇਨਕਲਾਬ, ਜੋ ਜਰਮਨੀ ਵਿਚ ਸਪੱਸ਼ਟ ਤਰ੍ਹਾਂ ਵਿਕਸਤ ਹੋ ਰਿਹਾ ਹੈ ਅਤੇ ਅਜਿਹੇ ਇਨਕਲਾਬ ਰਾਹੀਂ ਜੰਗ ਦਾ ਭੋਗ ਪਾਉਣ ਦੇ ਹੱਕ ਵਿਚ ਹੈ।

ਲੋਕਾਂ ਦਾ ਵਿਸ਼ਾਲ ਸਮੂਹ, ਮੁੱਖ ਤੌਰ ਉੱਤੇ ਨਿਕ-ਬੁਰਜੂਆਜ਼ੀ, ਜੀਹਨੂੰ ਅਜੇ ਵੀ ਮੈਨਸ਼ਵਿਕ ਅਤੇ ਨਰੋਦਨਿਕ ਆਗੂਆਂ ਵਿਚ ਵਿਸ਼ਵਾਸ ਹੈ ਅਤੇ ਜੀਹਨੂੰ ਬੁਰਜੂਆਜ਼ੀ ਨੇ ਪੂਰੀ ਤਰ੍ਹਾਂ ਡਰਾਇਆ ਹੋਇਆ ਹੈ ਅਤੇ ਜੋ ਉਹਦੀ ਨੀਤੀ ਚਲਾ ਰਿਹਾ ਹੈ, ਭਾਵੇਂ ਸੰਕੋਚ ਨਾਲ ਕਦੇ ਸੱਜੇ ਪਾਸੇ, ਕਦੇ ਖੱਬੇ ਪਾਸੇ ਜਾ ਰਿਹਾ ਹੈ।

ਜੰਗ ਭਿਆਨਕ ਹੈ; ਇਹਨੇ ਲੋਕਾਂ ਦੇ ਵਿਸ਼ਾਲ ਸਮੂਹ ਨੂੰ ਸਭ ਤੋਂ ਬਹੁਤੀ ਸਖ਼ਤ ਸੱਟ ਮਾਰੀ ਹੈ। ਇਹ ਹੀ ਲੋਕ ਹਨ ਜਿਹਨਾ ਨੂੰ ਸਮਝ ਆ ਰਹੀ ਹੈ, ਭਾਵੇਂ ਅਸਪੱਸ਼ਟ ਤਰ੍ਹਾਂ ਸਹੀ, ਕਿ ਜੰਗ ਅਪਰਾਧਸ਼ੀਲ ਹੈ ਕਿ ਇਹ ਪੂੰਜੀਪਤੀਆਂ ਦੀ ਦੁਸ਼ਮਣੀ ਅਤੇ ਖਿੱਚੋਤਾਣੀ ਰਾਹੀਂ ਇਨ੍ਹਾਂ ਦੀ ਲੁੱਟ ਦੇ ਮਾਲ ਦੀ ਵੰਡ ਲਈ ਚਲਾਈ ਜਾ ਰਹੀ ਹੈ। ਸੰਸਾਰ-ਸਥਿਤੀ ਸਦਾ ਵਧੇਰੇ ਗੁੰਝਲਦਾਰ ਹੁੰਦੀ ਜਾ ਰਹੀ ਹੈ। ਮਜ਼ਦੂਰਾਂ ਦਾ ਸੰਸਾਰ ਇਨਕਲਾਬ ਹੀ ਬਚਣ ਦਾ ਇਕੋ ਇਕ ਰਾਹ ਹੈ। ਇਨਕਲਾਬ, ਜਿਹੜਾ ਹੁਣ ਕਿਸੇ ਹੋਰ ਦੇਸ ਨਾਲੋਂ ਰੂਸ ਵਿਚ ਵਧੇਰੇ ਅੱਗੇ ਵਧਿਆ ਹੋਇਆ ਹੈ, ਪਰ ਜਿਹੜਾ ਜਰਮਨੀ ਵਿਚ ਵੀ ਸਪੱਸ਼ਟ ਤੌਰ ਉਤੇ ਵਧ ਰਿਹਾ ਹੈ (ਹੜਤਾਲਾਂ, ਭਰਾਤ੍ਰੀਅਤਾ) ਅਤੇ ਲੋਕ ਅਸਥਿਰ ਹਨ: ਆਪਣੇ ਪੁਰਾਣੇ ਮਾਲਕਾਂ ਪੂੰਜੀਪਤੀਆਂ ਵਿਚ ਵਿਸ਼ਵਾਸ ਅਤੇ ਉਨ੍ਹਾਂ ਲਈ ਕੁੜੱਤਣ ਵਿਚਕਾਰ ਅਸਥਿਰ, ਨਵੀਂ ਜਮਾਤ, ਇਕੋ ਇਕ ਇਕਸਾਰ ਤੌਰ ਉਤੇ ਇਨਕਲਾਬੀ ਜਮਾਤ—ਜੋ ਸਭਨਾਂ ਕਿਰਤੀ ਲੋਕਾਂ ਲਈ ਰੋਸ਼ਨ ਭਵਿੱਖ ਦੀ ਸੰਭਾਵਨਾ ਦੇ ਦਰ ਖੋਹਲਦੀ ਹੈ—ਪਰੋਲਤਾਰੀਆ ਵਿਚ ਵਿਸ਼ਵਾਸ ਅਤੇ ਸੰਸਾਰ ਇਤਿਹਾਸ ਵਿਚ ਇਹਦੇ ਰੋਲ ਦੇ ਅਸਪੱਸ਼ਟ ਗਿਆਨ ਵਿਚਕਾਰ ਅਸਥਿਰ।

ਇਹ ਪਹਿਲੀ ਵਾਰ ਨਹੀਂ ਕਿ ਨਿੱਕ-ਬੁਰਜੁਆਜ਼ੀ ਅਤੇ ਅੱਧ-ਪਰੋਲਤਾਰੀਅਨ ਅਸਥਿਰ ਹੋਏ ਹੋਣ ਅਤੇ ਇਹ ਅੰਤਮ ਵਾਰ ਵੀ ਨਹੀਂ।

ਸਬਕ ਸਪੱਸ਼ਟ ਹੈ, ਸਾਥੀ ਮਜ਼ਦੂਰੋ! ਗੁਆਉਣ ਲਈ ਕੋਈ ਸਮਾਂ ਨਹੀਂ। ਪਹਿਲੇ ਸੰਕਟ ਪਿੱਛੋਂ ਹੋਰ ਸੰਕਟ ਆਉਣਗੇ। ਤੁਹਾਨੂੰ ਆਪਣੇ ਸਾਰੇ ਯਤਨ ਪੱਛੜਿਆਂ ਹੋਇਆਂ ਨੂੰ ਜਾਣਕਾਰੀ ਕਰਵਾਉਣ, ਹਰ ਰਜਮੈਂਟ ਨਾਲ ਅਤੇ ਕਿਰਤੀ ਲੋਕਾਂ ਦੇ ਹਰ ਗਰੁੱਪ ਨਾਲ ਜਿਨ੍ਹਾਂ ਦੀਆਂ ਅੱਖਾਂ

ਅਜੇ ਤਕ ਨਹੀਂ ਖੁਲ੍ਹੀਆਂ, ਵਿਸ਼ਾਲ ਸਾਥੀਆਂ ਵਾਲਾ ਅਤੇ ਸਿੱਧਾ ਨਾਤਾ ਕਾਇਮ ਕਰਨ (ਸਿਰਫ਼ ਮੀਟਿੰਗਾਂ ਰਾਹੀਂ ਹੀ ਨਹੀਂ), ਤੁਹਾਡੇ ਸਾਰੇ ਜਤਨ ਖ਼ੁਦ ਆਪਣੀਆਂ ਸਫ਼ਾਂ ਦੇ ਪਕੇਜ ਢੇ, ਮਜ਼ਦੂਰਾਂ ਨੂੰ ਥੱਲਿਉਂ ਉਪਰ ਵੱਲ ਜਥੇਬੰਦ ਕਰਨ ਦੇ ਲੇਖੇ ਲਗਣੇ ਚਾਹੀਦੇ ਹਨ, ਜਿਨ੍ਹਾਂ ਵਿਚ ਰਾਜਧਾਨੀ ਦਾ ਹਰ ਜ਼ਿਲ੍ਹਾ ਹਰ ਫ਼ੈਕਟਰੀ, ਹਰ ਮਹੱਲਾ ਤੇ ਇਹਦੀਆਂ ਉਪ-ਨਗਰੀਆਂ ਸ਼ਾਮਲ ਹਨ। ਨਿੱਕ-ਬੁਰਜੁਆਜ਼ੀ ਦੇ ਉਨ੍ਹਾਂ ਲੋਕਾਂ ਤੋਂ ਗੁਮਰਾਹ ਨਾ ਹੋਵੋ ਜਿਹੜੇ ਪੂੰਜੀਪਤੀਆਂ ਨਾਲ "ਸਮਝੌਤਾ ਕਰਦੇ ਹਨ", ਰੱਖਿਆਵਾਦੀਆਂ (ਡੀਫੈਂਸਿਸਟ) ਤੋਂ ਅਤੇ "ਹਮਾਇਤੀਆਂ" ਤੋਂ, ਉਨ੍ਹਾਂ ਵਿਅਕਤੀਆਂ ਤੋਂ ਗੁਮਰਾਹ ਨਾ ਹੋਵੋ ਜਿਹੜੇ ਕਾਹਲੇ ਹਨ ਅਤੇ ਇਸ ਤੋਂ ਪਹਿਲਾਂ ਹੀ ਕਿ ਲੋਕਾਂ ਦੀ ਬਹੁਗਿਣਤੀ ਪੱਕੀ ਤਰ੍ਹਾਂ ਇਕਮਿਕ ਹੋ ਜਾਵੇ, "ਆਰਜ਼ੀ ਹਕੂਮਤ ਮੁਰਦਾਬਾਦ" ਕੂਕਣ ਦੀ ਰੁਚੀ ਰੱਖਦੇ ਹਨ। ਵਿਅਕਤੀਆ ਵਿਰੁੱਧ ਵਿਅਕਤੀਆਂ ਦੀ ਹਿੰਸਾ ਨਹੀਂ, ਹਥਿਆਰਬੰਦ ਲੋਕਾਂ ਦੇ ਛੋਟੇ ਛੋਟੇ ਗਰੋਹਾ ਦੇ ਸਥਾਨਕ ਅਮਲ ਰਾਹੀਂ "ਸੱਤਾ ਹਥਿਆਉਣ" ਦੇ ਆਰਜ਼ੀ ਹਕੂਮਤ ਨੂੰ ਗ੍ਰਿਫ਼ਤਾਰ ਕਰਨ", ਆਦਿ ਦੇ ਜਤਨਾ ਰਾਹੀਂ ਸੰਕਟ ਉੱਤੇ ਕਾਬੂ ਨਹੀਂ ਪਾਇਆ ਜਾ ਸਕਦਾ।

ਅੱਜ ਦਾ ਕਾਰਜ ਇਹ ਹੈ ਕਿ ਪਰੋਲਤਾਰੀਏ ਦੀ ਨੀਤੀ ਦੀ, ਜੰਗ ਦਾ ਭੋਗ ਪਾਉਣ ਦੇ ਇਹਦੇ ਢੰਗ ਦੀ ਵਧੇਰੇ ਸਹੀ ਤਰ੍ਹਾਂ, ਵਧੇਹੇ ਸਪੱਸ਼ਟ ਤਰ੍ਹਾਂ, ਵਧੇਰੇ ਵਿਸ਼ਾਲ ਤੌਰ ਉਤੇ ਵਿਆਖਿਆ ਕੀਤੀ ਜਾਵੇ। ਜਿਥੇ ਵੀ ਹੋ ਸਕੇ, ਪਰੋਲਤਾਰੀਏ ਦੀਆਂ ਸਫ਼ਾਂ ਤੇ ਦਸਤਿਆਂ ਵਿਚ ਵਧੇਰੇ ਦ੍ਰਿੜ੍ਹਤਾ ਨਾਲ, ਵਧੇਰੇ ਵਿਸ਼ਾਲ ਤੌਰ ਤੇ ਆਣ ਜੋੜੋ। ਆਪਣੀਆਂ ਸੋਵੀਅਤਾਂ ਦੁਆਲੇ ਜੁੜੋ ਅਤੇ ਇਨ੍ਹਾਂ ਦੇ ਅਦਰ-ਅੰਦਰ ਸਾਥੀਆ ਵਾਲੀ ਪ੍ਰੇਰਨਾ ਰਾਹੀਂ ਅਤੇ ਵੱਖ ਵੱਖ ਮੈਂਬਰਾਂ ਦੀ ਮੁੜ-ਚੋਣ ਰਾਹੀਂ ਆਪਣੇ ਦੁਆਲੇ ਬਹੁਗਿਣਤੀ ਨੂੰ ਜੋੜਨ ਦੀ ਕੋਸ਼ਸ਼ ਕਰੋ।

22 ਅਪਰੈਲ (5) ਮਈ, 1917 ਨੂੰ ਲਿਖਿਆ।
**ਪਰਾਵਦਾ** ਦੇ ਅੰਕ 39 ਵਿਚ 6 ਮਈ (ਅਪਰੈਲ 23)
ਨੂੰ ਪ੍ਰਕਾਸ਼ਤ ਹੋਇਆ।

## "ਅਪਮਾਨ" ਜਿਵੇਂ ਸ਼ਰਮਾਏਦਾਰਾਂ ਤੇ ਪਰੋਲੇਤਾਰੀਆਂ ਨੇ ਇਸ ਨੂੰ ਸਮਝਿਆ

ਅਜ ਦੇ **ਯੇਦੀਨਸਤਵੋ** ਨੇ ਪਹਿਲੇ ਪੰਨੇ ਤੇ ਮੋਟੇ ਟਾਈਪ ਵਿਚ ਪਲੈਖ਼ਾਨੋਵ, ਦਿਊਤਸ਼ ਅਤੇ ਜ਼ਾਸੂਲਿਖ਼ ਦੇ ਦਸਖ਼ਤਾਂ ਹੇਠ ਇਕ ਐਲਾਨ ਛਾਪਿਆ ਹੈ। ਲਿਖਿਆ ਹੈ :

"ਹਰ ਕੌਮ ਨੂੰ ਸੁਤੰਤਰ ਤੌਰ ਤੇ ਆਪਣੀ ਹੋਣੀ ਨਿਸਚਿਤ ਕਰਨ ਦਾ ਅਧਿਕਾਰ ਪ੍ਰਾਪਤ ਹੈ। ਜਰਮਨੀ ਦਾ ਵਿਲਹੇਲਮ ਤੇ ਆਸਟਰੀਆ ਦਾ ਕਾਰਲ ਇਸ ਨਾਲ ਕਦੇ ਵੀ ਸਹਿਮਤ ਨਹੀਂ ਹੋਣਗੇ। ਉਹਨਾ ਵਿਰੁਧ ਜੰਗ ਲੜਦਿਆਂ ਅਸੀਂ ਆਪਣੀ ਆਜ਼ਾਦੀ ਦੀ, ਅਤੇ ਇਸ ਦੇ ਨਾਲ ਦੂਜਿਆਂ ਦੀ ਆਜ਼ਾਦੀ ਦੀ ਰਾਖੀ ਕਰ ਰਹੇ ਹਾਂ। ਰੂਸ ਆਪਣੇ ਇਤਿਹਾਦੀਆਂ ਨਾਲ ਧਰੋਹ ਨਹੀਂ ਕਰ ਸਕਦਾ। ਇਹ ਗੱਲ ਉਸ ਲਈ ਅਪਮਾਨ-ਜਨਕ ਹੋਵੇਗੀ।"

ਸਾਰੇ ਸਰਮਾਏਦਾਰ ਇਸ ਤਰ੍ਹਾਂ ਦਲੀਲਾਂ ਦੇਂਦੇ ਹਨ। ਉਹਨਾਂ ਲਈ ਸਰਮਾਏਦਾਰਾਂ ਵਿਚਾਲੇ ਹੋਈਆਂ ਸੰਧੀਆਂ ਦੀ ਅਵੱਗਿਆ ਇਕ ਅਪਮਾਨ-ਜਨਕ ਗੱਲ ਹੈ—ਜਿਵੇਂ ਪਾਤਸ਼ਾਹਾਂ ਵਿਚਾਲੇ ਸੰਧੀਆਂ ਦੀ ਪਾਤਸ਼ਾਹਾਂ ਵਲੋਂ ਅਵੱਗਿਆ ਇਕ ਬਦਨਾਮੀ ਵਾਲੀ ਗੱਲ ਹੈ।

ਮਜ਼ਦੂਰਾਂ ਲਈ ਕਿਵੇਂ ਹੈ? ਕੀ ਉਸ ਪਾਤਸ਼ਾਹਾਂ ਅਤੇ ਸਰਮਾਏਦਾਰਾਂ ਵਲੋਂ ਕੀਤੀਆਂ ਗਈਆਂ ਸੰਧੀਆਂ ਦੀ ਅਵੱਗਿਆ ਨੂੰ ਇਕ ਅਪਮਾਨ ਸਮਝਦੇ ਹਨ?

ਨਿਰਸੰਦੇਹ ਨਹੀਂ! ਜਮਾਤੀ ਤੌਰ ਤੇ ਚੇਤੰਨ ਮਜ਼ਦੂਰ ਸਾਰੀਆਂ ਅਜਿਹੀਆਂ ਸੰਧੀਆਂ ਨੂੰ ਰੱਦ ਕਰਨ ਦੇ ਹੱਕ ਵਿਚ ਹਨ, ਉਹ ਸਾਰੇ ਦੇਸਾਂ ਦੇ ਮਜ਼ਦੂਰਾਂ ਤੇ ਸਿਪਾਹੀਆਂ ਵਿਚਾਲੇ ਅਜਿਹੇ ਸਮਝੌਤਿਆਂ ਦੇ ਹੱਕ ਵਿਚ ਹਨ ਜੋ ਲੋਕਾਂ ਲਈ ਲਾਹੇਵੰਦ ਹੋਣ ਭਾਵ ਸਰਮਾਏਦਾਰ ਨਹੀਂ, ਸਗੋਂ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਲਈ।

ਸੰਸਾਰ ਦੇ ਮਜ਼ਦੂਰਾਂ ਦੀ ਆਪਣੀ ਸੰਧੀ ਹੈ, ਜਿਵੇਂ 1912 ਦਾ **ਬਾਸਲੇ ਮੈਨੀਫੈਸਟੋ** (ਜਿਸ ਉਤੇ ਹੋਰਾਂ ਤੋਂ ਉਪਰੰਤ ਪਲੈਖ਼ਾਨੋਵ ਨੇ ਵੀ ਦਸਖ਼ਤ ਕੀਤੇ ਸਨ ਅਤੇ ਜਿਸ ਨਾਲ ਹੁਣ ਉਹ ਧੋਖਾ ਕਰ ਰਿਹਾ ਹੈ)। ਮਜ਼ਦੂਰਾਂ ਦੀ ਇਹ "ਸੰਧੀ" ਸਰਮਾਏਦਾਰਾਂ ਦੇ ਮੁਨਾਫ਼ਿਆਂ ਦੀ ਖ਼ਾਤਰ ਵੱਖ ਵੱਖ ਦੇਸ਼ਾਂ ਦੇ ਮਜ਼ਦੂਰਾਂ ਲਈ ਇਕ ਦੂਜੇ ਉਤੇ ਗੋਲੀ ਚਲਾਉਣ ਨੂੰ "ਜੁਰਮ" ਆਖਦੀ ਹੈ।

**ਯੇਦੀਨਸਤਵੋ** ਵਿਚ ਲਿਖਣ ਵਾਲੇ ਸਰਮਾਏਦਾਰਾਂ ਵਾਂਗ ਦਲੀਲਾਂ ਦੇਂਦੇ ਹਨ, (ਇਸੇ ਤਰ੍ਹਾਂ ਰੀਚ ਤੇ ਹੋਰ ਦੇਂਦੇ ਹਨ) ਮਜ਼ਦੂਰਾ ਵਾਂਗ ਨਹੀਂ ।

ਇਹ ਬਿਲਕੁਲ ਸੱਚ ਹੈ ਕਿ ਨਾ ਤਾਂ ਜਰਮਨ ਪਾਤਸ਼ਾਹ ਤੇ ਨਾ ਹੀ ਆਸਟਰੀਆ ਦਾ, ਹਰ ਕੌਮ ਲਈ ਆਜ਼ਾਦੀ ਲਈ ਸਹਿਮਤ ਹੋਏਗਾ, ਕਿਉਂ ਜੋ ਇਹ ਦੋਵੇਂ ਪਾਤਸ਼ਾਹ ਤਾਜਦਾਰ ਲੁਟੇਰੇ ਹਨ, ਅਤੇ ਇਸੇ ਤਰ੍ਹਾਂ ਨਿਕੋਲਸ II ਸੀ। ਨਾ ਹੀ ਅੰਗਰੇਜ਼, ਇਤਾਲਵੀ ਅਤੇ ਹਰ ਪਾਤਸ਼ਾਹ (ਨਿਕੋਲਸ II ਦੇ ਇਤਿਹਾਦੀ) ਕਿਸੇ ਤਰ੍ਹਾਂ ਚੰਗੇ ਹਨ। ਇਸ ਗੱਲ ਨੂੰ ਭੁਲਣਾ ਇਕ ਪਾਤਸ਼ਾਹ-ਪੱਖੀ ਬਣਨਾ ਹੈ ਜਾਂ ਪਾਤਸ਼ਾਹੀ ਦਾ ਹਮਾਇਤੀ।

ਦੂਜੀ ਗੱਲ **ਬਿਨਾਂ ਤਾਜ** ਦੇ ਲੁਟੇਰੇ, ਭਾਵ ਸਰਮਾਏਦਾਰਾਂ ਨੇ ਵਰਤਮਾਨ ਜੰਗ ਵਿਚ ਆਪਣੇ ਆਪ ਨੂੰ ਪਾਤਸ਼ਾਹਾਂ ਨਾਲੋਂ ਚੰਗੇਰੇ ਸਿੱਧ ਨਹੀਂ ਕੀਤਾ । ਕੀ ਅਮਰੀਕੀ "ਜਮਹੂਰੀਅਤ" ਨੇ, ਭਾਵ ਜਮਹੂਰੀ ਸਰਮਾਏਦਾਰਾਂ ਨੇ, ਫਿਲਪਾਈਨਜ਼ ਨੂੰ ਨਹੀਂ ਲੁਟਿਆ ? ਕੀ ਇਸ ਨੇ ਮੈਕਸੀਕੋ ਨੂੰ ਨਹੀਂ ਲੁਟਿਆ ?

ਜਰਮਨ ਗੁਚਕੋਵ ਤੇ ਮਿਲਿਯੁਕੋਵ ਵੀ, ਜੇ ਉਹ ਵਿਲਹੇਲਮ II ਦੀ ਥਾ ਲੈ ਲੈਣ, ਲੁਟੇਰੇ ਹੋਣਗੇ, ਉਹ ਅੰਗਰੇਜ਼ ਤੇ ਰੂਸੀ ਸਰਮਾਏਦਾਰਾਂ ਨਾਲ ਚੰਗੇਰੇ ਨਹੀਂ ਹੋਣਗੇ ।

ਤੀਜੀ ਗੱਲ, ਕੀ ਰੂਸੀ ਸਰਮਾਏਦਾਰ ਉਹਨਾਂ ਕੌਮਾ ਨੂੰ "ਆਜ਼ਾਦੀ" ਲਈ "ਮੰਨ" ਜਾਣਗੇ ਜਿਨ੍ਹਾਂ ਉਤੇ ਉਹ ਜਬਰ ਕਰਦੇ ਹਨ : ਆਰਮੀਨੀਆ, ਖੀਵਾ, ਯੂਕਰੇਨ, ਫਿਨਲੈਂਡ ?

ਇਸ ਸੁਆਲ ਨੂੰ ਅਖੋਂ ਓਹਲੇ ਕਰਦਿਆ **ਯੇਦੀਨਸਤਵੋ** ਦੇ ਲੇਖਕ, ਅਸਲ ਵਿਚ "ਸਾਡੇ ਆਪਣੇ" ਸਰਮਾਏਦਾਰਾਂ ਨੂੰ ਦੂਜੇ ਸਰਮਾਏਦਾਰਾ ਨਾਲ ਉਹਨਾ ਦੀ ਲੁੱਟੂ ਜੰਗ ਵਿਚ ਬਦਲ ਰਹੇ ਹਨ ।

ਸੰਸਾਰ ਦੇ ਕੌਮਾਂਤਰੀਵਾਦੀ ਮਜਦੂਰ **ਸਾਰੀਆਂ** ਸਰਮਾਏਦਾਰ ਹਕੂਮਤਾਂ ਨੂੰ ਉਲਟਾਉਣ ਦੇ, ਕਿਸੇ ਵੀ ਸਰਮਾਏਦਾਰ ਨਾਲ ਸਾਡੇ ਸਮਝੌਤਿਆ ਤੇ ਸੂਝ ਬੂਝ ਨੂੰ ਰੱਦ ਕਰਨ ਦੇ, **ਸਾਰੇ** ਦੇਸਾਂ ਦੇ **ਇਨਕਲਾਬੀ ਮਜ਼ਦੂਰਾਂ** ਵਲੋਂ ਕੀਤੇ **ਵਿਸ਼ਵ-ਵਿਆਪੀ ਅਮਨ** ਦੇ ਹੱਕ ਵਿਚ ਹਨ, ਉਹ ਅਮਨ ਜੋ "ਹਰ" ਕੌਮ ਨੂੰ ਅਸਲੀ ਆਜ਼ਾਦੀ ਦੇਣ ਦੇ ਯੋਗ ਹੈ ।

22, ਅਪਰੈਲ (5 ਮਈ), 1917 ਨੂੰ ਲਿਖਿਆ,
6, ਮਈ (23 ਅਪਰੈਲ), 1917 ਨੂੰ
**ਪਰਾਵਦਾ** ਨੰਬਰ 39 ਵਿਚ ਪ੍ਰਕਾਸ਼ਤ ।

# ਈ. ਤੋਰਨੀਆਈਨੇਨ ਨੂੰ, 23 ਅਪਰੈਲ (6 ਮਈ), 1917 ਨੂੰ ਦਿਤਾ ਇੰਟਰਵਿਊ

ਅਸੀਂ ਸਮਝਦੇ ਹਾਂ ਕਿ ਮਜ਼ਦੂਰਾਂ ਤੇ ਸਿਪਾਹੀਆਂ ਦੀ ਪੀਤਰੋਗਰਾਦ ਸੋਵੀਅਤ ਇਸ ਸਮੇਂ ਮਜ਼ਦੂਰਾਂ ਤੇ ਸਿਪਾਹੀਆਂ ਦੀ ਬਹੁ-ਗਿਣਤੀ ਦੀ ਪ੍ਰਤੀਨਿਧਤਾ ਕਰਦੀ ਹੈ। ਸਾਡੇ ਵਲੋਂ, ਅਸੀਂ (ਬਾਲਸਵਿਕ), ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਪੀਤਰੋਗਰਾਦ ਸੋਵੀਅਤ ਵਿਚ ਅਤੇ ਸਾਰੀਆਂ ਸਥਾਨਕ ਸੋਵੀਅਤਾਂ ਵਿਚ ਪਰਭਾਵ ਤੇ ਇਕ ਬਹੁ-ਗਿਣਤੀ ਲਈ ਕੰਮ ਕਰ ਰਹੇ ਹਾਂ। ਅਸੀਂ ਮਜ਼ਦੂਰਾਂ ਤੇ ਸਿਪਾਹੀਆਂ ਨੂੰ ਉਹਨਾਂ ਸੋਵੀਅਤਾਂ ਦੇ ਮੈਂਬਰ ਮੁੜ ਕੇ ਚੁਣਨ ਦੀ ਸਲਾਹ ਦੇਂਦੇ ਹਾਂ ਜਿਹੜੀਆਂ ਬਹੁ-ਗਿਣਤੀ ਦੀ ਇੱਛਾ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਨਹੀਂ ਕਰਦੀਆਂ।

ਹੁਣ ਤਕ ਸੋਵੀਅਤ ਦੀ ਬਹੁ-ਗਿਣਤੀ ਨਰੋਦਨਿਕ ਤੇ ਮੈਨਸ਼ਿਵਕ ਆਗੂਆਂ ਦੇ ਪਿੱਛੇ ਹੈ।

ਸਾਨੂੰ ਕੋਈ ਸੰਦੇਹ ਨਹੀਂ ਹੈ ਕਿ ਸੋਵੀਅਤ ਉਨ੍ਹਾਂ ਚਿਰ ਸੱਤਾ ਆਪਣੇ ਕੋਲ ਰਖੀ ਰਖਣ ਦੇ ਯੋਗ ਹੋਵੇਗੀ ਜਿੰਨਾ ਚਿਰ ਮਜ਼ਦੂਰਾਂ ਤੇ ਸਿਪਾਹੀਆਂ ਦੀ ਕਾਫੀ ਬਹੁ-ਗਿਣਤੀ ਇਸ ਦੀ ਹਮਾਇਤ ਕਰਦੀ ਹੈ। ਇਸ ਤੋਂ ਉਪਰੰਤ ਤਾਂ ਜੋ ਸੱਤਾ ਜੰਗ ਨੂੰ ਲਮਕਾਉਣ ਦੀ ਥਾਂ ਇਸ ਨੂੰ ਜਨ-ਸਮੂਹ ਲਈ ਬਹੁਤ ਸੁਯੋਗ ਸ਼ਰਤਾਂ ਉਤੇ ਤੇਜ਼ੀ ਨਾਲ ਖਤਮ ਕਰ ਦੇਵੇਗੀ। ਅਸੀਂ ਇਹ ਸਮਝਦੇ ਹਾਂ ਕਿ ਸੋਵੀਅਤ, ਮਜ਼ਦੂਰਾਂ ਤੇ ਸਿਪਾਹੀਆਂ ਵਲੋਂ ਚੁਣਿਆ ਹੋਇਆ ਇਦਾਰਾ ਹੋਣ ਕਾਰਨ ਨਿਸ਼ਚਿਤ ਤੌਰ ਤੇ ਉਹ ਮਜ਼ਦੂਰਾਂ ਤੇ ਸਿਪਾਹੀਆਂ ਦੀ ਬਹੁ-ਗਿਣਤੀ ਨੂੰ ਆਪਣੇ ਪੱਖ ਵਿਚ ਕਰ ਸਕਦੀ ਹੈ।

ਸਰਮਾਏਦਾਰ ਸਰਕਾਰ ਸੰਵਿਧਾਨ ਅਸੈਂਬਲੀ ਬੁਲਾਉਣ ਤੋਂ ਇਨਕਾਰ ਕਰੇਗੀ ਜਾਂ ਬੁਲਾਏਗੀ, ਤੇ ਇਹ ਗੱਲ ਉਲਟ-ਇਨਕਲਾਬ ਦੇ ਵਿਕਾਸ ਤੇ ਤੱਤ ਉਤੇ ਨਿਰਭਰ ਕਰੇਗੀ। ਅਜਿਹੇ ਉਲਟ-ਇਨਕਲਾਬ ਦੇ ਅੰਸ਼, ਨਿਰਸੰਦੇਹ, ਪਹਿਲਾਂ ਹੀ ਮੌਜੂਦ ਹਨ।

ਇਹ ਸਹੀ ਅਰਥਾਂ ਵਿਚ ਜਨਵਾਦੀ ਅਮਨ ਰਾਹੀਂ ਜੰਗ ਦਾ ਖਾਤਮਾ ਉਸ ਰਾਹ ਉਤੇ ਨਿਰਭਰ ਕਰਦਾ ਹੈ ਜਿਹੜਾ ਰਾਹ ਸੰਸਾਰ ਪਰੋਲੇਤਾਰੀਆ ਦਾ ਇਨਕਲਾਬ ਅਪਣਾਏਗਾ।

ਇਨਕਲਾਬ ਨੇ ਰੂਸ ਵਿਚ ਚੰਗਾ ਅਧਾਰ ਬਣਾ ਲਿਆ ਹੈ ਅਤੇ ਨਿਰਸੰਦੇਹ ਤੌਰ ਤੇ ਜਰਮਨੀ ਵਿਚ ਅਧਾਰ ਬਣਾ ਰਿਹਾ ਹੈ।

**ਤਾਇਓਮੀਜ਼** ਨੰਬਰ 122, 8 ਮਈ 1917
ਪਹਿਲਾ 1926 ਵਿਚ ਐਨ. ਲੈਨਿਨ (ਵੀ· ਉਲੀਆਨੋਵ)
ਦੀਆਂ ਕਿਰਤਾ, ਜਿਲਦ 20, ਭਾਗ ਦੂਜਾ ਵਿਚ ਪਰਕਾਸ਼ਤ ਹੋਇਆ।

# ਭਰਾਤਰੀਪੁਣੇ ਦੀ ਮਹੱਤਤਾ

ਸਰਮਾਏਦਾਰ ਮੋਰਚੇ ਉਤੇ ਸਿਪਾਹੀਆ ਦੇ ਭਰਾਤਰੀਪੁਣੇ ਉਤੇ ਜਾ ਤਾ ਵਿਅੰਗ ਕਰਦੇ ਹਨ ਜਾ ਇਸ ਉਤੇ ਵਹਿਸੀਆਨਾ ਹਮਲੇ ਕਰਦੇ ਹਨ। ਝੂਠਾ ਤੇ ਤੁਹਮਤਾ ਰਾਹੀਂ ਉਹ ਇਹ ਦਰਸਾਉਣ ਦਾ ਯਤਨ ਕਰਦੇ ਹਨ ਕਿ ਸਮੁੱਚੀ ਚੀਜ ਜਰਮਨਾ ਰਾਹੀਂ ਰੂਸੀਆ ਨਾਲ ਛਲ ਹੈ ਅਤੇ—**ਆਪਣੇ** ਜਰਨੈਲਾ ਤੇ ਅਫਸਰਾ ਰਾਹੀਂ—ਭਰਾਤਰੀਪੁਣੇ ਲਈ ਸਜਾ ਦੇਣ ਦਾ ਖਤਰਾ ਪੈਦਾ ਕਰਦੇ ਹਨ।

ਸਰਮਾਏ ਵਿਚ "ਜਾਇਦਾਦ ਦੇ ਪਵਿੱਤਰ ਅਧਿਕਾਰ" ਅਤੇ ਸਰਮਾਏ ਉਤੇ ਅਫਸਰਾ ਦੀ ਹਿਫਾਜਤ ਕਰਨ ਦੇ ਦ੍ਰਿਸਟੀਕੋਣ ਤੋਂ ਸਰਮਾਏਦਾਰਾ ਦੀ ਨੀਤੀ ਬਿਲਕੁਲ ਠੀਕ ਹੈ। ਨਿਰਸੰਦੇਹ ਜੇ ਪਰੋਲੇਤਾਰੀਆ ਸੋਸਲਿਸਟ ਇਨਕਲਾਬ ਨੂੰ ਇਸ ਦੇ ਅਰੰਭ ਤੇ ਹੀ **ਦਬਾ ਦੇਂਦਾ** ਹੈ ਤਾ ਇਹ **ਜ਼ਰੂਰੀ** ਹੈ ਕਿ ਭਰਾਤਰੀਪੁਣੇ ਨੂੰ ਉਸੇ ਤਰ੍ਹਾ ਸਮਝਿਆ ਜਾਵੇ ਜਿਸੇਂ ਸਰਮਾਏਦਾਰ ਸਮਝਦੇ ਹਨ।

ਜਮਾਤੀ ਤੌਰ ਤੇ ਸੁਚੇਤ ਮਜਦੂਰ ਇਹਨਾਂ ਦੇ ਮਗਰ ਅਰਧ-ਪਰੋਲੇਤਾਰੀਆ ਤੇ ਗਰੀਬ ਕਿਸਾਨਾ ਦਾ ਸਮੂਹ, ਜੋ ਗੁਲਾਮ ਜਮਾਤਾ ਦੀ ਅਸਲੀ ਰੁਚੀ ਤੋਂ ਅਗਵਾਈ ਲੈਂਦੇ ਹਨ, ਭਰਾਤਰੀ-ਪੁਣੇ ਨੂੰ ਡੂੰਘੀ ਹਮਦਰਦੀ ਨਾਲ ਸਮਝਦੇ ਹਨ। ਸਪਸਟ ਤੌਰ ਤੇ, ਭਰਾਤਰੀਪੁਣਾ ਅਮਨ ਵਲ ਜਾਂਦਾ ਮਾਰਗ ਹੈ। ਸਪਸਟ ਤੌਰ ਤੇ, ਇਹ ਮਾਰਗ ਸਰਮਾਏਦਾਰ ਸਰਕਾਰ ਦੇ ਵਿਚੋਂ ਦੀ ਉਹਨਾ ਨਾਲ ਗਠਜੋੜ ਦੇ ਵਿਚੋਂ ਦੀ ਨਹੀ ਗੁਜਰਦਾ ਸਗੋਂ ਉਹਨਾ ਦੇ **ਵਿਰੁਧ** ਗੁਜਰਦਾ ਹੈ। ਸਪਸਟ ਤੌਰ ਤੇ ਇਹ ਮਾਰਗ ਵਖ ਵਖ ਦੇਸਾ ਦੇ ਮਜਦੂਰਾ ਵਿਚਲੇ ਭਰਾਤਰੀ ਵਿਸਵਾਸ ਨੂੰ ਵਿਕਸਤ, ਮਜਬੂਤ ਤੇ ਪੱਕਾ ਕਰਨਾ ਚਾਹੁੰਦਾ ਹੈ। ਸਪਸਟ ਤੌਰ ਤੇ, ਇਹ ਮਾਰਗ ਬੈਰਕਾ ਜੇਲ੍ਹਾ ਦੇ ਘਿਰਣਤ ਡਸਿਪਲਨ ਨੂੰ, ਸਿਪਾਹੀਆ ਦੀ "ਆਪਣੇ" ਅਫਸਰਾ ਤੇ ਜਰਨੈਲਾ ਪ੍ਰਤੀ ਉਸ ਦੇ ਸਰਮਾਏਦਾਰਾਂ ਪ੍ਰਤੀ (ਕਿਉਂ ਜੋ ਬਹੁਤੇ ਜਰਨੈਲ ਤੇ ਅਫਸਰ ਜਾ ਤਾ ਸਰਮਾਏਦਾਰ ਜਮਾਤ ਦੇ ਹਨ ਜਾ ਇਸ ਦੇ ਹਿਤਾ ਦੀ ਰਾਖੀ ਕਰਦੇ ਹਨ) ਅੰਨ੍ਹੀ ਆਗਿਆਕਾਰੀ ਨੂੰ ਤਬਾਹ ਕਰਨ ਲਗਾ ਹੈ, ਭਰਾਤਰੀਪੁਣਾ **ਜਨਸਮੂਹਾਂ** ਦੀ ਇਨਕਲਾਬੀ ਪਹਿਲਕਦਮੀ ਹੈ, ਉਹ ਗੁਲਾਮ ਜਮਾਤਾ ਦੀ ਚੇਤਨਤਾ, ਸੋਚ ਤੇ ਦਲੇਰੀ ਦੀ ਜਾਗਰਤੀ ਹੈ, ਦੂਜੇ ਸ਼ਬਦਾ ਵਿਚ, ਇਹ ਸੋਸਲਿਸਟ ਪਰੋਲੇਤਾਰੀ ਇਨਕਲਾਬ ਵਲ ਲਿਜਾਂਦੀ ਪੌੜੀ ਦਾ ਇਕ ਡੰਡਾ ਹੈ।

**ਭਰਾਤਰੀਪੁਣਾ ਜਿੰਦਾਬਾਦ ! ਪਰੋਲੇਤਾਰੀਆ ਦਾ ਉਭਰ ਰਿਹਾ ਵਿਸ਼ਵ ਵਿਆਪੀ ਸੋਵੀਅਤ ਇਨਕਲਾਬ ਜ਼ਿੰਦਾਬਾਦ !**

ਇਸ ਲਈ ਕਿ ਭਰਾਤਰੀਪੁਣੇ ਦਾ ਉਹ ਟੀਚਾ, ਜੋ ਅਸਾਂ ਨਿਸ਼ਚਿਤ ਕੀਤਾ ਹੈ, ਵਧੇਰੇ ਸੌਖ ਨਾਲ, ਯਕੀਨੀ ਤੌਰ ਤੇ, ਅਤੇ ਤੇਜ਼ੀ ਨਾਲ ਪਰਾਪਤ ਕਰ ਲਵੇ। ਸਾਨੂੰ ਇਸ ਗੱਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਇਹ ਚੰਗੀ ਤਰ੍ਹਾਂ ਜਥੇਬੰਦ ਹੋਵੇ ਤੇ ਇਸ ਦਾ ਸਪੱਸ਼ਟ ਰਾਜਸੀ ਪ੍ਰੋਗਰਾਮ ਹੋਵੇ।

ਸਰਮਾਏਦਾਰਾਂ ਦਾ ਰੋਹ ਵਿਚ ਆਇਆ ਪ੍ਰੈਸ ਤੇ ਉਹਨਾਂ ਦੇ ਦੋਸਤ ਭਾਵੇਂ ਸਾਡੇ ਕਿੰਨੀਆਂ ਵਧੇਰੇ ਤੇ ਤੁਹਮਤਾਂ ਮੜ੍ਹਨ, ਸਾਨੂੰ ਅਰਾਜਕਤਾਵਾਦੀ ਆਖਣ, ਸਾਨੂੰ ਇਹ ਦੁਹਰਾਉਣ ਤੋਂ ਕਦੇ ਵੀ ਨਹੀਂ ਥੱਕਣਾ ਚਾਹੀਦਾ : ਅਸੀਂ ਅਰਾਜਕਤਾਵਾਦੀ ਨਹੀਂ ਹਾਂ, ਅਸੀਂ ਜਨਸਮੂਹ ਦੀ ਇਕ ਵਧੀਆ ਸੰਭਾਵੀ ਜਥੇਬੰਦੀ ਅਤੇ ਇਕ ਬਹੁਤ ਮਜ਼ਬੂਤ "ਰਾਜ" ਸੱਤਾ ਦੇ ਦ੍ਰਿੜ੍ਹ ਵਕੀਲ ਹਾਂ। ਪਰ ਜਿਹੜਾ ਰਾਜ ਅਸੀਂ ਚਾਹੁੰਦੇ ਹਾਂ ਉਹ ਬੁਰਜੂਆ ਪਾਰਲੀਮੈਂਟਰੀ ਰੀਪਬਲਿਕ ਨਹੀਂ ਸਗੋਂ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀ ਇਕ ਰੀਪਬਲਿਕ ਹੈ।

ਅਸਾਂ ਸਦਾ ਇਹ ਸਿਫਾਰਸ਼ ਕੀਤੀ ਹੈ ਕਿ ਭਰਾਤਰੀਪੁਣਾ ਇਕ ਬਹੁਤ ਹੀ ਜਥੇਬੰਦ ਢੰਗ ਨਾਲ ਅਮਲ ਵਿਚ ਲਿਆਉਣਾ ਚਾਹੀਦਾ ਹੈ, ਇਸ ਗੱਲ ਦਾ ਖ਼ੁਦ ਸਿਪਾਹੀਆਂ ਦੀ ਸੋਝੀ, ਤਜਰਬੇ ਤੇ ਡੂੰਘੀ ਨੀਝ ਦੀ ਮੱਦਦ ਨਾਲ ਧਿਆਨ ਰਖਦਿਆਂ, ਕਿ ਉਸ ਵਿਚ ਕੋਈ ਵੀ ਮੰਦਾ ਬੰਦਾ ਨਾ ਹੋਵੇ ਅਤੇ ਕਿ ਅਫਸਰਾਂ ਤੇ ਜਰਨੈਲਾਂ ਨੂੰ, ਜੋ ਭਰਾਤਰੀਪੁਣੇ ਦੇ ਵਿਰੁੱਧ ਦੋਖੀ ਤੁਹਮਤਾਂ ਫੈਲਾਉਂਦੇ ਹਨ, ਮੀਟਿੰਗਾਂ ਵਿਚ ਸ਼ਾਮਲ ਹੋਣ ਤੋਂ ਦੂਰ ਰਖਿਆ ਜਾਵੇ।

ਸਾਡਾ ਮੰਤਵ ਭਰਾਤਰੀਪੁਣੇ ਨੂੰ ਆਮ ਤੌਰ ਤੇ ਅਮਨ ਬਾਰੇ ਗੱਲਾਂ ਬਾਤਾਂ ਤੱਕ ਸੀਮਤ ਸੀਮਤ ਰਖਣਾ ਨਹੀਂ, ਸਗੋਂ ਇਸ ਨੂੰ **ਇਕ ਸਪੱਸ਼ਟ** ਰਾਜਸੀ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕਰਨਾ ਹੈ, ਅਜਿਹਾ ਵਿਚਾਰ ਵਟਾਂਦਰਾ ਕਿ ਜੰਗ ਨੂੰ **ਕਿਵੇਂ** ਖ਼ਤਮ ਕੀਤਾ ਜਾਵੇ, ਸਰਮਾਏਦਾਰਾਂ ਦੇ ਜੂਲੇ ਨੂੰ **ਕਿਵੇਂ** ਲਾਹਿਆ ਜਾਵੇ, ਜਿਨ੍ਹਾਂ ਨੇ ਇਹ ਜੰਗ ਸ਼ੁਰੂ ਕੀਤੀ ਤੇ ਹੁਣ ਉਸ ਨੂੰ ਲਮਕਾਈ ਜਾ ਰਹੇ ਹਨ।

ਇਸ ਲਈ ਸਾਡੀ ਪਾਰਟੀ ਨੇ ਸਾਰੇ ਲੜਾਈ ਕਰ ਰਹੇ ਦੇਸ਼ਾਂ ਦੇ ਸਿਪਾਹੀਆਂ ਨੂੰ ਇਕ ਅਪੀਲ ਜਾਰੀ ਕੀਤੀ ਹੈ ਜੋ ਇਹਨਾਂ ਸੁਆਲਾਂ ਦਾ ਇਕ ਨਿਸ਼ਚਿਤ ਤੇ ਸਹੀ ਜੁਆਬ ਅਤੇ ਇਕ ਸਪੱਸ਼ਟ ਰਾਜਸੀ ਪ੍ਰੋਗਰਾਮ ਦੇਂਦੀ ਹੈ।

ਇਹ ਇਕ ਚੰਗੀ ਗੱਲ ਹੈ ਕਿ ਸਿਪਾਹੀ ਜੰਗ ਨੂੰ ਧਿਰਕਾਰ ਰਹੇ ਹਨ। ਇਹ ਚੰਗੀ ਗੱਲ ਹੈ ਕਿ ਉਹ ਅਮਨ ਦੀ ਮੰਗ ਕਰ ਰਹੇ ਹਨ। ਇਹ ਇਕ ਚੰਗੀ ਗੱਲ ਹੈ ਕਿ ਉਹਨਾਂ ਨੇ ਇਹ ਸਮਝਣਾ ਸ਼ੁਰੂ ਕਰ ਦਿਤਾ ਹੈ ਕਿ ਇਹ ਜੰਗ ਸਰਮਾਏਦਾਰਾ ਲਈ ਲਾਹੇਵੰਦ ਹੈ। ਇਹ ਚੰਗੀ ਗੱਲ ਹੈ ਕਿ ਉਹ ਕਰੜੇ ਡਸਿਪਲਨ ਨੂੰ ਦਰੜ ਰਹੇ ਹਨ ਅਤੇ ਸਾਰੇ ਮੋਰਚਿਆਂ ਉਤੇ ਭਰੱਪਣ ਆਰੰਭ ਕਰ ਰਹੇ ਹਨ। ਇਹ ਸਭ ਕੁਝ ਚੰਗਾ ਹੈ।

ਪਰ ਇਹ ਕਾਫ਼ੀ ਨਹੀਂ ਹੈ।

ਸਿਪਾਹੀਆਂ ਨੂੰ ਹੁਣ ਭਰਾਤਰੀਪੁਣੇ ਦੇ ਰੂਪ ਵਿਚ ਪਰਵੇਸ਼ ਕਰਨਾ ਚਾਹੀਦਾ ਹੈ ਜਿਸ ਵਿਚ ਇਕ ਸਪੱਸ਼ਟ ਰਾਜਸੀ ਪ੍ਰੋਗਰਾਮ ਵਿਚਾਰਿਆ ਜਾਵੇ। ਅਸੀਂ ਅਰਾਜਕਤਾਵਾਦੀ ਨਹੀਂ ਹਾਂ। ਅਸੀਂ ਇਹ ਨਹੀਂ ਸਮਝਦੇ ਕਿ ਜੰਗ ਸਾਧਾਰਨ "ਇਨਕਾਰ" ਰਾਹੀਂ, ਵਿਅਕਤੀਆਂ, ਗਰੁੱਪਾਂ ਜਾਂ ਵਕਤੀ "ਭੀੜ" ਦੇ ਇਨਕਾਰ ਰਾਹੀਂ ਖ਼ਤਮ ਕੀਤੀ ਜਾ ਸਕਦੀ ਹੈ। ਅਸੀਂ ਜੰਗ ਦੇ ਕਈ ਦੇਸ਼ਾਂ ਵਿਚ **ਇਨਕਲਾਬ** ਰਾਹੀਂ, ਭਾਵ ਇਕ ਨਵੀਂ ਜਮਾਤ ਵਲੋਂ ਸਰਮਾਏਦਾਰ ਵਲੋਂ ਨਹੀਂ

ਨਾ ਹੀ ਛੋਟੇ ਮਾਲਕਾਂ ਰਾਹੀਂ (ਜੋ ਹਮੇਸ਼ਾ ਅੱਧ-ਪਚੱਧੇ ਸਰਮਾਏਦਾਰਾਂ ਉੱਤੇ ਨਿਰਭਰ ਕਰਦੇ ਹਨ) ਸਗੋਂ ਪਰੋਲੇਤਾਰੀਆ ਤੇ ਅਰਧ-ਪਰੋਲੇਤਾਰੀਆ ਰਾਹੀਂ ਰਾਜ ਸੱਤਾ ਪ੍ਰਾਪਤ ਕਰਨ ਰਾਹੀਂ ਖ਼ਾਤਮੇ ਦੇ ਹੱਕ ਵਿਚ ਹਾਂ।

ਅਤੇ ਸੋ, ਸਾਰੇ ਲੜ ਰਹੇ ਸਿਪਾਹੀਆਂ ਨੂੰ ਆਪਣੀ ਅਪੀਲ ਵਿਚ ਅਸਾਂ ਸਾਰੇ ਦੇਸ਼ਾਂ ਵਿਚ ਇਕ ਮਜ਼ਦੂਰਾਂ ਦੇ ਇਨਕਲਾਬ ਲਈ ਪ੍ਰੋਗਰਾਮ ਪੇਸ਼ ਕੀਤਾ ਹੈ, ਭਾਵ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਨੂੰ ਰਾਜ ਸੱਤਾ ਸੌਂਪਣ ਦਾ ਪ੍ਰੋਗਰਾਮ।

ਸਾਥੀ ਸਿਪਾਹੀਓ! ਇਸ ਪ੍ਰੋਗਰਾਮ ਨੂੰ ਆਪਣੇ ਵਿਚਾਲੇ ਤੇ ਜਰਮਨ ਸਿਪਾਹੀਆਂ ਨਾਲ ਵਿਚਾਰੋ! ਅਜਿਹਾ ਵਿਚਾਰ ਵਟਾਂਦਰਾ ਜੰਗ ਨੂੰ ਖ਼ਤਮ ਕਰਨ ਦਾ ਤੇ ਸਰਮਾਏ ਦੇ ਜੂਲੇ ਨੂੰ ਲਾਹੁਣ ਦਾ, ਬਹੁਤ ਹੀ ਜਥੇਬੰਦ ਤੇ ਅਤਿ ਨੇੜੇ ਦਾ ਰਾਹ ਲਭਣ ਵਿਚ ਤੁਹਾਡੀ ਮੱਦਦ ਕਰੇਗਾ।

ਸਰਮਾਏ ਦੇ ਇਕ ਸੇਵਕ, ਪਲੈਖਾਨੋਵ, ਬਾਰੇ ਇਕ ਸਬਦ। ਇਹ ਵੇਖਣਾ ਬੜੇ ਅਫ਼ਸੋਸ ਦੀ ਗੱਲ ਹੈ ਕਿ ਇਹ ਸਾਬਕ ਸੋਸ਼ਲਿਸਟ ਕਿਤਨੀ ਨੀਵੀਂ ਪੱਧਰ ਤੇ ਚਲਿਆ ਗਿਆ ਹੈ। ਉਹ ਭਰਾਤਰੀਪੁਣੇ ਦਾ ਟਾਕਰਾ "ਗੱਦਾਰੀ" ਨਾਲ ਕਰਦਾ ਹੈ। ਉਸ ਦੀ ਦਲੀਲ ਹੈ: ਜੇ ਭਰਾਤਰੀ-ਪੁਣਾ ਸਫ਼ਲ ਹੋ ਜਾਵੇ ਤਾਂ ਕੀ ਇਹ ਇਕ ਵੱਖਰੇ ਅਮਨ ਸਮਝੌਤੇ ਵਲ ਨਾ ਲੈ ਜਾਵੇਗਾ?

ਨਹੀਂ, ਮਿਸਟਰ ਸਾਬਕ ਸੋਸਲਿਸਟ, ਭਰਾਤਰੀਪੁਣਾ ਜਿਸ ਦਾ ਸੁਝਾਅ ਅਸਾਂ ਸਾਰੇ ਮੋਰਚਿਆ ਉਤੇ ਦਿੱਤਾ ਹੈ, ਕਈ ਦੇਸ਼ਾ ਦੇ ਸਰਮਾਏਦਾਰਾ ਵਿਚਾਲੇ "ਵਖਰੇ" ਅਮਨ ਵਲ ਨਹੀਂ ਲਿਜਾਏਗਾ ਸਗੋਂ ਸਾਰੇ ਦੇਸਾ ਦੇ ਇਨਕਲਾਬੀ ਮਜਦੂਰਾ ਵਿਚਾਲੇ, ਸਾਰੇ ਦੇਸਾ ਦੇ ਸਰਮਾਏਦਾਰਾ ਦੇ **ਬਾਵਜੂਦ**, ਸਰਮਾਏਦਾਰਾ ਦੇ **ਵਿਰੁਧ** ਅਤੇ ਉਹਨਾ ਦੇ ਜੂਲੇ ਨੂੰ ਲਾਹੁਣ ਲਈ ਇਕ ਵਿਸ਼ਵ-ਵਿਆਪੀ ਅਮਨ ਵਲ ਲਿਜਾਏਗਾ।

**ਪਰਾਵਦਾ** ਨੰਬਰ 43
11 ਮਈ (28 ਅਪਰੈਲ), 1917

# ਆਰਜ਼ੀ ਸਰਕਾਰ ਦੇ ਉਲਟ-ਇਨਕਲਾਬੀ ਕਦਮ ਕਿਹੜੇ ਪਾਸੇ ਲਿਜਾਂਦੇ ਹਨ

ਅਸਾਂ ਹੇਠਲੀ ਤਾਰ ਪਰਾਪਤ ਕੀਤੀ ਹੈ :

''ਯੇਨੀਸੀਸਕ । ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਨੇ ਮੰਤਰੀ ਲਵੋਵ ਦੀ ਯੇਨੀਸੀਸਕ ਗੁਬੇਰਨੀਆ ਦੇ ਨਿਯੁਕਤ ਕਮਿਸ਼ਨਰ ਕਰੂਤੋਵਸਕੀ ਵਲ, ਜਿਸ ਨੂੰ ਅਗਵਾਈ ਲਈ ਯੇਨੀਸੀਸਕ ਭੇਜਿਆ ਗਿਆ ਹੈ, ਤਾਰ ਦਾ ਨੋਟਿਸ ਲਿਆ ਗਿਆ ਹੈ।

"ਅਸੀਂ ਇਕ ਨੌਕਰਸਾਹੀ ਦੇ ਮੁੜ ਪ੍ਰਚੱਲਤ ਕਰਨ ਦੇ ਇਰਾਦੇ ਦੇ ਵਿਰੁੱਧ ਰੋਸ ਪ੍ਰਗਟ ਕਰਦੇ ਹਾਂ। ਅਸੀਂ ਪਹਿਲਾਂ ਇਸ ਗੱਲ ਦਾ ਐਲਾਨ ਕਰਦੇ ਹਾਂ ਕਿ ਅਸੀਂ ਉਪਰੋਂ ਨਿਯੁਕਤ ਕੀਤੇ ਅਧਿਕਾਰੀਆਂ ਰਾਹੀਂ ਰਾਜ ਦੇ ਹੱਕ ਵਿਚ ਨਹੀਂ ਹਾਂ। ਦੂਜਾ ਜਿਹੜੇ ਅਧਿਕਾਰੀਆਂ ਨੂੰ ਕਿਸਾਨਾਂ ਨੇ ਬਾਹਰ ਕਢ ਦਿਤਾ ਹੈ ਉਹਨਾਂ ਦੀ ਵਾਪਸੀ ਨਹੀਂ ਹੋ ਸਕਦੀ। ਤੀਜਾ, ਅਸੀਂ ਕੇਵਲ ਅਜਿਹੇ ਅਦਾਰਿਆ ਨੂੰ ਪਰਵਾਨ ਕਰਦੇ ਹਾਂ, ਜਿਹੋ ਜਿਹਾ ਆਮ ਲੋਕਾਂ ਵਲੋਂ ਯੇਨੀਸੀਸਕ ਯੂਏਜ਼ਦ ਵਿਚ ਸਥਾਪਤ ਕੀਤਾ ਗਿਆ ਹੈ। ਚੌਥਾ, ਨਿਯੁਕਤ ਅਧਿਕਾਰੀ ਏਥੇ ਕੇਵਲ ਸਾਡੀਆਂ ਲਾਸ਼ਾਂ ਉਤੇ ਹੀ ਰਾਜ ਕਰ ਸਕਦੇ ਹਨ—ਡਿਪਟੀਆਂ ਦੀ ਯੇਨੀਸੀਸਕ ਸੋਵੀਅਤ।"

ਅਤੇ ਇਸ ਤਰ੍ਹਾਂ ਆਰਜ਼ੀ ਸਰਕਾਰ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਯੇਨੀਸੀਸਕ ਸੋਵੀਅਤ ਦੀਆਂ ਜਾਂ ਆਮ ਤੌਰ ਤੇ, ਸਵੈ-ਸਾਸ਼ਨ ਦੇ ਯੇਨੀਸੀਸਕ ਇਦਾਰੇ ਦੀਆਂ ਸਰਗਰਮੀਆਂ ਦਾ "ਨਿਰਦੇਸ਼ਨ" ਕਰਨ ਲਈ ਪੀਤਰੋਗਰਾਦ ਤੋਂ "ਕਮਿਸ਼ਨਰ" ਨਿਯੁਕਤ ਕਰਦੀ ਹੈ। ਇਸ ਤੋਂ ਉਪਰੰਤ, ਇਹ ਨਿਯੁਕਤੀ ਇਸ ਢੰਗ ਨਾਲ ਕੀਤੀ ਗਈ ਹੈ ਕਿ ਇਸ ਨੇ "ਇਕ ਨੌਕਰਸ਼ਾਹੀ ਨੂੰ ਮੁੜ ਕੇ ਲਾਗੂ ਕਰਨ ਦੇ ਇਰਾਦੇ" ਦੇ ਵਿਰੁੱਧ ਯੇਨੀਸੀਸਕ ਸੋਵੀਅਤ ਦਾ ਰੋਸ ਜਗਾ ਦਿਤਾ ਹੈ।

ਇਸ ਤੋਂ ਉਪਰੰਤ, ਯੇਨੀਸੀਸਕ ਸੋਵੀਅਤ ਐਲਾਨ ਕਰਦੀ ਹੈ ਕਿ "ਨਿਯੁਕਤ ਕੀਤੇ ਗਏ ਅਧਿਕਾਰੀ ਸਾਡੀਆਂ ਲਾਸ਼ਾਂ ਉਤੇ ਹੀ ਰਾਜ ਕਰ ਸਕਦੇ ਹਨ।" ਆਰਜ਼ੀ ਸਰਕਾਰ ਦੇ ਇਸ ਵਤੀਰੇ ਨੇ ਸਾਇਬੇਰੀਆ ਵਿਚ ਇਸ ਦੂਰ ਦੁਰਾਡੇ ਦੇ ਯੂਏਜ਼ਦ ਨੂੰ, ਜਿਵੇਂ ਇਹ ਜਨਤਕ ਤੌਰ ਤੇ ਚੁਣੇ ਹੋਏ ਅਦਾਰੇ ਦੀ ਪ੍ਰਤੀਨਿਧਤਾ ਕਰਦੀ ਹੈ, ਇਸ ਨੁਕਤੇ ਤੇ ਲਿਆ ਖੜਾ ਕੀਤਾ ਹੈ ਜਦੋਂ ਆਰਜ਼ੀ ਸਰਕਾਰ ਦੇ ਵਿਰੁੱਧ ਹਥਿਆਰਬੰਦ ਮੁਜ਼ਾਹਮਤ ਦੀ ਸਿੱਧੀ ਧਮਕੀ ਦਿਤੀ ਗਈ ਹੈ।

ਨਿਰਸੰਦੇਹ, ਆਰਜ਼ੀ ਸਰਕਾਰ ਦੇ ਮਾਲਕਾਂ ਇਸ ਲਈ ਉਕਸਾਇਆ ਹੋਵੇਗਾ।

ਫਿਰ ਵੀ ਉਹ ਉਹਨਾਂ ਸ਼ਰਾਰਤੀ ਲੋਕਾਂ ਦੇ ਵਿਰੁਧ ਗਜਵੇਂ ਦੂਸ਼ਣ ਮੜ੍ਹੀ ਜਾਣਗੇ ਜੋ "ਗ੍ਰਹਿ ਯੁੱਧ" ਦਾ "ਪਰਚਾਰ" ਕਰਦੇ ਹਨ !

ਇਕ ਚੁਣੇ ਹੋਏ ਸਥਾਨਕ ਇਦਾਰੇ ਦਾ ਕਰਮਚਾਰੀਆਂ ਦੇ 'ਨਿਰਦੇਸ਼ਨ' ਲਈ ਪੀਤਰੋਗਰਾਦ ਤੋਂ, ਜਾਂ ਕਿਸੇ ਹੋਰ ਕੇਂਦਰ ਤੋਂ "ਕਮਿਸ਼ਨਰ" ਨਿਯੁਕਤ ਕਰਨ ਦਾ ਵਿਚਾਰ ਕੀ ਸੀ ? ਕੀ ਅਸੀਂ ਇਹ ਵਿਸ਼ਵਾਸ ਕਰੀਏ ਕਿ ਇਕ ਬਾਹਰਲਾ ਬੰਦਾ ਸਥਾਨਕ ਲੋਕਾਂ ਤੋਂ ਵਧੇਰੇ ਜਾਣੂ ਹੈ, ਸਥਾਨਕ ਵਸੋਂ ਦੇ "ਨਿਰਦੇਸ਼ਨ" ਲਈ ਵਧੇਰੇ ਯੋਗ ਹੈ ? ਇਕ ਅਜਿਹੇ ਬੇਹੂਦਾ ਕਦਮ ਲਈ ਯੇਨੀਸੀਸਕ ਦੇ ਲੋਕਾਂ ਨੇ ਕੀ ਕਾਰਨ ਪੇਸ਼ ਕੀਤਾ ਹੈ ? ਫਿਰ ਵੀ ਜੇ ਯੇਨੀਸੀਸਕ ਦੇ ਲੋਕਾਂ ਨੇ ਹੋਰ ਇਲਾਕਿਆਂ ਵਿਚਲੇ ਸ਼ਹਿਰੀਆਂ ਦੀ ਬਹੁ-ਗਿਣਤੀ ਦੇ ਫੈਸਲਿਆਂ ਦੇ ਕਿਸੇ ਤਰ੍ਹਾਂ ਕੋਈ ਵਿਰੁਧ ਕੰਮ ਕੀਤਾ ਹੈ, ਕੀ ਇਹ ਚੰਗੀ ਗਲ ਨਾ ਹੁੰਦੀ ਜੇ ਅਰੰਭ ਵਿਚ ਨੌਕਰਸ਼ਾਹੀ ਬਾਰੇ ਗੱਲਾਂ ਦਾ, ਤੇ ਸਥਾਨਕ ਵਸੋਂ ਵਿਚ ਹੱਕੀ ਅਸੰਤੁਸ਼ਟਤਾ ਤੇ ਨਰਾਜ਼ਗੀ ਜਗਾਉਣ ਦਾ ਮੌਕਾ ਦੇਣ ਦੀ ਥਾਂ ਕੁਝ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਂਦਾ ?

ਇਹਨਾਂ ਸਾਰੇ ਸੁਆਲਾਂ ਦਾ ਕੇਵਲ ਇਕ ਜੁਆਬ ਹੋ ਸਕਦਾ ਹੈ। ਆਰਜ਼ੀ ਸਰਕਾਰ ਵਿਚ ਬਰਾਜਮਾਨ ਜਗੀਰਦਾਰਾਂ ਤੇ ਸਰਮਾਏਦਾਰਾਂ ਦੇ ਪ੍ਰਤੀਨਿਧ ਸਰਕਾਰ ਦੀ ਪੁਰਾਣੀ ਜ਼ਾਰਸ਼ਾਹੀ **ਮਸ਼ੀਨਰੀ ਨੂੰ ਬਹਾਲ** ਰਖਣ ਤੇ ਤੁਲੇ ਹੋਏ ਹਨ : ਉਪਰੋਂ "ਨਿਯੁਕਤ ਕੀਤੇ ਗਏ" ਅਧਿਕਾਰੀ। ਇਹੋ ਕੁਝ, ਸੰਸਾਰ ਵਿਚ ਸਾਰੀਆਂ ਬੁਰਜੂਆ ਪਾਰਲੀਮੈਂਟਰੀ ਰੀਪਬਲਿਕਾਂ ਵਿਚ, ਕੁਝ ਦਸ਼ਾ ਵਿਚ ਇਨਕਲਾਬ ਦੇ ਸੰਖੇਪ ਸਮਿਆਂ ਤੋਂ ਇਲਾਵਾ, ਲਗਪਗ ਹਮੇਸ਼ਾ ਕਰਦੀਆਂ ਆ ਰਹੀਆਂ ਹਨ। ਇਹੋ ਕੁਝ, ਇਕ ਰੀਪਬਲਿਕ ਤੋਂ ਪਾਤਸ਼ਾਹੀ ਵਲ ਵਾਪਸੀ ਲਈ, ਨਪੋਲੀਅਨਾਂ ਵਲ ਵਾਪਸੀ, ਫੌਜੀ ਡਿਕਟੇਟਰਾਂ ਵਲ ਵਾਪਸੀ ਲਈ ਜ਼ਮੀਨ ਤਿਆਰ ਕਰਨ ਲਈ ਕੀਤਾ ਗਿਆ ਸੀ। ਅਤੇ ਇਹੋ ਹੈ ਜੋ ਕੇਡਿਟ ਕਰਨ ਤੇ ਤੁਲੇ ਹੋਏ ਹਨ ਜਦੋਂ ਉਹ ਉਹਨਾ ਨਾਖੁਸ਼ਗਵਾਰ ਉਦਾਹਰਣਾ ਦੀ ਨਕਲ ਕਰਦੇ ਹਨ।

ਇਹ ਬੜਾ ਗੰਭੀਰ ਮਾਮਲਾ ਹੈ। ਸਾਨੂੰ ਆਪਣੇ ਆਪ ਨੂੰ ਧੋਖਾ ਨਹੀਂ ਦੇਣਾ ਚਾਹੀਦਾ। ਅਜਿਹੇ ਕਦਮਾ ਰਾਹੀਂ ਆਰਜ਼ੀ ਸਰਕਾਰ, ਚਾਹੇ ਉਸ ਦਾ ਇਰਾਦਾ ਹੋਵੇ ਜਾਂ ਨਾ, ਰੂਸ ਵਿਚ ਪਾਤਸ਼ਾਹੀ ਦੀ ਬਹਾਲੀ ਲਈ **ਜ਼ਮੀਨ ਤਿਆਰ** ਕਰਦੀ ਹੈ।

ਰੂਸ ਵਿਚ ਪਾਤਸ਼ਾਹੀ ਨੂੰ ਬਹਾਲ ਕਰਨ ਦੇ ਕਿਸੇ ਵੀ ਸੰਭਵ ਤੇ ਕਿਸੇ ਹੱਦ ਤਕ ਅਟੱਲ ਯਤਨ ਦੀ ਸਮੁੱਚੀ ਜ਼ਿੰਮੇਵਾਰੀ ਆਰਜ਼ੀ ਸਰਕਾਰ ਦੇ ਸਿਰ ਆਉਂਦੀ ਹੈ ਜੋ ਅਜਿਹੇ ਉਲਟ-ਇਨਕਲਾਬੀ ਕਦਮ ਪੁਟ ਰਹੀ ਹੈ। ਸਥਾਨਕ ਵਸੋਂ ਦੇ "ਨਿਰਦੇਸ਼ਨ" ਲਈ ਉਪਰੋਂ ਨਿਯੁਕਤ ਕੀਤੇ ਅਧਿਕਾਰੀ ਉਸੇ ਤਰ੍ਹਾਂ ਪਾਤਸ਼ਾਹੀ ਨੂੰ ਬਹਾਲ ਕਰਨ ਵਲ ਹਮੇਸ਼ਾ ਯਕੀਨੀ ਕਦਮ ਰਿਹਾ ਹੈ ਤੇ ਰਹੇਗਾ ਜਿਵੇਂ ਸਟੈਂਡਿੰਗ ਫੌਜ ਤੇ ਪੁਲਸ ਨੂੰ ਬਹਾਲ ਕਰਨ ਦਾ।

ਯੇਨੀਸੀਸਕ ਸੋਵੀਅਤ ਅਮਲੀ ਤੌਰ ਤੇ ਅਤੇ ਅਸੂਲਨ ਦੋਹਾਂ ਪੱਖਾਂ ਤੋਂ ਹਜ਼ਾਰ ਵਾਰ ਸਹੀ ਹੈ। ਉਹਨਾਂ ਅਧਿਕਾਰੀਆਂ ਦੀ ਵਾਪਸੀ ਦੀ ਆਗਿਆ ਨਹੀਂ ਹੋਣੀ ਚਾਹੀਦੀ ਜਿਨ੍ਹਾਂ ਨੂੰ ਕਿਸਾਨਾਂ ਨੇ ਬਾਹਰ ਕੱਢ ਦਿਤਾ ਹੈ। "ਨਿਯੁਕਤ ਕੀਤੇ ਗਏ" ਅਧਿਕਾਰੀਆਂ ਦਾ ਲਾਗੂ ਹੋਣਾ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਸਥਾਨਕ ਅਦਾਰਿਆਂ ਵਿਚ ਕੇਵਲ ਅਜਿਹੇ ਅਦਾਰਿਆਂ ਨੂੰ ਪਰਵਾਨ ਕਰਨਾ ਚਾਹੀਦਾ ਹੈ ਜਿਹੜੇ ਲੋਕਾਂ ਨੇ ਆਪ ਸਥਾਪਤ ਕੀਤੇ ਹੋਣ।

ਉਪਰੋਂ "ਨਿਯੁਕਤ ਕੀਤੇ ਗਏ" ਅਧਿਕਾਰੀਆਂ ਵਲੋਂ "ਨਿਰਦੇਸ਼ਨ" ਦਾ ਵਿਚਾਰ ਜ਼ਰੂਰੀ ਤੌਰ ਤੇ ਝੂਠਾ ਤੇ ਗੈਰ-ਜਮਹੂਰੀ ਹੈ। ਇਹ ਸੀਜ਼ਰਵਾਦ, ਬਲਾਂਕਵਾਦੀ **ਮਾਰਅਕੇਬਾਜ਼ੀ** ਹੈ।

ਏਂਗਲਜ਼ ਉਦੋਂ ਬਿਲਕੁਲ ਸਹੀ ਸੀ ਜਦੋਂ 1891 ਵਿਚ ਜਰਮਨ ਸੋਸ਼ਲ-ਡੈਮੋਕਰੇਟਾਂ ਦੇ, ਜੋ ਨੌਕਰਸ਼ਾਹੀ ਦੇ ਬੁਰੀ ਤਰ੍ਹਾਂ ਸ਼ਿਕਾਰ ਸਨ, ਪ੍ਰੋਗਰਾਮ ਦੇ ਖਰੜੇ ਦੀ ਨੁਕਤਾਚੀਨੀ ਕਰਦੇ ਸਮੇਂ ਉਸ ਨੇ ਸਥਾਨਕ ਸਵੈ-ਸ਼ਾਸਨ ਦੀ ਉਪਰੋਂ ਨਿਗਰਾਨੀ ਨਾ ਕਰਨ ਦੀ ਮੰਗ ਕੀਤੀ ਸੀ। ਏਂਗਲਜ਼ ਸਹੀ ਸੀ ਜਦੋਂ ਉਸ ਨੇ ਫ਼ਰਾਂਸ ਦੇ ਤਜਰਬੇ ਦਾ ਹਵਾਲਾ ਦਿਤਾ ਸੀ, ਜਿਸ ਉਤੇ 1792 ਤੋਂ 1798 ਦੇ ਵਿਚਾਲੇ ਸਥਾਨਕ ਚੁਣੇ ਹੋਏ ਇਦਾਰਿਆਂ ਨੇ ਉਪਰੋਂ ਨਿਗਰਾਨੀ ਤੋਂ ਬਿਨਾਂ ਰਾਜ ਕੀਤਾ ਸੀ ਤੇ ਉਹ "ਖੇਰੂ ਖੇਰੂ" ਨਹੀਂ ਸੀ ਹੋਇਆ, ਨਾ ਹੀ ਉਸ ਦਾ "ਵਿਗਠਨ" ਹੋਇਆ ਸੀ, ਸਗੋਂ ਇਸ ਦੇ ਉਲਟ, ਉਹ ਤਕੜਾ ਸੀ, ਜਮਹੂਰੀ ਤੌਰ ਤੇ ਹੋਰ ਮਜ਼ਬੂਤ ਤੇ ਜਥੇਬੰਦ ਹੋਇਆ ਸੀ।

ਮੂਰਖ ਨੌਕਰਸ਼ਾਹੀ ਬਦਗੁਮਾਨੀਆਂ, ਜ਼ਾਰਵਾਦੀ ਲਾਲ ਫੀਤਾ-ਸ਼ਾਹੀ, ਨੌਕਰਸ਼ਾਹੀ ਦੇ ਵਿਗੋਚੇ ਜਿਹੇ ਪਿਛਾਂਹ-ਖਿਚੂ ਪੇਸ਼ਾਵਰਾਨਾ ਵਿਚਾਰ, ਜਗੀਰਦਾਰਾਂ ਤੇ ਸਰਮਾਏਦਾਰਾਂ ਦੀਆਂ ਉਲਟ-ਇਨਕਲਾਬੀ ਰੁਚੀਆਂ ਤੇ ਯਤਨ—ਇਹ ਹੈ ਜ਼ਮੀਨ, ਜੋ ਆਰਜ਼ੀ ਸਰਕਾਰ ਦੇ ਅਜਿਹੇ ਕਦਮਾਂ ਨੂੰ ਪਾਲਦੀ ਪੋਸਦੀ ਹੈ ਜਿਨ੍ਹਾਂ ਬਾਰੇ ਅਸੀਂ ਵਿਚਾਰ ਕਰ ਰਹੇ ਹਾਂ।

ਮਜ਼ਦੂਰਾਂ ਤੇ ਕਿਸਾਨਾਂ ਦੀਆ ਨਰੋਈਆ ਜਮਹੂਰੀ ਭਾਵਨਾਵਾਂ ਜੋ ਆਰਜੀ ਸਰਕਾਰ ਦੇ ਬਾਲਗ ਸਥਾਨਕ ਵਸੋਂ ਦੀਆਂ, ਜਿਸ ਨੇ ਆਪ ਆਪਣੇ ਪ੍ਰਤੀਨਿਧ ਚੁਣੇ ਹਨ, ਸਰਗਰਮੀਆਂ ਦੇ "ਨਿਰਦੇਸ਼ਨ" ਲਈ ਉਪਰੋਂ ਅਧਿਕਾਰੀ "ਨਿਯੁਕਤ" ਕਰਨ ਦੇ ਅਪਮਾਨਜਨਕ ਯਤਨ ਰਾਹੀਂ ਪੈਦਾ ਹੋਈਆਂ ਹਨ। ਇਹ ਹੈ ਜੋ ਯੇਨੀਸੀਸਕ ਸੋਵੀਅਤ ਨੇ ਸਾਹਮਣੇ ਲਿਆਂਦੀਆਂ ਹਨ।

ਲੋਕਾਂ ਨੂੰ ਇਕ ਅਮਲੀ ਤੌਰ ਤੇ ਜਮਹੂਰੀ, ਮਜ਼ਦੂਰਾਂ ਤੇ ਕਿਸਾਨਾ ਦੀ ਰੀਪਬਲਿਕ ਦੀ ਜ਼ਰੂਰਤ ਹੈ, ਜਿਸ ਦੇ ਅਧਿਕਾਰਤ ਅਦਾਰੇ ਲੋਕਾ ਰਾਹੀਂ ਚੁਣੇ ਗਏ ਹਨ ਅਤੇ ਜਿਨ੍ਹਾਂ ਨੂੰ ਕਿਸੇ ਵੀ ਵੇਲੇ ਲੋਕਾਂ ਵਲੋਂ ਜਦੋਂ ਚਾਹੁਣ ਬਦਲਿਆ ਜਾ ਸਕਦਾ ਹੈ। ਅਤੇ ਇਕ **ਅਜਿਹੀ** ਰੀਪਬਲਿਕ ਲਈ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਦੋ ਜਹਿਦ ਕਰਨੀ ਚਾਹੀਦੀ ਹੈ, ਅਤੇ ਸਰਕਾਰ ਦੀ ਮਸ਼ੀਨਰੀ ਬਹਾਲ ਕਰਨ ਦੇ ਸਾਰੇ ਯਤਨਾਂ ਦੀ **ਵਿਰੋਧਤਾ** ਕਰਨੀ ਚਾਹੀਦੀ ਹੈ।

**ਪਰਾਵਦਾ** ਨੰਬਰ 43,
11 ਮਈ (28 ਅਪਰੈਲ), 1917

# "ਸੱਤਾ ਦਾ ਸੰਕਟ"

ਸਾਰੇ ਦੇ ਸਾਰੇ ਰੂਸ ਨੂੰ 19-21 ਅਪਰੈਲ ਦੇ ਦਿਨ ਚੇਤੇ ਹਨ ਜਦੋਂ ਪੀਤਰੋਗਰਾਦ ਦੀਆਂ ਗਲੀਆਂ ਵਿਚ ਗ੍ਰਹਿਯੁੱਧ ਬਸ ਅਰੰਭ ਹੋਣ ਹੀ ਵਾਲਾ ਸੀ।

21 ਅਪਰੈਲ ਨੂੰ ਆਰਜ਼ੀ ਸਰਕਾਰ ਨੇ ਆਪਣੀ 18 ਅਪਰੈਲ ਦੀ ਲੋਟੂ ਲਿਖਤੀ ਸੂਚਨਾ ਦੀ ਵਿਆਖਿਆ ਲਈ ਇਕ ਹੋਰ ਲਿਖਤੀ ਬਿਆਨ ਜਾਰੀ ਕੀਤਾ।

ਇਸ ਦੇ ਮਗਰੋਂ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆ ਦੀ ਸੋਵੀਅਤ ਦੀ ਕਾਰਜਕਾਰਨੀ ਕਮੇਟੀ ਦੀ ਬਹੁਗਿਣਤੀ ਨੇ ਇਹ ਸਮਝ ਲਿਆ ਕਿ "ਮਾਮਲਾ ਨਿਪਟ ਗਿਆ" ਹੈ।

ਦੋ ਦਿਨ ਬੀਤ ਗਏ ਅਤੇ ਇਕ ਕੁਲੀਸ਼ਨ ਕੈਬਨਿਟ ਦਾ ਸਵਾਲ ਪੈਦਾ ਹੋ ਗਿਆ। ਕਾਰਜਕਾਰਨੀ ਕਮੇਟੀ ਲਗਪਗ ਬਰਾਬਰ ਵੰਡੀ ਗਈ: 23 ਇਕ ਕੁਲੀਸ਼ਨ ਕੈਬਨਿਟ ਦੇ ਵਿਰੁੱਧ, 22 ਇਸ ਦੇ ਹੱਕ ਵਿਚ। ਇਹ ਮਾਮਲਾ ਵੀ ਕਾਗਜ਼ ਉਤੇ "ਨਿਪਟ" ਗਿਆਂ।

ਹੋਰ ਦੋ ਦਿਨ ਬੀਤ ਗਏ, ਅਤੇ ਇਕ ਹੋਰ ਘਟਨਾ ਵਾਪਰ ਗਈ ਹੈ। ਆਰਜ਼ੀ ਸਰਕਾਰ ਦੇ ਇਕ ਆਗੂ ਰੱਖਿਆ ਮੰਤਰੀ ਗੁਚਕੋਵ ਨੇ ਅਸਤੀਫਾ ਦੇ ਦਿਤਾ ਹੈ। ਅਜਿਹੀਆਂ ਗੱਲਾਂ ਵੀ ਹੋ ਰਹੀਆਂ ਹਨ ਕਿ ਸਮੁੱਚੀ ਆਰਜ਼ੀ ਸਰਕਾਰ ਨੇ ਅਸ਼ਤੀਫਾ ਦੇਣ ਦਾ ਫੈਸਲਾ ਕਰ ਲਿਆ ਹੈ। (ਇਹ ਲਿਖਣ ਸਮੇਂ ਅਸੀਂ ਨਹੀਂ ਜਾਣਦੇ ਕਿ ਕੀ ਸਰਕਾਰ ਨੇ ਅਸਤੀਫਾ ਦੇ ਦਿਤਾ ਹੈ ਜਾਂ ਨਹੀਂ?) ਇਕ ਨਵੀਂ "ਘਟਨਾ" ਪੈਦਾ ਹੋ ਗਈ ਹੈ ਜਿਸ ਨੇ ਪਹਿਲਾਂ ਦੀਆਂ ਸਾਰੀਆਂ "ਘਟਨਾਵਾਂ" ਨੂੰ ਧੁੰਦਲਾ ਕਰ ਦਿਤਾ ਹੈ।

ਇੰਨੀਆਂ "ਘਟਨਾਵਾਂ" ਕਿਥੋਂ ਪੈਦਾ ਹੋਈਆਂ ਹਨ? ਕੀ ਕੋਈ ਬੁਨਿਆਦੀ ਕਾਰਨ ਨਹੀਂ ਹੈ ਜਿਸ ਸਦਕਾ "ਘਟਨਾ" ਮਗਰੋਂ "ਘਟਨਾ" ਪੈਦਾ ਹੋ ਗਈ ਹੈ?

ਅਜਿਹਾ ਕਾਰਨ ਮੌਜੂਦ ਹੈ। ਇਸ ਨੂੰ ਅਸੀਂ ਦੁਪਾਸੜ ਸੱਤਾ ਵਜੋਂ ਜਾਣਦੇ ਹਾਂ, ਭਾਵ ਸੋਵੀਅਤ ਅਤੇ ਆਰਜ਼ੀ ਸਰਕਾਰ ਵਿਚਾਲੇ ਸਮਝੌਤੇ ਦੇ ਫਲਸਰੂਪ ਪੈਦਾ ਹੋਈ ਅਸਥਿਰ ਸਮਤੋਲ ਦੀ ਹਾਲਤ।

ਆਰਜ਼ੀ ਸਰਕਾਰ ਸਰਮਾਏਦਾਰਾਂ ਦੀ ਸਰਕਾਰ ਹੈ। ਇਹ ਦੂਜੇ ਦੇਸ਼ਾਂ ਦੇ ਇਲਾਕੇ ਹਥਿਆਉਣ ਦੇ ਆਪਣੇ ਸੁਪਨੇ ਤਿਆਗ ਨਹੀਂ ਸਕਦੀ, ਇਹ ਇਕ ਜਮਹੂਰੀ ਅਮਨ ਰਾਹੀਂ ਲੋਟੂ ਜੰਗ ਖ਼ਤਮ ਨਹੀਂ ਕਰ ਸਕਦੀ, ਉਹ ਆਪਣੀ ਜਮਾਤ (ਸਰਮਾਏਦਾਰਾਂ ਦੀ ਜਮਾਤ) ਦੇ

ਮੁਨਾਫ਼ਿਆਂ ਦੀ ਰਾਖੀ ਕਰਨੋਂ ਨਹੀਂ ਰਹਿ ਸਕਦੀ, ਇਹ ਜਗੀਰਦਾਰਾਂ ਦੀਆਂ ਮਿਲਖਾਂ ਦੀ ਰਾਖੀ ਕੀਤੇ ਬਿਨਾਂ ਨਹੀਂ ਰਹਿ ਸਕਦੀ।

ਸੋਵੀਅਤ ਹੋਰ ਜਮਾਤਾਂ ਦੀ ਪ੍ਰਤੀਨਿਧਤਾ ਕਰਦੀ ਹੈ। ਸੋਵੀਅਤ ਵਿਚ ਬਹੁਤੇ ਮਜ਼ਦੂਰ ਤੇ ਕਿਸਾਨ ਇਹ ਲੁੱਟੂ ਜੰਗ ਨਹੀਂ ਚਾਹੁੰਦੇ, ਉਹ ਸਰਮਾਏਦਾਰਾਂ ਦੇ ਮੁਨਾਫ਼ਿਆਂ ਵਿਚ ਜਾਂ ਜਗੀਰ-ਦਾਰਾਂ ਦੀਆਂ ਸਹੂਲਤਾਂ ਬਹਾਲ ਰਖਣ ਵਿਚ ਦਿਲਚਸਪੀ ਨਹੀਂ ਰਖਦੇ। ਪਰ, ਇਸੇ ਸਮੇਂ, ਉਹਨਾਂ ਦਾ ਅਜੇ ਵੀ ਸਰਮਾਏਦਾਰਾਂ ਦੀ ਆਰਜ਼ੀ ਸਰਕਾਰ ਵਿਚ ਵਿਸ਼ਵਾਸ ਹੈ, ਉਹ ਇਸ ਦੇ ਨਾਲ ਸੰਧੀਆਂ ਦੇ ਇਸ ਸਹੀ ਸਬੰਧ ਰਖਣ ਦੇ ਹੱਕ ਵਿਚ ਹਨ।

ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆ ਦੀਆਂ ਸੋਵੀਅਤਾਂ ਭਰੂਣ ਵਿਚ ਆਪ ਇਕ ਸਰਕਾਰ ਹਨ। ਕਈ ਸੁਆਲਾਂ ਤੇ ਉਹ ਆਰਜ਼ੀ ਸਰਕਾਰ ਦੇ ਟਾਕਰੇ ਵਿਚ ਸੱਤਾ ਵਰਤਣ ਦੇ ਯਤਨ ਕਰਦੀਆਂ ਹਨ। ਸੋ ਸਾਡੇ ਕੋਲ ਇਕ ਵੰਡੀ ਹੋਈ ਸੱਤਾ ਹੈ, ਜਾਂ ਜਿਵੇਂ ਕਿ ਆਖਿਆ ਜਾਂਦਾ ਹੈ, ਇਕ "ਸੱਤਾ ਦਾ ਸੰਕਟ"।

ਇਹ ਅਮਲ ਬਹੁਤਾ ਚਿਰ ਨਹੀਂ ਚਲ ਸਕਦਾ। ਮਾਮਲਿਆਂ ਦੀ ਅਜਿਹੀ ਸਥਿਤੀ ਹਰ ਹਾਲਤ ਵਿਚ ਨਵੀਆ "ਘਟਨਾਵਾਂ" ਤੇ ਤਾਜ਼ਾ ਉਲਝਣਾਂ ਪੈਦਾ ਕਰੇਗੀ। ਇਕ ਕਾਗਜ਼ ਦੇ ਟੁਕੜੇ ਉਤੇ ਇਹ ਅੰਕਤ ਕਰਨਾ ਬੜਾ ਸੌਖਾ ਹੈ: "ਮਾਮਲਾ ਨਿਪਟ ਗਿਆ ਹੈ।" ਪਰ ਅਸਲ ਜੀਵਨ ਵਿਚ ਅਜਿਹੀਆਂ ਘਟਨਾਵਾਂ ਅਲੋਪ ਨਹੀਂ ਹੁੰਦੀਆ ਅਤੇ ਇਸ ਦਾ ਸਾਧਾਰਨ ਕਾਰਨ ਇਹ ਹੈ ਕਿ ਉੱਕਾ ਹੀ "ਘਟਨਾਵਾ" ਨਹੀਂ ਹਨ, ਇਹ ਸਬੱਬੀ ਵਾਪਰਨਾਵਾਂ ਨਹੀਂ ਹਨ, ਨਾ ਹੀ ਛੋਟੇ ਮੋਟੇ ਝਗੜੇ ਹਨ। ਇਹ ਡੂੰਘੀਆਂ ਜੜ੍ਹਾਂ ਪਕੜ ਚੁਕੇ ਸੰਕਟ ਦੀਆਂ ਬਾਹਰੋਂ ਵਿਖਾਈ ਦੇਂਦੀਆਂ ਅਲਾਮਤਾਂ ਹਨ। ਇਹ ਉਸ ਜਿਲ੍ਹਣ ਦਾ ਸਿੱਟਾ ਹਨ ਜਿਸ ਵਿਚ ਮਨੁੱਖਤਾ ਆਪਣੇ ਆਪ ਨੂੰ ਖੁਭਿਆ ਵੇਖ ਰਹੀ ਹੈ। ਇਸ ਲੋਟੂ ਜੰਗ ਵਿਚੋਂ ਨਿਕਲਣ ਦਾ ਉਦੋਂ ਤਕ ਕੋਈ ਰਾਹ ਨਹੀਂ ਹੈ ਜਦੋਂ ਤਕ ਅਸੀਂ ਕੌਮਾਂਤਰੀਵਾਦੀ ਸੋਸ਼ਲਿਸਟਾਂ ਵਲੋਂ ਸੁਝਾਏ ਕਦਮਾਂ ਨੂੰ ਪਰਵਾਨ ਨਹੀਂ ਕਰਦੇ।

ਰੂਸੀ ਲੋਕਾਂ ਨੂੰ ਇਸ "ਸੱਤਾ ਦੇ ਸੰਕਟ" ਨੂੰ ਖ਼ਤਮ ਕਰਨ ਦੇ ਤਿੰਨੇ ਰਾਹ ਪੇਸ਼ ਕੀਤੇ ਗਏ ਹਨ। ਕੁਝ ਕਹਿੰਦੇ ਹਨ: ਜੋ ਕੁਝ ਹੈ ਉਸੇ ਤਰ੍ਹਾਂ ਰਹਿਣ ਦਿਓ, ਆਰਜ਼ੀ ਸਰਕਾਰ ਵਿਚ ਹੋਰ ਵਧੇਰੇ ਵਿਸ਼ਵਾਸ ਕਰੋ। ਅਸਤੀਫ਼ਾ ਦੇਣ ਦੀ ਧਮਕੀ ਸੋਵੀਅਤ ਕੋਲੋਂ ਇਹ ਅਖਵਾਉਣ ਲਈ ਕਿ ਅਸੀਂ ਤੇਰੇ ਤੇ ਹੋਰ ਵਧੇਰੇ ਵਿਸਵਾਸ ਰਖਦੇ ਹਾਂ, ਗਿਣੀ ਮਿਥੀ ਚਲਾਕੀ ਹੋ ਸਕਦੀ ਹੈ। ਆਰਜ਼ੀ ਸਰਕਾਰ ਚਾਹੁੰਦੀ ਹੈ ਕਿ ਸੋਵੀਅਤ ਬੇਨਤੀ ਕਰੇ: ਆਓ ਤੇ ਸਾਡੇ ਉਤੇ ਰਾਜ ਕਰੋ; ਅਸੀਂ ਤੇਰੇ ਬਿਨਾਂ ਕੀ ਕਰਾਂਗੇ......।

ਦੂਜੇ ਇਕ ਕੁਲੀਸ਼ਨ ਕੈਬਨਿਟ ਦਾ ਸੁਝਾਅ ਦੇਂਦੇ ਹਨ। ਆਓ, ਅਸੀਂ ਮਿਲਿਯੂਕੋਵ ਤੇ ਕੰਪਨੀ ਨਾਲ ਵਜ਼ਾਰਤੀ ਮਹਿਕਮੇ ਵੰਡ ਲਈਏ। ਉਹ ਕਹਿੰਦੇ ਹਨ: ਆਓ, ਅਸੀਂ ਆਪਣੇ ਕੁਝ ਬੰਦੇ ਕੈਬਨਿਟ ਵਿਚ ਸ਼ਾਮਲ ਕਰ ਦੇਈਏ; ਫਿਰ ਇਹ ਬੂਟਾਂ ਦਾ ਇਕ ਹੋਰ ਜੋੜਾ ਹੋਵੇਗਾ।

ਅਸੀਂ ਤੀਜੇ ਰਾਹ ਦਾ ਸੁਝਾਅ ਦਿੰਦੇ ਹਾਂ; ਸੋਵੀਅਤਾਂ ਦੀ ਨੀਤੀ ਵਿਚ ਪੂਰਨ ਤਬਦੀਲੀ, ਸਰਮਾਏਦਾਰਾਂ, ਅਤੇ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਹੱਥ ਸਾਰੀ ਸੱਤਾ ਦੀ ਤਬਦੀਲੀ। ਵਿਅਕਤੀਆਂ ਦੀ ਤਬਦੀਲੀ ਕੁਝ ਵੀ ਨਹੀਂ ਦੇਵੇਗੀ; ਨੀਤੀ ਹਰ ਹਾਲਤ ਵਿਚ ਤਬਦੀਲ ਹੋਣੀ ਚਾਹੀਦੀ ਹੈ। ਇਕ ਹੋਰ ਜਮਾਤ ਨੂੰ ਸੱਤਾ ਪ੍ਰਾਪਤ ਕਰਨੀ ਚਾਹੀਦੀ ਹੈ। ਮਜ਼ਦੂਰਾਂ ਤੇ ਸਿਪਾਹੀਆਂ ਦੀ ਇਕ ਸਰਕਾਰ ਉਤੇ ਸਾਰਾ ਸੰਸਾਰ ਵਿਸ਼ਵਾਸ ਕਰੇਗਾ ਕਿਉਂ ਜੋ

ਹਰ ਬੰਦੀ ਜਾਣਦਾ ਹੈ ਕਿ ਇਕ ਮਜ਼ਦੂਰ ਤੇ ਇਕ ਗ਼ਰੀਬ ਕਿਸਾਨ ਕਿਸੇ ਨੂੰ ਲੁੱਟਣਾ ਨਹੀਂ ਚਾਹੇਗਾ। ਕੇਵਲ ਇਹ ਕੁਝ ਜੰਗ ਦਾ ਤੇਜ਼ ਖ਼ਾਤਮਾ ਲਿਆ ਸਕਦਾ ਹੈ, ਕੇਵਲ ਇਹ ਕੁਝ ਆਰਥਕ ਗੜਬੜ ਵਿਚੋਂ ਨਿਕਲਣ ਵਿਚ ਸਾਡੀ ਮੱਦਦ ਕਰ ਸਕਦਾ ਹੈ।

**ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਨੂੰ ਸਾਰੀ ਸੱਤਾ! ਸਰਮਾਏਦਾਰਾਂ ਦੀ ਸਰਕਾਰ ਵਿਚ ਬੇ-ਵਿਸ਼ਵਾਸੀ!**

ਹਰ "ਘਟਨਾ", ਹਰ ਦਿਨ, ਹਰ ਘੜੀ ਇਸ ਨਾਅਰੇ ਦੀ ਦਰੁਸਤੀ ਦੀ ਤਸਦੀਕ ਕਰੇਗੀ।

ਪਰਾਵਦਾ ਨੰਬਰ 46
15 ਮਈ(2),1917

# ਸ਼ਾਨਦਾਰ ਲੱਫਾਜ਼ੀ ਨਾਲ ਕੱਜੀ ਹੋਈ ਸਾਮਰਾਜ ਦੀ ਹਮਾਇਤ.

ਅਜ ਦੇ ਅਖ਼ਬਾਰਾਂ ਵਿਚ ਪੀਤਰੋਗਰਾਦ ਸੋਵੀਅਤ ਦੀ ਕਾਰਜਕਰਨੀ ਕਮੇਟੀ ਦਾ ਸੰਸਾਰ ਦੇ ਸੋਸ਼ਲਿਸਟਾਂ ਦੇ ਨਾਂਅ ਪਰਕਾਸ਼ਤ ਹੋਇਆ ਬਿਆਨ ਉਪਰਲੇ ਸਿਰਲੇਖ ਦੇ ਤੁਲ ਹੈ। ਇਸ ਵਿਚ ਸਾਮਰਾਜ ਦੇ ਵਿਰੁਧ ਬਹੁਤ ਕੁਝ ਆਖਿਆ ਗਿਆ ਹੈ, ਪਰ ਇਹ ਸਾਰੇ ਸ਼ਬਦ ਇਸ ਇਕੋ ਛੋਟੇ ਜਿਹੇ ਵਾਕ ਨਾਲ ਰੱਦ ਹੋ ਜਾਂਦੇ ਹਨ :

"ਇਨਕਲਾਬੀ ਰੂਸ ਦੀ ਆਰਜੀ ਸਰਕਾਰ ਨੇ ਇਹ ਪਰੋਗਰਾਮ ਤਿਆਰ ਕੀਤਾ ਹੈ (ਭਾਵ, ਬਦੇਸ਼ੀ ਇਲਾਕਿਆਂ ਨੂੰ ਹਥਿਆਉਣ ਤੇ ਹਰਜਾਨਿਆਂ ਤੋਂ ਬਿਨਾ ਕੌਮਾ ਦੇ ਸਵੈ-ਨਿਰਣੇ ਦੇ ਅਧਾਰ ਉਤੇ ਅਮਨ)।

ਮਾਮਲੇ ਦਾ ਨਿਚੋੜ ਇਸ ਵਿਚ ਸਥਿਤ ਹੈ। ਇਸ ਨਾਲ ਰੁਸੀ ਸਾਮਰਾਜ ਦੀ ਹਮਾਇਤ ਹੈ, ਜਿਸ ਨੂੰ ਇਹ ਲੁਕਾਉਂਦਾ ਤੇ ਉਸ ਉਤੇ ਪਰਦਾ ਪਾਉਂਦਾ ਹੈ। ਅਸਲ ਵਿਚ ਸਾਡੀ ਆਰਜ਼ੀ ਸਰਕਾਰ, ਬਦੇਸ਼ੀ ਇਲਾਕਿਆ ਨੂੰ ਹਥਿਆਉਣ ਤੋਂ ਬਿਨਾਂ ਅਮਨ ਦਾ ਪਰੋਗਰਾਮ "ਅਪਨਾਉਣ" ਤੋਂ ਕਿਤੇ ਦੂਰ ਹਰ ਦਿਨ, ਹਰ ਘੜੀ ਉਸ ਨੂੰ ਪੈਰਾਂ ਹੇਠ ਲਤਾੜ ਰਹੀ ਹੈ।

ਸਾਡੀ ਆਰਜ਼ੀ ਸਰਕਾਰ ਨੇ "ਕੂਟਨੀਤਕ ਤੋਰ ਤੇ" ਬਦੇਸੀ ਇਲਾਕੇ ਹਥਿਆਉਣ ਨੂੰ ਤਿਆਗਿਆ ਹੈ। ਐਨ ਉਸੇ ਤਰ੍ਹਾ ਜਿਵੇਂ ਜਰਮਨ ਸਰਮਾਏਦਾਰਾ, ਲੱਟੂ ਵਿਲਹੇਲਮ ਤੇ ਬੈਥਮਾਨ-ਹੋਲਵੇਗ ਦੀ ਸਰਕਾਰ ਨੇ ਕੀਤਾ ਹੈ। ਸਬਦਾ ਵਿਚ, ਦੋਹਾ ਸਰਕਾਰਾ ਨੇ ਬਦੇਸ਼ੀ ਇਲਾਕੇ ਹਥਿਆਉਣੇ ਤਿਆਗਣ ਦਾ ਐਲਾਨ ਕੀਤਾ ਹੈ। ਅਮਲ ਵਿਚ, ਦੋਵਾਂ ਸਰਕਾਰਾ ਨੇ ਬਦੇਸੀ ਇਲਾਕੇ ਹਥਿਆਉਣ ਦੀ ਨੀਤੀ ਜਾਰੀ ਰੱਖੀ ਹੋਈ ਹੈ। ਜਰਮਨ ਸਰਮਾਏਦਾਰ ਸਰਕਾਰ ਨੇ ਤਾਕਤ ਨਾਲ ਬੈਲਜੀਅਮ, ਫਰਾਂਸ ਦਾ ਇਕ ਭਾਗ, ਸੇਰਬੀਆ, ਮੋਨਟੇਨੇਗਰੋ, ਰੁਮਾਨੀਆ, ਪੋਲੈਂਡ, ਡੈਨਿਸ਼ ਪਰਾਂਤ, ਅਲਸਾਸ ਆਦਿ ਆਪਣੇ ਕਬਜੇ ਵਿਚ ਰੱਖੇ ਹੋਏ ਹਨ; ਦੂਸੀ ਸਰਮਾਏਦਾਰ ਸਰਕਾਰ ਨੇ ਗਾਲੀਸ਼ੀਆ ਦਾ ਇਕ ਭਾਗ, ਤੁਰਕਿਸ਼ ਆਰਮੇਨੀਆ, ਫਿਨਲੈਂਡ, ਯੂਕਰੇਨ ਆਦਿ ਉਤੇ ਕਬਜ਼ਾ ਕੀਤਾ ਹੋਇਆ ਹੈ। ਅੰਗਰੇਜ਼ੀ ਸਰਮਾਏਦਾਰ ਸਰਕਾਰ ਸੰਸਾਰ ਵਿਚ, ਬਦੇਸ਼ੀ ਇਲਾਕੇ ਹਥਿਆਉਣ ਵਾਲੀ ਸਭ ਤੋਂ ਵੱਡੀ ਸਰਕਾਰ ਹੈ ਕਿਉਂ ਜੋ ਇਸ ਨੇ ਅੰਗਰੇਜ਼ ਸਲਤਨਤ ਦੇ ਅੰਦਰ ਕੌਮੀਅਤਾਂ ਦੀ ਸਭ ਤੋਂ ਵਡੀ ਗਿਣਤੀ ਜ਼ਬਰਦਸਤੀ ਰਖੀ ਹੋਈ ਹੈ : ਹਿੰਦੁਸਤਾਨ (30 ਕਰੋੜ), ਆਇਰਲੈਂਡ, ਤੁਰਕਸ, ਮੇਸੋਪੋਟਾਮੀਆ, ਅਫਰੀਕੀ ਵਿਚ ਜਰਮਨ ਬਸਤੀਆਂ ਆਦਿ।

ਕਾਰਜ ਕਰਨੀ ਕਮੇਟੀ ਦਾ ਬਿਆਨ ਹਥਿਆਏ ਬਦੇਸ਼ੀ ਇਲਾਕਿਆਂ ਬਾਰੇ ਆਪਣੇ ਝੂਠਾਂ ਨੂੰ ਸ਼ਾਨਦਾਰ ਲਫਾਜ਼ੀ ਹੇਠ ਕੱਜਦਾ ਹੈ ਅਤੇ ਇਸ ਤਰ੍ਹਾਂ ਪਰੋਲੇਤਾਰੀਆ ਤੇ ਇਨਕਲਾਬ ਨੂੰ ਭਾਰੀ ਨੁਕਸਾਨ ਪਹੁੰਚਾਉਂਦਾ ਹੈ। ਸਭ ਤੋਂ ਪਹਿਲਾਂ, ਇਹ ਬਿਆਨ ਸ਼ਬਦਾਂ ਵਿਚ ਹਥਿਆਏ ਬਦੇਸ਼ੀ ਇਲਾਕੇ ਤਿਆਗਣ (ਇਸ ਭਾਵਨਾ ਵਿਚ ਬਿਨਾਂ ਛੋਟ ਸਾਰੀਆਂ ਸਰਮਾਏਦਾਰ ਸਰਕਾਰਾਂ ਨੇ ਬਦੇਸ਼ੀ ਇਲਾਕਿਆਂ ਨੂੰ ਹਥਿਆਉਣ ਤੋਂ ਬਿਨਾਂ ਅਮਨ ਦਾ ਪ੍ਰੋਗਰਾਮ ਅਪਣਾ ਲਿਆ ਹੈ) ਅਤੇ ਅਮਲਾਂ ਵਿਚ ਹਥਿਆਏ ਬਦੇਸ਼ੀ ਇਲਾਕੇ ਤਿਆਗਣ ਵਿਚਾਲੇ ਕੋਈ ਫ਼ਰਕ ਪੇਸ਼ ਨਹੀਂ ਕਰਦਾ, (ਇਸ ਭਾਵਨਾ ਵਿਚ, ਸੰਸਾਰ ਦੀ ਕਿਸੇ ਵੀ ਇਕ ਸਰਮਾਏਦਾਰ ਸਰਕਾਰ ਨੇ ਹਥਿਆਏ ਬਦੇਸ਼ੀ ਇਲਾਕੇ ਨਹੀਂ ਤਿਆਗੇ ਹਨ)। ਦੂਜੀ ਗੱਲ ਇਹ ਬਿਆਨ, ਬਿਨਾਂ ਕਿਸੇ ਹੱਕੀ ਦਲੀਲ ਦੇ, ਬਿਨਾਂ ਕਿਸੇ ਆਧਾਰ ਦੇ, ਸਚਾਈ ਤੋਂ ਉਲਟ ਸਰਮਾਏਦਾਰਾਂ ਦੀ ਰੂਸੀ ਆਰਜ਼ੀ ਸਰਕਾਰ ਦੀ ਪੋਚਾ ਪਾਚੀ ਕਰਦਾ ਹੈ, ਜੋ ਕਿਸੇ ਵੀ ਹੋਰ ਸਰਮਾਏਦਾਰ ਸਰਕਾਰ ਨਾਲੋਂ ਰਤਾ ਜਿੰਨੀ ਵੀ ਚੰਗੀ ਨਹੀਂ ਹੈ (ਅਤੇ ਸ਼ਾਇਦ ਭੈੜੀ ਵੀ ਨਹੀਂ ਹੈ)।

ਸ਼ਾਨਦਾਰ ਲੱਫਾਜ਼ੀ ਨਾਲ ਇਕ ਨਾਖੁਸ਼ਗਵਾਰ ਸਚਾਈ ਨੂੰ ਕੱਜਣਾ ਬਹੁਤ ਹੀ ਹਾਨੀਕਾਰਕ ਗੱਲ ਹੈ ਅਤੇ ਪਰੋਲੇਤਾਰੀਏ ਦੇ ਕਾਜ਼ ਲਈ, ਕਿਰਤੀ ਜਨਸਮੂਹਾ ਦੇ ਕਾਜ਼ ਲਈ ਬਹੁਤ ਹੀ ਖ਼ਤਰਨਾਕ ਹੈ। ਸਚਾਈ ਭਾਵੇਂ ਕਿਤਨੀ ਹੀ ਕੌੜੀ ਕਿਉਂ ਨਾ ਹੋਵੇ ਉਸ ਦਾ ਟਾਕਰਾ ਉਚਿਤ ਢੰਗ ਨਾਲ ਕਰਨਾ ਚਾਹੀਦਾ ਹੈ। ਇਕ ਨੀਤੀ ਜਿਹੜੀ ਇਸ ਲੋੜ ਨੂੰ ਪੂਰਾ ਨਹੀਂ ਕਰਦੀ ਇਕ ਤਬਾਹਕੁਨ ਨੀਤੀ ਹੈ।

ਅਤੇ ਹਥਿਆਏ ਬਦੇਸ਼ੀ ਇਲਾਕਿਆ ਬਾਰੇ ਸਚਾਈ ਇਹ ਹੈ ਕਿ ਰੂਸੀ ਆਰਜ਼ੀ ਸਰਕਾਰ ਸਮੇਤ ਸਾਰੀਆਂ ਸਰਮਾਏਦਾਰ ਸਰਕਾਰਾ, ਇਕਰਾਰਾਂ ਨਾਲ ਲੋਕਾ ਨੂੰ ਧੋਖਾ ਦੇ ਰਹੀਆ ਹਨ। ਉਹ ਬਦਸ਼ੀ ਇਲਾਕੇ ਹਥਿਆਉਣ ਦੀ ਨੀਤੀ ਦਾ ਤਿਆਗ ਸ਼ਬਦਾ ਵਿਚ ਕਰਦੀਆਂ ਹਨ ਪਰ ਅਮਲ ਵਿਚ ਇਸ ਨੂੰ ਜਾਰੀ ਰਖਦੀਆ ਹਨ। ਕੋਈ ਵੀ ਸਿਆਣਾ ਬੰਦਾ ਹਥਿਆਏ ਬਦੇਸ਼ੀ ਇਲਾਕਿਆਂ ਦੀ ਕੇਵਲ ਤਿੰਨ ਦੇਸ਼ਾਂ ਜਰਮਨੀ, ਰੂਸ ਤੇ ਬਰਤਾਨੀਆ ਵਲੋਂ ਹਥਿਆਏ ਇਲਾਕਿਆਂ ਦੀ ਪੂਰੀ ਸੂਚੀ ਬਣਾ ਕੇ ਇਸ ਸਚਾਈ ਨੂੰ ਸਹੀ ਸਿੱਧ ਕਰ ਸਕਦਾ ਹੈ।

ਭੱਦਰ ਪੁਰਸ਼ੋ ! ਰਤਾ ਇੰਜ ਕਰਨ ਦਾ ਯਤਨ ਤਾਂ ਕਰੋ।

ਇੰਜ ਕਰਨ ਤੋਂ ਇਨਕਾਰ ਕਰਨ ਰਾਹੀਂ, ਕੇਵਲ ਦੋਸ਼ੀ ਠਹਿਰਾਉਣ ਰਾਹੀਂ ਅਸਲ ਵਿਚ ਬੰਦਾ ਸਾਮਰਾਜ ਦਾ ਹਮਾਇਤੀ ਬਣ ਜਾਂਦਾ ਹੈ।

ਅੰਤ ਵਿਚ ਅਸੀਂ ਇਹ ਟਿੱਪਣੀ ਕਰਾਂਗੇ ਕਿ ਬਿਆਨ ਦੇ ਅਖ਼ੀਰ ਵਿਚ ਅਸੀਂ ਇਕ ਹੋਰ ਗ਼ਲਤੀ ਵੇਖਦੇ ਹਾਂ, ਭਾਵ ਇਕ ਯਕੀਨ ਕਿ "ਜੰਗ ਦੇ ਤਿੰਨ ਸਾਲਾਂ ਦੇ ਦੌਰਾਨ ਸੋਸ਼ਲਿਜ਼ਮ ਬਾਰੇ ਉਹ ਕਿਸੇ ਪ੍ਰਕਾਰ ਦੇ ਮੱਤਭੇਦ ਪ੍ਰਗਟ ਕਰਦੇ ਰਹੇ ਹਨ। ਪਰੋਲੇਤਾਰੀਆ ਦੇ ਕਿਸੇ ਵੀ ਭਾਗ ਨੂੰ ਅਮਨ ਲਈ ਆਮ ਜਦੋ ਜਹਿਦ ਵਿਚ ਸ਼ਾਮਲ ਹੋਣ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ।"

ਇਹ ਵੀ ਅਸੀਂ ਕਹਿਣਾ ਚਾਹਾਂਗੇ, ਇਕ ਸ਼ਾਨਦਾਰ ਵਾਕ ਹੈ, ਨਿਪਟ ਹੀ ਖੋਖਲਾ ਤੇ ਬੇਅਰਥ। ਪਲੈਖ਼ਾਨੋਵ ਤੇ ਸ਼ੀਦੇਮਾਨ. ਦੋਵੇਂ ਹੀ ਇਸ ਗੱਲ ਤੇ ਜ਼ੋਰ ਦੇਂਦੇ ਹਨ ਕਿ ਉਹ "ਅਮਨ ਲਈ ਲੜ ਰਹੇ" ਹਨ, "ਬਦੇਸ਼ੀ ਇਲਾਕੇ ਹਥਿਆਉਣ ਤੋਂ ਬਿਨਾਂ" ਅਮਨ। ਪਰ ਇਹ ਗੱਲ ਹਰ ਕਿਸੇ ਨੂੰ ਸਪੱਸ਼ਟ ਹੈ ਕਿ ਉਹ ਦੋਵੇਂ ਹੀ ਆਪੋ ਆਪਣੀ ਸਰਮਾਏਦਾਰਾਂ ਦੀ ਸਾਮਰਾਜੀ ਸਰਕਾਰ ਦੀ ਰਾਖੀ ਲਈ ਲੜ ਰਹੇ ਹਨ। ਅਸੀਂ ਖੰਡ ਵਿਚ ਲਪੇਟੇ ਝੂਠਾਂ ਰਾਹੀਂ,

ਇਸ ਤੱਥ ਨੂੰ ਲੁਕਾਉਣ ਰਾਹੀਂ ਕਿ ਪਲੈਖਾਨੋਵ ਤੇ ਸ਼ੀਦੇਮਾਨ ਆਪੋ ਆਪਣੇ ਸਰਮਾਏਦਾਰਾਂ ਦੇ ਪਾਸੇ ਵਲ ਚਲੇ ਗਏ ਹਨ, ਕਿਰਤੀ ਜਮਾਤਾਂ ਦੇ ਕਾਜ਼ ਦੀ ਭਲਾਈ ਕਰ ਰਹੇ ਹਾਂ ? ਕੀ ਇਸ ਸਚਾਈ ਨੂੰ ਅੱਖੋਂ ਉਹਲੇ ਕਰਨ ਦਾ ਅਰਥ ਸਾਮਰਾਜ ਤੇ ਇਸ ਦੇ ਹਮਾਇਤੀਆਂ ਦੀ ਪੋਚਾ ਪਾਚੀ ਕਰਨ ਦੇ ਤੁਲ ਨਹੀਂ ਹੈ ?

ਪਰਾਵਦਾ ਨੰਬਰ 47
16 ਮਈ (3), 1917

# ਬੁਰਜੂਆ ਦਹਿਸ਼ਤ ਨਾਲ ਲੋਕਾਂ ਨੂੰ ਡਰਾਉਣਾ

**ਰੀਥ** ਦੀ ਅਗਵਾਈ ਵਿਚ ਸਰਮਾਏਦਾਰ ਅਖ਼ਬਾਰ "ਅਰਾਜਕਤਾ" ਦੇ ਹਊਏ ਨਾਲ ਲੋਕਾਂ ਨੂੰ ਡਰਾਉਣ ਦੇ ਯਤਨ ਕਰ ਰਹੇ ਹਨ। ਇਕ ਵੀ ਅਜਿਹਾ ਦਿਨ ਨਹੀਂ ਲੰਘਦਾ ਜਦੋਂ **ਰੀਥ** ਅਰਾਜਕਤਾ ਬਾਰੇ ਚੀਕ ਚਿਹਾੜਾ ਨਹੀਂ ਪਾਉਂਦਾ, ਕਾਨੂੰਨ ਦੀਆਂ ਆਮ ਤੇ ਮਾਮੂਲੀ ਉਲੰਘਣਾਵਾਂ ਬਾਰੇ ਅਫ਼ਵਾਹਾ ਤੇ ਰੀਪੋਰਟਾਂ ਪ੍ਰਕਾਸ਼ਤ ਨਹੀਂ ਕਰਦਾ ਅਤੇ ਡਰਾਉਣੀ ਬੁਰਜੂਆਜ਼ੀ ਦੇ ਹਊਏ ਨਾਲ ਲੋਕਾਂ ਨੂੰ ਨਹੀਂ ਡਰਾਉਂਦਾ।

**ਰੀਸ਼** ਤੇ ਹੋਰ ਸਰਮਾਏਦਾਰ ਅਖ਼ਬਾਰਾਂ ਦੀ ਪੈਰਵੀ ਕਰਦਿਆਂ ਨਰੋਦਨਿਕਾਂ (ਸੋਸ਼ਲਿਸਟ ਇਨਕਲਾਬੀਆਂ ਸਮੇਤ) ਅਤੇ ਮੈਨਸ਼ਵਿਕਾਂ ਦੀਆਂ ਅਖ਼ਬਾਰਾਂ ਆਉਂਦੀਆਂ ਹਨ। ਉਹ ਵੀ ਸਹਿਮੀਆਂ ਹੋਈਆਂ ਹਨ। ਪੀਤਰੋਗਰਾਦ ਸੋਵੀਅਤ, ਜਿਸ ਦੇ ਆਗੂ ਇਹਨਾ ਪਾਰਟੀਆਂ ਦੇ ਮੈਂਬਰ ਹਨ, ਦੀ **ਇਜ਼ਵੇਸਤੀਆ** ਦਾ ਅੱਜ ਦਾ ਸੰਪਾਦਕੀ ਦਰਸਾਉਂਦਾ ਹੈ ਕਿ ਇਸ ਅਖ਼ਬਾਰ ਨੇ ਵੀ ਨਿਸ਼ਚਿਤ ਰੂਪ ਵਿਚ "ਬੁਰਜੂਆ ਦਹਿਸ਼ਤ" ਦੇ ਅਨੁਆਈਆਂ ਦਾ ਪੱਖ ਲੰ ਲਿਆ ਹੈ। ਇਸ ਨੇ ਇਕ ਬਿਆਨ ਵਿਚ, ਜੇ ਨਰਮ ਸ਼ਬਦਾਂ ਵਿਚ ਪੇਸ਼ ਕਰੀਏ ਤਾਂ ਵੀ, ਵਧਾ ਚੜ੍ਹਾ ਕੇ ਗੱਲਾਂ ਕੀਤੀਆਂ ਹਨ :

"ਫ਼ੌਜ ਵਿਚ ਵਿਸ਼ਵਾਸਹੀਣਤਾ ਹੈ। ਕੁਝ ਥਾਵਾਂ ਤੇ ਜ਼ਮੀਨਾਂ ਤੇ ਅਨਿਯਮਤ ਕਬਜ਼ਾ ਕੀਤਾ ਗਿਆ ਹੈ, ਪਸ਼ੂਆਂ ਤੇ ਜਰਾਇਤੀ ਸੰਦਾਂ ਨੂੰ ਨਸ਼ਟ ਕੀਤਾ ਤੇ ਲੁੱਟਿਆ ਗਿਆ ਹੈ। ਆਪ-ਹੁਦਰੀਆਂ ਕਾਰਵਾਈਆਂ ਜ਼ੋਰ ਤੇ ਹਨ।"

ਨਰੋਦਨਿਕਾਂ ਤੇ ਮੈਨਸ਼ਵਿਕਾਂ ਦਾ, ਅਰਥਾਤ ਨਿਕ-ਬੁਰਜੂਆ ਪਾਰਟੀਆਂ ਦਾ, ਆਪ-ਹੁਦਰੀਆਂ ਕਾਰਵਾਈਆਂ ਤੋਂ ਅਰਥ ਹੋਰ ਗੱਲਾਂ ਤੋਂ ਉਪਰੰਤ ਸੰਵਿਧਾਨ ਅਸੈਂਬਲੀ ਦੀ ਉਡੀਕ ਕੀਤੇ ਬਿਨਾਂ ਸਾਰੀ ਜ਼ਮੀਨ ਦੇ ਸਥਾਨਕ ਇਲਾਕਿਆਂ ਵਿਚ ਕਿਸਾਨਾਂ ਵਲੋਂ ਕਬਜ਼ਾ ਕਰਨ ਤੋਂ ਹੈ। ਇਹ ਹਊਆ ("ਆਪਹੁਦਰੀ ਕਾਰਵਾਈ") ਸੀ ਜੋ ਮੰਤਰੀ ਸ਼ਿੰਗਾਰੋਓਵ ਵਲੋਂ ਇਕ ਵਾਰ ਉਸ ਦੀ ਪ੍ਰਸਿੱਧ ਤਾਰ ਵਿਚ, ਜੋ ਅਖ਼ਬਾਰਾਂ ਵਿਚ ਵਿਸ਼ਾਲ ਰੂਪ ਵਿਚ ਪ੍ਰਕਾਸ਼ਤ ਕੀਤੀ ਗਈ, ਵੀ ਉਛਾਲਿਆ ਗਿਆ ਸੀ। (ਵੇਖੋ **ਪਰਾਵਦਾ** ਨੰਬਰ 33)।

ਆਪ-ਹੁਦਰੀ ਕਾਰਵਾਈ, ਅਰਾਜਕਤਾ ਕਿਤਨੇ ਭਿਆਨਕ ਸ਼ਬਦ ਹਨ! ਪਰ ਕਿਸੇ ਵੀ

ਨਾਰੋਦਨਿਕ ਜਾਂ ਮੈਨਸ਼ਵਿਕ ਨੂੰ ਇਕ ਮਿੰਟ ਲਈ ਹੇਠਲੇ ਸੁਆਲ ਨੂੰ **ਵਿਚਾਰਨਾ ਚਾਹੀਦਾ** ਹੈ।

ਇਨਕਲਾਬ ਤੋਂ ਪਹਿਲਾਂ ਜ਼ਮੀਨ ਜਾਗੀਰਦਾਰਾਂ ਦੀ ਸੀ। ਉਸ ਨੂੰ **ਅਰਾਜਕਤਾ** ਨਹੀਂ ਸੀ ਆਖਿਆ ਗਿਆ ਅਤੇ ਇਸ ਦਾ ਸਿੱਟਾ ਕੀ ਨਿਕਲਦਾ ਸੀ ? ਇਸ ਦਾ ਸਿੱਟਾ ਹਰ ਥਾਂ ਤੇ ਗੜਬੜ ਵਿਚ ਸ਼ਬਦ ਦੇ ਪੂਰਨ ਅਰਥਾਂ ਵਿਚ "ਅਰਾਜਕਤਾ" ਵਿਚ ਨਿਕਲਿਆ, ਭਾਵ ਦੇਸ਼ ਦੀ ਪੂਰੀ ਤਬਾਹੀ ਵਿਚ, ਵਸੋਂ ਦੀ ਬਹੁ-ਗਿਣਤੀ ਦੀ ਤਬਾਹੀ ਵਿਚ ਨਿਕਲਿਆ।

**ਕੀ ਇਸ ਤੋਂ ਬਿਨਾਂ** ਕੋਈ ਹੋਰ ਢੰਗ ਸੋਚਿਆ ਜਾ ਸਕਦਾ ਹੈ ਕਿ ਵਸੋਂ ਦੀ **ਬਹੁਗਿਣਤੀ** ਵਲੋਂ ਸ਼ਕਤੀ, ਪਹਿਲ-ਕਦਮੀ ਤੇ ਦ੍ਰਿੜ੍ਹਤਾ ਨੂੰ ਵਿਸ਼ਾਲ ਰੂਪ ਵਿਚ ਲਾਗੂ ਕੀਤਾ ਜਾਵੇ ? ਨਿਰਸੰਦੇਹ ਕੋਈ ਹੋਰ ਰਾਹ ਨਹੀਂ ਸੋਚਿਆ ਜਾ ਸਕਦਾ।

ਇਸ ਦੇ ਕਾਰਨ ਕੀ ਹਨ ?

(1) ਜ਼ਾਰ ਦੇ ਹਮਾਇਤੀ ਪੇਂਡੂ ਇਲਾਕੇ ਵਿਚ ਜਗੀਰਦਾਰਾਂ ਦੇ ਕਰੜੇ ਰਾਜ ਦੇ ਅਤੇ ਉਹਨਾਂ ਵਲੋਂ ਸਾਰੀ ਜ਼ਮੀਨ ਆਪਣੇ ਕੋਲ ਰਖਣ ਦੇ ਹੱਕ ਵਿਚ ਹਨ। ਉਹ ਉਸ "ਅਰਾਜਕਤਾ" ਤੋਂ ਨਹੀਂ ਡਰਦੇ ਜੋ ਅਸਲ ਵਿਚ ਇਸ ਵਿਚੋਂ ਪੈਦਾ ਹੁੰਦੀ ਹੈ।

(2) ਸਾਰੇ ਸਰਮਾਏਦਾਰਾਂ ਤੇ ਜਗੀਰਦਾਰਾਂ (ਜ਼ਾਰਵਾਦੀਆਂ ਦੇ ਇਕ ਛੋਟੇ ਜਿਹੇ ਗਰੁੱਪ ਤੋਂ ਬਿਨਾਂ) ਦੇ ਪ੍ਰਤੀਨਿਧ ਕੇਡਿਟ ਸਿੰਗਾਰੀਓਵ "ਜ਼ਮੀਨ ਵਾਹੁਣ ਵਾਲੇ ਤੇ ਜਗੀਰਦਾਰਾਂ ਵਿਚਾਲੇ ਸਵੈ-ਇੱਛਤ ਸਮਝੌਤੇ ਕਰਨ ਦੇ ਉਦੇਸ਼ ਲਈ ਪੇਂਡੂ ਸਪਲਾਈ ਕਮੇਟੀਆਂ ਦੇ ਅਧੀਨ ਜ਼ਰਾਇਤੀ ਮਨ ਮਨੌਤੀ ਚੈਂਬਰਾਂ" ਦੀ ਵਕਾਲਤ ਕਰਦਾ ਹੈ (ਵੇਖੋ ਉਸ ਦੀ ਤਾਰ)। ਨਿਕ-ਬੁਰਜੁਆ ਸਿਆਸਤਦਾਨ ਨਰੋਦਨਿਕ ਤੇ ਮੈਨਸ਼ਵਿਕ ਸ਼ਿੰਗਾਰੀਓਵ ਦੇ ਪੈਰ ਚਿੱਤਰਾਂ ਤੇ ਤੁਰਦੇ ਹਨ ਜਦੋਂ ਉਹ ਕਿਸਾਨਾਂ ਨੂੰ ਸੰਵਿਧਾਨ ਅਸੈਂਬਲੀ ਮਿਲਣ ਤਕ "ਉਡੀਕ ਕਰਨ" ਦੀ ਸਲਾਹ ਦੇਂਦੇ ਹਨ ਤੇ ਜਦੋਂ ਉਹ ਸਥਾਨਕ ਇਲਾਕਿਆਂ ਵਿਚ ਕਿਸਾਨਾ ਵਲੋਂ ਤੁਰੰਤ ਜ਼ਬਤੀ ਨੂੰ "ਅਰਾਜਕਤਾ" ਕਹਿੰਦੇ ਹਨ।

(3) ਪਰੋਲੇਤਾਰੀਆ (ਬਾਲਸ਼ਵਿਕ) ਦੀ ਪਾਰਟੀ ਸਥਾਨਕ ਇਲਾਕਿਆਂ ਵਿਚ ਕਿਸਾਨਾਂ ਵਲੋਂ ਜ਼ਮੀਨ ਉਤੇ ਤੁਰੰਤ ਕਬਜ਼ੇ ਦੇ ਹੱਕ ਵਿਚ ਹੈ ਅਤੇ ਸਭ ਤੋਂ ਉੱਚੀ ਸੰਭਵ ਮਾਤਰਾ ਵਿਚ ਜਥੇਬੰਦੀ ਦੀ ਸਿਫਾਰਸ਼ ਕਰਦੀ ਹੈ। ਅਸੀਂ ਇਸ ਵਿਚ ਕੋਈ "ਅਰਾਜਕਤਾ" ਨਹੀਂ ਵੇਖਦੇ, ਕਿਉਂ ਜੋ ਇਹ ਉਹ ਫੈਸਲਾ ਹੈ ਤੇ ਕੇਵਲ ਇਹੋ ਫੈਸਲਾ ਹੈ, ਜੋ ਸਥਾਨਕ ਵਸੋਂ ਦੀ **ਬਹੁ-ਗਿਣਤੀ** ਦਾ ਫੈਸਲਾ ਹੈ।

ਫਿਰ ਕਦੋਂ ਬਹੁਗਿਣਤੀ ਦਾ ਫੈਸਲਾ "ਅਰਾਜਕਤਾ" ਆਖਿਆ ਜਾ ਸਕਦਾ ਹੈ ? ਕੀ ਇਹ ਵਧੇਰੇ ਸਹੀ ਨਹੀਂ ਹੋਵੇਗਾ ਕਿ ਇਸ ਉਪਾਧੀ ਨੂੰ **ਘੱਟ ਗਿਣਤੀ** ਦੇ ਫੈਸਲੇ ਉਤੇ ਲਾਗੂ ਕੀਤਾ ਜਾਵੇ ਜੋ ਜ਼ਾਰਸ਼ਾਹੀ ਤੇ ਸਿੰਗਾਰੀਓਵ ਦੋਵੇਂ ਵਖ ਵਖ ਰੂਪਾਂ ਵਿਚ ਤਜਵੀਜ਼ ਕਰ ਰਹੇ ਹਨ ?

ਜਦੋਂ ਸਿੰਗਾਰੀਓਵ ਕਿਸਾਨਾਂ ਨੂੰ ਜਗੀਰਦਾਰਾਂ ਨਾਲ ਇਕ ਸਵੈ-ਇੱਛਤ ਮਨ-ਮਨੌਤ ਲਈ ਮਜਬੂਰ ਕਰਨ ਦਾ ਯਤਨ ਕਰਦਾ ਹੈ, ਉਹ ਇਕ ਘਟ ਗਿਣਤੀ ਦੇ ਫੈਸਲੇ ਨੂੰ ਮੜ੍ਹ ਰਿਹਾ ਹੈ, ਕਿਉਂ ਜੋ ਰੂਸ ਵਿਚ ਇਕ ਔਸਤ 300 ਕਿਸਾਨਾਂ ਪਰਵਾਰਾ ਦੇ ਪਿਛੇ ਬੜੇ ਜਗੀਰਦਾਰਾਂ ਦਾ ਇਕ ਪਰਵਾਰ ਆਉਂਦਾ ਹੈ। ਜੇ ਮੈਂ ਤਿੰਨ ਸੌ ਪਰਵਾਰਾਂ ਨੂੰ ਇਕ ਅਮਰੀਕੀ ਲੋਟੂ ਦੇ **ਇਕ ਪਰਵਾਰ** ਨਾਲ "ਸਵੈ-ਇੱਛਤ" "ਸਮਝੌਤੇ" ਲਈ ਕਹਿੰਦਾ ਹਾਂ, ਮੈਂ ਘਟ ਗਿਣਤੀ ਦੇ ਹੱਕ ਵਿਚ ਇਹ ਫੈਸਲਾ ਪੇਸ਼ ਕਰ ਰਿਹਾ ਹਾਂ, ਅਤੇ ਇਸ ਦਾ ਅਰਥ ਅਰਾਜਕਤਾ ਹੈ।

"ਅਰਾਜਕਤਾ" ਬਾਰੇ ਇਹ ਚੀਕ-ਚਿਹਾੜਾ ਪਾਉਣ ਵਿਚ, ਤੁਸੀਂ ਸਰਮਾਇਆਦਾਰ ਇਸ

ਤੱਥ ਨੂੰ ਲੁਕਾਉਣ ਦਾ ਯਤਨ ਕਰ ਰਹੇ ਹੋ ਕਿ ਤੁਸੀਂ ਤਿੰਨ ਸੌ ਦੇ ਟਾਕਰੇ ਵਿਚ ਕੇਵਲ ਇਕ ਦੀ ਇੱਛਾ ਦੇ ਪੱਖ ਵਿਚ ਹੋ। ਮਾਮਲੇ ਦਾ ਇਹੋ ਨਿਚੋੜ ਹੈ।

ਸਾਨੂੰ ਇਹ ਆਖਿਆ ਜਾ ਸਕਦਾ ਹੈ : ਪਰ ਤੁਸੀਂ ਸੰਵਿਧਾਨ ਅਸੰਬਲੀ ਦੀ ਉਡੀਕ ਕੀਤੇ ਬਿਨਾਂ ਕੇਵਲ ਸਥਾਨਕ ਲੋਕਾਂ ਵਲੋਂ ਮਾਮਲੇ ਦਾ ਹੱਲ ਚਾਹੁੰਦੇ ਹੋ ! ਅਤੇ ਇਹ ਅਰਾਜਕਤਾ ਹੈ !

ਇਸ ਬਾਰੇ ਸਾਡਾ ਜੁਆਬ ਹੈ : ਅਤੇ ਸ਼ਿੰਗਾਰੀਓਵ ਕੀ ਚਾਹੁੰਦਾ ਹੈ ? ਉਹ ਵੀ ਸਥਾਨਕ ਤੌਰ ਤੇ (ਕਿਸਾਨਾਂ ਤੇ ਜਗੀਰਦਾਰਾਂ ਵਿਚਾਲੇ ਇਕ "ਸਵੈਇੱਛਤ" ਸਮਝੌਤੇ ਰਾਹੀਂ) ਮਾਮਲੇ ਦਾ ਸੰਵਿਧਾਨਕ ਅਸੰਬਲੀ ਲਈ ਉਡੀਕ ਕੀਤੇ ਬਿਨਾਂ ਹੱਲ ਚਾਹੁੰਦਾ ਹੈ।

ਇਸ ਨੁਕਤੇ ਤੇ ਸਾਡੇ ਤੇ ਸ਼ਿੰਗਾਰੀਓਵ ਵਿਚਾਲੇ ਕੋਈ ਮੱਤਭੇਦ ਨਹੀਂ ਹੈ—ਅਸੀਂ ਦੋਵੇਂ ਸੰਵਿਧਾਨਕ ਅਸੰਬਲੀ ਇਕ ਅੰਤਮ ਫੈਸਲੇ ਤੇ ਇਕ ਮੁਢਲੇ ਫੈਸਲੇ ਦੇ ਹੱਕ ਵਿਚ ਹਾਂ, ਅਤੇ ਸਥਾਨਕ ਲੋਕਾਂ ਵਲੋਂ ਇਸ ਨੂੰ ਲਾਗੂ ਕਰਨ ਦੇ ਹੱਕ ਵਿਚ ਹਾਂ। ਅਸੀਂ ਸ਼ਿੰਗਾਰੀਓਵ ਨਾਲ ਕੇਵਲ ਇਸ ਕਥਨ ਵਿਚ ਮੱਤਭੇਦ ਰਖਦੇ ਹਾਂ ਕਿ 300 ਨੂੰ ਫੈਸਲਾ ਕਰਨਾ ਚਾਹੀਦਾ ਹੈ ਅਤੇ ਇਕ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ, ਜਦ ਕਿ ਸ਼ਿੰਗਾਰੀਓਵ ਕਹਿੰਦਾ ਹੈ : ਜੇ 300 ਫੈਸਲਾ ਕਰਦੇ ਹਨ, ਉਹ ਇਕ "ਆਪ-ਹੁਦਰੀ ਕਾਰਵਾਈ" ਹੋਵੇਗੀ, ਸੋ 300 ਨੂੰ ਇਕ ਨਾਲ "ਸਹਿਮਤ" ਹੋਣਾ ਚਾਹੀਦਾ ਹੈ।

ਨਰੋਦਨਿਕ ਤੇ ਮੈਨਸ਼ਵਿਕ ਬੁਰਜੂਆ ਦਹਿਸ਼ਤ ਫੈਲਾਉਣ ਵਿਚ ਸ਼ਿੰਗਾਰੀਓਵ ਤੇ ਕਮੇਟੀ ਦੀ ਮੱਦਦ ਕਰਨ ਲਈ ਕਿਤਨੇ ਨੀਵੇਂ ਚਲੇ ਗਏ ਹਨ।

ਲੋਕਾਂ ਦਾ ਡਰ ਇਹ ਹੈ ਜੋ ਚੀਕ-ਚਿਹਾੜਾ ਪਾਉਣ ਵਾਲੇ ਤੇ ਦਹਿਸਤ ਪੈਦਾ ਕਰਨ ਵਾਲੇ ਅਸਲ ਵਿਚ ਪ੍ਰਗਟ ਕਰਦੇ ਹਨ।

ਲੋਕਾਂ ਤੋਂ ਡਰਨ ਦਾ ਕੋਈ ਕਾਰਨ ਨਹੀਂ ਹੈ। ਮਜ਼ਦੂਰਾਂ ਅਤੇ ਕਿਸਾਨਾਂ ਦੀ ਬਹੁਗਿਣਤੀ ਦਾ ਫੈਸਲਾ ਹੀ ਅਰਾਜਕਤਾ ਨਹੀਂ ਹੈ। ਅਜਿਹਾ ਫੈਸਲਾ ਆਮ ਤੌਰ ਤੇ ਜਮਹੂਰੀਅਤ ਦੀ, ਅਤੇ ਵਿਸ਼ੇਸ਼ ਤੌਰ ਤੇ ਰੁਕਾਵਟ ਦਾ ਟਾਕਰਾ ਕਰਨ ਦੇ ਅਸਰਦਾਰ ਢੰਗਾਂ ਲਈ ਖੋਜ ਵਿਚ ਸਫਲਤਾ ਦੀ ਸੰਭਵ ਜ਼ਮਾਨਤ ਹੈ।

3 ਮਈ (16), 1917 ਵਿਚ ਲਿਖਿਆ,
ਮਈ 17 (4), 1917 ਨੂੰ
ਪਰਾਵਦਾ ਨੰਬਰ 48 ਵਿਚ ਛਪਿਆ।

# ਸਰਮਾਏ ਨਾਲ ਜਮਾਤੀ ਭਾਈਵਾਲੀ ਜਾਂ ਸਰਮਾਏ ਵਿਰੁਧ ਜਮਾਤੀ ਜਦੋਜਹਿਦ ?

ਇਸ ਢੰਗ ਨਾਲ ਇਤਿਹਾਸ ਮਾਮਲਾ ਪੇਸ਼ ਕਰਦਾ ਹੈ—ਅਤੇ ਆਮ ਇਤਿਹਾਸ ਨਹੀਂ, ਸਗੋਂ **ਅਜ ਦੇ** ਰੂਸ ਦਾ ਆਰਥਕ ਤੇ ਰਾਜਨੀਤਕ ਇਤਿਹਾਸ।

ਨਰੋਦਨਿਕਾਂ ਤੇ ਮੈਨਸ਼ਿਵਕਾਂ, ਚੇਰਨੋਵ ਤੇ ਤਸੇਰੇਤੇਲੀ, ਨੇ ਕੰਟੈਕਟ ਕਮਿਸ਼ਨ ਨੂੰ ਵਜ਼ੀਰਾਂ ਵਲੋਂ ਮੀਟਿੰਗਾਂ ਲਈ ਵਰਤੇ ਜਾਂਦੇ ਇਸ ਕਮਰੇ ਦੇ ਨਾਲ ਲਗਦੇ ਕਮਰੇ ਤੋਂ ਵਜ਼ਾਰਤੀ ਸਦਨ ਵਿਚ ਤਬਦੀਲ ਕਰ ਦਿਤਾ ਹੈ। ਇਹ, ਤੇ ਕੇਵਲ ਇਹ "ਨਵੀਂ" ਕੈਬਨਿਟ ਦੀ ਨਿਰੋਲ ਰਾਜਨੀਤਕ ਮਹੱਤਤਾ ਹੈ।

ਇਸ ਦੀ ਆਰਥਕ ਅਤੇ ਜਮਾਤੀ ਮਹੱਤਤਾ (ਕੈਬਨਿਟ ਦੀ ਸਥਿਰਤਾ ਅਤੇ ਸਰਮਾਏਦਾਰ ਦਾਬੇ ਨੂੰ ਬਹਾਲ ਰੱਖਣ ਦੇ ਨੁਕਤੇ ਤੋਂ) ਵਧ ਤੋਂ ਵਧ ਇਹ ਹੈ ਕਿ ਕਿਸਾਨ ਬੁਰਜੂਆਜ਼ੀ ਦੀ ਉਪਰਲੀ ਪਰਤ ਨੇ 1906 ਤੋਂ, ਜਿਸ ਦੇ ਮੁਖੀ ਪਲੈਖ਼ਾਨੋਵ ਤੇ ਮੈਨਸ਼ਿਵਕਵਾਦੀ ਮਜ਼ਦੂਰਾਂ ਦੇ ਨਿਕ-ਬੁਰਜੂਆ "ਆਗੂ" ਹਨ, ਸਰਮਾਏਦਾਰਾ ਨੂੰ ਆਪਣੀ ਜਮਾਤੀ ਭਾਈਵਾਲੀ ਦਾ ਇਕਰਾਰ ਦਿਤਾ ਹੈ। (ਬੁਰੀ ਤੋਂ ਬੁਰੀ ਹਾਲਤ ਵਿਚ),—ਸਰਮਾਏਦਾਰਾਂ ਲਈ—ਸਾਰੀ ਤਬਦੀਲੀ ਦੀ ਨਿਰੋਲ ਨਿੱਜੀ ਜਾ ਗੁਟਬੰਦਕ ਮਹੱਤਤਾ ਹੈ, ਪਰ ਇਸ ਦੀ ਜਮਾਤੀ ਮਹੱਤਤਾ ਉਕਾ ਨਹੀਂ ਹੈ।

ਆਓ, ਅਸੀਂ ਇਹ ਕਿਆਸ ਕਰੀਏ ਕਿ ਇਸ ਦਾ ਬਹੁਤ ਹੀ ਸੁਜੋਗ ਸਿੱਟਾ ਨਿਕਲੇਗਾ। ਇਸ ਹਾਲਤ ਵਿਚ ਵੀ, ਇਸ ਬਾਰੇ ਰਤਾ ਵੀ ਸੰਦੇਹ ਨਹੀਂ ਹੈ ਕਿ ਇਕਰਾਰ ਕਰਨ ਵਾਲੇ ਆਪਣੇ ਇਕਰਾਰ ਪੂਰੇ ਕਰਨ ਦੇ ਅਯੋਗ ਹੀ ਰਹੇ। ਅਸੀਂ ਸਰਮਾਏਦਾਰਾਂ ਨਾਲ ਮਿਲਵਰਤਨ ਵਿਚ ਦੇਸ਼ ਨੂੰ ਇਸ ਦੇ ਸੰਕਟ ਵਿਚੋਂ ਕੱਢਣ ਵਿਚ, ਇਸ ਨੂੰ ਤਬਾਹ ਹੋਣੋਂ ਬਚਾਉਣ ਵਿਚ ਅਤੇ ਇਸ ਨੂੰ ਜੰਗ ਵਿਚੋਂ ਬਾਹਰ ਨਿਕਲ ਆਉਣ ਵਿਚ ਸਹਾਈ ਹੋਵਾਂਗੇ—ਨਿਕ-ਬੁਰਜੂਆ ਆਗੂਆਂ, ਚੇਰਨੋਵਾਂ ਤੇ ਤਸੇਰੇਤੇਲੀਆਂ ਦੀ ਕੈਬਨਿਟ ਵਿਚ ਸ਼ਾਮਲ ਹੋਣ ਦੀ ਜ਼ਾਰਸ਼ਾਹੀ ਅਸਲ ਵਿਚ ਇਸ ਦੇ ਤੁਲ ਹੈ। ਸਾਡਾ ਜੁਆਬ ਹੈ : ਤੁਹਾਡੀ ਮਦਦ ਕਾਫ਼ੀ ਨਹੀਂ ਹੈ। ਸੰਕਟ ਉਸ ਤੋਂ ਕਿਤੇ ਅਗਾਂਹ ਲੰਘ ਗਿਆ ਹੈ, ਜਿੰਨਾ ਤੁਸੀਂ ਕਿਆਸ ਕਰਦੇ ਹੋ। ਕੇਵਲ ਇਨਕਲਾਬੀ ਜਮਾਤ ਸਰਮਾਏ ਦੇ ਵਿਰੁਧ ਇਨਕਲਾਬੀ ਕਦਮਾਂ ਰਾਹੀਂ ਹੀ ਦੇਸ਼ ਨੂੰ ਬਚਾ ਸਕਦੀ ਹੈ—ਅਤੇ ਕੇਵਲ ਸਾਡੇ ਦੇਸ਼ ਨੂੰ ਹੀ ਨਹੀਂ।

ਸੰਕਟ ਇਤਨਾ ਡੂੰਘਾ ਹੈ, ਫੈਲਿਆ ਹੋਇਆ ਹੈ, ਵਿਸ਼ਾਲ ਵਿਸ਼ਵ-ਵਿਆਪੀ ਸਮਰਥਾ ਨਾਲ

ਹੈ, ਅਤੇ ਖ਼ੁਦ ਸਰਮਾਏ ਨਾਲ ਕਿਤਨੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ ਕਿ ਸਰਮਾਏ ਦੇ ਵਿਰੁਧ ਜਮਾਤੀ ਜਦੋਜਹਿਦ ਨੂੰ ਪਰੋਲੇਤਾਰੀਆ ਤੇ ਅਰਧ-ਪਰੋਲੇਤਾਰੀਆ ਵਲੋਂ ਰਾਜਨੀਤਕ ਉਚਤਮਤਾ ਦਾ ਰੂਪ ਧਾਰਨ ਕਰਨਾ ਚਾਹੀਦਾ ਹੈ। ਇਸ ਤੋਂ ਬਿਨਾਂ ਹੋਰ ਕੋਈ ਦੂਜਾ ਰਾਹ ਨਹੀਂ ਹੈ।

ਚੇਰਨੋਵ ਤੇ ਤਸੇਰੇਤੇਲੀ ਨਾਗਰਿਕੋ, ਕੀ ਤੁਸੀਂ ਫੌਜ ਵਿਚ ਇਨਕਲਾਬੀ ਉਤਸ਼ਾਹ ਵੇਖਣਾ ਚਾਹੁੰਦੇ ਹੋ ? ਪਰ ਤੁਸੀਂ ਇਹ ਪੈਦਾ ਨਹੀਂ ਕਰ ਸਕਦੇ, ਕਿਉਂ ਜੋ ਜਨਸਮੂਹ ਦਾ ਇਨਕਲਾਬੀ ਉਤਸ਼ਾਹ ਕੈਬਨਿਟਾਂ ਵਿਚ "ਆਗੂਆਂ" ਦੀ ਤਬਦੀਲੀ ਰਾਹੀਂ, ਭੜਕੀਲੇ ਐਲਾਨਾਂ ਜਾਂ ਅੰਗਰੇਜ਼ ਸਰਮਾਏਦਾਰਾਂ ਨਾਲ ਸੰਧੀ ਨੂੰ ਸੋਧਣ ਬਾਰੇ ਕਦਮ ਪੁਟਣ ਦੇ ਇਕਰਾਰਾਂ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ; ਇਹ ਕੇਵਲ ਸਰਬ ਸ਼ਕਤੀਮਾਨ ਸਰਮਾਏ ਦੇ ਵਿਰੁਧ ਅਤੇ ਇਸ ਵਲੋਂ ਜੰਗ ਵਿਚੋਂ ਮੁਨਾਫੇ ਕਮਾਉਣ ਦੇ ਵਿਰੁਧ ਰੋਜ਼ਾਨਾ ਤੇ ਹਰ ਥਾਂ ਤੇ ਪੁੱਟੇ ਜਾਂਦੇ ਇਨਕਲਾਬੀ ਨੀਤੀ ਦੇ ਅਮਲਾਂ ਰਾਹੀਂ ਉਭਾਰਿਆ ਜਾ ਸਕਦਾ ਹੈ, ਇਕ ਅਜਿਹੀ ਨੀਤੀ ਗ਼ਰੀਬ ਦੇ ਸਮੂਹ ਦੇ ਜੀਵਨ ਮਿਆਦ ਵਿਚ ਇਕ ਬੁਨਿਆਦੀ ਤਬਦੀਲੀ ਲਿਆਵੇਗੀ।

ਜੇ ਕਰ ਤੁਸੀਂ ਸਾਰੀ ਜ਼ਮੀਨ ਤੁਰੰਤ ਲੋਕਾਂ ਦੇ ਹਵਾਲੇ ਕਰ ਵੀ ਦਿਓ, ਤਾ ਵੀ ਸੰਕਟ ਉਤਨਾ ਚਿਰ ਸਮਾਪਤ ਨਹੀਂ ਹੋਵੇਗਾ ਜਦੋਂ ਤਕ ਕਿ ਸਰਮਾਏ ਦੇ ਵਿਰੁਧ ਇਨਕਲਾਬੀ ਕਦਮ ਨਹੀਂ ਪੁੱਟੇ ਜਾਂਦੇ।

ਚੇਰਨੋਵ ਤੇ ਤਸੇਰੇਤੇਲੀ ਨਾਗਰਿਕੋ, ਕੀ ਤੁਸੀਂ ਇਕ ਮੋੜਵਾਂ ਹੱਲਾ ਚਾਹੁੰਦੇ ਹੋ ? ਪਰ ਤੁਸੀਂ ਫੌਜ ਨੂੰ ਇਕ ਮੋੜਵੇਂ ਹੱਲੇ ਲਈ ਉਤਸ਼ਾਹਤ ਨਹੀਂ ਕਰ ਸਕਦੇ, ਕਿਉਂ ਜੋ ਤੁਸੀਂ ਅਜ ਲੋਕਾਂ ਦੇ **ਵਿਰੁਧ** ਤਾਕਤ ਦੀ ਵਰਤੋਂ ਨਹੀਂ ਕਰ ਸਕਦੇ। ਅਤੇ ਜਦੋਂ ਤਕ ਉਹਨਾਂ ਦੇ ਵਿਰੁਧ ਤਾਕਤ ਨਹੀਂ ਵਰਤੀ ਜਾਂਦੀ, ਲੋਕ ਸਾਰੇ ਦੇਸ਼ਾਂ ਵਿਚ ਕੇਵਲ ਸਰਮਾਏ ਦੇ ਵਿਰੁਧ ਮਹਾਨ ਇਨਕਲਾਬ ਦੇ ਮਹਾਨ ਹਿੱਤਾਂ ਵਿਚ ਇਕ ਮੋੜਵਾਂ ਹੱਲ ਕਰ ਸਕਦੇ ਹਨ; ਅਤੇ ਨਾ ਮਹਿਜ਼ ਇਕ ਇਨਕਲਾਬ ਦਾ ਇਕਰਾਰ ਕੀਤਾ ਗਿਆ ਹੋਵੇ ਅਤੇ ਉਸ ਦਾ ਐਲਾਨ ਕੀਤਾ ਗਿਆ। ਇਕ ਇਨਕਲਾਬ ਜਿਹੜਾ ਅਸਲ ਵਿਚ ਅਮਲੀ ਤੋਰ ਤੇ ਨੇਪਰੇ ਚਾੜ੍ਹਿਆ ਜਾ ਰਿਹਾ ਹੈ ਅਤੇ ਸਾਰਿਆਂ ਲਈ ਯਥਾਰਥਕ ਹੈ।

ਪਲੇਖਾਨੋਵ ਤੇ ਸਕੋਬੇਲੇਵ ਨਾਗਰਿਕੋ, ਕੀ ਤੁਸੀ ਸਪਲਾਈ ਜਥੇਬੰਦ ਕਰਨਾ ਚਾਹੁੰਦੇ ਹੋ ? ਕਿਸਾਨਾਂ ਲਈ ਵਸਤਾਂ ਦੀ, ਫੌਜ ਲਈ ਰੋਟੀ ਤੇ ਮਾਸ ਦੀ, ਸਨਅਤ ਲਈ ਕੱਚੇ ਪਦਾਰਥ ਦੀ, ਤੇ ਇਸ ਤਰ੍ਹਾਂ ਤਰ੍ਹਾਂ ਦੀ ਸਪਲਾਈ ਜਥੇਬੰਦ ਕਰਨਾ ਚਾਹੁੰਦੇ ਹੋ ? ਤੁਸੀਂ ਪੈਦਾਵਾਰ ਉਤੇ ਕੰਟਰੋਲ ਤੇ ਅੰਸ਼ਕ ਤੋਰ ਤੇ ਇਸ ਦੀ ਜਥੇਬੰਦੀ ਚਾਹੁੰਦੇ ਹੋ ?

ਤੁਸੀਂ ਪਰੋਲੇਤਾਰੀਆ ਤੇ ਅਰਧ-ਪਰੋਲੇਤਾਰੀ ਸਮੂਹ ਦੇ ਇਨਕਲਾਬੀ ਉਤਸ਼ਾਹ ਤੋਂ ਬਿਨਾਂ ਇਹ ਕੁਝ ਨਹੀਂ ਕਰ ਸਕਦੇ। ਇਹ ਉਤਸ਼ਾਹ ਸਰਮਾਏ ਦੀਆਂ ਰਿਆਇਤਾਂ ਅਤੇ ਮੁਨਾਫਿਆਂ ਦੇ ਵਿਰੁਧ ਕੇਵਲ ਇਨਕਲਾਬੀ ਕਦਮ ਪੁੱਟਣ ਰਾਹੀਂ ਹੀ ਉਭਾਰਿਆ ਜਾ ਸਕਦਾ ਹੈ। ਇਸ ਤੋਂ ਬਿਨਾ ਤੁਹਾਡਾ ਹੋਣ ਵਾਲਾ ਕੰਟਰੋਲ ਇਕ ਮੁਰਦਾ, ਸਰਮਾਏਦਾਰ, ਨੌਕਰਸ਼ਾਹ ਪ੍ਰਧਾਨ ਹੀ ਰਹੇਗਾ।

ਸਰਮਾਏ ਨਾਲ ਇਕ ਜਮਾਤੀ ਭਾਈਵਾਲੀ ਦਾ ਤਜਰਬਾ ਹੁਣ ਚੇਰਨੋਵਾਂ ਅਤੇ ਤਸੇਰੇਤੇਲੀਆਂ ਵਲੋਂ ਨਿਕ-ਬੁਰਜੁਆਜ਼ੀ ਦੇ ਕੁਝ ਭਾਗਾਂ ਵਲੋਂ ਇਕ ਅਤਿ ਭਾਰੀ ਸਰਬ ਰੂਸੀ ਪੱਧਰ ਉਤੇ ਕੀਤਾ ਜਾ ਰਿਹਾ ਹੈ।

ਲੋਕਾਂ ਲਈ ਇਸ ਦੇ ਸਬਕ ਵਧੇਰੇ ਵੱਡਮੁੱਲੇ ਹੋਣਗੇ, ਜਦੋਂ ਲੋਕ ਅਜਿਹੀ ਭਾਈਵਾਲੀ ਦੀ ਵਿਅਰਥਤਾ ਅਤੇ ਨਿਰਾਸਤਾ ਬਾਰੇ ਕਾਇਲ ਹੋ ਜਾਣਗੇ ਅਤੇ ਉਹ ਜਲਦੀ ਹੀ ਕਾਇਲ ਹੋ ਜਾਣਗੇ।

ਪਰਾਵਦਾ ਨੰਬਰ 50
19 ਮਈ (6), 1917।

# ਇਕ ਮਜ਼ਬੂਤ ਇਨਕਲਾਬੀ ਸਰਕਾਰ

ਅਸੀਂ ਇਕ ਮਜਬੂਤ ਇਨਕਲਾਬੀ ਸਰਕਾਰ ਚਾਹੁੰਦੇ ਹਾਂ । ਸਾਡੇ ਬਾਰੇ ਸਾਡੇ ਵਿਰੁੱਧ ਸਰਮਾਏਦਾਰ ਤੇ ਉਹਨਾਂ ਦੇ ਪਿਛਲੱਗ ਭਾਵੇਂ ਜੋ ਵੀ ਚੀਕ-ਚਿਹਾੜਾ ਪਾਉਂਦੇ ਰਹਿਣ, ਉਹਨਾਂ ਦੇ ਝੂਠ, ਝੂਠ ਹੀ ਰਹਿਣਗੇ ।

ਗੱਲ ਇਹ ਹੈ ਕਿ ਲੱਫਾਜੀ ਨੂੰ ਕਿਸੇ ਦੀ ਚੇਤਨਤਾ ਨੂੰ ਧੁੰਦਲਾ ਕਰਨ ਦੀ, ਕਿਸੇ ਦੀ ਸੂਝ ਨੂੰ ਕੁਰਾਹੇ ਪਾਉਣ ਦੀ ਆਗਿਆ ਨਾ ਦਿਤੀ ਜਾਵੇ । ਜਦੋਂ ਲੋਕ "ਇਨਕਲਾਬ", "ਇਨਕਲਾਬੀ ਕੰਮ", "ਇਨਕਲਾਬੀ ਜਮਹੂਰੀਅਤ" ਬਾਰੇ ਗੱਲ ਕਰਦੇ ਹਨ ਤਾਂ **ਦਸਾਂ ਵਿਚੋਂ ਨੌਂ ਵਾਰ** ਇਹ ਇਕ ਝੂਠ ਹੁੰਦਾ ਹੈ, ਜਾ ਸਵੈ-ਛਲਾਵਾ ਹੁੰਦਾ ਹੈ। ਸੁਆਲ ਇਹ ਹੈ **ਕਿਹੜੀ ਜਮਾਤ** ਇਹ ਇਨਕਲਾਬ ਲਿਆ ਰਹੀ ਹੈ ? ਇਕ ਇਨਕਲਾਬ **ਕਿਸ ਦੇ ਵਿਰੁੱਧ** ?

ਕੀ ਜ਼ਾਰਸ਼ਾਹੀ ਦੇ ਵਿਰੁੱਧ ? ਇਸ ਪੱਖੋਂ ਰੂਸ ਦੇ ਜਗੀਰਦਾਰ ਤੇ ਸਰਮਾਏਦਾਰ ਅਜ ਇਨਕਲਾਬੀ ਹਨ । ਜਦੋਂ ਇਨਕਲਾਬ ਇਕ ਸੰਪੂਰਨ ਹੋਇਆ ਤੱਥ ਹੈ ਪਿਛਾਹ-ਖਿਚੂ ਵੀ ਇਸ ਵਿਚ ਆ ਸ਼ਾਮਲ ਹੋਣਗੇ । ਇਸ ਸਮੇਂ ਜ਼ਾਰਸ਼ਾਹੀ ਦੇ ਵਿਰੁੱਧ ਇਨਕਲਾਬ ਦੀ ਉਸਤਤ ਕਰਨ ਨਾਲੋਂ ਜਨਸਮੂਹ ਨਾਲ ਕੋਈ ਵੀ ਧੋਖਾ ਵਧੇਰੇ ਨਿਰੰਤਰ, ਵਧੇਰੇ ਘਿਰਣਾਯੋਗ ਤੇ ਵਧੇਰੇ ਹਾਨੀ-ਕਾਰਕ ਨਹੀਂ ਹੈ ।

ਕੀ ਜਗੀਰਦਾਰਾਂ ਦੇ ਵਿਰੁੱਧ ਇਨਕਲਾਬ ? ਇਸ ਪੱਖੋਂ ਬਹੁਤੇ ਕਿਸਾਨ, ਇਥੋਂ ਤਕ ਕਿ ਕਿ ਕਈ ਸਰਦੇ ਪੁਜਦੇ ਕਿਸਾਨ, ਜੋ ਰੂਸ ਵਿਚ ਵਸੋਂ ਦਾ ਨਿਰਸੰਦੇਹ 9/10 ਹਿੱਸਾ ਹਨ, ਇਨਕਲਾਬੀ ਹਨ । ਵੱਡੀ ਸੰਭਾਵਨਾ ਹੈ, ਕੁਝ ਸਰਮਾਏਦਾਰ ਵੀ, ਇਸ ਆਧਾਰ ਤੇ ਇਨਕਲਾਬੀ ਬਣਨ ਨੂੰ ਤਿਆਰ ਹਨ ਕਿ ਜਗੀਰਦਾਰ ਕਿਸੇ ਵੀ ਤਰ੍ਹਾਂ ਬਚਾਏ ਨਹੀਂ ਜਾ ਸਕਦੇ, ਸੋ ਚੰਗੀ ਗੱਲ ਹੈ ਕਿ ਅਸੀਂ ਇਨਕਲਾਬ ਦਾ ਸਾਥ ਦੇਈਏ ਅਤੇ ਸਰਮਾਏਦਾਰੀ ਦੀ ਹਿਫ਼ਾਜ਼ਤ ਲਈ ਉਪਰਾਲਾ ਕਰੀਏ ।

ਕੀ ਸਰਮਾਏਦਾਰਾ ਦੇ ਵਿਰੁੱਧ ? ਹੁਣ ਇਹੋ ਅਸਲ ਮਸਲਾ ਹੈ। ਮਾਮਲੇ ਦਾ ਇਹੋ ਨਿਚੋੜ ਹੈ, ਕਿਉਂ ਜੋ ਸਰਮਾਏਦਾਰਾਂ ਦੇ ਵਿਰੁੱਧ ਇਕ ਇਨਕਲਾਬ ਤੋਂ ਬਿਨਾਂ, "ਬਦੇਸ਼ੀ ਇਲਾਕੇ ਹथਿਆਉਣ ਤੋਂ ਬਿਨਾਂ ਅਮਨ ਅਤੇ ਇਸ ਰਾਹੀਂ ਜੰਗ ਦੇ ਤੇਜ਼ੀ ਨਾਲ ਖ਼ਾਤਮੇ ਦੀਆ ਤੋਤਲੀਆਂ ਤੋਤਲੀਆਂ ਗੱਲਾਂ ਜਾਂ ਤਾ ਸਿੱਧੜਪੁਣਾ ਤੇ ਅਣਜਾਣਤਾ ਹੈ ਜਾਂ ਬੇਹੂਦਗੀ ਤੇ ਛਲ ਹੈ । ਪਰ ਜੰਗ

ਦੀ ਹਾਲਤ ਵਿਚ ਕੀ ਰੂਸ ਸਰਮਾਏਦਾਰਾਂ ਦੇ ਵਿਰੁੱਧ ਇਕ ਇਨਕਲਾਬ ਤੋਂ ਬਿਨਾਂ ਸਾਲਾਂ ਤੇ ਦਹਾਕਿਆਂ ਲਈ ਜਿਉਂਦਾ ਰਹੀ ਜਾ ਸਕਦਾ ਹੈ। ਜੰਗ ਨੇ ਇਹ ਗੱਲ ਬਾਹਰਮੁਖੀ ਤੌਰ ਤੇ ਅਸੰਭਵ ਬਣਾ ਦਿੱਤੀ ਹੈ। ਬਦਲ ਜਾਂ ਤਾਂ ਤਬਾਹੀ ਜਾਂ ਫਿਰ ਸਰਮਾਏਦਾਰਾਂ ਦੇ ਵਿਰੁੱਧ ਇਨਕਲਾਬ ਹਨ। ਇਹ ਹੈ ਸੁਆਲ ਜੋ ਸਾਡੇ ਸਨਮੁਖ ਹੈ। ਘਟਨਾਵਾਂ ਦਾ ਰੁਝਾਣ ਇਹ ਸੁਆਲ ਇਸ ਤਰ੍ਹਾਂ ਪੇਸ਼ ਕਰਦਾ ਹੈ।

ਅੰਤਰ-ਪ੍ਰੇਰਨਾ ਵਜੋਂ, ਭਾਵਕ ਤੌਰ ਤੇ, ਖਿੱਚ ਰਾਹੀਂ ਰੂਸ ਦੀ ਬਹੁਤ ਵੱਡੀ ਵਸੋਂ, ਪਰੋਲੇ-ਤਾਰੀਏ ਤੇ ਅਰਧ-ਪਰੋਲੇਤਾਰੀਏ, ਭਾਵ ਮਜ਼ਦੂਰ ਤੇ ਕਿਸਾਨ, ਸਰਮਾਏਦਾਰਾਂ ਦੇ ਵਿਰੁੱਧ ਇਨਕਲਾਬ ਨਾਲ ਹਮਦਰਦੀ ਕਰਦੇ ਹਨ। ਪਰ ਅਜੇ ਤਕ ਇਸ ਬਾਰੇ ਕੋਈ ਸਪੱਸ਼ਟ ਚੇਤਨਤਾ ਨਹੀਂ ਹੈ ਅਤੇ ਸਿੱਟੇ ਵਜੋਂ ਕੋਈ ਦ੍ਰਿੜ੍ਹਤਾ ਨਹੀਂ ਹੈ। ਇਹਨਾਂ ਨੂੰ ਵਿਕਸਤ ਕਰਨਾ ਸਾਡਾ ਮੁੱਖ ਕਾਰਜ ਹੈ।

ਨਿਕ-ਬੁਰਜੂਆ ਦੇ ਆਗੂ ਬੁੱਧੀਜੀਵੀ, ਖੁਸ਼ਹਾਲ ਕਿਸਾਨ, ਨਰੋਦਨਿਕਾਂ (ਸਮੇਤ ਐਸ. ਆਰ. ਦੇ) ਅਤੇ ਮੈਨਸ਼ਵਿਕਾਂ ਦੀਆਂ ਵਰਤਮਾਨ ਪਾਰਟੀਆਂ ਇਸ ਸਮੇਂ ਸਰਮਾਏਦਾਰਾਂ ਵਿਰੁੱਧ ਇਨਕਲਾਬ ਦੇ ਹੱਕ ਵਿਚ **ਨਹੀਂ** ਹਨ ਅਤੇ ਉਹਨਾਂ ਵਿਚੋਂ ਕਈ ਇਸ ਦੇ ਵਿਰੁੱਧ ਵੀ ਹਨ, ਇਹ ਗੱਲ ਲੋਕਾ ਦੇ ਕਾਜ ਲਈ ਬਹੁਤ ਹੀ ਹਾਨੀਕਾਰਕ ਹੈ। ਕੁਲੀਸ਼ਨ ਕੇਬਨਿਟ ਇਕ ਪ੍ਰਕਾਰ ਦਾ "ਤਜਰਬਾ" ਹੈ ਜੋ ਸਰਮਾਏਦਾਰਾਂ ਨਾਲ ਨਿਕ-ਬੁਰਜੂਆ ਕੁਲੀਸ਼ਨ ਦੇ ਭੁਲੇਖੇ ਨੂੰ ਛੇਤੀ ਨਾਲ ਤਿਆਗਣ ਵਿਚ ਲੋਕਾਂ ਦੀ ਮੱਦਦ ਕਰੇਗਾ।

ਨਤੀਜਾ ਪਰਤੱਖ ਹੈ: ਕੇਵਲ ਪਰੋਲੇਤਾਰੀਏ ਵਲੋਂ ਸੱਤਾ ਦੀ ਪ੍ਰਾਪਤੀ, ਜਿਸ ਨੂੰ ਅਰਧ-ਪਰੋਲੇਤਾਰੀਏ ਦੀ ਹਮਾਇਤ ਪ੍ਰਾਪਤ ਹੋਵੇਗੀ, ਦੇਸ਼ ਨੂੰ ਸਹੀ ਅਰਥਾਂ ਵਿਚ ਮਜ਼ਬੂਤ ਤੇ ਅਸਲੀ ਇਨਕਲਾਬੀ ਸਰਕਾਰ ਪਰਦਾਨ ਕਰੇਗੀ। ਇਹ ਅਮਲੀ ਤੌਰ ਤੇ ਮਜ਼ਬੂਤ ਹੋਵੇਗੀ ਕਿਉਂ ਜੋ ਇਸ ਦੀ ਹਮਾਇਤ ਲੋਕਾ ਦੀ ਇਕ ਠੋਸ ਤੇ ਜਮਾਤੀ ਤੌਰ ਤੇ ਚੇਤਨ ਬਹੁਗਿਣਤੀ ਕਰੇਗੀ। ਇਹ ਮਜ਼ਬੂਤ ਹੋਵੇਗੀ ਕਿਉਂ ਜੋ ਇਹ ਸਰਮਾਏਦਾਰਾ ਤੇ ਛੋਟੇ ਮਾਲਕਾਂ ਵਿਚਾਲੇ ਕਰੋੜਪਤੀਆਂ ਤੇ ਨਿਕ-ਬੁਰਜੁਆਜ਼ੀ ਵਿਚਾਲੇ, ਕੋਨੋਵਾਲੋਵਾ. ਸ਼ਿੰਗਾਰੀਓਵਾਂ ਅਤੇ ਚੇਰਨੋਵਾਂ, ਤਸੇਰੇਤੇਲੀਆਂ ਵਿਚਾਲੇ ਇਕ ਸੰਦੇਹਪੂਰਨ ਸਮਝੌਤੇ ਦੀ ਜਰੂਰਤ ਉਤੇ ਆਧਾਰਤ ਨਹੀਂ ਹੋਵੇਗੀ।

ਇਹ ਸਹੀ ਅਰਥਾ ਵਿਚ ਇਕ ਇਨਕਲਾਬੀ ਸਰਕਾਰ ਹੋਵੇਗੀ,ਲੋਕਾਂ ਨੂੰ ਇਹ ਦਰਸਾਉਣ ਵਾਲੀ ਕੇਵਲ ਇਕ ਸਰਕਾਰ ਹੋਵੇਗੀ ਕਿ ਉਸ ਸਮੇਂ ਜਦੋਂ ਜਨਸਮੂਹ ਉਤੇ ਅਕਹਿ ਮੁਸੀਬਤਾਂ ਢਾਹੀਆਂ ਜਾਂਦੀਆਂ ਹਨ ਇਹ ਸਰਮਾਏਦਾਰ ਮੁਨਾਫਿਆਂ ਰਾਹੀਂ ਨਾ ਭੈਭੀਤ ਹੋਵੇਗੀ ਤੇ ਨਾ ਹੀ ਸਹਿਮੇਗੀ। ਇਹ ਅਸਲੀ ਇਨਕਲਾਬੀ ਸਰਕਾਰ ਹੋਵੇਗੀ ਕਿਉਂ ਜੋ ਕੇਵਲ ਇਹੋ ਜਨਸਮੂਹ ਦੇ ਇਨਕਲਾਬੀ ਉਤਸ਼ਾਹ ਨੂੰ ਪੈਦਾ ਕਰਨ ਤੇ ਬਹਾਲ ਰਖਣ ਦੇ'ਤੇ ਇਸ ਨੂੰ ਦਸ ਗੁਣਾਂ ਵਧਾਉਣ ਦੇ ਯੋਗ ਹੋਵੇਗੀ; ਲੋਕਾਂ ਨੂੰ ਹਰ ਰੋਜ਼ ਤੇ ਹਰ ਘੜੀ ਇਹ ਅਨੁਭਵ ਕਰਾਏਗੀ ਕਿ ਸਰਕਾਰ ਦਾ ਵਿਸ਼ਵਾਸ ਲੋਕਾਂ ਵਿਚ ਹੈ, ਉਹਨਾਂ ਤੋਂ ਡਰਦੀ ਨਹੀਂ ਹੈ ਅਤੇ ਕਿ ਹੁਣੇ ਇਸ ਘੜੀ ਹਾਲਤ ਸੁਧਾਰਨ ਵਿਚ ਗਰੀਬਾਂ ਦੀ ਮੱਦਦ ਕਰਦੀ ਹੈ, ਕਿ ਉਹ ਲੋਕਾਂ ਦੀਆਂ ਮੁਸੀਬਤਾਂ ਦੇ ਭਾਰੀ ਭਾਰ ਦਾ ਬਰਾਬਰ ਹਿੱਸਾ ਅਮੀਰਾਂ ਦੇ ਸਿਰ ਪਾਉਂਦੀ ਹੈ।

ਅਸੀਂ ਇਕ ਮਜ਼ਬੂਤ ਇਨਕਲਾਬੀ ਸਰਕਾਰ ਦੇ ਹੱਕ ਵਿਚ ਹਾਂ ਕਿਉਂ ਜੋ ਕੇਵਲ ਇਹੋ ਸੰਭਵ ਤੇ ਭਰੋਸੇਯੋਗ ਸਰਕਾਰ ਹੈ।

ਪ੍ਰਾਵਦਾ ਨੰਬਰ 50
19 ਮਈ (6), 1917

# ਕਿਸਾਨ ਡਿਪਟੀਆਂ ਦੀ ਕੁਲ-ਰੂਸ ਕਾਂਗਰਸ ਦੇ ਡੈਲੀਗੇਟਾਂ ਦੇ ਨਾਂਅ ਇਕ ਖੁਲ੍ਹੀ ਚਿੱਠੀ

ਸਾਥੀ ਕਿਸਾਨ ਡਿਪਟੀਓ,

ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ (ਬਾਲਸ਼ਵਿਕ) ਦੀ ਕੇਂਦਰੀ ਕਮੇਟੀ, ਜਿਸ ਦਾ ਮੈਂਬਰ ਹੋਣ ਦਾ ਮੈਨੂੰ ਮਾਣ ਪ੍ਰਾਪਤ ਹੈ, ਚਾਹੁੰਦੀ ਸੀ ਕਿ ਮੈਂ ਆਪਣੀ ਪਾਰਟੀ ਦੀ ਕਿਸਾਨ ਕਾਂਗਰਸ ਵਿਚ ਪ੍ਰਤੀਨਿਧਤਾ ਕਰਾਂ, ਪਰ ਬੀਮਾਰੀ ਨੇ ਮੈਨੂੰ ਇਹ ਕਾਰਜ ਨੇਪਰੇ ਚਾੜ੍ਹਨ ਤੋਂ ਰੋਕ ਲਿਆ ਹੈ। ਇਸ ਲਈ ਮੈਂ ਤੁਹਾਨੂੰ ਇਹ ਖੁਲ੍ਹੀ ਚਿੱਠੀ ਸੰਬੋਧਨ ਕਰਨ ਦੀ ਖੁਲ੍ਹ ਲੈਂਦਾ ਹਾਂ ਤਾਂ ਜੋ ਕਿਰਸਾਣੀ ਦੀ ਕੁਲ-ਰੂਸ ਯੂਨੀਅਨ ਨੂੰ ਵਧਾਈਆਂ ਭੇਂਟ ਕਰ ਸਕਾਂ ਅਤੇ ਉਹਨਾਂ ਡੂੰਘੇ ਮੱਤਭੇਦਾਂ ਨੂੰ ਸੰਖੇਪ ਵਿਚ ਦਰਸਾ ਸਕਾਂ ਜੋ ਇਕ ਪਾਸੇ ਸਾਡੀ ਪਾਰਟੀ ਤੇ ਦੂਜੇ ਪਾਸੇ ਸੋਸ਼ਲਿਸਟ ਇਨਕਲਾਬੀਆਂ ਤੇ ਮੈਨਸ਼ਵਿਕ-ਸੋਸ਼ਲ ਡੈਮੋਕਰੈਟਾਂ ਦੀ ਪਾਰਟੀ ਨੂੰ ਵੰਡਦੇ ਹਨ।

ਇਹ ਡੂੰਘੇ ਮੱਤਭੇਦ ਤਿੰਨ ਬਹੁਤ ਹੀ ਜ਼ਰੂਰੀ ਮਸਲਿਆਂ ਨਾਲ ਸਬੰਧਤ ਹਨ : ਜ਼ਮੀਨ, ਜੰਗ ਅਤੇ ਰਾਜਕੀ ਜਥੇਬੰਦੀ।

ਸਾਰੀ ਜਮੀਨ ਹਰ ਹਾਲਤ ਵਿਚ ਲੋਕਾਂ ਦੀ ਹੋਣੀ ਚਾਹੀਦੀ ਹੈ। ਸਾਰੀਆਂ ਜ਼ਮੀਨੀ ਮਿਲਖਾਂ ਬਿਨਾਂ ਕਿਸੇ ਮੁਆਵਜ਼ੇ ਦੇ ਕਿਸਾਨਾਂ ਦੇ ਹਵਾਲੇ ਕਰ ਦੇਣੀਆਂ ਚਾਹੀਦੀਆਂ ਹਨ। ਇਹ ਗੱਲ ਸਪੱਸ਼ਟ ਹੈ ਕਿ ਕੀ ਕਿਸਾਨ ਸਥਾਨਕ ਇਲਾਕਿਆਂ ਵਿਚ ਸਾਰੀ ਜ਼ਮੀਨ ਜਗੀਰ-ਦਾਰਾ ਨੂੰ ਬਿਨਾਂ ਕੋਈ ਰਕਮ ਅਦਾ ਕੀਤਿਆਂ ਤੁਰੰਤ ਆਪਣੇ ਹੱਥ ਵਿਚ ਲੈ ਲੈਣ ਜਾਂ ਸੰਵਿਧਾਨਕ ਅਸੰਬਲੀ ਦੇ ਮਿਲਣ ਦੀ ਉਡੀਕ ਕਰਨ ?

ਸਾਡੀ ਪਾਰਟੀ ਸਮਝਦੀ ਹੈ ਕਿ ਉਹਨਾਂ ਨੂੰ ਜ਼ਮੀਨ ਲੈ ਲੈਣੀ ਚਾਹੀਦੀ ਹੈ ਅਤੇ ਕਿਸਾਨਾਂ ਨੂੰ ਸਲਾਹ ਦੇਂਦੀ ਹੈ ਕਿ ਸਥਾਨਕ ਤੌਰ ਤੇ ਸਾਰੀ ਜ਼ਮੀਨ ਬਿਨਾਂ ਕਿਸੇ ਢਿੱਲ ਦੇ ਲੈ ਲੈਣੀ ਚਾਹੀਦੀ ਹੈ ਅਤੇ ਇਹ ਕੰਮ ਉਹਨਾਂ ਨੂੰ ਜਥੇਬੰਦਕ ਢੰਗ ਨਾਲ ਕਰਨਾ ਚਾਹੀਦਾ ਹੈ, ਕਿਸੇ ਵੀ ਹਾਲਤ ਵਿਚ ਜਾਇਦਾਦ ਨੂੰ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ ਅਤੇ ਅਨਾਜ ਤੇ ਧਾਨ ਦੀ ਉਪਜ ਵਧਾਉਣ ਦਾ ਹਰ ਯਤਨ ਕਰਨਾ ਚਾਹੀਦਾ ਹੈ ਕਿਉਂ ਜੋ ਮੋਰਚੇ ਉਤੇ ਫੌਜੀਆਂ ਨੂੰ ਇਹਨਾਂ ਦੀ ਬਹੁਤ ਸਖਤ ਜ਼ਰੂਰਤ ਹੈ। ਹਰ ਹਾਲਤ ਵਿਚ, ਭਾਵੇਂ ਜ਼ਮੀਨ ਨੂੰ ਕਿਵੇਂ ਵੰਡਣਾ ਹੈ, ਇਸ ਬਾਰੇ ਆਖ਼ਰੀ ਫੈਸਲਾ ਸੰਵਿਧਾਨਕ ਅਸੰਬਲੀ ਵਲੋਂ ਕੀਤਾ ਜਾਵੇਗਾ। ਇਕ ਮੁੱਢਲਾ ਨਿਪਟਾਰਾ ਹੁਣ,

ਤੁਰੰਤ ਬਹਾਰ ਦੀ ਬੀਜਾਈ ਲਈ ਸਮੇਂ ਸਿਰ ਕੇਵਲ ਸਥਾਨਕ ਅਦਾਰਿਆਂ ਵਲੋਂ ਕੀਤਾ ਜਾ ਸਕਦਾ ਹੈ, ਕਿਉਂ ਜੋ ਸਾਡੀ ਆਰਜ਼ੀ ਸਰਕਾਰ, ਜੋ ਜਾਗੀਰਦਾਰਾਂ ਤੇ ਸਰਮਾਏਦਾਰਾਂ ਦੀ ਸਰਕਾਰ ਹੈ ਸੰਵਿਧਾਨ ਅਸੰਬਲੀ ਬੁਲਾਉਣ ਲਈ ਅਗਾਂਹ ਤੋਂ ਅਗਾਂਹ ਪਾ ਰਹੀ ਹੈ ਅਤੇ ਅਜੇ ਤਕ ਉਸ ਦੀ ਤਾਰੀਕ ਤਕ ਨਹੀਂ ਮਿਥੀ।

ਕੇਵਲ ਸਾਡੇ ਸਥਾਨਕ ਅਦਾਰੇ ਮੁੱਢਲੇ ਤੌਰ ਤੇ ਜ਼ਮੀਨ ਦੀ ਜ਼ਿਮੇਂਵਾਰੀ ਲੈਣ ਦੇ ਕਾਬਲ ਹਨ। ਖੇਤਾਂ ਵਿਚ ਫਸਲਾਂ ਦੀ ਬਿਜਾਈ ਹੋਣੀ ਚਾਹੀਦੀ ਹੈ। ਸਥਾਨਕ ਇਲਾਕਿਆਂ ਵਿਚ ਬਹੁਤੇ ਕਿਸਾਨ ਜਥੇਬੰਦਕ ਢੰਗ ਨਾਲ ਜ਼ਮੀਨ ਦੀ ਵਰਤੋਂ ਕਰਨ ਦੇ, ਵਾਹਾਈ ਕਰਨ ਤੇ ਸਾਰੀ ਜ਼ਮੀਨ ਵਿਚ ਫਸਲਾਂ ਉਗਾਉਣ ਦੇ ਬਿਲਕੁਲ ਯੋਗ ਹਨ। ਜੇ ਮੋਰਚੇ ਉਤੇ ਸਿਪਾਹੀਆਂ ਨੂੰ ਖੁਰਾਕ ਦੀ ਸਪਲਾਈ ਨੂੰ ਸੁਧਾਰਨਾ ਹੈ ਤਾਂ ਇਹ ਬਹੁਤ ਜ਼ਰੂਰੀ ਕੰਮ ਹੈ। ਸੋ, ਸੰਵਿਧਾਨ ਅਸੰਬਲੀ ਦੀ ਉਡੀਕ ਕਰਨ ਦਾ ਸੁਆਲ ਹੀ ਪੈਂਦਾ ਨਹੀਂ ਹੁੰਦਾ। ਅਸੀਂ ਸੰਵਿਧਾਨ ਅਸੰਬਲੀ ਵਲੋਂ ਅੰਤਮ ਰੂਪ ਵਿਚ ਜ਼ਮੀਨ ਦੀ ਜਨਤਕ ਮਾਲਕੀ ਨਿਸਚਿਤ ਕਰਨ ਦੇ ਅਤੇ ਇਸ ਦੀ ਵੰਡ ਨਿਸਚਤ ਕਰਨ ਦੇ ਅਧਿਕਾਰ ਤੋਂ ਕਿਸੇ ਵੀ ਤਰ੍ਹਾਂ ਇਨਕਾਰ ਨਹੀਂ ਕਰਦੇ। ਪਰ, ਇਸ ਸਮੇਂ ਦੌਰਾਨ, ਐਨ ਹੁਣੇ, ਇਸ ਬਹਾਰ ਵਿਚ ਕਿਸਾਨਾਂ ਨੂੰ ਆਪ ਸਥਾਨਕ ਤੌਰ ਤੇ ਫੈਸਲਾ ਕਰਨਾ ਚਾਹੀਦਾ ਹੈ ਕਿ ਇਸ ਬਾਰੇ ਕੀ ਕੀਤਾ ਜਾਵੇ। ਮੋਰਚੇ ਤੋਂ ਸਿਪਾਹੀ ਪਿੰਡਾਂ ਨੂੰ ਆਪਣੇ ਡੈਲੀਗੇਟ ਭੇਜ ਸਕਦੇ ਹਨ ਤੇ ਉਹਨਾਂ ਨੂੰ ਭੇਜਣੇ ਚਾਹੀਦੇ ਹਨ।

ਇਸ ਤੋਂ ਉਪਰੰਤ। ਕਿਉਂ ਜੋ ਸਾਰੀ ਜ਼ਮੀਨ ਕਿਰਤੀ ਲੋਕਾਂ ਕੋਲ ਜਾਵੇਗੀ, ਸ਼ਹਿਰੀ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ (ਅਰਧ-ਪਰੋਲੇਤਾਰੀਆਂ) ਦਾ ਨੇੜਵਾਂ ਗੱਠਜੋੜ ਜ਼ਰੂਰੀ ਹੈ। ਜਦੋਂ ਤੱਕ ਇਹ ਗੱਠਜੋੜ ਨਹੀਂ ਬਣਦਾ, ਸਰਮਾਏਦਾਰਾਂ ਨੂੰ ਨਹੀਂ ਹਰਾਇਆ ਜਾ ਸਕਦਾ। ਅਤੇ ਜੇ ਉਹਨਾਂ ਨੂੰ ਹਰਾਇਆ ਨਾ ਗਿਆ ਤਾ ਲੋਕਾਂ ਨੂੰ ਜ਼ਮੀਨ ਦੀ ਕੋਈ ਤਬਦੀਲੀ ਉਹਨਾਂ ਨੂੰ ਜਾਇਦਾਦ ਤੋਂ ਮੁਕਤ ਨਹੀਂ ਕਰੇਗੀ। ਤੁਸੀਂ ਜ਼ਮੀਨ ਨੂੰ ਨਹੀਂ ਖਾ ਸਕਦੇ ਅਤੇ ਬਿਨਾਂ ਪੈਸੇ ਦੇ, ਬਿਨਾਂ ਸਰਮਾਏ ਦੇ, ਔਜ਼ਾਰ ਤੇ ਸੰਦ, ਡੰਗਰ ਤੇ ਜਾਂ ਬੀਜ ਪਰਾਪਤ ਕਰਨ ਦਾ ਕੋਈ ਰਾਹ ਨਹੀਂ ਹੈ। ਕਿਸਾਨਾਂ ਨੂੰ ਸਰਮਾਏਦਾਰਾਂ ਜਾਂ ਅਮੀਰ ਕਿਸਾਨਾਂ (ਜੋ ਸਰਮਾਏਦਾਰ ਵੀ ਹਨ) ਤੇ ਨਹੀਂ, ਕੇਵਲ ਸ਼ਹਿਰੀ ਮਜ਼ਦੂਰਾਂ ਤੇ ਇਤਬਾਰ ਕਰਨਾ ਚਾਹੀਦਾ ਹੈ। ਕੇਵਲ ਸ਼ਹਿਰੀ ਮਜ਼ਦੂਰਾਂ ਨਾਲ ਗੱਠਜੋੜ ਰਾਹੀਂ ਹੀ ਗ਼ਰੀਬ ਕਿਸਾਨ ਇਹ ਯਕੀਨੀ ਬਣਾ ਸਕਦੇ ਹਨ ਕਿ ਜ਼ਮੀਨ, ਰੇਲਵੇ, ਬੈਂਕ ਤੇ ਫੈਕਟਰੀਆਂ ਸਾਰੇ ਕਿਰਤੀ ਲੋਕਾਂ ਦੀਆਂ ਹੋ ਜਾਣ; ਜੇ ਇਹ ਕੁਝ ਨਾ ਕੀਤਾ ਗਿਆ ਤਾਂ ਲੋਕਾਂ ਨੂੰ ਜ਼ਮੀਨ ਦੀ ਬਦਲੀ, ਥੁੜ ਤੇ ਕੰਗਾਲੀ ਨੂੰ ਖ਼ਤਮ ਨਹੀਂ ਕਰ ਸਕਦੀ।

ਰੂਸ ਵਿਚ ਕੁਝ ਸਥਾਨਕ ਇਲਾਕਿਆਂ ਵਿਚ ਮਜ਼ਦੂਰਾਂ ਨੇ ਫੈਕਟਰੀਆਂ ਉਤੇ ਆਪਣੀ ਨਿਗਰਾਨੀ (ਕੰਟਰੋਲ) ਸਥਾਪਤ ਕਰਨੀ ਸ਼ੁਰੂ ਕਰ ਵੀ ਦਿੱਤੀ ਹੈ। ਮਜ਼ਦੂਰਾਂ ਰਾਹੀਂ ਅਜਿਹਾ ਕੰਟਰੋਲ ਕਿਸਾਨਾ ਲਈ ਲਾਹੇਵੰਦ ਹੈ, ਕਿਉਂ ਜੋ ਇਸ ਨਾਲ ਪੈਦਾਵਾਰ ਵਧੇਗੀ ਤੇ ਉਪਜਾਂ ਸਸਤੀਆਂ ਹੋਣਗੀਆਂ। ਕਿਸਾਨਾਂ ਨੂੰ ਮਜ਼ਦੂਰਾਂ ਦੀ ਇਸ ਪਹਿਲ ਕਦਮੀ ਦੀ ਹਰ ਹਾਲਤ ਵਿਚ ਪੂਰੀ ਹਮਾਇਤ ਕਰਨੀ ਚਾਹੀਦੀ ਹੈ ਅਤੇ ਉਸ ਤੁਹਮਤ ਉਤੇ ਇਤਬਾਰ ਨਹੀਂ ਕਰਨਾ ਚਾਹੀਦਾ ਜੋ ਸਰਮਾਏਦਾਰ ਮਜ਼ਦੂਰਾਂ ਦੇ ਵਿਰੁੱਧ ਫੈਲਾਉਂਦੇ ਹਨ।

ਦੂਜਾ ਸੁਆਲ ਜੰਗ ਦਾ ਸੁਆਲ ਹੈ।

ਇਹ ਜੰਗ ਫਤਿਹ ਪਰਾਪਤ ਕਰਨ ਦੀ ਜੰਗ ਹੈ। ਇਹ ਸਾਰੇ ਦੇਸ਼ਾਂ ਦੇ ਸਰਮਾਏਦਾਰਾਂ ਵਲੋਂ ਲੋਟੂ ਮੰਤਵਾਂ ਵਜੋਂ ਆਪਣੇ ਮੁਨਾਫ਼ੇ ਵਧਾਉਣ ਲਈ ਲੜੀ ਜਾ ਰਹੀ ਹੈ। ਕਿਰਤੀ ਲੋਕਾਂ ਲਈ ਇਹ

ਜੰਗ ਕੇਵਲ ਤਬਾਹੀ, ਮੁਸੀਬਤਾਂ, ਬਰਬਾਦੀ ਤੇ ਵਹਿਸ਼ਤ ਲਿਆ ਸਕਦੀ ਹੈ। ਇਸੇ ਲਈ ਸਾਡੀ ਪਾਰਟੀ, ਜਮਾਤੀ ਤੌਰ ਤੇ ਸੁਚੇਤ ਮਜ਼ਦੂਰਾਂ ਤੇ ਕਿਸਾਨਾਂ ਦੀ ਪਾਰਟੀ, ਇਸ ਜੰਗ ਦੀ ਪੂਰੇ ਜ਼ੋਰ ਨਾਲ ਤੇ ਬਿਨਾਂ ਕਿਸੇ ਝਿਜਕ ਦੇ ਨਿਖੇਧੀ ਕਰਦੀ ਹੈ। ਇਕ ਦੇਸ਼ ਦੇ ਸਰਮਾਏਦਾਰਾਂ ਨੂੰ ਦੂਜੇ ਦੇਸ਼ ਦੇ ਸਰਮਾਏਦਾਰਾਂ ਦੇ ਵਿਰੁੱਧ ਹੱਕੀ ਠਹਿਰਾਉਣ ਨੂੰ ਇਨਕਾਰ ਕਰਦੀ ਹੈ। ਕਿਸੇ ਵੀ ਦੇਸ਼ ਦੇ ਸਰਮਾਏ-ਦਾਰਾਂ ਦੀ ਹਮਾਇਤ ਕਰਨ ਤੋਂ ਇਨਕਾਰ ਕਰਦੀ ਹੈ ਅਤੇ ਸਾਰੇ ਦੇਸ਼ਾਂ ਵਿਚ ਸਰਮਾਏਦਾਰਾਂ ਨੂੰ ਉਲਟਾਉਣ ਰਾਹੀਂ, ਸਾਰੇ ਦੇਸ਼ਾਂ ਵਿਚ ਮਜ਼ਦੂਰਾਂ ਦੇ ਇਨਕਲਾਬ ਰਾਹੀਂ ਜੰਗ ਦੇ ਤੁਰੰਤ ਖਾਤਮੇ ਲਈ ਕੰਮ ਕਰ ਰਹੀ ਹੈ।

ਸਾਡੀ ਨਵੀਂ ਆਰਜ਼ੀ ਸਰਕਾਰ ਵਿਚ ਜਗੀਰਦਾਰ ਤੇ ਸਰਮਾਏਦਾਰ ਪਾਰਟੀਆਂ ਦੇ ਦਸ ਵਜ਼ੀਰ ਹਨ ਤੇ ਛੇ ਨਰੋਦਨਿਕ (ਸੋਸ਼ਲਿਸਟ-ਇਨਕਲਾਬੀ) ਅਤੇ ਮੈਨਸ਼ਵਿਕ ਸੋਸ਼ਲ ਡੈਮੋਕਰੈਟਿਕ ਪਾਰਟੀਆਂ ਦੇ ਹਨ। ਸਾਡੀ ਰਾਏ ਵਿਚ ਨਰੋਦਨਿਕਾਂ ਤੇ ਮੈਨਸ਼ਵਿਕਾਂ ਨੇ ਕੈਬਨਿਟ ਵਿਚ ਸ਼ਾਮਲ ਹੋ ਕੇ ਅਤੇ ਆਮ ਤੌਰ ਤੇ ਇਸ ਦੀ ਹਮਾਇਤ ਕਰ ਕੇ ਇਕ ਗੰਭੀਰ ਤੇ ਮਾਰੂ ਗਲਤੀ ਕੀਤੀ ਹੈ। ਤਸੇਰੇਤੇਲੀ ਤੇ ਚੇਰਨੋਵ ਵਰਗੇ ਬੰਦੇ ਸਰਮਾਏਦਾਰਾਂ ਨੂੰ ਵਰਤਮਾਨ ਲੋਟੂ ਕੰਮ ਦੇ ਤੁਰੰਤ ਤੇ ਸਤਿਕਾਰ ਯੋਗ ਖ਼ਾਤਮੇ ਲਈ ਪਰੇਰਨ ਦੀ ਆਸ ਕਰਦੇ ਹਨ। ਪਰ ਨਰੋਦਨਿਕ ਤੇ ਮੈਨਸ਼ਵਿਕ ਪਾਰਟੀਆਂ ਦੇ ਇਹ ਆਗੂ ਗ਼ਲਤੀ ਤੇ ਹਨ : ਅਸਲ ਵਿਚ ਉਹ ਸਰਮਾਏਦਾਰਾਂ ਦੀ ਰੂਸੀ ਫ਼ੌਜਾਂ ਨੂੰ ਜਰਮਨੀ ਦੇ ਵਿਰੁੱਧ ਹਮਲੇ ਲਈ ਤਿਆਰ ਕਰਨ ਵਿਚ ਮੱਦਦ ਕਰ ਰਹੇ ਹਨ, ਭਾਵ, ਜੰਗ ਨੂੰ ਹੋਰ ਲਮਕਾਉਣ ਵਿਚ ਰੂਸੀ ਲੋਕਾਂ ਨੇ ਜੰਗ ਵਿਚ ਜੋ ਅਥਾਹ ਭਾਰੀ ਕੁਰਬਾਨੀਆਂ ਕੀਤੀਆਂ ਹਨ ਉਹਨਾਂ ਵਿਚ ਵਾਧਾ ਕਰਨ ਵਿਚ ਮੱਦਦ ਕਰ ਰਹੇ ਹਨ।

ਅਸੀਂ ਕਾਇਲ ਹਾਂ ਕਿ ਸਰਮਾਏਦਾਰ ਸਾਰੇ ਦੇਸ਼ਾਂ ਵਿਚ ਲੋਕਾਂ ਨੂੰ ਇਕ ਤੁਰੰਤ ਤੇ ਨਿਆਈਂ ਅਮਨ ਦਾ ਇਕਰਾਰ ਕਰ ਕੇ ਧੋਖਾ ਦੇ ਰਹੇ ਹਨ ਜਦ ਕਿ ਉਹ ਅਸਲ ਵਿਚ ਹੋਰ ਤੇ ਜਿੱਤ ਪਰਾਪਤ ਕਰਨ ਦੀ ਜੰਗ ਨੂੰ ਲਮਕਾ ਰਹੇ ਹਨ। ਰੂਸੀ ਸਰਮਾਏਦਾਰ, ਜਿਹਨਾਂ ਦਾ ਪੁਰਾਣੀ ਆਰਜ਼ੀ ਸਰਕਾਰ ਉਤੇ ਕੰਟਰੋਲ ਸੀ ਤੇ ਜਿਹਨਾਂ ਦਾ ਨਵੀਂ ਸਰਕਾਰ ਉਤੇ ਕੰਟਰੋਲ ਹੈ, ਗੁਪਤ ਲੋਟੂ ਸੰਧੀਆਂ ਨੂੰ ਵੀ ਪਰਕਾਸ਼ਤ ਨਹੀਂ ਕਰਨਾ ਚਾਹੁੰਦੇ ਜਿਹੜੀਆਂ ਸੰਧੀਆਂ ਸਾਬਕ ਜ਼ਾਰ ਨਿਕੋਲਸ ਰੋਮਾਨੋਵ ਨੇ ਬਰਤਾਨੀਆ, ਫ਼ਰਾਂਸ ਤੇ ਹੋਰ ਦੇਸ਼ਾਂ ਦੇ ਸਰਮਾਏਦਾਰਾਂ ਦੇ ਨਾਲ ਤੁਰਕਾਂ ਤੋਂ ਕਾਨਸਟੈਂਟੀਨੋਪਲ, ਆਸਟਰੀਆਈ ਤੋਂ ਗਲੀਸ਼ੀਆ, ਤੁਰਕਾਂ ਤੋਂ ਆਰਮੇਨੀਆ ਇਤਿਆਦਿ ਹਥਿਆਉਣ ਦੇ ਮੰਤਵ ਨਾਲ ਕੀਤੀਆਂ ਸਨ। ਆਰਜ਼ੀ ਸਰਕਾਰ ਨੇ ਇਹਨਾਂ ਸੰਧੀਆਂ ਦੀ ਤਸਦੀਕ ਕਰ ਦਿੱਤੀ ਹੈ।

ਸਾਡੀ ਪਾਰਟੀ ਦਾ ਵਿਚਾਰ ਹੈ ਕਿ ਇਹ ਸੰਧੀਆਂ ਉਸੇ ਤਰ੍ਹਾਂ ਮੁਜਰਮਾਨਾ ਤੇ ਲੋਟੂ ਹਨ ਜਿਹੋ ਜਿਹੀਆਂ ਜਰਮਨ ਲੋਟੂ ਸਰਮਾਏਦਾਰਾਂ ਅਤੇ ਉਹਨਾਂ ਦੇ ਲੋਟੂ-ਸ਼ਹਿਨਸ਼ਾਹ ਵਿਲਹੇਲਮ ਨੇ ਆਪਣੇ ਇਤਿਹਾਦੀਆਂ ਨਾਲ ਕੀਤੀਆਂ ਸਨ।

ਮਜ਼ਦੂਰਾਂ ਤੇ ਕਿਸਾਨਾਂ ਦਾ ਲਹੂ ਸਰਮਾਏਦਾਰਾਂ ਦੇ ਅਜਿਹੇ ਲੋਟੂ ਮੰਤਵਾਂ ਦੀ ਖ਼ਾਤਰ ਨਹੀਂ ਡੁਲ੍ਹਣਾ ਚਾਹੀਦਾ।

ਇਸ ਮੁਜਰਮਾਨਾ ਜੰਗ ਦਾ ਜਰਮਨੀ ਨਾਲ ਇਕ ਵੱਖਰੇ ਅਮਨ ਰਾਹੀਂ ਨਹੀਂ, ਸਗੋਂ ਵਿਸ਼ਵ-ਵਿਆਪੀ ਅਮਨ ਰਾਹੀਂ, ਇਕ ਸਰਮਾਏਦਾਰਾਂ ਦੇ ਵਿਰੁੱਧ ਕਿਰਤੀ ਸਮੂਹਾਂ ਦੇ ਇਕ ਅਮਨ ਰਾਹੀਂ ਤੁਰੰਤ ਖਾਤਮਾ ਕਰਨਾ ਚਾਹੀਦਾ ਹੈ। ਇੰਜ ਕਰਨ ਦਾ ਕੇਵਲ ਇਕੋ ਰਾਹ ਹੈ, ਅਤੇ ਉਹ ਇਹ ਹੈ ਕਿ ਸਾਰੀ ਰਾਜਕੀ ਸੱਤਾ ਰੂਸ ਵਿਚ ਤੇ ਦੂਜੇ ਦੇਸ਼ਾਂ ਵਿਚ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੇ

ਡਿਪਟੀਆਂ ਦੀਆਂ ਸੋਵੀਅਤਾਂ ਨੂੰ ਸੌਂਪ ਦਿੱਤੀ ਜਾਵੇ। ਕੇਵਲ ਅਜਿਹੀਆਂ ਸੋਵੀਅਤਾਂ ਹੀ ਸਰਮਾਏਦਾਰਾਂ ਨੂੰ ਲੋਕਾਂ ਨੂੰ ਧੋਖਾ ਦੇਣ ਤੋਂ ਅਤੇ ਸਰਮਾਏਦਾਰਾਂ ਵਲੋਂ ਜੰਗ ਨੂੰ ਲਮਕਾਈ ਜਾਣ ਤੋਂ ਅਸਰਦਾਰ ਢੰਗ ਨਾਲ ਰੋਕਣ ਦੇ ਯੋਗ ਹਨ।

ਹੁਣ ਮੈਂ ਤੀਜੇ ਤੇ ਆਖ਼ਰੀ ਸੁਆਲ ਵਲ ਆਉਂਦਾ ਹਾਂ ਜਿਸ ਦਾ ਜ਼ਿਕਰ ਮੈਂ ਉਪਰ ਕੀਤਾ ਹੈ : ਰਾਜਕੀ ਜਥੇਬੰਦੀ ਦਾ ਸੁਆਲ।

ਰੂਸ ਨੂੰ ਇਕ ਜਮਹੂਰੀ ਰੀਪਬਲਿਕ ਬਣਨਾ ਚਾਹੀਦਾ ਹੈ। ਇਥੋਂ ਤਕ ਕਿ ਜਗੀਰਦਾਰਾਂ ਤੇ ਸਰਮਾਏਦਾਰਾ ਦੀ ਬਹੁ ਗਿਣਤੀ ਜੋ, ਜਿਨ੍ਹਾਂ ਨੂੰ ਹਮੇਸ਼ਾ ਪਾਤਸ਼ਾਹੀ ਦੀ ਹਮਾਇਤ ਕੀਤੀ ਸੀ ਪਰ ਹੁਣ ਵੇਖਦੇ ਹਨ ਕਿ ਰੂਸ ਦੇ ਲੋਕ ਹੁਣ ਇਸ ਨੂੰ ਕਿਸੇ ਵੀ ਤਰ੍ਹਾਂ ਬਹਾਲ ਹੋਣ ਦੀ ਆਗਿਆ ਨਹੀਂ ਦੇਣਗੇ, ਇਸ ਨਾਲ ਸਹਿਮਤ ਹੈ । ਸਰਮਾਏਦਾਰਾਂ ਨੇ ਆਪਣੇ ਸਾਰੇ ਯਤਨ ਰੂਸੀ ਰੀਪਬਲਿਕ ਨੂੰ ਜਿਥੋਂ ਤਕ ਸੰਭਵ ਹੋਵੇ ਇਕ ਪਾਤਸਾਹੀ ਨਾਲ ਬਹੁਤ ਮਿਲਦੀ ਜੁਲਦੀ ਬਨਾਉਣ ਵਲ ਸੇਧਤ ਕਰ ਦਿਤੇ ਹਨ ਤਾ ਜੋ ਇਸ ਨੂੰ ਬਹੁਤ ਹੀ ਘੱਟ ਔਕੜ ਨਾਲ ਪਾਤਸਾਹੀ ਵਿਚ ਬਦਲਿਆ ਜਾ ਸਕੇ। (ਇਹ ਗੱਲ ਬਹੁਤੇ ਦੇਸ਼ਾ ਵਿਚ ਵਾਰ ਵਾਰ ਵਾਪਰ ਚੁਕੀ ਹੈ) । ਇਸ ਮੰਤਵ ਲਈ ਸਰਮਾਏਦਾਰ ਨੌਕਰਸਾਹੀ ਨੂੰ ਬਹਾਲ ਰਖਣਾ ਚਾਹੁੰਦੇ ਹਨ ਜੋ ਲੋਕਾਂ ਤੋਂ **ਉਪਰ** ਖਲੋਤੀ ਹੈ। ਪੁਲਸ ਤੇ ਸਟੈਂਡਿੰਗ ਫੌਜ ਨੂੰ ਬਹਾਲ ਰਖਣਾ ਚਾਹੁੰਦੇ ਹਨ, ਜਿਸ ਨੂੰ ਲੋਕਾਂ ਤੋਂ ਵੱਖ ਕੀਤਾ ਗਿਆ ਹੈ ਅਤੇ ਜਿਸ ਦੇ ਕਮਾਂਡਰ ਬਿਨਾ ਚੁਣੇ ਜਰਨੈਲ ਤੇ ਹੋਰ ਅਧਿਕਾਰੀ ਹਨ ਅਤੇ ਜਰਨੈਲ ਤੇ ਹੋਰ ਅਧਿਕਾਰੀ ਜਦੋਂ ਤਕ ਚੁਣੇ ਨਹੀਂ ਜਾਂਦੇ ਹਮੇਸ਼ਾ ਹੀ ਅਟਲ ਤੌਰ ਤੇ ਜਗੀਰਦਾਰ ਤੇ ਸਰਮਾਏਦਾਰ ਹੋਣਗੇ। ਇਤਨਾ ਕੁਝ ਅਸੀਂ ਸੰਸਾਰ ਵਿਚ ਸਾਰੀਆਂ ਰੀਪਬਲਿਕਾਂ ਦੇ ਤਜਰਬੇ ਤੋਂ ਜਾਣਦੇ ਹਾਂ।

ਸਾਡੀ ਪਾਰਟੀ, ਜਮਾਤੀ ਤੌਰ ਤੇ ਚੇਤੰਨ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਦੀ ਪਾਰਟੀ, ਇਸ ਲਈ ਇਕ ਹੋਰ ਕਿਸਮ ਦੀ ਜਮਹੂਰੀ ਰੀਪਬਲਿਕ ਲਈ ਕੰਮ ਕਰ ਰਹੀ ਹੈ। ਅਸੀਂ ਅਜਿਹੀ ਰੀਪਬਲਿਕ ਚਾਹੁੰਦੇ ਹਾ ਜਿਥੇ ਪੁਲਸ ਨਾ ਹੋਵੇ ਜੋ ਲੋਕਾਂ ਨੂੰ ਧਮਕਾਉਂਦੀ ਹੈ; ਜਿਥੇ ਸਾਰੇ ਅਧਿ-ਕਾਰੀ ਹੇਠਾ ਤੋਂ ਉੱਪਰ ਤਕ ਚੁਣੇ ਹੋਏ ਹੋਣ ਅਤੇ ਜਦੋਂ ਵੀ ਲੋਕ ਮੰਗ ਕਰਨ ਹਟਾਏ ਜਾ ਸਕਦੇ ਹੋਣ ਅਤੇ ਜਿਨ੍ਹਾ ਨੂੰ ਤਨਖਾਹਾ ਇਕ ਯੋਗ ਮਜਦੂਰ ਦੀ ਉਜਰਤ ਤੋਂ ਵਧ ਨਾ ਦਿੱਤੀਆਂ ਜਾਣ; ਜਿਥੇ ਸਾਰੇ ਫੌਜੀ ਅਫਸਰ ਉਸੇ ਤਰ੍ਹਾ ਚੁਣੇ ਜਾਣ ਅਤੇ ਜਿਥੇ ਸਟੈਂਡਿੰਗ ਫੌਜ ਦੀ ਥਾਂ—ਜੋ ਲੋਕਾਂ ਤੋਂ ਵੱਖ ਹੈ ਅਤੇ ਲੋਕਾ ਤੋਂ ਉਪਰਲੀਆਂ ਜਮਾਤਾਂ ਦੇ ਅਧੀਨ ਹੈ—ਵਿਆਪਕ ਤੌਰ ਤੇ ਹਥਿਆਰਬੰਦ ਕਰ ਕੇ, ਇਕ ਲੋਕ ਮਿਲੀਸ਼ੀਆ ਸਥਾਪਤ ਕੀਤੀ ਜਾਵੇ।

ਅਸੀਂ ਰੀਪਬਲਿਕ ਚਾਹੁੰਦੇ ਹਾਂ ਜਿਥੇ ਸਾਰੀ ਰਾਜਕੀ ਸੱਤਾ ਹੇਠਾਂ ਤੋਂ ਲੈ ਕੇ ਉਪਰ ਤਕ, ਪੂਰਨ ਤੇ ਇਕਾਂਤਰ ਤੌਰ ਤੇ ਸਿਪਾਹੀਆ, ਕਿਸਾਨਾ ਦੇ ਹੋਰ ਡਿਪਟੀਆਂ ਦੀਆਂ ਸੋਵੀਅਤਾਂ ਦੇ ਹੱਥਾਂ ਵਿਚ ਹੋਵੇ।

ਮਜ਼ਦੂਰ ਤੇ ਕਿਸਾਨ ਵਸੋਂ ਦੀ ਬਹੁ-ਗਿਣਤੀ ਹਨ। ਸੱਤਾ ਤੇ ਰਾਜ ਪ੍ਰਬੰਧ ਦੇ ਕਾਰਜ **ਉਹਨਾਂ ਦੀਆਂ ਸੋਵੀਅਤਾਂ** ਦੇ ਹੱਥ ਵਿਚ ਹੋਣੇ ਚਾਹੀਦੇ ਹਨ, ਨੌਕਰਸ਼ਾਹੀ ਦੇ ਹੱਥਾਂ ਵਿਚ ਨਹੀਂ।

ਸਾਥੀ ਕਿਸਾਨ ਡਿਪਟੀਓ, ਅਜਿਹੇ ਹਨ ਸਾਡੇ ਵਿਚਾਰ । ਅਸੀਂ ਕਰੜਾਈ ਨਾਲ ਇਸ ਗੱਲ ਦੇ ਕਾਇਲ ਹਾਂ ਕਿ ਤਜਰਬਾ ਵਿਸ਼ਾਲ ਸਮੂਹਾਂ ਨੂੰ ਛੇਤੀ ਦਰਸਾਏਗਾ ਕਿ ਨਰੋਦਨਿਕਾਂ ਤੇ ਮੈਨਸ਼ਵਿਕਾਂ ਦੀ ਨੀਤੀ ਕਿਤਨੀ ਗ਼ਲਤ ਹੈ। ਜਨਸਮੂਹਾਂ ਨੂੰ ਤਜਰਬਾ ਛੇਤੀ ਦਰਸਾਏਗਾ ਕਿ ਸਰਮਾਏਦਾਰਾਂ ਨਾਲ ਸਮਝੌਤਾ ਰੂਸ ਨੂੰ ਨਹੀਂ ਬਚਾ ਸਕਦਾ, ਜੋ ਜਰਮਨੀ ਤੇ ਹੋਰ ਦੇਸ਼ਾਂ ਵਾਂਗ ਤਬਾਹੀ ਦੀ ਦੰਦੀ

ਉਤੇ ਖਲੌਤਾ ਹੈ, ਜੰਗ ਨਾਲ ਹਾਰੀਆਂ ਹੁਟੀਆਂ ਕੌਮਾਂ ਨੂੰ ਨਹੀਂ ਬਚਾ ਸਕਦਾ। ਸਾਰੀ ਰਾਜਕੀ ਸੱਤਾ ਦੀ ਸਿੱਧੇ ਤੌਰ ਤੇ ਵਸੋਂ ਦੀ ਬਹੁਗਿਣਤੀ ਦੇ ਹੱਕ ਵਿਚ ਤਬਦੀਲੀ ਹੀ ਕੌਮਾਂ ਨੂੰ ਬਚਾ ਸਕਦੀ ਹੈ।

ਪੀਤਰੋਗਰਾਦ, 7 ਮਈ, 1917 **ਐਨ. ਲੈਨਿਨ**

ਮਈ 24 (11), 1917 ਨੂੰ
**ਸੋਲਦਾਤਸਕਾਇਆ ਪਰਾਵਦਾ** ਨੰਬਰ 19
ਵਿਚ ਪਰਕਾਸ਼ਤ ਹੋਈ।

# ਕੁਝ ਵੀ ਨਹੀਂ ਬਦਲਿਆ

ਹੁਣ ਕਿਉਂ ਜੋ "ਸੋਸ਼ਲਿਸਟ" ਕੈਬਨਿਟ ਦੇ ਮੈਂਬਰ ਬਣ ਗਏ ਹਨ, ਹਾਲਾਤ ਕੁਝ ਵੱਖਰੇ ਹੀ ਹੋਣਗੇ, ਰੱਖਿਆਵਾਦੀ ਸਾਨੂੰ ਵਿਸ਼ਵਾਸ ਦਿਵਾਉਂਦੇ ਰਹੇ ਹਨ। ਕੁਝ ਦਿਨਾਂ ਤੋਂ ਵਧ ਸਮਾਂ ਨਹੀਂ ਬੀਤਿਆ ਕਿ ਇਹਨਾਂ ਵਿਸ਼ਵਾਸਾਂ ਦਾ ਝੂਠ ਨੰਗਾ ਹੋ ਗਿਆ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਸਾਬਕ ਵਜ਼ੀਰ ਮਿਲਿਯੂਕੋਵ ਦੇ ਇਸ ਬਿਆਨ ਰਾਹੀਂ ਸਿਪਾਹੀਆਂ ਤੇ ਮਜ਼ਦੂਰਾਂ ਵਿਚਾਲੇ ਰੋਹ ਪੈਦਾ ਹੋਇਆ ਸੀ ਕਿ ਉਸ ਦਾ ਉਹ ਸੰਧੀਆਂ ਪ੍ਰਕਾਸ਼ਤ ਕਰਨ ਦਾ ਕੋਈ ਇਰਾਦਾ ਨਹੀਂ ਹੈ ਜੋ ਸਾਬਕ ਜ਼ਾਰ ਨਿਕੋਲਸ II ਨੇ ਬਰਤਾਨਵੀ ਤੇ ਫਰਾਂਸੀਸੀ ਸਰਮਾਏਦਾਰਾਂ ਨਾਲ ਕੀਤੀਆਂ ਸਨ ਅਤੇ ਹੁਣ ਬਦੇਸ਼ੀ ਮਾਮਲਿਆਂ ਦਾ ਨਵਾਂ ਮੰਤਰੀ ਸਕੋਬੇਲੇਵ ਤੇ ਤਸੇਰੇਤੇਲੀ ਦਾ ਸਾਥੀ ਮਿਸਟਰ ਤੇਰੇਸ਼ਚੇਨਕੋ ਇਸ ਸਵਾਲ ਬਾਰੇ ਕੀ ਕਹਿਣਾ ਚਾਹੁੰਦਾ ਹੈ?

ਤੇਰੇਸ਼ਚੇਨਕੋ ਇਕਬਾਲ ਕਰਦਾ ਹੈ ਕਿ "ਇਹ ਸੁਆਲ (ਭਾਵ, ਗੁਪਤ ਸੰਧੀਆਂ) ਜਜ਼ਬੇ ਭੜਕਾਉਂਦੀਆਂ ਹਨ।" ਪਰ ਉਹ ਇਹਨਾਂ ਜਜ਼ਬਿਆਂ ਨੂੰ ਠੰਢਾ ਕਰਨ ਲਈ ਕੀ ਕਰਦਾ ਹੈ?" ਉਹ ਕੇਵਲ ਉਹੋ ਦੁਹਰਾਉਂਦਾ ਹੈ ਜੋ ਮਿਲਿਯੂਕੋਵ ਨੇ, ਜਿਸ ਨੂੰ ਹੁਣੇ ਹੀ ਹਟਾਇਆ ਗਿਆ ਹੈ, ਉਸ ਦੇ ਸਾਹਮਣੇ ਆਖਿਆ ਸੀ।

"ਸੰਧੀਆਂ ਦੀ ਤੁਰੰਤ ਪ੍ਰਕਾਸ਼ਨਾ ਇਤਿਹਾਦੀਆਂ ਨਾਲ ਤੋੜ ਵਿਛੋੜਾ ਕਰਨ ਦੇ ਤੁਲ ਹੋਵੇਗੀ" ਤੇਰੇਸ਼ਚੇਨਕੋ ਨੇ ਪ੍ਰੈਸ ਦੇ ਨਾਂਅ ਬਿਆਨ ਵਿਚ ਐਲਾਨ ਕੀਤਾ।

ਅਤੇ "ਸੋਸ਼ਲਿਸਟ" ਵਜ਼ੀਰ ਚੁੱਪ ਹਨ ਅਤੇ ਗੁਪਤ ਡਿਪਲੋਮੇਸੀ ਦੇ ਪ੍ਰਬੰਧ ਦੀ ਹਮਾਇਤ ਕਰਦੇ ਹਨ।

ਕੁਲੀਸ਼ਨ ਕੈਬਨਿਟ ਨੇ ਕੋਈ ਤਬਦੀਲੀਆਂ ਨਹੀਂ ਲਿਆਂਦੀਆਂ। ਜ਼ਾਰ ਦੀਆਂ ਗੁਪਤ ਸੰਧੀਆਂ ਇਸ ਲਈ ਪਵਿੱਤਰ ਹਨ।

ਅਤੇ ਤੁਸੀਂ, ਭੱਦਰਪੁਰਸ਼ੋ ਚਾਹੁੰਦੇ ਹੋ ਕਿ ਇਹ ਗੱਲ "ਜਜ਼ਬਿਆਂ ਨੂੰ ਨਾ ਭੜਕਾਏ"? ਤੁਸੀਂ ਜਮਾਤੀ ਤੌਰ ਤੇ ਚੇਤੰਨ ਮਜ਼ਦੂਰਾਂ ਤੇ ਸਿਪਾਹੀਆਂ ਨੂੰ ਕੀ ਸਮਝਦੇ ਹੋ? ਜਾਂ ਕੀ ਤੁਸੀਂ ਉਹਨਾਂ ਨੂੰ "ਬਾਗ਼ੀ ਗੁਲਾਮਾਂ" ਵਾਂਗ ਸਮਝਦੇ ਹੋ?

ਪਰਾਵਦਾ ਨੰਬਰ 54
24 ਮਈ (11), 1917

# ਜਮਹੂਰੀਅਤ ਦੇ ਅਸੂਲਾਂ ਤੋਂ ਇਕ ਅਫਸੋਸਨਾਕ ਕੁਰਾਹਾ

ਅੱਜ ਦੇ **ਇਜ਼ਵੇਸਤੀਆ** ਵਿਚ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਦੇ ਸਿਪਾਹੀ ਵਿਭਾਗ ਦੀ ਮੀਟਿੰਗ ਦੀ ਰੀਪੋਰਟ ਪ੍ਰਕਾਸ਼ਤ ਹੋਈ ਹੈ। ਇਸ ਮੀਟਿੰਗ ਨੇ ਹੋਰ ਗੱਲਾ ਤੋਂ ਇਲਾਵਾ "ਇਸ ਸੁਆਲ ਨੂੰ ਵੀ ਵਿਚਾਰਿਆ ਕਿ ਕੀ ਸਿਪਾਹੀ ਮਿਲੀਸ਼ੀਆ ਦੇ ਜੁਆਨਾਂ ਦੇ ਫਰਜ਼ ਨਿਭਾ ਸਕਦੇ ਹਨ ? ਕਾਰਜ ਕਾਰਨੀ ਕਮੇਟੀ ਨੇ ਇਸ ਮੀਟਿੰਗ ਨੂੰ ਇਸ ਪ੍ਰਕਾਰ ਦਾ ਮਤਾ ਤਜਵੀਜ਼ ਕੀਤਾ :

"ਇਸ ਤੱਥ ਨੂੰ ਧਿਆਨ ਵਿਚ ਰਖਦਿਆਂ ਕਿ ਸਿਪਾਹੀਆ ਨੂੰ ਆਪਣੀ ਸਿੱਧੀ ਡਿਊਟੀ ਨਿਭਾਉਣੀ ਚਾਹੀਦੀ ਹੈ, ਸਿਪਾਹੀਆ ਦੇ ਡਿਪਟੀਆ ਦੀ ਸੋਵੀਅਤ ਦੀ ਕਾਰਜਕਾਰਨੀ ਕਮੇਟੀ ਮਿਲੀਸੀਆ ਵਿਚ ਸਿਪਾਹੀਆ ਦੀ ਸਮੂਲੀਅਤ ਦੇ ਵਿਰੁੱਧ ਐਲਾਨ ਕਰਦੀ ਹੈ ਅਤੇ ਸੁਝਾਅ ਦੇਂਦੀ ਹੈ ਕਿ ਮਿਲੀਸੀਆ ਵਿਚ ਕੰਮ ਕਰ ਰਹੇ ਸਾਰੇ ਸਿਪਾਹੀਆ ਨੂੰ ਤੁਰੰਤ ਆਪਣੇ ਯੂਨਿਟਾਂ ਵਿਚ ਵਾਪਸ ਆ ਜਾਣਾ ਚਾਹੀਦਾ ਹੈ।"

"ਸੰਖੇਪ ਜਿਹੀ ਬਹਿਸ ਦੇ ਮਗਰੋਂ ਮਤਾ ਇਕ ਤਰਮੀਮ ਨਾਲ, ਕਿ ਸਰਗਰਮ ਨੌਕਰੀ ਤੋਂ ਹਟਾਏ ਗਏ ਤੇ ਫੱਟੜ ਸਿਪਾਹੀਆਂ ਨੂੰ ਮਿਲੀਸੀਆ ਦੇ ਫਰਜ਼ ਨਿਭਾਉਣ ਦੀ ਆਗਿਆ ਦਿੱਤੀ ਜਾਵੇ, ਪਾਸ ਹੋ ਗਿਆ।"

ਇਹ ਗੱਲ ਅਫਸੋਸਨਾਕ ਹੈ ਕਿ ਮਤੇ ਤੇ ਤਰਮੀਮ ਦੇ ਪਾਠ ਪ੍ਰਕਾਸ਼ਤ ਨਹੀਂ ਕੀਤੇ ਗਏ ਹਨ। ਇਸ ਤੋਂ ਵੀ ਅਫਸੋਸਨਾਕ ਤੱਥ ਇਹ ਹੈ ਕਿ ਕਾਰਜ ਕਾਰਨੀ ਕਮੇਟੀ ਨੇ ਮਤਾ ਤਜਵੀਜ਼ ਕੀਤਾ ਅਤੇ ਮੀਟਿੰਗ ਨੇ ਇਹ ਪਾਸ ਕਰ ਦਿਤਾ, ਜੋ ਜਮਹੂਰੀਅਤ ਦੇ ਬੁਨਿਆਦੀ ਅਸੂਲਾਂ ਦਾ ਪੂਰਨ ਤਿਆਗ ਹੈ।

ਰੂਸ ਵਿਚ ਮੁਸ਼ਕਲ ਨਾਲ ਹੀ ਕੋਈ ਜਮਹੂਰੀ ਪਾਰਟੀ ਹੈ ਜੋ ਆਪਣੇ ਪ੍ਰੋਗਰਾਮ ਵਿਚ ਸਟੈਂਡਿੰਗ ਫੌਜ ਲਈ ਬਦਲ ਵਜੋਂ ਲੋਕਾਂ ਨੂੰ ਵਿਆਪਕ ਤੌਰ ਤੇ ਹਥਿਆਰਬੰਦ ਕਰਨ ਦੀ ਮੰਗ ਸ਼ਾਮਲ ਨਹੀਂ ਕਰਦੀ। ਮੁਸ਼ਕਲ ਨਾਲ ਕੋਈ ਅਜਿਹਾ ਸੋਸ਼ਲਿਸਟ-ਇਨਕਲਾਬੀ ਜਾਂ ਮੇਨਸ਼ਵਿਕ ਸੋਸ਼ਲ-ਡੈਮੋਕਰੇਟ ਹੋਵੇਗਾ ਜੋ ਅਜਿਹੀ ਮੰਗ ਦੀ ਵਿਰੋਧਤਾ ਕਰਨ ਦੀ ਜੁਰਅਤ ਕਰੇਗਾ।

ਮੁਸ਼ਕਲ ਇਹ ਹੈ ਕਿ "ਇਨਕਲਾਬੀ ਜਮਹੂਰੀਅਤ" ਬਾਰੇ ਸ਼ੋਰੀਲੀ ਲੱਫਾਜ਼ੀ ਦੇ ਪਰਦੇ ਹੇਠ "ਅਜ ਕਲ੍ਹ" ਇਹ "ਰਿਵਾਜ" ਬਣ ਗਿਆ ਹੈ, ਕਿ ਜਮਹੂਰੀ (ਰਤਾ ਵਧੇਰੇ ਸੋਸ਼ਲਿਸਟ) ਪ੍ਰੋਗਰਾਮਾਂ ਨੂੰ "ਅਸੂਲਾਂ ਵਿਚ" ਪਰਵਾਨ ਕਰ ਲਿਆ ਜਾਂਦਾ ਹੈ, ਪਰ ਅਮਲ ਵਿਚ ਰੱਦ ਕਰ ਦਿਤਾ ਜਾਂਦਾ ਹੈ।

ਮਿਲੀਸ਼ੀਆ ਵਿਚ ਸਿਪਾਹੀਆਂ ਦੀ ਸ਼ਮੂਲੀਅਤ ਦੀ ਇਸ ਆਧਾਰ ਉਤੇ ਵਿਰੋਧਤਾ ਕਿ "ਸਿਪਾਹੀਆਂ ਨੂੰ ਆਪਣਾ ਸਿੱਧਾ ਫ਼ਰਜ਼ ਨਿਭਾਉਣਾ ਚਾਹੀਦਾ ਹੈ" ਜਮਹੂਰੀਅਤ ਦੇ ਅਸੂਲਾ ਨੂੰ ਪੂਰੀ ਤਰ੍ਹਾਂ ਭੁਲਾਉਣਾ ਹੈ, ਅਤੇ ਸ਼ਾਇਦ ਅਚੇਤ ਤੌਰ ਤੇ ਇਕ ਸਟੈਂਡਿੰਗ ਫੌਜ ਦੇ ਵਿਚਾਰ ਨੂੰ ਪ੍ਰਵਾਨ ਕਰਨਾ ਹੈ। ਸਿਪਾਹੀ ਇਕ ਪੇਸ਼ਾਵਰ ਹੈ; ਉਸ ਦਾ ਸਿੱਧਾ ਫ਼ਰਜ਼ ਸਮਾਜਕ ਸੇਵਾ ਉਕਾ ਨਹੀਂ ਹੈ—ਅਜਿਹਾ ਹੈ ਉਹਨਾ ਦਾ ਦ੍ਰਿਸ਼ਟੀਕੋਣ, ਜੋ ਸਟੈਂਡਿੰਗ ਫੌਜ ਦੇ ਹੱਕ ਵਿਚ ਹਨ, ਇਹ ਜਮਹੂਰੀ ਦ੍ਰਿਸ਼ਟੀਕੋਣ ਨਹੀਂ ਹੈ। ਇਹ ਨਪੋਲੀਅਨਾਂ ਦਾ ਦ੍ਰਿਸ਼ਟੀਕੋਣ ਹੈ। ਇਹ ਪੁਰਾਣੇ ਪ੍ਰਬੰਧ ਤੇ ਸਰਮਾਏਦਾਰਾਂ ਦੇ ਹਮਾਇਤੀਆਂ ਦਾ ਦ੍ਰਿਸ਼ਟੀਕੋਣ ਹੈ ਜੋ ਪਿਛਾਂਹ ਵਲ ਆਸਾਨ ਤਬਦੀਲੀ ਦਾ ਸੁਪਨਾ ਲੈਂਦੇ ਹਨ, ਇਕ ਰੀਪਬਲਿਕ ਤੋਂ ਇਕ ਸੰਵਿਧਾਨਕ ਪਾਤਸ਼ਾਹੀ ਵਲ ਤਬਦੀਲੀ ਦਾ।

ਅਸੂਲਾਂ ਦੇ ਆਧਾਰ ਉਤੇ ਇਕ ਜਮਹੂਰੀਅਤ-ਪਸੰਦ ਅਜਿਹੇ ਵਿਚਾਰ ਦੇ ਵਿਰੁਧ ਹੈ। ਮਿਲੀਸ਼ੀਆ ਵਿਚ ਸਿਪਾਹੀਆ ਦੀ ਸ਼ਮੂਲੀਅਤ ਉਸ ਕੰਧ ਦੇ ਟੁਟਣ ਦੇ ਤੁਲ ਹੈ ਜੋ ਫੌਜ ਨੂੰ ਲੋਕਾਂ ਤੋਂ ਵੱਖ ਕਰਦੀ ਹੈ। ਮਿਲੀਸ਼ੀਆ ਵਿਚ ਸਿਪਾਹੀਆਂ ਦੀ ਸ਼ਮੂਲੀਅਤ "ਸਿਪਾਹੀਆਂ" ਦੀ ਮੁੜ-ਵਿਦਿਆ ਨੂੰ ਮਿਲੀਸ਼ੀਆਮੈਨ ਨਾਗਰਿਕ ਬਨਾਉਣ ਨਾਲ, ਵਸੋਂ ਦੀ ਮੁੜ-ਸਿਖਿਆ ਨੂੰ ਜਨਤਕ ਉਤਸ਼ਾਹ ਵਾਲੇ ਹਥਿਆਰਬੰਦ ਨਾਗਰਿਕ ਬਨਾਉਣ ਨਾਲ ਸਬੰਧਤ ਕਰਨ ਦਾ ਬੁਨਿਆਦੀ ਮਾਮਲਾ ਹੈ। ਜਮਹੂਰੀਅਤ ਉਦੋਂ ਤਕ ਇਕ ਆਦਰਸ਼ਕ ਛਲ-ਭਰਪੂਰ ਵਾਕੰਸ਼ ਰਹੇਗੀ, ਜਾ ਮਹਿਜ ਇਕ ਅਲਧ-ਕਦਮ ਰਹੇਗੀ। ਜਦੋਂ ਤਕ ਸਮੁੱਚੀ ਕੌਮ ਨੂੰ ਤੁਰੰਤ ਇਹ ਸਿਖਣ ਦਾ ਮੌਕਾ ਨਹੀਂ ਦਿਤਾ ਜਾਂਦਾ ਕਿ ਹਥਿਆਰ ਨੂੰ ਕਿਵੇਂ ਸੰਭਾਲਣਾ ਹੈ। ਇਕ ਤਰਤੀਬਵਾਰ, ਬਕਾਇਦਾ ਤੇ ਵਿਸ਼ਾਲ ਰੂਪ ਵਿਚ ਸਿਪਾਹੀਆਂ ਦੀ ਮਿਲੀਸ਼ੀਆ ਵਿਚ ਸ਼ਮੂਲੀਅਤ ਤੋਂ ਬਿਨਾ ਇਹ ਕੰਮ ਅਸੰਭਵ ਹੋਵੇਗਾ।

ਇਹ ਇਤਰਾਜ ਉਠਾਇਆ ਜਾ ਸਕਦਾ ਹੈ ਕਿ ਸਿਪਾਹੀਆਂ ਨੂੰ ਆਪਣੇ ਸਿਧੇ ਫਰਜਾਂ ਤੋਂ ਕੁਰਾਹੇ ਨਹੀਂ ਪੈਣਾ ਚਾਹੀਦਾ। ਕਿਸੇ ਨੇ ਨਹੀਂ ਆਖਿਆ ਕਿ ਉਹਨਾ ਨੂੰ ਕੁਰਾਹ ਪੈਣਾ ਚਾਹੀਦਾ ਹੈ। ਇਸ ਦਾ ਇਕ ਨੁਕਤਾ ਬਨਾਉਣਾ ਇਸ ਤਰ੍ਹਾਂ ਦੀ ਬੇਹੂਦਗੀ ਹੈ, ਜਿਵੇਂ ਇਹ ਕਹਿਣਾ ਕਿ ਡਾਕਟਰ ਨੂੰ, ਜੋ ਇਕ ਖ਼ਤਰਨਾਕ ਤੌਰ ਤੇ ਬੀਮਾਰ ਰੋਗੀ ਦੇ ਸਰਹਾਣੇ ਬੈਠਾ ਉਸ ਦਾ ਇਲਾਜ ਕਰ ਰਿਹਾ ਹੈ, ਆਪਣੀ ਵੋਟ ਪਾਉਣ ਲਈ ਰੋਗੀ ਨੂੰ ਛੱਡਣ ਦਾ ਕੋਈ ਅਧਿਕਾਰ ਨਹੀਂ ਹੈ ਜਾਂ ਕਿ ਇਕ ਮਜ਼ਦੂਰ ਨੂੰ, ਜੋ ਪੈਦਾਵਾਰ ਵਿਚ ਰੁਝਿਆ ਹੋਇਆ ਹੈ ਜੋ ਬੰਦ ਨਹੀਂ ਹੋਣੀ ਚਾਹੀਦੀ, ਆਪਣੇ ਰਾਜਨੀਤਕ ਅਧਿਕਾਰ ਅਮਲ ਵਿਚ ਲਿਆਉਣ ਲਈ ਉਨਾ ਚਿਰ ਅਹੁਦਾ ਛਡਣ ਦਾ ਅਧਿਕਾਰ ਨਹੀਂ ਜਦੋਂ ਤਕ ਕੋਈ ਹੋਰ ਮਜ਼ਦੂਰ ਉਸ ਨੂੰ ਆ ਕੇ ਵਿਹਲਾ ਨਹੀਂ ਕਰਦਾ। ਅਜਿਹੀਆਂ ਦਲੀਲਾਂ ਮਹਿਜ਼ ਸਾਰਹੀਣ ਅਤੇ ਇਥੋਂ ਤਕ ਕਿ ਨਿਰਲੱਜ ਹੋਣਗੀਆ।

ਮਿਲੀਸ਼ੀਆ ਵਿਚ ਸ਼ਾਮਲ ਹੋਣਾ ਜਮਹੂਰੀਅਤ ਦਾ ਇਕ ਬੁਨਿਆਦੀ ਅਤੇ ਜ਼ਰੂਰੀ ਅਸੂਲ ਹੈ, ਆਜ਼ਾਦੀ ਦੀ ਇਕ ਬਹੁਤ ਹੀ ਜ਼ਰੂਰੀ ਜ਼ਮਾਨਤ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਫੌਜ ਦੀ ਨਿਰੋਲ ਸੈਨਿਕ ਸ਼ਕਤੀ ਤੇ ਸਮਰਥਾ ਨੂੰ ਵਧਾਉਣ ਦਾ ਇਸ ਤੋਂ ਵਧੇਰੇ ਕੋਈ ਤਰੀਕਾ ਨਹੀਂ ਕਿ ਸਟੈਂਡਿੰਗ ਫੌਜ ਦੀ ਥਾਂ ਤੇ ਲੋਕਾਂ ਨੂੰ ਵਿਆਪਕ ਤੌਰ ਤੇ ਹਥਿਆਰਬੰਦ ਕੀਤਾ ਜਾਵੇ, ਅਤੇ ਸਿਪਾਹੀਆਂ ਨੂੰ ਲੋਕਾਂ ਨੂੰ ਸਿਖਲਾਈ ਦੇਣ ਲਈ ਵਰਤਿਆ ਜਾਵੇ; ਹਰ ਇਕ ਅਸਲੀ ਇਨਕਲਾਬੀ

ਜੰਗ ਵਿਚ ਇਹ ਤਰੀਕਾ ਹਮੇਸ਼ਾ ਵਰਤਿਆ ਗਿਆ ਹੈ ਅਤੇ ਵਰਤਿਆ ਜਾਵੇਗਾ। ਇਕ ਲੋਕ ਮਿਲੀਸ਼ੀਆ ਦੀ ਤੁਰੰਤ ਤੇ ਵਿਆਪਕ ਜਥੇਬੰਦੀ ਅਤੇ ਉਸ ਮਿਲੀਸ਼ੀਆ ਵਿਚ ਸਿਪਾਹੀਆਂ ਦੀ ਸ਼ਮੂਲੀਅਤ ਮਜ਼ਦੂਰਾਂ, ਕਿਸਾਨਾਂ ਤੇ ਸਿਪਾਹੀਆਂ ਦੇ ਅਤਿ ਜ਼ਰੂਰੀ ਹਿੱਤਾਂ ਵਿਚ ਹਨ। ਭਾਵ, ਵਸੋਂ ਦੀ ਬਹੁਗਿਣਤੀ ਦੇ, ਇਕ ਅਜਿਹੀ ਬਹੁਗਿਣਤੀ ਦੇ ਹਿੱਤਾ ਵਿਚ ਹਨ, ਜੋ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੇ ਮੁਨਾਫ਼ਿਆਂ ਦੀ ਹਿਫ਼ਾਜ਼ਤ ਵਿਚ ਦਿਲਚਸਪੀ ਨਹੀਂ ਰਖਦੀ।

10 ਮਈ (23), 1917 ਨੂੰ ਲਿਖਿਆ,
25 ਮਈ (12), 1917 ਨੂੰ
**ਪਰਾਵਦਾ** ਨੰ: 55 ਵਿਚ ਪ੍ਰਕਾਸ਼ਤ ਹੋਇਆ।

# ਸਿਰ ਤੇ ਖਲੋਤੀ ਅਧੋਗਤੀ

ਇਕ ਸਿਰ ਤੇ ਖਲੋਤੀ ਤਬਾਹੀ ਦੀਆਂ ਖ਼ਬਰਾਂ, ਕਿਆਸ, ਸ਼ੰਕੇ ਤੇ ਅਫ਼ਵਾਹਾਂ ਵਧੇਰੇ ਤੋਂ ਵਧੇਰੇ ਨਿਰੰਤਰ ਹੁੰਦੀਆਂ ਜਾ ਰਹੀਆਂ ਹਨ। ਸਰਮਾਏਦਾਰ ਅਖ਼ਬਾਰ ਲੋਕਾਂ ਨੂੰ ਡਰਾਉਣ ਦਾ ਯਤਨ ਕਰ ਰਹੇ ਹਨ; ਉਹ ਬਾਲਸ਼ਵਿਕਾਂ ਦੇ ਵਿਰੁੱਧ ਝੱਗ ਸੁੱਟ ਰਹੇ ਹਨ ਅਤੇ "ਇਕ ਵਿਸ਼ੇਸ਼" ਫੈਕਟਰੀ ਬਾਰੇ, "ਵਿਸ਼ੇਸ਼" ਫੈਕਟਰੀਆਂ ਬਾਰੇ, ਇਕ "ਖ਼ਾਸ" ਉੱਦਮ ਬਾਰੇ ਕੁਟਲੇਰ ਦੇ ਰਹਸ-ਮਈ ਭੁਲੇਖਿਆਂ ਦੀ ਵਰਤੋਂ ਕਰ ਰਹੇ ਹਨ। ਅਜੀਬ ਢੰਗ, ਅਚੰਭਾਜਨਕ "ਸਬੂਤ"। ਕਿਸੇ ਇਕ **ਨਿਸਚਿਤ** ਫੈਕਟਰੀ ਦਾ ਨਾਂਅ ਕਿਉਂ ਨਹੀਂ ਲਿਆ ਜਾਂਦਾ ? **ਜਨਤਾ** ਤੇ **ਮਜ਼ਦੂਰਾਂ** ਨੂੰ ਇਹਨਾਂ ਅਫ਼ਵਾਹਾਂ ਦੀ ਜਾਂਚ ਕਰਨ ਦਾ ਮੌਕਾ ਕਿਉਂ ਨਹੀਂ ਦਿੱਤਾ ਜਾਂਦਾ—ਜੋ ਸਹਿਮ ਤੇ ਚਿੰਤਾ ਪੈਦਾ ਕਰਨ ਲਈ ਜਾਣ ਬੁਝ ਕੇ ਉਡਾਈਆਂ ਜਾਂਦੀਆਂ ਹਨ ?

ਸਰਮਾਏਦਾਰਾਂ ਲਈ ਇਹ ਸਮਝਣਾ ਕੋਈ ਔਖੀ ਗੱਲ ਨਹੀਂ ਹੋਣੀ ਚਾਹੀਦੀ ਕਿ ਨਿਸਚਿਤ ਤੇ ਸਪੱਸ਼ਟ ਫੈਕਟਰੀਆਂ ਦੇ ਸਹੀ ਤੱਥਾਂ ਨੂੰ ਲੁਕਾ ਕੇ ਉਹ ਆਪਣਾ ਹੀ ਮੌਜੂ ਉਡਾ ਰਹੇ ਹਨ। ਕਿਉਂ, ਭੱਦਰ ਪੁਰਸ਼ੋ—ਤੁਸੀਂ ਸਰਮਾਏਦਾਰ ਸਰਕਾਰ ਹੋ। ਤੁਹਾਡੇ 16 ਵਿਚੋਂ 10 ਵਜ਼ੀਰ ਹਨ, ਜ਼ਿੰਮੇਂਵਾਰੀ ਤੁਹਾਡੇ ਸਿਰ ਤੇ ਹੈ, ਤੁਸੀਂ ਹੁਕਮ ਦੇਂਦੇ ਹੋ। ਕੀ ਇਹ ਬੇਹੂਦਗੀ ਨਹੀਂ ਕਿ ਲੋਕ ਜਿਹੜੇ ਸਰਕਾਰ ਚਲਾ ਰਹੇ ਹਨ, ਲੋਕ ਜਿਨ੍ਹਾਂ ਦੀ ਇਸ ਵਿਚ ਬਹੁ-ਗਿਣਤੀ ਹੈ ਆਪਣੇ ਆਪ ਨੂੰ ਕੁਟਲੇਰ ਦੇ ਬੇਨਾਮ ਹਵਾਲਿਆਂ ਤੱਕ ਸੀਮਤ ਰੱਖਣ, ਖੁਲ੍ਹੇ ਸਾਹਮਣੇ ਆਉਣ ਤੋਂ ਡਰਨ ਅਤੇ ਦੂਜੀਆਂ ਪਾਰਟੀਆਂ ਦੇ ਸਿਰ ਤੇ ਜ਼ਿੰਮੇਂਵਾਰੀ ਮੜ੍ਹਨ ਦਾ ਯਤਨ ਕਰਨ ਜਿਹੜੀਆਂ ਪਾਰਟੀਆਂ ਦੇ ਹੱਥ ਵਿਚ ਰਾਜ ਦੀ ਵਾਗ ਡੋਰ ਨਹੀਂ ਹੈ ?

ਨਿੱਕ-ਬੁਰਜੂਆ ਪਾਰਟੀਆਂ ਦੇ ਨਰੋਦਨਿਕ ਤੇ ਮੈਨਸ਼ਵਿਕ ਪਾਰਟੀਆਂ ਦੇ ਅਖ਼ਬਾਰ ਵੀ ਸ਼ਕਾਇਤਾਂ ਕਰ ਰਹੇ ਹਨ, ਭਾਵੇਂ ਕਿਸੇ ਹੱਦ ਤਕ ਵੱਖਰੇ ਲਹਿਜੇ ਵਿਚ। ਉਹ "ਭਿਆਨਕ" ਬਾਲਸ਼ਵਿਕਾਂ ਦੇ ਵਿਰੁੱਧ ਇਤਨੇਂ ਇਲਜ਼ਾਮ ਨਹੀਂ ਮੜ੍ਹਦੇ। ਇਸ ਪੱਖ ਤੋਂ **ਇਜ਼ਵੇਸਤੀਆ** ਬਹੁਤ ਹੀ ਮਿਸਾਲੀ ਹੈ ਜਿਸ ਨੂੰ ਉਪਰ-ਵਰਣਤ ਦੋ ਪਾਰਟੀਆਂ ਚਲਾਉਂਦੀਆਂ ਹਨ। ਇਸ ਦੇ 11 ਮਈ ਨੂੰ 63 ਨੰਬਰ ਦੇ ਪਰਚੇ ਵਿਚ ਆਰਥਕ ਗੜਬੜ ਨੂੰ ਰੋਕਣ ਸਬੰਧੀ ਦੋ ਲੇਖ ਹਨ। ਲੇਖ ਲੱਗਣ ਵਜੋਂ ਇਕੋ ਜਿਹੇ ਹਨ। ਇਕ ਦਾ, ਜੇ ਬਹੁਤ ਹੀ ਨਰਮੀ ਨਾਲ ਪੇਸ਼ ਕੀਤਾ ਜਾਵੇ, ਵਿਵੇਕਹੀਣ ਸਿਰਲੇਖ ਹੈ : (ਸਾਮਰਾਜੀ ਕੈਬਨਿਟ ਵਿਚ ਨਰੋਦਨਕਾਂ ਤੇ ਮੈਨਸ਼ਵਿਕਾਂ ਦੇ ਸ਼ਾਮਲ ਹੋਣ ਦੇ ਤੱਥ ਦੇ ਪੱਖੋਂ

ਬਿਲਕੁਲ ਵਿਵੇਕਹੀਣ) "ਆਰਜ਼ੀ ਸਰਕਾਰ ਚਾਹੁੰਦੀ ਕੀ ਹੈ ?" ਇਹ ਕਹਿਣਾ ਬਹੁਤ ਹੀ ਸਹੀ ਹੋਵੇਗਾ : "ਆਰਜ਼ੀ ਸਰਕਾਰ ਕੀ ਕਰਨਾ ਨਹੀਂ ਚਾਹੁੰਦੀ ਅਤੇ ਇਹ ਕਿਹੜੇ ਇਕਰਾਰ ਕਰਦੀ ਹੈ ?"

ਦੂਜਾ ਲੇਖ "ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਦੀ ਕਾਰਜ ਕਰਨੀ ਕਮੇਟੀ ਦੇ ਆਰਥਕ ਵਿਭਾਗ ਦਾ ਮਤਾ" ਹੈ। ਹੇਠਾਂ ਇਸ ਵਿਚੋਂ ਕੁਝ ਟੂਕਾਂ ਹਨ ਜੋ ਇਸ ਦੇ ਤੱਤ ਨੂੰ ਵਧੀਆ ਢੰਗ ਨਾਲ ਪੇਸ਼ ਕਰਦੀਆਂ ਹਨ :

> "ਸੱਨਅਤ ਦੀਆਂ ਕਈ ਸ਼ਾਖ਼ਾਵਾਂ ਰਾਜਕੀ ਵਪਾਰ ਅਜਾਰੇਦਾਰੀਆਂ ਲਈ (ਅਨਾਜ, ਮਾਸ, ਲੂਣ, ਚਮੜਾ) ਤਿਆਰ ਹਨ; ਦੂਜੀਆਂ ਰਾਜਕੀ ਕੰਟਰੋਲ ਹੇਠਲੇ ਟਰੱਸਟਾਂ (ਕੋਲਾ, ਤੇਲ, ਧਾਤਸਾਜ਼ੀ, ਖੰਡ, ਕਾਗਜ਼) ਦੀ ਜਥੇਬੰਦੀ ਲਈ ਤਿਆਰ ਬਰਤਿਆਰ ਹਨ; ਅਤੇ ਅਖ਼ੀਰ ਵਿਚ, ਵਰਤਮਾਨ ਹਾਲਤਾਂ ਸੱਨਅਤ ਦੀਆਂ ਲਗ ਪਗ ਸਾਰੀਆਂ ਸ਼ਾਖ਼ਾਵਾਂ ਦੀ ਹਾਲਤ ਵਿਚ ਕੱਚੇ ਪਦਾਰਥਾਂ ਤੇ ਤਿਆਰ ਵਸਤਾਂ ਦੀ ਵੰਡ ਉਤੇ ਅਤੇ ਕੀਮਤਾਂ ਨਿਸਚਿਤ ਕਰਨ ਉਤੇ ਰਾਜ ਦੇ ਕੰਟਰੋਲ ਦੀ ਮੰਗ ਕਰਦੀਆਂ ਹਨ...। ਨਾਲੋਂ ਨਾਲ ਇਹ ਜ਼ਰੂਰੀ ਹੈ ਸਾਰੀਆਂ ਬੈਂਕਿੰਗ ਸੰਸਥਾਵਾਂ ਰਾਜਕੀ ਤੇ ਜਨਤਕ ਕੰਟਰੋਲ ਹੇਠ ਲਿਆਂਦੀਆਂ ਜਾਣ ਤਾਂ ਜੋ ਸੱਟੇਬਾਜ਼ੀ ਦਾ ਮੁਕਾਬਲਾ ਕੀਤਾ ਜਾਵੇ। ਇਸੇ ਸਮੇਂ ਕੰਮ-ਚੋਰੀ ਦੇ ਵਿਰੁੱਧ ਬਹੁਤ ਹੀ ਸ਼ਕਤੀਸ਼ਾਲੀ ਕਦਮ ਪੁੱਟੇ ਜਾਣੇ ਚਾਹੀਦੇ ਹਨ, ਇਥੋਂ ਤਕ ਜੇ ਇਸ ਮੰਤਵ ਲਈ ਜਬਰੀ ਕਿਰਤ ਲਾਗੂ ਕਰਨੀ ਪਵੇ ਤਾਂ ਕੀਤੀ ਜਾਵੇ...। ਦੇਸ਼ ਪਹਿਲਾਂ ਹੀ ਤਬਾਹੀ ਦੀ ਹਾਲਤ ਵਿਚ ਹੈ ਅਤੇ ਜਿਹੜੀ ਇਕ ਚੀਜ਼ ਇਸ ਨੂੰ ਬਚਾ ਸਕਦੀ ਹੈ ਉਹ **ਹੈ ਇਕ ਅਜਿਹੀ ਸਰਕਾਰ ਦੀ ਅਗਵਾਈ ਹੇਠ** ਸਮੁੱਚੀ ਕੌਮ ਦਾ ਰਚਨਾਤਮਕ ਯਤਨ ਜਿਸ ਨੇ ਸੁਚੇਤ ਤੌਰ ਤੇ ਜੰਗ ਤੇ ਜ਼ਾਰਸ਼ਾਹੀ ਹਕੂਮਤ ਵਲੋਂ ਤਬਾਹ ਹੋਏ ਦੇਸ਼ ਨੂੰ ਬਚਾਉਣ ਦਾ ਅਤਿ ਔਖਾ ਕਾਰਜ ਆਪਣੇ ਮੋਢਿਆਂ ਉਤੇ ਲਿਆ ਹੈ।"

ਆਖ਼ਰੀ ਵਾਕ ਤੋਂ ਬਿਨਾ, ਜੋ ਉਹਨਾਂ ਸ਼ਬਦਾਂ ਨਾਲ ਜਿਨ੍ਹਾਂ ਦੇ ਹੇਠ ਅਸਾਂ ਲਕੀਰ ਮਾਰੀ ਹੈ, ਇਕ ਵਾਕ ਜੋ ਬੜੇ ਤੱਤਹੀਣ ਭੋਲੇਪਣ ਨਾਲ ਸਰਮਾਏਦਾਰਾਂ ਦੇ "ਮੋਢਿਆਂ" ਉਤੇ ਉਹ ਕਾਰਜ ਰੱਖਦਾ ਹੈ ਜਿਸ ਨੂੰ ਪੂਰਾ ਕਰਨ ਦੇ ਉਹ ਯੋਗ ਨਹੀਂ ਹਨ। ਸਾਰਾ ਪਰੋਗਰਾਮ ਬੜਾ ਹੀ ਸ਼ਾਨਦਾਰ ਹੈ। ਇਸ ਪਰੋਗਰਾਮ ਵਿਚ ਕੰਟਰੋਲ, ਰਾਜਕੀ ਕੰਟਰੋਲ ਅਧੀਨ ਟਰੱਸਟ, ਸੱਟੇਬਾਜ਼ੀ ਲਈ ਰੁਕਾਵਟ, ਜਬਰੀ ਕਿਰਤ ਮੌਜੂਦ ਹਨ—ਇਹ ਕੁਝ ਕਿਸ ਤਰ੍ਹਾਂ "ਭਿਆਨਕ" ਬਾਲਸ਼ਵਿਜ਼ਮ ਤੋਂ ਵੱਖਰਾ ਹੈ, ਇਹ "ਭਿਆਨਕ" ਬਾਲਸ਼ਵਿਕ ਇਸ ਤੋਂ ਵਧੇਰੇ ਹੋਰ ਕੀ ਚਾਹੁੰਦੇ ਹਨ ?

ਇਹ ਹੈ ਉਹ ਨੁਕਤਾ ਜੋ ਮਾਮਲੇ ਦਾ ਨਿਚੋੜ ਹੈ, ਇਹ ਕੁਝ ਹੈ। ਜੋ ਨਿੱਕ-ਬੁਰਜੁਆਜ਼ੀ ਤੇ ਸਾਰੇ ਰੰਗਾਂ ਤੇ ਰੂਪਾਂ ਵਾਲੇ ਤੱਤਹੀਣ ਅਲੋਚਕ ਢੀਠਤਾਈ ਨਾਲ ਵੇਖਣੋਂ ਇਨਕਾਰ ਕਰਦੇ ਹਨ।

ਉਹ "ਭਿਆਨਕ" ਬਾਲਸ਼ਵਿਜ਼ਮ ਦਾ ਪਰੋਗਰਾਮ ਪਰਵਾਨ ਕਰਨ ਲਈ ਮਜਬੂਰ ਹੋਏ ਹਨ ਕਿਉਂ ਜੋ ਕੋਈ ਵੀ ਹੋਰ ਪਰੋਗਰਾਮ ਸਿਰ ਤੇ ਖਲੋਤੀ ਅਸਲੀ ਭਿਆਨਕ ਅਧੋਗਤੀ ਤੋਂ ਬਚਣ ਦਾ ਰਾਹ ਨਹੀਂ ਵਿਖਾਉਂਦਾ। ਪਰ—ਇਹ ਹੈ ਪਰ—ਸਰਮਾਏਦਾਰ ਇਸ ਪਰੋਗਰਾਮ ਨੂੰ ("ਨਵੀਂ" ਆਰਜ਼ੀ ਸਰਕਾਰ ਦੇ ਐਲਾਨ, ਉੱਘੀਆਂ ਤਿੰਨ ਮੱਦਾਂ ਵੇਖੋ) **ਸਿਰੇ ਨਾ ਚਾੜ੍ਹਨ ਲਈ** "ਪਰਵਾਨ" ਕਰਦੇ ਹਨ ਅਤੇ ਨਰੋਦਨਿਕ ਤੇ ਮੈਨਸ਼ਵਿਕ ਸਰਮਾਏਦਾਰਾਂ ਤੇ ਵਿਸ਼ਵਾਸ ਕਰਦੇ ਹਨ ਅਤੇ ਲੋਕਾਂ ਨੂੰ ਇਸ ਘਾਤਕ ਵਿਸ਼ਵਾਸ ਅਪਨਾਉਣ ਲਈ ਪਰੇਰਦੇ ਹਨ। ਰਾਜਨੀਤਕ ਸਥਿਤੀ ਦਾ ਇਹ ਨਿਚੋੜ ਤੇ ਤੱਤ ਹੈ।

ਟਰੱਸਟਾਂ ਉੱਤੇ ਕੰਟਰੋਲ, ਉਹਨਾਂ ਦੀਆਂ ਪੂਰੀਆਂ ਰੀਪੋਰਟਾਂ ਦੀ ਪਰਕਾਸ਼ਨਾ ਨਾਲ, ਉਹਨਾਂ ਦੇ ਮੁਲਾਜ਼ਮਾਂ ਦੀਆਂ ਤੁਰੰਤ ਕਾਨਫਰੰਸਾਂ ਨਾਲ, ਇਸ ਕੰਟਰੋਲ ਵਿਚ **ਖੁਦ ਮਜ਼ਦੂਰਾਂ** ਦੀ ਬਿਨਾਂ ਸ਼ਰਤ ਦੇ ਸ਼ਮੂਲੀਅਤ ਨਾਲ, ਹਰ ਜ਼ਰੂਰੀ ਰਾਜਨੀਤਕ ਪਾਰਟੀ ਦੇ ਪ੍ਰਤੀਨਿਧਾਂ ਵਲੋਂ ਸੁਤੰਤਰ ਕੰਟਰੋਲ ਨਾਲ—ਇਸ ਸਭ ਕੁਝ ਇਕ ਫੁਰਮਾਨ ਰਾਹੀਂ ਲਾਗੂ ਕੀਤਾ ਜਾ ਸਕਦਾ ਹੈ, ਜਿਹੜਾ ਫੁਰਮਾਨ **ਇਕੋ ਦਿਨ** ਵਿਚ ਤਿਆਰ ਕੀਤਾ ਜਾ ਸਕਦਾ ਹੈ।

ਨਾਗਰਿਕ ਸ਼ਿੰਗਾਰੀਓਵੋ, ਤੇਰੇਸਚੈਨਕੋ, ਕੋਨੋਵਾਲੋਵੋ, ਫਿਰ ਔਕੜ ਕੀ ਹੈ? ਲਗ ਪਗ ਸੋਸ਼ਲਿਸਟ ਵਜ਼ੀਰੋ ਚੇਰਨੋਵ ਤੇ ਤਸੇਰੇਤੇਲੀ ਤੁਹਾਨੂੰ ਇਹ ਕੁਝ ਕਰਨੋਂ ਕਿਹੜੀ ਗੱਲ ਰੋਕਦੀ ਹੈ? ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਦੀ ਕਾਰਜਕਰਨੀ ਕਮੇਟੀ ਦੇ ਨਾਗਰਿਕ ਨਰੋਦਨਿਕ ਤੇ ਮੈਨਸ਼ਵਿਕ ਆਗੂਓ, ਕਿਹੜੀ ਗੱਲ ਤੁਹਾਨੂੰ ਰੋਕ ਰਹੀ ਹੈ?

ਨਾ ਅਸੀਂ ਤੇ ਨਾ ਹੀ ਕੋਈ ਹੋਰ ਟਰੱਸਟਾਂ, ਬੈਂਕਾਂ, ਵਪਾਰ, ਖੁਰਾਕ ਦੀ ਸਪਲਾਈ ਅਤੇ ਕੰਮ-ਚੋਰੀ (**ਇਜ਼ਵੇਸਤੀਆ** ਦੇ ਸੰਪਾਦਕਾਂ ਦੀ ਕਲਮ 'ਚੋਂ ਨਿਕਲਿਆ ਇਕ ਚੰਗਾ ਸ਼ਬਦ!) ਤੋਂ ਬਿਨਾਂ ਕੁਝ ਹੋਰ ਤਜਵੀਜ਼ ਨਹੀਂ ਸੀ ਕਰ ਸਕਦਾ। "ਸਮੁੱਚੀ ਕੌਮ ਦੇ ਰਚਨਾਤਮਕ ਯਤਨ" ਨਾਲੋਂ ਵਧੀਆ ਹੋਰ ਕੋਈ ਗੱਲ ਨਹੀਂ ਸੀ ਆਖੀ ਜਾ ਸਕਦੀ।

ਸਾਨੂੰ ਕੇਵਲ ਸਰਮਾਏਦਾਰਾਂ ਦੇ ਸ਼ਬਦ ਉੱਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ; ਸਾਨੂੰ ਨਰੋਦਨਿਕਾਂ ਤੇ ਮੈਨਸ਼ਵਿਕਾਂ ਦੀ ਇਸ ਸਿੱਧੜ ਆਸ ਉੱਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿ ਸਰਮਾਏਦਾਰ ਅਜਿਹਾ ਕੰਟਰੋਲ ਸਥਾਪਤ ਕਰ ਸਕਦੇ ਹਨ।

ਇਕ ਅਧੋਗਤੀ ਸਿਰ ਤੇ ਖਲੋਤੀ ਹੈ। ਤਬਾਹੀ ਅਟੱਲ ਹੈ। ਸਰਮਾਏਦਾਰ ਸਾਰੇ ਦੇਸ਼ਾਂ ਨੂੰ ਤਬਾਹੀ ਵੱਲ ਲਿਜਾ ਰਹੇ ਹਨ। ਇਸ ਤੋਂ ਬਚਣ ਦਾ ਕੇਵਲ ਇਕੋ ਤਰੀਕਾ ਹੈ: ਇਨਕਲਾਬੀ ਡਸਿਪਲਨ, **ਇਨਕਲਾਬੀ** ਜਮਾਤ, ਪਰੋਲੇਤਾਰੀਆ ਤੇ ਅਰਧ-ਪਰੋਲੇਤਾਰੀਆ ਵਲੋਂ ਇਨਕਲਾਬੀ ਕਦਮ, ਰਾਜ ਵਿਚ ਸਾਰੀ ਸੱਤਾ ਇਸ ਜਮਾਤ ਨੂੰ ਸੌਂਪਣੀ। ਇਕ ਜਮਾਤ ਜ ਅਜਿਹਾ ਕੰਟਰੋਲ ਸਥਾਪਤ ਕਰਨ ਦੇ ਯੋਗ ਹੈ, ਉਹ "ਕੰਮ-ਚੋਰੀ" ਨਾਲ ਅਸਰਦਾਰ ਢੰਗ ਨਾਲ ਨਿਪਟਣ ਦੇ ਯੋਗ ਹੈ।

**ਪਰਾਵਦਾ** ਨੰਬਰ 57
27 (14) ਮਈ, 1917

# ਜੰਗ ਅਤੇ ਇਨਕਲਾਬ

## 14 (27) ਮਈ 1917 ਨੂੰ ਦਿੱਤਾ ਇਕ ਲੈਕਚਰ

ਹੁਣੇ ਪਿਛੇ ਜਿਹੇ ਤੋਂ ਅਕਸਰ ਪ੍ਰੈਸ ਤੇ ਹਰ ਜਨਤਕ ਮੀਟਿੰਗਾਂ ਵਿਚ ਜੰਗ ਅਤੇ ਅਮਨ ਦੇ ਸੁਆਲ ਨੂੰ ਵਿਚਾਰਿਆ ਜਾ ਰਿਹਾ ਹੈ। ਹੋ ਸਕਦਾ ਹੈ ਤੁਹਾਡੇ ਵਿਚੋਂ ਬਹੁਤੇ ਇਸ ਸੁਆਲ ਦੇ ਕਈ ਪੱਖਾ ਤੋਂ ਕੇਵਲ ਜਾਣੂ ਹੀ ਨਾ ਹੋਣ ਸਗੋਂ ਤੁਹਾਨੂੰ ਅਰੋਚਕ ਵੀ ਜਾਪਦੇ ਹੋਣਗੇ। ਮੈਨੂੰ ਇਸ ਜਿਲ੍ਹੇ ਵਿਚ ਕਿਸੇ ਪਾਰਟੀ ਨੂੰ ਸੰਬੋਧਨ ਕਰਨ ਦਾ ਜਾਂ ਉਸ ਵਿਚ ਸਾਮਲ ਹੋਣ ਦਾ ਵੀ, ਜਾਂ ਇਸ ਕਾਰਨ ਕਿਸੇ ਵੀ ਜਨਤਕ ਮੀਟਿੰਗ ਨੂੰ ਸੰਬੋਧਨ ਕਰਨ ਜਾ ਸਾਮਲ ਹੋਣ ਦਾ ਵੀ ਮੌਕਾ ਪ੍ਰਾਪਤ ਨਹੀਂ ਹੋਇਆ, ਅਤੇ ਇਸ ਲਈ ਸਾਇਦ ਮੈਂ ਸੁਆਲ ਦੇ ਉਹਨਾ ਪੱਖਾਂ ਨੂੰ ਦੁਹਰਾਉਣ ਦਾ ਜਾ ਕਾਫੀ ਵਿਸਥਾਰ ਵਿਚ ਨਾ ਦੱਸ ਸਕਣ ਦਾ ਖ਼ਤਰਾ ਮੁੱਲ ਲੈ ਰਿਹਾ ਹਾਂ, ਜਿਹਨਾ ਪੱਖਾਂ ਵਿਚ ਤੁਹਾਨੂੰ ਬਹੁਤ ਦਿਲਚਸਪੀ ਹੈ।

ਮੈਨੂੰ ਜਾਪਦਾ ਹੈ ਕਿ ਜੰਗ ਦੇ ਸੁਆਲ ਵਿਚ ਜਿਹੜੀ ਬਹੁਤੀ ਜਰੂਰੀ ਚੀਜ ਆਮ ਤੌਰ ਤੇ ਅੱਖੋਂ ਓਹਲੇ ਕੀਤੀ ਜਾਂਦੀ ਹੈ, ਇਕ ਮੁੱਖ ਮਸਲਾ ਜਿਸ ਵਲ ਨਾ-ਕਾਫੀ ਧਿਆਨ ਦਿਤਾ ਗਿਆ ਹੈ ਅਤੇ ਜਿਸ ਬਾਰੇ ਇਤਨਾ ਰੇੜਕਾ ਹੈ—ਬੇ-ਅਰਥ, ਨਿਰਾਸ਼ਾਜਨਕ ਨਿਕੰਮਾ ਰੇੜਕਾ—ਉਹ ਹੈ ਜੰਗ ਦੇ ਜਮਾਤੀ ਲੱਛਣ ਦਾ ਸੁਆਲ ! ਕਿਹੜੀ ਗੱਲ ਨੇ ਜੰਗ ਪੈਦਾ ਕੀਤੀ, ਕਿਹੜੀਆਂ ਜਮਾਤਾਂ ਇਸ ਨੂੰ ਛੇੜ ਰਹੀਆ ਹਨ, ਅਤੇ ਕਿਹੜੀਆਂ ਇਤਿਹਾਸਕ ਤੇ ਇਤਿਹਾਸਕ-ਆਰਥਕ ਹਾਲਤਾਂ ਨੇ ਇਸ ਨੂੰ ਪੈਦਾ ਕੀਤਾ। ਜਨਤਕ ਅਤੇ ਪਾਰਟੀ ਮੀਟਿੰਗਾਂ ਵਿਚ ਜੰਗ ਦੇ ਸੁਆਲ ਨੂੰ ਜਿਸ ਢੰਗ ਨਾਲ ਵਿਆਖਿਆ ਗਿਆ ਹੈ, ਉਸ ਨੂੰ ਜਿਥੋਂ ਤਕ ਮੈਂ ਸਮਝਣ ਦੇ ਯੋਗ ਹੋਇਆ ਹਾਂ, ਮੈਂ ਇਸ ਸਿੱਟੇ ਤੇ ਪੁਜਿਆ ਹਾ ਕਿ ਇਸ ਵਿਸ਼ੇ ਉਤੇ ਇਤਨੀ ਗਲਤ ਸੂਝ-ਬੂਝ ਕਿਉਂ ਹੈ। ਇਸ ਦਾ ਕਾਰਨ ਇਹ ਹੈ ਕਿ ਅਸੀਂ ਸਾਰੇ ਜਦੋਂ ਜੰਗ ਦੇ ਸੁਆਲ ਨਾਲ ਨਿਪਟਦੇ ਹਾਂ ਤਾ ਅਸੀਂ ਬਿਲਕੁਲ ਹੀ ਵੱਖਰੀਆਂ ਗੱਲਾਂ ਕਰਦੇ ਹਾਂ।

ਮਾਰਕਸਵਾਦ ਦੇ, ਭਾਵ ਵਿਗਿਆਨਕ ਸੋਸ਼ਲਿਜ਼ਮ ਦੇ, ਦ੍ਰਿਸ਼ਟੀਕੋਣ ਤੋਂ ਸੋਸ਼ਲਿਸਟਾਂ ਵੱਲੋਂ ਜੰਗ ਨੂੰ ਕਿਵੇਂ ਨਿਰੀਖਿਆ ਜਾਵੇ ਅਤੇ ਇਸ ਵਲੋਂ ਕਿਹੜਾ ਵਤੀਰਾ ਅਪਣਾਇਆ ਜਾਵੇ, ਬਹਿਸ

ਵਿਚ ਮੁੱਖ ਮਸਲਾ ਇਹ ਹੈ : ਜੰਗ ਕਿਸ ਲਈ ਲੜੀ ਜਾ ਰਹੀ ਹੈ, ਤੇ ਕਿਹੜੀਆਂ ਜਮਾਤਾਂ ਨੇ ਸ਼ੁਰੂ ਕੀਤੀ ਹੈ ਤੇ ਇਸ ਦੀ ਅਗਵਾਈ ਕਰ ਰਹੀਆਂ ਹਨ ? ਅਸੀਂ ਮਾਰਕਸਵਾਦੀ ਲੋਕਾਂ ਦੇ ਉਸ ਜੁਮਰੇ ਨਾਲ ਸਬੰਧਤ ਨਹੀਂ ਹਾਂ ਜੋ ਸਾਰੀਆਂ ਜੰਗਾਂ ਦੇ ਮੁਢੋਂ ਹੀ ਵਿਰੋਧੀ ਹਨ। ਅਸੀਂ ਕਹਿੰਦੇ ਹਾਂ : ਸਾਡਾ ਉਦੇਸ਼ ਸਮਾਜ ਦੇ ਇਕ ਸੋਸ਼ਲਿਸਟ ਪ੍ਰਬੰਧ ਨੂੰ ਪ੍ਰਾਪਤ ਕਰਨਾ ਹੈ, ਜੋ ਜਮਾਤਾਂ ਵਿਚ ਮਨੁਖਤਾ ਦੀ ਵੰਡ ਨੂੰ ਖਤਮ ਕਰਨ ਰਾਹੀਂ, ਮਨੁੱਖ ਹਥੋਂ ਮਨੁੱਖ ਦੀ ਅਤੇ ਕੌਮ ਹਥੋਂ ਕੌਮ ਦੀ ਸਾਰੀ ਲੁੱਟ-ਖਸੁਟ ਖਤਮ ਕਰਨ ਰਾਹੀਂ ਜੰਗ ਦੀ ਹਰ ਸੰਭਾਵਨਾ ਨੂੰ ਅਟਲ ਰੂਪ ਵਿਚ ਖਤਮ ਕਰ ਦੇਵੇਗਾ। ਪਰ ਸਮਾਜ ਦੇ ਉਸ ਸੋਸ਼ਲਿਸਟ ਪ੍ਰਬੰਧ ਨੂੰ ਪ੍ਰਾਪਤ ਕਰਨ ਦੀ ਜੰਗ ਵਿਚ ਅਸੀਂ ਉਹਨਾਂ ਹਾਲਤਾਂ ਦਾ ਟਾਕਰਾ ਕਰਨ ਦੇ ਪਾਬੰਦ ਹਾਂ, ਜਿਹਨਾਂ ਅਧੀਨ ਵਖ ਵਖ ਕੌਮਾਂ ਵਿਚਾਲੇ ਇਕ ਜੰਗ ਦੇ ਵਿਰੁਧ ਹਰ ਸਬੰਧਤ ਕੌਮ ਦੇ ਅੰਦਰ ਜਮਾਤੀ ਜਦੋਜਹਿਦ ਪੈਦਾ ਹੋ ਸਕਦੀ ਹੈ, ਜਿਹੜੀ ਜੰਗ ਉਸੇ ਜਮਾਤੀ ਜਦੋਜਹਿਦ ਰਾਹੀਂ ਪੈਦਾ ਹੁੰਦੀ ਹੈ। ਇਸ ਲਈ ਅਸੀਂ ਇਨਕਲਾਬੀ ਜੰਗਾਂ ਨੂੰ ਰੱਦ ਨਹੀਂ ਕਰ ਸਕਦੇ, ਭਾਵ ਜਮਾਤਾਂ ਵਲੋਂ ਛੇੜੀਆਂ ਗਈਆਂ ਜੰਗਾਂ; ਜੰਗਾਂ ਜੋ ਸਿੱਧੀ ਅਤੇ ਫੌਰੀ ਇਨਕਲਾਬੀ ਮਹੱਤਤਾ ਰਖਦੀਆਂ ਹਨ। ਫਿਰ ਵੀ ਅਸੀਂ ਇਸ ਗੱਲ ਨੂੰ ਰੱਦ ਨਹੀਂ ਕਰ ਸਕਦੇ ਜਦੋਂ ਸਾਨੂੰ ਚੇਤੇ ਹੈ ਕਿ ਭਾਵੇਂ ਪਿਛਲੀ ਸਦੀ ਦੇ ਦੌਰਾਨ, 125-13੫ ਵਰ੍ਹਿਆਂ ਵਿਚ ਯੂਰਪੀ ਇਨਕਲਾਬਾਂ ਵਾਲੇ ਇਤਿਹਾਸ ਨੇ ਸਾਨੂੰ ਜੰਗਾਂ ਦਿਤੀਆਂ ਹਨ, ਜੋ ਕਿ ਬਹੁਤੀਆਂ ਪਿਛਾਂਹ-ਖਿਚੂ ਸਨ। ਇਸ ਨੇ ਸਾਨੂੰ ਇਨਕਲਾਬੀ ਜੰਗਾਂ ਵੀ ਦਿਤੀਆਂ, ਜਿਵੇਂ ਕਿ ਪਾਤਸ਼ਾਹੀ, ਪਿਛਾਂਹ ਖਿਚੂ, ਜਗੀਰੂ ਅਤੇ ਅਰਧ-ਜਗੀਰੂ ਯੂਰਪ ਵਿਰੁਧ ਫਰਾਂਸੀਸੀ ਇਨਕਲਾਬੀ ਲੋਕਾਂ ਦੀ ਇਕ ਮੰਗਠਤ ਜੰਗ। ਅਜ ਪੱਛਮੀ ਯੂਰਪ ਵਿਚ, ਤੇ ਪਿਛੇ ਜਿਹੇ ਤੋਂ ਰੂਸ ਵਿਚ ਵੀ, ਲੋਕਾਂ ਨਾਲ ਛਲ ਇਸ ਤੋਂ ਵਧੇਰੇ ਨਹੀਂ ਫੈਲਿਆ ਹੋਇਆ ਹੈ, ਜੋ ਇਨਕਲਾਬੀ ਜੰਗਾਂ ਦੀ ਉਦਾਹਰਣ ਬਿਆਨ ਰਾਹੀਂ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਸੰਸਾਰ ਵਿਚ ਜੰਗਾਂ ਹੀ ਜੰਗਾਂ ਹਨ। ਸਾਨੂੰ ਇਸ ਬਾਰੇ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਕਿਹੜੀਆਂ ਇਤਿਹਾਸਕ ਹਾਲਤਾਂ ਨੇ ਜੰਗ ਨੂੰ ਪੈਦਾ ਕੀਤਾ ਹੈ, ਕਿਹੜੀਆਂ ਜਮਾਤਾਂ ਇਹ ਜੰਗ ਲੜ ਰਹੀਆਂ ਹਨ, ਅਤੇ ਕਿਹੜੇ ਸਬੰਧਾਂ ਲਈ ਲੜ ਰਹੀਆਂ ਹਨ। ਜਦੋਂ ਤਕ ਅਸੀਂ ਇਸ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ, ਜੰਗ ਬਾਰੇ ਸਾਡੀਆਂ ਸਾਰੀਆਂ ਗੱਲਾਂ ਬਿਲਕੁਲ ਨਿਰਾਰਥਕ ਹੋਣਗੀਆਂ। ਇਹ ਚਾਨਣ ਪੈਦਾ ਕਰਨ ਦੀ ਥਾਂ ਵਧੇਰੇ ਗਰਮੀ ਪੈਦਾ ਕਰਨਗੀਆਂ। ਇਸੇ ਲਈ ਮੈਂ, ਇਹ ਵੇਖਦਿਆਂ ਕਿ ਅਸਾਂ ਅਜ ਦੀ ਗੱਲਬਾਤ ਵਿਚ ਜੰਗ ਅਤੇ ਇਨਕਲਾਬ ਦਾ ਵਿਸ਼ਾ ਚੁਣਿਆ ਹੈ, ਮਾਮਲੇ ਦੇ ਇਸ ਪੱਖ ਨੂੰ ਵਧੇਰੇ ਵਿਸਥਾਰ ਵਿਚ ਬਿਆਨ ਕਰਨ ਦੀ ਖੁਲ੍ਹ ਲੈਂਦਾ ਹਾਂ।

ਅਸੀਂ ਸਾਰੇ, ਜੰਗ ਦੇ ਦਰਸ਼ਨ ਤੇ ਇਤਿਹਾਸ ਬਾਰੇ ਇਕ ਬਹੁਤ ਉੱਘੇ ਲੇਖਕ ਕਲਾਜ਼ਵਿਟਜ਼ ਦੇ ਕਥਨ ਨੂੰ ਜਾਣਦੇ ਹਾਂ : "ਜੰਗ ਹੋਰ ਸਾਧਨਾਂ ਰਾਹੀਂ ਨੀਤੀ ਨੂੰ ਜਾਰੀ ਰਖਣ ਦਾ ਅਮਲ ਹੈ।" ਇਹ ਕਥਨ ਉਸ ਲੇਖਕ ਦਾ ਹੈ ਜਿਸ ਨੇ ਜੰਗ ਦੇ ਇਤਿਹਾਸ ਦਾ ਨਿਰੀਖਣ ਕੀਤਾ ਅਤੇ ਜਿਸ ਨੇ ਨਪੋਲੀਅਨ ਜੰਗਾਂ ਦੇ ਸਮੇਂ ਤੋਂ ਥੋੜਾ ਮਗਰੋਂ ਦਾਰਸ਼ਨਿਕ ਸਬਕ ਕੱਢੇ। ਇਸ ਲੇਖਕ ਨੇ, ਜਿਸ ਬੁਨਿਆਦੀ ਵਿਚਾਰਾਂ ਬਾਰੇ ਹੁਣ ਹਰ ਵਿਚਾਰਵਾਨ ਵਿਅਕਤੀ ਨਿਰਸੰਦੇਹ ਜਾਣੂ ਹੈ, ਲਗਪਗ ਅੱਸੀ ਸਾਲ ਪਹਿਲਾਂ ਅਣਜਾਣ ਆਮ ਲੋਕਾਂ ਦੇ ਜੰਗ ਦੇ ਸੰਕਲਪ ਨੂੰ ਚੁਨੌਤੀ ਦਿਤੀ ਕਿ ਇਹ ਸਰਕਾਰਾਂ ਤੇ ਸਬੰਧਤ ਜਮਾਤਾਂ ਦੀਆਂ ਨੀਤੀਆਂ ਤੋਂ ਵਖਰੀ ਚੀਜ਼ ਹੈ, ਕਿ ਇਹ ਸਧਾਰਥੀ ਹਮਲਾ ਹੈ ਜੋ ਅਮਨ ਵਿਚ ਵਿਘਨ ਪਾਉਂਦਾ ਹੈ, ਅਤੇ ਉਸ ਮਗਰੋਂ ਅਮਨ ਬਹਾਲ ਹੋ ਜਾਂਦਾ ਹੈ। ਬਸ ਇਤਨਾ ਹੀ ਆਖਿਆ ਜਾ ਸਕਦਾ ਹੈ, "ਉਹ ਲੜੇ ਸਨ, ਫਿਰ ਉਹ ਰਾਜ਼ੀ ਹੋ ਗਏ।" ਇਹ

ਬਿਲਕੁਲ ਮੂਰਖਾਂ ਵਾਲਾ ਵਿਚਾਰ ਹੈ, ਜੋ ਕਈ ਸਾਲ ਪਹਿਲਾਂ ਰੱਦ ਕੀਤਾ ਗਿਆ ਸੀ ਅਤੇ ਜੰਗਾਂ ਦੇ ਕਿਸੇ ਵੀ ਇਤਿਹਾਸਕ ਯੁਗ ਦੇ ਘੱਟ ਜਾਂ ਵਧ ਸਾਵਧਾਨ ਨਿਰੀਖਣਾਂ ਰਾਹੀਂ ਰੱਦ ਕੀਤਾ ਗਿਆ ਹੈ।

ਜੰਗ ਹੋਰ ਸਾਧਨਾਂ ਰਾਹੀਂ ਨੀਤੀ ਨੂੰ ਜਾਰੀ ਰਖਣ ਦਾ ਅਮਲ ਹੈ। ਸਾਰੀਆਂ ਜੰਗਾਂ ਉਹਨਾਂ ਰਾਜਨੀਤਕ ਪ੍ਰਬੰਧਾਂ ਤੋਂ, ਜੋ ਉਹਨਾਂ ਨੂੰ ਪੈਦਾ ਕਰਦੇ ਹਨ, ਵੱਖਰੀਆਂ ਨਹੀਂ ਹਨ। ਨੀਤੀ, ਜੋ ਇਕ ਸਬੰਧਤ ਰਾਜਾਂ ਵਿਚ ਉਸ ਰਾਜ ਵਿਚਲੀ ਸਬੰਧਤ ਜਮਾਤ ਜੰਗ ਤੋਂ ਬਹੁਤ ਸਮਾਂ ਪਹਿਲਾਂ ਅਮਲ ਵਿਚ ਲਿਆਉਂਦੀ ਹੈ। ਉਹੋ ਨੀਤੀ ਉਹੋ ਜਮਾਤ ਜੰਗ ਦੇ ਦੌਰਾਨ ਅਟੱਲ ਤੌਰ ਤੇ ਜਾਰੀ ਰਖਦੀ ਹੈ, ਕੇਵਲ ਕਾਰਵਾਈ ਦਾ ਰੂਪ ਬਦਲ ਜਾਂਦਾ ਹੈ।

ਜੰਗ ਹੋਰ ਸਾਧਨਾਂ ਰਾਹੀਂ ਨੀਤੀ ਨੂੰ ਜਾਰੀ ਰਖਣ ਦਾ ਅਮਲ ਹੈ। ਜਦੋਂ ਫਰਾਂਸੀਸੀ ਇਨਕਲਾਬੀ ਸ਼ਹਿਰੀ ਲੋਕਾਂ ਤੇ ਇਨਕਲਾਬੀ ਕਿਸਾਨਾ ਨੇ 18ਵੀਂ ਸਦੀ ਦੇ ਅੰਤ ਤੇ ਇਨਕਲਾਬੀ ਸਾਧਨਾ ਰਾਹੀਂ ਪਾਤਸ਼ਾਹੀ ਨੂੰ ਉਲਟਾ ਦਿਤਾ ਅਤੇ ਇਕ ਜਮਹੂਰੀ ਰੀਪਬਲਿਕ ਸਥਾਪਤ ਕਰ ਦਿਤੀ, ਜਦੋਂ ਉਹਨਾ ਨੇ ਇਕ ਇਨਕਲਾਬੀ ਅੰਦਾਜ਼ ਵਿਚ ਆਪਣੇ ਪਾਤਸ਼ਾਹ ਨੂੰ ਖਤਮ ਕਰ ਦਿਤਾ ਅਤੇ ਉਸ ਦੇ ਜਾਗੀਰਦਾਰਾ ਦਾ ਸਫਾਇਆ ਕਰ ਦਿਤਾ—ਉਸ ਇਨਕਲਾਬੀ ਜਮਾਤ ਦੀ ਉਸ ਨੀਤੀ ਨੇ ਹਰ ਹਾਲਤ ਵਿਚ ਬਾਕੀ ਦੇ ਪਾਤਸਾਹਵਾਦੀ, ਜ਼ਾਰਸ਼ਾਹੀ, ਸਹਿਨਸ਼ਾਹੀ ਤੇ ਅਰਧ-ਜਗੀਰੂ ਯੂਰਪ ਨੂੰ ਨੀਹਾ ਤਕ ਹਿਲਾ ਦੇਣਾ ਸੀ। ਅਤੇ ਫਰਾਂਸ ਵਿਚ ਜੇਤੂ ਇਨਕਲਾਬੀ ਜਮਾਤ ਦੀ ਇਸ ਨੀਤੀ ਦੀ ਅਟੱਲ ਨਿਰੰਤਰਤਾ ਜੰਗਾਂ ਸਨ, ਜਿਹਨਾਂ ਵਿਚ ਯੂਰਪ ਦੀਆਂ ਸਾਰੀਆਂ ਪਾਤਸਾਹਵਾਦੀ ਕੌਮਾ, ਇਨਕਲਾਬੀ ਫਰਾਂਸ ਦੇ ਵਿਰੁਧ ਇਕ ਉਲਟ-ਇਨਕਲਾਬੀ ਜੰਗ ਵਿਚ ਆਪਣਾ ਉੱਘਾ ਗਠਜੋੜ ਬਣਾ ਕੇ ਇਕੱਠੀਆ ਹੋ ਗਈਆਂ। ਜਿਸ ਤਰ੍ਹਾਂ ਦੇਸ਼ ਦੇ ਅੰਦਰ ਫਰਾਂਸ ਦੇ ਇਨਕਲਾਬੀ ਲੋਕਾ ਨੇ ਪਹਿਲੀ ਵਾਰ ਇਤਨੀ ਵਡੇ ਪੈਮਾਨੇ ਤੇ ਆਪਣੀ ਇਨਕਲਾਬੀ ਸ਼ਕਤੀ ਦਾ ਪ੍ਰਗਟਾਵਾ ਕੀਤਾ ਸੀ, ਜਿਹੜਾ ਇਸ ਨੇ ਪਹਿਲੇ ਸਦੀਆਂ ਤਕ ਨਹੀਂ ਸੀ ਵਿਖਾਈ। ਸੋ ਅੱਠਵੀਂ ਸਦੀ ਦੇ ਅੰਤ ਤੇ ਜੰਗ ਵਿਚ ਇਸ ਨੇ ਉਹ ਬਹੁਤ ਭਾਰੀ ਇਨਕਲਾਬੀ ਰਚਨਾਤਮਕਤਾ ਵਿਖਾਈ ਜਦੋਂ ਇਸ ਨੇ ਰਣਨੀਤੀ ਦੇ ਆਪਣੇ ਸਮੁੱਚੇ ਪ੍ਰਬੰਧ ਨੂੰ ਮੁੜ ਤੋੜਿਆ, ਜੰਗ ਲੜਨ ਦੇ ਪੁਰਾਣੇ ਨੇਮਾ ਤੇ ਰਵਾਇਤਾਂ ਨਾਲੋਂ ਤੋੜ-ਵਿਛੋੜਾ ਕਰ ਲਿਆ। ਪੁਰਾਣੀਆਂ ਫੌਜਾਂ ਦੀ ਥਾਂ ਤੇ ਜੰਗ ਲੜਨ ਦੇ ਨਵੇਂ ਢੰਗ ਤਰੀਕੇ ਪੈਦਾ ਕੀਤੇ। ਇਹ ਉਦਾਹਰਣ ਮੇਰੇ ਵਿਚਾਰ ਵਿਚ, ਨੋਟ ਕਰਨ ਯੋਗ ਹੈ, ਕਿਉਂ ਜੋ ਇਹ ਸਾਡੇ ਸਾਹਮਣੇ ਉਹ ਗੱਲਾ ਸਪਸ਼ਟ ਰੂਪ ਵਿਚ ਪੇਸ਼ ਕਰਦੀ ਹੈ ਜੋ ਬੁਰਜੂਆ ਪੱਤਰਕਾਰ ਉਸ ਸਮੇਂ ਸਦਾ ਭੁਲ ਜਾਂਦੇ ਹਨ ਜਦੋਂ ਉਹ ਉਹਨਾਂ ਪੱਛੜੇ ਹੋਏ ਜਨਸਮੂਹਾਂ ਦੀ ਬਦਗੁਮਾਨੀਆ ਤੇ ਅਨਜਾਣਤਾ ਨੂੰ ਸਦਾ ਪੱਠੇ ਪਾਉਂਦੇ ਹਨ ਜੋ ਹਰ ਪ੍ਰਕਾਰ ਦੀ ਜੰਗ ਵਿਚਾਲੇ ਇਸ ਸੁਭਾਵਕ ਆਰਥਕ ਅਤੇ ਇਤਿਹਾਸਕ ਸਬੰਧ ਨੂੰ, ਉਸ ਜਮਾਤ ਨੂੰ ਸਹੀ ਸਮਝਦੇ ਹਨ ਜੋ ਜੰਗ ਤੋਂ ਪਹਿਲਾ ਰਾਜ ਕਰਦੀ ਸੀ ਅਤੇ ਜਿਸ ਨੇ ਅਖੌਤੀ "ਸ਼ਾਂਤਮਈ" ਸਾਧਨਾਂ ਰਾਹੀਂ ਆਪਣੇ ਸਬੰਧ ਪ੍ਰਾਪਤ ਕੀਤੇ ਹਨ। ਅਖੌਤੀ ਇਸ ਲਈ, ਕਿਉਂ ਜੋ ਬਸਤੀ ਵਿਚ "ਸ਼ਾਂਤਮਈ" ਰਾਜ ਯਕੀਨੀ ਬਣਾਉਣ ਲਈ ਲੋੜੀਂਦੀ ਵਹਿਸ਼ੀ ਸ਼ਕਤੀ, ਉਦਾਹਰਣ ਵਜੋਂ, ਸ਼ਾਂਤਮਈ ਨਹੀਂ ਆਖੀ ਜਾ ਸਕਦੀ।

ਯੂਰਪ ਵਿਚ ਅਮਨ ਸਥਾਪਤ ਰਿਹਾ, ਪਰ ਇਸ ਦਾ ਕਾਰਨ ਯੂਰਪੀ ਕੌਮਾਂ ਵਲੋਂ ਬਸਤੀਆਂ ਵਿਚਲੇ ਲਖੂਖਾ ਲੋਕਾ ਉਤੇ ਉਹ ਦਾਬਾ ਸੀ ਜੋ ਨਿਰੰਤਰ, ਟੁਟਵੀਆਂ ਅਮੁੱਕ ਜੰਗਾਂ ਰਾਹੀਂ ਜਿਹਨਾਂ ਨੂੰ ਅਸੀਂ ਲੋਕ ਜੰਗਾ ਬਿਲਕੁਲ ਨਹੀਂ ਸਮਝਦੇ, ਕਿਉਂ ਜੋ ਅਕਸਰ ਉਹ ਜੰਗਾਂ ਵਰਗੀਆਂ ਨਹੀਂ

ਹੁੰਦੀਆਂ, ਸਗੋਂ ਵਹਿਸ਼ੀ ਕਤਲਾਮ, ਬੇਹਥਿਆਰੇ ਲੋਕਾਂ ਦੀ ਮੌਤ ਵਢ-ਟੁੱਕ ਸਮਝਦੇ ਹਾਂ, ਕਹਾਲ ਰਖਿਆ ਗਿਆ ਸੀ। ਗੱਲ ਇਹ ਹੈ ਕਿ ਜੇ ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਵਰਤਮਾਨ ਜੰਗ ਕਿਉਂ ਲੜੀ ਜਾ ਰਹੀ ਹੈ ਤਾਂ ਸਾਨੂੰ ਸਭ ਤੋਂ ਪਹਿਲਾਂ ਸਮੁੱਚੇ ਤੌਰ ਤੇ ਯੂਰਪੀ ਤਾਕਤਾਂ ਦੀਆਂ ਨੀਤੀਆਂ ਦਾ ਇਕ ਆਮ ਨਿਰੀਖਣ ਕਰਨਾ ਚਾਹੀਦਾ ਹੈ। ਸਾਨੂੰ ਇਹ ਜਾਂ ਉਹ ਉਦਾਹਰਣ ਇਸ ਜਾਂ ਉਸ ਵਿਸ਼ੇਸ਼ ਹਾਲਤ ਨੂੰ ਨਹੀਂ ਲੈਣਾ ਚਾਹੀਦਾ, ਜੋ ਆਸਾਨੀ ਨਾਲ ਸਮਾਜਕ ਵਰਤਾਰੇ ਦੇ ਪ੍ਰਬੰਧ ਵਿਚੋਂ ਵੱਖ ਕੀਤਾ ਜਾ ਸਕਦਾ ਤੇ ਜੋ ਬੇਅਰਥ ਹੈ ਕਿਉਂ ਜੋ ਵਿਰੋਧੀ ਉਦਾਹਰਣ ਵੀ ਇਸੇ ਤਰ੍ਹਾਂ ਆਸਾਨੀ ਨਾਲ ਬਿਆਨ ਕੀਤੀ ਜਾ ਸਕਦੀ ਹੈ। ਸਾਨੂੰ ਯੂਰਪੀ ਰਾਜਾ ਦੇ ਉਹਨਾਂ ਦੇ ਆਰਥਕ ਤੇ ਰਾਜਨੀਤਕ ਅੰਤਰ-ਸਬੰਧਾਂ ਵਿਚ ਸਮੁੱਚੇ ਸਬੰਧਾਂ ਦੀ ਸਮੁੱਚੀ ਨੀਤੀ ਨੂੰ ਲੈਣਾ ਚਾਹੀਦਾ ਹੈ, ਜੇ ਅਸਾਂ ਇਹ ਸਮਝਣਾ ਹੈ ਕਿ ਕਿਵੇਂ ਇਹ ਵਰਤਮਾਨ ਜੰਗ ਇਸ ਪ੍ਰਬੰਧ ਵਿਚੋਂ ਸਹਿਜੇ ਸਹਿਜੇ ਤੇ ਅਟੱਲ ਰੂਪ ਵਿਚ ਪੈਦਾ ਹੋ ਗਈ ਹੈ।

ਅਸੀਂ ਨਿਰੰਤਰ ਤੌਰ ਤੇ, ਵਿਸ਼ੇਸ਼ ਤੌਰ ਤੇ ਸਰਮਾਏਦਾਰ ਪ੍ਰੈਸ ਵਲੋਂ—ਚਾਹੇ ਉਹ ਪਾਤਸਾਹਵਾਦੀ ਹੈ ਜਾਂ ਰੀਪਬਲਿਕਨ—ਵਰਤਮਾਨ ਜੰਗ ਦੇ ਅਜਿਹੇ ਇਤਿਹਾਸਕ ਅਰਥ ਪੇਸ਼ ਕਰਨ ਦੇ ਯਤਨ ਵੇਖ ਰਹੇ ਹਾਂ ਜੋ ਇਸ ਦੇ ਨਹੀਂ ਹਨ। ਉਦਾਹਰਣ ਵਜੋਂ, ਫਰਾਂਸੀਸੀ ਰੀਪਬਲਿਕ ਵਿਚ ਕੋਈ ਵੀ ਹਰ ਮਨਸੂਬਾ ਇਸ ਜੰਗ ਨੂੰ ਫਰਾਂਸ ਵਲੋਂ 1972 ਦੇ ਮਹਾਨ ਫਰਾਂਸੀਸੀ ਇਨਕਲਾਬ ਦੀਆਂ ਜੰਗਾਂ ਦੀ ਨਿਰੰਤਰਤਾ ਤੇ ਬਰਾਬਰ ਦੀ ਜੰਗ ਵਜੋਂ ਪੇਸ਼ ਕਰਨ ਨਾਲੋਂ ਵਧੇਰੇ ਨਹੀਂ ਵਰਤਿਆ ਗਿਆ ਹੈ। ਕੋਈ ਵੀ ਮਨਸੂਬਾ ਫਰਾਂਸੀਸੀ ਜਨਸਮੂਹ ਨੂੰ, ਫਰਾਂਸੀਸੀ ਮਜ਼ਦੂਰਾਂ ਤੇ ਸਾਰੇ ਦੇਸ਼ਾਂ ਦੇ ਮਜ਼ਦੂਰਾਂ ਨੂੰ ਧੋਖਾ ਦੇਣ ਲਈ ਇਤਨਾ ਵਧੇਰੇ ਨਹੀਂ ਫੈਲਿਆ ਜਿਤਨਾ ਵਧੇਰੇ ਸਾਡੇ ਯੁਗ ਵਿਚ ਦੂਜੇ ਯੁਗ ਦੀ "ਅਰਥ-ਹੀਣ ਭਾਸ਼ਾ" ਅਤੇ ਉਸ ਦੇ ਕੁਝ ਸੰਕੇਤ ਸ਼ਬਦ ਵਰਤੇ ਗਏ ਹਨ, ਜਾਂ ਮਾਮਲਿਆਂ ਨੂੰ ਹੁਣ ਦੇ ਮਾਮਲਿਆਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜਿਵੇਂ ਰੀਪਬਲਿਕਨ ਫਰਾਂਸ ਪਾਤਸਾਹੀ ਦੇ ਵਿਰੁਧ ਆਪਣੀ ਆਜ਼ਾਦੀ ਦੀ ਰਾਖੀ ਕਰ ਰਿਹਾ ਹੈ। ਇਕ "ਛੋਟਾ" ਤੱਥ ਜਿਹੜਾ ਅਖੋਂ ਓਹਲੇ ਕਰ ਦਿਤਾ ਗਿਆ ਹੈ ਕਿ ਉਦੋਂ 1⌄72 ਵਿਚ ਫਰਾਂਸ ਵਿਚ ਜੰਗ ਇਕ ਇਨਕਲਾਬੀ ਜਮਾਤ ਵਲੋਂ ਛੇੜੀ ਗਈ ਸੀ, ਜਿਸ ਨੇ ਇਕ ਬੇਮਿਸਾਲ ਇਨਕਲਾਬ ਨੇਪਰੇ ਚਾੜ੍ਹਿਆ ਸੀ ਅਤੇ ਫਰਾਂਸੀਸੀ ਪਾਤਸ਼ਾਹੀ ਨੂੰ ਤਬਾਹ ਕਰਨ ਵਿਚ ਅਤੇ ਇਕ ਸੰਗਠਤ ਪਾਤਸਾਹਵਾਦੀ ਯੂਰਪ ਦੇ ਵਿਰੁਧ ਆਪਣੀ ਇਨਕਲਾਬੀ ਜਦੋਜਹਿਦ ਨੂੰ ਨੇਪਰੇ ਚਾੜ੍ਹਨ ਦੇ ਇਕੋ ਇਕ ਮੰਤਵ ਨਾਲ ਉਠ ਖਲੋਣ ਵਿਚ ਬੇਮਿਸਾਲ ਸੂਰਮਗਤੀ ਦਾ ਪ੍ਰਗਟਾਵਾ ਕੀਤਾ ਸੀ।

ਫਰਾਂਸ ਵਿਚ ਜੰਗ ਉਸ ਇਨਕਲਾਬੀ ਜਮਾਤ ਦੀ ਨੀਤੀ ਦੇ ਜਾਰੀ ਰਹਿਣ ਦਾ ਅਮਲ ਸੀ, ਜਿਸ ਨੇ ਇਨਕਲਾਬ ਕੀਤਾ ਸੀ; ਰੀਪਬਲਿਕ ਸਥਾਪਤ ਕੀਤੀ ਸੀ, ਫਰਾਂਸੀਸੀ ਸਰਮਾਏਦਾਰਾਂ ਤੇ ਜਗੀਰਦਾਰਾਂ ਨਾਲ ਬੇਮਿਸਾਲ ਦਲੇਰੀ ਅਤੇ ਜੋਸ਼ ਨਾਲ ਹਿਸਾਬ ਚੁਕਾਇਆ ਸੀ, ਅਤੇ ਸੰਗਠਤ ਪਾਤਸ਼ਾਹਵਾਦੀ ਯੂਰਪ ਦੇ ਵਿਰੁਧ ਉਸੇ ਨੀਤੀ ਨੂੰ ਜਾਰੀ ਰਖਣ ਦੇ ਅਮਨ ਵਿਚ ਇਕ ਇਨਕਲਾਬੀ ਜੰਗ ਲੜ ਰਹੀ ਸੀ।

ਇਸ ਸਮੇਂ ਸਾਡੇ ਕੋਲ ਮੁਖ ਤੌਰ ਤੇ ਦੋ ਲੀਗਾਂ ਹਨ, ਸਰਮਾਏਦਾਰ ਤਾਕਤਾਂ ਦੇ ਦੋ ਗਰੁੱਪ ਹਨ। ਸਾਡੇ ਸਾਹਮਣੇ ਸੰਸਾਰ ਦੀਆਂ ਸਾਰੀਆਂ ਸਭ ਤੋਂ ਵੱਡੀਆਂ ਸਰਮਾਏਦਾਰ ਤਾਕਤਾਂ ਹਨ—ਬਰਤਾਨੀਆ, ਫਰਾਂਸ, ਅਮਰੀਕਾ ਤੇ ਜਰਮਨੀ—ਜਿਨ੍ਹਾਂ ਨੇ ਦਹਾਕਿਆਂ ਤੋਂ ਤੀਬਰ ਆਰਥਕ ਸ਼ਰੀਕੇਬਾਜ਼ੀ ਦੀ ਨੀਤੀ ਉਤੇ ਅੰਨ੍ਹੇਵਾਹ ਅਮਲ ਕੀਤਾ -ਹੈ, ਜਿਸ ਦਾ ਮੰਤਵ ਸੰਸਾਰ ਉਚਤਮਤਾ

ਪਰਾਪਤ ਕਰਨਾ, ਛੋਟੀਆਂ ਕੌਮਾਂ ਨੂੰ ਆਪਣੇ ਅਧੀਨ ਕਰਨਾ ਅਤੇ ਬੈਂਕਿੰਗ ਸਰਮਾਏ ਉਤੇ ਤਿੰਨ ਗੁਣਾਂ ਤੋਂ ਦਸ ਗੁਣਾਂ ਮੁਨਾਫ਼ੇ ਕਮਾਉਣਾ ਹੈ, ਜਿਸ ਬੈਂਕਿੰਗ ਸਰਮਾਏ ਨੇ ਆਪਣੇ ਸਾਮਰਾਜਵਾਦ ਦੇ ਜਾਲ ਵਿਚ ਸਾਰੇ ਸੰਸਾਰ ਨੂੰ ਫਸਾ ਲਿਆ ਹੈ। ਬਰਤਾਨੀਆ ਤੇ ਜਰਮਨੀ ਦੀਆਂ ਨੀਤੀਆਂ ਦਾ ਅਸਲ ਮੰਤਵ ਇਹੋ ਹੀ ਹੈ। ਮੈਂ ਇਸ ਤੱਥ ਉਤੇ ਜ਼ੋਰ ਦੇਂਦਾ ਹਾਂ। ਇਸ ਤੱਥ ਉਤੇ ਕਾਫ਼ੀ ਮਜ਼ਬੂਤੀ ਨਾਲ ਜ਼ੋਰ ਨਹੀਂ ਦਿੱਤਾ ਜਾ ਸਕਦਾ ਕਿਉਂ ਜੋ ਅਸੀਂ ਇਸ ਨੂੰ ਭੁਲਦੇ ਹਾਂ, ਅਸੀਂ ਇਹ ਕਦੇ ਵੀ ਨਹੀਂ ਸਮਝਾਂਗੇ ਕਿ ਇਹ ਜੰਗ ਕਿਸ ਲਈ ਲੜੀ ਜਾ ਰਹੀ ਹੈ ਅਤੇ ਫਿਰ ਅਸੀਂ ਕਿਸੇ ਵੀ ਬੁਰਜੂਆ ਪੱਤਰਕਾਰ ਦਾ ਅਸਾਨੀ ਨਾਲ ਸ਼ਿਕਾਰ ਬਣ ਜਾਵਾਂਗੇ। ਜੋ ਸਾਨੂੰ ਝੂਠੀਆਂ ਟੂਕਾਂ ਨਾਲ ਪਰਭਾਵਤ ਕਰਨ ਦਾ ਯਤਨ ਕਰਦਾ ਹੈ।

ਸਰਮਾਏਦਾਰ ਦਿਓਆਂ—ਬਰਤਾਨੀਆ ਤੇ ਜਰਮਨੀ—ਦੇ ਦੋ ਗਰੁੱਪਾਂ ਦੀਆਂ ਨੀਤੀਆਂ, ਜਿਹਨਾਂ ਨੇ ਆਪਣੇ ਆਪਣੇ ਇਤਿਹਾਦੀਆਂ ਨਾਲ ਇਕ ਦੂਜੇ ਦੇ ਵਿਰੁੱਧ ਮੋਰਚੇ ਮੱਲ ਲਏ ਹਨ, ਉਹਨਾਂ ਨੀਤੀਆਂ ਦਾ, ਜਿਨ੍ਹਾਂ ਉਤੇ ਉਹ ਜੰਗ ਤੋਂ ਪਹਿਲਾਂ ਕਈ ਦਹਾਕਿਆਂ ਤੱਕ ਅਮਲ ਕਰਦੇ ਰਹੇ ਸਨ, ਉਹਨਾਂ ਦੀ ਸਮੁੱਚਤਾ ਵਿਚ ਅਧਿਅਨ ਕਰਨਾ ਚਾਹੀਦਾ ਹੈ ਤੇ ਸਮਝਣਾ ਚਾਹੀਦਾ ਹੈ। ਜੇ ਅਸੀਂ ਇਹ ਨਹੀਂ ਕਰਦੇ ਤਾਂ ਅਸੀਂ ਨਾ ਕੇਵਲ ਵਿਗਿਆਨਕ ਸੋਸ਼ਲਿਜ਼ਮ ਅਤੇ ਆਮ ਤੌਰ ਤੇ ਸਾਰੇ ਸਮਾਜਕ ਵਿਗਿਆਨ ਦੀ ਜ਼ਰੂਰੀ ਲੋੜ ਨੂੰ ਹੀ ਅੱਖੋਂ ਓਹਲੇ ਕਰ ਰਹੇ ਹੋਵਾਂਗੇ ਸਗੋਂ ਅਸੀਂ ਵਰਤਮਾਨ ਜੰਗ ਬਾਰੇ ਕੁਝ ਵੀ ਜਾਣਨ ਦੇ ਅਯੋਗ ਹੋਵਾਂਗੇ। ਅਸੀਂ ਆਪਣੇ ਆਪ ਨੂੰ ਮਿਲਿਯੁਕੋਵ ਦੀ, ਉਸ ਧੋਖੇਬਾਜ਼ ਦੀ ਤਾਕਤ ਵਿਚ ਸ਼ਾਮਲ ਕਰ ਰਹੇ ਹੋਵਾਂਗੇ ਜੋ ਉਹਨਾ ਢੰਗਾਂ ਨਾਲ ਅੰਧ-ਰਾਸ਼ਟਰਵਾਦ ਤੇ ਇਕ ਕੌਮ ਦੀ ਦੂਜੀ ਕੌਮ ਪ੍ਰਤੀ ਘਿਰਣਾ ਨੂੰ ਹਵਾ ਦੇ ਰਿਹਾ ਹੈ ਜੋ ਹਰ ਥਾਂ ਬਿਨਾ ਛੋਟ ਦੇ ਵਰਤੇ ਜਾਂਦੇ ਹਨ, ਉਹ ਢੰਗ ਜਿਨ੍ਹਾਂ ਬਾਰੇ ਕਲਾਜ਼ਵਿਟਜ਼ ਨੇ ਅੱਸੀ ਸਾਲ ਪਹਿਲਾਂ ਲਿਖੇ ਸਨ ਜਦੋਂ ਉਸ ਨੇ ਉਸ ਵਿਚਾਰ ਨੂੰ ਮਖ਼ੌਲ ਉਡਾਇਆ ਸੀ ਜਿਹੜਾ ਕੁਝ ਲੋਕ ਅੱਜ ਵੀ ਰੱਖਦੇ ਹਨ, ਭਾਵ, ਕਿ ਕੌਮਾਂ ਅਮਨ ਵਿਚ ਰਹਿੰਦੀਆਂ ਹਨ ਤੇ ਫਿਰ ਲੜਨਾ ਸ਼ੁਰੂ ਕਰ ਦੇਂਦੀਆਂ ਹਨ। ਜਿਵੇਂ ਕਿ ਇਹ ਸੱਚ ਹੋਵੇ ! ਭਲਾ ਕਿਸੇ ਵੀ ਜੰਗ ਦਾ, ਇਹ ਧਿਆਨ ਵਿਚ ਰੱਖੇ ਬਿਨਾਂ ਕਿਵੇਂ ਲੇਖਾ ਜੋਖਾ ਕੀਤਾ ਜਾ ਸਕਦਾ ਹੈ ਕਿ ਸਬੰਧਤ ਰਾਜ ਦੀ, ਸਬੰਧਤ ਪਰਬੰਧ ਦੀ, ਸਬੰਧਤ ਜਮਾਤਾਂ ਦੀ ਪਹਿਲਾਂ ਦੀ ਨੀਤੀ ਦਾ ਇਸ ਨਾਲ ਕੀ ਸਬੰਧ ਹੈ। ਮੈਂ ਦੁਹਰਾਉਂਦਾ ਹਾਂ। ਇਹ ਇਕ ਬੁਨਿਆਦੀ ਨੁਕਤਾ ਹੈ ਜਿਸ ਨੂੰ ਨਿਰੰਤਰ ਅੱਖੋਂ ਓਹਲੇ ਕੀਤਾ ਜਾਂਦਾ ਰਿਹਾ ਹੈ। ਇਸ ਨੂੰ ਸਮਝਣ ਦੀ ਅਸਫਲਤਾ ਜੰਗ ਦੀ ਸਾਰੀ ਬਹਿਸ ਦੇ 9/10 ਹਿੱਸੇ ਨੂੰ—ਤੂੰ ਤੂੰ, ਮੈਂ ਮੈਂ—ਨਿਰੀ ਸ਼ਬਦਾਂ ਦੀ ਭਰਮਾਰ ਬਣਾ ਦੇਂਦੀ ਹੈ। ਅਸੀਂ ਕਹਿੰਦੇ ਹਾਂ : ਜੇ ਤੁਸਾਂ ਨੇ ਦਹਾਕਿਆਂ ਤਕ ਦੋ ਆਪੋ ਵਿਚ ਲੜ ਰਹੇ ਗਰੁੱਪਾਂ ਦੀਆਂ ਨੀਤੀਆਂ ਦਾ ਅਧਿਅਨ ਨਹੀਂ ਕੀਤਾ ਹੈ, ਜੇ ਤੁਸਾਂ ਨੇ ਨਹੀਂ ਦਰਸਾਇਆ ਕਿ ਇਸ ਜੰਗ ਦਾ ਅੱਗੋਂ ਆਉਣ ਵਾਲੀਆਂ ਨੀਤੀਆਂ ਉਤੇ ਕੀ ਪਰਭਾਵ ਪਵੇਗਾ, ਫਿਰ ਤੁਸੀਂ ਇਹ ਨਹੀਂ ਜਾਣਦੇ ਕਿ ਇਹ ਜੰਗ ਕਿਸ ਲਈ ਲੜੀ ਜਾ ਰਹੀ ਹੈ।

ਇਹ ਨੀਤੀਆਂ ਸਾਨੂੰ ਮਹਿਜ਼ ਇਹ ਚੀਜ਼ ਦਿਖਾਉਂਦੀਆਂ ਹਨ—ਸੰਸਾਰ ਦੇ ਦੋ ਸਭ ਤੋਂ ਵੱਡੇ ਦਿਓਆਂ, ਸਰਮਾਏਦਾਰ ਆਰਥਕਤਾਵਾਂ ਵਿਚਾਲੇ ਨਿਰੰਤਰ ਆਰਥਕ ਸ਼ਰੀਕੇਬਾਜ਼ੀ। ਇਕ ਪਾਸੇ ਸਾਹਮਣੇ ਬਰਤਾਨੀਆ ਹੈ, ਇਕ ਦੇਸ਼ ਜਿਸ ਕੋਲ ਸ੍ਰਿਸ਼ਟੀ ਦਾ ਸਭ ਤੋਂ ਵੱਡਾ ਹਿੱਸਾ ਹੈ, ਇਕ ਦੇਸ਼ ਜੋ ਦੌਲਤ ਦੇ ਪੱਖੋਂ ਇਕ ਨੰਬਰ ਤੇ ਹੈ, ਇਹ ਇਤਨੀ ਦੌਲਤ ਉਸ ਨੇ ਆਪਣੇ ਮਜ਼ਦੂਰਾਂ ਦੀ ਕਿਰਤ ਨਾਲ ਨਹੀਂ ਸਗੋਂ ਘੱਟ ਗਿਣਤੀ ਬਸਤੀਆਂ ਦੀ ਲੁੱਟ ਚੋਂਘ ਰਾਹੀਂ ਆਪਣੇ ਬੈਂਕਾਂ ਦੀ

ਇਜਾਰਾ ਤਾਕਤ ਰਾਹੀਂ ਪੈਦਾ ਕੀਤੀ ਹੈ। ਜਿਹੜੇ ਬੈਂਕ ਬਾਕੀ ਸਾਰੇ ਬੈਂਕਾਂ ਦੇ ਉਪਰ ਕੁਲ ਚਾਰ ਜਾਂ ਪੰਜ ਸੁਪਰ-ਬੈਂਕਾਂ ਦੇ ਬਹੁਤ ਹੀ ਛੋਟੇ ਗਰੁੱਪਾਂ ਵਿਚ ਵਿਕਸਤ ਹੋ ਗਏ ਹਨ ਜਿਨ੍ਹਾਂ ਕੋਲ ਖਰਬਾਂ ਰੂਬਲ ਹਨ ਅਤੇ ਉਹਨਾਂ ਨੂੰ ਇਸ ਢੰਗ ਨਾਲ ਵਰਤ ਰਹੇ ਹਨ ਕਿ ਇਹ ਬਿਨਾਂ ਕਿਸੇ ਵਧਾ ਦੇ ਆਖਿਆ ਜਾ ਸਕਦਾ ਹੈ ਕਿ ਅੱਜ ਸੰਸਾਰ ਵਿਚ ਧਰਤੀ ਦਾ ਅਜਿਹਾ ਇਕ ਵੀ ਟੁਕੜਾ ਨਹੀਂ ਹੈ ਜਿਸ ਉਤੇ ਇਸ ਸਰਮਾਏ ਦਾ ਭਾਰੀ ਦਖਲ ਨਾ ਹੋਵੇ, ਧਰਤੀ ਦਾ ਕੋਈ ਟੁਕੜਾ ਨਹੀਂ ਜਿਸ ਨੂੰ ਅੰਗਰੇਜ਼ ਸਰਮਾਏ ਨੇ ਹਜ਼ਾਰਾਂ ਤੰਦਾਂ ਨਾਲ ਜਕੜਿਆ ਨਾ ਹੋਇਆ ਹੋਵੇ। ਸਦੀ ਦੇ ਮੋੜ ਤੇ ਇਹ ਸਰਮਾਇਆ ਇਤਨਾ ਫੈਲ ਗਿਆ ਹੈ ਕਿ ਇਸ ਦੀਆਂ ਸਰਗਰਮੀਆਂ ਵਿਅਕਤੀਗਤ ਰਾਜਾਂ ਦੀਆਂ ਸਰਹੱਦਾਂ ਤੋਂ ਪਾਰ ਤੱਕ ਚੱਲੀਆਂ ਗਈਆਂ ਹਨ ਅਤੇ ਦਿਓ-ਕੱਦ ਬੈਂਕਾਂ ਦਾ ਇਕ ਗਰੁੱਪ ਬਣਾ ਲਿਆ ਹੈ, ਜਿਸ ਕੋਲ ਅਥਾਹ ਭਾਰੀ ਦੌਲਤ ਹੈ। ਬੈਂਕਾਂ ਦੇ ਇਸ ਨਿੱਕਰੂ ਗਰੁੱਪ ਸਦਕਾ ਇਸ ਨੇ ਇਸ ਦੇ ਖਰਬਾਂ ਦੇ ਜਾਲ ਵਿਚ ਸਾਰੇ ਸੰਸਾਰ ਨੂੰ ਜਕੜ ਲਿਆ ਹੈ। ਬਰਤਾਨੀਆ ਦੀ ਆਰਥਕ ਨੀਤੀ ਦਾ ਅਤੇ ਫਰਾਂਸ ਦੀ ਆਰਥਕ ਨੀਤੀ ਦਾ ਇਹ ਤੱਤ ਤੇ ਨਿਚੋੜ ਹੈ, ਜਿਸ ਬਾਰੇ ਫਰਾਂਸੀਸੀ ਲੇਖਕਾਂ ਨੇ ਵੀ, ਜਿਨ੍ਹਾਂ ਵਿਚੋਂ ਕੁਝ ਲਾ ਹਿਊਮਾਂਤੇ ਅਖ਼ਬਾਰ ਵਿਚ ਵੀ ਲਿਖਦੇ ਹਨ, ਇਸ ਅਖ਼ਬਾਰ ਉਤੇ ਹੁਣ ਸਾਬਕ ਸੋਸ਼ਲਿਸਟਾਂ ਦਾ ਕੰਟਰੋਲ ਹੈ, ਜੰਗ ਤੋਂ ਕਈ ਸਾਲ ਪਹਿਲਾਂ ਬਿਆਨ ਕੀਤਾ ਸੀ : "ਫਰਾਂਸ ਇਕ ਵਿੱਤੀ ਪਾਤਸ਼ਾਹੀ ਹੈ, ਫਰਾਂਸ ਇਕ ਵਿੱਤੀ ਜੁੰਡੀ ਰਾਜ ਹੈ, ਫਰਾਂਸ ਸੰਸਾਰ ਦਾ ਸੂਦਖੋਰ ਹੈ।"

ਦੂਜੇ ਪਾਸੇ, ਇਸ ਦੇ ਵਿਰੁੱਧ ਮੁੱਖ ਤੌਰ ਤੇ ਅੰਗ-ਫਰਾਂਸੀਸੀ ਗਰੁੱਪ ਦੇ ਵਿਰੁੱਧ ਸਾਡੇ ਸਾਹਮਣੇ ਸਰਮਾਏਦਾਰਾਂ ਦਾ ਇਕ ਹੋਰ ਗਰੁੱਪ ਹੈ, ਜੋ ਪਹਿਲੇ ਤੋਂ ਵਧੇਰੇ ਖਾਊ, ਵਧੇਰੇ ਲੁਟੇਰਾ ਹੈ। ਇਕ ਗਰੁੱਪ ਜੋ ਸਰਮਾਏਦਾਰ ਖਾਣੇ ਦੇ ਮੇਜ਼ ਉਤੇ ਉਦੋਂ ਬਿਰਾਜਮਾਨ ਹੋਇਆ ਜਦੋਂ ਸਾਰੀਆਂ ਸੀਟਾਂ ਪਹਿਲਾਂ ਹੀ ਮੱਲੀਆਂ ਹੋਈਆਂ ਸਨ, ਪਰ ਜਿਸ ਨੇ ਜਦੋ-ਜਹਿਦ ਵਿਚ ਸਰਮਾਏਦਾਰ ਪੈਦਾਵਾਰ ਨੂੰ ਵਿਕਸਤ ਕਰਨ ਲਈ ਨਵੇਂ ਢੰਗ, ਸੁਧਰੀਆਂ ਹੋਈਆਂ ਤਕਨੀਕਾਂ ਤੇ ਵਧੀਆ ਜਥੇਬੰਦੀ ਲਾਗੂ ਕੀਤੀ, ਜਿਸ ਨੇ ਪੁਰਾਣੀ ਸਰਮਾਏਦਾਰੀ ਨੂੰ ਸੁਤੰਤਰ ਮੁਕਾਬਲੇ ਦੇ ਸਮੇਂ ਦੀ ਸਰਮਾਏਦਾਰੀ ਨੂੰ ਦਿਓ-ਕੱਦ ਟਰੱਸਟਾਂ, ਸਿੰਡੀਕੇਟਾਂ ਤੇ ਕਾਰਟਲਾਂ ਦੀ ਸਰਮਾਏਦਾਰੀ ਵਿਚ ਬਦਲ ਦਿੱਤਾ। ਇਸ ਗਰੁੱਪ ਨੇ ਰਾਜ ਵਲੋਂ ਕੰਟਰੋਲ ਕੀਤੀ ਪੈਦਾਵਾਰ ਲਾਗੂ ਕੀਤੀ। ਇਸ ਨੇ ਸਰਮਾਏਦਾਰੀ ਦੀ ਅਥਾਹ ਭਾਰੀ ਸ਼ਕਤੀ ਨੂੰ ਰਾਜ ਦੀ ਅਥਾਹ ਭਾਰੀ ਸ਼ਕਤੀ ਨਾਲ ਜੋੜ ਕੇ ਇਕ ਇਕਹਿਰਾ ਮੈਕਨਿਜ਼ਮ ਬਣਾ ਦਿੱਤਾ ਅਤੇ ਲਖੂਖਾ ਲੋਕਾਂ ਨੂੰ ਰਾਜਕੀ ਸਰਮਾਏਦਾਰੀ ਦੀ ਇਕਹਿਰੀ ਜਥੇਬੰਦੀ ਦੇ ਅੰਦਰ ਲੈ ਆਂਦਾ। ਇਹ ਹੈ ਆਰਥਕ ਇਤਿਹਾਸ, ਇਹ ਹੈ ਕੂਟਨੀਤਕ ਇਤਿਹਾਸ ਜੋ ਕਈ ਦਹਾਕਿਆ ਦਾ ਇਤਿਹਾਸ ਹੈ, ਜਿਸ ਤੋਂ ਕੋਈ ਬਚ ਕੇ ਨਹੀਂ ਜਾ ਸਕਦਾ। ਇਹ ਇਕ ਰਾਹ ਵਿਖਾਉਣ ਵਾਲੀ ਚੌਕੀ ਹੈ ਜੋ ਜੰਗ ਦੀ ਸਮੱਸਿਆ ਦਾ ਸਹੀ ਹੱਲ ਪੇਸ਼ ਕਰਦੀ ਹੈ; ਇਹ ਤੁਹਾਨੂੰ ਇਸ ਸਿੱਟੇ ਤੇ ਲਿਜਾਂਦੀ ਹੈ ਕਿ ਵਰਤਮਾਨ ਜੰਗ ਵੀ ਜਮਾਤਾਂ ਦੀਆਂ ਨੀਤੀਆਂ ਜੋ ਇਸ ਦੇ ਅੰਦਰ ਪੂਰੀ ਤਰ੍ਹਾਂ ਸ਼ਾਮਲ ਹਨ, ਦੋ ਸੁਪਰੀਮ ਦਿਓ-ਕੱਦ ਗਰੁੱਪਾਂ ਦੀਆਂ ਨੀਤੀਆਂ ਦਾ ਸਿੱਟਾ ਹੈ, ਜਿਨ੍ਹਾਂ ਨੇ ਜੰਗ ਤੋਂ ਬਹੁਤ ਸਮਾਂ ਪਹਿਲਾਂ ਸਾਰੇ ਸੰਸਾਰ ਨੂੰ ਸਾਰੇ ਦੇਸ਼ਾਂ ਨੂੰ ਵਿੱਤੀ ਲੁਟੇਰਿਆਂ ਦੇ ਜਾਲ ਵਿਚ ਜੱਕੜ ਲਿਆ ਸੀ ਅਤੇ ਧਰਤੀ ਨੂੰ ਆਰਥਕ ਤੌਰ ਤੇ ਆਪੋ ਵਿਚ ਵੰਡ ਲਿਆ ਸੀ। ਇਹਨਾਂ ਵਿਚ ਹਰ ਹਾਲਤ ਵਿਚ ਟੱਕਰ ਹੋਣੀ ਸੀ, ਨਿਰੀ ਜੋ ਸਰਮਾਏਦਾਰੀ ਦੇ ਦ੍ਰਿਸ਼ਟੀਕੋਣ ਤੋਂ ਇਹ ਉੱਚਤਮਤਾ ਦੀ ਮੁੜ-ਵੰਡ ਅਟੱਲ ਹੋ ਗਈ ਸੀ।

ਪੁਰਾਣੀ ਢੰਗ ਇਸ ਤੱਥ ਉਤੇ ਆਧਾਰਤ ਸੀ ਕਿ ਬਰਤਾਨੀਆ ਨੇ ਕਈ ਸਦੀਆਂ ਦੇ ਦੌਰਾਨ ਆਪਣੇ ਪਹਿਲੇ ਟਾਕਰਾ ਕਰਨ ਵਾਲਿਆਂ ਨੂੰ ਤਬਾਹ ਕਰ ਦਿਤਾ ਸੀ। ਇਹ ਸਾਬਕ ਟਾਕਰਾ ਕਰਨ ਵਾਲਾ ਹਾਲੈਂਡ ਸੀ, ਜੋ ਸਾਰੇ ਸੰਸਾਰ ਉਤੇ ਭਾਰੂ ਸੀ। ਇਕ ਹੋਰ ਫਰਾਂਸ ਸੀ, ਜੋ ਲਗਪਗ ਸੌ ਸਾਲ ਲਈ ਉੱਤਮਤਾ ਲਈ ਲੜਦਾ ਰਿਹਾ ਸੀ। ਕਈ ਲਮਕਦੀਆਂ ਜੰਗਾਂ ਦੇ ਮਗਰੋਂ ਬਰਤਾਨੀਆ ਆਪਣੀ ਆਰਥਕ ਤਾਕਤ ਸਦਕਾ, ਆਪਣੇ ਤਾਜਰ ਸਰਮਾਏ ਸਦਕਾ ਸੰਸਾਰ ਉਤੇ ਆਪਣਾ ਚੁਣੌਤੀ-ਰਹਿਤ ਦਾਬਾ ਸਥਾਪਤ ਕਰਨ ਵਿਚ ਸਫਲ ਹੋ ਗਿਆ। 1871 ਵਿਚ ਇਕ ਨਵੇਂ ਲੁਟੇਰੇ ਦਾ ਆਗਮਨ ਹੋਇਆ, ਇਕ ਨਵੀਂ ਸਰਮਾਏਦਾਰ ਤਾਕਤ ਪ੍ਰਗਟ ਹੋਈ ਜੋ ਕਿ ਬਰਤਾਨੀਆਂ ਨਾਲੋਂ ਕਿਤੇ ਵਧੇਰੇ ਤੇਜ਼ੀ ਨਾਲ ਵਿਕਸਤ ਹੋਈ। ਇਹ ਇਕ ਬੁਨਿਆਦੀ ਤੱਥ ਹੈ। ਤੁਸੀਂ ਆਰਥਕ ਇਤਿਹਾਸ ਬਾਰੇ ਕੋਈ ਵੀ ਪੁਸਤਕ ਨਹੀਂ ਵੇਖੋਗੇ ਜਿਸ ਨੇ ਇਸ ਵਿਵਾਦ-ਰਹਿਤ ਤੱਥ ਨੂੰ ਪ੍ਰਵਾਨ ਨਾ ਕੀਤਾ ਹੋਵੇ—ਜਰਮਨੀ ਦੇ ਵਧੇਰੇ ਤੇਜ਼ ਵਿਕਾਸ ਦਾ ਤੱਥ। ਜਰਮਨੀ ਵਿਚ ਸਰਮਾਏਦਾਰੀ ਦਾ ਇਹ ਤੇਜ਼ ਵਿਕਾਸ ਇਕ ਨਵ-ਉਮਰ ਤਾਕਤਵਰ ਲੁਟੇਰੇ ਦਾ ਵਿਕਾਸ ਸੀ ਜੋ ਯੂਰਪੀ ਤਾਕਤਾਂ ਦੀ ਮੰਡਲੀ ਵਿਚ ਪ੍ਰਗਟ ਹੋਇਆ ਅਤੇ ਉਸ ਨੇ ਆਖਿਆ, "ਤੁਸਾਂ ਹਾਲੈਂਡ ਨੂੰ ਤਬਾਹ ਕਰ ਦਿਤਾ ਹੈ, ਤੁਸਾਂ ਫਰਾਂਸ ਨੂੰ ਹਰਾਇਆ ਹੈ, ਤੁਸਾਂ ਅੱਧਾ ਸੰਸਾਰ ਕਬਜ਼ੇ ਵਿਚ ਕਰਨ ਵਿਚ ਆਪਣੀ ਮਦਦ ਕੀਤੀ ਹੈ—ਹੁਣ ਮਿਹਰਬਾਨੀ ਕਰ ਕੇ ਸਾਨੂੰ ਆਪਣਾ ਚੰਗਾ ਚੋਖਾ ਹਿੱਸਾ ਲੈਣ ਦਿਓ।" ਇਸ "ਚੰਗੇ ਚੋਖੇ ਹਿੱਸੇ" ਦਾ ਕੀ ਅਰਥ ਹੈ? ਸਰਮਾਏਦਾਰ ਸੰਸਾਰ, ਵਿਚ ਬੈਂਕਾਂ ਦੇ ਸੰਸਾਰ ਵਿਚ, ਇਸ ਨੂੰ ਕਿਵੇਂ ਨਿਸਚਿਤ ਕੀਤਾ ਜਾਵੇ? ਇਥੇ ਤਾਕਤ ਬੈਂਕਾਂ ਦੀ ਗਿਣਤੀ ਨਾਲ ਨਿਸਚਿਤ ਕੀਤੀ ਜਾਂਦੀ ਹੈ; ਇਥੇ ਤਾਕਤ ਉਸ ਢੰਗ ਨਾਲ ਨਿਸਚਿਤ ਕੀਤੀ ਜਾਂਦੀ ਹੈ ਜੋ ਅਮਰੀਕੀ ਕਰੋੜਪਤੀਆਂ ਦੇ ਬੁਲਾਰੇ ਨੇ ਬਿਆਨ ਕੀਤੀ, ਜਿਸ ਨੇ ਮਿਸਾਲੀ ਅਮਰੀਕੀ ਖੁਲ੍ਹ ਤੇ ਮਿਸਾਲੀ ਸਨਕੀਪੁਣੇ ਨਾਲ ਐਲਾਨ ਕੀਤਾ: "ਯੂਰਪ ਵਿਚ ਜੰਗ ਸੰਸਾਰ ਉਤੇ ਭਾਰੂ ਹੋਣ ਲਈ ਲੜੀ ਜਾ ਰਹੀ ਹੈ। ਸੰਸਾਰ ਉਤੇ ਭਾਰੂ ਹੋਣ ਲਈ ਦੋ ਚੀਜ਼ਾਂ ਦੀ ਜ਼ਰੂਰਤ ਹੈ। ਡਾਲਰ ਅਤੇ ਬੈਂਕ। ਸਾਡੇ ਕੋਲ ਡਾਲਰ ਹਨ, ਅਸੀਂ ਬੈਂਕ ਬਣਾਵਾਂਗੇ ਤੇ ਅਸੀਂ ਸੰਸਾਰ ਉਤੇ ਭਾਰੂ ਹੋਵਾਂਗੇ।" ਇਹ ਬਿਆਨ ਅਮਰੀਕੀ ਕਰੋੜਪਤੀਆਂ ਦੇ ਇਕ ਆਗੂ ਅਖ਼ਬਾਰ ਨੇ ਦਿਤਾ। ਮੈਂ ਇਹ ਜ਼ਰੂਰ ਆਖਾਂਗਾ ਕਿ ਇਸ ਸ਼ੇਖੀਬਾਜ਼ ਅਮਰੀਕੀ ਕਰੋੜਪਤੀਆਂ ਦੇ ਬੁਲਾਰੇ ਦੇ ਇਸ ਸਨਕੀ ਬਿਆਨ ਵਿਚ ਬੁਰਜੂਆ ਝੂਠਿਆਂ ਦੇ ਉਹਨਾਂ ਹਜ਼ਾਰਾਂ ਲੇਖਾਂ ਨਾਲੋਂ ਹਜ਼ਾਰ ਗੁਣਾਂ ਵਧੇਰੇ ਸਚਾਈ ਹੈ ਜੋ ਇਹ ਸਮਝਾਉਣ ਦਾ ਯਤਨ ਕਰਦੇ ਹਨ ਕਿ ਇਹ ਜੰਗ ਕੌਮੀ ਹਿੱਤਾਂ ਲਈ, ਕੌਮੀ ਮਸਲਿਆਂ ਉਤੇ ਲੜੀ ਜਾ ਰਹੀ ਹੈ। ਨਿਪਟ ਇਸੇ ਤਰ੍ਹਾਂ ਦੇ ਉਘੜਵੇਂ ਮਿਸਾਲੀ ਢੰਗਾਂ ਨਾਲੋਂ, ਜੋ ਇਤਿਹਾਸ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਨ ਅਤੇ ਸ਼ਿਕਾਰੀ ਜਾਨਵਰ ਜਰਮਨੀ ਦਾ ਇਕ ਨਿਖੜਵੀਂ ਉਦਾਹਰਣ ਪੇਸ਼ ਕਰਦੇ ਹਨ, ਜਿਸ ਨੇ ਬੈਲਜੀਅਮ ਉਤੇ ਹਮਲਾ ਕੀਤਾ। ਮਾਮਲਾ ਨਿਰਸੰਦੇਹ ਇਕ ਅਸਲੀ ਮਾਮਲਾ ਹੈ। ਲੋਟੂਆਂ ਦੇ ਇਸ ਗਰੁਪ ਨੇ ਵਹਿਸ਼ੀ ਤਾਕਤ ਨਾਲ ਬੈਲਜੀਅਮ ਉਤੇ ਹਮਲਾ ਕੀਤਾ, ਪਰ ਉਹਨਾਂ ਨੇ ਉਹ ਗੱਲ ਕੀਤੀ ਜੋ ਦੂਜੇ ਗਰੁੱਪ ਨੇ ਹੋਰ ਸਾਧਨਾਂ ਰਾਹੀਂ ਕਲ੍ਹ ਕੀਤੀ ਸੀ ਅਤੇ ਦੂਜੀਆਂ ਕੌਮਾਂ ਨਾਲ ਅੱਜ ਵੀ ਕਰ ਰਿਹਾ ਹੈ।

ਜਦੋਂ ਅਸੀਂ ਬਦੇਸ਼ੀ ਇਲਾਕੇ ਹਥਿਆਉਣ ਬਾਰੇ ਵਿਚਾਰ ਕਰਦੇ ਹਾਂ ਅਤੇ ਇਹ ਗੱਲ ਉਸ ਸੁਆਲ ਨਾਲ, ਭਾਵ ਉਹਨਾਂ ਦਾ ਆਰਥਕ ਤੇ ਕੂਟਨੀਤਕ ਸਬੰਧਾਂ ਦੇ ਇਤਿਹਾਸ ਨਾਲ ਸਬੰਧਤ ਹੈ ਜਿਹਨਾਂ ਕਾਰਨ ਵਰਤਮਾਨ ਜੰਗ ਪੈਦਾ ਹੋਈ। ਇਹ ਸੁਆਲ ਮੈਂ ਤੁਹਾਨੂੰ ਸੰਖੇਪ ਰੂਪ ਵਿਚ ਬਿਆਨ ਕਰ ਰਿਹਾ ਹਾਂ। ਜਦੋਂ ਅਸੀਂ ਬਦੇਸ਼ੀ ਇਲਾਕੇ ਹਥਿਆਉਣ ਬਾਰੇ ਵਿਚਾਰ ਕਰਦੇ ਹਾਂ,

ਅਸੀਂ ਹਮੇਸ਼ਾ ਇਹ ਭੁਲ ਜਾਂਦੇ ਹਾਂ ਕਿ ਆਮ ਤੌਰ ਤੇ, ਇਹੋ ਬਦੇਸ਼ੀ ਇਲਾਕਿਆਂ, ਜਿਹਨਾਂ ਨੂੰ ਹਥਿਆਉਣ ਲਈ ਜੰਗ ਲੜੀ ਜਾਂਦੀ ਹੈ, ਇਹ ਜਿਤੇ ਹੋਏ ਇਲਾਕਿਆਂ ਦੀ ਵੰਡ ਲਈ ਜੰਗ ਹੈ ਜਾਂ ਵਧੇਰੇ ਸਾਦੇ ਰੂਪ ਵਿਚ ਪੇਸ਼ ਕਰਦਿਆਂ, ਦੋ ਡਾਕੂ ਟੋਲਿਆਂ ਵਲੋਂ ਲੁੱਟੇ ਗਏ ਮਾਲ ਦੀ ਵੰਡ ਲਈ ਜੰਗ ਹੈ। ਜਦੋਂ ਅਸੀਂ ਇਲਾਕਿਆਂ ਬਾਰੇ ਵਿਚਾਰ ਕਰਦੇ ਹਾਂ, ਅਸੀਂ ਨਿਰੰਤਰ ਤੌਰ ਤੇ ਅਜਿਹੇ ਢੰਗਾਂ ਦੀ ਗੱਲ ਕਰਦੇ ਹਾਂ ਜੋ ਵਿਗਿਆਨਕ ਤੌਰ ਤੇ ਨੁਕਤਾਚੀਨੀ ਦਾ ਟਾਕਰਾ ਨਹੀਂ ਕਰਦੇ, ਅਤੇ ਜੋ ਜਨਤਕ ਪੱਤਰਕਾਰੀ ਦੇ ਢੰਗਾਂ ਵਜੋਂ ਜਾਣ ਬੁਝ ਕੇ ਪਾਖੰਡ ਹਨ। ਇਕ ਰੂਸੀ ਅੰਧਰਾਸ਼ਟਰਵਾਦੀ ਨੂੰ ਜਾਂ ਸੋਸ਼ਲ-ਅੰਧਰਾਸ਼ਟਰਵਾਦੀ ਨੂੰ ਪੁਛੋ ਕਿ ਜਰਮਨੀ ਵਲੋਂ ਬਦੇਸ਼ੀ ਇਲਾਕੇ ਹਥਿਆਉਣ ਦਾ ਕੀ ਅਰਥ ਹੈ ਤਾਂ ਉਹ ਤੁਹਾਨੂੰ ਇਕ ਸ਼ਾਨਦਾਰ ਵਿਆਖਿਆ ਪੇਸ਼ ਕਰੇਗਾ, ਕਿਉਂ ਜੋ ਉਹ ਉਸ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਪਰ ਉਹ ਬਦੇਸ਼ੀ ਇਲਾਕਿਆਂ ਨੂੰ ਹਥਿਆਉਣ ਦਾ ਜੋ ਜਰਮਨੀ, ਬਰਤਾਨਵੀ ਅਤੇ ਰੂਸ ਨਾਲ ਸਬੰਧਤ ਹੈ, ਇਕ ਆਮ ਵਿਆਖਿਆ ਲਈ ਤੁਹਾਨੂੰ ਜੰਗ ਦਾ ਕਦੇ ਕੋਈ ਉਤਰ ਨਹੀਂ ਦੇਵੇਗਾ। ਉਹ ਕਦੇ ਵੀ ਇੰਜ ਨਹੀਂ ਕਰੇਗਾ। ਅਤੇ ਜਦੋਂ ਰੀਚ ਨੇ (ਸਿਧਾਂਤ ਤੋਂ ਅਮਲ ਵਿਚ ਪ੍ਰਵੇਸ਼ ਕਰਨ ਲਈ) ਇਹ ਕਹਿ ਕੇ **ਪਰਾਵਦਾ** ਦਾ ਮਖੌਲ ਉਡਾਇਆ, "ਇਹ **ਪਰਾਵਦਾਵਾਦੀ** ਕੁਰਲੈਂਡ ਨੂੰ ਬਦੇਸ਼ੀ ਇਲਾਕਾ ਹਥਿਆਉਣ ਦਾ ਮਾਮਲਾ ਸਮਝਦੇ ਹਨ। ਤੁਸੀਂ ਅਜਿਹੇ ਲੋਕਾਂ ਨਾਲ ਗੱਲ ਕਿਵੇਂ ਕਰ ਸਕਦੇ ਹੋ !" ਤੇ ਅਸਾਂ ਜੁਆਬ ਦਿਤਾ ! "ਜਨਾਬ ਸਾਨੂੰ ਬਦੇਸ਼ੀ ਇਲਾਕੇ ਹਥਿਆਉਣ ਦੀ ਕੋਈ ਅਜਿਹੀ ਵਿਆਖਿਆ ਦਿਓ ਜੋ ਜਰਮਨੀ, ਅੰਗਰੇਜ਼ ਤੇ ਰੂਸੀਆ ਉਤੇ ਲਾਗੂ ਹੋ ਸਕੇ। ਅਤੇ ਅਸੀਂ ਇਹ ਵੀ ਆਖਾਂਗੇ ਕਿ ਜਾਂ ਤਾਂ ਤੁਸੀਂ ਇਸ ਮਸਲੇ ਨੂੰ ਅਖੋਂ ਓਹਲੇ ਕਰ ਦਿਓ ਜਾਂ ਫਿਰ ਅਸੀਂ ਐਨ ਮੌਕੇ ਤੇ ਨੰਗਾ ਕਰਾਂਗੇ।" ਰੀਚ ਨੇ ਚੁੱਪ ਸਾਧ ਲਈ। ਸਾਡਾ ਵਿਚਾਰ ਹੈ ਕਿ ਕਿਸੇ ਵੀ ਅਖ਼ਬਾਰ ਨੇ, ਚਾਹੇ ਉਹ ਆਮ ਰੂਪ ਵਿਚ ਅੰਧਰਾਸ਼ਟਰਵਾਦੀਆ ਦਾ ਹੋਵੇ, ਜੋ ਕੇਵਲ ਇਹੋ ਕਹਿੰਦੇ ਹਨ ਕਿ ਪਿਤਾ-ਭੂਮੀ ਦੀ ਹਰ ਹਾਲਤ ਵਿਚ ਰਾਖੀ ਕਰਨੀ ਚਾਹੀਦੀ ਹੈ, ਜਾ ਸੋਸ਼ਲ-ਅੰਧਰਾਸ਼ਟਰਵਾਦੀਆਂ ਦਾ ਹੋਵੇ ਬਦੇਸ਼ੀ ਇਲਾਕੇ ਹਥਿਆਉਣ ਬਾਰੇ ਕੋਈ ਵੀ ਅਜਿਹੀ ਵਿਆਖਿਆ ਨਹੀਂ ਦਿਤੀ ਜੋ ਜਰਮਨੀ ਅਤੇ ਰੂਸ ਦੋਹਾਂ ਨੂੰ ਕਲਾਵੇ ਆਉਂਦੀ ਹੋਵੇ, ਜੋ ਕਿਸੇ ਵੀ ਸਿਰੇ ਉਤੇ ਲਾਗੂ ਹੁੰਦੀ ਹੋਵੇ। ਇਹ ਇਸ ਸਾਧਾਰਨ ਕਾਰਨ ਕਰ ਕੇ ਨਹੀਂ ਕਰ ਸਕਦਾ ਕਿ ਇਹ ਜੰਗ ਬਦੇਸ਼ੀ ਇਲਾਕੇ ਹਥਿਆਉਣ ਦੀ ਨੀਤੀ ਦਾ ਹੀ ਜਾਰੀ ਰਹਿਣਾ ਹੈ, ਇਹ ਜੰਗ ਵਿਚ ਰੁੱਝੇ ਹੋਏ ਦੋਹਾਂ ਗਰੁੱਪਾਂ ਵਲੋਂ ਸਰਮਾਏਦਾਰੀ ਡਕੈਤੀ ਦੀ, ਦੂਜੇ ਇਲਾਕੇ ਜਿੱਤਣ ਦੀ, ਨੀਤੀ ਹੈ। ਨਿਰਸੰਦੇਹ, ਇਹ ਸੁਆਲ ਕਿ ਇਹਨਾਂ ਦੋਹਾਂ ਡਾਕੂਆਂ ਵਿਚੋਂ ਕਿਹੜਾ ਪਹਿਲਾਂ ਸੀ ਜਿਸ ਨੇ ਚਾਕੂ ਕਢਿਆ ਸਾਡੇ ਲਈ ਬਹੁਤ ਥੋੜ੍ਹੀ ਮਹੱਤਤਾ ਵਾਲਾ ਹੈ। ਇਹਨਾਂ ਦੋਹਾਂ ਗਰੁੱਪਾਂ ਵਲੋਂ ਪਿਛਲੇ ਦਹਾਕਿਆ ਵਿਚ ਸਮੁੰਦਰੀ ਅਤੇ ਫੌਜੀ ਖ਼ਰਚਿਆਂ ਦਾ ਇਤਿਹਾਸ ਤਾਂ ਵੇਖੋ, ਵੱਡੀ ਜੰਗ ਤੋਂ ਪਹਿਲਾਂ ਇਹਨਾਂ ਵਲੋਂ ਛੇੜੀਆਂ ਗਈਆਂ ਛੋਟੀਆਂ ਜੰਗਾਂ ਦਾ ਇਤਿਹਾਸ ਫ਼ਰੋਲੋ—"ਛੋਟੀਆਂ" ਇਸ ਲਈ ਕੁਝ ਕੁ ਯੂਰਪੀ ਲੋਕ ਇਹਨਾਂ ਜੰਗਾਂ ਵਿਚ ਮਰੇ ਜਦ ਕਿ ਕਬਜ਼ੇ ਵਿਚ ਲਈਆਂ ਕੌਮਾਂ ਦੇ ਲੱਖਾਂ ਲੋਕ ਇਹਨਾ ਜੰਗਾ ਵਿਚ ਮਰੇ, ਕੌਮਾਂ ਜੋ ਉਹਨਾਂ ਦੇ ਦ੍ਰਿਸ਼ਟੀਕੋਣ ਤੋਂ ਉੱਕਾ ਹੀ ਕੌਮਾਂ ਨਹੀਂ ਸਨ ਸਮਝੀਆਂ ਜਾ ਸਕਦੀਆਂ (ਤੁਸੀਂ ਉਹਨਾਂ ਏਸ਼ੀਆਈਆਂ ਅਤੇ ਅਫਰੀਕੀਆਂ ਨੂੰ ਕੌਮਾਂ ਨਹੀਂ ਆਖ ਸਕਦੇ !); ਇਹਨਾਂ ਕੌਮਾਂ ਦੇ ਵਿਰੁਧ ਲੜੀਆਂ ਗਈਆਂ ਜੰਗਾਂ ਬੇਹਥਿਆਰੇ ਲੋਕਾ ਦੇ ਵਿਰੁਧ ਜੰਗਾਂ ਸਨ, ਜਿਹਨਾਂ ਨੂੰ ਬਸ ਗੋਲੀਆਂ ਨਾਲ ਉਡਾ ਦਿਤਾ ਗਿਆ, ਮਸ਼ੀਨ ਗਨਾਂ ਨਾਲ ਭੁੰਨ ਦਿਤਾ ਗਿਆ। ਕੀ ਤੁਸੀਂ ਉਹਨਾਂ ਨੂੰ ਜੰਗਾਂ ਆਖ ਸਕਦੇ ਹੋ ? ਕਰੜਾਈ ਨਾਲ ਆਖਿਆਂ ਉਹ ਉੱਕਾ ਹੀ ਜੰਗਾਂ ਨਹੀਂ ਸਨ, ਅਤੇ ਤੁਸੀਂ ਉਹਨਾਂ ਬਾਰੇ ਭੁਲ ਸਕਦੇ ਸੀ।

ਇਹ ਹੈ, ਜਨਸਮੂਹਾਂ ਦੇ ਇਸ ਪਰਤੱਖ ਧੋਖੇ ਵਲ ਉਹਨਾਂ ਦਾ ਵਤੀਰਾ ।

ਵਰਤਮਾਨ ਜੰਗ ਬਦੇਸ਼ੀ ਇਲਾਕੇ ਜਿੱਤਣ ਦੀ, ਸਮੁੱਚੀਆਂ ਕੌਮੀਅਤਾਂ ਨੂੰ ਗੋਲੀਆਂ ਨਾਲ ਉਡਾਉਣ ਦੀ, ਜਰਮਨਾਂ ਤੇ ਅੰਗਰੇਜ਼ਾਂ ਵਲੋਂ ਅਫਰੀਕਾ ਵਿਚ, ਅਤੇ ਅੰਗਰੇਜ਼ਾਂ ਤੇ ਰੂਸੀਆਂ ਵਲੋਂ ਪਰਸ਼ੀਆ ਵਿਚ ਨਾ ਵਿਸ਼ਵਾਸ ਕਰਨ ਯੋਗ ਜਬਰ ਢਾਹੁਣ ਦੀ ਨੀਤੀ ਨੂੰ ਹੀ ਜਾਰੀ ਰਖਣਾ ਦਾ ਅਮਲ ਹੈ—ਇਹਨਾ ਵਿਚੋਂ ਕਿਸ ਨੇ ਬਹੁਤੇ ਜ਼ੁਲਮ ਢਾਹੇ ਇਹ ਕਹਿਣਾ ਔਖੀ ਗੱਲ ਹੈ। ਇਹੋ ਕਾਰਨ ਸੀ ਕਿ ਜਰਮਨ ਸਰਮਾਏਦਾਰਾਂ ਨੇ ਉਹਨਾ ਨੂੰ ਆਪਣੇ ਦੁਸ਼ਮਣਾ ਵਜੋਂ ਸਮਝਿਆ। ਆਹ, ਉਹਨਾਂ ਆਖਿਆ, ਤੁਸੀ ਤਾਕਤਵਰ ਹੋ ਕਿਉਂ ਜੋ ਤੁਸੀਂ ਅਮੀਰ ਹੋਂ; ਪਰ ਅਸੀ ਵਧੇਰੇ ਤਾਕਤਵਰ ਹਾਂ, ਸਾਨੂੰ ਵੀ ਲੁੱਟਣ ਦਾ "ਪਵਿੱਤਰ" ਅਧਿਕਾਰ ਪ੍ਰਾਪਤ ਹੈ। ਅੰਗਰੇਜ਼ ਤੇ ਜਰਮਨ ਵਿੱਤੀ ਸਰਮਾਏ ਦੀ ਕਈ ਦਹਾਕਿਆਂ ਦੇ ਸਮੇਂ ਦੌਰਾਨ ਇਹੋ ਨੀਤੀ ਹੈ ਜੋ ਜੰਗ ਦੇ ਤੁਲ ਹੈ। ਰੂਸੋ-ਜਰਮਨ, ਰੂਸੋ-ਅੰਗਰੇਜ਼ ਅਤੇ ਜਰਮਨ-ਅੰਗਰੇਜ ਸਬੰਧਾਂ ਦਾ ਇਹੋ ਇਤਿਹਾਸ ਹੈ। ਇਥੇ ਤੁਸੀ ਜੰਗ ਕਿਸ ਲਈ ਲੜੀ ਜਾ ਰਹੀ ਹੈ ਬਾਰੇ ਨਿਸ਼ਾਨੀ ਵੇਖੋਗੇ। ਇਸੇ ਲਈ ਜੰਗ ਦੇ ਕਾਰਨ ਬਾਰੇ ਜਿਹੜੀ ਕਹਾਣੀ ਪਰਚੱਲਤ ਹੈ, ਨਿਰੋਲ ਧੋਖਾ ਤੇ ਪਾਖੰਡ ਹੈ। ਵਿੱਤੀ ਸਰਮਾਏ ਦੇ ਇਤਿਹਾਸ ਨੂੰ ਭੁਲਦਿਆ, ਮੁੜ-ਵੰਡ ਦੇ ਮਸਲੇ ਉਤੇ ਇਹ ਜੰਗ ਕਿਵੇਂ ਰਿੱਝ ਰਹੀ ਸੀ, ਉਸ ਇਤਿਹਾਸ ਨੂੰ ਭੁਲਦਿਆ ਉਹ ਮਾਮਲੇ ਇਸ ਤਰ੍ਹਾਂ ਪੇਸ਼ ਕਰਦੇ ਹਨ : ਦੋ ਕੌਮਾਂ ਅਮਨ ਚੈਨ ਨਾਲ ਰਹਿ ਰਹੀਆ ਸਨ, ਫਿਰ ਇਕ ਨੇ ਦੂਜੀ ਤੇ ਹਮਲਾ ਕਰ ਦਿਤਾ ਤੇ ਦੂਜੀ ਨੇ ਅਗੋਂ ਉਸ ਦਾ ਮੋੜਵਾ ਉਤਰ ਦਿਤਾ। ਸਾਰਾ ਵਿਗਿਆਨ, ਸਾਰੇ ਬੈਂਕ ਭੁਲਾ ਦਿਤੇ ਗਏ ਹਨ ਤੇ ਲੋਕਾ ਨੂੰ ਹਥਿਆਰ ਚੁਕਣ ਲਈ ਆਖਿਆ ਗਿਆ ਹੈ, ਅਤੇ ਇਸੇ ਤਰ੍ਹਾਂ ਕਿਸਾਨਾਂ ਨੂੰ ਆਖਿਆ ਗਿਆ ਜਿਹਨਾ ਨੂੰ ਰਾਜਨੀਤੀ ਦਾ ਕੁਝ ਪਤਾ ਨਹੀ ਹੈ, ਉਹਨਾਂ ਨੇ ਕੇਵਲ ਇਹੋ ਕਰਨਾ ਹੈ ਕਿ ਹਮਲੇ ਦੇ ਵਿਰੁਧ ਲੜਨ। ਦਲੀਲਬਾਜ਼ੀ ਦੀ ਇਸ ਲਾਈਨ ਵਿਚੋਂ ਇਹੋ ਮੰਤਕੀ ਗੱਲ ਨਿਕਲੇਗੀ ਕਿ ਸਾਰੇ ਅਖਬਾਰ ਬੰਦ ਕਰ ਦਿਓ, ਸਾਰੀਆ ਪੁਸਤਕਾਂ ਸਾੜ ਦਿਓ ਅਤੇ ਪ੍ਰੈਸ ਵਿਚ ਹਥਿਆਏ ਬਦੇਸੀ ਇਲਾਕਿਆਂ ਦੇ ਹਵਾਲੇ ਦੇਣ ਤੇ ਪਾਬੰਦੀ ਲਾ ਦਿਓ। ਇਸ ਢੰਗ ਨਾਲ ਬਦੇਸ਼ੀ ਇਲਾਕੇ ਹਥਿਆਉਣ ਬਾਰੇ ਅਜਿਹੇ ਵਿਚਾਰ ਨੂੰ ਹੱਕੀ ਠਹਿਰਾਇਆ ਜਾ ਸਕੇਗਾ। ਫਿਰ ਹਥਿਆਏ ਬਦੇਸ਼ੀ ਇਲਾਕਿਆ ਬਾਰੇ ਸਚਾਈ ਨਹੀ ਦਸ ਸਕਦੇ ਕਿਉਂ ਜੋ ਰੂਸ, ਬਰਤਾਨੀਆਂ ਦਾ ਸਾਰਾ ਇਤਿਹਾਸ ਹਥਿਆਏ ਬਦੇਸ਼ੀ ਇਲਾਕਿਆ ਉਤੇ ਨਿਰੰਤਰ, ਬੇਕਿਰਕ ਤੇ ਲੋਟੂ ਜੰਗ ਦਾ ਇਤਿਹਾਸ ਰਿਹਾ ਹੈ। ਲਿਬਰਲਾ ਵਲੋਂ ਪ੍ਰਸ਼ੀਆ ਤੇ ਅਮਰੀਕਾ ਵਿਚ ਬੇਕਿਰਕ ਜੰਗਾਂ ਛੇੜੀਆਂ, ਜਿਹੜੇ ਲਿਬਰਲਾਂ ਨੇ ਭਾਰਤ ਵਿਚ ਰਾਜਨੀਤਕ ਵਿਰੋਧੀਆਂ ਨੂੰ ਬੈਂਤਾ ਨਾਲ ਮਾਰਿਆ ਕਿਉਂ ਜੋ ਉਹਨਾ ਨੇ ਉਹ ਮੰਗਾ ਪੇਸ਼ ਕਰਨ ਦੀ ਜੁਰਅਤ ਕੀਤੀ ਸੀ ਜਿਨ੍ਹਾਂ ਲਈ ਇਥੇ ਰੂਸ ਵਿਚ ਲੜਿਆ ਜਾ ਰਿਹਾ ਹੈ। ਫਰਾਂਸੀਸੀ ਬਸਤੀਵਾਦੀ ਫੌਜਾ ਨੇ ਵੀ ਕੌਮਾਂ ਦੇ ਉਤੇ ਜਬਰ ਕੀਤਾ। ਇਥੇ ਤੁਹਾਨੂੰ ਪੂਰਨ-ਇਤਿਹਾਸ ਬੇਮਿਸਾਲ ਲੁੱਟ ਦਾ ਇਤਿਹਾਸ ਮਿਲੇਗਾ। ਇਹਨਾਂ ਜਮਾਤਾਂ ਦੀ ਅਜਿਹੀ ਨੀਤੀ ਹੈ, ਵਰਤਮਾਨ ਜੰਗ ਇਸੇ ਨੀਤੀ ਵਿਚੋਂ ਨਿਕਲੀ ਹੈ। ਇਸੇ ਲਈ ਬਦੇਸ਼ੀ ਇਲਾਕੇ ਹਥਿਆਉਣ ਦੇ ਸੁਆਲ ਬਾਰੇ ਉਹ ਇਹ ਜੁਆਬ ਨਹੀਂ ਦੇ ਸਕਦੇ, ਜੋ ਅਸੀਂ ਦੇਂਦੇ ਹਾਂ। ਜਦੋਂ ਅਸੀ ਕਹਿੰਦੇ ਹਾਂ ਕਿ ਕੋਈ ਵੀ ਕੌਮ ਇਕ ਹੋਰ ਕੌਮ ਵਿਚ, ਇਸ ਦੀ ਬਹੁ-ਗਿਣਤੀ ਦੀ ਸਵੈ-ਇੱਛਤ ਹੋਣ ਨਾਲ ਨਹੀਂ ਸਗੋਂ ਉਹ ਬਾਦਸ਼ਾਹ ਜਾਂ ਸਰਕਾਰ ਦੇ ਫ਼ੈਸਲੇ ਨਾਲ ਮਿਲਦੀ ਹੈ, ਇਕ ਹਥਿਆਈ ਗਈ ਕੌਮ ਹੈ। ਹਥਿਆਉਣ ਨੂੰ ਤਿਆਗਣ ਦਾ ਅਰਥ ਹਰ ਕੌਮ ਨੂੰ ਇਕ ਵੱਖਰਾ ਰਾਜ ਬਣਾਉਣ ਦੀ ਜਾਂ ਜਿਹੜੀ ਵੀ ਯੂਨੀਅਨ ਉਹ ਚੁਣਦੀ ਹੈ ਉਸ ਵਿਚ ਰਹਿਣ

ਦਾ ਅਧਿਕਾਰ ਦੇਣਾ ਹੈ । ਇਸ ਤਰ੍ਹਾਂ ਜੁਆਬ ਹਰ ਉਸ ਮਜ਼ਦੂਰ ਨੂੰ ਸਪਸ਼ਟ ਹੈ ਜੋ ਜਮਾਤੀ ਤੌਰ ਤੇ ਸੁਚੇਤ ਹੈ ।

ਹਰ ਮਤੇ ਵਿਚ, ਜਿਨ੍ਹਾਂ ਵਿਚੋਂ ਦਰਜਨਾ ਪਾਸ ਕੀਤੇ ਗਏ ਹਨ ਅਤੇ ਡੇਮਲੀਆ ਵੋਲੀਆ ਜਿਹੇ ਅਖ਼ਬਾਰਾਂ ਵਿਚ. ਪ੍ਰਕਾਸ਼ਤ ਹੋਏ ਹਨ ਤੁਸੀਂ ਅਜਿਹਾ ਜੁਆਬ ਵੇਖੋਗੇ ਜੋ ਘਟੀਆ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ । ਅਸੀਂ ਦੂਜੀਆਂ ਕੌਮਾਂ ਉਤੇ ਉੱਚਤਮਤਾ ਲਈ ਜੰਗ ਨਹੀਂ ਚਾਹੁੰਦੇ ਹਾਂ, ਅਸੀਂ ਆਪਣੀ ਆਜ਼ਾਦੀ ਲਈ ਲੜ ਰਹੇ ਹਾਂ । ਇਹੋ ਗੱਲ ਸਾਰੇ ਮਜ਼ਦੂਰ ਤੇ ਕਿਸਾਨ ਕਹਿੰਦੇ ਹਨ, ਇਸ ਤਰਾਂ ਉਹ ਇਕ ਕਿਰਤੀ ਦਾ ਵਿਚਾਰ, ਜੰਗ ਸਬੰਧੀ ਉਸ ਦੀ ਸੂਝ ਬੂਝ ਪ੍ਰਗਟ ਕਰਦੇ ਹਨ । ਇਸ ਤੋਂ ਉਹਨਾ ਦਾ ਅਰਥ ਇਹ ਹੁੰਦਾ ਹੈ ਕਿ ਜੇ ਜੰਗ ਲੋਟੂਆ ਦੇ ਵਿਰੁੱਧ ਕਿਰਤੀ ਲੋਕਾਂ ਦੇ ਹਿੱਤਾਂ ਵਿਚ ਹੈ ਤਾ ਉਹਨਾ ਨੂੰ ਇਸ ਜੰਗ ਦੇ ਹੱਕ ਵਿਚ ਹੋਣਾ ਚਾਹੀਦਾ ਹੈ । ਇਸ ਤਰ੍ਹਾ ਸਾਨੂੰ ਵੀ ਹੋਣਾ ਚਾਹੀਦਾ ਹੈ ਅਤੇ ਇਥੇ ਇਕ ਵੀ ਇਨਕਲਾਬੀ ਪਾਰਟੀ ਨਹੀਂ ਹੈ ਜੋ ਇਸ ਦੇ ਵਿਰੁੱਧ ਹੋ ਸਕਦੀ ਹੈ । ਜਿਥੇ ਇਹ ਅਣਗਿਣਤ ਮਤੇ ਪੇਸ਼ ਕਰਨ ਵਾਲੇ ਗਲਤੀ ਕਰਦੇ ਹਨ, ਉਹ ਇਹ ਹੈ, ਜਦੋਂ ਇਹ ਸਮਝਦੇ ਹਨ ਕਿ ਜੰਗ ਉਹਨਾਂ ਵਲੋਂ ਲੜੀ ਜਾ ਰਹੀ ਹੈ । ਅਸੀਂ ਸਿਪਾਹੀ, ਅਸੀਂ ਮਜ਼ਦੂਰ, ਅਸੀਂ ਕਿਸਾਨ ਆਪਣੀ ਆਜ਼ਾਦੀ ਲਈ ਲੜ ਰਹੇ ਹਾਂ । ਮੈਂ ਉਹ ਸੁਆਲ ਨਹੀਂ ਭੁਲਾਂਗਾ ਜੋ ਉਹਨਾਂ ਵਿਚੋਂ ਇਕ ਨੇ ਮੀਟਿੰਗ ਦੇ ਮਗਰੋਂ ਮੈਨੂੰ ਪੁਛਿਆ ਸੀ : "ਤੁਸੀਂ ਹਰ ਸਮੇਂ ਸਰਮਾਏਦਾਰਾਂ ਦੇ ਵਿਰੁੱਧ ਕਿਉਂ ਬੋਲਦੇ ਹੋ ?" ਉਸ ਨੇ ਆਖਿਆ. "ਮੈਂ ਇਕ ਸਰਮਾਏਦਾਰ ਨਹੀਂ ਹਾਂ, ਕੀ ਮੈਂ ਹਾਂ ? ਅਸੀਂ ਮਜ਼ਦੂਰ ਹਾਂ, ਅਸੀਂ ਆਪਣੀ ਆਜ਼ਾਦੀ ਦੀ ਹਿਫਾਜ਼ਤ ਕਰ ਰਹੇ ਹਾਂ ।" ਤੁਸੀਂ ਗ਼ਲਤ ਹੋ, ਤੁਸੀਂ ਇਸ ਲਈ ਲੜ ਰਹੇ ਹੋ ਕਿਉਂ ਜੋ ਤੁਸੀਂ ਆਪਣੀ ਸਰਮਾਏਦਾਰ ਸਰਕਾਰ ਦਾ ਹੁਕਮ ਮੰਨ ਰਹੇ ਹੋ । ਲੋਕ ਨਹੀਂ, ਇਹ ਸਰਕਾਰਾਂ ਹਨ ਜਿਨ੍ਹਾਂ ਨੇ ਇਹ ਜੰਗ ਜਾਰੀ ਰਖੀ ਹੋਈ ਹੈ । ਮੈਨੂੰ ਇਕ ਮਜ਼ਦੂਰ ਤੇ ਕਿਸਾਨ ਤੇ ਹੈਰਾਨੀ ਨਹੀਂ ਹੁੰਦੀ ਜਿਸ ਨੂੰ ਆਪਣੀਆ ਨੀਤੀਆਂ ਬਾਰੇ ਸਮਝ ਨਹੀਂ ਹੈ । ਮੈਂ ਉਸ ਵਲੋਂ ਪਿਛਲਾ ਇਤਿਹਾਸ ਭੁੱਲ ਜਾਣ ਤੇ, ਅਤੇ ਸਿੱਧੜ ਢੰਗ ਨਾਲ ਇਹ ਕਹਿਣ ਉਤੇ ਹੈਰਾਨ ਨਹੀਂ ਹਾਂ : ਸਰਮਾਏਦਾਰਾਂ ਦੀ ਕੋਈ ਕੀ ਪਰਵਾਹ ਕਰਦਾ ਹੈ ਜਦੋਂ ਕਿ ਮੈਂ ਆਪ ਲੜ ਰਿਹਾ ਹਾਂ । ਉਹ ਜੰਗ ਤੇ ਸਰਕਾਰ ਵਿਚਲੇ ਸਬੰਧ ਨਹੀਂ ਸਮਝਦਾ, ਉਹ ਇਹ ਨਹੀਂ ਸਮਝਦਾ ਕਿ ਜੰਗ ਸਰਕਾਰ ਵਲੋਂ ਲੜੀ ਜਾ ਰਹੀ ਹੈ ਅਤੇ ਕਿ ਉਹ ਸਰਕਾਰ ਦੇ ਹੱਥਾਂ ਵਿਚ ਮਹਿਜ਼ ਇਕ ਹਥਿਆਰ ਹੈ । ਉਹ ਆਪਣੇ ਆਪ ਨੂੰ ਇਕ ਇਨਕਲਾਬੀ ਵਿਅਕਤੀ ਆਖ ਸਕਦਾ ਹੈ ਤੇ ਸ਼ਾਨਦਾਰ ਮਤੇ ਲਿਖ ਸਕਦਾ ਹੈ—ਰੂਸੀਆਂ ਲਈ ਇਸ ਦਾ ਅਰਥ ਖੁਸ਼ਕਿਸਮਤੀ ਹੈ, ਕਿਉਂ ਜੋ ਇਹ ਉਹਨਾਂ ਦੇ ਜੀਵਨ ਵਿਚ ਹੁਣੇ ਪਿਛੇ ਜਿਹੇ ਆਈ ਹੈ । ਆਰਜ਼ੀ ਸਰਕਾਰ ਵਲੋਂ ਇਕ "ਇਨਕਲਾਬੀ" ਬਿਆਨ ਹੁਣੇ ਪਿਛੇ ਜਿਹੇ ਵੇਖਣ ਵਿਚ ਆਇਆ ਹੈ । ਇਸ ਦਾ ਕੋਈ ਅਰਥ ਨਹੀਂ ਹੈ । ਹੋਰ ਕੌਮਾ ਨੇ, ਜੋ ਸਾਡੇ ਨਾਲੋਂ ਇਨਕਲਾਬੀ ਮੈਨੀਫੈਸਟੋ ਲਿਖਣ ਰਾਹੀਂ ਜਨਸਮੂਹ ਨੂੰ ਧੋਖਾ ਦੇਣ ਦੀ ਸਰਮਾਏਦਾਰ ਕਲਾ ਵਿਚ ਸਾਡੇ ਨਾਲੋਂ ਤਜਰਬੇਕਾਰ ਹਨ, ਬਹੁਤ ਸਮਾ ਪਹਿਲਾਂ ਇਸ ਪੱਖੋਂ ਸੰਸਾਰ ਦੇ ਸਾਰੇ ਰਿਕਾਰਡ ਤੋੜ ਦਿਤੇ ਹਨ । ਜੇ ਤੁਸੀਂ ਫਰਾਂਸੀਸੀ ਰੀਪਬਲਿਕ ਦਾ, ਕਿਉਂ ਜੋ ਇਹ ਜ਼ਾਰਸ਼ਾਹੀ ਦੀ ਹਮਾਇਤ ਵਿਚ ਰੀਪਬਲਿਕ ਬਣੀ ਸੀ, ਪਾਰਲੀਮੈਂਟਰੀ ਇਤਿਹਾਸ ਵੇਖੋ ਤਾ ਤੁਸੀਂ ਇਸ ਇਤਿਹਾਸ ਦੇ ਦਹਾਕਿਆ ਦੌਰਾਨ ਦਰਜਨਾ ਉਦਾਹਰਣਾਂ ਲਭੋਗੇ ਜਦੋਂ ਸ਼ਾਨਦਾਰ ਸ਼ਬਦਾਵਲੀ ਨਾਲ ਭਰਪੂਰ ਪਰਮਾਣ-ਪੱਤਰਾਂ ਨੇ ਬਹੁਤ ਹੀ ਘਿਰਣਤ ਬਸਤੀਵਾਦੀ ਤੇ ਵਿੱਤੀ ਲੁੱਟ ਖੋਹਾ ਦੀ ਨੀਤੀ ਉਤੇ ਪਰਦਾ ਪਾਉਣ ਦਾ ਕੰਮ ਕੀਤਾ । ਫਰਾਂਸ ਵਿਚ ਤੀਜੀ

ਰੀਪਬਲਿਕ ਦਾ ਸਾਰਾ ਇਤਿਹਾਸ ਇਸ ਲੁੱਟ-ਚੋਂਘਾਂ ਦਾ ਇਤਿਹਾਸ ਹੈ। ਵਰਤਮਾਨ ਜੰਗ ਦੇ ਅਜਿਹੇ ਸੋਮੇ ਹਨ। ਇਹ ਸਰਮਾਏਦਾਰਾਂ ਵਲੋਂ ਕਿਸੇ ਮੰਦਭਾਵਨਾ ਦਾ ਜਾਂ ਕਿਸੇ ਪਾਤਸ਼ਾਹ ਦੀ ਗ਼ਲਤ ਨੀਤੀ ਦਾ ਸਿੱਟਾ ਨਹੀਂ ਹੈ। ਇੰਜ ਸੋਚਣਾ ਗ਼ਲਤ ਹੋਵੇਗਾ। ਨਹੀਂ, ਇਹ ਜੰਗ ਪਸਾਰ-ਸਰਮਾਏਦਾਰੀ, ਵਿਸ਼ੇਸ਼ ਤੌਰ ਤੇ ਬੈਂਕਿੰਗ ਸਰਮਾਏ ਦਾ ਅਟੱਲ ਨਤੀਜਾ ਹੈ ਜਿਸ ਦਾ ਸਿੱਟਾ ਬਰਲਿਨ ਵਿਚ ਲਗਪਗ ਚਾਰ ਬੈਂਕਾਂ ਦਾ ਅਤੇ ਲੰਡਨ ਵਿਚ ਪੰਜ ਜਾਂ ਛੇ ਬੈਂਕਾਂ ਦਾ ਸਾਰੇ ਸੰਸਾਰ ਉਤੇ ਕਾਬੂ ਹੋਣ ਵਿਚ, ਸੰਸਾਰ ਦੇ ਬੈਂਕਾਂ ਨੂੰ ਹਥਿਆਉਣ ਵਿਚ, ਹਥਿਆਰਬੰਦ ਤਾਕਤ ਰਾਹੀਂ ਉਹਨਾਂ ਦੀ ਵਿੱਤੀ ਨੀਤੀ ਨੂੰ ਮਜ਼ਬੂਤ ਬਣਾਉਣ ਵਿਚ ਅਤੇ ਅੰਤ ਵਿਚ ਇਕ ਵਹਿਸ਼ੀ ਹਥਿਆਰਬੰਦ ਟੱਕਰ ਵਿਚ ਲੜਨ ਵਿਚ ਨਿਕਲਿਆ ਹੈ ਕਿਉਂ ਜੋ ਬਦੇਸ਼ੀ ਇਲਾਕੇ ਜਿੱਤਣ ਦੇ ਮਾਮਲੇ ਵਿਚ ਆਪਣੇ ਸੁਤੰਤਰ ਰੱਸੇ ਦੇ ਸਿਰੇ ਤੇ ਪੁੱਜ ਗਏ ਸਨ। ਇਕ ਜਾਂ ਦੂਜੀ ਧਿਰ ਨੂੰ ਆਪਣੀਆਂ ਬਸਤੀਆਂ ਤਿਆਗਣੀਆਂ ਪੈਣੀਆਂ ਸਨ। ਸਰਮਾਏਦਾਰਾਂ ਦੇ ਇਸ ਸੰਸਾਰ ਵਿਚ ਅਜਿਹੇ ਸੁਆਲ ਸਵੈ-ਇੱਛਾ ਨਾਲ ਹੱਲ ਨਹੀਂ ਕੀਤੇ ਜਾਂਦੇ। ਇਹ ਮਸਲਾ ਕੇਵਲ ਜੰਗ ਰਾਹੀਂ ਹੀ ਹੱਲ ਕੀਤਾ ਜਾ ਸਕਦਾ ਸੀ। ਇਸ ਲਈ ਇਕ ਜਾਂ ਦੂਜੇ ਤਾਜਦਾਰ ਲੁਟੇਰੇ ਉਤੇ ਇਲਜ਼ਾਮ ਲਾਉਣਾ ਮੂਰਖਤਾ ਹੈ। ਇਹ ਸਾਰੇ ਤਾਜਦਾਰ ਲੁਟੇਰੇ ਇਕੋ ਹਨ। ਇਸੇ ਲਈ ਇਕ ਜਾਂ ਦੂਜੇ ਦੇਸ਼ ਦੇ ਸਰਮਾਏਦਾਰਾਂ ਤੇ ਇਲਜਾਮ ਲਾਉਣਾ ਉਸੇ ਤਰ੍ਹਾਂ ਦੀ ਮੂਰਖਤਾ ਹੈ। ਇਹਨਾਂ ਸਾਰਿਆਂ ਉਤੇ ਅਜਿਹਾ ਪਰਬੰਧ ਲਾਗੂ ਕਰਨ ਲਈ ਇਲਜ਼ਾਮ ਲਾਉਣਾ ਚਾਹੀਦਾ ਹੈ। ਪਰ ਇਹ ਸਭ ਕੁਝ ਕਾਨੂੰਨ ਦੇ ਅਨੁਸਾਰ ਕੀਤਾ ਗਿਆ ਹੈ, ਜਿਸ ਕਾਨੂੰਨ ਦੀ ਇਕ ਸੱਭਿਅ ਰਾਜ ਦੀਆਂ ਸਾਰੀਆਂ ਸ਼ਕਤੀਆਂ ਹਿਫ਼ਾਜ਼ਤ ਕਰਦੀਆਂ ਹਨ। "ਮੈਂ ਆਪਣੇ ਅਧਿਕਾਰਾਂ ਦੇ ਪੂਰੀ ਤਰ੍ਹਾਂ ਅੰਦਰ ਵਿਚਰ ਰਿਹਾ ਹਾਂ, ਮੈਂ ਹਿੱਸਿਆਂ ਦਾ ਖ਼ਰੀਦਦਾਰ ਹਾਂ। ਸਾਰੀਆਂ ਅਦਾਲਤਾ, ਸਾਰੀ ਪੁਲਸ, ਸਾਰੀ ਸਟੈਂਡਿੰਗ ਫ਼ੌਜ ਅਤੇ ਸੰਸਾਰ ਵਿਚਲੀਆਂ ਸਾਰੀਆ ਜਲ-ਸੈਨਾਵਾ ਇਹਨਾ ਹਿੱਸਿਆਂ ਪ੍ਰਤੀ ਮੇਰੇ ਪਵਿੱਤਰ ਅਧਿਕਾਰ ਦੀ ਰਾਖੀ ਕਰ ਰਹੇ ਹਨ।" ਸਥਾਪਤ ਕੀਤੇ ਗਏ ਬੈਂਕਾਂ ਲਈ ਇਲਜ਼ਾਮ ਕਿਸ ਉਤੇ ਲਾਇਆ ਜਾਵੇ ਜੋ ਖਰਬਾਂ ਰੂਬਲਾਂ ਦੇ ਮਾਲਕ ਹਨ, ਇਹਨਾਂ ਬੈਂਕਾਂ ਨੇ ਸਾਰੇ ਸੰਸਾਰ ਉਤੇ ਲੁੱਟ ਚੋਂਘਾਂ ਦੇ ਜਾਲ ਫੈਲਾਏ ਹੋਏ ਹਨ ਉਸ ਲਈ ਅਤੇ ਘਾਤਕ ਟੱਕਰ ਵਿਚ ਉਹਨਾ ਦੇ ਉਲਟਾਉਣ ਲਈ ਕਿਸ ਤੇ ਇਲਜਾਮ ਲਾਇਆ ਜਾਵੇ? ਜੇ ਤੁਸੀਂ ਲਭ ਸਕਦੇ ਹੋ ਤਾਂ ਦੋਸ਼ੀ ਨੂੰ ਲੱਭੋ! ਇਹ ਇਲਜਾਮ ਅੱਧੀ ਸਦੀ ਦੇ ਸਰਮਾਏਦਾਰ ਵਿਕਾਸ ਉਤੇ ਆਉਂਦਾ ਹੈ ਅਤੇ ਇਸ ਤੋਂ ਬਚਣ ਦਾ ਇਕੋ ਇਕ ਤਰੀਕਾ ਸਰਮਾਏਦਾਰਾਂ ਦੇ ਰਾਜ ਨੂੰ ਉਲਟਾਉਣ ਅਤੇ ਮਜ਼ਦੂਰਾਂ ਦਾ ਇਨਕਲਾਬ ਲਿਆਉਣ ਵਿਚ ਸਥਿਤ ਹੈ। ਇਹ ਉਹ ਜੁਆਬ ਹੈ ਜਿਸ ਉਤੇ ਸਾਡੀ ਪਾਰਟੀ ਜੰਗ ਬਾਰੇ ਇਕ ਨਿਰੀਖਣ ਮਗਰੋਂ ਪੁਜੀ ਹੈ ਅਤੇ ਇਸੇ ਲਈ ਅਸੀਂ ਕਹਿੰਦੇ ਹਾਂ: ਬਦੇਸ਼ੀ ਇਲਾਕੇ ਹਥਿ-ਆਉਣ ਦਾ ਇਤਨਾ ਸਾਦਾ ਸੁਆਲ ਇਤਨਾ ਉਲਝਾ ਦਿਤਾ ਗਿਆ ਹੈ ਅਤੇ ਬੁਰਜੂਆ ਪਾਰਟੀਆਂ ਦੇ ਬੁਲਾਰਿਆਂ ਨੇ ਇਤਨੇ ਝੂਠ ਬੋਲੇ ਹਨ ਕਿ ਉਹ ਇਹ ਸਿੱਟਾ ਕੱਢਣ ਦੇ ਯੋਗ ਹਨ ਕਿ ਕੁਰਲੈਂਡ ਉਤੇ ਰੂਸ ਨੇ ਕਬਜ਼ਾ ਨਹੀਂ ਕੀਤਾ। ਉਹਨਾਂ ਨੇ ਕੁਰਲੈਂਡ ਤੇ ਪੋਲੈਂਡ ਆਪੋ ਵਿਚ ਵੰਡ ਲਏ ਹਨ, ਉਹਨਾ ਤਿੰਨ ਤਾਜਦਾਰ ਲੁਟੇਰਿਆਂ ਨੇ। ਉਹ ਇਹ ਕੰਮ ਸੈਂਆਂ ਵਰ੍ਹਿਆਂ ਤੋਂ ਕਰਦੇ ਆ ਰਹੇ ਹਨ, ਜੀਉਂਦੇ ਮਾਸ ਨੂੰ ਟੁਕ ਟੁਕ ਖਾਂਦੇ ਆ ਰਹੇ ਹਨ ਅਤੇ ਰੂਸੀ ਲੁਟੇਰੇ ਨੇ ਬਹੁਤਾ ਇਸ ਲਈ ਨੋਚ ਲਿਆ ਹੈ ਕਿਉਂ ਜੋ ਉਹ ਉਸ ਸਮੇਂ ਸਭ ਤੋਂ ਵਧ ਤਕੜਾ ਸੀ ਅਤੇ ਹੁਣ ਕਿਉਂ ਜੋ ਨੌਜਵਾਨ ਸ਼ਿਕਾਰੀ ਜਾਨਵਰ ਜਰਮਨੀ, ਜੋ ਉਸ ਸਮੇਂ ਮਾਸ ਨੋਚਣ ਵਿਚ ਭਾਈਵਾਲ ਸੀ, ਇਕ ਵਧੇਰੇ ਸ਼ਕਤੀਸ਼ਾਲੀ ਸਰਮਾਏਦਾਰ ਤਾਕਤ ਵਿਚ ਬਣ ਗਿਆ ਹੈ, ਉਹ ਮੁੜ ਵੰਡ

ਕਰਨ ਦੀ ਮੰਗ ਕਰਦਾ ਹੈ। ਕੀ ਤੁਸੀਂ ਚੀਜ਼ਾਂ ਉਸੇ ਤਰ੍ਹਾਂ ਰਖਣੀਆਂ ਚਾਹੁੰਦੇ ਹੋ ਜਿਹੋ ਜਿਹੀਆਂ ਪਹਿਲਾਂ ਸਨ ? ਉਹ ਕਹਿੰਦਾ ਹੈ ਤੁਸੀਂ ਸਮਝਦੇ ਹੋ ਤੁਸੀਂ ਤਾਕਤਵਰ ਹੋ ? ਆਓ, ਫੈਸਲਾ ਕਰ ਲਈਏ।

ਜੰਗ ਦਾ ਇਹੋ ਕਾਰਨ ਹੈ। ਨਿਰਸੰਦੇਹ, ਇਹ ਚੁਨੌਤੀ "ਆਓ; ਫੈਸਲਾ ਕਰ ਲਈਏ" ਲੁੱਟ ਚੋਂਘ ਦਾ ਇਕ ਦਹਾਕਾ ਪਹਿਲਾਂ ਦੀ ਨੀਤੀ ਦਾ ਵੱਡੇ ਦੀ ਨੀਤੀ ਦਾ ਮਹਿਜ਼ ਪਰਗਟਾਵਾ ਹੈ। ਇਸ ਲਈ ਸਾਡੇ ਤੋਂ ਬਿਨਾਂ ਹੋਰ ਕੋਈ ਨਹੀਂ ਜੋ ਵਿਦੇਸ਼ੀ ਇਲਾਕੇ ਹਥਿਆਉਣ ਬਾਰੇ ਸਚਾਈ ਦਸੇ, ਇਹ ਸਧਾਰਨ ਸੱਚ ਜੋ ਹਰ ਮਜ਼ਦੂਰ ਤੇ ਕਿਸਾਨ ਸਮਝ ਜਾਵੇਗਾ। ਇਸੇ ਲਈ ਸੰਧੀਆਂ ਦਾ ਸੁਆਲ, ਇਤਨਾ ਸਧਾਰਨ ਸੁਆਲ ਸਾਰੇ ਪ੍ਰੈਸ ਵਲੋਂ ਜਾਣ ਬੁਝ ਕੇ ਤੇ ਸ਼ਰਮਨਾਕ ਢੰਗ ਨਾਲ ਉਲਝਾਇਆ ਜਾ ਰਿਹਾ ਹੈ। ਤੁਸੀਂ ਕਹਿੰਦੇ ਹੋ ਕਿ ਸਾਡੇ ਕੋਲ ਇਨਕਲਾਬੀ ਸਰਕਾਰ ਹੈ, ਕਿ ਸਰਕਾਰ ਵਿਚ ਅਜਿਹੇ ਮੰਤਰੀ ਹਨ ਚੰਗੀ ਤਰ੍ਹਾਂ ਜਾਣੇ ਜਾਂਦੇ ਸੋਸ਼ਲਿਸਟ ਹਨ—ਨਰੋਦਨਿਕ ਤੇ ਮੈਨਸ਼ਵਿਕ। ਪਰ ਜਦੋਂ ਉਹ ਵਿਦੇਸ਼ੀ ਇਲਾਕੇ ਹਥਿਆਉਣ ਤੋਂ ਬਿਨਾਂ ਅਮਨ ਦਾ ਇਸ ਸ਼ਰਤ ਨਾਲ ਐਲਾਨ ਕਰਦੇ ਹਨ ਕਿ ਇਹ ਬੋਲਾ ਸਪੱਸ਼ਟ ਨਹੀਂ ਹੈ (ਕਿਉਂ ਜੋ ਇਸ ਦਾ ਅਰਥ ਜਰਮਨਾਂ ਵਲੋਂ ਹਥਿਆਏ ਵਿਦੇਸ਼ੀ ਇਲਾਕੇ ਵਾਪਸ ਲੈ ਲੈਣਾ ਅਤੇ ਅਪਣੇ ਕੋਲ ਰਖਣਾ ਹੈ) ਤਾਂ ਅਸੀਂ ਕਹਿੰਦੇ ਹਾਂ ਤੁਹਾਡੀ ਇਨਕਲਾਬੀ ਕੇਬਨਿਟ ਦਾ, ਤੁਹਾਡੇ ਐਲਾਨਾਂ ਦਾ, ਤੁਹਾਡੇ ਬਿਆਨਾਂ ਦਾ ਕਿ ਅਸੀਂ ਹੋਰਾਂ ਦੇ ਇਲਾਕੇ ਜਿੱਤਣ ਦੀ ਜੰਗ ਦੇ ਹਕ ਵਿਚ ਨਹੀਂ ਹਾਂ, ਕੀ ਮੁੱਲ ਹੈ ਜੇ ਤੁਸੀਂ ਉਸੇ ਸਮੇਂ ਫੌਜਾਂ ਨੂੰ ਹਮਲਾ ਕਰਨ ਲਈ ਕਹਿੰਦੇ ਹੋ ? ਕੀ ਤੁਸੀਂ ਨਹੀਂ ਜਾਣਦੇ ਕਿ ਸਾਡੇ ਕੋਲ ਸੰਧੀਆਂ ਹਨ, ਅਤੇ ਇਹ ਸੰਧੀਆਂ ਖੂਨੀ ਨਿਕੋਲਸ ਨੇ ਬਹੁਤ ਹੀ ਲੋਟੂ ਢੰਗ ਨਾਲ ਕੀਤੀਆਂ ਸਨ ? ਕੀ ਤੁਸੀਂ ਇਹ ਨਹੀਂ ਜਾਣਦੇ ? ਮਜ਼ਦੂਰਾਂ ਜਾਂ ਕਿਸਾਨਾਂ ਲਈ ਇਹਨਾਂ ਬਾਰੇ ਨਾ ਜਾਣਨਾ ਖਿਮਾ ਯੋਗ ਹੈ। ਉਹਨਾਂ ਨੇ ਲੁਟਮਾਰ ਨਹੀਂ ਸੀ ਕੀਤੀ, ਉਹਨਾਂ ਚਤੁਰ ਕਿਤਾਬਾਂ ਨਹੀਂ ਪੜ੍ਹੀਆਂ। ਪਰ ਜਦੋਂ ਪੜ੍ਹੇ-ਲਿਖੇ ਕੇਡਿਟ ਇਸ ਸਰਕਾਰ ਦਾ ਗੰਦ-ਮੰਦ ਪਰਚਾਰਦੇ ਹਨ ਉਹ ਚੰਗੀ ਤਰ੍ਹਾਂ ਇਹ ਜਾਣਦੇ ਹਨ ਕਿ ਇਹ ਸੰਧੀਆਂ ਕਿਸ ਸਬੰਧੀ ਹਨ। ਭਾਵੇਂ ਇਹ ਗੁਪਤ "ਸੰਧੀਆਂ" ਹਨ, ਸਾਰੇ ਦੇਸ਼ਾਂ ਵਿਚ ਕੂਟਨੀਤਕ ਪ੍ਰੈਸ ਇਹਨਾਂ ਬਾਰੇ ਗੱਲ ਕਰਦਾ ਹੈ, ਕਹਿੰਦਾ ਹੈ "ਤੂੰ ਸਟਰੇਟਸ ਪ੍ਰਾਪਤ ਕਰੇਂਗਾ, ਤੂੰ ਆਰਮੀਨੀਆ ਲਵੇਂਗਾ, ਤੂੰ ਗਾਲੀਸ਼ੀਆ ਲਏਂਗਾ, ਤੂੰ ਅਲਸਾਸੇ-ਲੋਰੇਨ ਪ੍ਰਾਪਤ ਕਰੇਂਗਾ, ਤੂੰ ਟਰੀਸਟੇ ਲਵੇਂਗਾ ਅਤੇ ਤੂੰ ਪਰਸ਼ੀਆ ਦੇ ਅੰਤਮ ਟੁਕੜੇ ਕਰੇਂਗਾ।" ਜਰਮਨ ਸਰਮਾਏਦਾਰ ਕਹਿੰਦਾ ਹੈ : "ਮੈਂ ਮਿਸਰ ਤੇ ਕਬਜ਼ਾ ਕਰਾਂਗਾ, ਅਤੇ ਜੇ ਉਨ੍ਹਾਂ ਸਾਰੀਆ ਬਸਤੀਆਂ ਲੁੱਟ ਸਮੇਤ ਮੈਨੂੰ ਵਾਪਸ ਨਾ ਕੀਤੀਆਂ ਤਾਂ ਮੈਂ ਯੂਰਪੀ ਕੌਮਾਂ ਨੂੰ ਆਪਣੇ ਅਧੀਨ ਕਰ ਲਵਾਂਗਾ।" ਹਿੱਸੇ ਅਜਿਹੀ ਚੀਜ਼ ਹਨ ਜੋ ਲੁੱਟ ਤੋਂ ਬਿਨਾਂ ਹੁੰਦੇ ਹੀ ਨਹੀਂ। ਇਸੇ ਲਈ ਸੰਧੀਆਂ ਦਾ ਸੁਆਲ, ਜੋ ਆਪਣੇ ਆਪ ਇਕ ਸਾਦਾ ਤੇ ਸਪੱਸ਼ਟ ਸੁਆਲ ਹੈ ਜਿਸ ਚਿੱਟੇ ਨੰਗੇ ਝੂਠਾਂ ਦਾ ਤੂਫਾਨ ਲੈ ਆਂਦਾ ਹੈ ਜੋ ਸਾਰੇ ਸਰਮਾਏਦਾਰ ਅਖਬਾਰਾਂ ਦੇ ਉਤੇ ਵਿਖਾਈ ਦੇ ਰਹੇ ਹਨ।

ਅਜ ਦਾ ਅਖ਼ਬਾਰ ਦੀਏਨ ਲਵੋ। ਵੋਦੋਵੋਜ਼ੋਵ, ਜੋ ਬਾਲਸ਼ਵਿਜ਼ਮ ਬਾਰੇ ਬਿਲਕੁਲ ਮਾਸੂਮ ਹੈ, ਪਰ ਜੋ ਇਕ ਈਮਾਨਦਾਰ ਡੇਮੋਕਰੇਟ ਹੈ, ਇਸ ਵਿਚ ਲਿਖਦਾ ਹੈ : ਮੈਂ ਗੁਪਤ ਸੰਧੀਆਂ ਦੇ ਵਿਰੁਧ ਹਾਂ, ਰੁਮਾਨੀਆ ਨਾਲ ਸੰਧੀ ਬਾਰੇ ਮੇਰੀ ਇਹੋ ਰਾਏ ਹੈ। ਰੁਮਾਨੀਆਂ ਨਾਲ ਗੁਪਤ ਸੰਧੀ ਹੈ ਅਤੇ ਇਹ ਕਹਿੰਦੀ ਹੈ ਕਿ ਰੁਮਾਨੀਆਂ ਕਈ ਬਦੇਸ਼ੀ ਲੋਕਾਂ ਨੂੰ ਲਵੇਗਾ ਜੇ ਉਹ ਇਤਿਹਾਦੀਆਂ ਦੇ ਵਲੋਂ ਲੜਦਾ ਹੈ। ਹੋਰ ਸੰਧੀਆਂ; ਜੋ ਇਤਿਹਾਦੀਆਂ ਨੇ ਕੀਤੀਆਂ ਹੋਈਆਂ ਹਨ, ਇਸੇ ਤਰ੍ਹਾਂ

ਚੀਆਂ ਹਨ। ਉਹਨਾਂ ਨੇ ਕੌਮਾਂ ਨੂੰ ਆਪਣੇ ਅਧੀਨ ਕਰਨਾ ਸ਼ੁਰੂ ਨਾ ਕੀਤਾ ਹੁੰਦਾ ਜੇ ਉਹਨਾਂ ਨੇ ਇਹ ਸੰਧੀਆਂ ਨਾ ਕੀਤੀਆਂ ਹੁੰਦੀਆਂ। ਉਹਨਾਂ ਦੇ ਤੱਤਾਂ ਬਾਰੇ ਜਾਨਣ ਲਈ ਤੁਹਾਨੂੰ ਵਿਸ਼ੇਸ਼ ਰਸਾਲਿਆਂ ਦੀ ਖੋਜ ਕਰਨ ਦੀ ਲੋੜ ਨਹੀਂ। ਆਰਥਕ ਅਤੇ ਕੂਟਨੀਤਕ ਇਤਿਹਾਸ ਦੇ ਬੁਨਿਆਦੀ ਤੱਥਾਂ ਨੂੰ ਹੀ ਚੇਤੇ ਕਰਨਾ ਕਾਫੀ ਹੈ। ਦਹਾਕਿਆਂ ਤਕ ਆਸਟਰੀਆ ਬਲਕਾਨਾਂ ਨੂੰ ਆਪਣੇ ਅਧੀਨ ਕਰਨ ਲਈ ਯਤਨ ਕਰਦਾ ਰਿਹਾ ਹੈ। ਅਜੇ ਜੇ ਉਹ ਟਕਰਾਏ ਹਨ ਤਾਂ ਇਸ ਲਈ ਕਿਉਂ ਜੋ ਉਹ ਟਕਰਾਏ ਬਿਨਾਂ ਰਹਿ ਨਹੀਂ ਸਨ ਸਕਦੇ। ਇਸੇ ਲਈ ਜਦੋਂ ਜਨਸਮੂਹ ਮੰਗ ਕਰਦੇ ਹਨ ਕਿ ਇਹ ਸੰਧੀਆਂ ਪ੍ਰਕਾਸ਼ਤ ਹੋਣੀਆਂ ਚਾਹੀਦੀਆਂ ਹਨ, ਜਿਹੜੀ ਮੰਗ ਆਏ ਦਿਨ ਨਿਰੰਤਰ ਵਧ ਰਹੀ ਹੈ, ਤਾਂ ਸਾਬਕ ਮੰਤਰੀ ਮਿਲਿਯੂਕੋਵ ਅਤੇ ਵਰਤਮਾਨ ਮੰਤਰੀ ਤੇਰੇਸ਼ਚੇਨਕੋ (ਇਕ ਸੋਸ਼ਲਿਸਟਾਂ ਤੋਂ ਬਿਨਾਂ ਸਰਕਾਰ ਵਿਚ ਅਤੇ ਦੂਜਾ ਕਈ ਲਗਪਗ-ਸੋਸਲਿਸਟ ਵਜ਼ੀਰਾਂ ਵਾਲੀ ਸਰਕਾਰ ਵਿਚ) ਐਲਾਨ ਕਰਦੇ ਹਨ ਕਿ ਸੰਧੀਆਂ ਨੂੰ ਪ੍ਰਕਾਸ਼ਤ ਕਰਨ ਦਾ ਅਰਥ ਇਤਿਹਾਸ ਦੀਆਂ ਨਾਲੋਂ ਤੋੜ-ਵਿਛੋੜਾ ਕਰਨਾ ਹੋਵੇਗਾ।

ਪ੍ਰਤੱਖ ਤੌਰ ਤੇ ਤੁਸੀਂ ਸੰਧੀਆਂ ਪ੍ਰਕਾਸ਼ਤ ਨਹੀਂ ਕਰ ਸਕਦੇ, ਕਿਉਂ ਜੋ ਤੁਸੀਂ ਚਾਰੇ ਲੁਟੇਰਿਆਂ ਦੀ ਉਸੇ ਜੁੰਡਲੀ ਵਿਚ ਸਾਮਲ ਹੋ, ਅਸੀਂ ਮਿਲਿਯੂਕੋਵ ਅਤੇ ਤੇਰੇਸਚੇਨਕੋ ਨਾਲ ਸਹਿਮਤ ਹਾਂ ਕਿ ਸੰਧੀਆਂ ਪ੍ਰਕਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਇਸ ਤੋਂ ਵੱਖ ਵੱਖ ਸਿੱਟੇ ਕੱਢੇ ਜਾ ਸਕਦੇ ਹਨ। ਜੇ ਅਸੀਂ ਮਿਲਿਯੂਕੋਵ ਤੇ ਤੇਰੇਸੇਚੇਨਕੋ ਨਾਲ ਸਹਿਮਤ ਹੋਈਏ ਕਿ ਸੰਧੀਆਂ ਪ੍ਰਕਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ ਤਾਂ ਇਸ ਪਿਛੇ ਕਿਹੜੀ ਗੱਲ ਕੰਮ ਕਰਦੀ ਹੈ? ਜੇ ਸੰਧੀਆਂ ਪ੍ਰਕਾਸਤ ਨਹੀਂ ਕੀਤੀਆ ਜਾ ਸਕਦੀਆਂ ਤਾਂ ਅਸੀਂ ਸਰਮਾਏਦਾਰ ਵਜ਼ੀਰਾਂ ਦੀ ਜੰਗ ਜਾਰੀ ਰਖਣ ਵਿਚ ਮੱਦਦ ਕਰ ਰਹੇ ਹੋਵਾਂਗੇ। ਦੂਜਾ ਸਿੱਟਾ ਇਹ ਨਿਕਲਦਾ ਹੈ: ਕਿਉਂ ਜੋ ਸਰਮਾਏਦਾਰ ਆਪ ਸੰਧੀਆਂ ਪ੍ਰਕਾਸ਼ਤ ਨਹੀਂ ਕਰ ਸਕਦੇ ਤਾ ਸਰਮਾਏਦਾਰਾਂ ਨੂੰ ਉਲਟਾ ਦੇਣਾ ਚਾਹੀਦਾ ਹੈ। ਇਹਨਾਂ ਦੋਹਾਂ ਵਿਚੋਂ ਤੁਸੀਂ ਕਿਹੜਾ ਸਿੱਟਾ ਸਹੀ ਸਮਝਦੇ ਹੋ? ਮੈਂ ਇਹ ਨਿਰਣਾ ਤੁਹਾਡੇ ਉਤੇ ਛੱਡਦਾ ਹਾਂ, ਪਰ ਯਕੀਨੀ ਤੌਰ ਤੇ ਸੰਧੀਆਂ ਉਤੇ ਵਿਚਾਰ ਕਰੋ। ਜੇ ਅਸੀਂ ਨਰੋਦਨਿਕ ਅਤੇ ਮੈਨਸਵਿਕ ਵਜ਼ੀਰਾਂ ਦੇ ਤਰੀਕੇ ਵਾਂਗ ਸੋਚੀਏ ਤਾ ਅਸੀਂ ਇਸ ਸਿੱਟੇ ਉਤੇ ਪੁਜਦੇ ਹਾਂ: ਜੇ ਇਕ ਵਾਰ ਸਰਕਾਰ ਕਹਿੰਦੀ ਹੈ ਕਿ ਸੰਧੀਆਂ ਪ੍ਰਕਾਸ਼ਤ ਨਹੀਂ ਹੋ ਸ਼ਕਦੀਆਂ ਤਾਂ ਸਾਨੂੰ ਇਕ ਨਵਾਂ ਮੈਨੀਫੈਸਟੋ ਜਾਰੀ ਕਰਨਾ ਚਾਹੀਦਾ ਹੈ। ਕਾਗਜ ਇਤਨਾ ਮਹਿੰਗਾ ਨਹੀਂ ਕਿ ਅਸੀਂ ਨਵਾਂ ਮੈਨੀਫੈਸਟੋ ਨਹੀਂ ਲਿਖ ਸਕਦੇ। ਅਸੀਂ ਨਵਾਂ ਮੈਨੀਫੈਸਟੋ ਲਿਖਾਂਗੇ ਅਤੇ ਇਕ ਨਵਾਂ ਹੱਲਾ ਅਰੰਭ ਕਰਾਂਗੇ। ਕਿਸ ਲਈ? ਕਿਹੜੇ ਮੰਤਵਾਂ ਲਈ? ਇਹ ਮੰਤਵ ਕੌਣ ਨਿਸਚਿਤ ਕਰੇਗਾ? ਸਿਪਾਹੀਆਂ ਨੂੰ ਰੁਮਾਨੀਆ ਅਤੇ ਫਰਾਸ ਨਾਲ ਲੁੱਟੂ ਸੰਧੀਆਂ ਨੇਪਰੇ ਚਾੜ੍ਹਨ ਲਈ ਬੁਲਾਇਆ ਗਿਆ ਹੈ। ਵੋਦੋਵੋਜ਼ੋਵ ਦਾ ਲੇਖ ਮੋਰਚੇ ਉਤੇ ਭੇਜ ਦਿਓ ਤੇ ਫਿਰ ਸ਼ਿਕਾਇਤ ਕਰੋ ਕਿ ਇਹ ਸਭ ਕੁਝ ਬਾਲਸ਼ਵਿਕ ਕਰ ਰਹੇ ਹਨ, ਬਾਲਸ਼ਵਿਕਾਂ ਨੇ ਹੀ ਰੁਮਾਨੀਆ ਨਾਲ ਸੰਧੀ ਦਾ ਰੇੜਕਾ ਈਜਾਦ ਕੀਤਾ ਹੈ। ਉਸ ਹਾਲਤ ਵਿਚ ਤੁਸੀਂ ਪਰਾਵਦਾ ਲਈ ਜਿਉਣਾ ਹਰਾਮ ਕਰ ਦਿਓਗੇ ਸਗੋਂ ਵੋਦੋਵੋਜ਼ੋਵ ਨੂੰ ਇਤਿਹਾਸ ਦਾ ਅਧਿਅਨ ਕਰਨ ਦੇ ਕਸੂਰ ਵਿਚ ਠੁੱਡੇ ਮਾਰ ਕੇ ਬਾਹਰ ਕੱਢ ਦਿਓਗੇ। ਤੁਹਾਨੂੰ ਮਿਲਿਯੂਕੋਵ ਦੀਆਂ ਪੁਸਤਕਾਂ, ਜੋ ਕਿ ਬਹੁਤ ਹੀ ਖ਼ਤਰਨਾਕ ਪੁਸਤਕਾਂ ਹਨ, ਸਾੜਨੀਆਂ ਪੈਣਗੀਆਂ। "ਲੋਕ-ਸੁਤੰਤਰਤਾ" ਦੀ ਪਾਰਟੀ ਦੇ ਆਗੂ ਵਲੋਂ, ਬਦੇਸ਼ੀ ਮਾਮਲਿਆਂ ਦੇ ਸਾਬਕ ਵਜ਼ੀਰ ਵਲੋਂ ਕਿਸੇ ਵੀ ਕਿਤਾਬ ਨੂੰ ਰਤਾ ਖੋਲ੍ਹ ਕੇ ਵੇਖੋ। ਇਹ ਚੰਗੀਆਂ ਪੁਸਤਕਾਂ ਹਨ। ਉਹ ਕੀ ਕਹਿੰਦੀਆਂ ਹਨ? ਉਹ ਕਹਿੰਦੀਆ ਹਨ ਕਿ ਰੂਸ ਦਾ ਸਟਰੇਟਸ ਤੇ, ਆਰਮੀਨੀਆਂ ਤੇ,

ਗਾਲੀਸ਼ੀਆ ਤੇ, ਪੂਰਬੀ ਪਰਸ਼ੀਆ ਉਤੇ "ਅਧਿਕਾਰ" ਹੈ। ਉਸ ਨੇ ਇਹਨਾਂ ਦੀਆਂ ਹੱਦਾਂ ਦੀ ਲਕੀਰ ਦਿਤੀਆਂ ਸਨ ਅਤੇ ਨਾਲ ਇਕ ਨਕਸ਼ਾ ਵੀ ਨੱਥੀ ਕਰ ਦਿਤਾ ਹੈ। ਨਾ ਕੇਵਲ ਬਾਲਸ਼ਵਿਕਾਂ ਅਤੇ ਫੈਦਵੋਜ਼ੋਵ ਨੂੰ ਅਜਿਹੇ ਇਨਕਲਾਬੀ ਲੇਖ ਲਿਖਣ ਕਾਰਨ ਸਾਇਬੇਰੀਆ ਵਿਚ ਭੇਜਿਆ ਜਾਵੇਗਾ ਸਗੋਂ ਮਿਲਿਯੂਕੋਵ ਦੀਆਂ ਪੁਸਤਕਾਂ ਨੂੰ ਵੀ ਸਾੜਨਾ ਪਵੇਗਾ, ਕਿਉਂ ਜੋ ਜੇ ਤੁਸੀਂ ਅਜ ਇਹਨਾਂ ਪੁਸਤਕਾਂ ਵਿਚ ਸਧਾਰਨ ਜਿਹੀਆ ਟੂਕਾਂ ਹੀ ਇਕੱਤਰ ਕਰੋ ਤੇ ਉਹਨਾਂ ਨੂੰ ਮੋਰਚੇ ਉਤੇ ਭੇਜ ਦਿਓ ਤਾਂ ਕੋਈ ਹੋਰ ਭੜਕਾਊ ਚੁਵਰਕੀ ਇਤਨਾ ਭੜਕਾਊ ਪ੍ਰਭਾਵ ਨਹੀਂ ਪਾ ਸਕੇਗੀ; ਜਿਤਨਾ ਇਹ ਪਾਉਣਗੀਆ।

ਹੁਣ ਮੈਂ, ਆਪਣੇ ਲਈ ਇਸ ਵਿਉਂਤਬੰਦ ਕੀਤੀ ਗੱਲਬਾਤ ਵਿਚੋਂ "ਇਨਕਲਾਬੀ ਰੱਖਿਆਵਾਦ" ਦੇ ਸੁਆਲ ਨੂੰ ਲੈਂਦਾ ਹਾਂ ਤਾਂ ਮੈਂ ਸਮਝਦਾ ਹਾਂ ਕਿ ਆਖਰ ਮੈਨੂੰ ਤੁਹਾਨੂੰ ਰਿਪੋਰਟ ਕਰਨ ਦਾ ਮਾਣ ਕਿਸ ਲਈ ਮਿਲਿਆ ਹੈ, ਸੋ ਇਸ ਲਈ ਮੈਨੂੰ ਇਸ ਸੁਆਲ ਨੂੰ ਸੰਖੇਪ ਵਿਚ ਬਿਆਨ ਕਰਨ ਦੀ ਆਗਿਆ ਦਿਓ।

"ਇਨਕਲਾਬੀ ਰੱਖਿਆਵਾਦ" ਤੋਂ ਸਾਡਾ ਭਾਵ ਇਸ ਦਲੀਲ ਦੇ ਅਧਾਰ ਉਤੇ ਜੰਗ ਦੀ ਪੁਸ਼ਟੀ ਕਰਨਾ ਹੈ ਕਿ, ਆਖਰ, ਅਸਾਂ ਇਨਕਲਾਬ ਕੀਤਾ ਹੈ, ਆਖਰ ਅਸੀਂ ਇਕ ਇਨਕਲਾਬੀ ਕੌਮ ਹਾਂ, ਇਕ ਇਨਕਲਾਬੀ ਜਮਹੂਰੀਅਤ ਹਾਂ। ਪਰ ਸਾਨੂੰ ਇਸ ਦਾ ਜੁਆਬ ਕੀ ਦੇਣਾ ਚਾਹੀਦਾ ਹੈ? ਅਸਾਂ ਕਿਹੋ ਜਿਹਾ ਇਨਕਲਾਬ ਲਿਆਂਦਾ ਹੈ? ਅਸੀਂ ਨਿਕੋਲਸ ਨੂੰ ਉਲਟਾਇਆ ਸੀ। ਇਨਕਲਾਬ ਉਸ ਦੇ ਟਾਕਰੇ ਵਿਚ ਬਹੁਤਾ ਔਖਾ ਨਹੀਂ ਸੀ। ਜੇ ਅਸੀਂ ਜਗੀਰਦਾਰਾਂ ਤੇ ਸਰਮਾਏ-ਦਾਰਾਂ ਦੀ ਸਮੁੱਚੀ ਜਮਾਤ ਨੂੰ ਉਲਟਾਇਆ ਹੁੰਦਾ। ਇਨਕਲਾਬ ਨੂੰ ਸੱਤਾ ਉਤੇ ਕਿਸ ਨੇ ਬਿਠਾਇਆ ਸੀ? ਜਗੀਰਦਾਰਾਂ ਅਤੇ ਸਰਮਾਏਦਾਰਾਂ ਨੇ—ਉਹੋ ਜਮਾਤਾ ਜੋ ਯੂਰਪ ਵਿਚ ਲੰਮੇਂ ਸਮੇਂ ਤੋਂ ਸੱਤਾ ਵਿਚ ਹਨ। ਇਹੋ ਜਿਹੇ ਇਨਕਲਾਬ ਉਥੇ ਸੌ ਸਾਲ ਪਹਿਲਾਂ ਪੈਦਾ ਹੋਏ। ਮਿਲਿਯੂਕੋਵ ਅਤੇ ਤੇਰੇਸ਼ਚੈਨਕੋ ਇਕ ਲੰਮੇ ਸਮੇਂ ਤੋਂ ਉਥੇ ਸੱਤਾ ਵਿਚ ਹਨ ਤੇ ਇਸ ਦੀ ਰਤਾ ਵੀ ਮਹੱਤਤਾ ਨਹੀਂ ਹੈ ਕਿ ਉਹਨਾ ਕੋਲ ਬੱਜਟ ਦੀ ਵਿਸ਼ੇਸ਼ ਰਕਮ ਆਪਣੇ ਜ਼ਾਰਾਂ ਨੂੰ ਅਦਾ ਕਰਨ ਲਈ ਹੈ ਜਾਂ ਨਹੀਂ ਜਾਂ ਕੀ ਉਹ ਇਸ ਅੱਯਾਸ਼ੀ ਤੋਂ ਬਿਨਾਂ ਗੁਜ਼ਾਰਾ ਕਰਦੇ ਹਨ ਜਾਂ ਨਹੀਂ? ਇਕ ਬੈਂਕ ਬੈਂਕ ਹੀ ਰਹਿੰਦਾ ਹੈ ਚਾਹੇ ਉਸ ਵਿਚ ਸਰਮਾਇਆ ਸੈਂਕੜੇ ਰਿਆਇਤਾਂ ਵਿਚ ਲਾਇਆ ਗਿਆ ਹੈ ਜਾਂ ਨਹੀਂ; ਮੁਨਾਫੇ ਮੁਨਾਫੇ ਹੀ ਰਹਿੰਦੇ ਹਨ, ਚਾਹੇ ਉਹ ਇਕ ਰੀਪਬਲਿਕ ਵਿਚ ਹੋਣ ਜਾਂ ਪਾਤਸ਼ਾਹੀ ਵਿਚ। ਜੇ ਕੋਈ ਵਹਿਸ਼ੀ ਦੇਸ਼ ਸਾਡੇ ਸੱਭਿਅ ਸਰਮਾਏ ਨੂੰ ਨਸ਼ਟ ਕਰਨ ਦੀ ਜੁਰਅਤ ਕਰਦਾ ਹੈ, ਜਿਹੜਾ ਸਰਮਾਇਆ ਬਸਤੀਆਂ ਵਿਚ, ਅਫਰੀਕਾ ਅਤੇ ਪਰਸ਼ੀਆ ਵਿਚ ਅਜਿਹੇ ਸ਼ਾਨਦਾਰ ਬੈਂਕ ਸਥਾਪਤ ਕਰਦਾ ਹੈ—ਜੋ ਤਵੀ ਵਹਿਸ਼ੀ ਕੌਮ ਸੱਭਿਅ ਬੈਂਕ ਨੂੰ ਤਬਾਹ ਕਰਦੀ ਹੈ, ਉਹ ਫੌਜਾਂ ਬਾਹਰ ਭੇਜਦੇ ਹਨ, ਜੋ ਸਭਿਆਚਾਰ, ਅਰਾਮਦੇਹ ਅਤੇ ਸੱਭਿਅਤਾ ਬਹਾਲ ਕਰਦੀਆਂ ਹਨ। ਜਿਵੇਂ ਲੀਆਖੋਵ ਨੇ ਪਰਸ਼ੀਆ ਵਿਚ ਅਤੇ ਫਰਾਂਸੀਸੀ "ਰੀਪਬਲਿਕ" ਦੀਆਂ ਫੌਜਾਂ ਨੇ ਅਫਰੀਕਾ ਵਿਚ ਕੀਤਾ ਸੀ, ਜਿਥੇ ਉਹਨਾਂ ਨੇ ਲੋਕਾਂ ਨੂੰ ਪੂਰੀ ਸ਼ਕਤੀ ਨਾਲ ਖਤਮ ਕਰ ਦਿਤਾ ਸੀ। ਇਸ ਵਿਚ ਕਿਹੜੀ ਗੱਲ ਵੱਖਰੀ ਹੈ! ਇਥੇ ਸਾਡੇ ਕੋਲ ਉਹੋ "ਇਨਕਲਾਬੀ ਰੱਖਿਆਵਾਦ" ਹੈ ਜੋ ਕੇਵਲ ਆਮ ਅਣਜਾਣ ਜਨਸਮੂਹਾਂ ਵਲੋਂ ਪ੍ਰਗਟਾਇਆ ਗਿਆ ਹੈ, ਜੋ ਜੰਗ ਅਤੇ ਸਰਕਾਰ ਵਿਚਾਲੇ ਕੋਈ ਸਬੰਧ ਨਹੀਂ ਵੇਖਦੇ, ਜਿਹੜੇ ਇਹ ਨਹੀਂ ਜਾਣਦੇ ਕਿ ਇਹ ਨੀਤੀ ਸੰਧੀਆਂ ਰਾਹੀਂ ਪਰਵਾਨਤ ਹੈ। ਸੰਧੀਆਂ ਉਸੇ ਤਰ੍ਹਾਂ ਮੌਜੂਦ ਹਨ, ਬੈਂਕ ਮੌਜੂਦ ਹਨ, ਰਿਆਇਤਾਂ ਵੀ ਮੌਜੂਦ ਹਨ। ਰੂਸ ਵਿਚ ਉਹਨਾਂ ਦੀ ਜਮਾਤ ਦੇ ਵਧੀਆ ਬੰਦੇ ਸਰਕਾਰ ਵਿਚ ਹਨ, ਪਰ ਜੰਗ ਦਾ ਖਾਸਾ ਇਸ ਦੇ

ਕਾਰਨ ਰੱਤਾ ਵੀ ਨਹੀਂ ਬਦਲਿਆ। ਨਵਾਂ "ਇਨਕਲਾਬੀ ਰੱਖਿਆਵਾਦ" ਇਨਕਲਾਬ ਦੇ ਆਮ ਸੰਕਲਪ ਨੂੰ ਮੰਦੀਆਂ ਤੇ ਘਿਰਣਿਤ ਸੰਧੀਆਂ ਦੀ ਖਾਤਰ ਛੇੜੀ ਗਈ ਗੰਦੀ ਤੇ ਖੂਨੀ ਜੰਗ ਉਤੇ ਪਰਦਾ ਪਾਉਣ ਲਈ ਵਰਤਦਾ ਹੈ।

ਰੂਸੀ ਇਨਕਲਾਬ ਨੇ ਜੰਗ ਨੂੰ ਤਬਦੀਲ ਨਹੀਂ ਕੀਤਾ ਹੈ, ਪਰ ਇਸ ਨੇ ਜਥੇਬੰਦੀਆਂ ਪੈਦਾ ਕੀਤੀਆਂ ਹਨ ਜੋ ਕਿਸੇ ਹੋਰ ਦੇਸ਼ ਵਿਚ ਮੌਜੂਦ ਨਹੀਂ ਹਨ ਅਤੇ ਪੱਛਮ ਵਿਚਲੇ ਇਨਕਲਾਬਾਂ ਵਿਚ ਕਦੇ ਕਦਾਈਂ ਹੀ ਵੇਖਣ ਵਿਚ ਆਈਆਂ। ਬਹੁਤੇ ਇਨਕਲਾਬ ਸਾਡੇ ਤੇਰੇਸ਼ਚੈਨਕੋ ਤੇ ਕੋਨੋਵਾਲੋਵ ਵਰਗੀਆ ਸਰਕਾਰਾਂ ਦੇ ਪੈਦਾ ਹੋਣ ਤਕ ਸੀਮਤ ਸਨ ਜਦ ਕਿ ਦੇਸ਼ ਸਿੱਥਲ ਤੇ ਗੈਰ-ਜਥੇਬੰਦ ਰਿਹਾ। ਰੂਸੀ ਇਨਕਲਾਬ ਇਸ ਤੋਂ ਅਗਾਂਹ ਚਲਿਆ ਗਿਆ ਹੈ। ਇਸ ਵਿਚ ਇਸ ਆਸ ਦੇ ਕਿਟਾਣੂ ਹਨ ਕਿ ਸ਼ਾਇਦ ਇਹ ਜੰਗ ਉਤੇ ਕਾਬੂ ਪਾ ਲਵੇ। ਲਗਪਗ ਸੋਸ਼ਲਿਸਟ ਵਜ਼ੀਰਾਂ ਦੀ ਸਰਕਾਰ, ਸਾਮਰਾਜੀ ਜੰਗ ਦੀ ਸਰਕਾਰ, ਹਮਲਾਵਰੀ ਦੀ ਸਰਕਾਰ, ਅੰਗ-ਅਮਰੀਕੀ ਸਰਮਾਏ ਨਾਲ ਬੱਝੀ ਹੋਈ ਸਰਕਾਰ ਤੋਂ ਉਪਰੰਤ—ਇਸ ਸਰਕਾਰ ਤੋਂ ਉਪਰੰਤ ਤੇ ਇਸ ਤੋਂ ਸੁਤੰਤਰ ਸਾਡੇ ਕੋਲ ਸਾਰੇ ਰੂਸ ਵਿਚ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦਾ ਜਾਲ ਹੈ। ਇਹ ਹੈ ਇਨਕਲਾਬ ਜਿਸ ਨੇਂ ਅਜੇ ਆਪਣਾ ਆਖਰੀ ਫਰਮਾਨ ਨਹੀਂ ਸੁਣਾਇਆ। ਇਹ ਹੈ ਇਨਕਲਾਬ, ਜੋ ਉਸੇ ਪਰਕਾਰ ਦੀਆਂ ਹਾਲਤਾਂ ਅਧੀਨ ਪੱਛਮੀ ਯੂਰਪ ਨੂੰ ਅਜੇ ਪਤਾ ਨਹੀਂ ਹੈ। ਇਥੇ ਉਹਨਾਂ ਜਮਾਤਾਂ ਦੀਆਂ ਜਥੇਬੰਦੀਆਂ ਹਨ ਜਿਨ੍ਹਾਂ ਨੂੰ ਬਦੇਸ਼ੀ ਇਲਾਕੇ ਹਥਿਆਉਣ ਦੀ ਕੋਈ ਜ਼ਰੂਰਤ ਨਹੀਂ ਹੈ, ਜਿਨ੍ਹਾਂ ਨੇ ਕਰੋੜਾਂ ਰੂਬਲ ਬੈਂਕ ਵਿਚ ਜਮ੍ਹਾਂ ਨਹੀਂ ਕੀਤੇ ਹਨ ਜਿਨ੍ਹਾਂ ਨੂੰ ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਹੈ ਕਿ ਕੀ ਰੂਸੀ ਕਰਨੈਲ ਲੀਆਖੋਵ ਅਤੇ ਅੰਗਰੇਜ਼ ਲਿਬਰਲ ਰਾਜਦੂਤ ਨੇ ਪਰਸ਼ੀਆ ਦੀ ਸਹੀ ਢੰਗ ਨਾਲ ਵੰਡ ਕੀਤੀ ਹੈ ਜਾਂ ਨਹੀਂ। ਇਸ ਇਨਕਲਾਬ ਨੂੰ ਨੇਪਰੇ ਚਾੜ੍ਹਨ ਦਾ ਇਹ ਪ੍ਰਣ ਹੈ ਕਿ ਜਮਾਤਾਂ ਜਿਨ੍ਹਾਂ ਨੂੰ ਬਦੇਸ਼ੀ ਇਲਾਕੇ ਹਥਿਆਉਣ ਵਿਚ ਕੋਈ ਦਿਲਚਸਪੀ ਨਹੀਂ ਹੈ ਅਤੇ ਇਸ ਤੱਥ ਦੇ ਬਾਵਜੂਦ ਕਿ ਉਹ ਸਰਮਾਏਦਾਰ ਸਰਕਾਰ ਵਿਚ ਬਹੁਤਾ ਵਿਸ਼ਵਾਸ ਰਖਦੇ ਹਨ, "ਇਨਕਲਾਬੀ ਰੱਖਿਆਵਾਦ" ਦੇ ਸੰਕਲਪ ਵਿਚ ਮੌਜੂਦ ਭਿਆਨਕ ਛਲ ਤੇ ਭਿਆਨਕ ਗੜਬੜ ਦੇ ਬਾਵਜੂਦ, ਇਸ ਤੋਂ ਤੱਥ ਦੇ ਬਾਵਜੂਦ ਕਿ ਉਹ ਜੰਗ ਦੇ ਕਰਜ਼ੇ ਦੀ ਹਮਾਇਤ ਕਰਦੇ ਹਨ, ਸਾਮਰਾਜੀ ਜੰਗ ਦੀ ਸਰਕਾਰ ਦੀ ਹਮਾਇਤ ਕਰਦੇ ਹਨ—ਇਸ ਸਭ ਦੇ ਬਾਵਜੂਦ—ਉਹ ਅਜਿਹੀਆਂ ਜਥੇਬੰਦੀਆਂ ਰਚਣ ਵਿਚ ਸਫਲ ਹੋ ਗਏ ਹਨ ਜਿਨ੍ਹਾਂ ਵਿਚ ਦਬੀਆਂ ਕੁਚਲੀਆਂ ਜਮਾਤਾਂ ਦੇ ਸਮੂਹਾਂ ਦੀ ਪ੍ਰਤੀਨਿਧਤਾ ਹੈ। ਇਹ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੀਆਂ ਸੋਵੀਅਤਾਂ ਹਨ ਜੋ ਰੂਸ ਵਿਚ ਉਹਨਾਂ ਕਈ ਸਥਾਨਕ ਇਲਾਕਿਆਂ ਵਿਚ ਆਪਣੇ ਇਨਕਲਾਬੀ ਕੰਮ ਵਿਚ ਪੀਤਰੋਗਰਾਦ ਸੋਵੀਅਤ ਨਾਲੋਂ ਅਗਾਂਹ ਲੰਘ ਗਈਆਂ ਹਨ। ਇਹ ਐਨ ਕੁਦਰਤੀ ਹੈ ਕਿਉਂ ਜੋ ਪੀਤਰੋਗਰਾਦ ਵਿਚ ਸਰਮਾਏਦਾਰਾਂ ਦੀ ਕੇਂਦਰੀ ਅਥਾਰਟੀ ਹੈ।

ਅਤੇ ਜਦੋਂ ਸਕੋਬੇਲੇਵ ਨੇ ਕਲ੍ਹ ਆਪਣੀ ਤਕਰੀਰ ਵਿਚ ਆਖਿਆ : "ਅਸੀਂ ਸਾਰੇ ਮੁਨਾਫੇ ਲਵਾਂਗੇ, ਅਸੀਂ 100 ਫੀਸਦੀ ਮੁਨਾਫੇ ਲਵਾਂਗੇ", ਉਹ ਵਜ਼ਾਰਤੀ ਉਮੰਗ ਨਾਲ ਸਹਿਮਤੀ ਪਰਗਟ ਕਰ ਰਿਹਾ ਸੀ। ਜੇ ਤੁਸੀਂ ਅਜ ਦੀ ਰੀਚ ਪੜ੍ਹੋ ਤੁਸੀਂ ਸਕੋਬੇਲੇਵ ਦੀ ਤਕਰੀਰ ਵਿਚ ਇਕ ਇਕ ਵਾਕ ਦਾ ਕਿਵੇਂ ਹੁੰਗਾਰਾ ਭਰਿਆ ਗਿਆ ਹੈ। ਉਹ ਲਿਖਦੇ ਹਨ : "ਕਿਉਂ, ਇਸ ਦਾ ਅਰਥ ਹੈ ਭੁਖ ਮਰੀ, ਮੌਤ! ਸੌ ਫੀਸਦੀ ਦਾ ਅਰਥ ਹੈ ਸਭ ਕੁਝ!" ਵਜ਼ੀਰ ਸਕੋਬੇਲੇਵ ਅਤਿ ਦੇ ਅਤਿਵਾਦੀ ਬਾਲਸ਼ਵਿਕ ਨਾਲੋਂ ਅਗਾਂਹ ਜਾਂਦਾ ਹੈ। ਬਾਲਸ਼ਵਿਕਾਂ ਬਾਰੇ ਇਹ ਕਹਿਣਾ ਕਿ ਉਹ ਅਤਿ ਦੇ "ਖੱਬੇ" ਹਨ, ਉਹਨਾਂ ਨੂੰ ਤੁਹਮਤਾਂ ਲਾਉਣਾ ਹੈ। ਵਜ਼ੀਰ ਸਕੋਬੇਲੇਵ ਇਸ ਤੋਂ ਕਿਤੇ

ਵਧੇਰੇ "ਖੱਬੂ" ਹੈ। ਉਹ ਮੈਨੂੰ, ਜਿੰਨੇ ਵੀ ਉਹ ਸੋਚ ਸਕਦੇ ਹਨ, ਭੈੜੇ ਨਾਵਾਂ ਨਾਲ ਬੁਲਾਉਂਦੇ ਹਨ ਕਿ ਮੈਂ ਸਰਮਾਏਦਾਰਾਂ ਤੋਂ ਆਖਰੀ ਕਮੀਜ਼ ਤਕ ਲੈ ਲੈਣਾ ਚਾਹੁੰਦਾ ਹਾਂ। ਕਿਸੇ ਵੀ ਤਰ੍ਹਾਂ ਉਹ ਸੂਲਗਿਨ ਸੀ ਜਿਸ ਨੇ ਆਖਿਆ : "ਉਹਨਾਂ ਨੂੰ ਸਾਡੀ ਆਖਰੀ ਕਮੀਜ਼ ਤਕ ਲਿਜਾਣ ਦਿਓ !" ਜ਼ਰਾ ਕਿਆਸ ਕਰੋ ਇਕ ਬਾਲਸ਼ਵਿਕ ਨਾਗਰਿਕ ਸੂਲਗਿਨ ਕੋਲ ਜਾਂਦਾ ਹੈ ਤੇ ਆਪਣੇ ਲਈ ਉਸ ਦੀ ਕਮੀਜ਼ ਲੈਣੀ ਚਾਹੁੰਦਾ ਹੈ। ਉਹ ਇਸ ਤਰ੍ਹਾਂ ਤੇ ਵਧੇਰੇ ਹੱਕੀ ਤਰ੍ਹਾਂ ਵਜ਼ੀਰ ਸਕੋਬੇਲੇਵ ਉਤੇ ਇਹੋ ਦੂਸ਼ਣ ਮੜ੍ਹ ਸਕਦਾ ਹੈ। ਅਸੀਂ ਕਦੇ ਵੀ ਇਤਨੀ ਦੂਰ ਤਕ ਨਹੀਂ ਗਏ। ਅਸਾਂ ਕਦੇ ਵੀ 100 ਫੀਸਦੀ ਮੁਨਾਫੇ ਲੈਣ ਦਾ ਸੁਝਾਅ ਨਹੀਂ ਦਿਤਾ ਹੈ। ਫਿਰ ਵੀ ਇਹ ਇਕ ਬਹੁਮੁੱਲਾ ਇਕਰਾਰ ਹੈ। ਜੇ ਤੁਸੀਂ ਸਾਡੀ ਪਾਰਟੀ ਦਾ ਮਤਾ ਲਵੋ, ਤੁਸੀਂ ਵੇਖੋਗੇ ਕਿ ਅਸੀਂ ਉਸ ਵਿਚ, ਇਕ ਬਹੁਤ ਹੀ ਬਾ-ਦਲੀਲ ਰੂਪ ਵਿਚ ਐਨ ਉਹੋ ਕੁਝ ਤਜਵੀਜ਼ ਕਰਦੇ ਹਾਂ ਜੋ ਮੈਂ ਤਜਵੀਜ਼ ਕਰ ਰਿਹਾ ਹਾਂ। ਬੈਂਕਾਂ ਉਤੇ ਹਰ ਹਾਲਤ ਵਿਚ ਕੰਟਰੋਲ ਸਥਾਪਤ ਕਰਨਾ ਚਾਹੀਦਾ ਹੈ, ਇਸ ਦੇ ਮਗਰੋਂ ਆਮਦਨੀਆਂ ਉਤੇ ਇਕ ਸਹੀ ਟੈਕਸ ਲਗਣਾ ਚਾਹੀਦਾ ਹੈ। ਅਤੇ ਇਸ ਤੋਂ ਵਧ ਹੋਰ ਕੁਝ ਨਹੀਂ। ਸਕੋਬੇਲੇਵ ਇਕ ਰੂਬਲ ਵਿਚ 100 ਕੋਪਕ ਲੈਣ ਦਾ ਸੁਝਾਅ ਦੇਂਦਾ ਹੈ। ਅਸਾਂ ਇਸ ਪਰਕਾਰ ਨਾ ਕੋਈ ਸੁਝਾਅ ਦਿਤਾ ਹੈ ਨਾ ਦੇਂਦੇ ਹਾਂ। ਅਸਲ ਵਿਚ ਸਕੋਬੇਲੇਵ ਦਾ ਇਹ ਭਾਵ ਨਹੀਂ ਹੈ। ਜੇ ਇਹ ਹੈ ਤਾਂ ਉਹ ਕੇਵਲ ਇਸ ਸਧਾਰਨ ਕਾਰਨ ਇਹ ਕੁਝ ਨਹੀਂ ਕਰ ਸਕੇਗਾ ਕਿ ਅਜਿਹੀਆਂ ਚੀਜ਼ਾਂ ਦਾ ਇਕਰਾਰ ਕਰਨਾ ਤੇ ਨਾਲ ਤੇਰੇਸ਼ਚੇਨਕੋ ਅਤੇ ਕੋਨੋਵਾਲੋਵ ਨਾਲ ਦੋਸਤੀ ਕਰਨਾ ਕਿਸੇ ਹੱਦ ਤਕ ਹਾਸੋਹੀਣੀ ਗੱਲ ਹੈ। ਤੁਸੀਂ ਇਕ ਕਰੋੜ ਪਤੀ ਦੀ 80 ਜਾਂ 90 ਫੀਸਦੀ ਆਮਦਨੀ ਲੈ ਸਕਦੇ ਹੋ, ਪਰ ਅਜਿਹੇ ਵਜ਼ੀਰਾਂ ਨਾਲ ਦੋਸਤੀ ਪਾ ਕੇ ਨਹੀਂ। ਜੇ ਸੋਵੀਅਤਾਂ ਦੇ ਹੱਥਾਂ ਵਿਚ ਸੱਤਾ ਹੋਵੇ ਤਾਂ ਉਹ ਵੀ ਇਹ ਆਮਦਨੀ ਲੈਣਗੀਆਂ, ਪਰ ਸਾਰੀ ਦੀ ਸਾਰੀ ਨਹੀਂ—ਉਹਨਾਂ ਨੂੰ ਇਸ ਦੀ ਜ਼ਰੂਰਤ ਨਹੀਂ ਹੋਵੇਗੀ। ਉਹ ਆਮਦਨੀ ਦਾ ਵੱਡਾ ਹਿੱਸਾ ਲੈਣਗੀਆਂ। ਕੋਈ ਵੀ ਹਰ ਰਾਜ ਅਥਾਰਟੀ ਇੰਜ ਨਹੀਂ ਕਰ ਸਕਦੀ। ਮੰਤਰੀ ਸਕੋਬੇਲੇਵ ਦੇ ਚੰਗੇ ਇਰਾਦੇ ਹੋ ਸਕਦੇ ਹਨ। ਮੈਂ ਉਹਨਾਂ ਪਾਰਟੀਆਂ ਨੂੰ ਕਈ ਵਰ੍ਹਿਆਂ ਤੋਂ ਜਾਣਦਾ ਹਾਂ—ਮੈਂ 30 ਸਾਲ ਤਕ ਇਨਕਲਾਬੀ ਲਹਿਰ ਵਿਚ ਰਿਹਾ ਹਾਂ। ਇਸ ਲਈ, ਉਹਨਾ ਦੇ ਚੰਗੇ ਇਰਾਦਿਆਂ ਉਤੇ ਸ਼ੱਕ ਕਰਨ ਵਾਲਾ ਮੈਂ ਆਖਰੀ ਵਿਅਕਤੀ ਹੋਵਾਂਗਾ। ਪਰ ਗੱਲ ਇਹ ਨਹੀਂ ਹੈ। ਇਹ ਚੰਗੇ ਇਰਾਦਿਆਂ ਦਾ ਸੁਆਲ ਨਹੀਂ ਹੈ। ਚੰਗੇ ਇਰਾਦੇ ਨਰਕ ਵੱਲ ਜਾਂਦਾ ਰਾਹ ਪੱਧਰਾ ਕਰਦੇ ਹਨ। ਸਾਰੇ ਸਰਕਾਰੀ ਦਫਤਰ ਸਾਡੇ ਮੰਤਰੀਆਂ ਦੇ ਦਸਖਤਾਂ ਵਾਲੇ ਕਾਗਜ਼ਾਂ ਨਾਲ ਭਰੇ ਪਏ ਹਨ, ਪਰ ਇਸ ਦੇ ਫਲ-ਸਰੂਪ ਕੁਝ ਵੀ ਨਹੀਂ ਬਦਲਿਆ। ਜੇ ਤੁਸੀਂ ਕੰਟਰੋਲ ਲਾਗੂ ਕਰਨਾ ਚਾਹੁੰਦੇ ਹੋ ਤਾਂ ਇਹ ਆਰੰਭ ਕਰੋ ! ਸਾਡਾ ਪਰੋਗਰਾਮ ਅਜਿਹਾ ਹੈ ਕਿ ਸਕੋਬੇਲੇਵ ਦੀ ਤਕਰੀਰ ਪੜ੍ਹ ਕੇ ਅਸੀਂ ਆਖ ਸਕਦੇ ਹਾਂ : ਅਸੀਂ ਬਹੁਤੇ ਦੀ ਮੰਗ ਨਹੀਂ ਕਰਦੇ। ਅਸੀਂ ਵਜ਼ੀਰ ਸਕੋਬੇਲੇਵ ਨਾਲੋਂ ਕਿਤੇ ਵਧੇਰੇ ਉਦਾਰ-ਚਿੱਤ ਹਾਂ। ਉਹ ਕੰਟਰੋਲ ਤੇ 100 ਫੀਸਦੀ ਦੋਹਾਂ ਦਾ ਸੁਝਾਅ ਦੇਂਦਾ ਹੈ। ਅਸੀਂ 100 ਫੀਸਦੀ ਲੈਣਾ ਨਹੀਂ ਚਾਹੁੰਦੇ, ਪਰ ਅਸੀਂ ਕਹਿੰਦੇ ਹਾਂ : "ਜਦੋਂ ਤਕ ਤੁਸੀਂ ਕੁਝ ਕਰਨਾ ਆਰੰਭ ਨਹੀਂ ਕਰਦੇ ਅਸੀਂ ਤੁਹਾਡੇ ਤੇ ਇਤਬਾਰ ਨਹੀਂ ਕਰਦੇ।" ਇਥੇ ਤੁਹਾਡੇ ਤੇ ਸਾਡੇ ਵਿਚਾਲੇ ਫਰਕ ਹੈ। ਅਸੀਂ ਸ਼ਬਦਾਂ ਤੇ ਇਕਰਾਰਾਂ ਉਤੇ ਇਤਬਾਰ ਨਹੀਂ ਕਰਦੇ ਤੇ ਹੋਰਾਂ ਨੂੰ ਇਤਬਾਰ ਕਰਨ ਦੀ ਸਲਾਹ ਨਹੀਂ ਦੇਂਦੇ। ਪਾਰਲੀਮੈਂਟਰੀ ਰੀਪਬਲਿਕਾਂ ਦੇ ਸਬਕ ਸਾਨੂੰ ਕਾਗਜ਼ੀ ਬਿਆਨਾਂ ਉਤੇ ਇਤਬਾਰ ਕਰਨਾ ਨਹੀਂ ਸਿਖਾਉਂਦੇ। ਜੇ ਤੁਸੀਂ ਕੰਟਰੋਲ ਚਾਹੁੰਦੇ ਹੋ ਤਾਂ ਤੁਸਾਂ ਹੁਣ ਤਕ ਆਰੰਭ ਕਰ ਦਿਤਾ ਹੁੰਦਾ। ਅਜਿਹੇ ਕੰਟਰੋਲ ਬਾਰੇ ਕਾਨੂੰਨ ਜਾਰੀ ਕਰਨ ਲਈ ਇਕ ਦਿਨ ਕਾਫੀ ਹੈ। ਹਰ

ਬੈਂਕ ਵਿਚ ਮੁਲਾਜ਼ਮਾਂ ਦੀ ਕੌਂਸਲ, ਹਰ ਫੈਕਟਰੀ ਵਿਚ ਮਜ਼ਦੂਰਾਂ ਦੀ ਕੌਂਸਲ ਅਤੇ ਸਾਰੇ ਪਾਰਟੀ ਕੰਟਰੋਲ ਦਾ ਅਧਿਕਾਰ ਪਰਾਪਤ ਕਰਦੀਆਂ ਹਨ। ਪਰ ਤੁਸੀਂ ਇੰਜ ਨਹੀਂ ਕਰ ਸਕਦੇ, ਸਾਨੂੰ ਆਖਿਆ ਜਾਵੇਗਾ : ਇਹ ਇਕ ਵਪਾਰਕ ਭੇਂਟ ਹੈ, ਇਹ ਪਵਿੱਤਰ ਨਿੱਜੀ ਸੰਪਤੀ ਹੈ। ਚੰਗਾ, ਜਿਵੇਂ ਤੁਸੀਂ ਚਾਹੁੰਦੇ ਹੋ, ਆਪਣੀ ਚੋਣ ਕਰੋ। ਜੇ ਤੁਸੀਂ ਉਹਨਾਂ ਸਾਰੀਆਂ ਲੈਜਰਾਂ ਤੇ ਹਿਸਾਬ-ਕਿਤਾਬ ਦੀ, ਟਰੱਸਟਾਂ ਦੇ ਲੈਣ ਦੇਣ ਦੀ ਹਿਫਾਜ਼ਤ ਕਰਨਾ ਚਾਹੁੰਦੇ ਹੋ ਤਾਂ ਫਿਰ ਕੰਟਰੋਲ ਬਾਰੇ ਕਰੋ ਦੇਸ਼ ਦੇ ਤਬਾਹ ਹੋਣ ਬਾਰੇ ਬੁੜਬੁੜ ਨਾ ਕਰੋ।

ਜਰਮਨੀ ਵਿਚ ਹਾਲਤ ਇਸ ਤੋਂ ਵੀ ਮੰਦੀ ਹੈ। ਰੂਸ ਵਿਚ ਤੁਸੀਂ ਅਨਾਜ ਪ੍ਰਾਪਤ ਕਰ ਸਕਦੇ ਹੋ, ਪਰ ਜਰਮਨੀ ਵਿਚ ਨਹੀਂ। ਤੁਸੀਂ ਜਥੇਬੰਦੀ ਰਾਹੀਂ ਬਹੁਤ ਕੁਝ ਕਰ ਸਕਦੇ ਹੋ, ਪਰ ਜਰਮਨੀ ਵਿਚ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਉਥੇ ਬਾਕੀ ਕੋਈ ਅਨਾਜ ਨਹੀਂ ਰਿਹਾ ਤੇ ਸਾਰੀ ਕੌਮ ਨੂੰ ਤਬਾਹੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕ ਅਜ ਲਿਖਦੇ ਹਨ ਕਿ ਰੂਸ ਤਬਾਹੀ ਦੀ ਦੰਦੀ ਉਤੇ ਹੈ। ਜੇ ਇੰਜ ਹੈ ਤਾਂ "ਪਵਿੱਤਰ" ਨਿੱਜੀ ਜਾਇਦਾਦ ਦੀ ਹਿਫਾਜ਼ਤ ਕਰਨਾ ਜੁਰਮ ਹੈ। ਇਸ ਲਈ ਕੰਟਰੋਲ ਬਾਰੇ ਸ਼ਬਦਾਂ ਦਾ ਕੀ ਅਰਥ ਹੈ ? ਸ਼ਾਇਦ ਤੁਹਾਨੂੰ ਇਹ ਨਹੀਂ ਭੁਲਿਆ ਹੋਣਾ ਕਿ ਨਿਕੋਲਸ ਰੋਮਾਨੋਵ ਨੇ ਵੀ ਕੰਟਰੋਲ ਬਾਰੇ ਇਕ ਵਧੀਆ ਦਸਤਾਵੇਜ਼ ਲਿਖੀ ਸੀ। ਤੁਸੀਂ ਉਸ ਨੂੰ "ਸਟੇਟ ਕੰਟਰੋਲ", "ਪਬਲਿਕ ਕੰਟਰੋਲ", "ਸੈਨੇਟਰਾਂ ਦੀ ਨਿਯੁਕਤੀ" ਜਿਹੇ ਸ਼ਬਦ ਹਜ਼ਾਰਾਂ ਵਾਰ ਦੁਹਰਾਉਂਦੇ ਵੇਖੋਗੇ। ਇਨਕਲਾਬ ਤੋਂ ਦੋ ਮਹੀਨੇ ਮਗਰੋਂ ਸਨਅਤਕਾਰਾਂ ਨੇ ਸਾਰੇ ਰੂਸ ਨੂੰ ਲੁੱਟ ਲਿਆ ਹੈ। ਸਰਮਾਏਦਾਰਾਂ ਨੇ ਅਥਾਹ ਭਾਰੀ ਮੁਨਾਫੇ ਕਮਾਏ ਹਨ, ਹਰ ਦਿੱਤੀ ਰੀਪੋਰਟ ਤੁਹਾਨੂੰ ਇਹੋ ਦਸਦੀ ਹੈ। ਤੇ ਜਦੋਂ ਇਨਕਲਾਬ ਤੋਂ ਦੋ ਮਹੀਨੇ ਮਗਰੋਂ ਮਜ਼ਦੂਰਾਂ ਨੇ ਇਹ ਕਹਿਣ ਦੀ "ਦਲੇਰੀ" ਕੀਤੀ ਕਿ ਉਹ ਵੀ ਮਨੁੱਖੀ ਜੀਵਾਂ ਵਾਂਗ ਜੀਉਣਾ ਚਾਹੁੰਦੇ ਹਨ ਤਾਂ ਸਾਰੇ ਸਰਮਾਏਦਾਰ ਪ੍ਰੈਸ ਨੇ ਸਾਰੇ ਦੇਸ਼ ਵਿਚ ਹੁਆਂਕਣਾ ਸ਼ੁਰੂ ਕਰ ਦਿਤਾ ਹੈ। **ਰੀਚ** ਦਾ ਹਰ ਪਰਚਾ ਇਸ ਚੀਕ ਚਿਹਾੜੇ ਨਾਲ ਭਰਿਆ ਹੋਇਆ ਹੈ ਕਿ ਮਜ਼ਦੂਰ ਦੇਸ਼ ਨੂੰ ਲੁੱਟਣਾ ਚਾਹੁੰਦੇ ਹਨ, ਪਰ ਅਸੀਂ ਸਰਮਾਏਦਾਰਾਂ ਉਤੇ ਮਹਿਜ਼ ਕੰਟਰੋਲ ਦਾ ਇਕਰਾਰ ਕਰਦੇ ਹਾਂ। ਕੀ ਅਸੀਂ ਘਟ ਇਕਰਾਰ ਤੇ ਵਧੇਰੇ ਅਮਲ ਨਹੀਂ ਕਰ ਸਕਦੇ ? ਜੇ ਤੁਸੀਂ ਨੌਕਰਸ਼ਾਹ ਕੰਟਰੋਲ, ਪਹਿਲਾਂ ਵਰਗੇ ਇਲਾਕਿਆਂ ਰਾਹੀਂ ਕੰਟਰੋਲ ਚਾਹੁੰਦੇ ਹੋ, ਸਾਡੀ ਪਾਰਟੀ ਆਪਣੀ ਪੂਰੀ ਦ੍ਰਿੜ੍ਹਤਾ ਨਾਲ ਐਲਾਨ ਕਰਦੀ ਹੈ ਕਿ ਤੁਹਾਨੂੰ ਇਸ ਬਾਰੇ ਹਮਾਇਤ ਨਹੀਂ ਦਿਤੀ ਜਾ ਸਕਦੀ, ਭਾਵੇਂ ਤੁਹਾਡੀ ਸਰਕਾਰ ਵਿਚ ਅੱਧੀ ਦਰਜਨ ਦੀ ਬਜਾਏ ਇਕ ਦਰਜਨ ਨਰੋਦਨਿਕ ਤੇ ਮੈਨਸ਼ਵਿਕ ਵਜ਼ੀਰ ਕਿਉਂ ਨਾ ਹੋਣ। ਕੰਟਰੋਲ ਕੇਵਲ ਲੋਕਾਂ ਰਾਹੀਂ ਅਮਲ ਵਿਚ ਲਿਆਂਦਾ ਜਾ ਸਕਦਾ ਹੈ। ਤੁਹਾਨੂੰ ਕੰਟਰੋਲ ਬੈਂਕ ਮੁਲਾਜ਼ਮਾਂ ਦੀਆਂ ਦੀਆਂ ਕੌਂਸਲਾਂ, ਇੰਜੀਨੀਅਰਾਂ ਦੀਆਂ ਕੌਂਸਲਾਂ ਅਤੇ ਮਜ਼ਦੂਰਾਂ ਦੀਆਂ ਕੌਂਸਲਾਂ ਰਾਹੀਂ ਜਥੇਬੰਦ ਕਰਨਾ ਚਾਹੀਦਾ ਹੈ ਤੇ ਅਜਿਹਾ ਕੰਟਰੋਲ ਉਸੇ ਸਮੇਂ ਨਾਲ ਆਰੰਭ ਕਰ ਦੇਣਾ ਚਾਹੀਦਾ ਹੈ। ਹਰ ਅਧਿਕਾਰੀ ਨੂੰ, ਜੇ ਉਹ ਇਹਨਾਂ ਵਿਚੋਂ ਕਿਸੇ ਵੀ ਸੰਸਥਾ ਨੂੰ ਗਲਤ ਸੂਚਨਾ ਦੇਂਦਾ ਹੈ, ਮੁਜਰਮ ਕਰਾਰ ਦੇਣਾ ਚਾਹੀਦਾ ਹੈ। ਦੇਸ਼ ਲਈ ਇਹ ਜ਼ਿੰਦਗੀ ਤੇ ਮੌਤ ਦਾ ਸੁਆਲ ਹੈ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਦੇਸ਼ ਵਿਚ ਕਿਤਨਾ ਅਨਾਜ ਹੈ, ਕਿਤਨਾ ਕੱਚਾ ਪਦਾਰਥ ਹੈ, ਕਿਤਨੇ ਕੰਮ ਕਰਨ ਵਾਲੇ ਬੰਦੇ ਹਨ ਤੇ ਉਹਨਾਂ ਨੂੰ ਕਿਥੇ ਲਾਇਆ ਜਾਣਾ ਚਾਹੀਦਾ ਹੈ।

ਹੁਣ ਮੈਂ ਆਖਰੀ ਸੁਆਲ ਨੂੰ ਲੈਂਦਾ ਹਾਂ—ਜੰਗ ਨੂੰ ਕਿਵੇਂ ਖ਼ਤਮ ਕੀਤਾ ਜਾਵੇ ? ਇਹ ਬੇਹੂਦਾ ਵਿਚਾਰ ਸਾਡੇ ਸਿਰ ਮੜ੍ਹਿਆ ਗਿਆ ਹੈ ਕਿ ਅਸੀਂ ਇਕ ਵੱਖਰੇ ਅਮਨ ਦੇ ਹੱਕ ਵਿਚ ਹਾਂ।

ਜਰਮਨ ਲੁਟੇਰੇ ਸਰਮਾਏਦਾਰ ਪਰਸਪਰ ਅਮਨ ਦਾ ਸੁਝਾਅ ਦੇ ਰਹੇ ਹਨ। ਕਹਿੰਦੇ ਹਨ : "ਅਸੀਂ ਤੁਹਾਨੂੰ ਤੁਰਕੀ ਤੇ ਆਰਮੀਨੀਆ ਦਾ ਇਕ ਟੁਕੜਾ ਦੇ ਦਿਆਂਗੇ ਜੇ ਤੁਸੀਂ ਸਾਨੂੰ ਕੋਲੇ ਧਾਤ ਵਾਲੀਆਂ ਜ਼ਮੀਨਾਂ ਦੇ ਦਿਓ।" ਹਰ ਨਿਰਪੱਖ ਸ਼ਹਿਰ ਵਿਚ ਕੂਟਨੀਤਕ ਇਹੋ ਜਿਹੀਆਂ ਗੱਲਾਂ ਕਰ ਰਹੇ ਹਨ! ਹਰ ਕੋਈ ਇਹਨਾਂ ਬਾਰੇ ਜਾਣਦਾ ਹੈ। ਕੇਵਲ ਇਹ ਰਵਾਇਤੀ ਕੂਟਨੀਤਕ ਲੱਫ਼ਾਜ਼ੀ ਨਾਲ ਕੱਜੀਆਂ ਹੋਈਆਂ। ਕੂਟਨੀਤਕ ਕੇਵਲ ਇਹ ਚਾਹੁੰਦੇ ਹਨ—ਕੂਟਨੀਤਕ ਭਾਸ਼ਾ ਵਿਚ ਗੱਲ ਕਰੋ। ਇਹ ਕਹਿਣਾ ਕਿਤਨੀ ਬੇਹੂਦਾ ਗੱਲ ਹੈ ਕਿ ਅਸੀਂ ਇਕ ਵੱਖਰੇ ਅਮਨ ਰਾਹੀਂ ਜੰਗ ਖ਼ਤਮ ਕਰਨ ਦੇ ਹੱਕ ਵਿਚ ਹਾਂ! ਉਸ ਜੰਗ ਨੂੰ ਖ਼ਤਮ ਕਰਨ ਲਈ ਜੋ ਸਾਰੀਆਂ ਸਭ ਤੋਂ ਅਮੀਰ ਤਾਕਤਾਂ ਦੇ ਸਰਮਾਏਦਾਰਾਂ ਵਲੋਂ ਲੜੀ ਜਾ ਰਹੀ ਹੈ। ਇਕ ਜੰਗ, ਜੋ ਆਰਥਕ ਵਿਕਾਸ ਦੇ ਦਹਾਕਾ-ਲੰਮੇ ਇਤਿਹਾਸ ਵਿਚੋਂ ਜਨਮ ਲੈ ਰਹੀ ਹੈ, ਫ਼ੌਜੀ ਕਾਰਵਾਈਆਂ ਤੋਂ ਇਕ-ਪਾਸੜ ਵਾਪਸੀ ਰਾਹੀਂ ਖ਼ਤਮ ਕਰਨਾ ਇਕ ਅਜਿਹਾ ਬੇਹੂਦਾ ਵਿਚਾਰ ਹੈ ਕਿ ਇਸ ਨੂੰ ਰੱਦ ਕਰਨਾ ਵੀ ਬੇਹੂਦਾ ਗੱਲ ਹੋਵੇਗੀ। ਇਹ ਤੱਥ ਕਿ ਅਸਾਂ ਇਸ ਨੂੰ ਰੱਦ ਕਰਨ ਬਾਰੇ ਇਕ ਵਿਸ਼ੇਸ਼ ਮਤਾ ਪਾਸ ਕੀਤਾ, ਉਸ ਦਾ ਕਾਰਨ ਇਹ ਹੈ ਕਿਉਂ ਜੋ ਅਸੀਂ ਵਿਸ਼ਾਲ ਜਨਸਮੂਹ ਵਿਚ, ਜਿਨ੍ਹਾਂ ਦੇ ਸਾਹਮਣੇ ਸਾਨੂੰ ਦੂਸ਼ਤ ਕੀਤਾ ਜਾ ਰਿਹਾ ਸੀ, ਸਾਰੀ ਗੱਲ ਸਪੱਸ਼ਟ ਕਰਨਾ ਚਾਹੁੰਦੇ ਸਾਂ। ਇਹ ਕੋਈ ਅਜਿਹਾ ਮਾਮਲਾ ਨਹੀਂ ਹੈ ਜਿਸ ਨੂੰ ਗੰਭੀਰਤਾ ਨਾਲ ਵਿਚਾਰਿਆ ਜਾ ਸਕਦਾ ਹੈ। ਜੰਗ, ਜਿਹੜੀ ਸਾਰੇ ਦੇਸਾਂ ਦੇ ਸਰਮਾਏਦਾਰ ਲੜ ਰਹੇ ਹਨ, ਸਰਮਾਏਦਾਰਾਂ ਦੇ ਵਿਰੁੱਧ ਮਜ਼ਦੂਰਾਂ ਦੇ ਇਨਕਲਾਬ ਤੋਂ ਬਿਨਾਂ ਖ਼ਤਮ ਨਹੀਂ ਕੀਤੀ ਜਾ ਸਕਦੀ। ਜਦੋਂ ਤੱਕ ਕੰਟਰੋਲ ਅਮਲ ਦੀ ਥਾਂ ਮਹਿਜ਼ ਸ਼ਬਦ ਰਹਿੰਦਾ ਹੈ ਜਦੋਂ ਤਕ ਸਰਮਾਏਦਾਰਾਂ ਦੀ ਸਰਕਾਰ ਦੀ ਥਾਂ ਤੇ ਇਨਕਲਾਬੀ ਪਰੋਲੇਤਾਰੀਆ ਦੀ ਸਰਕਾਰ ਸਥਾਪਤ ਨਹੀਂ ਕੀਤੀ ਜਾਂਦੀ ਸਰਕਾਰ ਕੇਵਲ ਇਹੋ ਕੁਝ ਦੁਹਰਾਉਂਦੀ ਰਹੇਗੀ : ਅਸੀਂ ਤਬਾਹੀ ਵੱਲ ਜਾ ਰਹੇ ਹਾਂ। "ਸੁਤੰਤਰ" ਬਰਤਾਨੀਆ ਵਿਚ ਸੋਸ਼ਲਿਸਟ ਮਹਿਜ ਇਹ ਕਹਿਣ ਬਦਲੇ, ਜੋ ਕੁਝ ਮੈਂ ਕਹਿ ਰਿਹਾ ਹਾਂ, ਜੇਹਲਾਂ ਵਿਚ ਬੰਦ ਕੀਤੇ ਜਾ ਰਹੇ ਹਨ। ਜਰਮਨੀ ਵਿਚ ਲਿਬਕਨੇਖ਼ਤ ਨੂੰ ਇਹ ਕਹਿਣ ਬਦਲੇ ਕੈਦ ਕੀਤਾ ਗਿਆ ਹੈ ਜੋ ਮੈਂ ਕਹਿ ਰਿਹਾ ਹਾਂ ਅਤੇ ਆਸਟਰੀਆ ਵਿਚ ਫ਼ਰੈਡਰਿਕ ਐਡਲਰ ਇਹੋ ਗੱਲ ਰੀਵਾਲਵਰ ਦੀ ਮੱਦਦ ਨਾਲ ਕਹਿਣ ਬਦਲੇ ਜੇਹਲ ਵਿਚ ਹੈ (ਹੋ ਸਕਦਾ ਹੈ ਹੁਣ ਤਕ ਉਸ ਨੂੰ ਫਾਂਸੀ ਲਾ ਦਿੱਤਾ ਗਿਆ ਹੋਵੇ)। ਸਾਰੇ ਦੇਸ਼ਾਂ ਵਿਚ ਸਮੂਹ ਮਜਦੂਰਾਂ ਦੀ ਸੋਸ਼ਲਿਸਟਾਂ ਨਾਲ ਹਮਦਰਦੀ ਹੈ ਅਤੇ ਉਹਨਾਂ ਨਾਲ ਨਹੀਂ ਹੈ ਜਿਨ੍ਹਾਂ ਨੇ ਸਰਮਾਏਦਾਰਾ ਦਾ ਸਾਥ ਦਿੱਤਾ ਹੈ। ਸਾਰੇ ਸੰਸਾਰ ਵਿਚ ਮਜ਼ਦੂਰਾਂ ਦਾ ਇਨਕਲਾਬ ਵਧ ਰਿਹਾ ਹੈ। ਨਿਰਸੰਦੇਹ, ਹੋਰ ਦੇਸ਼ਾਂ ਵਿਚ ਵਧੇਰੇ ਔਖਾ ਮਾਮਲਾ ਹੈ। ਉਹਨਾਂ ਵਿਚ ਨਿਕੋਲਸ ਤੇ ਰਾਸਪੂਤਿਨ ਵਰਗੇ ਮੂਰਖ ਨਹੀਂ ਹਨ। ਉਥੇ ਸਰਕਾਰ ਦੀ ਸਿੱਖਰ ਉਤੇ ਉਹਨਾਂ ਦੀ ਜਮਾਤ ਦੇ ਵਧੀਆ ਬੰਦੇ ਹਨ। ਉਥੇ ਇਕ-ਪੁਰਖੀ ਰਾਜ ਦੇ ਵਿਰੁੱਧ ਇਨਕਲਾਬ ਲਈ ਹਾਲਤਾਂ ਸਹੀ ਹਨ। ਉਥੇ ਸਰਮਾਏਦਾਰ ਜਮਾਤ ਦੀ ਸਰਕਾਰ ਹੈ। ਉਸ ਜਮਾਤ ਦੇ ਬਹੁਤ ਹੀ ਪ੍ਰਤਿਭਾਸਾਲੀ ਪ੍ਰਤੀਨਿਧ ਲੰਮੇ ਸਮੇਂ ਤੋਂ ਉਥੇ ਰਾਜ ਕਰ ਰਹੇ ਹਨ। ਇਸੇ ਲਈ ਉਥੇ ਇਨਕਲਾਬ, ਭਾਵੇਂ ਅਜੇ ਉਥੇ ਨਹੀਂ ਆਇਆ, ਉਥੇ ਆ ਕੇ ਰਹੇਗਾ। ਕੋਈ ਗੱਲ ਨਹੀਂ ਭਾਵੇਂ ਫਰੈਡਰਿਕ ਐਡਲਰ ਤੇ ਕਾਰਲ ਲਿਬਕਨੇਖ਼ਤ ਵਰਗੇ ਕਿਤਨੇ ਹੀ ਇਨਕਲਾਬੀ ਇਸ ਯਤਨ ਵਿਚ ਮਾਰੇ ਜਾਣ। ਭਵਿੱਖ ਉਹਨਾਂ ਦਾ ਹੈ ਅਤੇ ਸਾਰੇ ਦੇਸ਼ਾਂ ਦੇ ਮਜ਼ਦੂਰ ਉਹਨਾਂ ਦੀ ਪੈਰਵੀ ਕਰਨਗੇ। ਸਾਰੇ ਦੇਸ਼ਾਂ ਦੇ ਮਜਦੂਰ ਹਰ ਹਾਲਤ ਵਿਚ ਜਿੱਤਣਗੇ।

ਅਮਰੀਕਾ ਵਲੋਂ ਜੰਗ ਵਿਚ ਸ਼ਾਮਲ ਹੋਣ ਦੇ ਸੁਆਲ ਬਾਰੇ ਮੈਂ ਇਹ ਆਖਾਂਗਾ। ਲੋਕ ਦਲੀਲ ਦੇਂਦੇ ਹਨ ਕਿ ਅਮਰੀਕਾ ਜਮਹੂਰੀਅਤ ਹੈ, ਅਮਰੀਕਾ ਕੋਲ ਵ੍ਹਾਈਟ ਹਾਊਸ ਹੈ। ਮੈਂ

ਕਹਿੰਦਾ ਹਾਂ : ਅੱਧੀ ਸਦੀ ਪਹਿਲਾਂ ਉਥੇ ਗ਼ੁਲਾਮਦਾਰੀ ਖਤਮ ਕਰ ਦਿੱਤੀ ਗਈ ਸੀ। ਗ਼ੁਲਾਮ-ਵਿਰੋਧੀ ਜੰਗ 1865 ਵਿਚ ਖਤਮ ਹੋ ਗਈ ਸੀ। ਉਸ ਸਮੇਂ ਤੋਂ ਕਰੋੜਪਤੀ ਖੁੰਭਾਂ ਵਾਂਗ ਪੈਦਾ ਹੋ ਗਏ ਹਨ। ਉਹਨਾ ਦੀ ਜਕੜ ਵਿਚ ਸਾਰਾ ਅਮਰੀਕਾ ਹੈ। ਉਹ ਮੈਕਸੀਕੋ ਨੂੰ ਅਧੀਨ ਕਰਨ ਦੀ ਤਿਆਰੀ ਕਰ ਰਹੇ ਹਨ ਅਤੇ ਸ਼ਾਂਤ ਮਹਾਂ ਸਾਗਰ ਦੀ ਵੰਡ ਉਤੇ ਜਾਪਾਨ ਨਾਲ ਹਰ ਹਾਲਤ ਵਿਚ ਜੰਗ ਕਰਨਗੇ। ਇਹ ਜੰਗ ਕਈ ਦਹਾਕਿਆ ਤੋਂ ਰਿੱਝ ਰਹੀ ਹੈ। ਸਾਰਾ ਸਾਹਿਤ ਇਸ ਬਾਰੇ ਗੱਲਾਂ ਕਰਦਾ ਹੈ। ਅਮਰੀਕਾ ਦਾ ਜੰਗ ਵਿਚ ਸ਼ਾਮਲ ਹੋਣ ਦਾ ਅਸਲੀ ਮੰਤਵ ਜਾਪਾਨ ਨਾਲ ਇਸ ਭਵਿੱਖੀ ਜੰਗ ਲਈ ਤਿਆਰ ਹੋਣਾ ਹੈ। ਲੋਕ ਚੋਖੀ ਆਜ਼ਾਦੀ ਮਾਣਦੇ ਹਨ ਅਤੇ ਉਹਨਾਂ ਨੂੰ ਜਬਰੀ ਫ਼ੌਜੀ ਭਰਤੀ ਲਈ, ਦੂਜੇ ਇਲਾਕੇ ਜਿੱਤਣ ਲਈ, ਉਦਾਹਰਣ ਵਜੋਂ ਜਾਪਾਨ ਨਾਲ ਜਦੋਜਹਿਦ ਲਈ ਕੋਈ ਫ਼ੌਜ ਖੜੀ ਕਰਨਾ ਔਖੀ ਗੱਲ ਹੈ। ਅਮਰੀਕਨਾਂ ਕੋਲ ਇਹ ਵਿਖਾਉਣ ਲਈ ਯੂਰਪ ਦੀ ਉਦਾਹਰਣ ਹੈ ਕਿ ਇਸ ਦਾ ਸਿੱਟਾ ਕੀ ਨਿਕਲੇਗਾ। ਅਮਰੀਕੀ ਸਰਮਾਏਦਾਰ ਇਸ ਜੰਗ ਵਿਚ ਇਸ ਲਈ ਦਾਖਲ ਹੋਏ ਹਨ ਤਾ ਜੋ ਸਾਰੀਆਂ ਕੌਮਾਂ ਦੇ ਅਧਿਕਾਰਾਂ ਦੀ ਹਮਾਇਤ ਕਰਨ ਦੇ ਉੱਚਤਮ ਆਦਰਸ਼ਾ ਦੇ ਪਰਦੇ ਪਿੱਛੇ, ਇਕ ਮਜ਼ਬੂਤ ਸਟੈਂਡਿੰਗ ਫੌਜ ਖੜੀ ਕਰਨ ਦਾ ਬਹਾਨਾ ਮਿਲ ਜਾਵੇ।

ਕਿਸਾਨ ਪੈਸੇ ਲਈ ਆਪਣਾ ਅਨਾਜ ਦੇਣ ਤੋਂ ਇਨਕਾਰੀ ਹਨ ਅਤੇ ਸੰਦ, ਬੂਟ ਤੇ ਕੱਪੜੇ ਮੰਗਦੇ ਹਨ। ਇਸ ਫੈਸਲੇ ਵਿਚ ਡੂੰਘੀ ਸੱਚਾਈ ਦਾ ਇਕ ਮਹਾਨ ਕਦਮ ਹੈ। ਨਿਰਸੰਦੇਹ, ਦੇਸ਼ ਤਬਾਹੀ ਦੇ ਪੜਾਅ ਤੇ ਪੁੱਜ ਗਿਆ ਹੈ ਜਦੋਂ ਇਸ ਨੂੰ ਉਸੇ ਹਾਲਤ ਦਾ ਸਾਹਮਣਾ ਹੈ, ਭਾਵੇਂ ਉਸ ਨਾਲੋਂ ਘੱਟ ਮਾਤਰਾ ਵਿਚ ਜਿਸ ਦਾ ਹੋਰ ਦੇਸ ਲੰਮੇ ਸਮੇਂ ਤੋਂ ਸਾਹਮਣਾ ਕਰ ਰਹੇ ਹਨ, ਅਜਿਹੀ ਹਾਲਤ ਜਿਸ ਵਿਚ ਪੈਸੇ ਦੀ ਕਦਰ ਖਤਮ ਹੋ ਗਈ ਹੈ। ਘਟਨਾਵਾਂ ਦੇ ਸਮੁੱਚੇ ਅਮਲ ਰਾਹੀਂ ਸਰਮਾਏਦਾਰੀ ਦੇ ਰਾਜ ਨੂੰ ਇਤਨੀ ਜਬਰਦਸਤ ਢਾਹ ਲੱਗ ਰਹੀ ਹੈ ਕਿ ਉਦਾਹਰਣ ਵਜੋਂ, ਕਿਸਾਨ ਪੈਸਾ ਲੈਣ ਤੋਂ ਇਨਕਾਰ ਕਰਦੇ ਹਨ। ਉਹ ਕਹਿੰਦੇ ਹਨ : "ਸਾਨੂੰ ਪੈਸਾ ਕਿਸ ਲਈ ਚਾਹੀਦਾ ਹੈ ?" ਤੇ ਉਹ ਠੀਕ ਹਨ। ਸਰਮਾਏਦਾਰੀ ਦੇ ਰਾਜ ਨੂੰ ਇਸ ਲਈ ਢਾਹ ਨਹੀਂ ਲੱਗ ਰਹੀ ਕਿ ਕੋਈ ਉਸ ਉਤੇ ਕਬਜ਼ਾ ਕਰਨ ਲਈ ਤੁਲਿਆ ਹੋਇਆ ਹੈ। ਸੱਤਾ ਉਤੇ "ਕਬਜ਼ਾ' ਇਕ ਵਿਅਰਥ ਗੱਲ ਹੋਵੇਗੀ। ਸਰਮਾਏਦਾਰੀ ਦੇ ਰਾਜ ਨੂੰ ਖ਼ਤਮ ਕਰਨਾ ਅਸੰਭਵ ਹੋਵੇਗਾ ਜਦੋਂ ਤਕ ਸਰਮਾਏ-ਦਾਰ ਦੇਸ਼ਾ ਵਿਚ ਆਰਥਕ ਵਿਕਾਸ ਦਾ ਸਮੁੱਚਾ ਅਮਲ ਇਸ ਵੱਲ ਨਾ ਲੈ ਜਾਵੇ। ਜੰਗ ਨੇ ਇਸ ਅਮਲ ਨੂੰ ਤੇਜ਼ ਕਰ ਦਿੱਤਾ ਹੈ ਤੇ ਇਸ ਨੇ ਸਰਮਾਏਦਾਰੀ ਨੂੰ ਅਸੰਭਵ ਬਣਾ ਦਿੱਤਾ ਹੈ। ਕੋਈ ਵੀ ਤਾਕਤ ਸਰਮਾਏਦਾਰੀ ਨੂੰ ਤਬਾਹ ਨਹੀਂ ਕਰ ਸਕਦੀ ਜੇ ਇਸ ਨੂੰ ਇਤਿਹਾਸ ਵਲੋਂ ਸਾਹ-ਸੱਤ-ਹੀਣ ਨਹੀਂ ਕੀਤਾ ਜਾਂਦਾ ਤੇ ਇਸ ਨੂੰ ਢਾਹ ਨਹੀਂ ਲਾਈ ਜਾਂਦੀ।

ਅਤੇ ਹੁਣ ਅਸੀਂ ਇਸ ਨੂੰ ਸਪਸ਼ਟ ਤੌਰ ਤੇ ਪਰਗਟ ਹੁੰਦਾ ਦੇਖਦੇ ਹਾਂ। ਕਿਸਾਨ ਉਹੋ ਪਰਗਟ ਕਰਦੇ ਹਨ ਜੋ ਹਰ ਕੋਈ ਦੇਖਦਾ ਹੈ—ਪੈਸੇ ਦੀ ਤਾਕਤ ਨੂੰ ਢਾਹ ਲਗ ਗਈ ਹੈ। ਇਸ ਤੋਂ ਬਚਣ ਦਾ ਇਕੋ ਇਕ ਰਾਹ ਇਹ ਹੈ ਕਿ ਸੋਵੀਅਤਾਂ ਅਨਾਜ ਵਟਾਂਦਰੇ ਵਿਚ ਸੰਦ, ਬੂਟ, ਤੇ ਕੱਪੜੇ ਦੇਣ। ਇਹ ਹੈ ਜੋ ਅਸੀਂ ਚਾਹੁੰਦੇ ਹਾਂ, ਇਹ ਹੈ ਜੁਆਬ ਜੋ ਜ਼ਿੰਦਗੀ ਦਾ ਹੁਕਮ ਹੈ। ਇਸ ਤੋਂ ਬਿਨਾਂ ਲੱਖਾ ਲੋਕ ਭੁੱਖੇ, ਕੱਪੜਿਆਂ ਤੇ ਬੂਟਾਂ ਤੋਂ ਬਿਨਾਂ ਰਹਿਣਗੇ,। ਲੱਖਾਂ ਲਈ ਤਬਾਹੀ ਤੇ ਮੌਤ ਦਾ ਸਾਹਮਣਾ ਕਰ ਰਹੇ ਹਨ ? ਸਰਮਾਏਦਾਰਾਂ ਦੇ ਹਿਤਾਂ ਦੀ ਰਾਖੀ ਕਰਨੀ ਆਖਰੀ ਗੱਲ ਹੈ ਜਿਸ ਦੀ ਸਾਨੂੰ ਚਿੰਤਾ ਹੋਣੀ ਚਾਹੀਦੀ ਹੈ। ਇਸ ਤੋਂ ਬਚਣ ਦਾ ਕੇਵਲ ਇਹ ਤਰੀਕਾ ਹੈ ਕਿ ਸਾਰੀ ਸੱਤਾ ਸੋਵੀਅਤਾਂ ਨੂੰ ਸੌਂਪੀ ਜਾਵੇ, ਜੋ ਸਮੇਂ ਦੀ ਬਹੁ-ਗਿਣਤੀ ਦੀ ਪ੍ਰਤੀ-

ਨਿਪਟਾ ਕਰਦੀਆਂ ਹਨ । ਸੰਭਵ ਹੈ ਇਸ ਅਮਲ ਵਿਚ ਗਲਤੀਆਂ ਹੋ ਜਾਣ । ਕੋਈ ਵੀ ਦਾਅਵਾ ਨਹੀਂ ਕਰਦਾ ਕਿ ਅਜਿਹਾ ਔਖਾ ਕਾਰਜ ਆਸਾਨੀ ਨਾਲ ਨੇਪਰੇ ਚਾੜ੍ਹਿਆ ਜਾ ਸਕਦਾ ਹੈ । ਅਸੀਂ ਅਜਿਹੀ ਕੋਈ ਗੱਲ ਨਹੀਂ ਕਹਿੰਦੇ । ਸਾਨੂੰ ਦਸਿਆ ਗਿਆ ਹੈ ਕਿ ਅਸੀਂ ਸੱਤਾ ਸੋਵੀਅਤਾਂ ਦੇ ਹੱਥਾਂ ਵਿਚ ਚਾਹੁੰਦੇ ਹਾਂ, ਪਰ ਉਹ ਨਹੀਂ ਚਾਹੁੰਦੇ । ਅਸੀਂ ਕਹਿੰਦੇ ਹਾਂ ਕਿ ਜ਼ਿੰਦਗੀ ਦਾ ਤਜਰਬਾ ਉਹਨਾਂ ਨੂੰ ਇਸ ਦਾ ਹੱਲ ਸੁਝਾਏਗਾ ਤੇ ਸਾਰੀ ਕੌਮ ਸਿਖੇਗੀ ਕਿ ਬਚਣ ਦਾ ਕੋਈ ਹੋਰ ਰਾਹ ਨਹੀਂ ਹੈ । ਅਸੀਂ ਸੱਤਾ ਉਤੇ "ਕਬਜਾ" ਨਹੀਂ ਚਾਹੁੰਦੇ ਕਿਉਂ ਜੋ ਇਨਕਲਾਬਾਂ ਦਾ ਸਾਰਾ ਤਜਰਬਾ ਸਾਨੂੰ ਸਿਖਾਉਂਦਾ ਹੈ ਕਿ ਕੇਵਲ ਉਹੋ ਹੀ ਸਥਿਰ ਸੱਤਾ ਹੈ ਜਿਸ ਨੂੰ ਸਮੇਂ ਦੀ ਬਹੁ-ਗਿਣਤੀ ਦਾ ਸਮਰਥਨ ਪਰਾਪਤ ਹੈ । ਇਸ ਲਈ ਸੱਤਾ ਉਤੇ "ਕਬਜ਼ਾ" ਮਾਅਰਕੇਬਾਜ਼ੀ ਹੋਵੇਗਾ ਅਤੇ ਸਾਡੀ ਪਾਰਟੀ ਇੰਜ ਨਹੀਂ ਕਰੇਗੀ । ਜੇ ਸਰਕਾਰ ਬਹੁ-ਗਿਣਤੀ ਦੀ ਸਰਕਾਰ ਹੋਵੇਗੀ, ਹੋ ਸਕਦਾ ਹੈ ਉਹ ਉਸ ਨੀਤੀ ਉਤੇ ਚਲੇ ਜੋ, ਪਹਿਲਾਂ ਗ਼ਲਤ ਸਿੱਧ ਹੋਵੇ । ਪਰ ਇਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ । ਅਸਲ ਵਿਚ ਉਹਨਾਂ ਹੀ ਜਥੇਬੰਦੀਆਂ ਦੇ ਅੰਦਰ ਇਕ ਸ਼ਾਤਮਈ ਤਬਦੀਲੀ ਕਰਾਂਗੇ । ਕੋਈ ਵੀ ਹੋਰ ਜਥੇਬੰਦੀ ਈਜਾਦ ਨਹੀ ਕੀਤੀ ਜਾ ਸਕਦੀ । ਇਸੇ ਲਈ ਅਸੀਂ ਕਹਿੰਦੇ ਹਾਂ ਕਿ ਇਸ ਸੁਆਲ ਦਾ ਕੋਈ ਵੀ ਹੱਲ ਸੋਚਿਆ ਨਹੀਂ ਜਾ ਸਕਦਾ ।

ਜੰਗ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ ? ਜ ਸੱਤਾ ਸੋਵੀਅਤਾਂ ਦੇ ਹੱਥਾਂ ਵਿਚ ਆ ਜਾਵੇ ਅਤੇ ਜਰਮਨਾਂ ਨੇ ਜੰਗ ਜਾਰੀ ਰਖੀ ਹੋਵੇ ਤਾਂ ਉਦੋਂ ਅਸੀਂ ਕੀ ਕਰਾਂਗੇ ? ਜੋ ਕੋਈ ਵੀ ਸਾਡੀ ਪਾਰਟੀ ਦੇ ਵਿਚਾਰਾਂ ਵਿਚ ਦਿਲਚਸਪੀ ਰਖਦਾ ਹੈ "**ਪਰਾਵਦਾ**" ਵਿਚ ਪਿਛਲੇ ਦਿਨ ਜੋ ਅਸਾਂ 1915 ਵਿਚ ਆਖਿਆ ਸੀ ਉਸ ਦੀ ਸਹੀ ਟੂਕ ਪੜ੍ਹ ਸਕਦਾ ਹੈ, ਭਾਵ ਕਿ ਜੇ ਰੂਸ ਵਿਚ ਇਨਕਲਾਬੀ ਜਮਾਤ, ਮਜ਼ਦੂਰ ਜਮਾਤ ਸੱਤਾ ਵਿਚ ਆਉਂਦੀ ਹੈ, ਉਸ ਨੂੰ ਅਮਨ ਦੀ ਪੇਸ਼ਕਸ਼ ਕਰਨੀ ਪਏਗੀ । ਅਤੇ ਜੇ ਜਰਮਨ ਸਰਮਾਏਦਾਰਾ ਵਲੋਂ ਜਾਂ ਦੂਜੇ ਦੇਸ਼ਾ ਦੇ ਸਰਮਾਏ-ਦਾਰਾਂ ਵਲੋਂ ਰਖੀਆਂ ਸ਼ਰਤਾਂ ਰੱਦ ਹੋ ਜਾਂਦੀਆਂ ਹਨ ਤਾਂ ਜਮਾਤ ਸਮੁੱਚੇ ਤੌਰ ਤੇ ਜੰਗ ਲਈ ਖੜੀ ਹੋਵੇਗੀ । ਅਸੀਂ ਇਹ ਉਹ ਸੁਝਾਅ ਨਹੀਂ ਦੇ ਰਹੇ ਕਿ ਜੰਗ ਇਕੋ ਝਟਕੇ ਨਾਲ ਖ਼ਤਮ ਹੋ ਜਾਵੇਗੀ । ਅਸੀਂ ਇਹ ਇਕਰਾਰ ਨਹੀਂ ਕਰਦੇ । ਅਸੀਂ ਅਜਿਹੀ ਅਸੰਭਵ ਤੇ ਨਾ ਅਮਲ ਯੋਗ ਗੱਲ ਦਾ ਪਰਚਾਰ ਨਹੀਂ ਕਰਦੇ ਕਿ ਜੰਗ ਕੇਵਲ ਇਕ ਧਿਰ ਦੀ ਮਰਜੀ ਨਾਲ ਖ਼ਤਮ ਕੀਤੀ ਜਾ ਸਕਦੀ ਹੈ । ਅਜਿਹੇ ਇਕਰਾਰ ਕਰਨ ਨੂੰ ਸੁਖਾਲੇ ਹਨ ਪਰ ਪੂਰੇ ਕਰਨੇ ਅਸੰਭਵ ਹਨ । ਇਸ ਭਿਆਨਕ ਜੰਗ ਵਿਚੋਂ ਨਿਕਲਣ ਦਾ ਕੋਈ ਸੌਖਾ ਰਾਹ ਨਹੀਂ ਹੈ । ਇਹ ਤਿੰਨ ਸਾਲਾਂ ਤੋਂ ਜਾਰੀ ਹੈ । ਜਦੋਂ ਤਕ ਤੁਸੀਂ ਇਕ ਔਖੇ ਤੇ ਦੁਖਦਾਈ ਇਨਕਲਾਬ ਦੇ ਵਿਚਾਰ ਨੂੰ ਪਰਵਾਨ ਨਹੀਂ ਕਰਦੇ ਤਾਂ ਤੁਸੀਂ ਦਸਾਂ ਸਾਲਾਂ ਤਕ ਲੜਦੇ ਰਹੋਗੇ । ਇਸ ਤੋਂ ਬਚਣ ਦਾ ਹੋਰ ਕੋਈ ਰਾਹ ਨਹੀਂ ਹੈ । ਅਸੀਂ ਕਹਿੰਦੇ ਹਾਂ : ਜੰਗ ਜੋ ਸਰਮਾਏਦਾਰਾਂ ਸਰਕਾਰਾਂ ਨੇ ਅਰੰਭ ਕੀਤੀ ਹੈ ਕੇਵਲ 'ਮਜ਼ਦੂਰਾਂ ਦੇ ਇਨਕਲਾਬ ਨਾਲ ਹੀ ਖ਼ਤਮ ਕੀਤੀ ਜਾ ਸਕਦੀ ਹੈ । ਉਹ ਜਿਹੜੇ ਸੋਸ਼ਲਿਸਟ ਲਹਿਰ ਵਿਚ ਦਿਲਚਸਪੀ ਰਖਦੇ ਹਨ ਉਹਨਾਂ ਨੂੰ 1912 ਦਾ ਬਾਜ਼ਲੇ ਮੈਨੀਫੈਸਟੋ ਪੜ੍ਹਨਾ ਚਾਹੀਦਾ ਹੈ ਜੋ ਸੰਸਾਰ ਦੀਆਂ ਸੋਸ਼ਲਿਸਟ ਪਾਰਟੀਆਂ ਨੇ ਇਕ ਮੱਤ ਹੋ ਕੇ ਪਾਸ ਕੀਤਾ ਸੀ । ਇਹ ਮੈਨੀਫੈਸਟੋ ਸਾਡੇ ਅਖ਼ਬਾਰ **ਪਰਾਵਦਾ** ਵਿਚ ਪਰਕਾਸ਼ਤ ਹੋਇਆ ਸੀ । ਇਕ ਮੈਨੀਫੈਸਟੋ ਜੋ ਕਿਸੇ ਵੱਲ ਲੜਾਈ ਕਰ ਰਹੇ ਦੇਸ਼ ਵਿਚ ਪਰਕਾਸ਼ਤ ਨਹੀਂ ਹੋ ਸਕਦਾ, ਨਾ 'ਸੁਤੰਤਰ ਬਰਤਾਨੀਆ ਵਿਚ, ਨਾ ਹੀ ਰੀਪਬਲਿਕਨ ਫਰਾਂਸ ਵਿਚ, ਕਿਉਂ ਜੋ ਇਸ ਨੇ ਜੰਗ ਤੋਂ ਪਹਿਲਾਂ ਬਾਰੇ

ਸੱਚਾਈ ਆਖੀ ਸੀ। ਇਸ ਨੇ ਆਖਿਆ ਸੀ ਕਿ ਸਰਮਾਏਦਾਰ ਮੁਕਾਬਲੇ ਦੇ ਕਾਰਨ ਬਰਤਾਨੀਆ ਤੇ ਜਰਮਨੀ ਵਿਚਾਲੇ ਜੰਗ ਹੋਵੇਗੀ। ਇਸ ਨੇ ਆਖਿਆ ਸੀ ਕਿ ਇਤਨੀ ਭਾਰੀ ਮਾਤਰਾ ਵਿਚ ਬਾਰੂਦ ਇਕੱਤਰ ਕਰ ਲਿਆ ਗਿਆ ਹੈ ਕਿ ਤੋਪਾਂ ਆਪਣੇ ਆਪ ਹੀ ਚਲਣੀਆਂ ਸ਼ੁਰੂ ਹੋ ਜਾਣਗੀਆਂ। ਇਸ ਨੇ ਸਾਨੂੰ ਦੱਸਿਆ ਸੀ ਕਿ ਜੰਗ ਕਿਸ ਲਈ ਲੜੀ ਜਾਵੇਗੀ ਤੇ ਆਖਿਆ ਸੀ ਕਿ ਜੰਗ ਪਰੋਲੇਤਾਰੀ ਇਨਕਲਾਬ ਵੱਲ ਲੈ ਜਾਵੇਗੀ। ਇਸ ਲਈ, ਅਸੀਂ ਉਹਨਾਂ ਸੋਸ਼ਲਿਸਟਾਂ ਨੂੰ, ਜਿਨ੍ਹਾਂ ਨੇ ਇਸ ਮੈਨੀਫੈਸਟੋ ਉਤੇ ਦਸਖਤ ਕੀਤੇ ਸਨ ਤੇ ਫਿਰ ਉਹ ਆਪਣੀ ਸਰਮਾਏਦਾਰ ਸਰਕਾਰ ਵੱਲ ਚਲੇ ਗਏ ਸਨ, ਦੱਸਣਾ ਚਾਹੁੰਦੇ ਹਾਂ ਕਿ ਉਹਨਾਂ ਨੇ ਸੋਸ਼ਲਿਜ਼ਮ ਨਾਲ ਗ਼ੱਦਾਰੀ ਕੀਤੀ ਹੈ। ਸਾਰੇ ਸੰਸਾਰ ਵਿਚ ਸੋਸ਼ਲਿਸਟਾਂ ਵਿਚਾਲੇ ਇਕ ਫੁੱਟ ਪੈ ਰਹੀ ਹੈ। ਕੁਝ ਵਜ਼ਾਰਤੀ ਕੈਬਨਿਟਾਂ ਵਿਚ ਹਨ, ਦੂਜੇ ਜੇਹਲਾਂ ਵਿਚ। ਸਾਰੇ ਸੰਸਾਰ ਦੇ ਕੁਝ ਸੋਸ਼ਲਿਸਟ ਇਕ ਜੰਗੀ ਤਿਆਰੀ ਦਾ ਪਰਚਾਰ ਕਰ ਰਹੇ ਹਨ ਜਦ ਕਿ ਦੂਜੇ ਈਉਜਨੇ ਦੇਬਸ, ਅਮਰੀਕੀ ਬੇਬੇਲ ਵਰਗੇ ਜਿਸ ਨੂੰ ਅਮਰੀਕੀ ਮਜ਼ਦੂਰਾਂ ਵਿਚ ਭਾਰੀ ਪ੍ਰਸਿੱਧੀ ਪਰਾਪਤ ਹੈ, ਕਹਿੰਦੇ ਹਨ : "ਜੰਗ ਲਈ ਇਕ ਸੈਂਟ ਦੇਣ ਦੀ ਥਾਂ ਮੈਨੂੰ ਗੋਲੀ ਨਾਲ ਉਡਾ ਦਿੱਤਾ ਜਾਵੇ। ਮੈਂ ਸਾਰੇ ਸੰਸਾਰ ਵਿਚ ਸਰਮਾਏਦਾਰਾਂ ਦੇ ਵਿਰੁੱਧ ਕੇਵਲ ਪਰੋਲੇਤਾਰੀ ਜੰਗ ਲੜਨ ਲਈ ਤਿਆਰ ਹਾਂ।" ਇਸ ਤਰ੍ਹਾਂ ਸਾਰੇ ਸੰਸਾਰ ਵਿਚ ਸੋਸ਼ਲਿਸਟ ਵੰਡੇ ਗਏ ਹਨ। ਸੰਸਾਰ ਦੇ ਸੋਸ਼ਲ-ਦੇਸ਼ ਭਗਤ ਸੋਚਦੇ ਹਨ ਕਿ ਉਹ ਆਪਣੇ ਦੇਸ਼ ਦੀ ਰਾਖੀ ਕਰ ਰਹੇ ਹਨ। ਉਹ ਗ਼ਲਤੀ ਤੇ ਹਨ—ਉਹ ਇਕ ਵੰਨਗੀ ਦੇ ਸਰਮਾਏਦਾਰ ਦੇ ਵਿਰੁੱਧ ਇਕ ਹੋਰ ਵੰਨਗੀ ਦੇ ਸਰਮਾਏਦਾਰਾਂ ਦੇ ਹਿੱਤਾਂ ਦੀ ਰਾਖੀ ਕਰ ਰਹੇ ਹਨ। ਅਸੀਂ ਪਰੋਲੇਤਾਰੀ ਇਨਕਲਾਬ ਦਾ ਪਰਚਾਰ ਕਰਦੇ ਹਾਂ। ਇਕੋ ਇਕ ਸੱਚੇ ਉਦੇਸ਼ ਲਈ, ਜਿਸ ਲਈ ਕਿੰਨੇ ਹੀ ਲੋਕ ਮਾਰੇ ਗਏ ਹਨ ਤੇ ਹਜ਼ਾਰਾਂ ਜੇਹਲਾਂ ਵਿਚ ਸੁੱਟੇ ਗਏ ਹਨ। ਜੇਹਲ ਵਿਚ ਡੱਕੇ ਹੋਏ ਸੋਸ਼ਲਿਸਟ ਘੱਟ-ਗਿਣਤੀ ਵਿਚ ਹਨ, ਪਰ ਮਜ਼ਦੂਰ ਜਮਾਤ ਉਹਨਾਂ ਨਾਲ ਹੈ, ਆਰਥਕ ਵਿਕਾਸ ਦਾ ਸਾਰਾ ਅਮਲ ਉਹਨਾਂ ਦੇ ਨਾਲ ਹੈ। ਇਹ ਸਾਰਾ ਕੁਝ ਸਾਨੂੰ ਦੱਸਦਾ ਹੈ ਕਿ ਬਚਣ ਦਾ ਕੋਈ ਹੋਰ ਰਾਹ ਨਹੀਂ। ਜੰਗ ਨੂੰ ਖ਼ਤਮ ਕਰਨ ਦਾ ਇਕੋ ਇਕ ਰਾਹ ਕਈ ਦੇਸਾਂ ਵਿਚ ਇਕ ਮਜ਼ਦੂਰ ਇਨਕਲਾਬ ਹੈ। ਇਸੇ ਸਮੇਂ ਦੌਰਾਨ ਸਾਨੂੰ ਉਸ ਇਨਕਲਾਬ ਲਈ ਤਿਆਰੀਆਂ ਕਰਨੀਆਂ ਚਾਹੀਦੀਆਂ ਹਨ। ਸਾਨੂੰ ਇਸ ਦੀ ਮੱਦਦ ਕਰਨੀ ਚਾਹੀਦੀ ਹੈ। ਕਿਉਂ ਜੋ ਜੰਗ ਲਈ ਘਿਰਣਾ ਤੇ ਅਮਨ ਲਈ ਇੱਛਾ ਦੇ ਬਾਵਜੂਦ ਰੂਸੀ ਕੌਮ ਜਦੋਂ ਤੱਕ ਜੰਗ ਜ਼ਾਰ ਵਲੋਂ ਲੜੀ ਜਾ ਰਹੀ ਸੀ, ਉਹ ਜ਼ਾਰ ਦੇ ਵਿਰੁੱਧ ਇਸ ਇਨਕਲਾਬ ਲਈ ਅਤੇ ਜ਼ਾਰ ਨੂੰ ਉਲਟਾਉਣ ਲਈ ਕੰਮ ਕਰਨ ਤੋਂ ਬਿਨਾ ਕੁਝ ਵੀ ਨਹੀਂ ਸੀ ਕਰ ਸਕਦੀ ਅਤੇ ਇਹੋ ਕੁਝ ਵਾਪਰਿਆ ਹੈ। ਇਤਿਹਾਸ ਨੇ ਕਲ੍ਹ ਤੁਹਾਡੇ ਲਈ ਇਹ ਸਿੱਧ ਕੀਤਾ ਹੈ ਅਤੇ ਭਲਕ ਨੂੰ ਫਿਰ ਸਿੱਧ ਕਰੇਗਾ। ਅਸਾਂ ਬਹੁਤ ਸਮਾ ਪਹਿਲਾਂ ਆਖਿਆ ਸੀ ਕਿ ਵੱਧ ਰਹੇ ਰੂਸੀ ਇਨਕਲਾਬ ਦੀ ਸਹਾਇਤਾ ਕਰਨੀ ਚਾਹੀਦੀ ਹੈ। ਅਸਾਂ ਇਹ ਕੁਝ 1914 ਦੇ ਅੰਤ ਤੇ ਆਖਿਆ ਸੀ। ਸਾਡੀ ਡੂਮਾ ਦੇ ਡਿਪਟੀਆਂ ਨੂੰ ਇਸ ਕਾਰਨ ਸਾਇਬੇਰੀਆ ਵਿਚ ਦੇਸ਼-ਨਿਕਾਲਾ ਦੇ ਦਿੱਤਾ ਗਿਆ ਸੀ ਤੇ ਸਾਨੂੰ ਆਖਿਆ ਗਿਆ ਸੀ : "ਤੁਸੀਂ ਕੋਈ ਜੁਆਬ ਨਹੀਂ ਦੇ ਰਹੇ। ਤੁਸੀਂ ਇਨਕਲਾਬ ਬਾਰੇ ਗੱਲਾਂ ਕਰਦੇ ਹੋ ਜਦੋਂ ਕਿ ਹੜਤਾਲਾਂ ਬੰਦ ਹਨ, ਜਦੋਂ ਡਿਪਟੀ ਕਰੜੀ ਮਿਹਨਤ ਕਰ ਰਹੇ ਹਨ ਤੇ ਜਦੋਂ ਤੁਹਾਡੇ ਕੋਲ ਇਕ ਵੀ ਅਖ਼ਬਾਰ ਨਹੀਂ ਹੈ!" ਅਤੇ ਸਾਡੇ ਉਤੇ ਜਵਾਬ ਦੇਣ ਤੋਂ ਬਚਣ ਦਾ ਇਲਜ਼ਾਮ ਲਾਇਆ ਗਿਆ ਸੀ। ਅਸੀਂ ਅਜਿਹੇ ਇਲਜ਼ਾਮ ਕਈ ਵਰ੍ਹਿਆਂ ਤੱਕ ਸੁਣਦੇ ਰਹੇ। ਅਸਾਂ ਜੁਆਬ ਦਿੱਤਾ : ਤੁਸੀਂ ਇਸ ਬਾਰੇ ਨਰਾਜ਼ ਹੋ ਸਕਦੇ ਹੋ, ਪਰ ਜਦੋਂ ਤੱਕ ਜ਼ਾਰ ਨੂੰ ਤਖ਼ਤੋਂ ਨਹੀਂ ਲਾਹਿਆ ਜਾਂਦਾ ਅਸੀਂ ਜੰਗ ਦੇ ਵਿਰੁੱਧ ਕੁਝ ਵੀ ਨਹੀਂ ਕਰ ਸਕਦੇ। ਤੇ ਸਾਡੀ ਭਵਿੱਖਬਾਣੀ ਸਹੀ ਸਿੱਧ ਹੋਈ ਸੀ।

ਇਹ ਅਜੇ ਪੂਰੀ ਤਰ੍ਹਾਂ ਹੱਕੀ ਸਿੱਧ ਨਹੀਂ ਹੋਈ। ਪਰ ਇਸ ਨੇ ਹੱਕੀ ਹੋਣਾ ਸ਼ੁਰੂ ਕਰ ਦਿੱਤਾ ਹੈ। ਇਨਕਲਾਬ ਨੇ ਰੂਸ ਵਲੋਂ ਜੰਗ ਨੂੰ ਤਬਦੀਲ ਕਰਨਾ ਸ਼ੁਰੂ ਕਰ ਦਿੱਤਾ ਹੈ। ਸਰਮਾਏਦਾਰਾਂ ਨੇ ਅਜੇ ਵੀ ਜੰਗ ਜਾਰੀ ਰੱਖੀ ਹੋਈ ਹੈ। ਤੇ ਅਸੀਂ ਕਹਿੰਦੇ ਹਾਂ : ਜਦੋਂ ਤੱਕ ਕਈ ਦੇਸ਼ਾਂ ਵਿਚ ਮਜ਼ਦੂਰਾਂ ਦਾ ਇਨਕਲਾਬ ਨਹੀਂ ਆਉਂਦਾ, ਜੰਗ ਨੂੰ ਰੋਕਿਆ ਨਹੀਂ ਜਾ ਸਕਦਾ ਕਿਉਂ ਜੋ ਉਹ ਲੋਕ ਜੋ ਜੰਗ ਚਾਹੁੰਦੇ ਹਨ ਅਜੇ ਵੀ ਸੱਤਾ ਵਿਚ ਹਨ। ਸਾਨੂੰ ਦੱਸਿਆ ਜਾਂਦਾ ਹੈ : "ਕਈ ਦੇਸ਼ਾਂ ਵਿਚ ਚੁੱਪ ਜਾਂ ਛਾਈ ਹੋਈ ਹੈ। ਜਰਮਨੀ ਵਿਚ ਸਾਰੇ ਸੋਸ਼ਲਿਸਟ ਜੰਗ ਦੇ ਹੱਕ ਵਿਚ ਹਨ, ਕੇਵਲ ਲਿਬਕਨੇਖ਼ਤ ਹੀ ਇਸ ਦੇ ਵਿਰੁੱਧ ਹੈ।" ਇਸ ਬਾਰੇ ਮੈਂ ਕਹਿੰਦਾ ਹਾਂ : ਇਹ ਇਕੋ ਇਕ ਲਿਬਕਨੇਖ਼ਤ ਹੀ ਮਜ਼ਦੂਰ ਜਮਾਤ ਦੀ ਪ੍ਰਤੀਨਿਧਤਾ ਕਰਦਾ ਹੈ। ਸਾਰੀਆਂ ਆਸਾਂ ਕੇਵਲ ਉਸ ਤੇ ਉਸ ਦੇ ਹਮਾਇਤੀਆਂ ਤੇ ਜਰਮਨ ਪਰੋਲੇਤਾਰੀਏ ਉਤੇ ਹਨ। ਕੀ ਤੁਸੀਂ ਇਸ ਤੇ ਵਿਸ਼ਵਾਸ ਨਹੀਂ ਕਰਦੇ ? ਫਿਰ ਜੰਗ ਨੂੰ ਜਾਰੀ ਰੱਖੀ ਰੱਖੋ ! ਹੋਰ ਕੋਈ ਰਾਹ ਨਹੀਂ ਹੈ। ਜੇ ਤੁਸੀਂ ਲਿਬਕਨੇਖ਼ਤ ਤੇ ਵਿਸ਼ਵਾਸ ਨਹੀਂ ਕਰਦੇ, ਜੇ ਤੁਸੀਂ ਮਜ਼ਦੂਰਾਂ ਦੇ ਇਨਕਲਾਬ ਵਿਚ ਵਿਸ਼ਵਾਸ ਨਹੀਂ ਰੱਖਦੇ, ਇਕ ਇਨਕਲਾਬ ਅਗਾਂਹ ਵਧੀ ਆਇਆ—ਜੇ ਤੁਸੀਂ ਇਸ ਤੇ ਵਿਸ਼ਵਾਸ ਨਹੀਂ ਰੱਖਦੇ ਤਾਂ ਸਰਮਾਏਦਾਰਾਂ ਉਤੇ ਵਿਸ਼ਵਾਸ ਕਰੋ !

ਕਈ ਦੇਸ਼ਾਂ ਵਿਚ ਮਜ਼ਦੂਰਾਂ ਦੇ ਇਨਕਲਾਬ ਤੋਂ ਬਿਨਾਂ ਕੋਈ ਵੀ ਚੀਜ਼ ਇਨਸਾਨ ਨੂੰ ਹਾਰ ਨਹੀਂ ਦੇ ਸਕਦੀ। ਜੰਗ ਕੋਈ ਤਮਾਸ਼ਾ ਨਹੀਂ ਹੈ, ਇਹ ਇਕ ਭਿਆਨਕ ਚੀਜ ਹੈ ਜੋ ਲੱਖਾਂ ਲੋਕਾਂ ਦੀਆਂ ਜਾਨਾਂ ਖਤਮ ਕਰ ਰਹੀ ਹੈ ਅਤੇ ਇਸ ਨੂੰ ਆਸਾਨੀ ਨਾਲ ਖਤਮ ਨਹੀਂ ਕੀਤਾ ਜਾ ਸਕਦਾ।

ਮੋਰਚੇ ਉਤਲੇ ਸਿਪਾਹੀ ਮੋਰਚੇ ਨੂੰ ਬਾਕੀ ਰਾਜ ਤੋਂ ਵੱਖ ਨਹੀਂ ਕਰ ਸਕਦੇ ਅਤੇ ਮਾਮਲੇ ਨੂੰ ਆਪਣੇ ਢੰਗ ਨਾਲ ਹੱਲ ਨਹੀਂ ਕਰ ਸਕਦੇ। ਮੋਰਚੇ ਉਤਲੇ ਸਿਪਾਹੀ ਦੇਸ਼ ਦਾ ਇਕ ਭਾਗ ਹਨ। ਜਦੋਂ ਤਕ ਦੇਸ ਜੰਗ ਕਰ ਰਿਹਾ ਹੈ ਮੋਰਚਾ ਵੀ ਬਾਕੀਆਂ ਨਾਲ ਭੁਗਤੇਗਾ। ਇਸ ਬਾਰੇ ਕੁਝ ਵੀ ਨਹੀਂ ਕੀਤਾ ਜਾ ਸਕਦਾ। ਜੰਗ ਹਾਕਮ ਜਮਾਤਾਂ ਨੇ ਲਿਆਂਦੀ ਹੈ ਤੇ ਕੇਵਲ ਮਜ਼ਦੂਰ ਜਮਾਤ ਦਾ ਇਨਕਲਾਬ ਇਸ ਨੂੰ ਖਤਮ ਕਰ ਸਕਦਾ ਹੈ। ਤੁਸੀਂ ਇਕ ਤੁਰੰਤ ਅਮਨ ਪ੍ਰਾਪਤ ਕਰੋਗੇ ਜਾਂ ਨਹੀਂ, ਇਹ ਗੱਲ ਇਸ ਤੇ ਨਿਰਭਰ ਕਰਦੀ ਹੈ ਕਿ ਇਨਕਲਾਬ ਕਿਵੇਂ ਵਿਕਸਤ ਹੋਵੇਗਾ। ਭਾਂਵੇਂ ਕਿਹੋ ਜਿਹੀਆਂ ਭਾਵਕ ਗੱਲਾਂ ਆਖੀਆਂ ਜਾਣ, ਭਾਵੇਂ ਕਿੰਨਾ ਕੁਝ ਸਾਨੂੰ ਦਸਿਆ ਜਾਵੇ : ਸਾਨੂੰ ਜੰਗ ਤੁਰੰਤ ਖਤਮ ਕਰਨੀ ਚਾਹੀਦੀ ਹੈ—ਇਹ ਕੰਮ ਇਕ ਇਨਕਲਾਬ ਦੇ ਵਿਕਾਸ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ। ਜਦੋਂ ਸੱਤਾ ਸੋਵੀਅਤਾਂ ਦੇ ਹੱਥਾਂ ਵਿਚ ਆਉਂਦੀ ਹੈ ਸਰਮਾਏਦਾਰ ਸਾਡੇ ਵਿਰੁਧ ਹੋ ਜਾਣਗੇ। ਜਾਪਾਨ, ਫਰਾਂਸ, ਬਰਤਾਨੀਆ—ਸਾਰੇ ਦੇਸ਼ਾਂ ਦੀਆਂ ਸਰਕਾਰਾਂ ਸਾਡੇ ਵਿਰੁਧ ਹੋ ਜਾਣਗੀਆਂ। ਸਰਮਾਏਦਾਰ ਸਾਡੇ ਵਿਰੁਧ ਹੋਣਗੇ, ਪਰ ਮਜ਼ਦੂਰ ਸਾਡੇ ਹੱਕ ਵਿਚ ਹੋਣਗੇ। ਉਹ ਉਸ ਜੰਗ ਦਾ ਅੰਤ ਹੋਵੇਗਾ ਜੋ ਸਰਮਾਏਦਾਰਾਂ ਨੇ ਅਰੰਭ ਕੀਤੀ ਸੀ। ਜੰਗ ਨੂੰ ਕਿਵੇਂ ਖਤਮ ਕੀਤਾ ਜਾਵੇ, ਇਹ ਹੈ ਉਸ ਦਾ ਜੁਆਬ।

ਪਹਿਲਾਂ 23 ਅਪ੍ਰੈਲ 1929 ਨੂੰ
ਪਰਾਵਦਾ ਦੇ ਨੰਬਰ 93 ਵਿਚ ਪ੍ਰਕਾਸ਼ਤ।

# ਕੀ ਦੋਪਾਸੜੀ ਸੱਤਾ ਅਲੋਪ ਹੋ ਗਈ ਹੈ ?

ਇਹ ਅਲੋਪ ਨਹੀਂ ਹੋਈ ਹੈ। ਦੁਪਾਸੜੀ ਸੱਤਾ ਅਜੇ ਬਾਕੀ ਹੈ। ਹਰ ਇਨਕਲਾਬ ਦਾ ਬੁਨਿਆਦੀ ਸੁਆਲ, ਰਾਜ ਸੱਤਾ ਦਾ ਸੁਆਲ, ਅਜੇ ਵੀ ਗੈਰ-ਯਕੀਨੀ ਹੈ, ਅਤੇ ਪ੍ਰਤੱਖ ਤੌਰ ਤੇ ਅੰਤਰਕਾਲੀਨ ਹਾਲਤ ਹੈ।

ਉਦਾਹਰਣ ਵਿਚ ਵਜੋਂ ਕੈਬਨਿਟ ਦੇ ਅਖ਼ਬਾਰ ਰੀਸ਼ ਦਾ **ਇਜ਼ਵੇਸਤੀਆ, ਦਾਈਲੋ ਨਾਰੋਦਾ** ਅਤੇ **ਰਾਬੋਚਾਇਆ ਗਾਜ਼ੇਤਾ** ਨਾਲ ਮੁਕਾਬਲਾ ਕਰੋ। ਬਹੁਤ ਥੋੜੀਆਂ—ਮੈਂਦੇ ਸਾਰੀਆਂ ਹੀ ਬਹੁਤ ਥੋੜੀਆਂ— ਉਹਨਾਂ ਸਰਕਾਰੀ ਰੀਪੋਰਟਾਂ ਨੂੰ ਵਾਚੋ ਜੋ ਭਾਗਾਂ ਨੂੰ ਇਸ ਬਾਰੇ ਹਨ ਕਿ ਆਰਜ਼ੀ ਸਰਕਾਰ ਦੀਆਂ ਮੀਟਿੰਗਾਂ ਵਿਚ ਕੀ ਕੁਝ ਹੋ ਰਿਹਾ ਹੈ, ਕਿਵੇਂ ਸਰਕਾਰ ਅਤਿ ਜ਼ਰੂਰੀ ਮਸਲਿਆਂ ਉਤੇ ਬਹਿਸ ਨੂੰ ਕਈ ਇਕ ਨਿਸਚਿਤ ਰਾਹ ਅਪਨਾਉਣ ਬਾਰੇ ਆਪਣੀ ਅਯੋਗਤਾ ਕਾਰਨ ਕਿਵੇਂ "ਅਗਾਂਹ" ਪਾ ਰਹੀ ਹੈ। ਸੋਵੀਅਤਾਂ ਦੀ ਕਾਰਜ ਕਾਰਨੀ ਕਮੇਟੀ ਵਲੋਂ 16 ਮਈ ਨੂੰ ਪਾਸ ਕੀਤੇ ਮਤੇ ਦਾ ਅਧਿਅਨ ਕਰੋ ਜੋ ਆਰਥਕ ਗੜਬੜੀ ਨਾਲ ਕਿਵੇਂ ਨਿਪਟਿਆ ਜਾਵੇ ਤੇ ਸਿਰ ਤੇ ਅਧੋਗਤੀ ਨੂੰ ਕਿਵੇਂ ਟਾਲਿਆ ਜਾਵੇ, ਜਿਹੇ ਜ਼ਰੂਰੀ ਤੇ ਗੰਭੀਰ ਸੁਆਲ ਬਾਰੇ ਹੈ—ਤਾਂ ਤੁਸੀਂ ਵੇਖੋਗੇ ਕਿ ਦੁਪਾਸੜ ਸੱਤਾ ਜਿਉਂ ਦੀ ਤਿਉਂ ਹੈ।

ਹਰ ਕੋਈ ਮੰਨਦਾ ਹੈ ਕਿ ਦੇਸ਼ ਤੇਜ਼ੀ ਨਾਲ ਤਬਾਹੀ ਵਲ ਵਧ ਰਿਹਾ ਹੈ—ਫਿਰ ਵੀ ਇਸ ਸੁਆਲ ਵਲ ਬਹੁਤ ਮਾਮੂਲੀ ਧਿਆਨ ਦਿਤਾ ਗਿਆ ਹੈ।

ਕੀ ਇਹ ਮਸਲੇ ਨੂੰ ਅਖੋਂ ਓਹਲੇ ਕਰਨਾ ਨਹੀਂ ਜਦੋਂ ਸਿਰ ਤੇ ਖਲੋਤੀ ਆਰਥਕ ਤਬਾਹੀ ਜਿਹੇ ਗੰਭੀਰ ਮਸਲੇ ਉਤੇ ਮਤਾ, ਅਜਿਹੀ ਗੰਭੀਰ ਘੜੀ ਤੇ ਮਹਿਜ਼ ਕਮਿਸ਼ਨਾਂ, ਭਾਗਾਂ ਅਤੇ ਉਪ-ਵਿਭਾਗਾਂ ਦੀ ਰਚਨਾ ਹੀ ਕਰਦਾ ਹੈ; ਜਦੋਂ ਉਹੋ ਕਾਰਜ ਕਾਰਨੀ ਕਮੇਟੀ ਨੇ ਡੋਨੇਟਸ ਕੋਲਾ ਖਾਣ ਮਾਲਕਾਂ ਦੇ, ਜੋ ਜਾਣ ਬੁਝ ਕੇ ਪੈਦਾਵਾਰ ਵਿਚ ਗੜਬੜ ਪਾਉਂਦੇ ਕਸੂਰਵਾਰ ਪਾਏ ਗਏ ਹਨ, ਸਾਜ਼ਸ਼ੀ ਮਾਮਲੇ ਬਾਰੇ ਕੇਵਲ ਪਵਿੱਤਰ ਇੱਛਾਵਾਂ ਪ੍ਰਗਟ ਕਰਨ ਵਾਲਾ ਮਤਾ ਪਾਸ ਕਰਨ ਤੋਂ ਬਿਨਾਂ ਕੁਝ ਨਹੀਂ ਕੀਤਾ ? ਕੀਮਤਾਂ ਦੀ ਨਿਯੁਕਤੀ, ਮੁਨਾਫ਼ੇ ਦੀ ਵਿਵਸਥਾ, ਘੱਟ ਤੋਂ ਘੱਟ ਉਜਰਤ ਦੀ ਸਥਾਪਨਾ, ਅਤੇ ਰਾਜਸੀ ਕੰਟਰੋਲ ਵਾਲੇ ਟਰੱਸਟਾਂ ਦੀ ਰਚਨਾ—ਹਾਂ, ਕਿਵੇਂ, ਕਿਸ ਦੇ ਰਾਹੀਂ ? "ਡੋਨੇਟਸ-ਕਿਰੀਵੋਈ ਰੋਗ ਬੇਸਿਨ ਵਿਚ ਕੇਂਦਰੀ ਅਤੇ ਸਮਾਜਕ ਸੰਸਥਾਵਾਂ ਦੇ ਰਾਹੀਂ। ਇਹਨਾਂ ਸੰਸਥਾਵਾਂ ਦਾ ਜਮਹੂਰੀ ਲੱਛਣ ਹੋਣਾ ਚਾਹੀਦਾ ਹੈ ਅਤੇ ਇਹ, ਮਜ਼ਦੂਰਾਂ, ਮੁਲਾਜ਼ਮਾਂ, ਸਰਕਾਰ

# ਕਿਸਾਨਾਂ ਦੇ ਡਿਪਟੀਆਂ ਦੀ ਪਹਿਲੀ ਕੁਲ-ਰੂਸ ਕਾਂਗਰਸ

4-28 (17 ਮਈ-10 ਜੂਨ), 1917

## (1)

## ਜ਼ਰੱਈ ਸਵਾਲ ਬਾਰੇ ਮਤੇ ਦਾ ਖਰੜਾ

(1) ਸਭ ਜ਼ਮੀਨੀ ਜਗੀਰਾਂ ਅਤੇ ਨਿੱਜੀ-ਮਾਲਕੀ ਵਾਲੀਆਂ ਜ਼ਮੀਨਾਂ ਅਤੇ ਤਾਜ ਤੇ ਚਰਚ ਦੀਆਂ ਜ਼ਮੀਨਾਂ ਆਦਿ ਬਿਨਾਂ ਕਿਸੇ ਮੁਆਵਜ਼ੇ ਦੇ ਤੁਰੰਤ ਹੀ ਲੋਕਾਂ ਨੂੰ ਦੇ ਦਿੱਤੀਆਂ ਜਾਣ।

(2) ਕਿਸਾਨ-ਵਰਗ ਜਥੇਬੰਦ ਢੰਗ ਨਾਲ ਕਿਸਾਨਾਂ ਦੇ ਡਿਪਟੀਆਂ ਦੀਆਂ ਆਪਣੀਆਂ ਸੋਵੀਅਤਾਂ ਰਾਹੀਂ ਆਪਣੇ ਇਲਾਕਿਆਂ ਵਿਚ ਸਾਰੀ ਜ਼ਮੀਨ ਨੂੰ ਆਰਥਕ ਤੌਰ ਉਤੇ ਵਰਤਣ ਲਈ ਫ਼ੁਰਤ ਹੀ ਕਬਜ਼ੇ ਵਿਚ ਲੈ ਲੈਣ, ਪਰ ਇਸ ਤਰ੍ਹਾਂ ਕਰਨ ਲੱਗਿਆਂ ਸੰਵਿਧਾਨ ਸਭਾ ਵਲੋਂ ਜਾਂ ਸੋਵੀਅਤਾਂ ਦੀ ਕੁਲ-ਰੂਸ ਕੌਂਸਲ ਵਲੋਂ ਜੇਕਰ ਲੋਕ ਸੋਵੀਅਤਾਂ ਦੀ ਅਜਿਹੀ ਕੌਂਸਲ ਨੂੰ ਕੇਂਦਰੀ ਸੱਤਾ ਸੌਂਪਣ ਦਾ ਫ਼ੈਸਲਾ ਕਰਨ, ਤਾਂ ਭੋਂ ਦੇ ਨਿਯਮਾਂ ਦੀ ਅੰਤਮ ਸਥਾਪਤੀ ਨੂੰ ਕਿਸੇ ਤਰ੍ਹਾਂ ਵੀ ਹਾਨੀ ਨਾ ਪੁਚਾਉਣ।

(3) ਜ਼ਮੀਨ ਦੇ ਰੂਪ ਵਿਚ ਨਿੱਜੀ ਸੰਪਤੀ ਦਾ ਪੂਰੀ ਤਰ੍ਹਾਂ ਖ਼ਾਤਮਾ ਕਰ ਦਿੱਤਾ ਜਾਵੇ; ਅਰਥਾਤ, ਸਾਰੀ ਜ਼ਮੀਨ ਸਮੁੱਚੇ ਰਾਸ਼ਟਰ ਦੀ ਮਲਕੀਅਤ ਹੋਵੇ ਅਤੇ ਇਹਦਾ ਨਬੇੜਾ ਸਥਾਨਕ ਜਮਹੂਰੀ ਸੰਸਥਾਵਾਂ ਦੇ ਹੱਥ ਦੇ ਦਿੱਤਾ ਜਾਵੇ।

(4) ਕਿਸਾਨ ਜ਼ਮੀਨ ਦੇ ਤੁਰਤ ਨਬੇੜੇ ਬਾਰੇ ਸਥਾਨਕ ਭੋਂ-ਮਾਲਕਾਂ ਨਾਲ "ਸਮਝੌਤਾ ਕਰਨ" ਬਾਰੇ ਪੂੰਜੀਪਤੀਆਂ ਅਤੇ ਭੋਂ-ਪਤੀਆਂ ਦੀ ਅਤੇ ਉਹਨਾਂ ਦੀ ਆਰਜ਼ੀ ਹਕੂਮਤ ਦੀ ਸਲਾਹ ਨੂੰ ਰੱਦ ਕਰ ਦੇਣ। ਸਾਰੀ ਜ਼ਮੀਨ ਦਾ ਨਬੇੜਾ ਸਥਾਨਕ ਕਿਸਾਨਾਂ ਦੀ ਬਹੁ-ਗਿਣਤੀ ਦੇ ਜਥੇਬੰਦਕ ਫ਼ੈਸਲੇ ਰਾਹੀਂ ਹੋਵੇ, ਨਾ ਕਿ ਬਹੁ-ਗਿਣਤੀ ਅਰਥਾਤ ਕਿਸਾਨਾਂ ਅਤੇ ਘੱਟ-ਗਿਣਤੀ ਤੇ ਉਹ ਤੁੱਛ ਜਿਹੀ ਘੱਟ-ਗਿਣਤੀ, ਅਰਥਾਤ ਭੋਂ-ਮਾਲਕਾਂ, ਵਿਚਕਾਰ ਸਮਝੌਤੇ ਰਾਹੀਂ।

(5) ਬਿਨਾਂ ਮੁਆਵਜ਼ਾ ਕਿਸਾਨਾਂ ਨੂੰ ਸਭ ਜ਼ਮੀਨੀ ਸੰਪਤੀ ਮੁਨਤਕਿਲ ਕਰਨ ਵਿਰੁੱਧ ਸਿਰਫ਼ ਭੋਂ-ਪਤੀ ਹੀ ਨਹੀਂ ਲੜ ਰਹੇ ਅਤੇ ਉਹ ਜਿੰਨੀ ਸਖ਼ਤੀ ਨਾਲ ਲੜ ਸਕਦੇ ਹਨ ਲੜਦੇ ਰਹਿਣਗੇ, ਸਗੋਂ ਪੂੰਜੀਪਤੀ ਵੀ ਲੜ ਰਹੇ ਹਨ ਜਿਹੜੇ ਆਪਣੇ ਧਨ ਕਰ ਕੇ ਅਤੇ ਅਖ਼ਬਾਰਾਂ ਅਤੇ ਬੇਅੰਤ ਕਰਮਚਾਰੀਆਂ, ਮੁਲਾਜ਼ਮਾਂ ਆਦਿ ਰਾਹੀਂ ਜਿਹੜੇ ਪੂੰਜੀ ਦੇ ਗ਼ਲਬੇ ਦੇ ਆਦੀ ਹਨ ਅਜੇ ਤਕ ਅਗਿਆਨੀ ਜਨਤਾ ਉੱਤੇ ਵੱਡਾ ਦਬਾਓ ਰੱਖਦੇ ਹਨ। ਇਸ ਲਈ ਬਿਨਾਂ ਮੁਆਵਜ਼ੇ ਦੇ ਕਿਸਾਨ ਵਰਗ ਨੂੰ ਸਾਰੀ ਜਮੀਨੀ ਸੰਪਤੀ ਦਾ ਇੰਤਕਾਲ ਉਦੋਂ ਤੱਕ ਪੂਰਨ ਅਤੇ ਸੁਰੱਖਿਅਤ ਅਧਾਰ ਉੱਤੇ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਪੂੰਜੀਪਤੀਆਂ ਵਿਚ ਕਿਸਾਨ ਜਨਤਾ ਦਾ ਵਿਸ਼ਵਾਸ ਤਬਾਹ ਨਹੀਂ ਹੋ ਜਾਂਦਾ, ਜਦੋਂ ਤੱਕ ਕਿਸਾਨ-ਵਰਗ ਅਤੇ ਸ਼ਹਿਰੀ ਮਜ਼ਦੂਰਾਂ ਵਿਚਕਾਰ ਸੰਘਣਾ ਏਕਾ ਕਾਇਮ ਨਹੀਂ ਹੋ ਜਾਂਦਾ ਅਤੇ ਜਦੋਂ ਤੱਕ ਮਜ਼ਦੂਰਾਂ, ਸਿਪਾਹੀਆਂ, ਕਿਸਾਨਾਂ ਦੀਆਂ ਅਤੇ ਦੂਜੇ ਡਿਪਟੀਆ ਦੀਆਂ ਸੋਵੀਅਤਾਂ ਰਾਜ-ਸੱਤਾ ਉੱਤੇ ਪੂਰੀ ਤਰ੍ਹਾਂ ਕਬਜ਼ਾ ਨਹੀਂ ਕਰ ਲੈਂਦੀਆਂ। ਅਜਿਹੀਆਂ ਸੋਵੀਅਤਾ ਦੇ ਹੱਥ ਰਾਜ-ਸੱਤਾ ਆਉਣ, ਪੁਲਸ ਜਾਂ ਨੌਕਰਸ਼ਾਹੀ ਜਾ ਲੋਕਾਂ ਨਾਲ ਨਿਖੜੀ ਹੋਈ ਪੱਕੀ ਫ਼ੌਜ ਰਾਹੀਂ ਨਹੀਂ ਸਗੋਂ ਮਜ਼ਦੂਰਾਂ ਤੇ ਕਿਸਾਨਾਂ ਦੀ ਰਾਸ਼ਟਰ-ਵਿਆਪੀ, ਸਰਬ-ਲੌਕਿਕ ਅਤੇ ਹਥਿਆਰਬੰਦ ਮਿਲੀਸ਼ੀਆ ਰਾਹੀਂ ਰਾਜ ਦੇ ਪ੍ਰਬੰਧ ਸਦਕਾ ਹੀ ਉਪਰੋਕਤ ਜ਼ਰਈ ਸੁਧਾਰਾਂ ਦੀ ਸਾਕਾਰਤਾ ਦੀ ਜਾਮਨੀ ਦਿੱਤੀ ਜਾ ਸਕਦੀ ਹੈ, ਸੁਧਾਰ ਜਿਨ੍ਹਾਂ ਦੀ ਮੰਗ ਸਮੁੱਚਾ ਕਿਸਾਨ-ਵਰਗ ਕਰ ਰਿਹਾ ਹੈ।

(6) ਖੇਤ ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾ, ਅਰਥਾਤ ਉਨ੍ਹਾਂ ਨੂੰ ਜੋ ਕਾਫ਼ੀ ਜ਼ਮੀਨ, ਪਸ਼ੂਆਂ ਅਤੇ ਸੰਦਾਂ ਦੀ ਘਾਟ ਕਾਰਨ ਆਪਣਾ ਨਿਰਬਾਹ ਕਿਸੇ ਕਦਰ ਭਾੜੇ ਉੱਤੇ ਕੰਮ ਕਰ ਕੇ ਕਰਦੇ ਹਨ, ਆਪਣੇ ਆਪ ਨੂੰ ਵੱਖਰੀਆਂ ਸੋਵੀਅਤਾਂ ਵਿਚ ਜਾਂ ਆਮ ਕਿਸਾਨਾਂ ਦੀਆਂ ਸੋਵੀਅਤਾਂ ਦੇ ਅੰਦਰ-ਅੰਦਰ ਵੱਖਰੇ ਗਰੁੱਪਾਂ ਵਿਚ ਸੁਤੰਤਰ ਤੌਰ ਉੱਤੇ ਜਥੇਬੰਦ ਕਰਨ ਦਾ ਅਤਿ ਸਖ਼ਤ ਜਤਨ ਕਰਨਾ ਚਾਹੀਦਾ ਹੈ ਤਾਂ ਜੋ ਉਹ ਧਨੀ ਕਿਸਾਨਾਂ ਵਿਰੁੱਧ, ਜਿਹੜੇ ਅਟੱਲ ਤੌਰ ਉੱਤੇ ਪੂੰਜੀਪਤੀਆਂ ਅਤੇ ਭੋਂ-ਪਤੀਆ ਨਾਲ ਏਕੇ ਲਈ ਜਤਨ ਕਰਦੇ ਹਨ, ਆਪਣੇ ਹਿੱਤਾਂ ਦੀ ਰੱਖਿਆ ਕਰਨ।

(7) ਜੰਗ ਦੇ ਸਿੱਟੇ ਵਜੋਂ ਜੰਗ ਵਿਚ ਸ਼ਾਮਲ ਸਭਨਾਂ ਦੇਸ਼ਾਂ ਅਤੇ ਕਈ ਨਿਰਪੱਖ (ਜੰਗ ਵਿਚ ਨਾ ਸਾਮਲ) ਦੇਸਾਂ ਵਾਂਗ, ਰੂਸ, ਮਜਦੂਰਾਂ, ਕੋਲੇ, ਲੋਹੇ ਆਦਿ ਦੀ ਥੁੜ ਕਾਰਨ ਪਤਨ, ਤਬਾਹੀ ਅਤੇ ਕਾਲ ਦਾ ਸਾਹਮਣਾ ਕਰ ਰਿਹਾ ਹੈ। ਦੇਸ ਨੂੰ ਬਚਾਉਣ ਦਾ ਇਕੋ ਇਕ ਰਾਹ ਇਹ ਹੈ ਕਿ ਮਜ਼ਦੂਰਾਂ ਤੇ ਕਿਸਾਨਾ ਦੀਆਂ ਸੋਵੀਅਤਾ ਸਮੁੱਚੀ ਪੈਦਾਵਾਰ ਅਤੇ ਮਾਲ ਦੀ ਵੰਡ ਦਾ ਕੰਟਰੋਲ ਅਤੇ ਪ੍ਰਬੰਧ ਆਪਣੇ ਹੱਥ ਲੈ ਲੈਣ। ਇਸ ਲਈ ਇਹ ਜਰੂਰੀ ਹੈ ਕਿ ਪੂੰਜੀਪਤੀਆਂ ਦੇ ਮਾਧਿਅਮ ਤੋਂ ਬਿਨਾ ਜਿਨ੍ਹਾਂ ਨੂੰ ਫ਼ੈਕਟਰੀਆ ਦੇ ਪ੍ਰਬੰਧ ਤੋਂ ਹਟਾ ਦੇਣਾ ਚਾਹੀਦਾ ਹੈ, ਸੰਦਾਂ, ਜੁੱਤੀਆਂ ਕੱਪੜੇ ਆਦਿ ਲਈ ਅਨਾਜ ਅਤੇ ਦੂਜੀਆ ਪੇਂਡੂ ਉਪਜਾਂ ਦੇ ਵਟਾਂਦਰੇ ਬਾਰੇ ਕਿਸਾਨਾਂ ਦੇ ਡਿਪਟੀਆ ਦੀਆਂ ਸੋਵੀਅਤਾ ਅਤੇ ਮਜ਼ਦੂਰਾ ਦੇ ਡਿਪਟੀਆਂ ਦੀਆਂ ਸੋਵੀਅਤਾਂ ਅਤੇ ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਵਿਚਕਾਰ ਸਮਝੌਤਿਆਂ ਦਾ ਪ੍ਰਬੰਧ ਕਰਨ ਤੋਂ ਤੁਰੰਤ ਹੀ ਚਲਿਆ ਜਾਵੇ। ਇਸੇ ਮੰਤਵ ਨੂੰ ਸਾਹਮਣੇ ਰੱਖਦਿਆਂ ਕਿਸਾਨ ਕਮੇਟੀਆਂ ਦੀ ਭੋਂ-ਪਤੀਆਂ ਦੇ ਪਸ਼ੂਆਂ ਅਤੇ ਸੰਦਾਂ ਉੱਤੇ ਕਬਜ਼ਾ ਕਰਨ ਦੀ ਹੌਸਲਾ-ਅਫ਼ਜ਼ਾਈ ਕੀਤੀ ਜਾਵੇ ਅਤੇ ਇਨ੍ਹਾਂ ਪਸ਼ੂਆਂ ਅਤੇ ਸੰਦਾਂ ਦੀ ਸਾਂਝੀ ਵਰਤੋਂ ਕੀਤੀ ਜਾਵੇ। ਇਵੇਂ ਹੀ ਸਭਨਾਂ ਵੱਡੀਆਂ ਜ਼ਮੀਨੀ ਸੰਪਤੀਆਂ ਦੀ ਮਾਡਲ ਫ਼ਾਰਮਾਂ ਵਿਚ ਤਬਦੀਲੀ ਦੀ ਹੌਸਲਾ-ਅਫ਼ਜ਼ਾਈ ਕੀਤੀ ਜਾਵੇ। ਜ਼ਮੀਨ ਦੀ ਕਾਸ਼ਤ ਖੇਤੀ ਮਾਹਿਰਾਂ ਦੀ

ਅਜ਼ਾਦੀ ਵਿਚ ਅਤੇ ਖੇਤ ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸਥਾਨਕ ਸੋਵੀਅਤਾਂ ਦੀ ਵੰਡ ਅਨੁਸਾਰ ਵਧੀਆ ਸੰਦਾਂ ਦੀ ਮੱਦਦ ਨਾਲ ਸਾਂਝੇ ਤੌਰ ਉਤੇ ਕੀਤੀ ਜਾਵੇ ।

17 ਮਈ (30), 1917 ਤੋਂ ਪਹਿਲਾਂ ਲਿਖਿਆ,

1917 ਵਿਚ **ਜ਼ਰੱਈ ਸਵਾਲ ਬਾਰੇ ਸਮੱਗਰੀ** ਨਾਂਅ ਦੇ
ਪੈਂਫਲਿਟ ਵਿਚ ਪਹਿਲੀ ਵਾਰ ਪ੍ਰਕਾਸ਼ਤ ਹੋਇਆ,
ਪਰੀਖੇਦੀ ਪਰਕਾਸ਼ਕ

## (2)

## ਜ਼ਰੱਈ ਸਵਾਲ ਬਾਰੇ ਤਕਰੀਰ

22 ਮਈ (4 ਜੂਨ), 1917

ਸਾਥੀਓ ! ਮਤਾ, ਜੋ ਕਿਸਾਨਾਂ ਦੀ ਸੋਵੀਅਤ ਦੇ ਸੋਸ਼ਲ-ਡੈਮੋਕਰੈਟਿਕ ਗਰੁੱਪ ਵਲੋਂ ਤੁਹਾਡੇ ਸਾਹਮਣੇ ਰੱਖਣ ਦਾ ਮਾਣ ਮੈਨੂੰ ਹਾਸਲ ਹੈ, ਛਾਪਿਆ ਅਤੇ ਡੇਲੀਗੇਟਾਂ ਵਿਚ ਵੰਡਿਆ ਜਾ ਚੁਕਿਆ ਹੈ । ਜੇ ਕਿਸੇ ਡੇਲੀਗੇਟ ਨੂੰ ਇਹ ਨਹੀਂ ਮਿਲਿਆ ਤਾਂ ਸਭਨਾਂ ਨੂੰ ਦੇਣ ਲਈ, ਜਿਹੜੇ ਲੈਣਾ ਚਾਹੁਣ, ਭਲਕੇ ਹੋਰ ਕਾਪੀਆਂ ਛਪਵਾ ਲਈਆਂ ਜਾਣਗੀਆਂ ।

ਇਕ ਛੋਟੀ ਜਿਹੀ ਰਿਪੋਰਟ ਵਿਚ ਮੈਂ, ਠੀਕ ਬੱਸ ਮੁੱਖ ਬੁਨਿਆਦੀ ਸਵਾਲਾਂ ਨੂੰ ਹੀ ਵਿਚਾਰ ਸਕਦਾ ਹਾਂ । ਉਹ, ਜਿਹੜੇ ਕਿਸਾਨ-ਵਰਗ ਅਤੇ ਮਜ਼ਦੂਰ ਜਮਾਤ ਲਈ ਅਤਿ ਵੱਡੀ ਦਿਲਚਸਪੀ ਵਾਲੇ ਹਨ, ਜਿਹੜੇ ਇਸ ਸਵਾਲ ਬਾਰੇ ਵਧੇਰੇ ਵਿਸਥਾਰ ਚਾਹੁੰਦੇ ਹੋਣ, ਮੈਂ ਆਪਣੀ ਪਾਰਟੀ, ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ (ਬਾਲਸ਼ਵਿਕ) ਦੇ ਮਤੇ ਦੀ ਸਿਫ਼ਾਰਸ਼ ਕਰ ਸਕਦਾ ਹਾਂ, ਜਿਹੜਾ **ਸੋਲਦਾਤਸਕਾਇਆ ਪ੍ਰਾਵਦਾ** ਨੰ: 13 ਦੇ ਜ਼ਮੀਮੇ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ ਸੀ ਅਤੇ ਸਾਡੇ ਅਖ਼ਬਾਰ **ਪ੍ਰਾਵਦਾ** ਵਿਚ ਵਾਰ ਵਾਰ ਛਪਿਆ ਸੀ । ਹਾਲ ਦੀ ਘੜੀ ਮੈਂ ਆਪਣੇ ਆਪ ਨੂੰ ਜ਼ਰੱਈ ਸਵਾਲ ਬਾਰੇ ਆਪਣੇ ਮਤੇ ਦੀ ਅਤੇ ਸਾਡੇ ਪਾਰਟੀ ਪ੍ਰੋਗਰਾਮ ਦੇ ਵਧੇਰੇ ਅਹਿਮ ਨੁਕਤਿਆਂ ਦੀ ਵਿਆਖਿਆ ਤਕ ਹੀ ਸੀਮਤ ਰਖਾਂਗਾ ਜਿਹੜੇ ਅਤਿ ਬਹਿਸ-ਗੋਚਰੇ ਹਨ ਅਤੇ ਗ਼ਲਤ ਫ਼ਹਿਮੀ ਨੂੰ ਜਨਮ ਦਿੰਦੇ ਹਨ । ਇਹਨਾਂ ਮੂਲ ਨੁਕਤਿਆਂ ਵਿਚੋਂ ਇਕ ਉਹ ਹੈ ਜਿਹੜਾ ਉਸ ਸਮਾਗਮ ਵਿਚ ਜਿਸ ਬਾਰੇ ਤੁਸਾਂ ਸੁਣਿਆ ਹੋਵੇਗਾ ਜਾਂ ਕਲ੍ਹ ਜਾਂ ਪਰਸੋਂ ਦੇ ਅਖ਼ਬਾਰ ਵਿਚ ਪੜ੍ਹਿਆ ਹੋਵੇਗਾ, ਮੁੱਖ ਭੋਂ-ਕਮੇਟੀ ਵਿਚ ਕਲ੍ਹ ਜਾਂ ਪਰਸੋਂ ਵਿਚਾਰਿਆ ਗਿਆ ਸੀ । ਮੁੱਖ ਭੋਂ-ਕਮੇਟੀ ਦੇ ਸਮਾਗਮ ਵਿਚ ਸਾਡੀ ਪਾਰਟੀ ਦਾ ਪ੍ਰਤੀਨਿਧ, ਕੇਂਦਰੀ ਕਮੇਟੀ ਵਿਚ ਮੇਰਾ ਸਾਥੀ ਕਾਮਰੇਡ ਸਮਿਲਗਾ ਸ਼ਾਮਲ ਹੋਇਆ ਸੀ । ਉਹਨੇ ਸਮਾਗਮ ਸਾਹਮਣੇ ਇਹ ਤਜਵੀਜ਼ ਪੇਸ਼ ਕੀਤੀ ਕਿ ਮੁਖ ਭੋਂ-ਕਮੇਟੀ ਆਪਣੇ ਆਪ ਨੂੰ ਇਹਦੇ ਹੱਕ ਵਿਚ ਪ੍ਰਗਟਾਏ ਕਿ ਕਿਸਾਨ ਜ਼ਮੀਨੀ ਸੰਪਤੀ ਉਤੇ ਫ਼ੌਰਨ ਹੀ ਜਥੇਬੰਦਕ ਕਬਜ਼ਾ ਕਰ ਲੈਣ, ਪਰ ਕਾਮਰੇਡ ਸਮਿਲਗਾ ਦੀ ਤਜਵੀਜ਼ ਉਤੇ ਬਹੁਤ

ਸਾਰੇ ਸਖ਼ਤ ਇਤਰਾਜ਼ ਕੀਤੇ ਗਏ। (ਆਵਾਜ਼ਾਂ : "ਇਥੇ ਵੀ ਹਨ")। ਹੁਣੇ ਦਸਿਆ ਗਿਆ ਹੈ ਕਿ ਇਥੇ ਵੀ ਕਈ ਸਾਥੀ ਏਸ ਤਜਵੀਜ਼ ਵਿਰੁਧ ਤਕਰੀਰ ਕਰਨਗੇ। ਇਹ ਆਪਣੇ ਪ੍ਰੋਗਰਾਮ ਵਿਚ ਏਸ ਨੁਕਤੇ ਨੂੰ ਮੇਰੇ ਵਲੋਂ ਸਪੱਸ਼ਟ ਕੀਤੇ ਜਾਣ ਦਾ ਹੋਰ ਵੱਡਾ ਕਾਰਨ ਹੈ, ਕਿਉਂਕਿ ਜੋ ਮੈਂ ਸਮਝਦਾ ਹਾਂ ਕਿ ਸਾਡੇ ਪ੍ਰੋਗਰਾਮ ਵਿਚ ਉਠਾਏ ਗਏ ਬਹੁਤੇ ਇਤਰਾਜ਼ ਗਲਤ ਫ਼ਹਿਮੀ ਉਤੇ ਜਾਂ ਸਾਡੇ ਵਿਚਾਰਾਂ ਨੂੰ ਤੋੜ-ਮਰੋੜ ਕੇ ਦੱਸਣ ਉਤੇ ਆਧਾਰਤ ਹਨ।

ਸਾਡੇ ਸਾਰੇ ਪਾਰਟੀ ਮਤੇ, ਸਾਡੇ ਅਖ਼ਬਾਰ ਪ੍ਰਾਵਦਾ ਵਿਚ ਛਪੇ ਸਭ ਲੇਖ ਕੀ ਕਹਿੰਦੇ ਹਨ ? ਅਸੀਂ ਕਹਿੰਦੇ ਹਾਂ ਕਿ ਸਾਰੀ ਜ਼ਮੀਨ, ਬਿਨਾਂ ਛੋਟ ਦੇ, ਸਮੁੱਚੇ ਰਾਸ਼ਟਰ ਦੀ ਸੰਪਤੀ ਬਣ ਜਾਣੀ ਚਾਹੀਦੀ ਹੈ। ਅਸੀਂ ਖ਼ਾਸ ਤੌਰ ਉਤੇ 1905 ਦੀ ਕਿਸਾਨ ਲਹਿਰ ਨੂੰ ਅਤੇ ਪਹਿਲੀ ਤੇ ਦੂਜੀ ਡੂਮਾ ਵਿਚ ਕਿਸਾਨ ਡਿਪਟੀਆਂ ਵਲੋਂ ਦਿਤੇ ਗਏ ਬਿਆਨਾਂ ਨੂੰ ਘੋਖਣ ਪਿਛੋਂ ਏਸ ਸਿੱਟੇ ਉਤੇ ਪੁਜੇ ਹਾਂ। ਡੂਮਾ ਜਿਥੇ ਰੂਸ ਭਰ ਤੋਂ ਆਏ ਕਈ ਕਿਸਾਨਾਂ ਡਿਪਟੀ ਅਨੁਕੂਲ—ਨਿਰਸੰਦੇਹ, ਅਨੁਕੂਲ—ਆਜ਼ਾਦੀ ਨਾਲ ਬੋਲ ਸਕੇ ਸਨ।

ਸਾਡੀ ਜ਼ਮੀਨ ਸਮੁੱਚੇ ਰਾਸ਼ਟਰ ਦੀ ਸੰਪਤੀ ਹੋਣੀ ਚਾਹੀਦੀ ਹੈ। ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਜ਼ਮੀਨੀ ਸੰਪਤੀਆਂ, ਬਿਨਾਂ ਅਦਾਇਗੀ, ਸਥਾਨਕ ਕਿਸਾਨਾਂ ਨੂੰ ਤੁਰੰਤ ਹੀ ਮੁਨਤਕਿਲ ਕਰਨ ਦੀ ਹਮਾਇਤ ਕਰ ਕੇ ਅਸੀਂ ਕਿਸੇ ਤਰ੍ਹਾਂ ਵੀ ਨਿੱਜੀ ਸੰਪਤੀ ਵਜੋਂ ਇਹਨਾਂ ਜ਼ਮੀਨਾਂ ਉਤੇ ਕਬਜ਼ੇ ਦੀ ਹਮਾਇਤ ਨਹੀਂ ਕਰਦੇ, ਅਸੀਂ ਕਿਸੇ ਤਰ੍ਹਾਂ ਵੀ ਇਹਨਾਂ ਜ਼ਮੀਨਾਂ ਦੀ ਵੰਡ ਦੀ ਹਮਾਇਤ ਨਹੀਂ ਕਰਦੇ। ਸਾਡਾ ਯਕੀਨ ਹੈ ਕਿ ਜ਼ਮੀਨ ਸਥਾਨਕ ਕਿਸਾਨ ਡਿਪਟੀਆਂ ਦੀ ਬਹੁ-ਗਿਣਤੀ ਵਲੋਂ ਕੀਤੇ ਗਏ ਫੈਸਲੇ ਅਨੁਸਾਰ ਇਕ ਬਿਜਾਈ ਲਈ ਮਿਲਣੀ ਚਾਹੀਦੀ ਹੈ। ਅਸੀਂ ਕਿਸੇ ਤਰ੍ਹਾਂ ਵੀ ਇਹਦੀ ਹਮਾਇਤ ਨਹੀਂ ਕਰਦੇ ਕਿ ਇਹ ਜ਼ਮੀਨ ਨਿੱਜੀ ਸੰਪਤੀ ਵਜੋਂ ਉਹਨਾਂ ਕਿਸਾਨਾਂ ਦੇ ਹਵਾਲੇ ਕਰ ਦਿਤੀ ਜਾਵੇ ਜਿਹਨਾਂ ਨੂੰ ਇਹ ਹੁਣ ਇਕ ਬਿਜਾਈ ਲਈ ਮਿਲ ਰਹੀ ਹੈ। ਸਾਡੀ ਤਜਵੀਜ਼ ਦੇ ਸਬੰਧ ਵਿਚ ਇਸ ਤਰ੍ਹਾਂ ਦੇ ਸਾਰੇ ਇਤਰਾਜ਼ ਜੋ ਮੈਂ ਲਗਾਤਾਰ ਸੁਣਦਾ ਰਹਿੰਦਾ ਹਾਂ ਅਤੇ ਪੂੰਜੀਵਾਦੀ ਅਖ਼ਬਾਰਾਂ ਦੇ ਪੰਨਿਆਂ ਉਤੇ ਪੜ੍ਹਦਾ ਰਹਿੰਦਾ ਹਾਂ, ਸਾਡੇ ਵਿਚਾਰਾਂ ਨੂੰ ਸਰਾਸਰ ਤੋੜ-ਮਰੋੜ ਕੇ ਪੇਸ਼ ਕਰਨ ਉਤੇ ਅਧਾਰਤ ਹਨ। ਕਿਉਂਕਿ, ਅਸਾਂ ਕਿਹਾ ਹੈ—ਕਿ ਜ਼ਮੀਨ ਸਮੁੱਚੇ ਰਾਸ਼ਟਰ ਦੀ ਸੰਪਤੀ ਹੋਣੀ ਚਾਹੀਦੀ ਹੈ ਅਤੇ ਇਹਨੂੰ ਇਹ ਬਿਨਾਂ ਕੁਝ ਅਦਾ ਕੀਤੇ ਲੈ ਲੈਣੀ ਚਾਹੀਦੀ ਹੈ—ਇਹ ਸਪੱਸ਼ਟ ਹੈ ਕਿ ਜ਼ਮੀਨ ਦੇ ਅੰਤਮ ਨਬੇੜੇ ਲਈ ਪ੍ਰਬੰਧ, ਜ਼ਮੀਨ ਬਾਰੇ ਨਿਯਮਾਂ ਦੀ ਅੰਤਮ ਸਥਾਪਤੀ ਕੇਂਦਰੀ ਰਾਜ-ਸੱਤਾ, ਅਰਥਾਤ ਸੰਵਿਧਾਨ ਸਭਾ ਜਾਂ ਸੋਵੀਅਤਾਂ ਦੀ ਕੁਲ-ਰੂਸੀ ਕੌਂਸਲ ਦੁਆਰਾ ਹੀ ਹੋਣੀ ਚਾਹੀਦੀ ਹੈ ਜੇ ਕਰ ਆਮ ਕਿਸਾਨ ਅਤੇ ਮਜ਼ਦੂਰ ਸੋਵੀਅਤਾਂ ਦੀ ਕੌਂਸਲ ਵਰਗੀ ਅਜਿਹੀ ਰਾਜ-ਸੱਤਾ ਕਾਇਮ ਕਰ ਲੈਣ। ਇਸ ਬਾਰੇ ਕੋਈ ਮੱਤ-ਭੇਦ ਨਹੀਂ ਹਨ।

ਮੱਤ-ਭੇਦ ਤਾਂ ਇਸ ਪਿਛੋਂ ਸ਼ੁਰੂ ਹੋਏ, ਜਦੋਂ ਸਾਨੂੰ ਕਿਹਾ ਜਾਂਦਾ ਹੈ : "ਜੇ ਇੰਜ ਹੈ ਤਾਂ ਕਿਸਾਨ-ਵਰਗ ਨੂੰ ਜ਼ਮੀਨੀ ਸੰਪਤੀ ਦਾ ਤੁਰਤ ਹੀ ਬਿਨਾਂ ਮੁਆਵਜ਼ਾ ਇੰਤਕਾਲ ਨਜਾਇਜ਼ ਹੋਵੇਗਾ।" ਇਹ ਹੈ ਵਿਚਾਰ ਜੋ ਖੇਤੀਬਾੜੀ ਦੇ ਮੰਤਰੀ ਸ਼ਿੰਗਾਰੀਓਵ ਨੇ ਆਪਣੀ ਉੱਘੀ ਤਾਰ ਵਿਚ ਅਤਿ ਠੀਕ ਠੀਕ, ਅਤਿ ਅਧਿਕਾਰ ਨਾਲ ਅਤੇ ਵਜ਼ਨੀ ਤਰ੍ਹਾਂ ਪ੍ਰਗਟਾਇਆ। ਅਸੀਂ ਏਸ ਵਿਚਾਰ ਨੂੰ ਕਪਟੀ, ਅਯੋਗ, ਕਿਸਾਨ ਵਰਗ ਲਈ ਅਤਿ ਹਾਨੀਕਾਰਕ, ਕਾਸ਼ਤਕਾਰਾਂ ਲਈ ਹਾਨੀਕਾਰਕ ਸਮਝਦੇ ਹਾਂ, ਅਤੇ ਇਹ ਦੇਸ਼ ਨੂੰ ਅਨਾਜ ਦੀ ਸਪਲਾਈ ਨੂੰ ਯਕੀਨੀ ਨਹੀਂ ਬਣਾਉਂਦਾ। ਤੁਹਾਨੂੰ ਇਹ ਵਿਖਾਉਣ ਲਈ ਕਿ ਸਾਨੂੰ ਬਹੁਤਾ ਕਿਹੜਾ ਇਤਰਾਜ਼ ਹੈ, ਇਹ ਤਾਰ ਪੜ੍ਹ ਕੇ

ਸੁਣਾਉਣ ਦੀ ਆਗਿਆ ਦਿਓ :

"ਆਮ ਰਾਜਕੀ ਕਾਨੂੰਨ ਦੀ ਅਣਹੋਂਦ ਵਿਚ ਜ਼ਮੀਨ ਦੇ ਸਵਾਲ ਦੇ ਸੁਤੰਤਰ ਹੱਲ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਧੱਕੇਸ਼ਾਹੀ ਵਾਲੇ ਅਮਲ ਦਾ ਸਿੱਟਾ ਕੌਮੀ ਬਿਪਤਾ ਵਿਚ ਨਿਕਲੇਗਾ...ਜ਼ਮੀਨ ਦੇ ਸਵਾਲ ਦਾ ਕਾਨੂੰਨੀ ਹੱਲ ਸੰਵਿਧਾਨ ਸਭਾ ਦਾ ਕੰਮ ਹੈ। ਇਸ ਵੇਲੇ ਭੋਂ ਵਾਹੁਣ ਵਾਲਿਆਂ ਅਤੇ ਭੋਂ ਮਾਲਕਾਂ ਨੇ ਖੇਂਝੂ ਸਪਲਾਈ ਕਮੇਟੀਆਂ ਅਧੀਨ ਹਰ ਸਥਾਨਕ ਇਲਾਕੇ ਵਿਚ ਜ਼ਰਾਇਤੀ ਰਾਬਤਾ ਸਦਨ ਕਾਇਮ ਕਰ ਲਏ ਹਨ।"

ਇਹ ਇਸ ਸਵਾਲ ਬਾਰੇ ਹਕੂਮਤ ਦੇ ਬਿਆਨ 'ਚੋਂ ਮੁਖ ਪੈਰਾ ਹੈ। ਜੇ ਤੁਸੀਂ ਇਸ ਸਵਾਲ ਬਾਰੇ ਮੁਖ ਭੋਂ-ਕਮੇਟੀ ਦੇ ਮਤੇ ਨੂੰ, ਜਿਹੜਾ ਕਲ੍ਹ ਜਾਂ ਪਰਸੋਂ ਪਾਸ ਕੀਤਾ ਗਿਆ, ਅਤੇ ਉਸ ਮਤੇ ਨੂੰ ਵੇਖੋ ਜਿਹੜਾ ਡੂਮਾ ਦੇ ਡਿਪਟੀਆਂ ਦੀ ਨਿੱਜੀ ਇੱਕਤਰਤਾ ਵਿਚ, ਇਹਨੀ ਦਿਨੀਂ, ਪਾਸ ਕੀਤਾ ਗਿਆ ਤਾਂ ਤੁਸੀਂ ਜਾਣ ਸਕੋਗੇ ਕਿ ਦੋਵੇਂ ਮਤੇ ਇਕੋ ਦ੍ਰਿਸ਼ਟੀਕੋਣ ਤੋਂ ਚਲਦੇ ਹਨ। ਕਿਸਾਨਾਂ ਉਤੇ ਜਿਹੜੇ ਜ਼ਮੀਨ ਚਾਹੁੰਦੇ ਹਨ, ਜ਼ਮੀਨ ਜੋ ਸਥਾਨਕ ਕਿਸਾਨ ਕਮੇਟੀਆਂ ਦੁਆਰਾ ਵੰਡੀ ਗਈ ਅਤੇ ਕਿਸਾਨਾਂ ਨੂੰ ਬਿਨਾਂ ਮੁਆਵਜ਼ੇ ਦੇ ਦਿਤੀ ਗਈ, ਇਸ ਮਨੌਤ ਕਾਰਨ ਨਾਜਾਇਜ਼ ਕਾਰਵਾਈਆਂ ਦਾ ਦੋਸ਼ ਥੱਪਿਆ ਜਾਂਦਾ ਹੈ ਕਿ ਸਿਰਫ਼ ਕਿਸਾਨਾਂ ਤੇ ਭੋਂ ਮਾਲਕਾਂ ਵਿਚਕਾਰ ਸਵੈ-ਇੱਛਤ ਸਮਝੌਤਾ ਹੀ ਰਾਜ ਦੀਆ ਲੋੜਾਂ ਅਤੇ ਹਿਤਾਂ ਦੇ ਅਨੁਕੂਲ ਹੋਵੇਗਾ। ਇਹ ਉਹ ਗੱਲ ਹੈ ਜਿਸ ਦਾ ਅਸੀਂ ਵਿਰੋਧ ਕਰਦ ਹਾਂ।

ਆਓ, ਉਹ ਇਤਰਾਜ਼ ਵਿਚਾਰੀਏ ਜੋ ਸਾਂਝੀ ਤਜਵੀਜ਼ ਦੇ ਸਬੰਧ ਵਿਚ ਉਠਾਏ ਗਏ ਹਨ। ਆਮ ਇਤਰਾਜ ਇਹ ਹਨ ਕਿ ਰੂਸ ਵਿਚ ਜ਼ਮੀਨ ਬੜੀ ਅਸਾਵੀਂ ਤਰ੍ਹਾਂ, ਅਰਥਾਤ ਨਾ ਬਰਾਬਰ ਤੌਰ ਉਤੇ, ਵੰਡੀ ਗਈ ਹੈ। ਪਿੰਡਾਂ ਅਤੇ ਵੋਲੋਸਤਾਂ ਵਰਗੀਆਂ ਵੱਖ ਵੱਖ ਛੋਟੀਆਂ ਇਕਾਈਆਂ ਵਿਚਕਾਰ ਵੀ ਅਤੇ ਗੁਬੇਰਨੀਆਂ ਤੇ ਖੰਡਾਂ ਵਰਗੀਆਂ ਵਡੇਰੀਆਂ ਇਕਾਈਆਂ ਵਿਚਕਾਰ ਵੀ। ਕਿਹਾ ਜਾਂਦਾ ਹੈ ਕਿ ਜੇ ਸਥਾਨਕ ਵਸੋਂ ਭੋਂ ਮਾਲਕਾਂ ਦੀ ਇੱਛਾ ਦੇ ਵਿਰੁਧ ਅਤੇ ਉਹ ਵੀ ਬਿਨਾਂ ਮੁਆਵਜ਼ੇ ਦੇ ਬਹੁ-ਗਿਣਤੀ ਨਾਲ ਕੀਤੇ ਗਏ ਫੈਸਲੇ ਰਾਹੀਂ ਜ਼ਮੀਨ ਕਬਜ਼ੇ ਵਿਚ ਕਰ ਲਵੇ ਤਾਂ ਵੀ ਅਸਾਵਾਂਪਣ ਕਾਇਮ ਰਹੇਗਾ ਅਤੇ ਇਹ ਵੀ ਖ਼ਤਰਾ ਹੈ ਕਿ ਇਹ ਨਾਬਰਾਬਰੀ ਸਦੀਵੀ ਬਣ ਜਾਵੇਗੀ। ਇਹਦੇ ਜਵਾਬ ਵਿਚ ਅਸੀਂ ਕਹਿੰਦੇ ਹਾਂ ਕਿ ਇਹ ਦਲੀਲ ਗਲਤਫ਼ਹਿਮੀ ਉਤੇ ਆਧਾਰਤ ਹੈ। ਜਦੋਂ ਤਕ ਸੰਵਿਧਾਨ ਸਭਾ ਜਾਂ ਕੋਈ ਹੋਰ ਕੇਂਦਰੀ ਰਾਜ-ਸਤਾ ਆਖਰਕਾਰ ਨਵਾਂ ਪ੍ਰਬੰਧ ਕਾਇਮ ਨਹੀਂ ਕਰਦੀ, ਇਹਨਾਂ ਵਿਚ ਬਰਾਬਰੀ ਹਰ ਸੂਰਤ ਵਿਚ ਰਹੇਗੀ। ਜਿੰਨਾ ਚਿਰ ਅਜਿਹਾ ਪ੍ਰਬੰਧ ਸਥਾਪਤ ਨਹੀਂ ਹੁੰਦਾ, ਨਾ-ਬਰਾਬਰ ਵੰਡ ਜ਼ਰੂਰ ਕਾਇਮ ਰਹੇਗੀ, ਇਹ ਸਵਾਲ ਭਾਵੇਂ ਕਿਸਾਨਾ ਦੇ ਢੰਗ ਨਾਲ, ਨਜਿੱਠਿਆ ਜਾਵੇ, ਭਾਵੇਂ ਭੋਂ-ਮਾਲਕਾਂ ਦੇ ਢੰਗ ਨਾਲ, ਭਾਵੇਂ ਸਾਡੇ ਢੰਗ ਨਾਲ ਜਦੋਂ ਜਮੀਨ ਤੁਰਤ ਹੀ ਕਿਸਾਨਾਂ ਨੂੰ ਮੁੰਤਕਿਲ ਹੁੰਦੀ ਹੈ, ਜਾਂ ਭੋਂ-ਮਾਲਕਾਂ ਦੇ ਢੰਗ ਨਾਲ ਜਿਹੜੇ ਬਹੁਤ ਤਕੜੇ ਲਗਾਨ ਉਤੇ ਆਪਣੀ ਜ਼ਮੀਨ ਪੱਟੇ ਉਤੇ ਦੇਣ ਨੂੰ ਤਿਆਰ ਹਨ, ਬਸ਼ਰਤੇ ਕਿ ਮੁਜ਼ਾਰਾ, ਕਿਸਾਨ ਅਤੇ ਭੋਂ-ਮਾਲਕ, ਦੋਹਾਂ ਦੇ ਆਪਣੇ ਆਪਣੇ ਅਧਿਕਾਰ ਕਾਇਮ ਰਹਿੰਦੇ ਹਨ। ਇਹ ਇਤਰਾਜ਼ ਸਪੱਸ਼ਟ ਤੌਰ ਉਤੇ ਗਲਤ ਅਤੇ ਅਨਿਆਈਂ ਹੈ। ਅਸੀਂ ਕਹਿੰਦੇ ਹਾਂ ਕਿ ਕੇਂਦਰੀ ਰਾਜ-ਸੱਤਾ ਦੀ ਸਥਾਪਤੀ ਜਿੰਨੀ ਛੇਤੀ ਸੰਭਵ ਹੋਵੇ, ਹੋਣੀ ਚਾਹੀਦੀ ਹੈ। ਸੱਤਾ ਜੋ ਕਿਸਾਨਾਂ ਦੀ ਬਹੁ-ਗਿਣਤੀ ਦੀ ਇੱਛਾ ਅਤੇ ਫੈਸਲੇ ਉਤੇ ਹੀ ਨਿਰਭਰ ਨਹੀਂ ਕਰਦੀ, ਸਗੋਂ ਜੋ ਏਹ ਬਹੁ-ਗਿਣਤੀ ਦੀ ਰਾਏ ਨੂੰ ਸਿੱਧੇ ਤੌਰ ਉਤੇ

ਪ੍ਰਗਟਾਉਂਦੀ ਵੀ ਹੈ। ਇਸ ਸਬੰਧ ਵਿਚ ਕੋਈ ਮੱਤਭੇਦ ਨਹੀਂ ਹਨ। ਜਦੋਂ ਅਸੀਂ ਬਾਲਸ਼ਵਿਕਾਂ ਬਾਰੇ ਇਤਰਾਜ਼ ਸੁਣਦੇ ਹਾਂ, ਪੂੰਜੀਵਾਦੀ ਅਖਬਾਰਾਂ ਵਿਚ ਸਾਡੇ ਉਤੇ ਹਮਲੇ ਕੀਤੇ ਜਾਂਦੇ ਹਨ ਅਤੇ ਅਰਾਜਕਤਾਵਾਦੀ ਹੋਣ ਦਾ ਇਲਜ਼ਾਮ ਲਾਇਆ ਜਾਂਦਾ ਹੈ ਤਾਂ ਅਸੀਂ ਅਜਿਹੇ ਇਲਜ਼ਾਮਾਂ ਨੂੰ ਅਤਿ ਜ਼ੋਰ ਨਾਲ ਰੱਦ ਕਰਦੇ ਹਾਂ ਅਤੇ ਸਮਝਦੇ ਹਾਂ ਕਿ ਇਹ ਕੋਰੀ ਝੂਠ ਅਤੇ ਊਜਾਂ ਫੈਲਾਉਣ ਦਾ ਇਕ ਜਤਨ ਹੈ। ਅਰਾਜਕਤਾਵਾਦੀ ਉਹ ਹੁੰਦੇ ਹਨ ਜਿਹੜੇ ਰਾਜ ਸੱਤਾ ਦੀ ਲੋੜ ਤੋਂ ਇਨਕਾਰੀ ਹਨ ਜਦ ਕਿ ਅਸੀਂ ਕਹਿੰਦੇ ਹਾਂ ਕਿ ਰਾਜ-ਸੱਤਾ ਬਿਲਕੁਲ ਜ਼ਰੂਰੀ ਹੈ। ਅੱਜ ਰੂਸ ਲਈ ਹੀ ਨਹੀਂ ਸਗੋਂ ਹਰ ਰਾਜ ਲਈ, ਇਥੋਂ ਤਕ ਕਿ ਉਸ ਰਾਜ ਲਈ ਵੀ, ਜਿਹੜਾ ਸਿੱਧੇ ਤੌਰ ਉਤੇ ਸੋਸ਼ਲਿਜ਼ਮ ਵਿਚ ਪ੍ਰਵੇਸ਼ ਕਰਦਾ ਹੈ, ਬਿਨਾਂ ਕਿਸੇ ਸ਼ੱਕ ਦੇ ਅਤਿ ਦ੍ਰਿੜ੍ਹ ਸੱਤਾ ਜ਼ਰੂਰੀ ਹੈ। ਅਸੀਂ ਤਾਂ ਬੱਸ ਇਹੀ ਚਾਹੁੰਦੇ ਹਾਂ ਕਿ ਇਹ ਸੱਤਾ ਪੂਰੀ ਤਰ੍ਹਾਂ ਅੰਤਮ ਤੌਰ ਉਤੇ ਮਜ਼ਦੂਰਾਂ ਦੇ, ਸਿਪਾਹੀਆਂ ਦੇ ਅਤੇ ਕਿਸਾਨਾਂ ਦੇ ਡਿਪਟੀਆਂ ਦੀ ਬਹੁ-ਗਿਣਤੀ ਦੇ ਹੱਥਾਂ ਵਿਚ ਹੋਵੇ। ਇਸੇ ਨੁਕਤੇ ਉਤੇ ਦੂਜੀਆਂ ਪਾਰਟੀਆਂ ਨਾਲ ਸਾਡਾ ਮੱਤਭੇਦ ਹੈ। ਅਸੀਂ ਕਿਸੇ ਤਰ੍ਹਾਂ ਵੀ ਦ੍ਰਿੜ੍ਹ ਰਾਜ ਸੱਤਾ ਲਈ ਲੋੜ ਤੋਂ ਇਨਕਾਰੀ ਨਹੀਂ, ਅਸੀਂ ਤਾਂ ਬਸ ਇਹ ਕਹਿੰਦੇ ਹਾਂ ਕਿ ਸਭ ਜ਼ਮੀਨੀ ਸੰਪਤੀਆਂ, ਬਹੁ-ਗਿਣਤੀ ਰਾਹੀਂ ਪਰਵਾਨ ਕੀਤੇ ਗਏ ਸਥਾਨਕ ਕਿਸਾਨ ਕਮੇਟੀ ਦੇ ਫੈਸਲੇ ਅਨੁਸਾਰ, ਬਿਨਾ ਮੁਆਵਜ਼ਾ ਕਿਸਾਨਾਂ ਦੇ ਹਵਾਲੇ ਕਰ ਦਿਤੀਆਂ ਜਾਣ ਅਤੇ ਇਸ ਸ਼ਰਤ ਉਤੇ ਕਿ ਜਾਇਦਾਦ ਨੂੰ ਕੋਈ ਨੁਕਸਾਨ ਨਹੀਂ ਪੁਜਗਾ। ਸਾਡੇ ਮਤੇ ਵਿਚ ਇਹ ਗੱਲ ਅਤਿ ਸਪਸ਼ਟ ਤਰ੍ਹਾਂ ਆਖੀ ਗਈ ਹੈ। ਅਸੀਂ ਇਸ ਊਜ ਨੂੰ ਜ਼ੋਰ ਨਾਲ ਰੱਦ ਕਰਦੇ ਹਾਂ ਕਿ ਸਾਡੇ ਵਿਚਾਰ ਦਾ ਅਰਥ ਧੱਕੇਸ਼ਾਹੀ ਵਾਲੀ ਕਾਰਵਾਈ ਦੇ ਹਨ।

ਇਹਦੇ ਉਲਟ ਸਾਡੀ ਰਾਏ ਤਾਂ ਇਹ ਹੈ ਕਿ ਜੇ ਭੋਂ-ਮਾਲਕ ਜ਼ਮੀਨ ਨੂੰ ਖੁਦ ਆਪਣੀ ਵਰਤੋਂ ਲਈ ਰੱਖ ਲੈਣ ਜਾਂ ਇਹਦੇ ਲਈ ਪੈਸਾ ਵਸੂਲ ਕਰਨ ਤਾਂ ਇਹ ਧੱਕੇਸ਼ਾਹੀ ਵਾਲੀ ਕਾਰਵਾਈ ਹੋਵੇਗੀ, ਪਰ ਜੇ ਕਿਸਾਨਾਂ ਦੀ ਬਹੁ-ਗਿਣਤੀ ਕਹਿੰਦੀ ਹੈ ਕਿ ਜ਼ਮੀਨੀ ਸੰਪਤੀ ਉਨ੍ਹਾਂ ਦੇ ਮਾਲਕਾਂ ਦੇ ਹੱਥਾਂ ਵਿਚ ਨਹੀਂ ਰਹਿਣੀ ਚਾਹੀਦੀ, ਕਿ ਕਿਸਾਨਾਂ ਨੇ ਦਹਾਕਿਆਂ ਤੋਂ, ਸਦੀਆਂ ਤੋਂ ਇਨ੍ਹਾਂ ਭੋਂ-ਮਾਲਕਾਂ ਦੇ ਬੱਸ ਜ਼ੁਲਮ ਹੀ ਝੱਲੇ ਹਨ ਤਾਂ ਇਹ ਗੱਲ ਧੱਕੇਸ਼ਾਹੀ ਵਾਲੀ ਨਹੀਂ ਹੋਵੇਗੀ, ਇਹ ਤਾਂ **ਨਿਆਂ ਦੀ ਬਹਾਲੀ** ਹੈ ਅਤੇ ਅਸੀਂ ਏਸ ਬਹਾਲੀ ਨੂੰ ਪਿਛੇ ਨਹੀਂ ਪਾ ਸਕਦੇ। ਜੇ ਜ਼ਮੀਨ ਤੁਰਤ ਹੀ ਕਿਸਾਨਾਂ ਨੂੰ ਮੁੰਤਕਿਲ ਕਰ ਦਿੱਤੀ ਜਾਵੇ ਤਾਂ ਖੇਤਰਾਂ ਵਿਚਕਾਰ ਨਾਬਰਾਬਰੀ ਦੂਰ ਨਹੀਂ ਹੋ ਸਕਦੀ, ਇਸ ਬਾਰੇ ਕੋਈ ਝਗੜਾ ਨਹੀਂ ਪਰ ਸੰਵਿਧਾਨ ਸਭਾ ਦੀ ਇੱਕਤਰਤਾ ਤੋਂ ਪਹਿਲਾਂ ਕੋਈ ਵੀ ਏਸ ਨਾ-ਬਰਾਬਰੀ ਨੂੰ ਦੂਰ ਨਹੀਂ ਕਰ ਸਕਦਾ। ਜੇ ਤੁਸਾਂ ਅੱਜ ਸ਼ਿੰਗਾਰੀਓਵ ਨੂੰ ਪੁਛੋ—ਉਹੋ ਸ਼ਿੰਗਾਰੀਓਵ ਜਿਹੜਾ ਸਾਡੇ ਉਤੇ ਇਤਰਾਜ਼ ਕਰਦਾ ਹੈ ਅਤੇ "ਧੱਕੇਸ਼ਾਹੀ ਵਾਲੀ ਕਾਰਵਾਈ" ਲਈ ਸਰਕਾਰੀ ਪੱਤਰਾਂ ਵਿਚ ਸਾਡੇ ਵਿਚਾਰਾਂ ਦੇ ਹਮਾਇਤੀਆਂ ਨੂੰ ਮੰਦਾ-ਚੰਗਾ ਬੋਲਦਾ ਹੈ—ਜੇ ਤੁਸੀਂ ਉਹਨੂੰ ਪੁੱਛੋ ਕਿ ਉਹ ਇਸ ਨਾ-ਬਰਾਬਰੀ ਬਾਰੇ ਕੀ ਕੁਝ ਕਰਨਾ ਚਾਹੁੰਦਾ ਹੈ ਤਾਂ ਉਹ ਕੋਈ ਜਵਾਬ ਨਹੀਂ ਦੇ ਸਕਣ ਲੱਗਾ। ਉਹ ਕੋਈ ਤਜਵੀਜ਼ ਪੇਸ਼ ਨਹੀਂ ਕਰਦਾ ਅਤੇ ਪੇਸ਼ ਕਰ ਹੀ ਨਹੀਂ ਸਕਦਾ।

ਉਹ "ਕਿਸਾਨਾਂ ਤੇ ਭੋਂ ਮਾਲਕਾਂ ਵਿਚਕਾਰ ਸਵੈ-ਇੱਛਤ ਸਮਝੌਤੇ" ਦੀ ਗੱਲ ਕਰਦਾ ਹੈ। ਇਸ ਦੇ ਅਰਥ ਕੀ ਹਨ ? ਮੈਂ ਯੂਰਪੀ-ਰੂਸ ਵਿਚ ਭੋਂ ਮਾਲਕੀ ਬਾਰੇ ਦੋ ਬੁਨਿਆਦੀ ਅੰਕੜਿਆਂ ਦਾ ਹਵਾਲਾ ਦਿਆਂਗਾ। ਇਹ ਅੰਕੜੇ ਵਿਖਾਉਂਦੇ ਹਨ ਕਿ ਰੂਸੀ ਪਿੰਡ ਦੇ ਇਕ ਸਿਰੇ ਉਤੇ

ਅਤੀ ਧਨਾਢ ਭੌਂ ਮਾਲਕ ਰਹਿੰਦੇ ਹਨ, ਇਹਨਾਂ ਵਿਚ ਸਭ ਤੋਂ ਅਮੀਰ ਅਤੇ ਸਭ ਤੋਂ ਭੈੜੇ ਭੌਂ ਮਾਲਕ ਰੋਮਾਨੋਵ ਹਨ ਅਤੇ ਦੂਜੇ ਸਿਰੇ ਤੇ ਅਤੀ ਗ਼ਰੀਬ ਕਿਸਾਨ ਹਨ। ਸ਼ਿੰਗਾਰੀਓਵ ਅਤੇ ਸਭ ਭੌਂ-ਮਾਲਕ ਅਤੇ ਪੂੰਜੀਪਤੀ ਜੋ ਉਪਦੇਸ਼ ਕਰਦੇ ਹਨ ਉਸ ਦੀ ਮਹੱਤਤਾ ਦਰਸਾਉਣ ਲਈ ਮੈਂ ਦੋ ਅੰਕੜਿਆਂ ਦਾ ਹਵਾਲਾ ਦੇ ਰਿਹਾ ਹਾਂ। ਦੋ ਅੰਕੜੇ ਇਹ ਹਨ : ਜੇ ਅਸੀਂ ਯੂਰਪੀ ਰੂਸ ਦੇ ਸਭ ਤੋਂ ਅਮੀਰ ਭੌਂ-ਮਾਲਕਾਂ ਨੂੰ ਲਈਏ ਤਾਂ ਅਸੀਂ ਵੇਖਾਂਗੇ ਕਿ ਸਭ ਤੋਂ ਅਮੀਰਾਂ ਕੋਲ, ਜਿਹਨਾਂ ਦੀ ਗਿਣਤੀ 30,000 ਤੋਂ ਘੱਟ ਹੈ, ਲਗਪਗ 7,00,00,000 ਦੇਸੀਆਤਿਨ ਜ਼ਮੀਨ ਹੈ। ਇਸ ਤਰ੍ਹਾਂ ਹਰ ਇਕ ਦੇ ਹਿੱਸੇ ਦੋ ਹਜ਼ਾਰ ਦੇਸੀਆਤਿਨ ਤੋਂ ਉਪਰ ਜ਼ਮੀਨ ਆਉਂਦੀ ਹੈ। ਜੇ ਕਰ ਰੂਸੀ ਭੌਂ-ਮਾਲਕਾਂ ਦੀ ਉਪਰਲੀ ਪਰਤ ਨੂੰ ਲਈਏ ਕਿ ਉਹ ਕਿਹੜੀ ਸਮਾਜੀ ਪਰਤ ਨਾਲ ਸਬੰਧਤ ਹਨ (ਇਹਨਾਂ ਵਿਚੋਂ ਬਹੁਤੇ ਕੁਲੀਨ ਵਰਗ ਦੇ ਹਨ ਪਰ ਹੋਰ ਭੌਂ-ਮਾਲਕ ਵੀ ਹਨ), ਤਾਂ ਵੇਖਾਂਗੇ ਕਿ ਇਹ 30,000 ਹਨ ਅਤੇ ਇਹ 7,00,00,000 ਦੇਸ਼ੀਆਤਿਨ ਭੌਂ ਦੇ ਮਾਲਕ ਹਨ ਅਤੇ ਜੇ ਤੁਸੀਂ ਏਸੇ 1905 ਦੀ ਮਰਦਮਸ਼ੁਮਾਰੀ ਅਨੁਸਾਰ ਗ਼ਰੀਬ ਕਿਸਾਨਾਂ ਨੂੰ ਵੇਖੋ, ਮਰਦਮਸ਼ੁਮਾਰੀ ਜੋ ਰੂਸ ਭਰ ਵਿਚ ਇਕਸਾਰ ਤੌਰ ਤੇ ਇਕੱਤਰ ਕੀਤੀ ਹੋਈ ਅਤੀ ਤਾਜ਼ਾ ਸੂਚਨਾ ਹੈ—ਸੂਚਨਾ, ਜੋ, ਜ਼ਾਰਸ਼ਾਹੀ ਅਸੈਨਿਕ ਸੇਵਕਾਂ ਦੁਆਰਾ ਜ਼ਾਰਸ਼ਾਹੀ ਸਮੇਂ ਵਿਚ ਇਕਠੇ ਕੀਤੇ ਗਏ ਸਭਨਾਂ ਅੰਕੜਿਆਂ ਵਾਂਗ ਬਹੁਤੀ ਭਰੋਸੇਯੋਗ ਨਹੀਂ, ਭਾਵੇਂ ਇਸ ਸੱਚ ਬਾਰੇ ਕੁਝ ਅੰਦਾਜ਼ਾ ਦਿੰਦੀ ਹੈ, ਕੁਝ ਜਾਣਕਾਰੀ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ—ਗ਼ਰੀਬ ਕਿਸਾਨਾਂ ਨੂੰ ਲਈਏ ਤਾਂ ਇਹਨਾ ਦੇ 1,00,00,000 ਪ੍ਰਵਾਰਾਂ ਕੋਲ 7,00,00,000 ਤੋਂ 7,50,00,000 ਤਕ ਦੇਸੀਆਤਨ ਜ਼ਮੀਨ ਹੈ। ਇਸ ਦੇ ਇਹ ਅਰਥ ਹੋਏ ਕਿ ਇਕ ਜਣੇ ਕੋਲ 2,000 ਦੇਸੀਆਤਿਨ ਅਤੇ ਦੂਜੇ ਕੋਲ 7½ ਦੇਸੀਆਤਿਨ ਪ੍ਰਤੀ ਪ੍ਰਵਾਰ ਭੌਂ ਹੈ। ਅਤੇ ਉਹ ਕਹਿੰਦੇ ਹਨ ਕਿ ਕਿਸਾਨ ਜੇਕਰ ਸਵੈ-ਇੱਛਤ ਸਮਝੌਤਾ ਨਹੀਂ ਕਰਦੇ ਤਾਂ ਉਹ ਧਕੇਸ਼ਾਹੀ ਵਾਲੀਆਂ ਕਾਰਵਾਈਆਂ ਦੇ ਦੋਸ਼ੀ ਹਨ। "ਸਵੈ-ਇੱਛਤ" ਸਮਝੌਤੇ ਦੇ ਕੀ ਕਾਰਨ ਹਨ ? ਇਸ ਦੇ ਇਹ ਅਰਥ ਹਨ ਕਿ ਭੌਂ-ਮਾਲਕ ਚੰਗਾ ਲਗਾਨ ਲੈ ਕੇ ਤੁਹਾਨੂੰ ਜ਼ਮੀਨ ਦੇ ਸਕਦੇ ਹਨ ਪਰ ਬਿਨਾਂ ਅਦਾਇਗੀ ਦੇ ਕਿਸੇ ਨੂੰ ਜ਼ਮੀਨ ਨਹੀਂ ਦੇਣਗੇ। ਕੀ ਇਹ ਨਿਆਈਂ ਗੱਲ ਹੈ ? ਨਹੀਂ, ਬਿਲਕੁਲ ਨਹੀਂ। ਕੀ ਕਿਸਾਨ ਵਸੋਂ ਲਈ ਇਹ ਲਾਹੇਵੰਦ ਹੈ ? ਨਹੀਂ, ਬਿਲਕੁਲ ਨਹੀਂ। ਉਸ ਸ਼ਕਲ ਦਾ ਫੈਸਲਾ ਭਵਿਖੀ ਕੇਂਦਰੀ ਰਾਜ ਸੱਤਾ ਨੇ ਕਰਨਾ ਹੈ ਜਿਸ ਵਿਚ ਜ਼ਮੀਨੀ ਸੰਪਤੀ ਨੂੰ ਆਖ਼ਰਕਾਰ ਕਾਇਮ ਕਰਨਾ ਹੈ ਪਰ ਹਾਲ ਦੀ ਘੜੀ ਜ਼ਮੀਨੀ ਸੰਪਤੀ ਤੁਰੰਤ ਹੀ ਬਿਨਾਂ ਮੁਆਵਜ਼ੇ ਦੇ ਕਿਸਾਨ ਵਰਗ ਨੂੰ ਮੁੰਤਕਿਲ ਕਰ ਦਿਤੀ ਜਾਏ, ਬਸ਼ਰਤੇ ਕਿ ਇਹ ਕਬਜ਼ਾ ਜਥੇਬੰਦ ਹੈ। ਮੰਤਰੀ ਚੇਰਨੋਵ ਨੇ, ਮੁੱਖ ਭੌਂ ਕਮੇਟੀ ਵਿਚ ਮੇਰੇ ਸਾਥੀ ਸਮਿਲਗਾ ਦਾ ਵਿਰੋਧ ਕਰਦਿਆਂ ਕਿਹਾ ਕਿ "ਜਥੇਬੰਦ ਕਬਜ਼ਾ" ਦੋ ਵਿਰੋਧਤਾਈ ਵਾਲੇ ਦੋ ਸ਼ਬਦ ਹਨ। ਜੇ ਇਹ ਕਬਜ਼ਾ ਹੈ ਤਾਂ ਇਹ ਗੈਰ-ਜਥੇਬੰਦ ਹੈ, ਅਤੇ ਜੇ ਇਹ ਗੈਰ-ਜਥੇਬੰਦ ਹੈ ਤਾਂ ਇਹ ਕਬਜ਼ਾ ਨਹੀਂ ਹੈ। ਮੈਂ ਇਸ ਨੁਕਤਾਚੀਨੀ ਨੂੰ ਸਹੀ ਨਹੀਂ ਸਮਝਦਾ। ਮੈਂ ਸਮਝਦਾ ਹਾਂ ਕਿ ਜੇ ਕਿਸਾਨ ਵਰਗ ਕਿਸੇ ਪਿੰਡ ਜਾਂ ਵੋਲੋਸਤ ਵਿਚ ਕਿਸੇ ਯੂਏਜ਼ਦ ਜਾਂ ਗੁਬੇਰਨੀਆਂ ਵਿਚ—ਜੇ ਸਭਨਾਂ ਵਿਚ ਨਹੀਂ ਤਾਂ ਕੁਝ ਗੁਬੇਰਨੀਆਂ ਵਿਚ ਕਿਸਾਨ ਕਾਂਗਰਸਾਂ ਨੇ ਬਹੁਗਿਣਤੀ ਦੇ ਹਿੱਤਾਂ ਤੇ ਇੱਛਾ, ਵਸੋਂ ਦੀ ਇੱਛਾ, ਅਰਥਾਤ ਭੌਂ ਦੇ ਮਾਲਕਾਂ ਦੀ ਬਹੁਗਿਣਤੀ ਦੀ ਇੱਛਾ ਨੂੰ ਪ੍ਰਗਟਾਉਂਦੀਆਂ ਸਥਾਨਕ ਸਤਾਵਾਂ ਸਥਾਪਤ ਕੀਤੀਆਂ ਹਨ—ਬਹੁਗਿਣਤੀ ਨਾਲ ਫੈਸਲੇ ਕਰੇ, ਜਦੋਂ ਇਲਾਕਿਆਂ ਵਿਚ ਇਨ੍ਹਾਂ ਸੱਤਾਵਾਂ ਦੀ ਸਥਾਪਤੀ ਹੋ ਜਾਵੇ ਤਾਂ ਉਹ ਜੋ ਫੈਸਲੇ ਕਰਨਗੀਆਂ ਉਹ ਕਿਸਾਨਾਂ ਵਲੋਂ ਮੰਨੀਆਂ ਗਈਆਂ ਸੱਤਾਵਾਂ ਦੇ ਫੈਸਲੇ ਹੋਣਗੇ। ਸਥਾਨਕ ਕਿਸਾਨ-ਵਰਗ ਇਹਨਾਂ ਸੱਤਾਵਾਂ ਨੂੰ ਜ਼ਰੂਰ

ਸਤਿਕਾਰੇਗਾ, ਕਿਉਂ ਜੋ ਇਸ ਬਾਰੇ ਕੋਈ ਸ਼ੱਕ ਨਹੀਂ ਕਿ ਇਹ ਸੁਤੰਤਰ ਤੌਰ ਉਤੇ ਚੁਣੀਆਂ ਗਈਆਂ ਸੱਤਾਵਾਂ ਇਹ ਫੈਸਲਾ ਕਰਨਗੀਆਂ ਕਿ ਜ਼ਮੀਨੀ ਸੰਪਤੀਆਂ ਤੁਰੰਤ ਹੀ ਕਿਸਾਨਾਂ ਦੇ ਹਵਾਲੇ ਕਰ ਦਿਤੀਆਂ ਜਾਣ। ਕਿਸਾਨ ਨੂੰ ਇਹ ਇਲਮ ਹੋਵੇ ਕਿ ਉਹ ਭੋਂ-ਮਾਲਕ ਦੀ ਸੰਪਤੀ ਲੈ ਰਿਹਾ ਹੈ, ਅਤੇ ਜੇ ਉਹ ਕੁਝ ਅਦਾ ਕਰਦਾ ਹੈ ਤਾਂ ਉਹ ਸਥਾਨਕ ਕਿਸਾਨ ਫੰਡ ਨੂੰ ਅਦਾ ਕਰੇ। ਉਹ ਜਾਣ ਲਵੇ ਕਿ ਇਹ ਰਕਮ ਫ਼ਾਰਮ ਦੇ ਸੁਧਾਰਾਂ, ਪਟੜੀਆਂ ਤੇ ਸੜਕਾਂ ਆਦਿ ਬਨਾਉਣ ਦੇ ਲੇਖੇ ਲਗੇਗੀ, ਉਹ ਜਾਣ ਲਵੇ ਕਿ ਜ਼ਮੀਨ ਜੋ ਉਹਨੂੰ ਮਿਲ ਰਹੀ ਹੈ ਉਹਦੀ ਜ਼ਮੀਨ ਨਹੀਂ ਹੈ, ਨਾ ਹੀ ਇਹ ਭੋਂ-ਮਾਲਕ ਦੀ ਹੈ, ਸਗੋਂ ਲੋਕਾਂ ਦੀ ਸਾਂਝੀ ਜਾਇਦਾਦ ਹੈ, ਜਿਸ ਦਾ ਨਬੇੜਾ ਅੰਤ ਵਿਚ ਸੰਵਿਧਾਨ ਸਭਾ ਕਰੇਗੀ। ਏਸੇ ਕਾਰਨ ਭੋਂ-ਮਾਲਕਾਂ ਨੂੰ ਇਨਕਲਾਬ ਦੇ ਆਰੰਭ ਤੋਂ ਹੀ, ਪਹਿਲੀ ਭੋਂ-ਕਮੇਟੀ ਦੀ ਸਥਾਪਤੀ ਦੀ ਘੜੀ ਤੋਂ ਹੀ ਜ਼ਮੀਨ ਉਤੇ ਕੋਈ ਅਧਿਕਾਰ ਨਹੀਂ ਹੋਣਾ ਚਾਹੀਦਾ ਅਤੇ ਇਹਦੇ ਲਈ ਅਦਾਇਗੀ ਦੀ ਜ਼ਰੂਰਤ ਨਹੀਂ ਸਮਝਣੀ ਚਾਹੀਦੀ।

ਸਾਡੇ ਅਤੇ ਸਾਡੇ ਵਿਰੋਧੀਆਂ ਵਿਚਕਾਰ ਬੁਨਿਆਦੀ ਫ਼ਰਕ ਇਸ ਬਾਰੇ ਸਾਡੀ ਸਬੰਧਤ ਸੂਝ ਸਮਝ ਹੈ ਕਿ ਹੁਕਮ ਕੀ ਹੈ ਤੇ ਕਾਨੂੰਨ ਕੀ ਹੈ। ਹੁਣ ਤਕ ਕਾਨੂੰਨ ਤੇ ਹੁਕਮ ਅਜਿਹੀਆਂ ਚੀਜ਼ਾਂ ਸਮਝੀਆਂ ਜਾਂਦੀਆਂ ਰਹੀਆਂ ਹਨ ਜੋ ਭੋਂ-ਮਾਲਕਾਂ ਅਤੇ ਨੌਕਰਸ਼ਾਹਾਂ ਨੂੰ ਢੁਕਦੀਆਂ ਸਨ, ਪਰ ਅਸੀਂ ਦਾਈਏ ਨਾਲ ਕਹਿੰਦੇ ਹਾਂ ਕਿ ਕਾਨੂੰਨ ਤੇ ਹੁਕਮ ਉਹ ਚੀਜ਼ਾਂ ਹਨ ਜੋ ਕਿਸਾਨ-ਵਰਗ ਦੀ ਬਹੁ-ਗਿਣਤੀ ਨੂੰ ਢੁਕਦੀਆਂ ਹਨ। ਜਿਚਿਰ ਸੋਵੀਅਤਾਂ ਦੀ ਕੁਲ-ਰੂਸ ਕੌਂਸਲ ਦੀ ਸਥਾਪਤੀ ਨਹੀਂ ਹੁੰਦੀ, ਜਿਚਿਰ ਸੰਵਿਧਾਨ ਸਭਾ ਦਾ ਸਮਾਗਮ ਨਹੀਂ ਹੁੰਦਾ, ਉਚਿਰ ਸਥਾਨ ਸੱਤਾ ਹੀ—ਯੂਏਜ਼ਦ ਤੇ ਗੁਬੇਰਨੀਆ ਕਮੇਟੀਆਂ—ਸਰਬੋਤਮ ਕਾਨੂੰਨ ਅਤੇ ਹੁਕਮ ਹੋਣਗੀਆਂ! ਜਦੋਂ ਇਕ ਭੋਂ-ਮਾਲਕ, ਪ੍ਰਾਚੀਨ ਅਧਿਕਾਰਾਂ ਦੇ ਆਧਾਰ ਉਤੇ, ਤਿੰਨ ਸੌ ਕਿਸਾਨ ਪ੍ਰਵਾਰਾਂ ਨਾਲ ਜਿਹਨਾਂ ਵਿਚੋਂ ਹਰ ਇਕ ਕੋਲ ਔਸਤਨ ਸਾਢੇ ਸਤ ਦੇਸੀਆਤਿਨ ਜ਼ਮੀਨ ਹੈ, "ਸਵੈ-ਇੱਛਤ" ਸਮਝੌਤੇ ਦੀ ਮੰਗ ਕਰਦਾ ਹੈ, ਤਾਂ ਅਸੀਂ ਇਹਨੂੰ ਵਿਧੀ-ਹੀਣਤਾ ਕਹਿੰਦੇ ਹਾਂ। ਅਸੀਂ ਆਖਦੇ ਹਾਂ: "ਬਹੁ-ਗਿਣਤੀ ਨੂੰ ਫੈਸਲਾ ਕਰਨ ਦਿਓ; ਅਸੀਂ ਚਾਹੁੰਦੇ ਹਾਂ: ਕਿਸਾਨ ਹੁਣੇ, ਇਕ ਵੀ ਮਹੀਨਾ; ਇਕ ਵੀ ਹਫ਼ਤਾ, ਇਥੋਂ ਤਕ ਕਿ ਇਕ ਵੀ ਦਿਨ ਗੁਆਏ ਬਿਨਾਂ ਜ਼ਮੀਨ ਸੰਪਤੀ ਸਾਂਭ ਲੈਣ।"

ਸਾਨੂੰ ਦਸਿਆ ਜਾਂਦਾ ਹੈ: "ਜੇ ਕਿਸਾਨ ਹੁਣ ਜ਼ਮੀਨ ਹਥਿਆਉਂਦੇ ਹਨ, ਤਾਂ ਜ਼ਮੀਨ ਵਧੇਰੇ ਧਨੀ ਕਿਸਾਨਾਂ ਨੂੰ ਮਿਲੇਗੀ ਜਿਹਨਾਂ ਕੋਲ ਪਸ਼ੂ, ਸੰਦ ਆਦਿ ਹਨ। ਇਸ ਲਈ, ਕੀ ਇਹ ਗ਼ਰੀਬ ਕਿਸਾਨਾਂ ਦੇ ਦ੍ਰਿਸ਼ਟੀਕੋਣ ਤੋਂ ਖ਼ਤਰਨਾਕ ਨਹੀਂ ਹੋਵੇਗਾ?" ਸਾਥੀਓ, ਇਸ ਦਲੀਲ ਬਾਰੇ ਮੈਂ ਵਿਸਥਾਰ ਨਾਲ ਕਹਾਂਗਾ, ਕਿਉਂ ਜੋ ਸਾਡੀ ਪਾਰਟੀ ਸਾਡੇ ਸਭਨਾਂ ਫੈਸਲਿਆ, ਪ੍ਰੋਗਰਾਮਾਂ ਅਤੇ ਲੋਕਾਂ ਨੂੰ ਅਪੀਲਾਂ ਵਿਚ ਐਲਾਨਦੀ ਹੈ: "ਅਸੀਂ ਉਜਰਤੀ-ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਦੀ ਪਾਰਟੀ ਹਾਂ; ਅਸੀਂ ਉਹਨਾਂ ਦੇ ਹਿੱਤਾਂ ਦੀ ਹੀ ਰਖਿਆ ਕਰਨੀ ਹੈ; ਉਹਨਾਂ ਰਾਹੀਂ, ਅਤੇ ਸਿਰਫ਼ ਉਹਨਾਂ ਰਾਹੀਂ ਹੀ, ਇਹਨਾਂ ਜਮਾਤਾਂ ਰਾਹੀਂ ਹੀ, ਮਨੁੱਖ ਜਾਤੀ ਉਸ ਭੈ ਡਰ ਤੋਂ ਬਚ ਸਕਦੀ ਹੈ ਜਿਸ ਵਿਚ ਪੂੰਜੀਪਤੀਆਂ ਦੀ ਜੰਗ ਨੇ ਇਹਨੂੰ ਡੰਗ ਸੁਟਿਆ ਹੋਇਆ ਹੈ।"

ਇਸ ਤਰ੍ਹਾਂ ਦੇ ਇਤਰਾਜ਼ਾਂ ਵਲ, ਜੋ ਕਹਿੰਦੇ ਹਨ ਕਿ ਸਾਡੇ ਫੈਸਲੇ ਗ਼ਰੀਬ ਕਿਸਾਨਾਂ ਦੇ ਹਿੱਤਾਂ ਦੇ ਵਿਰੁਧ ਹਨ, ਅਸੀਂ ਸਾਵਧਾਨੀ-ਭਰਿਆ ਧਿਆਨ ਦਿੰਦੇ ਹਾਂ ਅਤੇ ਉਹਨਾਂ ਦਾ ਅਤਿ ਧਿਆਨ ਨਾਲ ਅਧਿਅਨ ਕਰਨ ਲਈ ਕਹਿੰਦੇ ਹਾਂ, ਕਿਉਂ ਜੋ ਇਹਨਾਂ ਦਾ ਸਬੰਧ ਮਾਮਲੇ ਦੇ ਸਾਰ ਨਾਲ, ਮਸਲੇ ਦੀ ਜੜ੍ਹ ਨਾਲ ਹੈ। ਅਤੇ ਮਾਮਲੇ ਦਾ ਸਾਰ ਇਹ ਹੈ: ਸ਼ਹਿਰੀ ਅਤੇ ਪੇਂਡੂ, ਦੋਹਾਂ, ਉਜਰਤੀ ਮਜ਼ਦੂਰਾਂ ਦੇ ਹਿੱਤਾਂ ਅਤੇ ਗ਼ਰੀਬ ਕਿਸਾਨਾਂ ਦੇ ਹਿੱਤਾਂ ਦੀ ਰਖਿਆ ਇਨਕਲਾਬ ਵਿਚ,

ਰਾਜਸੀ-ਪ੍ਰਬੰਧ ਦੀ ਕਾਇਆ-ਕਲਪ ਵਿਚ, ਜੋ ਹੁਣ ਰੂਸ ਵਿਚ ਹੋ ਰਹੀ ਹੈ, ਕਿਵੇਂ ਹੋ ਸਕਦੀ ਹੈ, ਉਹਨਾਂ ਦੇ ਹਿੱਤਾਂ ਦੀ ਰੱਖਿਆ ਭੌਂ-ਮਾਲਕਾਂ ਜਾ ਧਨੀ ਕਿਸਾਨਾਂ ਦੇ ਹਿੱਤਾਂ ਦੇ ਵਿਰੁਧ ਜਿਹੜੇ ਪੂੰਜੀਪਤੀ ਵੀ ਹਨ, ਕਿਵੇਂ ਹੋ ਸਕਦੀ ਹੈ ? ਇਹ ਠੀਕ, ਮਾਮਲੇ ਦਾ ਸਾਰ ਹੈ, ਪੂਰੇ ਮਸਲੇ ਦਾ ਕੇਂਦਰਿਕ ਹੈ ਪਰ ਦਸਿਆ ਜਾਂਦਾ ਹੈ ਕਿ ਜੇ ਅਸੀਂ ਕਿਸਾਨਾਂ ਨੂੰ ਜ਼ਮੀਨ ਉਤੇ ਤੁਰੰਤ ਹੀ ਕਬਜ਼ਾ ਕਰਨ ਦੀ ਸਲਾਹ ਦੇਵਾਂਗੇ ਤਾਂ ਬਹੁਤੀ ਜ਼ਮੀਨ ਉਤੇ ਕਬਜ਼ਾ ਉਹ ਹੀ ਕਰਨਗੇ ਜਿਹਨਾਂ ਕੋਲ ਸੰਦ ਤੇ ਪਸ਼ੂ ਹਨ, ਅਤੇ ਗ਼ਰੀਬਾਂ ਦੇ ਹੱਥ ਕੁਝ ਨਹੀਂ ਆਉਣ ਲਗਾ। ਅਤੇ ਹੁਣ ਮੈਂ ਤੁਹਾਨੂੰ ਪੁਛਦਾ ਹਾਂ—ਕੀ ਭੌਂ-ਮਾਲਕਾਂ ਨਾਲ ਸਮਝੌਤਾ ਹੋਵੇਗਾ ?

ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਭੌਂ-ਮਾਲਕ ਉਹਨਾਂ ਕਿਸਾਨਾਂ ਨੂੰ ਜ਼ਮੀਨ ਲਗਾਨ ਦੇਣ ਨੂੰ ਤਿਆਰ ਨਹੀਂ ਜਿਨ੍ਹਾਂ ਦੇ ਬੋਝੇ ਵਿਚ ਇਕ ਕੋਪਕ ਵੀ ਨਹੀਂ ਹੈ। ਪਰ ਇਹਦੇ ਉਲਟ ਉਹ "ਸਵੈ-ਇੱਛਤ" ਸਮਝੋਤਿਆਂ ਦਾ ਆਸਰਾ ਲੈਂਦੇ ਹਨ ਜਿਥੇ ਉਨ੍ਹਾਂ ਸਾਲ ਚੋਖੀ ਅਦਾਇਗੀ ਦਾ ਵਾਅਦਾ ਕੀਤਾ ਜਾਂਦਾ ਹੈ। ਹੁਣ ਤਕ ਭੌਂ-ਮਾਲਕ ਕਿਸੇ ਨੂੰ ਐਵੇਂ ਹੀ ਆਪਣੀ ਜ਼ਮੀਨ ਦਿੰਦੇ ਨਹੀਂ ਦਿਸੇ। ਘਟੋ-ਘੱਟ ਰੂਸ ਵਿਚ ਕਿਸੇ ਨੇ ਅਜਿਹਾ ਹੁੰਦਾ ਨਹੀਂ ਵੇਖਿਆ।

ਭੌਂ-ਮਾਲਕ ਨਾਲ ਸਵੈ-ਇੱਛਤ ਸਮਝੌਤਿਆਂ ਦੀ ਗੱਲ ਕਰਨ ਦੇ ਅਰਥ ਹਨ ਧਨੀ ਕਿਸਾਨ ਦੇ ਵਿਸ਼ੇਸ਼ ਅਧਿਕਾਰ ਵਾਲੀ ਤਰਜੀਹੀ ਪੁਜ਼ੀਸ਼ਨ ਨੂੰ ਅਤੇ ਉਨ੍ਹਾਂ ਨੂੰ ਪ੍ਰਾਪਤ ਲਾਭਾਂ ਨੂੰ ਵਧਾਉਣਾ ਤੇ ਪੱਕਾ ਕਰਨਾ, ਕਿਉਂ ਜੋ ਧਨੀ ਕਿਸਾਨ ਭੋਂ-ਮਾਲਕ ਨੂੰ ਰਕਮ ਤਾਰ ਸਕਦਾ ਹੈ ਅਤੇ ਹਰ ਭੌਂ-ਮਾਲਕ ਉਸ ਨੂੰ ਅਜਿਹਾ ਆਦਮੀ ਸਮਝਦਾ ਹੈ ਜਿਹੜਾ ਆਪਣੇ ਧਨ ਦੇ ਲਿਹਾਜ ਚੰਗਾ ਹੈ। ਭੌਂ-ਮਾਲਕ ਜਾਣਦਾ ਹੈ ਕਿ ਧਨੀ ਕਿਸਾਨ ਅਦਾਇਗੀ ਕਰ ਸਕਦਾ ਹੈ ਅਤੇ ਉਸ ਦੇ ਪੈਸੇ ਲਈ ਮੁਕੱਦਮਾ ਕੀਤਾ ਜਾ ਸਕਦਾ ਹੈ, ਸੋ ਗਰੀਬ ਕਿਸਾਨਾ ਦੇ ਟਾਕਰੇ ਉਤੇ ਧਨੀ ਕਿਸਾਨ ਨੂੰ ਭੋਂ-ਮਾਲਕ ਨਾਲ "ਸਵੈ-ਇੱਛਤ" ਸਮਝੌਤਿਆਂ ਤੋਂ ਵਧੇਰੇ ਲਾਹਾ ਹੁੰਦਾ ਹੈ. ਜੇ ਕਿਸਾਨ ਨੂੰ ਝਟਪਟ ਕਰਨ ਦੀ ਕੋਈ ਸੰਭਾਵਨਾ ਮੌਜੂਦ ਹੈ ਤਾ ਉਸ ਕਦਮ ਰਾਹੀਂ ਹੀ ਹੋ ਸਕਦਾ ਹੈ ਜੋ ਮੈਂ ਤਜਵੀਜ਼ ਕਰਦਾ ਹਾ—ਜਮੀਨ ਤੁਰੰਤ ਹੀ ਅਤੇ ਬਿਨਾਂ ਅਦਾਇਗੀ ਦੇ ਕਿਸਾਨਾ ਨੂੰ ਮਿਲ ਜਾਣੀ ਚਾਹੀਦੀ ਹੈ।

ਜ਼ਮੀਨੀ ਸੰਪਤੀਆਂ ਸਦਾ ਹੀ ਘੋਰ ਅਨਿਆਂ ਰਹੀਆਂ ਹਨ। ਕਿਸਾਨਾ ਵਲੋਂ ਸੁਤੰਤਰ ਭੋਂਦਾਰੀ ਬਹੁ-ਗਿਣਤੀ ਦੀ ਇੱਛਾ ਅਨੁਸਾਰ ਹੋਵੇ, ਧੱਕੇਸਾਹੀ ਵਾਲੀ ਕਾਰਵਾਈ ਨਹੀਂ ਹੋਵੇਗੀ ਸਗੋਂ ਨਿਆ ਦੀ ਬਹਾਲੀ ਹੋਵੇਗੀ। ਇਹ ਸਾਡਾ ਦ੍ਰਿਸਟੀਕੋਣ ਹੈ, ਅਤੇ ਇਸੇ ਲਈ ਹੀ ਅਸੀਂ ਇਸ ਦਲੀਲ ਨੂੰ ਵੱਡੀ ਬੇਇਨਸਾਫ਼ੀ ਸਮਝਦੇ ਹਾਂ ਕਿ ਗਰੀਬ ਕਿਸਾਨਾਂ ਨੂੰ ਇਸ ਤੋਂ ਹਾਨੀ ਪੁਜੇਗੀ। ਇਸ ਸਮਝੌਤੇ ਨੂੰ "ਸਵੈ-ਇੱਛਤ" ਕਿਹਾ ਜਾਂਦਾ ਹੈ—ਸਿਰਫ਼ ਸਿੰਗਾਰੀਓਵ ਹੀ ਇਸ ਨੂੰ ਇਹ ਆਖ ਸਕਦਾ ਸੀ—ਜਦੋਂ ਇਕ ਮਾਲਕ ਕੋਲ 2,000 ਦੇਸੀਆਤਿਨ ਅਤੇ 300 ਕਿਸਾਨਾਂ ਕੋਲ ਪ੍ਰਤੀ ਪਰਵਾਰ ਔਸਤਨ ਸਾਢੇ ਸੱਤ ਦੇਸੀਆਤਿਨ ਭੋਂ ਹੋਵੇ। ਅਜਿਹੇ ਸਮਝੌਤੇ ਨੂੰ ਸਵੈ-ਇੱਛਤ ਆਖਣਾ ਕਿਸਾਨਾਂ ਦਾ ਪੂਰੀ ਤਰ੍ਹਾਂ ਮਖੌਲ ਉਡਾਉਣਾ ਹੈ ਅਤੇ ਉਦੋਂ ਤਕ ਅਜਿਹਾ ਹੀ ਰਹੇਗਾ ਜਦੋਂ ਹਰ ਵੋਲੋਸਤ, ਗੁਬੇਰਨੀਆ ਜਾ ਯੂਏਜ਼ਦ ਕਿਸਾਨ ਸੋਵੀਅਤ ਜਾਂ ਸੋਵੀਅਤਾਂ ਦੀ ਕੁਲ-ਰੂਸ ਕੌਂਸਲ ਇਹ ਐਲਾਨ ਨਹੀਂ ਕਰਦੀ ਕਿ ਜ਼ਮੀਨੀ ਸੰਪਤੀ ਇਕ ਘੋਰ ਅਨਿਆ ਹੈ ਅਤੇ ਇਸ ਦਾ ਖ਼ਾਤਮਾ ਇਕ ਵੀ ਘੜੀ, ਇਕ ਵੀ ਮਿੰਟ ਗੁਆਏ ਬਿਨਾਂ ਕਰ ਦੇਣਾ ਚਾਹੀਦਾ ਹੈ।

ਜ਼ਮੀਨ ਸਮੁੱਚੀ ਜਨਤਾ ਦੀ ਸੰਪਤੀ ਹੋਣੀ ਚਾਹੀਦੀ ਹੈ, ਅਤੇ ਕੇਂਦਰੀ ਰਾਜ ਸੱਤਾ ਦੁਆਰਾ

ਇਸ ਤਰ੍ਹਾਂ ਸੰਪਤੀ ਐਲਾਨੀ ਜਾਣੀ ਚਾਹੀਦੀ ਹੈ। ਜਿਥੇ ਇਹ ਸਥਾਪਤ ਨਹੀਂ ਹੁੰਦੀ, ਉਥੇ ਸਥਾਨਕ ਸੱਤਾਵਾਂ ਨੂੰ, ਇਹ ਮੈਂ ਮੁੜ ਦੁਹਰਾਉਂਦਾ ਹਾਂ, ਜ਼ਮੀਨੀ ਸੰਪਤੀ ਉਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ ਅਤੇ ਅਜਿਹਾ ਬਹੁਗਿਣਤੀ ਦੀ ਇੱਛਾ ਅਨੁਸਾਰ, ਜਥੇਬੰਦ ਢੰਗ ਨਾਲ ਕਰਨਾ ਚਾਹੀਦਾ ਹੈ। ਜਿਵੇਂ ਕਿ ਅਖ਼ਬਾਰ ਦਾਅਵੇ ਨਾਲ ਕਹਿੰਦੇ ਹਨ, ਇਹ ਸੱਚ ਨਹੀਂ ਕਿ ਰੂਸ ਵਿਚ ਗੜਬੜ ਦਾ ਰਾਜ ਹੈ। ਇਹ ਸੱਚ ਨਹੀਂ—ਪੇਂਡੂ ਇਲਾਕਿਆਂ ਵਿਚ ਸਦਾ ਨਾਲੋਂ ਵਧੇਰੇ ਅਨੁਸ਼ਾਸਨ ਹੈ, ਕਿਉਂ ਜੋ ਫੈਸਲੇ ਬਹੁਗਿਣਤੀ ਰਾਹੀਂ ਹੁੰਦੇ ਹਨ, ਭੋਂ-ਮਾਲਕਾਂ ਵਿਰੁਧ ਹਿੰਸਾ ਦੀ ਕੋਈ ਕਾਰਵਾਈ ਮੁਸ਼ਕਲ ਨਾਲ ਹੀ ਹੋਈ ਹੋਵੇਗੀ। ਬੱਸ ਟਾਵੀਂ-ਟਾਵੀਂ ਸੂਰਤ ਵਿਚ ਹੀ ਭੋਂ-ਮਾਲਕਾਂ ਨਾਲ ਅਯੋਗ ਵਰਤਾਓ ਕੀਤਾ ਗਿਆ ਹੈ; ਇਹ ਤ੍ਰੁੱਛ ਹਨ ਅਤੇ ਸਮੁੱਚੇ ਰੂਸ ਵਿਚ ਗਿਣਤੀ ਵਿੱਚ ਉਸ ਤੋਂ ਬਹੁਤੇ ਨਹੀਂ ਜਿੰਨੇ ਪਹਿਲੀਆਂ ਵਿਚ ਹੁੰਦੇ ਸਨ।

ਹੁਣ ਮੈਂ ਇਕ ਹੋਰ ਦਲੀਲ ਦਾ ਜਿਕਰ ਕਰਨਾ ਚਹਾਂਗਾ ਜੋ ਮੈਂ ਸੁਣੀ ਹੈ ਅਤੇ ਕਿਸਾਨ-ਵਰਗ ਨੂੰ ਜ਼ਮੀਨ ਦੇ ਤੁਰੰਤ ਹੀ ਇੰਤਕਾਲ ਦੇ ਸਬੰਧ ਵਿਚ ਜਿਸ ਬਾਰੇ ਆਪਣੇ ਅਖ਼ਬਾਰ ਪ੍ਰਾਵਦਾ ਵਿਚ ਲਿਖਣ ਦਾ ਮੌਕਾ ਮੈਨੂੰ ਮਿਲਿਆ ਹੈ।

ਦਲੀਲ ਇਹ ਹੈ : ਜੇ ਅਸੀਂ ਕਿਸਾਨਾਂ ਨੂੰ ਸਲਾਹ ਦਿੰਦੇ ਹਾਂ ਕਿ ਉਹ ਜ਼ਮੀਨੀ ਸੰਪਤੀ ਉਤੇ ਤੁਰੰਤ ਹੀ ਅਤੇ ਬਿਨਾਂ ਮੁਆਵਜ਼ੇ ਦੇ ਕਬਜ਼ਾ ਕਰ ਲੈਣ ਤਾ ਇਹਦੇ ਨਾਲ ਮੋਰਚੇ ਉਤੇ ਸਿਪਾਹੀਆ ਵਿਚ ਅਸੰਤੁਸ਼ਟਤਾ, ਚਿੰਤਾ ਅਤੇ ਸ਼ਾਇਦ ਨਾਰਾਜ਼ਗੀ ਵੀ ਫੈਲ ਸਕਦੀ ਹੈ। ਜਿਹੜੇ ਕਹਿ ਸਕਦੇ ਹਨ, "ਜੇ ਕਿਸਾਨਾਂ ਨੇ ਹੁਣ ਜਮੀਨ ਲੈਣੀ ਹੈ ਅਤੇ ਅਸੀਂ ਮੋਰਚੇ ਉਤੇ ਠਹਿਰਨਾ ਹੈ ਤਾਂ ਅਸੀਂ ਜਮੀਨ ਤੋਂ ਵਾਝੇ ਰਹਿ ਜਾਵਾਂਗੇ"। ਸਾਇਦ ਸਭ ਸਿਪਾਹੀ ਮੋਰਚਾ ਛੱਡ ਕੇ ਤੁਰ ਆਉਣਗੇ ਅਤੇ ਇਸ ਦਾ ਸਿੱਟਾ ਗੜਬੜ ਅਤੇ ਅਰਾਜਕਤਾ ਵਿਚ ਨਿਕਲੇਗਾ। ਪਰ ਇਸ ਦੇ ਉਤਰ ਵਿਚ ਅਸੀਂ ਕਹਿੰਦੇ ਹਾਂ ਕਿ ਇਸ ਇਤਰਾਜ਼ ਦਾ ਅਸਲੀ ਸਵਾਲ ਨਾਲ ਕੋਈ ਸਬੰਧ ਨਹੀਂ, ਜਮੀਨ ਰਕਮ ਅਦਾ ਕਰ ਕੇ ਲਈ ਜਾਂਦੀ ਹੈ, ਭੋਂ-ਮਾਲਕਾ ਨਾਲ ਸਮਝੌਤੇ ਰਾਹੀਂ ਜਾਂ ਕਿਸਾਨ ਵਰਗ ਦੀ ਬਹੁ-ਗਿਣਤੀ ਦੇ ਫੈਸਲੇ ਰਾਹੀਂ ਮਿਲਦੀ ਹੈ, ਹਰ ਸੂਰਤ ਵਿਚ ਸਿਪਾਹੀ ਮੋਰਚੇ ਉਤੇ ਹੀ ਰਹਿਣਗੇ, ਉਨਾ ਚਿਰ ਜਰੂਰ ਹੀ ਉਥੇ ਰਹਿਣਗੇ ਜਿੰਨਾ ਚਿਰ ਜੰਗ ਲੱਗੀ ਰਹਿੰਦੀ ਹੈ ਅਤੇ ਉਹ ਆਪਣੇ ਪਿੰਡਾਂ ਨੂੰ ਮੁੜ ਨਹੀਂ ਸਕਣਗੇ। ਭਲਾ ਮੋਰਚੇ ਉਤੇ ਸਿਪਾਹੀ ਉਸ ਬਾਰੇ ਫਿਕਰਮੰਦ ਕਿਉਂ ਨਾ ਹੋਣ ਕਿ ਭੋਂ-ਮਾਲਕ ਸਵੈ-ਇੱਛਤ ਸਮਝੌਤੇ ਦੀ ਸ਼ਕਲ ਵਿਚ ਅਣ-ਸੁਖਾਵੀਆਂ ਸਰਤਾ ਠੋਸਦੇ ਹਨ। ਉਹ ਭਲਾ ਇਸ ਬਾਰੇ ਕਿਉਂ ਚਿੰਤਾਤੁਰ ਹੋਣ ਕਿ ਕਿਸਾਨ ਬਹੁ-ਗਿਣਤੀ ਨਾਲ ਭੋਂ-ਮਾਲਕਾ ਵਿਰੁਧ ਫੈਸਲਾ ਕਰਦੇ ਹਨ? ਇਹ ਗੱਲ ਨਾ ਸਮਝ ਆਉਣ ਵਾਲੀ ਹੈ। ਭਲਾ ਮੋਰਚੇ ਉਤੇ ਸਿਪਾਹੀ ਭੋਂ-ਮਾਲਕ ਨਾਲ "ਸਵੈ ਇੱਛਤ" ਸਮਝੌਤੇ ਵਿਚ ਆਪਣਾ ਭਰੋਸਾ ਕਿਉਂ ਰਖੇ? ਮੈਂ ਪੂੰਜੀਪਤੀਆਂ ਅਤੇ ਭੋਂ-ਮਾਲਕਾਂ ਦੀਆਂ ਪਾਰਟੀਆਂ ਨੂੰ ਤਾਂ ਇਸ ਤਰ੍ਹਾਂ ਗੱਲਾਂ ਕਰਦਿਆਂ ਸਮਝ ਸਕਦਾ ਹਾਂ। ਪਰ ਮੇਰਾ ਇਹ ਯਕੀਨ ਨਹੀਂ ਕਿ ਮੋਰਚੇ ਉਤੇ ਸਿਪਾਹੀ ਇਸ ਗੱਲ ਨੂੰ ਕਿਸ ਤਰ੍ਹਾਂ ਵੇਖਦਾ ਹੈ। ਜੇ ਭੋਂ-ਮਾਲਕ ਨਾਲ "ਸਵੈ-ਇੱਛਤ" ਸਮਝੌਤਾ ਹੁੰਦਾ ਹੈ ਤਾਂ ਸਿਪਾਹੀ ਇਹਨੂੰ ਚੰਗੀ ਵਿਵਸਥਾ ਨਹੀਂ ਸੱਦੇਗਾ; ਇਸ ਵਿਚ ਆਪਣਾ ਵਿਸ਼ਵਾਸ ਨਹੀਂ ਰਖੇਗਾ। ਉਹ ਤਾਂ, ਵਧੇਰੇ ਸੰਭਵ ਹੈ, ਇਹਨੂੰ ਪੁਰਾਣੀ ਗੜਬੜ ਦਾ, ਜੋ ਭੋਂ-ਮਾਲਕਾਂ ਦੇ ਅਧੀਨ ਮੌਜੂਦ ਸੀ, ਜਾਰੀ ਰਹਿਣਾ ਹੀ ਸਮਝੇਗਾ।

ਜੇ ਸਿਪਾਹੀ ਨੂੰ ਦੱਸਿਆ ਜਾਂਦਾ ਹੈ ਕਿ ਲੋਕ ਜ਼ਮੀਨ ਉਪਰ ਕਬਜ਼ਾ ਕਰ ਰਹੇ ਹਨ, ਕਿ ਸਥਾਨਕ ਕਿਸਾਨ ਜ਼ਮੀਨ ਲਗਾਨ ਉਤੇ ਲੈ ਰਹੇ ਹਨ ਅਤੇ ਲਗਾਨ ਭੋਂ-ਮਾਲਕ ਨੂੰ ਨਹੀਂ ਸਗੋਂ

ਅੱਜ ਲੜਾਈ ਲਈ ਮੋਰਚੇ ਉੱਤੇ ਉਨ੍ਹਾਂ ਸਿਪਾਹੀਆਂ ਲਈ, ਖ਼ੁਦ ਆਪਣੀ ਕਮੇਟੀ ਨੂੰ ਅਦਾ ਕਰਦੇ ਹਨ ਅਤੇ ਇਹ ਅਦਾਇਗੀ ਭੋਂ-ਮਾਲਕ ਲਈ ਨਹੀਂ ਕਰਦੇ ਤਾਂ ਸਿਪਾਹੀ ਨੂੰ ਇਸ ਵਿਚ ਵਿਸ਼ਵਾਸ ਰੱਖਣ ਦੀ ਸੰਭਾਵਨਾ ਵਧੇਰੇ ਹੈ। ਜੇ ਇਹ ਫ਼ੈਸਲਾ ਬਹੁ-ਗਿਣਤੀ ਨੇ ਕੀਤਾ ਹੈ ਤਾਂ ਮੋਰਚੇ ਉੱਤੇ ਸਿਪਾਹੀ ਜਾਣਗੇ ਕਿ ਭੋਂ-ਮਾਲਕਾਂ ਨਾਲ ਕੋਈ "ਸਵੈ-ਇੱਛਤ" ਸਮਝੌਤੇ ਨਹੀਂ ਹੋ ਸਕਦੇ ਕਿ ਭੋਂ-ਮਾਲਕ ਵੀ ਬਰਾਬਰੀ ਦੇ ਹੱਕਦਾਰ ਨਾਗਰਿਕ ਹਨ ਜਿਨ੍ਹਾਂ ਨਾਲ ਕੋਈ ਵੀ ਅਨਿਆਂ ਕਰਨਾ ਨਹੀਂ ਚਾਹੁੰਦਾ : ਜ਼ਮੀਨ ਤਾਂ ਸਮੁੱਚੇ ਰਾਸ਼ਟਰ ਦੀ ਮਾਲਕੀ ਹੈ, ਇਸੇ ਕਰਕੇ ਇਹ ਭੋਂ-ਮਾਲਕ ਦੀ ਮਾਲਕੀ ਵੀ ਹੈ, ਕੁਲੀਨ ਵਰਗ ਦੇ ਵਿਸ਼ੇਸ਼ ਅਧਿਕਾਰ ਵਜੋਂ ਨਹੀਂ ਸਗੋਂ ਉਸੇ ਤਰ੍ਹਾਂ ਜਿਸ ਤਰ੍ਹਾਂ ਇਹ ਕਿਸੇ ਹੋਰ ਨਾਗਰਿਕ ਦੀ ਮਾਲਕੀ ਹੈ। ਉਸ ਦਿਨ ਤੋਂ ਜਦੋਂ ਜ਼ਾਰ ਦੀ ਸੱਤਾ ਦਾ ਤਖ਼ਤਾ ਉਲਟਾਇਆ ਗਿਆ—ਜ਼ਾਰ ਜਿਹੜਾ ਸਭ ਤੋਂ ਵੱਡਾ ਭੋਂ-ਮਾਲਕ ਅਤੇ ਜਨਤਾ ਉਪਰ ਜਬਰ ਕਰਨ ਵਾਲਾ ਸੀ—ਭੋਂ-ਮਾਲਕਾਂ ਲਈ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹੋਣੇ ਚਾਹੀਦੇ। ਆਜ਼ਾਦੀ ਦੀ ਪਰਾਪਤੀ ਨਾਲ ਭੋਂ-ਮਾਲਕਾਂ ਦਾ ਸਦਾ ਸਦਾ ਲਈ ਤਖ਼ਤਾ ਉਲਟਾਇਆ ਜਾ ਚੁੱਕਾ ਸਮਝਣਾ ਚਾਹੀਦਾ ਹੈ। ਮੋਰਚੇ ਉੱਤੇ ਸਿਪਾਹੀ ਦਾ ਇਸ ਦ੍ਰਿਸ਼ਟੀਕੋਣ ਤੋਂ ਕੁਝ ਵੀ ਨਹੀਂ ਜਾਂਦਾ, ਇਸ ਦੇ ਉਲਟ ਰਾਜ ਸੱਤਾਵਾਂ ਵਿਚ ਉਸ ਦਾ ਵਿਸ਼ਵਾਸ ਹੋਰ ਵੀ ਬਹੁਤਾ ਹੋਵੇਗਾ। ਉਸ ਨੂੰ ਆਪਣੇ ਘਰ ਬਾਰੇ ਜਾਂ ਇਸ ਬਾਰੇ ਕੋਈ ਵੀ ਚਿੰਤਾ ਨਹੀਂ ਹੋਵੇਗੀ ਕਿ ਉਹਦੇ ਨਾਲ ਅਨਿਆਂ ਵਾਲਾ ਵਰਤਾਓ ਹੋ ਰਿਹਾ ਹੈ ਜਾਂ ਉਸ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ।

ਇਕ ਹੋਰ ਇਤਰਾਜ਼ ਬਾਕੀ ਰਹਿੰਦਾ ਹੈ ਜਿਹੜਾ ਸਾਡੀ ਤਜਵੀਜ਼ ਦੇ ਸਬੰਧ ਵਿਚ ਕੀਤਾ ਗਿਆ ਹੈ। ਦਲੀਲ ਇਹ ਹੈ ਕਿ ਜੇਕਰ ਕਿਸਾਨਾਂ ਨੇ ਤੁਰੰਤ ਹੀ ਜ਼ਮੀਨ ਸੰਪਤੀ ਹਥਿਆਈ ਤਾਂ ਅਜਿਹੇ ਤੁਰੰਤ ਮਾੜੀ ਤਿਆਰੀ ਵਾਲੇ ਕਬਜ਼ੇ ਦੇ ਸਿੱਟੇ ਵਜੋਂ ਜ਼ਮੀਨ ਵਾਹੁਣ ਬੀਜਣ ਦਾ ਕੰਮ ਵਿਗੜ ਜਾਵੇਗਾ। ਮੈਂ ਕਹਾਂਗਾ ਕਿ ਬਹੁ-ਗਿਣਤੀ ਦੀ ਹਕੂਮਤ, ਕੇਂਦਰੀ ਰਾਜ-ਸੱਤਾ, ਅਜੇ ਕਾਇਮ ਨਹੀਂ ਹੋਈ; ਕਿਸਾਨਾਂ ਨੂੰ ਆਪਣੇ ਆਪ ਵਿਚ ਕਾਫ਼ੀ ਭਰੋਸਾ ਕਾਇਮ ਨਹੀਂ ਹੋਇਆ ਅਤੇ ਭੋਂ-ਮਾਲਕਾਂ ਤੇ ਪੂੰਜੀਪਤੀਆਂ ਵਿਚੋਂ ਉਹਨਾਂ ਦਾ ਭਰੋਸਾ ਅਜੇ ਜਾਂਦਾ ਨਹੀਂ ਰਿਹਾ ਕਿ ਕਿਸਾਨ ਵਰਗ ਦਾ ਪੁਰਾਣੀ ਰਾਜ-ਸੱਤਾ ਵਿਚ ਭਰੋਸਾ ਦਿਨੋ ਦਿਨ ਘੱਟਦਾ ਜਾ ਰਿਹਾ ਹੈ ਅਤੇ ਉਹ ਸਮਝ ਰਹੇ ਹਨ ਕਿ ਕਿਸਾਨਾਂ ਦੇ, ਸਿਪਾਹੀਆਂ ਦੇ, ਮਜ਼ਦੂਰਾਂ ਦੇ ਅਤੇ ਦੂਜੇ ਚੁਣੇ ਹੋਏ ਡਿਪਟੀਆਂ ਤੋਂ ਬਿਨਾਂ ਹੋਰ ਕੋਈ ਵੀ ਰੂਸ ਵਿਚ ਹਕੂਮਤ ਨਹੀਂ ਬਣਾ ਸਕਦਾ। ਮੇਰਾ ਯਕੀਨ ਹੈ ਕਿ ਹਰ ਬੀਤਦਾ ਦਿਨ ਸਾਨੂੰ ਇਸ ਦੇ ਵਧੇਰੇ ਨੇੜੇ ਲੈ ਜਾਂਦਾ ਹੈ। ਇਸ ਕਰਕੇ ਨਹੀਂ ਕਿ ਕਿਸੇ ਰਾਜਸੀ ਪਾਰਟੀ ਨੇ ਇਹ ਦੀ ਸਲਾਹ ਦਿੱਤੀ ਹੈ—ਕਰੋੜਾਂ ਲੋਕ ਪਾਰਟੀਆਂ ਦੀ ਸਲਾਹ ਨਹੀਂ ਸੁਣਨਗੇ ਜੇਕਰ ਇਹ ਸਲਾਹ ਉਹਨਾਂ ਦੇ ਖ਼ੁਦ ਆਪਣੇ ਤਜਰਬੇ ਦੇ ਅਨੁਕੂਲ ਨਹੀਂ। ਅਸੀਂ ਤੇਜ਼ੀ ਨਾਲ ਉਸ ਸਮੇਂ ਦੇ ਨੇੜੇ ਢੁੱਕ ਰਹੇ ਹਾਂ ਜਦੋਂ ਰੂਸ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦੇ ਪ੍ਰਤੀਨਿਧਾਂ ਦੀ ਸੱਤਾ ਤੋਂ ਬਿਨਾਂ ਕੋਈ ਹੋਰ ਰਾਜ-ਸੱਤਾ ਨਹੀਂ ਹੋਵੇਗੀ। ਜਦੋਂ ਮੈਨੂੰ ਦਸਿਆ ਜਾਂਦਾ ਹੈ ਕਿ ਜ਼ਮੀਨ ਦੇ ਤੁਰੰਤ ਕਬਜ਼ੇ ਦਾ ਸਿੱਟਾ ਇਸ ਦੀ ਮਾੜੀ ਕਾਸ਼ਤ ਵਿਚ ਨਿਕਲ ਸਕਦਾ ਹੈ ਕਿ ਬਿਜਾਈ ਮਾੜੀ ਹੋਵੇਗੀ, ਤਾਂ ਮੈਂ ਕਹਾਂਗਾ ਕਿ ਸਾਡੇ ਕਿਸਾਨ ਬਹੁਤ ਮਾੜੀ ਤਰ੍ਹਾਂ ਭੋਂ ਵਾਹੁੰਦੇ ਬੀਜਦੇ ਹਨ ਕਿਉਂ ਜੋ ਉਹਨਾਂ ਦੀ ਹਾਲਤ ਪੀੜਤ ਹੈ, ਕਿਉਂ ਜੋ ਭੋਂ-ਮਾਲਕਾਂ ਨੇ ਸਦੀਆਂ ਤੋਂ ਜਬਰ ਜ਼ੁਲਮ ਢਾਹਿਆ ਹੈ। ਇਸ ਲਈ ਰੂਸ ਵਿਚ ਇਕ ਡਰਾਉਣਾ ਸੰਕਟ ਹੈ, ਸੰਕਟ ਜਿਹਨੇ ਉਸ ਨੂੰ ਸੱਟ ਮਾਰੀ ਹੈ ਜਿਵੇਂ ਇਹਨੇ ਜੰਗ ਵਿਚ ਸ਼ਾਮਲ ਦੂਜੇ ਦੇਸ਼ਾਂ ਨੂੰ ਸੱਟ ਮਾਰੀ ਹੈ ਅਤੇ ਰੂਸ ਇਸ ਦਾ ਟਾਕਰਾ ਸਿਰਫ਼ ਜ਼ਮੀਨ ਦੀ ਚੰਗੇਰੀ ਕਾਸ਼ਤ ਅਤੇ ਜਨ-ਸ਼ਕਤੀ ਦੀ ਸਭ ਤੋਂ ਬਹੁਤੀ ਬੱਚਤ ਸਦਕਾ ਕਰ ਸਕਦਾ ਹੈ। ਪਰ ਅੱਜ

ਫਸਲਾਂ ਦੀ ਪਹਿਲੀ ਬਿਜਾਈ ਸਮੇਂ ਕੀ ਭੋਂ-ਮਾਲਕਾਂ ਨਾਲ "ਸਵੈ-ਇੱਛਤ" ਸਮਝੌਤਿਆਂ ਨਾਲ ਕੁਝ ਤਬਦੀਲ ਕੀਤਾ ਜਾ ਸਕਦਾ ਹੈ ? ਕੀ ਅਸੀਂ ਇਹ ਸਮਝੀਏ ਕਿ ਭੋਂ-ਮਾਲਕ ਜ਼ਮੀਨ ਦੀ ਕਾਸ਼ਤ ਦਾ ਚੰਗੀ ਤਰ੍ਹਾਂ ਖ਼ਿਆਲ ਰੱਖਣਗੇ ? ਕੀ ਕਿਸਾਨ ਇਹ ਜਾਣਦਿਆਂ ਕਿ ਭੋਂ ਜਿਹੜੀ ਉਹ ਬੀਜ ਰਹੇ ਹਨ, ਭੋਂ-ਮਾਲਕ ਦੀ ਨਹੀਂ, ਸਮੁੱਚੀ ਕੌਮ ਦੀ ਸੰਪਤੀ ਹੈ। ਜੇ ਉਹ ਆਪਣੇ ਕਿਸਾਨ ਫੰਡਾਂ ਵਿਚ ਲਗਾਨ ਜਮ੍ਹਾਂ ਕਰਾਉਂਦੇ ਹਨ ਅਤੇ ਭੋਂ-ਮਾਲਕ ਨੂੰ ਨਹੀਂ, ਤਾਂ ਮਾੜੀ ਬਿਜਾਈ ਕਰਨਗੇ ? ਇਹ ਅਜਿਹੀ ਬੇਥਵ੍ਹੀ ਗੱਲ ਹੈ ਕਿ ਮੈਨੂੰ ਅਜਿਹੀਆਂ ਦਲੀਲਾਂ ਸੁਣ ਕੇ ਹੈਰਾਨੀ ਹੁੰਦੀ ਹੈ। ਇਹ ਬਿਲਕੁਲ ਨਾ ਮੰਨਣ ਯੋਗ ਹੈ ਅਤੇ ਭੋਂ-ਮਾਲਕਾਂ ਵਲੋਂ ਇਕ ਛਲ-ਕਪਟ ਤੋਂ ਛੁਟ ਹੋਰ ਕੁਝ ਨਹੀਂ।

ਭੋਂ-ਮਾਲਕਾਂ ਨੇ ਸਮਝ ਲਿਆ ਹੈ ਕਿ ਉਹ ਲਾਠੀ ਦੇ ਜ਼ੋਰ ਹੁਣ ਰਾਜ ਬਿਲਕੁਲ ਨਹੀਂ ਕਰ ਸਕਦੇ। ਉਨ੍ਹਾਂ ਨੇ ਇਹ ਚੰਗੀ ਤਰ੍ਹਾ ਸਮਝ ਲਿਆ ਹੈ ਅਤੇ ਰਾਜ ਦੀ ਉਹ ਸ਼ਕਲ ਅਖ਼ਤਿਆਰ ਕਰ ਰਹੇ ਹਨ ਜੋ ਰੂਸ ਲਈ ਨਵੀਂ ਹੈ ਪਰ ਜੋ ਪੱਛਮੀ ਯੂਰਪ ਵਿਚ, ਪੱਛਮੀ ਯੂਰਪੀ ਦੇਸਾਂ ਵਿਚ ਚਿਰੋਕਣੀ ਮੌਜੂਦ ਹੈ। ਰੂਸ ਵਿਚ ਦੋ ਇਨਕਲਾਬਾਂ ਨੇ ਵਿਖਾ ਦਿੱਤਾ ਹੈ ਕਿ ਲਾਠੀ ਦਾ ਰਾਜ ਹੁਣ ਬਿਲਕੁਲ ਹੀ ਸੰਭਵ ਨਹੀਂ ਅਤੇ ਪੱਛਮ-ਯੂਰਪੀ ਦੇਸਾਂ ਵਿਚ ਦਰਜਨਾਂ ਹੀ ਇਨਕਲਾਬਾਂ ਨੇ ਇਹਦਾ ਮੁਜ਼ਾਹਰਾ ਕੀਤਾ ਹੈ। ਇਨ੍ਹਾ ਇਨਕਲਾਬਾ ਨੇ ਭੋਂ-ਮਾਲਕਾਂ ਤੇ ਪੂੰਜੀਪਤੀਆਂ ਨੂੰ ਇਕ ਸਬਕ ਸਿਖਾਇਆ ਹੈ। ਉਨ੍ਹਾਂ ਨੇ ਇਨ੍ਹਾਂ ਨੂੰ ਸਿਖਾਇਆ ਹੈ ਕਿ ਉਨ੍ਹਾਂ ਨੇ ਲੋਕਾਂ ਉਤੇ ਧੋਖੇ ਫ਼ਰੇਬ ਨਾਲ, ਚਾਪਲੂਸੀ ਨਾਲ ਰਾਜ ਕਰਨਾ ਹੈ ਕਿ ਉਨ੍ਹਾਂ ਨੂੰ ਆਪਣੇ ਆਪ ਨੂੰ ਅਨੁਕੂਲਣਾ ਹੋਵੇਗਾ, ਆਪਣੀਆਂ ਜਾਕਟਾਂ ਉਤੇ ਲਾਲ ਬਿੱਲਾ ਲਾਉਣਾ ਹੋਵੇਗਾ ਅਤੇ ਉਹ ਭਾਵੇਂ ਸ਼ਾਰਕ ਹਨ, ਇਹ ਕਹਿਣਾ ਹੋਵੇਗਾ : "ਅਸੀਂ ਇਨਕਲਾਬੀ ਜਮਹੂਰੀਅਤ-ਪਸੰਦ ਹਾਂ, ਕ੍ਰਿਪਾ ਕਰ ਕੇ ਰਤਾ ਉਡੀਕੋ ਤੇ ਅਸੀਂ ਤੁਹਾਡੇ ਲਈ ਸਭ ਕੁਝ ਕਰਾਂਗੇ।" ਇਹ ਦਲੀਲ ਦੇਣਾ ਕਿ ਕਿਸਾਨ ਉਸ ਜਮੀਨ ਦੀ, ਜਿਹੜੀ ਹੁਣ ਭੋਂ-ਮਾਲਕਾਂ ਦੀ ਉੱਕਾ ਨਹੀਂ ਸਗੋਂ ਕੌਮੀ ਜਾਇਦਾਦ ਹੈ, ਮਾੜੀ ਬਿਜਾਈ ਕਰਨਗੇ, ਕਿਸਾਨਾਂ ਦਾ ਥੱਸ ਮਜਾਕ ਉਡਾਉਣਾ ਹੈ, ਇਹ ਤਾਂ ਧੋਖੇ ਫ਼ਰੇਬ ਨਾਲ ਉਨ੍ਹਾਂ ਉਤੇ ਆਪਣਾ ਰਾਜ ਕਾਇਮ ਰੱਖਣ ਦਾ ਇਕ ਜਤਨ ਹੈ।

ਮੈਂ ਮੁੜ ਆਖਦਾ ਹਾਂ—ਜ਼ਮੀਨੀ-ਮਾਲਕੀ ਬਿਲਕੁਲ ਹੀ ਹੋਣੀ ਨਹੀਂ ਚਾਹੀਦੀ, ਭੋਂ-ਦਾਰੀ ਇਕ ਆਰਜ਼ੀ ਕਦਮ ਹੈ ਅਤੇ ਇਹ ਸਾਲ ਦੇ ਸਾਲ ਤਬਦੀਲ ਹੁੰਦੀ ਹੈ। ਕਿਸਾਨ ਜਿਹੜਾ ਭੋਂ ਚਕੋਤੇ ਤੇ ਲੈਂਦਾ ਹੈ ਉਹ ਇਸ ਜਮੀਨ ਨੂੰ ਖ਼ੁਦ ਆਪਣੀ ਸਮਝਣ ਦੀ ਹਿੰਮਤ ਨਹੀਂ ਕਰਦਾ। ਜਮੀਨ ਉਹਦੀ ਨਹੀਂ ਅਤੇ ਨਾ ਹੀ ਭੋਂ-ਮਾਲਕ ਦੀ ਹੈ, ਇਹ ਤਾਂ ਲੋਕਾਂ ਦੀ ਮਾਲਕੀ ਹੈ। ਮੈਂ ਮੁੜ ਕਹਿੰਦਾ ਹਾਂ ਕਿ ਇਹਦੇ ਕਾਰਨ ਇਸ ਸਾਲ ਇਸ ਬਸੰਤ ਰੁੱਤੇ ਫ਼ਸਲਾਂ ਦੀ ਬਿਜਾਈ ਕੋਈ ਮਾੜੀ ਨਹੀਂ ਹੋ ਸਕਦੀ। ਇਹ ਮਨੌਤ ਤਾਂ ਏਨੀ ਅਜੀਬ ਅਤੇ ਅਧੰਭਾਵੀ ਹੈ ਕਿ ਮੇਰੇ ਕੋਲ ਕਹਿਣ ਲਈ ਸਿਰਫ਼ ਇਕ ਗੱਲ ਹੀ ਹੈ—ਭੋਂ-ਮਾਲਕਾਂ ਤੋਂ ਸਾਵਧਾਨ ਰਹੋ, ਉਨ੍ਹਾਂ ਉਤੇ ਭਰੋਸਾ ਨਾ ਕਰੋ, ਚੰਗੇ ਚੰਗੇ ਸ਼ਬਦਾਂ ਅਤੇ ਵਾਅਦਿਆਂ ਦੇ ਧੋਖੇ ਵਿਚ ਨਾ ਆਓ। ਯਾਦ ਰਹੇ ਕਿ ਕਿਸਾਨਾਂ ਦੀ ਬਹੁ-ਗਿਣਤੀ ਵਲੋਂ ਕੀਤਾ ਗਿਆ ਫ਼ੈਸਲਾ ਰਾਜਕੀ ਮਹੱਤਤਾ ਵਾਲਾ ਕਾਨੂੰਨੀ ਫ਼ੈਸਲਾ ਹੈ, ਕਿਸਾਨ ਜਿਹੜੇ ਫ਼ੈਸਲੇ ਕਰਨ ਵਿਚ ਬਹੁਤ ਸੁਚੇਤ ਹਨ। ਇਸ ਪੱਖੋਂ ਕਿਸਾਨਾਂ ਉਤੇ ਭਰੋਸਾ ਕੀਤਾ ਜਾਣਾ ਚਾਹੀਦਾ ਹੈ। ਮਿਸਾਲ ਵਜੋਂ, ਮੇਰੇ ਸਾਹਮਣੇ ਇਕ ਫ਼ੈਸਲਾ ਹੈ ਜੋ ਪੇਨਜ਼ਾ ਦੇ ਕਿਸਾਨਾਂ ਨੇ ਕੀਤਾ ਹੈ ਜਿਸ ਦਾ ਇਕ-ਇਕ ਸ਼ਬਦ ਅਸਾਧਾਰਣ ਸਿਆਣਪ ਨਾਲ ਵਰਤਿਆ ਗਿਆ ਹੈ। ਕਿਸਾਨ ਪੂਰੇ ਰੂਸ ਲਈ ਕੋਈ ਤੁਰੰਤ ਤਬਦੀਲੀਆਂ ਨਹੀਂ ਵਿਉਂਤ ਰਹੇ, ਪਰ ਉਹ ਆਪਣੇ ਆਪ ਨੂੰ ਅਸੰਗਿ

ਅਧੀਨਤਾ ਵਿਚ ਨਹੀਂ ਰੱਖਣਾ ਚਾਹੁੰਦੇ, ਅਤੇ ਇਸ ਗੱਲੋਂ ਉਹ ਠੀਕ ਹਨ। ਸਭ ਤੋਂ ਵੱਡੀ ਅਧੀਨਤਾ ਭੋਂ-ਮਾਲਕ ਅੱਗੇ ਕਿਸਾਨ ਦੀ ਅਧੀਨਤਾ ਸੀ, ਅਤੇ ਅਜਿਹੀ ਇਹ ਹੁਣ ਵੀ ਹੈ; ਭੋਂ ਮਾਲਕਾਂ ਅਤੇ ਜਾਬਰਾਂ ਦੀ ਅਧੀਨਤਾ। ਇਸ ਲਈ, ਇਸ ਅਧੀਨਤਾ ਦਾ ਖ਼ਾਤਮਾ ਇਕ ਹਫ਼ਤੇ ਲਈ ਵੀ ਇਥੋਂ ਤਕ ਕਿ ਇਕ ਘੰਟੇ ਲਈ ਵੀ ਪਿਛੇ ਨਹੀਂ ਪਾਇਆ ਜਾਣਾ ਚਾਹੀਦਾ, ਪਰ ਹਰ ਕਬਜ਼ਾ ਜਥੇਬੰਦ ਕਬਜਾ ਹੋਣਾ ਜ਼ਰੂਰੀ ਹੈ, ਹਥਿਆਈ ਹੋਈ ਭੋਂ ਨੂੰ ਸੰਪਤੀ ਨਾ ਬਣਾਇਆ ਜਾਵੇ, ਇਸ ਨੂੰ ਵੰਡਿਆ ਨਾ ਜਾਵੇ, ਸਗੋਂ ਸਾਂਝੇ ਰੂਪ ਵਿਚ ਸਮੁੱਚੇ ਰਾਸ਼ਟਰ ਦੀ ਸੰਪਤੀ ਵਜੋਂ ਇਸ ਨੂੰ ਵਰਤਿਆ ਜਾਵੇ।

ਮੈਂ ਭੋਂ ਦੇ ਕਬਜੇ ਦੇ ਇਸ ਸਵਾਲ ਦਾ ਭੋਗ ਇਸ ਉਤਰ ਨਾਲ ਪਾ ਸਕਦਾ ਸਾ ਕਿ ਸਾਡੀ ਤਜਵੀਜ਼ ਵਿਰੁਧ ਇਤਰਾਜ ਜਦੋਂ ਭੋਂ-ਮਾਲਕਾਂ ਅਤੇ ਪੂੰਜੀਪਤੀਆ ਵਾਲੇ ਹੁੰਦੇ ਹਨ, ਧੋਖੇ ਫ਼ਰੇਬ ਉਤੇ ਅਧਾਰਤ ਹੁੰਦੇ ਹਨ ਅਤੇ ਜਦੋਂ ਇਹ ਉਨ੍ਹਾਂ ਵਲੋਂ ਹੁੰਦੇ ਹਨ ਜੋ ਨਾ ਹੀ ਭੋਂ ਮਾਲਕ ਹਨ ਤੇ ਨਾ ਹੀ ਪੂੰਜੀਪਤੀ ਸਗੋਂ ਅਜਿਹੇ ਲੋਕ ਹਨ ਜਿਹੜੇ ਕਿਰਤੀ ਲੋਕਾਂ ਦੇ ਹਿੱਤਾਂ ਨੂੰ ਪਿਆਰਦੇ ਹਨ ਤਾਂ ਇਹ ਗਲਤਫ਼ਹਿਮੀ ਉਤੇ ਭੋਂ-ਮਾਲਕਾ ਤੇ ਪੂੰਜੀਪਤੀ ਸਾਡੇ ਵਿਰੁਧ ਜੋ ਝੂਠੀਆਂ ਗੱਲਾਂ ਆਖਦੇ ਹਨ ਉਨ੍ਹਾ ਵਿਚ ਸਿੱਧੜ ਵਿਸ਼ਵਾਸ ਉਤੇ ਆਧਾਰਤ ਹੁੰਦੇ ਹਨ। ਸਾਡੀਆਂ ਦਲੀਲਾਂ ਨੂੰ ਘੋਖਣ ਤੇ ਤੁਸੀਂ ਵੇਖੋਗੇ ਕਿ ਇਹ ਨਿਆਈਂ ਮੰਗ ਕਿ ਜ਼ਮੀਨੀ ਸੰਪਤੀ ਦਾ ਤੁਰੰਤ ਹੀ ਖ਼ਾਤਮਾ ਕਰ ਦਿਤਾ ਜਾਵੇ ਅਤੇ ਇਵੇਂ ਹੀ ਜ਼ਮੀਨ ਦੇ ਰੂਪ ਵਿਚ ਇਹ ਸੰਪਤੀ ਲੋਕਾਂ ਦੀ ਮਾਲਕੀ ਹੋਵੇ ਉਦੋਂ ਤਕ ਅਮਲ ਵਿਚ ਨਹੀਂ ਆ ਸਕਦੀ ਜਦੋਂ ਤਕ ਇਕ ਕੇਂਦਰੀ ਹਕੂਮਤ ਕਾਇਮ ਨਹੀਂ ਹੁੰਦੀ। ਪਰ ਉਹ ਗੱਲ ਜਿਸ ਦੀ ਅਸੀਂ ਸਲਾਹ ਨਹੀਂ ਦਿੰਦੇ ਅਤੇ ਜੋ ਬਹੁਤ ਜ਼ੋਰ ਨਾਲ ਕਹਿੰਦੇ ਹਾ ਉਹ ਇਹ ਹੈ ਕਿ ਕਿਸਾਨ ਆਪ, ਮੌਕੇ ਉਤੇ ਹੀ ਇਲਾਕਿਆ ਵਿਚ, ਜ਼ਮੀਨ ਕਬਜ਼ੇ ਵਿਚ ਲੈ ਲੈਣ ਤਾ ਜੋ ਚੰਗੇ ਸਿਲਸਲੇ ਦੀ ਉਲੰਘਣਾ ਤੋਂ ਬਚਿਆ ਜਾਵੇ। ਅਸੀਂ ਆਪਣੇ ਮਤਿਆਂ ਵਿਚ ਇਹ ਸਲਾਹ ਦਿੰਦੇ ਹਾਂ; ਪਰ ਇਹ ਸ਼ਾਇਦ ਵਾਧੂ ਹੈ, ਕਿਉਂ ਜੁ ਕਿਸਾਨ ਤਾਂ ਸਾਡੀ ਸਲਾਹ ਤੋਂ ਬਿਨਾਂ ਹੀ ਅਜਿਹਾ ਕਰ ਰਹੇ ਹਨ।

ਮੈਂ ਹੁਣ ਦੂਜਾ ਸਵਾਲ ਛੂੰਹਦਾ ਹਾਂ, ਉਹ ਜਿਸ ਵੱਲ ਸਭ ਤੋਂ ਬਹੁਤਾ ਧਿਆਨ ਦਿਤਾ ਜਾਣਾ ਚਾਹੀਦਾ ਹੈ, ਇਹ ਸਵਾਲ ਕਿ ਉਦੋਂ ਆਮ ਲੋਕਾਂ ਦੇ ਅਤਿ ਚੰਗੇ ਹਿੱਤਾ ਵਿਚ ਜ਼ਮੀਨ ਦਾ ਕੀ ਕੀਤਾ ਜਾਵੇ, ਜਦੋਂ ਇਹ ਸਮੁੱਚੇ ਰਾਸ਼ਟਰ ਦੀ ਜਾਇਦਾਦ ਬਣ ਜਾਦੀ ਹੈ, ਜਦੋਂ ਨਿੱਜੀ ਸੰਪਤੀ ਦਾ ਭੋਗ ਪਾ ਦਿਤਾ ਜਾਂਦਾ ਹੈ। ਉਹ ਸਮਾਂ ਰੂਸ ਵਿਚ ਆਉਣ ਹੀ ਵਾਲਾ ਹੈ। ਅਸਲ ਵਿਚ ਭੋਂ-ਮਾਲਕਾਂ ਦੀ ਸੱਤਾ, ਜੇ ਤਬਾਹ ਨਹੀਂ ਹੋਈ ਤਾਂ ਇਹਦੇ ਜੜ੍ਹੀਂ ਤੇਲ ਜਰੂਰ ਦਿਤਾ ਜਾ ਚੁਕਾ ਹੈ। ਮੈਨੂੰ ਜਾਪਦਾ ਹੈ ਕਿ ਇਸ ਸਵਾਲ ਬਾਰੇ ਕੋਈ ਸਾਂਝਾ ਬੁਨਿਆਦੀ ਵਿਚਾਰ ਹੋਣਾ ਚਾਹੀਦਾ ਹੈ, ਕਿਉਂ ਜੋ ਸਪੱਸ਼ਟ ਤੌਰ ਉਤੇ ਕਿਸਾਨ ਵਰਗ ਵਲੋਂ ਸਥਾਨਕ ਇੰਤਜ਼ਾਮ ਸਦਾ ਹੀ ਕੀਤੇ ਜਾਣਗੇ। ਜਮਹੂਰੀ ਰਾਜ ਵਿਚ ਹੋਰ ਕਿਸੇ ਤਰ੍ਹਾਂ ਹੋ ਹੀ ਨਹੀਂ ਸਕਦਾ। ਇਹ ਏਨਾ ਪ੍ਰਤੱਖ ਹੈ ਕਿ ਇਹਦੀ ਗੱਲ ਕਰਨ ਦੀ ਵੀ ਲੋੜ ਨਹੀਂ। ਇਸ ਸਵਾਲ ਦੇ ਜਵਾਬ ਵਿਚ ਕਿ ਕਿਰਤੀ ਲੋਕਾਂ ਲਈ ਜ਼ਮੀਨ ਹਾਸਲ ਕਰਨ ਲਈ ਕੀਤਾ ਜਾਣਾ ਚਾਹੀਦਾ ਹੈ, ਅਸੀਂ ਕਹਿੰਦੇ ਹਾਂ : "ਅਸੀਂ ਉਜਰਤੀ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੇ ਹਿੱਤਾ ਦੀ ਰਖਿਆ ਕਰਨਾ ਚਾਹੁੰਦੇ ਹਾ।" ਸਾਡੀ ਬਾਲਸ਼ਵਿਕਾ ਦੀ ਰੂਸੀ ਸੋਸ਼ਲ-ਡੈਮੋਕਰੇਟਿਕ ਪਾਰਟੀ ਇਹਨੂੰ ਆਪਣਾ ਫ਼ਰਜ਼ ਸਮਝਦੀ ਹੈ। ਅਸੀਂ ਆਪਣੇ ਆਪ ਨੂੰ ਪੁੱਛਦੇ ਹਾ : ਜੇ ਅਸੀਂ ਕਹਿੰਦੇ ਹਾਂ ਕਿ ਜ਼ਮੀਨ ਰਾਸ਼ਟਰ ਦੀ ਮਾਲਕੀ ਹੋਵੇਗੀ, ਕੀ ਇਹ ਕਹਿਣ ਦੇ ਬਰਾਬਰ ਹੈ ਕਿ ਜ਼ਮੀਨ ਕਿਰਤੀ ਲੋਕਾਂ ਦੀ ਮਾਲਕੀ ਹੋਵੇਗੀ ? ਸਾਡਾ ਜਵਾਬ ਹੈ; ਨਹੀਂ ਇਹ ਗੱਲ

ਇਕੋ ਨਹੀਂ । ਇਹ ਆਖਣ ਤੋਂ ਕਿ ਜ਼ਮੀਨ ਰਾਸ਼ਟਰ ਦੀ ਹੋਵੇਗੀ, ਸਾਡਾ ਮਤਲਬ ਹੈ ਕਿ ਜ਼ਮੀਨੀ ਸੰਪਤੀ ਦਾ ਭੋਗ ਪਾ ਦਿੱਤਾ ਜਾਵੇਗਾ ; ਸਾਡਾ ਮਤਲਬ ਹੈ ਕਿ ਜਿਹੜਾ ਕੋਈ ਵੀ ਜ਼ਮੀਨ ਦੀ ਵਰਤੋਂ ਕਰਦਾ ਹੈ ਉਹ ਰਾਸ਼ਟਰ ਤੋਂ ਇਹਨੂੰ ਚਕੋਤੇ ਉਤੇ ਲੈਂਦਾ ਹੈ । ਜੇ ਅਜਿਹਾ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਭੋਂ-ਦਾਰੀ ਵਿਚ ਕੋਈ ਫ਼ਰਕ ਨਹੀਂ ਰਹਿਣਗੇ, ਸਾਰੀ ਜ਼ਮੀਨ ਇਕ ਰੂਪ ਹੋਵੇਗੀ ਅਤੇ ਜਿਵੇਂ ਕਿ ਕਿਸਾਨ ਅਕਸਰ ਕਹਿੰਦੇ ਹਨ, "ਸਭ ਪੁਰਾਣੇ ਬੰਧਨ ਅਤੇ ਰੋਕਾਂ ਦੂਰ ਹੋ ਜਾਣਗੀਆਂ, ਜ਼ਮੀਨ ਮੁਕਤ ਹੋ ਜਾਵੇਗੀ—ਜ਼ਮੀਨ ਸੁਤੰਤਰ ਹੋਵੇਗੀ, ਕਿਰਤ ਸੁਤੰਤਰ ਹੋਵੇਗੀ ।"

ਕੀ ਇਹਦੇ ਅਰਥ ਹਨ ਕਿ ਜ਼ਮੀਨ ਸਭਨਾਂ ਕਿਰਤੀ ਲੋਕਾਂ ਦੇ ਹਵਾਲੇ ਕਰ ਦਿਤੀ ਜਾਵੇਗੀ ? ਨਹੀਂ, ਇਹਦਾ ਇਹ ਮਤਲਬ ਵੀ ਨਹੀਂ । ਸੁਤੰਤਰ ਜ਼ਮੀਨ ਉਤੇ ਸੁਤੰਤਰ ਕਿਰਤ ਦੇ ਅਰਥ ਹਨ ਕਿ ਭੋਂ-ਦਾਰੀ ਦੀਆਂ ਸਭ ਪੁਰਾਣੀਆਂ ਕਿਸਮਾਂ ਦਾ ਖਾਤਮਾ ਕਰ ਦਿਤਾ ਜਾਵੇਗਾ, ਅਤੇ ਕੌਮੀ ਮਾਲਕੀ ਤੋਂ ਬਿਨਾਂ ਮਾਲਕੀ ਦੀ ਹੋਰ ਕੋਈ ਸ਼ਕਲ ਨਹੀਂ ਹੋਵੇਗੀ; ਹਰ ਕੋਈ ਰਾਜ ਤੋਂ ਜ਼ਮੀਨ ਚਕੋਤੇ ਉਤੇ ਲੈਂਦਾ ਹੈ । ਇਕੋ ਇਕ ਰਾਜ ਸੱਤਾ ਹੈ, ਸਭਨਾਂ ਮਜ਼ਦੂਰਾਂ ਅਤੇ ਕਿਸਾਨਾਂ ਦੀ ਸੱਤਾ; ਕਿਸਾਨ ਇਸ ਤੋਂ ਪੱਟੇਦਾਰ ਵਜੋਂ ਜ਼ਮੀਨ ਚਕੋਤੇ ਤੇ ਲੈ ਸਕਦਾ ਹੈ; ਕਿਸਾਨ ਅਤੇ ਰਾਜ ਵਿਚਕਾਰ ਕੋਈ ਵਿਚੋਲੇ ਨਹੀਂ ਹਨ; ਸ਼ਰਤਾਂ ਜਿਹਨਾ ਉਤੇ ਜਮੀਨ ਚਕੋਤੇ ਉਤੇ ਦਿਤੀ ਜਾਂਦੀ ਹੈ ਸਭਨਾਂ ਲਈ ਬਰਾਬਰ ਹਨ; ਇਹ ਹੈ ਸੁਤੰਤਰ ਭੋਂ ਉਤੇ ਸੁਤੰਤਰ ਕਿਰਤ ।

ਕੀ ਇਹਦਾ ਅਰਥ ਹੈ ਕਿ ਜਮੀਨ ਸਭਨਾਂ ਕਿਰਤੀ ਲੋਕਾਂ ਦੇ ਹਵਾਲੇ ਕੀਤੀ ਜਾਵੇ ? ਨਹੀਂ, ਇਹਦਾ ਇਹ ਅਰਥ ਨਹੀਂ । ਤੁਸੀਂ ਜ਼ਮੀਨ ਨੂੰ ਖਾ ਨਹੀਂ ਸਕਦੇ; ਅਤੇ ਇਹਨੂੰ ਵਾਹੁਣ ਬੀਜਣ ਲਈ ਸੰਦਾਂ, ਪਸ਼ੂਆਂ, ਸਾਜ਼ ਸਮਾਨ, ਅਤੇ ਧਨ ਦੀ ਲੋੜ ਹੈ; ਬਿਨਾਂ ਧਨ ਦੇ, ਬਿਨਾਂ ਸੰਦਾਂ ਦੇ, ਤੁਸੀਂ ਖੇਤੀਬਾੜੀ ਨਹੀਂ ਕਰ ਸਕਦੇ । ਸੋ ਜਦੋਂ ਤੁਸੀਂ ਸੁਤੰਤਰ ਭੋਂ ਉਤੇ ਸੁਤੰਤਰ ਕਿਰਤ ਦਾ ਸਿਸਟਮ ਕਾਇਮ ਕਰਦੇ ਹੋ, ਕੋਈ ਜ਼ਮੀਨੀ ਸੰਪਤੀਆ ਨਹੀਂ ਰਹਿਣਗੀਆਂ, ਜ਼ਮੀਨ ਹੀ ਹੋਵੇਗੀ ਜੋ ਰਾਸ਼ਟਰੀ ਸੰਪਤੀ ਹੈ ਅਤੇ ਸੁਤੰਤਰ ਪਟੇਦਾਰਾਂ ਨੂੰ ਰਾਜ ਤੋਂ ਜ਼ਮੀਨ ਚਕੋਤੇ ਉਤੇ ਮਿਲਦੀ ਹੈ । ਇਹ ਨਿਜ਼ਾਮ ਕਾਇਮ ਕਰਦੇ ਹਨ ਤਾਂ ਇਹਦੇ ਇਹ ਅਰਥ ਨਹੀਂ ਕਿ ਜ਼ਮੀਨ ਦਾ ਇੰਤਕਾਲ ਸਭਨਾਂ ਕਿਰਤੀ ਲੋਕਾਂ ਦੇ ਨਾਂ ਹੁੰਦਾ ਹੈ । ਇਹਦੇ ਤਾਂ ਬਸ ਇਹ ਅਰਥ ਹੋਣਗੇ ਕਿ ਹਰ ਕਾਸ਼ਤਕਾਰ ਆਪਣੀ ਜ਼ਮੀਨ ਦਾ ਨਬੇੜਾ ਸੁਤੰਤਰ ਤੌਰ ਉਤੇ ਕਰ ਸਕੇਗਾ, ਜਿਹੜਾ ਵੀ ਜ਼ਮੀਨ ਚਾਹੇਗਾ ਉਹ ਰਾਜ ਤੋਂ ਚਕੋਤੇ ਉਤੇ ਲੈਣ ਵਿਚ ਸੁਤੰਤਰ ਹੋਵੇਗਾ । ਜ਼ਾਰਾਂ ਤੇ ਭੋਂ-ਮਾਲਕਾਂ ਦੇ ਰੂਸ ਦੇ ਟਾਕਰੇ ਤੇ ਇਹ ਅਗਾਂਹ ਵਲ ਇਕ ਕਦਮ ਹੋਵੇਗਾ, ਕਿਉਂ ਜੋ ਜ਼ਾਰਾਂ ਤੇ ਭੋਂ ਮਾਲਕਾਂ ਦਾ ਰੂਸ ਅਜਿਹਾ ਦੇਸ਼ ਸੀ, ਜਿਸ ਵਿਚ 30,000 ਮਾਰਕੋਵਾਂ, ਰੋਮਾਨੋਵਾਂ ਅਤੇ ਅਜਿਹੇ ਦੂਜੇ ਭੋਂ-ਮਾਲਕਾਂ ਨੂੰ 7,00,00,000 ਦੇਸੀਆਤਿਨ ਭੋਂ ਦਿਤੀ ਗਈ ਸੀ; ਇਹ ਉਹ ਰੂਸ ਹੋਵੇਗਾ ਜਿਸ ਵਿਚ ਸੁਤੰਤਰ ਭੋਂ ਉਤੇ ਸੁਤੰਤਰ ਕਿਰਤ ਹੋਵੇਗੀ । ਕਈ ਥਾਈਂ ਅਜਿਹਾ ਵੀ ਹੋ ਚੁਕਾ ਹੈ । ਹੁਣ ਰੂਸ ਜ਼ਾਰਾਂ ਅਤੇ ਭੋਂ-ਮਾਲਕਾਂ ਦੇ ਰੂਸ ਨਾਲੋਂ ਪਹਿਲਾਂ ਹੀ ਅੱਗੇ ਹੈ, ਪਰ ਇਹ ਜ਼ਮੀਨ ਦਾ ਕਿਰਤੀ ਲੋਕਾਂ ਦੇ ਨਾਂ ਇੰਤਕਾਲ ਨਹੀਂ, ਇਹ ਤਾਂ ਕਾਸ਼ਤਕਾਰ ਨੂੰ ਜ਼ਮੀਨ ਦਾ ਮਿਲਣਾ ਹੈ ਕਿਉਂ ਜੋ ਜ਼ਮੀਨ ਰਾਜ ਦੀ ਮਾਲਕੀ ਹੈ, ਅਤੇ ਇਸ ਨੂੰ ਉਹ ਲੋਕ ਲੈਂਦੇ ਹਨ ਜਿਹੜੇ ਇਸ ਦੀ ਕਾਸ਼ਤ ਕਰਨਾ ਚਾਹੁੰਦੇ ਹਨ, ਇਹ ਕਾਫ਼ੀ ਨਹੀਂ । ਕਾਸ਼ਤ ਕਰਨ ਦਾ ਚਾਹਵਾਨ ਹੋਣਾ ਹੀ ਕਾਫ਼ੀ ਨਹੀਂ, ਕਾਸ਼ਤ ਕਰਨ ਦੀ ਯੋਗਤਾ ਦੀ ਵੀ ਲੋੜ ਹੈ । ਇਥੋਂ ਤਕ ਕਿ ਯੋਗਤਾ ਵੀ ਕਾਫ਼ੀ ਨਹੀਂ, ਹਰ ਖੇਤ ਮਜ਼ਦੂਰ ਅਤੇ ਦਿਹਾੜੀਏ ਕੋਲ ਯੋਗਤਾ ਹੈ ਪਰ ਉਹਦੇ ਕੋਲ ਕਾਫ਼ੀ ਪਸ਼ੂ, ਸੰਦ, ਅਤੇ ਪੂੰਜੀ ਨਹੀਂ । ਇਸ ਲਈ ਭਾਵੇਂ ਕਿੰਨੇ ਫ਼ੈਸਲੇ ਕਰ ਲਏ ਜਾਣ ਇਹਦੇ ਬਾਰੇ ਭਾਵੇਂ ਕਿੰਨੀਆਂ ਹੀ ਗੱਲਾਂ ਕਿਉਂ ਨਾ

ਕਰ ਲਈਏ ਅਸੀਂ ਇਸ ਤਰ੍ਹਾਂ ਕਰ ਕੇ ਸੁਤੰਤਰ ਭੌਂ ਉਤੇ ਸੁਤੰਤਰ ਕਿਰਤ ਦੀ ਸਥਾਪਤੀ ਨਹੀਂ ਕਰ ਸਕਦੇ। ਜੇ ਅਸੀਂ ਹਰ ਵੇਲੇਸਤ ਸ਼ਾਸਨ ਵਿਚ ਸੁਤੰਤਰ ਭੌਂ ਬਾਰੇ ਨੋਟਿਸ ਵੀ ਨਾ ਦੇਈਏ, ਜਿਥੋਂ ਤਕ ਕਿਰਤੀ ਲੋਕਾਂ ਦਾ ਸਬੰਧ ਹੈ ਇਸ ਨਾਲ ਹਾਲਾਤ ਬਿਹਤਰ ਨਹੀਂ ਹੋ ਸਕਣਗੇ, ਜਿਵੇਂ ਕਿ ਪੱਛਮੀ-ਯੂਰਪੀ ਗਣਤੰਤਰਾਂ ਦੇ ਜੇਲ੍ਹਖ਼ਾਨੇ, ਜੇਲ੍ਹਖ਼ਾਨੇ ਹੀ ਹਨ ਭਾਵੇਂ ਉਹਨਾਂ ਉਤੇ "ਆਜ਼ਾਦੀ, ਬਰਾਬਰੀ ਅਤੇ ਭਰੱਪਣ" ਦੇ ਸ਼ਬਦ ਲਿਖ ਦਿਤੇ ਗਏ ਹਨ। ਜੇ ਫ਼ੈਕਟਰੀ ਉਤੇ "ਆਜ਼ਾਦੀ, ਬਰਾਬਰੀ ਅਤੇ ਭਰੱਪਣ" ਦੇ ਸ਼ਬਦ ਲਿਖ ਦਿਤੇ ਜਾਣ, ਜਿਵੇਂ ਕਿ ਅਮਰੀਕਾ ਵਿਚ ਕੀਤਾ ਗਿਆ ਹੈ ਤਾਂ ਇਉਂ ਕਰਨ ਨਾਲ ਫ਼ੈਕਟਰੀ ਮਜ਼ਦੂਰਾਂ ਲਈ ਦੋਜ਼ਖ ਅਤੇ ਪੂੰਜੀਪਤੀ ਲਈ ਬਹਿਸ਼ਤ ਹੋਣੋਂ ਨਹੀਂ ਹੱਟ ਸਕਦੀ। ਸੋ ਸਾਨੂੰ ਸੋਚਣਾ ਹੋਵੇਗਾ ਕਿ ਅਗੇ ਕੀ ਕਰਨਾ ਹੈ, ਇਹ ਯਕੀਨੀ ਕਿਵੇਂ ਬਣਾਉਣਾ ਹੈ ਕਿ ਸਿਰਫ਼ ਸੁਤੰਤਰ ਕਿਰਤ ਹੀ ਨਹੀਂ ਹੋਵੇਗੀ—ਅਰਥਾਤ ਇਕ ਕਦਮ ਅਗਾਂਹ ਵਲ; ਪਰ ਇਹ ਅਜੇ ਵੀ ਕਿਰਤੀ ਲੋਕਾਂ ਦੇ ਹਿੱਤਾਂ ਦੀ ਰੱਖਿਆ ਵਲ ਕਦਮ ਹੋਵੇਗਾ, ਕਿਉਂ ਜੋ ਗ਼ਰੀਬ, ਸੰਪਤੀ-ਹੀਣ ਕਿਸਾਨ ਪਸ਼ੂਆਂ, ਸੰਦਾਂ, ਅਤੇ ਪੂੰਜੀ ਤੋਂ ਬਿਨਾਂ ਜ਼ਮੀਨ ਲੈ ਕੇ ਕੁਝ ਵੀ ਨਹੀਂ ਕਰ ਸਕਦੇ। ਏਸੇ ਕਾਰਨ ਮੈਂ ਭੋਂ-ਦਾਰੀ ਦੇ ਦੋ ਅਖੌਤੀ ਮਾਪਾਂ ਜਾਂ ਮਿਆਰਾਂ, ਕਿਰਤ-ਮਿਆਰਾਂ ਅਤੇ ਨਿਰਬਾਹ-ਮਿਆਰ ਬਾਰੇ ਬੜਾ ਅਵਿਸ਼ਵਾਸੀ ਹਾਂ। ਮੈਂ ਜਾਣਦਾ ਹਾਂ ਕਿ ਇਹਨਾਂ ਦੋ ਮਿਆਰਾਂ ਬਾਰੇ ਦਲੀਲਾਂ ਅਤੇ ਵਿਆਖਿਆਵਾਂ ਨਰੋਦਨਿਕ ਪਾਰਟੀਆਂ ਵਿਚ ਸਦਾ ਮਿਲ ਸਕਦੀਆਂ ਹਨ। ਮੈਂ ਜਾਣਦਾ ਹਾਂ ਕਿ ਇਹਨਾਂ ਪਾਰਟੀਆਂ ਦਾ ਇਹ ਵਿਚਾਰ ਹੈ ਕਿ ਇਹ ਦੋ ਮਾਪ, ਇਹ ਦੋ ਮਿਆਰ, ਜ਼ਰੂਰ ਹੀ ਸਥਾਪਤ ਹੋਣੇ ਚਾਹੀਦੇ ਹਨ—ਕਿਰਤ-ਮਿਆਰ ਭੋਂ ਦੀ ਉਹ ਸਭ ਤੋਂ ਵੱਡੀ ਮਾਤਰਾ ਵਿਚ ਹੈ ਜੋ ਇਕ ਪ੍ਰਵਾਰ ਵਾਹ, ਬੀਜ ਸਕਦਾ ਹੈ। ਨਿਰਬਾਹ-ਮਿਆਰ ਉਹ ਹੈ ਜੋ ਪਰਵਾਰ ਦਾ ਢਿੱਡ ਭਰਨ ਲਈ ਬਸ ਕਾਫ਼ੀ ਹੈ, ਉਸ ਤੋਂ ਘੱਟ ਦੇ ਅਰਥ ਹੋਣਗੇ ਭੁੱਖ। ਮੈਂ ਕਿਹਾ ਇਹ ਹੈ ਕਿ ਮੈਂ ਮਿਆਰਾਂ ਜਾਂ ਮਾਪਾਂ ਦੇ ਇਸ ਸਵਾਲ ਬਾਰੇ ਬੜਾ ਅਵਿਸ਼ਵਾਸੀ ਹਾਂ ਅਤੇ ਮੈਂ ਸਮਝਦਾ ਹਾਂ ਇਹ ਨੌਕਰਸ਼ਾਹੀ ਦੀ ਯੋਜਨਾ ਹੈ ਜਿਸ ਤੋਂ ਕੋਈ ਲਾਭ ਨਹੀਂ ਹੋਣ ਲਗਾ। ਇਹਦੇ ਬਾਰੇ ਇਥੇ ਜੇ ਫੈਸਲਾ ਵੀ ਕਰ ਲਈਏ ਤਾਂ ਵੀ ਇਹਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾ ਸਕਦਾ। ਇਹ ਪੂਰੇ ਮਾਮਲੇ ਦਾ ਨਿਚੋੜ ਹੈ! ਇਹ ਯੋਜਨਾ ਭਾੜੇ ਉਤੇ ਲਗੇ ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਦੀ ਪੁਜ਼ੀਸ਼ਨ ਨੂੰ ਕਿਸੇ ਤਸੱਲੀਬਖ਼ਸ਼ ਹੱਦ ਤਕ ਸੋਖਿਆਂ ਨਹੀਂ ਕਰ ਸਕਦੀ ਅਤੇ ਜੇ ਤੁਸੀਂ ਇਹਨੂੰ ਪ੍ਰਵਾਨ ਵੀ ਕਰ ਲਵੋ, ਇਹ ਉਤਨਾ ਚਿਰ ਕਾਗ਼ਜ਼ ਉਤੇ ਹੀ ਰਹੇਗੀ ਜਿੰਨਾ ਚਿਰ ਪੂੰਜੀਵਾਦ ਨੂੰ ਪ੍ਰਬਲਤਾ ਹਾਸਲ ਹੈ। ਇਹ ਯੋਜਨਾ ਪੂੰਜੀਵਾਦ ਤੋਂ ਸੋਸ਼ਲਿਜ਼ਮ ਵਿਚ ਤਬਦੀਲੀ ਲਈ ਠੀਕ ਰਾਹ ਲੱਭਣ ਵਿਚ ਸਾਡੀ ਸਹਾਈ ਹੁੰਦੀ ਹੈ।

ਜਦੋਂ ਲੋਕ ਇਹਨਾਂ ਦੋ ਮਾਪਾਂ, ਇਹਨਾਂ ਦੋ ਮਿਆਰਾਂ ਦੀ ਗੱਲ ਕਰਦੇ ਹਨ, ਉਹ ਸਮਝਦੇ ਹਨ ਕਿ ਸਿਰਫ਼ ਦੋ ਚੀਜ਼ਾਂ ਦੀ ਹੋਂਦ ਹੈ—ਜ਼ਮੀਨ ਦੀ ਤੇ ਨਾਗਰਿਕ ਦੀ, ਜਿਵੇਂ ਕਿ ਦੁਨੀਆਂ ਵਿਚ ਹੋਰ ਕੁਝ ਕਦੇ ਸੀ ਹੀ ਨਹੀਂ। ਜੇ ਅਜਿਹਾ ਹੁੰਦਾ ਹੈ ਤਾਂ ਇਹ ਯੋਜਨਾ ਚੰਗੀ ਹੋਣੀ ਸੀ। ਪਰ ਇੰਜ ਨਹੀਂ ਹੈ—ਇਥੇ ਤਾਂ ਪੂੰਜੀ ਦੀ ਸ਼ਕਤੀ, ਧਨ ਸ਼ਕਤੀ ਮੌਜੂਦ ਹੈ; ਧਨ ਤੋਂ ਬਿਨਾਂ ਅਤਿ ਸੁਤੰਤਰ ਭੋਂ ਉਤੇ ਵੀ ਕੋਈ ਕਾਸ਼ਤ ਨਹੀਂ ਹੋ ਸਕਦੀ, ਤੁਹਾਡੇ ਕੋਲ ਇਹਦੇ ਭਾਵੇਂ ਕੋਈ ਵੀ "ਮਿਆਰ" ਕਿਉਂ ਨਾ ਹੋਣ, ਕਿਉਂ ਜੁ ਜਿੰਨਾ ਚਿਰ ਧਨ ਹੈ, ਉਜਰਤੀ ਕਿਰਤ ਵੀ ਰਹੇਗੀ ਅਤੇ ਇਹਦੇ ਅਰਥ ਹਨ ਕਿ ਧਨੀ ਕਿਸਾਨ--ਅਤੇ ਰੂਸ ਵਿਚ ਧਨੀ ਕਿਸਾਨਾਂ ਦੇ ਘਟੋਂ ਘਟ ਦਸ ਲੱਖ ਪਰਵਾਰ ਹਨ—ਉਜਰਤੀ ਮਜ਼ਦੂਰਾਂ ਉਤੇ ਜਬਰ ਢਾਹ ਰਹੇ ਹਨ ਅਤੇ ਉਨ੍ਹਾਂ ਦੀ ਲੁੱਟ-ਖਸੁੱਟ ਕਰ ਰਹੇ ਹਨ, ਅਤੇ "ਸੁਤੰਤਰ ਭੋਂ ਉਤੇ ਉਨ੍ਹਾਂ ਉਤੇ ਜਬਰ ਢਾਹੁੰਦੇ

ਰਹਿਣਗੇ। ਇਹ ਧਨੀ ਕਿਸਾਨ ਨਿਰਭਰ ਤੌਰ ਉਤੇ ਸਾਲ ਭਰ ਲਈ, ਮੌਸਮ ਲਈ ਅਤੇ ਦਿਹਾੜੀ ਲਈ ਮਜ਼ਦੂਰਾਂ ਨੂੰ ਉਜਰਤ ਉਤੇ ਰਖਦੇ ਹਨ; ਅਜਿਹਾ ਹੋਣਾ ਕੋਈ ਛੋਟ ਨਹੀਂ ਸਗੋਂ ਇਕ ਆਮ ਨੇਮ ਹੈ। ਇਸ ਦਾ ਅਰਥ ਹੈ ਕਿ ਧਨੀ ਕਿਸਾਨ ਗਰੀਬ ਕਿਸਾਨਾਂ, ਪ੍ਰੋਲਤਾਰੀਆ ਦੀ ਲੁੱਟ-ਖਸੁੱਟ ਕਰਦੇ ਹਨ। ਇਹਦੇ ਨਾਲ ਹੀ ਕਰੋੜਾਂ ਕਿਸਾਨ ਅਜਿਹੇ ਹਨ ਜਿਨ੍ਹਾਂ ਕੋਲ ਕੋਈ ਘੋੜੇ ਨਹੀਂ ਅਤੇ ਜਿਹੜੇ ਆਪਣੀ ਕਿਰਤ-ਸ਼ਕਤੀ ਵੇਚੇ ਬਿਨਾਂ ਕਿਸੇ ਹੋਰ ਲਈ ਮੌਸਮੀ ਕੰਮ ਕੀਤੇ ਬਿਨਾ ਜਿਊਂਦੇ ਰਹਿ ਹੀ ਨਹੀਂ ਸਕਦੇ। ਜਿੰਨਾ ਚਿਰ ਧਨ ਦੀ ਸ਼ਕਤੀ ਪੂੰਜੀ ਦੀ ਸਕਤੀ ਕਾਇਮ ਰਹੇਗੀ, ਉਨਾ ਚਿਰ ਤੁਸੀਂ ਭੋਂ-ਦਾਰੀ ਦੇ ਭਾਵੇਂ ਕੋਈ ਵੀ "ਮਿਆਰ" ਕਾਇਮ ਕਰ ਲਵੋ, ਉਹ ਅਮਲ ਵਿਚ ਬੇਕਾਰ ਰਹਿਣਗੇ ਕਿਉਂ ਜੁ ਉਹ ਮੁਖ ਅਨਸਰ ਨੂੰ ਸਾਹਮਣੇ ਨਹੀਂ ਰੱਖਦੇ—ਕਿ ਸੰਦਾਂ, ਪਸ਼ੂਆਂ ਅਤੇ ਧਨ ਦੇ ਰੂਪ ਵਿਚ ਸੰਪਤੀ ਗੈਰ-ਸਵਾਹਰੀ ਤੌਰ ਉਤੇ ਵਡੀ ਜਾਂਦੀ ਹੈ। ਉਹ ਉਜਰਤੀ-ਕਿਰਤ ਨੂੰ, ਜਿਸ ਦੀ ਕਿ ਲੁੱਟ-ਖਸੁੱਟ ਹੁੰਦੀ ਹੈ ਅਤੇ ਇਸ ਤੋਂ ਕੋਈ ਛੁਟਕਾਰਾ ਨਹੀਂ ਪਾਇਆ ਜਾ ਸਕਦਾ; ਪਰ ਜੇ ਅਸੀਂ ਕਿਸੇ ਕਿਸਮ ਦੇ ਕੋਈ ਮਿਆਰ ਕਾਇਮ ਕਰਦੇ ਹਾ ਤਾਂ ਜ਼ਿੰਦਗੀ ਉਹਨਾਂ ਨੂੰ ਇੱਕ ਪਾਸੇ ਛੱਡ ਕੇ ਲੰਘ ਜਾਵੇਗੀ ਅਤੇ ਇਹ ਕਾਗਜ਼ ਉਤੇ ਹੀ ਲਿਖੇ ਪਏ ਰਹਿਣਗੇ। ਰੂਸ ਵਿਖੇ ਇਹ ਸ਼ਾਨਦਾਰ ਕਾਇਆ-ਪਲਟ ਵਿਚ ਜਿਸ ਵਿਚ ਹੁਣ ਤੁਸੀਂ ਜੁਟੇ ਹੋਏ ਹੋ ਅਤੇ ਜੋ ਤੁਸੀਂ ਨਿਰਸੰਦੇਹ ਹੀ ਸਿਰੇ ਚੜ੍ਹਾ ਕੇ ਰਹੋਗੇ, ਜਦੋਂ ਜ਼ਮੀਨ ਦੇ ਰੂਪ ਵਿਚ ਨਿੱਜੀ ਸੰਪਤੀ ਖ਼ਤਮ ਕਰ ਦਿੱਤੀ ਜਾਏਗੀ ਅਤੇ ਚੰਗੇਰੇ ਸੋਸਲਿਸਟ ਭਵਿੱਖ ਵਲ ਇਕ ਪੁਲਾਂਘ ਭਰੀ ਜਾਵੇਗੀ; ਸੰਪਤੀ-ਹੀਣਾਂ, ਗਰੀਬ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ; ਕਾਇਆ-ਪਲਟ ਦੇ ਇਸ ਮਹਾਨ ਕਾਰਜ ਵਿੱਚ ਜਿਹੜਾ ਹੁਣ ਤੁਸੀਂ ਸੁਰੂ ਹੀ ਕਰ ਰਹੇ ਹੋ, ਜਿਹੜਾ ਹੁਣ ਤਕ ਅਗਾਂਹ ਜਾਵੇਗਾ ਅਤੇ ਜਿਹੜਾ, ਬਿਨਾਂ ਅਤਿ-ਕਥਨੀ ਦੇ ਕਿਹਾ ਜਾ ਸਕਦਾ ਹੈ, ਨਿਰਸੰਦੇਹ ਹੀ ਰੂਸ ਵਿਚ ਪੂਰਨ ਰੂਪ ਵਿਚ ਸਿਰੇ ਚਾੜ੍ਹਿਆ ਜਾਵੇਗਾ, ਕਿਉਂ ਜੁ ਅਜਿਹੀ ਕੋਈ ਤਾਕਤ ਨਹੀਂ ਜਿਹੜੀ ਇਹਨੂੰ ਰੋਕ ਸਕੇ। ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਸਾਨੂੰ ਮਾਪ ਜਾਂ ਮਿਆਰ ਕਾਇਮ ਕਰਨ ਦੇ ਰਾਹ ਨਹੀਂ ਪੈਣਾ ਚਾਹੀਦਾ, ਸਗੋਂ ਕੋਈ ਹੋਰ ਰਾਹ ਅਖਤਿਆਰ ਕਰਨਾ ਚਾਹੀਦਾ ਹੈ।

ਮੈਨੂੰ ਤੇ ਮੇਰੇ ਪਾਰਟੀ-ਸਾਥੀਆਂ ਨੂੰ, ਜਿਹਨਾਂ ਵਲੋਂ ਮੈਨੂੰ ਬੋਲਣ ਦਾ ਮਾਣ ਪ੍ਰਾਪਤ ਹੈ, ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਹਿੱਤਾਂ ਦੀ ਰੱਖਿਆ ਦੇ ਸਿਰਫ਼ ਦੋ ਢੰਗਾਂ ਦਾ ਹੀ ਇਲਮ ਹੈ ਅਤੇ ਅਸੀਂ ਕਿਸਾਨਾਂ ਦੀ ਸੋਵੀਅਤ ਦਾ ਧਿਆਨ ਇਹਨਾਂ ਵਲ ਖਿਚਦੇ ਹਾਂ ਤੇ ਇਹਨਾਂ ਦੀ ਸਿਫ਼ਾਰਸ਼ ਕਰਦੇ ਹਾਂ।

ਪਹਿਲਾ ਰਾਹ ਹੈ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਨੂੰ ਜਥੇਬੰਦ ਕਰਨਾ। ਅਸੀਂ ਚਾਹਾਂਗੇ ਅਤੇ ਅਸੀਂ ਇਹ ਸਲਾਹ ਦਿਆਂਗੇ ਕਿ ਹਰ ਕਿਸਾਨ ਕਮੇਟੀ ਵਿਚ, ਹਰ ਵੋਲੋਸਤ, ਯੂਏਜ਼ਦ ਤੇ ਗੁਬੇਰਨੀਆਂ ਵਿਚ, ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦਾ ਇਕ ਵੱਖਰਾ ਗਰੁੱਪ ਕਾਇਮ ਕੀਤਾ ਜਾਵੇ ਜਿਹੜੇ ਆਪਣੇ ਆਪ ਨੂੰ ਪੁਛਣ; "ਜੇ ਭਲਕੇ ਜ਼ਮੀਨ ਪੂਰੇ ਰਾਸ਼ਟਰ ਦੀ ਸੰਪਤੀ ਬਣ ਜਾਂਦੀ ਹੈ—ਅਤੇ ਅਜਿਹਾ ਜ਼ਰੂਰ ਹੋਵੇਗਾ ਕਿਉਂ ਜੁ ਲੋਕ ਇਹ ਚਾਹੁੰਦੇ ਹਨ—ਤਾਂ ਸਾਡਾ ਸਥਾਨ ਕਿਥੇ ਹੈ ? ਅਸੀਂ, ਜਿਨ੍ਹਾਂ ਕੋਲ ਨਾ ਕੋਈ ਪਸ਼ੂ ਹਨ, ਨਾ ਕੋਈ ਸੰਦ, ਇਹ ਚੀਜ਼ਾਂ ਕਿਥੋਂ ਲਵਾਂਗੇ ? ਅਸੀਂ ਜ਼ਮੀਨ ਕਿਵੇਂ ਵਾਹਾਂ, ਬੀਜਾਂਗੇ ? ਅਸੀਂ ਆਪਣੇ ਹਿੱਤਾਂ ਦੀ ਰੱਖਿਆ ਕਿਵੇਂ ਕਰਾਂਗੇ ? ਅਸੀਂ ਇਹ ਗੱਲ ਯਕੀਨੀ ਬਣਾਈਏ ਕਿ ਜ਼ਮੀਨ ਜੋ ਪੂਰੇ ਰਾਸ਼ਟਰ ਦੀ ਮਾਲਕੀ ਹੋਵੇਗੀ ਜੋ ਅਸਲੇ ਹੀ ਕੌਮ ਦੀ ਸੰਪਤੀ, ਉਹ ਬਸ ਪਰੋਪਰਾਈਟਰਾਂ (ਮਾਲਕਾਂ)

ਏ ਹੱਥਾਂ ਵਿਚ ਹੀ ਨਾ ਜਾ ਪਾਵੇ ? ਜੇ ਇਹ ਹਨ, ਤਾਂ ਕੀ ਸਾਨੂੰ ਇਸ ਤੇ ਕੋਈ ਲਾਭ ਪੁਜੇਗਾ ? ਕੀ ਇਹ ਸ਼ਾਨਦਾਰ ਇਨਕਲਾਬ ਏਸੇ ਲਈ ਕੀਤਾ ਹੈ ? ਕੀ ਅਸੀਂ ਇਹੋ ਚਾਹੁੰਦੇ ਹਾਂ ?

"ਲੋਕਾਂ" ਨੂੰ ਭੋਂ ਮਿਲੇਗੀ, ਪਰ ਖੇਤ ਮਜਦੂਰਾਂ ਦੀ ਰੱਖਿਆ ਲਈ ਇਹੋ ਕਾਫ਼ੀ ਨਹੀਂ। ਮਾਮਲਾ ਇਥੇ ਇਹ ਨਹੀਂ। ਅਸੀਂ ਉਪਰੋਂ ਜਾਂ ਕਿਸਾਨ ਕਮੇਟੀਆਂ ਵਿਅਕਤੀਆਂ ਨੂੰ ਮਿਲਣ ਵਾਲੀ ਜ਼ਮੀਨ ਦਾ "ਮਿਆਰ" ਥਾਪਣਾ ਹੈ। ਜਿੰਨਾ ਚਿਰ ਪੂੰਜੀ ਨੂੰ ਪ੍ਰਬਲਤਾ ਹਾਸਲ ਹੈ, ਇਹ ਕਦਮ ਸਾਡੀ ਸਹਾਇਤਾ ਨਹੀਂ ਕਰਨਗੇ ਅਤੇ ਇਹ ਪੂੰਜੀਵਾਦ ਦੇ ਦਾਬੇ ਤੇ ਛੁਟਕਾਰਾ ਨਹੀਂ ਕਰਵਾ ਸਕਣ ਲਗੇ। ਪੂੰਜੀਵਾਦ ਦੇ ਜੂਲੇ ਤੋਂ ਛੁਟਕਾਰੇ ਅਤੇ ਇਹ ਗੱਲ ਯਕੀਨੀ ਬਨਾਉਣਾ ਕਿ ਲੋਕਾਂ ਦੀ, ਸੰਸਾਰ ਦੀ ਭੋਂ **ਕਿਰਤੀ ਲੋਕਾਂ** ਨੂੰ ਮਿਲਦੀ ਹੈ, ਇਕੋ ਇਕ ਰਾਹ ਹੈ ਅਤੇ ਉਹ ਹੈ ਖੇਤ ਮਜਦੂਰਾਂ ਦਾ ਸੰਗਠਨ, ਜਿਹੜੇ ਆਪਣੇ ਤਜਰਬੇ ਤੋਂ, ਆਪਣੇ ਨਿਰੀਖਣ ਤੋਂ ਅਤੇ ਪਿੰਡ ਦੇ ਮੱਗਰਮੱਛ ਉਨ੍ਹਾਂ ਨੂੰ ਜੋ ਕੁਝ ਦਸਦੇ ਹਨ ਉਨ੍ਹਾਂ ਵਿਚ ਵਿਸ਼ਵਾਸ ਤੋਂ ਅਗਵਾਈ ਲੈਣਗੇ। ਮਗਰਮੱਛ ਜਿਨ੍ਹਾਂ ਨੇ ਭਾਵੇਂ ਕਾਜਾਂ ਵਿਚ ਲਾਲ ਗੁਲਾਬ ਟੰਗੇ ਹੋਏ ਹਨ ਅਤੇ ਆਪਣੇ ਆਪ ਨੂੰ "ਇਨਕਲਾਬੀ ਜਮਹੂਰੀਅਤ-ਪਸੰਦ" ਦਸਦੇ ਹਨ।

ਗਰੀਬ ਕਿਸਾਨ ਨੂੰ ਤਾਂ ਸਿਰਫ਼ ਇਲਾਕਿਆਂ ਵਿਚ ਕਾਇਮ ਸੁਤੰਤਰ ਜਥੇਬੰਦੀ ਹੀ ਸਿਖਾ ਸਕਦੀ ਹੈ, ਉਹ ਤਾਂ ਸਿਰਫ਼ ਆਪਣੇ ਤਜਰਬੇ ਤੋਂ ਹੀ ਸਿਖ ਸਕਦੇ ਹਨ। ਇਹ ਤਜਰਬਾ ਸੌਖਾ ਨਹੀਂ ਹੋਵੇਗਾ। ਅਸੀਂ ਉਨ੍ਹਾ ਨਾਲ ਅਜੇਹੀ ਭੂਮੀ ਦਾ ਵਾਇਦਾ ਨਹੀਂ ਕਰ ਸਕਦੇ ਅਤੇ ਨਾ ਹੀ ਕਰਦੇ ਹਾਂ ਜਿਥੇ ਦੁੱਧ ਅਤੇ ਸ਼ਹਿਦ ਦੀਆਂ ਨਦੀਆਂ ਵਗਣਗੀਆਂ। ਭੋਂ-ਪਤੀਆਂ ਨੂੰ ਕੱਢ ਕੇ ਪਰ੍ਹਾਂ ਵਗਾਹ ਮਾਰਿਆ ਜਾਵੇਗਾ ਕਿਉਂ ਜੋ ਲੋਕ ਇਹ ਚਾਹੁੰਦੇ ਹਨ, ਪਰ **ਪੂੰਜੀਵਾਦ** ਬਾਕੀ ਰਹੇਗਾ ਕਿਉਂ ਜੋ ਪੂੰਜੀਵਾਦ ਦਾ ਖਾਤਮਾ ਕਿਤੇ ਮੁਸ਼ਕਲ ਹੈ ਅਤੇ ਇਹਦੇ ਖਾਤਮੇ ਦਾ ਰਾਹ ਵੱਖਰੀ ਤਰ੍ਹਾਂ ਦਾ ਹੈ। ਇਹ ਖੇਤ ਮਜਦੂਰਾਂ ਅਤੇ ਗਰੀਬ ਕਿਸਾਨਾਂ ਦੀ ਸੁਤੰਤਰ, ਵੱਖਰੀ ਜਥੇਬੰਦੀ ਦਾ ਰਾਹ ਹੈ ਤੇ ਸਾਡੀ ਪਾਰਟੀ ਸਭ ਤੋਂ ਪਹਿਲਾਂ ਇਹੋ ਤਜਵੀਜ਼ ਕਰਦੀ ਹੈ।

ਸਿਰਫ਼ ਇਹ ਰਾਹ ਹੀ ਕਿਰਤੀ ਲੋਕਾਂ ਨੂੰ ਜ਼ਮੀਨ ਦੇ ਸਹਿਜੇ-ਸਹਿਜੇ, ਮੁਸ਼ਕਲ, ਪੱਕੇ ਤੇ ਅਸਲੀ ਇੰਤਕਾਲ ਦਾ ਵਾਇਦਾ ਕਰਦਾ ਹੈ।

ਸਾਡੀ ਪਾਰਟੀ ਜਿਸ ਦੂਜੇ ਕਦਮ ਦੀ ਸਿਫਾਰਸ਼ ਕਰਦੀ ਹੈ ਉਹ ਇਹ ਹੈ ਕਿ ਹਰ ਵੱਡੀ ਆਰਥਕਤਾ, ਮਿਸਾਲ ਵਜੋਂ, ਹਰ ਵੱਡੀ ਜ਼ਮੀਨੀ ਸੰਪਤੀ ਨੂੰ, ਜਿਸ ਤਰਾਂ ਦੀਆਂ ਰੂਸ ਵਿਚ 30,000 ਹਨ, ਜਲਦੀ ਤੋਂ ਜਲਦੀ ਭੋਂ ਦੀ **ਸਾਂਝੀ** ਕਾਸ਼ਤ ਲਈ ਮਾਡਲ ਫਾਰਮਾਂ ਵਿਚ ਜਥੇਬੰਦ ਕਰ ਦਿਤਾ ਜਾਵੇ ਅਤੇ ਇਹ ਕਾਸ਼ਤ ਖੇਤ ਮਜ਼ਦੂਰ ਅਤੇ ਵਿਗਿਆਨਕ ਤੌਰ ਉਤੇ ਸੁਸਿੱਖਿਅਤ ਖੇਤੀ-ਮਾਹਿਰ ਕਰਨਗੇ ਅਤੇ ਇਸ ਮਤਲਬ ਲਈ ਭੋਂ-ਪਤੀਆਂ ਦੇ ਪਸ਼ੂਆਂ, ਸੰਦਾਂ ਆਦਿ ਦੀ ਵਰਤੋਂ ਕਰਨਗੇ। ਖੇਤ ਮਜ਼ਦੂਰਾਂ ਦੀਆਂ ਸੋਵੀਅਤਾਂ ਦੀ ਅਗਵਾਈ ਵਿਚ ਇਸ "ਸਾਂਝੀ ਕਾਸ਼ਤ" ਤੋਂ ਬਿਨਾ ਜ਼ਮੀਨ ਸਮੁੱਚੇ ਰੂਪ ਵਿਚ **ਕਿਰਤੀ ਲੋਕਾਂ** ਨੂੰ ਨਹੀਂ ਮਿਲੇਗੀ। ਯਕੀਨ ਜਾਣੋ, ਸਾਂਝੀ ਕਾਸ਼ਤ ਇਕ ਮੁਸ਼ਕਲ ਕੰਮ ਹੈ ਅਤੇ ਇਹ ਕਲਪਨਾ ਕਰਨੀ ਕਿਸੇ ਲਈ ਵੀ ਪਾਗਲਪਣ ਹੋਵੇਗਾ ਕਿ ਜ਼ਮੀਨ ਦੀ ਸਾਂਝੀ ਕਾਸ਼ਤ ਦਾ ਹੁਕਮ ਉਪਰੋਂ ਦਿਤਾ ਜਾ ਸਕਦਾ ਹੈ ਅਤੇ ਲੋਕਾਂ ਉਪਰ ਠੋਸਿਆ ਜਾ ਸਕਦਾ ਹੈ, ਕਿਉਂਕਿ ਖੁਦ ਆਪਣੀ ਭੋਂ ਵਾਹੁਣ ਬੀਜਣ ਦੀ ਸਦੀਆਂ ਤੋਂ ਪਈ ਆਦਤ ਚਾਣਚੱਕ ਹੀ ਖੰਭ ਲਾ ਕੇ ਨਹੀਂ ਉਡ ਸਕਦੀ, ਅਤੇ ਕਿਉਂ ਜੁ ਇਹਦੇ ਧਨ ਲਈ ਅਤੇ ਜੀਵਨ ਦੇ ਨਵੇਂ ਢੰਗ ਅਨੁਸਾਰ ਢਾਲਣ ਦੀ ਲੋੜ ਹੋਵੇਗੀ। ਜੇ ਸਾਂਝੀ ਮਾਲਕੀ ਵਾਲੇ ਪਸ਼ੂਆਂ ਅਤੇ ਸੰਦਾਂ ਨਾਲ ਭੋਂ ਦੀ ਸਾਂਝੀ ਕਾਸ਼ਤ ਬਾਰੇ ਇਸ ਸਲਾਹ, ਇਸ ਵਿਚਾਰ

ਨੂੰ ਖੇਤੀ ਮਾਹਿਰਾਂ ਨਾਲ ਮਿਲ ਕੇ ਸਾਂਝੇ ਤੌਰ ਉੱਤੇ ਅਤਿ-ਅਰਥ ਭਰਪੂਰ ਤੌਰ ਉੱਤੇ ਕੰਮ ਵਿਚ ਲਿਆਂਦਾ ਜਾਵੇ। ਜੇ ਇਹ ਸਲਾਹ ਵਿਅਕਤੀਗਤ ਰਾਜਸੀ ਪਾਰਟੀਆਂ ਦੀ ਕਾਢ ਹੁੰਦੀ ਤਾਂ ਗੱਲ ਮਾੜੀ ਹੋਣੀ ਸੀ ਕਿਉਂ ਜੁ ਲੋਕਾਂ ਦੇ ਜੀਵਨ ਵਿਚ ਤਬਦੀਲੀਆਂ ਪਾਰਟੀ ਦੀ ਸਲਾਹ ਉੱਤੇ ਨਹੀਂ ਹੁੰਦੀਆਂ ਕਿਉਂ ਜੁ ਕਰੋੜਾਂ ਲੋਕ ਪਾਰਟੀ ਦੇ ਹੁਕਮ ਉੱਤੇ ਇਨਕਲਾਬ ਨਹੀਂ ਕਰਦੇ ਅਤੇ ਅਜਿਹੀ ਤਬਦੀਲੀ ਕਮਜ਼ੋਰ ਦਿਲ ਵਾਲੇ ਨਿਕੋਲਸ ਰੋਮਾਨੋਵ ਦਾ ਤਖਤਾ ਉਲਟਾਉਣ ਨਾਲੋਂ ਵਧੇਰਾ ਇਨਕਲਾਬ ਹੋਵੇਗਾ। ਮੈਂ ਫਿਰ ਕਹਿੰਦਾ ਹਾਂ, ਕਰੋੜਾਂ ਲੋਕ ਹੁਕਮ ਉੱਤੇ ਇਨਕਲਾਬ ਨਹੀਂ ਕਰਨਗੇ, ਪਰ ਉਦੋਂ ਅਜਿਹਾ ਕਰਨਗੇ ਜਦੋਂ ਤੀਬਰ ਲੋੜ ਇਸ ਪਾਸੇ ਵੱਲ ਧੱਕੇਗੀ ਜਦੋਂ ਉਹਨਾਂ ਦੀ ਹਾਲਤ ਅਸੰਭਵ ਬਣ ਜਾਵੇਗੀ, ਜਦੋਂ ਕਰੋੜਾਂ ਲੋਕਾਂ ਦਾ ਮਿਲਵਾਂ ਦਬਾਅ ਅਤੇ ਦ੍ਰਿੜ੍ਹ ਇਰਾਦਾ ਪੁਰਾਣੀਆਂ ਰੋਕਾਂ ਨੂੰ ਤੋੜ ਸੁਟੇਗਾ ਅਤੇ ਅਸਲੋਂ ਹੀ ਜੀਵਨ ਦੇ ਨਵੇਂ ਢੰਗ ਦੀ ਸਿਰਜਣਾ ਦੇ ਯੋਗ ਹੋਵੇਗਾ। ਜਦੋਂ ਅਸੀਂ ਅਜਿਹਾ ਕਰਨ ਦੀ ਸਲਾਹ ਦਿੰਦੇ ਹਾਂ ਅਤੇ ਇਸ ਨੂੰ ਉਠਾਉਣ ਦੇ ਸਬੰਧ ਵਿਚ ਇਹ ਕਹਿੰਦਿਆਂ ਸਾਵਧਾਨ ਰਹਿਣ ਦੀ ਸਲਾਹ ਦਿੰਦੇ ਹਾਂ ਕਿ ਇਹ ਜ਼ਰੂਰੀ ਬਣਦਾ ਜਾ ਰਿਹਾ ਹੈ ਤਾਂ ਇਹ ਨਤੀਜਾ ਅਸੀਂ ਆਪਣੇ ਪਰੋਗਰਾਮ 'ਚੋਂ ਆਪਣੇ ਸੋਸ਼ਲਿਸਟ ਸਿਧਾਂਤ ਵਿਚੋਂ ਹੀ ਨਹੀਂ ਕੱਢ ਰਹੇ ਸਗੋਂ ਇਸ ਕਰਕੇ ਕਿਉਂ ਜੁ ਅਸੀਂ ਸੋਸ਼ਲਿਸਟਾਂ ਵਜੋਂ ਪੱਛਮ-ਯੂਰਪੀ ਕੌਮਾਂ ਦੇ ਜੀਵਨ ਦਾ ਅਧਿਅਨ ਕਰ ਕੇ ਇਸ ਸਿੱਟੇ ਉੱਤੇ ਅੱਪੜੇ ਹਾਂ। ਅਸੀਂ ਇਹ ਜਾਣਦੇ ਹਾਂ ਕਿ ਉੱਥੇ ਕਈ ਇਨਕਲਾਬ ਹੋਏ ਹਨ ਅਤੇ ਉਹਨਾਂ ਨੇ ਜਮਹੂਰੀ ਗਣਰਾਜ ਕਾਇਮ ਕਰ ਲਏ ਹਨ, ਅਸੀਂ ਜਾਣਦੇ ਹਾਂ ਕਿ ਅਮਰੀਕਾ ਵਿਖੇ 1865 ਵਿਚ ਗੁਲਾਮ-ਮਾਲਕਾਂ ਨੂੰ ਹਾਰ ਹੋਈ ਅਤੇ ਲਖੂ-ਖਾ ਦੇਸੀਆਤਿਨ ਜ਼ਮੀਨ ਕਿਸਾਨ ਵਰਗ ਵਿਚ ਮੁਫਤ ਜਾਂ ਕਰੀਬ-ਕਰੀਬ ਮੁਫਤ ਵੰਡੀ ਗਈ, ਅਤੇ ਪਰ ਫਿਰ ਵੀ ਉੱਥੇ ਸਭਨਾਂ ਥਾਵਾਂ ਦੇ ਟਾਕਰੇ ਉੱਤੇ ਪੂੰਜੀਵਾਦ ਵਧੇਰੇ ਪ੍ਰਬਲ ਹੈ ਅਤੇ ਆਮ ਕਿਰਤੀ ਲੋਕਾਂ ਉੱਤੇ, ਜੇ ਵਧੇਰੇ ਨਹੀਂ ਤਾਂ ਘਟੋ ਘਟ ਉਤਨਾ ਹੀ ਅਤਿਆਚਾਰ ਜ਼ਰੂਰ ਢਾਹੁੰਦਾ ਹੈ। ਇਹ ਸੋਸ਼ਲਿਸਟ ਸਿਖਿਆ ਹੈ, ਇਹ ਹੋਰਨਾਂ ਕੌਮਾਂ ਬਾਰੇ ਸਾਡਾ ਅਧਿਅਨ ਹੈ ਜਿਹੜਾ ਸਾਨੂੰ ਪੱਕੀ ਤਰ੍ਹਾਂ ਯਕੀਨ ਦੁਆਉਂਦਾ ਹੈ ਕਿ ਖੇਤ ਮਜ਼ਦੂਰਾਂ, ਜਿਹੜੇ ਅਤਿ ਵਧੀਆ ਮਸ਼ੀਨਾਂ ਵਰਤਦੇ ਹਨ ਅਤੇ ਉਹ ਜਿਹਨਾਂ ਦੀ ਅਗਵਾਈ ਵਿਗਿਆਨਕ ਤੌਰ ਤੇ ਸੁਰਿਖਅਤ ਮਾਹਰ ਕਰਦੇ ਹਨ, ਲਈ ਪੂੰਜੀਵਾਦ ਤੋਂ ਛੁਟਕਾਰੇ ਦਾ ਹੋਰ ਕੋਈ ਰਾਹ ਨਹੀਂ। ਪਰ ਜੇ ਅਸੀਂ ਸਿਰਫ਼ ਪੱਛਮੀ ਯੂਰਪੀ ਦੇਸ਼ਾਂ ਦੇ ਤਜਰਬੇ ਤੋਂ ਹੀ ਅਗਵਾਈ ਲੈਂਦੇ ਹਾਂ ਤਾਂ ਰੂਸ ਲਈ ਬੜਾ ਮਾੜਾ ਹੋਵੇਗਾ ਕਿਉਂ ਜੁ ਰੂਸੀ ਲੋਕ, ਜਦੋਂ ਅਤਿ ਤੀਬਰ ਲੋੜ ਪੈਦਾ ਹੋਈ, ਸਮੂਹ ਰੂਪ ਵਿੱਚ ਗੰਭੀਰ ਕਦਮ ਉਠਾਉਣ ਦੇ ਯੋਗ ਹਨ। ਅਤੇ ਅਸੀਂ ਤੁਹਾਨੂੰ ਕਹਿੰਦੇ ਹਾਂ; ਉਹ ਘੜੀ ਹੁਣ ਆ ਗਈ ਹੈ ਜਦੋਂ ਸਮੁੱਚੀ ਰੂਸੀ ਕੌਮ ਲਈ ਉਹ ਤੀਬਰ ਲੋੜ ਬੂਹਾ ਖੜਕਾ ਰਹੀ ਹੈ। ਜਿਸ ਤੀਬਰ ਲੋੜ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਉਹ ਠੀਕ ਠੀਕ ਇਹ ਹੈ—ਅਸੀਂ ਪੁਰਾਣੇ ਢੰਗਾਂ ਨਾਲ ਖੇਤੀਬਾੜੀ ਜਾਰੀ ਨਹੀਂ ਰਖ ਸਕਦੇ। ਜੇ ਅਸੀਂ ਪਹਿਲਾਂ ਵਾਂਗ ਹੀ ਆਪਣੇ ਇਕ ਦੂਜੇ ਤੋਂ ਨਿੱਖੜੇ ਹੋਏ ਛੋਟੇ ਛੋਟੇ ਖੇਤਾਂ ਉੱਤੇ ਕਾਸ਼ਤ ਕਰਨਾ ਜਾਰੀ ਰੱਖਦੇ ਹਾਂ ਤਾ ਚਾਹੇ ਭੂਮੀ ਉੱਤੇ ਸੁਤੰਤਰ ਨਾਗਰਿਕਾਂ ਦੀ ਹੈਸੀਅਤ ਵਿਚ ਹੀ ਸਹੀ, ਤਾਂ ਵੀ ਸਾਨੂੰ ਤੁਰਤ ਤਬਾਹੀ ਦਾ ਸਾਹਮਣਾ ਕਰਨਾ ਪਵੇਗਾ ਕਿਉਂ ਜੁ ਉਹ ਤਬਾਹੀ ਦਿਨੋਂ ਦਿਨ ਘੜੀਓ-ਘੜੀ ਨੇੜੇ ਪਹੁੰਚ ਰਹੀ ਹੈ। ਇਹਦੀ ਗੱਲ ਹਾਰੀ ਸਾਰੀ ਕਰ ਰਿਹਾ ਹੈ। ਇਹ ਇਕ ਤੱਥ ਹੈ। ਵਿਅਕਤੀਆਂ ਦੀ ਮੰਦ-ਭਾਵਨਾ ਕਾਰਨ ਨਹੀਂ ਸਗੋਂ ਇਲਾਕੇ ਫ਼ਤਹਿ ਕਰਨ ਦੀ ਸੰਸਾਰ ਜੰਗ ਕਾਰਨ, ਪੂੰਜੀਵਾਦ ਕਾਰਨ।

ਜੰਗ ਨੇ ਲਖੂ-ਖਾ ਲੋਕਾਂ ਨੂੰ ਮਾਰ ਮੁਕਾਇਆ ਹੈ, ਦੁਨੀਆਂ ਨੂੰ ਲਹੂ ਵਿਚ ਗੜੁੱਚ ਕਰ

ਦਿੱਤਾ ਹੈ। ਇਹਨੂੰ ਤਬਾਹੀ ਦੇ ਨੇੜੇ ਲਿਆ ਖੜੇ ਕੀਤਾ ਹੈ। ਇਹ ਕੋਈ ਅਤਿ-ਕਥਨੀ ਨਹੀਂ। ਕੋਈ ਇਹਦਾ ਉੱਤਰ ਨਹੀਂ ਦੇ ਸਕਦਾ ਕਿ ਭਲਕੇ ਕੀ ਹੋਵੇਗਾ; ਹਰ ਕੋਈ ਇਹਦੀ ਗੱਲ ਕਰ ਰਿਹਾ ਹੈ। ਮਜ਼ਦੂਰਾਂ ਅਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਦੇ ਅਖ਼ਬਾਰ ਇਜ਼ਵੇਸਤੀਆ ਨੂੰ ਹੀ ਲਵੋ—ਉਥੇ ਹਰ ਕੋਈ ਕਹਿ ਰਿਹਾ ਹੈ ਕਿ ਪੂੰਜੀਪਤੀ ਪੈਦਾਵਰ ਘਟ ਕਰਨ (ਸਲੋ-ਡਾਊਨ) ਦੇ ਦਾਅ-ਪੇਚ ਵਰਤ ਰਹੇ ਹਨ ਅਤੇ ਤਾਲਾਬੰਦੀਆਂ ਕਰ ਰਹੇ ਹਨ। ਇਹਦੇ ਅਰਥ ਇਹ ਹਨ ਕਿ ਕੰਮ ਹੈ ਨਹੀਂ ਅਤੇ ਪੂੰਜੀਪਤੀ ਮਜ਼ਦੂਰਾਂ ਨੂੰ ਵੱਡੀ ਗਿਣਤੀ ਵਿਚ ਜਵਾਬ ਦੇ ਰਹੇ ਹਨ ਇਸ ਜੁਰਮੀ ਜੰਗ ਨੇ ਇੱਕਲੇ ਰੂਸ ਨਾਲ ਹੀ ਨਹੀਂ, ਸਭਨਾਂ ਦੇਸ਼ਾਂ ਨਾਲ ਇਹ ਕੀਤੀ ਹੈ।

ਏਸੇ ਲਈ ਅਸੀਂ ਆਖਦੇ ਹਾਂ ਕਿ ਅੱਡ-ਅੱਡ ਖੇਤਾਂ ਉਤੇ ਖੇਤੀ, ਭਾਵੇਂ ਇਹ "ਸੁਤੰਤਰ ਭੂਮੀ ਉਤੇ ਸੁਤੰਤਰ ਕਿਰਤ" ਹੀ ਕਿਉਂ ਨਾ ਹੋਵੇ, ਭਿਆਨਕ ਸੰਕਟ ਵਿੱਚੋਂ ਨਿਕਲਣ ਦਾ ਕੋਈ ਰਾਹ ਨਹੀਂ। ਇਸ ਆਮ ਤਬਾਹੀ ਤੋਂ ਕੋਈ ਛੁਟਕਾਰਾ ਨਹੀਂ। **ਸਰਬ ਲੌਕਿਕ ਸੇਵਾ ਕਿਰਤ** ਜ਼ਰੂਰੀ ਹੈ। ਜਨ ਸ਼ਕਤੀ ਦੀ ਅਤਿ ਬਹੁਤੀ ਬੱਚਤ ਜ਼ਰੂਰੀ ਹੈ। ਵਿਸ਼ੇਸ਼ ਤੌਰ ਉਤੇ ਮਜ਼ਬੂਤ ਤੇ ਦ੍ਰਿੜ੍ਹ ਸੱਤਾ ਜ਼ਰੂਰੀ ਹੈ। ਸੱਤਾ ਜੋ ਕਿ ਏਸ ਸਰਵ-ਵਿਆਪੀ ਕਿਰਤ-ਸੇਵਾ ਨੂੰ ਲਾਗੂ ਕਰਨ ਦੇ ਯੋਗ ਹੋਵੇ। ਇਹ ਕੰਮ ਕਰਮਚਾਰੀ ਨਹੀਂ ਕਰ ਸਕਦੇ। ਇਹ ਕੰਮ ਸਿਰਫ਼ ਮਜਦੂਰਾ, ਸਿਪਾਹੀਆਂ ਤੇ ਕਿਸਾਨਾਂ ਦੀਆਂ ਸੋਵੀਅਤਾਂ ਰਾਹੀਂ ਹੀ ਕੀਤਾ ਜਾ ਸਕਦਾ ਹੈ ਕਿਉਂ ਜੁ ਇਹ ਲੋਕ ਹਨ, ਇਹ ਜਨਤਾ ਹੈ, ਕਿਉਂ ਜੁ ਇਹ ਕਰਮਚਾਰੀਆਂ ਦੀ ਸਰਕਾਰ ਨਹੀਂ ਕਿਉਂ ਜੁ ਉਹ ਉਪਰੋਂ ਹੇਠਾਂ ਤਕ ਕਿਸਾਨਾਂ ਦੇ ਜੀਵਨ ਨੂੰ ਜਾਣਦਿਆਂ ਸਮਝਦਿਆਂ ਮਜਦੂਰਾਂ ਦੀ ਜਬਰੀ ਭਰਤੀ ਦਾ ਸੰਗਠਨ ਕਰ ਸਕਦੇ ਹਨ। ਮਨੁੱਖੀ ਕਿਰਤ ਦੀ ਉਸ ਰੱਖਿਆ ਦਾ ਸੰਗਠਨ ਕਰ ਸਕਦੇ ਹਨ ਜੋ ਕਿਸਾਨਾਂ ਦੀ ਕਿਰਤ ਨੂੰ ਅੰਨ੍ਹੇਵਾਹ ਖਰਚਣ ਦੀ ਆਗਿਆ ਨਹੀਂ ਦੇਵੇਗੀ ਅਤੇ ਸਾਂਝੀ ਕਾਸ਼ਤ ਵਿਚ ਤਬਦੀਲੀ ਇਹਨਾਂ ਹਾਲਤਾਂ ਵਿਚ ਸਹਿਜੇ ਸਹਿਜੇ ਅਤੇ ਚੌਕਸੀ ਨਾਲ ਕੀਤੀ ਜਾਵੇਗੀ। ਇਹ ਇਕ ਮੁਸ਼ਕਲ ਕਾਰਜ ਹੈ ਪਰ ਵੱਡੇ-ਵੱਡੇ ਮਾਡਲ ਫ਼ਾਰਮਾਂ ਉਤੇ ਸਾਂਝੀ ਕਾਸ਼ਤ ਕਰਨਾ ਜ਼ਰੂਰੀ ਹੈ। ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਰੂਸ ਲਈ ਤਬਾਹੀ ਵਿਚੋਂ ਬਾਹਰ ਨਿਕਲਣ ਦਾ, ਸਚਮੁਚ ਹੀ ਨਿਰਾਸ਼ਾ ਭਰੀ ਸਥਿਤੀ ਵਿਚੋਂ ਨਿਕਲਣ ਦਾ, ਰਾਹ ਨਹੀਂ ਮਿਲੇਗਾ। ਸਥਿਤੀ ਜਿਸ ਵਿਚ ਉਹ ਅੱਜ ਆਪਣੇ ਆਪ ਨੂੰ ਗਰੱਸਿਆ ਵੇਖਦਾ ਹੈ ਅਤੇ ਇਹ ਸੋਚਣਾ ਵੱਡੀ ਭੁਲ ਹੋਵੇਗੀ ਕਿ ਲੋਕਾਂ ਦੇ ਜੀਵਨ ਵਿਚ ਅਜਿਹੀ ਬੜੀ ਵੱਡੀ ਕਾਇਆ-ਪਲਟ ਇਕੋ-ਵਾਰਗੀ ਹੀ ਕੀਤੀ ਜਾ ਸਕਦੀ ਹੈ। ਇਹ ਨਹੀਂ ਕੀਤੀ ਜਾ ਸਕਦੀ, ਇਹਦੇ ਲਈ ਹਰ ਕਿਸਾਨ ਤੇ ਹਰ ਕਾਮੇ ਵਲੋਂ ਖ਼ੁਦ ਆਪਣੇ ਸਥਾਨ ਉਤੇ, ਖ਼ੁਦ ਆਪਣੇ ਖ਼ਾਸ ਕੰਮ ਉਤੇ ਜਿਹਨੂੰ ਉਹ ਜਾਣਦਾ ਹੈ ਅਤੇ ਕਈ ਸਾਲਾਂ ਤੋਂ ਕਰ ਰਿਹਾ ਹੈ, ਇਕਸਾਰਤਾ, ਦ੍ਰਿੜ੍ਹਤਾ ਅਤੇ ਸ਼ਕਤੀ ਦੀ ਲੋੜ ਹੈ। ਇਹ ਅਜਿਹੀ ਚੀਜ਼ ਨਹੀਂ ਜੋ ਕਿਸੇ ਫ਼ਰਮਾਨ ਰਾਹੀਂ ਕੀਤੀ ਜਾ ਸਕਦੀ ਹੈ, ਕਿਉਂ ਜੁ ਇਲਾਕੇ ਜਿੱਤਣ ਦੀ ਇਹ ਜੰਗ ਕੁਲ ਮਨੁੱਖ ਜਾਤੀ ਨੂੰ ਤਬਾਹੀ ਦੇ ਕੰਢੇ ਉਤੇ ਲੈ ਗਈ ਹੈ। ਲਖੂ-ਖਾ ਜਿੰਦਾਂ ਮਰ ਮੁੱਕ ਗਈਆਂ ਹਨ, ਅਤੇ ਜੇਕਰ ਅਸੀਂ ਆਪਣੇ ਜਤਨ ਨਹੀਂ ਕਰਦੇ ਮਜ਼ਦੂਰਾਂ ਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀਆਂ ਸਭ ਜਥੇਬੰਦੀਆਂ ਪੂੰਜੀਪਤੀਆਂ ਤੋਂ ਬਿਨਾਂ ਅਤੇ ਭੋਂ-ਪਤੀਆਂ ਤੋਂ ਬਿਨਾਂ ਭੋਂ ਦੀ ਸਾਂਝੀ ਕਾਸ਼ਤ ਦੇ ਸਬੰਧ ਵਿਚ ਸਾਂਝਾ ਤੇ ਦ੍ਰਿੜ੍ਹ ਅਮਲ ਨਹੀਂ ਕਰਦੀਆਂ ਤਾਂ ਇਹ ਭਿਆਨਕ ਜੰਗ ਹੋਰ ਲੱਖਾਂ ਜਿੰਦਾਂ ਨੂੰ ਨਿਗਲ ਜਾਵੇਗੀ। ਇਹ

ਰਾਹ ਹੀ ਇਕੋ ਇਕ ਰਾਹ ਹੈ ਜਿਸ ਉਤੇ ਚਲ ਕੇ ਜ਼ਮੀਨ ਸਚਮੁੱਚ ਹੀ ਕਿਰਤੀ ਲੋਕਾਂ ਨੂੰ ਮੁੰਤਕਿਲ ਕੀਤੀ ਜਾ ਸਕੇਗੀ।

ਕਿਸਾਨਾਂ ਦੇ ਡਿਪਟੀਆਂ ਦੀ ਕੁਲ-ਰੂਸ ਕੌਂਸਲ ਦੇ **ਇਜ਼ਵੇਸਤੀਆ**, ਨੰਬਰ 14 ਵਿਚ 25 ਮਈ 1917 ਨੂੰ; ਅਤੇ **ਜ਼ਰੱਈ ਮਸਲੇ ਬਾਰੇ ਸਮੱਗਰੀ** ਨਾਂਅ ਦੇ ਪੈਂਫਲਿਟ ਵਿਚ, ਪਰੀਬੋਈ ਪਬਲਿਸ਼ਰਜ਼, ਦਸੰਬਰ 1917 ਵਿਚ ਪ੍ਰਕਾਸ਼ਤ ਹੋਇਆ।

## ਅਸੂਲ ਦਾ ਇਕ ਸੁਆਲ

## ਜਮਹੂਰੀਅਤ ਦੇ "ਭੁਲਾਏ ਜਾ ਚੁੱਕੇ ਸ਼ਬਦ"

ਸਰਮਾਏਦਾਰ ਅਖ਼ਬਾਰਾਂ ਨੇ ਕਰੋਨਸਤਾਦਤ ਕਾਮਰੇਡਾਂ ਦੇ ਵਿਰੁੱਧ ਝੂਠਾਂ ਤੇ ਤੁਹਮਤਾਂ ਦੇ ਜਿਸ ਗੰਦ ਮੰਦ ਦੀ ਬਕਵਾਸ ਕੀਤੀ ਹੈ ਉਸ ਨੇ ਇਕ ਵਾਰ ਫੇਰ ਇਹ ਦਰਸਾ ਦਿੱਤਾ ਹੈ ਕਿ ਇਹ ਅਖ਼ਬਾਰ ਕਿਤਨੇ ਬੇਈਮਾਨ ਹਨ। ਇਹਨਾਂ ਨੇ ਇਕ ਬਿਲਕੁਲ ਸਧਾਰਨ ਤੇ ਗ਼ੈਰ-ਜ਼ਰੂਰੀ ਘਟਨਾ ਲੈ ਕੇ ਇਕ "ਰਾਜਕੀ" ਮਾਮਲੇ ਦੀ ਹੱਦ ਤੱਕ, ਰੂਸ ਤੋਂ "ਵੱਖ ਹੋਣ" ਦੀ ਹੱਦ ਤੱਕ ਵਧਾ ਕੇ ਪੇਸ਼ ਕੀਤਾ ਹੈ।

ਪੀਤਰੋਗਰਾਦ ਸੋਵੀਅਤ ਦੀ **ਇਜ਼ਵੇਸਤੀਆ** ਆਪਣੇ 74 ਨੰਬਰ ਵਿਚ ਰੀਪੋਰਟ ਕਰਦੀ ਹੈ ਕਿ ਕਰੋਨਸਤਾਦਤ ਘਟਨਾ ਨਿਪਟ ਗਈ ਹੈ। ਜਿਵੇਂ ਕਿ ਆਸ ਕੀਤੀ ਜਾਂਦੀ ਸੀ ਤਸੇਰੇਤੇਲੀ ਤੇ ਸਕੋਬੇਲੇਵ ਵਜ਼ੀਰਾਂ ਨੇ ਇਕ ਸਮਝੌਤਾ-ਮਤੇ ਦੇ ਆਧਾਰ ਤੇ ਕਰਨੋਸਤਾਦਤ ਲੋਕਾਂ ਨਾਲ, ਆਸਾਨੀ ਨਾਲ ਮਾਮਲੇ ਨੂੰ ਨਿਪਟਾ ਲਿਆ ਹੈ। ਇਹ ਕਹਿਣ ਦੀ ਲੋੜ ਨਹੀਂ। ਅਸੀਂ ਆਪਣੀ ਆਸ ਤੇ ਵਿਸ਼ਵਾਸ ਪਰਗਟ ਕਰਦੇ ਹਾਂ ਕਿ ਇਹ ਸਮਝੌਤਾ-ਮਤਾ, ਜੇ **ਦੋਵੇਂ ਧਿਰਾਂ** ਈਮਾਨਦਾਰੀ ਨਾਲ ਇਸ ਉਤੇ ਅਮਲ ਕਰਨ, ਇਹ ਚੋਖੇ ਲੰਮੇ ਸਮੇਂ ਤੱਕ ਕਰੋਨਸਤਾਦਤ ਤੇ ਬਾਕੀ ਦੇ ਰੂਸ ਵਿਚ **ਇਨਕਲਾਬ** ਦੇ ਕੰਮ ਵਿਚਲੇ ਝਗੜਿਆਂ ਨੂੰ ਖ਼ਤਮ ਕਰ ਦੇਵੇਗਾ।

ਸਾਡੇ ਲਈ ਕਰੋਨਸਤਾਦਤ ਦੀ ਘਟਨਾ ਦੋ ਪੱਖਾਂ ਤੋਂ ਇਕ ਅਸੂਲ ਦਾ ਸੁਆਲ ਹੈ।

ਪਹਿਲਾ, ਇਸ ਨੇ ਉਸ ਤੱਥ ਨੂੰ ਸਾਹਮਣੇ ਲਿਆਂਦਾ ਹੈ ਜੋ ਬਹੁਤ ਸਮਾਂ ਪਹਿਲਾਂ ਸਾਡੇ ਵਲੋਂ ਵੇਖਿਆ ਗਿਆ ਸੀ ਤੇ ਸਾਡੀ ਪਾਰਟੀ ਦੇ ਮਤੇ ਵਿਚ (ਸੋਵੀਅਤਾਂ ਬਾਰੇ) ਸਰਕਾਰੀ ਤੌਰ ਤੇ ਪਰਵਾਨ ਕੀਤਾ ਗਿਆ ਸੀ, ਭਾਵ ਕਿ **ਸਥਾਨਕ ਖੇਤਰਾਂ** ਵਿਚ ਇਨਕਲਾਬ ਪੀਤਰੋਗਰਾਦ ਨਾਲੋਂ ਅਗਾਂਹ ਲੰਘ ਗਿਆ ਹੈ। ਇਨਕਲਾਬੀ ਲੱਫ਼ਾਜ਼ੀ ਲਈ ਵਰਤਮਾਨ ਖ਼ਬਤ ਦੇ ਵਸ ਹੋਏ ਨਰੋਦਨਿਕ ਤੇ ਮੈਨਸ਼ਵਿਕ ਅਤੇ ਕੇਡਿਟ ਵੀ ਇਸ ਤੱਥ ਦੀ ਮਹੱਤਤਾ ਨੂੰ ਸਮਝਣਾ ਨਹੀਂ ਸਨ ਚਾਹੁੰਦੇ ਜਾਂ ਸਮਝ ਨਹੀਂ ਸਨ ਸਕੇ।

ਦੂਜਾ, ਕਰੋਨਸਤਾਦਤ ਘਟਨਾ ਨੇ ਇਕ ਪਰੋਗਰਾਮੀ ਮਹੱਤਤਾ ਦਾ ਇਕ ਜ਼ਰੂਰੀ ਤੇ ਬੁਨਿਆਦੀ ਮਸਲਾ ਉਠਾਇਆ, ਜਿਸ ਨੂੰ ਕੋਈ ਵੀ ਈਮਾਨਦਾਰ ਜਨਵਾਦੀ, ਸੋਸ਼ਲਿਸਟਾਂ ਦੀ ਤਾਂ

ਗੱਲ ਹੀ ਛੱਡੋ, ਬੇਪਰਵਾਹੀ ਨਾਲ ਅੱਖੋਂ ਓਹਲੇ ਨਹੀਂ ਕਰ ਸਕਦਾ। ਇਹ ਸੁਆਲ ਇਹ ਹੈ ਕਿ ਕੀ ਕੇਂਦਰੀ ਅਥਾਰਟੀ ਨੂੰ ਉਹ ਅਧਿਕਾਰ ਪਰਾਪਤ ਹੈ ਕਿ ਉਹ ਸਥਾਨਕ ਵਸੋਂ ਵੱਲੋਂ ਚੁਣੇ ਹੋਏ ਅਧਿਕਾਰੀਆਂ ਦੀ ਪੁਸ਼ਟੀ ਕਰੇ ?

ਮੇਨਸ਼ਵਿਕ, ਜਿਨ੍ਹਾਂ ਦੀ ਪਾਰਟੀ ਦੇ ਵਜ਼ੀਰ ਤਸੇਰੇਤੇਲੀ ਤੇ ਸਕੋਬੇਲੇਵ ਹਨ, ਅਜੇ ਵੀ ਮਾਰਕਸਵਾਦੀ ਹੋਣ ਦਾ ਦਾਅਵਾ ਕਰਦੇ ਹਨ। ਤਸੇਰੇਤੇਲੀ-ਸਕੋਬੇਲੇਵ ਨੇ ਅਜਿਹੀ ਪੁਸ਼ਟੀ ਦੇ ਹੱਕ ਵਿਚ ਮਤਾ ਪਾਸ ਕਰਵਾਇਆ ਹੈ। ਇੰਜ ਕਰਦਿਆਂ ਕੀ ਉਹਨਾਂ ਨੇ ਮਾਰਕਸਵਾਦੀਆਂ ਵਜੋਂ ਆਪਣੇ ਫ਼ਰਜ਼ ਬਾਰੇ ਸੋਚਣਾ ਬੰਦ ਕਰ ਦਿੱਤਾ ਸੀ ?

ਕੀ ਪਾਠਕ ਨੂੰ ਇਸ ਸੁਆਲ ਨੂੰ ਇਕ ਸਿੱਧੜ ਜਿਹਾ ਸਮਝਣਾ ਚਾਹੀਦਾ ਹੈ ਤੇ ਇਸ ਤਰ੍ਹਾਂ ਦੀ ਟਿੱਪਣੀ ਕਰਨੀ ਚਾਹੀਦੀ ਹੈ ਕਿ ਮੇਨਸ਼ਵਿਕ ਹੁਣ ਅਸਲ ਵਿਚ ਨਿੱਕ-ਬੁਰਜੂਆ, ਇਥੋਂ ਤੱਕ ਕਿ ਰੱਖਿਆਵਾਦੀ (ਭਾਵ ਅੰਧ-ਰਾਸ਼ਟਰਵਾਦੀ) ਪਾਰਟੀ ਬਣ ਗਏ ਹਨ, ਅਤੇ ਇਸ ਲਈ ਮਾਰਕਸਵਾਦ ਬਾਰੇ ਗੱਲ ਵੀ ਕਰਨੀ ਇਕ ਹਾਸੋਹੀਣੀ ਗੱਲ ਹੋਵੇਗੀ। ਅਸੀਂ ਇਸ ਨੁਕਤੇ ਬਾਰੇ ਵਿਚਾਰ ਨਹੀਂ ਕਰਾਂਗੇ। ਅਸੀਂ ਵੱਧ ਤੋਂ ਵੱਧ ਇਹ ਆਖਾਂਗੇ ਕਿ ਮਾਰਕਸਵਾਦ ਹਮੇਸ਼ਾ ਜਮਹੂਰੀ-ਕਰਣ ਦੇ ਸੁਆਲ ਵੱਲ ਨੇੜਵਾਂ ਧਿਆਨ ਦੇਂਦਾ ਹੈ ਅਤੇ ਨਾਗਰਿਕ ਤਸੇਰੇਤੇਲੀ ਤੇ ਸਕੋਬੇਲੇਵ ਨੂੰ ਜਨਵਾਦੀਆਂ ਦਾ ਨਾਂਅ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕੀ ਉਹਨਾਂ ਨੇ ਜਨਵਾਦੀਆਂ ਵਜੋਂ ਆਪਣੇ ਫ਼ਰਜ ਬਾਰੇ, ਜਨਵਾਦੀਆਂ ਵਜੋਂ ਆਪਣੇ "ਖਿਤਾਬ" ਬਾਰੇ ਉਦੋਂ ਸੋਚਣਾ ਬੰਦ ਕਰ ਦਿੱਤਾ ਸੀ ਜਦੋਂ ਉਹਨਾਂ ਨੇ ਆਰਜ਼ੀ ਸਰਕਾਰ ਨੂੰ ਕਰੋਨਸਤਾਦਤ ਵਸੋਂ ਵਲੋਂ ਚੁਣੇ ਗਏ ਅਧਿਕਾਰੀਆਂ ਦੀ "ਪੁਸ਼ਟੀ" ਕਰਨ ਦਾ ਅਧਿਕਾਰ ਦੇਣ ਬਾਰੇ ਮਤਾ ਪਾਸ ਕੀਤਾ ਸੀ ?

ਸਪੱਸ਼ਟ ਤੌਰ ਤੇ ਉਹਨਾਂ ਬੰਦ ਨਹੀਂ ਸੀ ਕੀਤਾ।

ਇਸ ਸਿੱਟੇ ਦੀ ਹਮਾਇਤ ਵਿਚ ਅਸੀਂ ਇਕ ਲੇਖਕ ਦੀ ਰਾਏ ਦਾ ਹਵਾਲਾ ਦੇਵਾਂਗੇ ਜਿਹੜਾ, ਸਾਨੂੰ ਆਸ ਹੈ, ਤਰੇਸੇਤੇਲੀ ਤੇ ਸਕੋਬੇਲੇਵ ਦੀਆ ਨਜ਼ਰਾਂ ਵਿਚ ਵੀ ਵਿਗਿਆਨਕ ਤੇ ਮਾਰਕਸੀ ਅਥਾਰਟੀ ਸਮਝਿਆ ਜਾਂਦਾ ਹੈ। ਉਹ ਲੇਖਕ ਹੈ—ਫਰੈਡਰਿਕ ਏਂਗਲਜ਼।

ਜਰਮਨ ਸੋਸ਼ਲ-ਡੈਮੋਕਰੇਟਾਂ ਦੇ ਪਰੋਗਰਾਮ ਦੇ ਖਰੜੇ (ਹੁਣ ਏਰਫੁਰਟ ਪਰੋਗਰਾਮ ਵਜੋਂ ਜਾਣਿਆ ਜਾਂਦਾ ਹੈ) ਦੀ ਨੁਕਤਾਚੀਨੀ ਕਰਦਿਆਂ ਏਂਗਲਜ਼ ਨੇ 1890 ਵਿਚ ਲਿਖਿਆ ਸੀ ਕਿ ਜਰਮਨ ਪਰੋਲੇਤਾਰੀਆ ਨੂੰ ਇਕੋ ਇਕ ਤੇ ਸੰਗਠਤ ਰੀਪਬਲਿਕ ਦੀ ਜ਼ਰੂਰਤ ਹੈ।

"ਪਰ", ਏਂਗਲਜ ਨੇ ਇਹ ਵੀ ਲਿਖਿਆ, "ਅਜਿਹੀ ਰੀਪਬਲਿਕ ਨਹੀਂ ਜਿਹੋ ਜਿਹੀ ਅੱਜ ਫ਼ਰਾਂਸੀਸੀ ਰੀਪਬਲਿਕ ਹੈ, ਜੋ ਅਸਲ ਵਿਚ 1798 ਵਿਚ ਸਥਾਪਤ ਕੀਤੀ ਇਕ ਸਲਤਨਤ ਹੈ, ਪਰ ਇਕ ਸ਼ਹਿਨਸ਼ਾਹ ਤੋਂ ਬਿਨਾ। 1792 ਤੋਂ 1798 ਤੱਕ ਹਰ ਫ਼ਰਾਂਸੀਸੀ ਵਿਭਾਗ ਨੇ, ਹਰ ਕਮਿਊਨ ਨੇ ਅਮਰੀਕੀ ਨਮੂਨੇ ਦੇ ਸੰਪੂਰਨ ਸਵੈ-ਸਾਸ਼ਨ ਨੂੰ ਮਾਣਿਆ। ਇਹ ਕੁਝ ਹੈ ਜੋ ਅਸਾਂ (ਜਰਮਨ ਸੋਸ਼ਲ-ਡੈਮੋਕਰੇਟਿਕ) ਨੂੰ ਚਾਹੀਦਾ ਹੈ। ਕਿਵੇਂ ਇਕ ਸਵੈ-ਸਾਸ਼ਨ ਜਥੇਬੰਦ ਕੀਤਾ ਜਾ ਸਕਦਾ ਹੈ ਤੇ ਕਿਵੇਂ ਇਕ ਨੌਕਰਸ਼ਾਹੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸਾਡੇ ਸਾਹਮਣੇ ਅਮਰੀਕਾ ਤੇ ਪਹਿਲੀ ਫ਼ਰਾਂਸੀਸੀ ਰੀਪਬਲਿਕ ਨੇ ਪਰਗਟ ਕੀਤਾ ਅਤੇ ਆਸਟਰੇਲੀਆ, ਕੈਨੇਡਾ ਤੇ ਹੋਰ ਅੰਗਰੇਜ਼ ਬਸਤੀਆਂ ਵਲੋਂ ਅੱਜ ਵੀ ਪਰਗਟ ਕੀਤਾ ਗਿਆ ਹੈ। ਅਜਿਹਾ ਪਰਾਂਤਕ ਤੇ ਸਾਂਝਾ ਸਵੈ-ਸਾਸ਼ਨ, ਉਦਾਹਰਣ ਵਜੋਂ, ਸਵਿਸ ਸਾਮੰਤਸ਼ਾਹੀ ਨਾਲੋਂ ਵਧੇਰੇ ਸੁਤੰਤਰ ਹੈ, ਜਿਥੇ ਹਰ ਇਕ ਰਿਆਸਤੀ ਕਨਫੈਡਰੇਸ਼ਨ (ਕੇਂਦਰੀ ਸਰਕਾਰ) ਤੋਂ ਅਮਲੀ ਤੌਰ ਤੇ ਸੁਤੰਤਰ ਹੈ, ਪਰ ਉਸੇ ਸਮੇਂ

ਜਿਥੋਂ ਤੱਕ ਰਿਆਸਤ ਦੇ ਨਿੱਕਚੂ ਉਪ ਭਾਗਾਂ ਦਾ—ਬੇਰਜ਼ਿਕ ਤੇ ਕਮਿਊਨ—ਸਬੰਧ ਹੈ ਇਕ ਸੁਪਰੀਮ ਅਥਾਰਟੀ ਹੈ। ਰਿਆਸਤੀ ਸਰਕਾਰਾਂ ਬੇਜ਼ਿਰਕੇਸਤਾਬਲਤਰ ਤੇ ਪਰਫੈਕਸ ਨਿਯੁਕਤ ਕਰਦੀਆਂ ਹਨ। ਸਥਾਨਕ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਇਹ ਅਧਿਕਾਰ ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ ਵਿਚ ਬਿਲਕੁਲ ਨਹੀਂ ਜਾਣਿਆ ਜਾਂਦਾ ਅਤੇ ਭਵਿੱਖ ਵਿਚ ਸਾਨੂੰ ਇਹ ਨਰਮੀ ਨਾਲ ਇਹ ਅਧਿਕਾਰ (ਉਪਰੋਂ ਨਿਯੁਕਤੀ ਦਾ)) ਖ਼ਤਮ ਕਰ ਦੇਣਾ ਚਾਹੀਦਾ ਹੈ, ਜਿਵੇਂ ਸਾਨੂੰ ਪਰੂਸ਼ੀਅਨ ਲੈਂਡਰਾਥੇ ਅਤੇ ਰੀਜ਼ੀਹੁਨਰਾਥੇ ਖਤਮ ਕਰਨੇ ਚਾਹੀਦੇ ਹਨ।"

ਜਮਹੂਰੀਅਤ ਦੇ ਸੁਆਲਾਂ ਬਾਰੇ ਏਂਗਲਜ਼ ਦੀ ਅਜਿਹੀ ਰਾਏ ਸੀ ਜੋ ਉਪਰੋਂ ਅਧਿਕਾਰੀ ਨਿਯੁਕਤ ਕਰਨ ਅਨੁਸਾਰ ਉਤੇ ਲਾਗੂ ਹੁੰਦੀ ਹੈ। ਇਹਨਾਂ ਵਿਚਾਰਾਂ ਨੂੰ ਵਧੇਰੇ ਸਖਤਾਈ ਤੇ ਦਰੁਸਤੀ ਨਾਲ ਪਰਗਟ ਕਰਨ ਲਈ ਉਸ ਨੇ ਇਹ ਸੁਝਾਅ ਦਿੱਤਾ ਕਿ ਜਰਮਨ ਸੋਸ਼ਲ ਡੈਮੋਕਰੇਟਾਂ ਨੂੰ ਆਪਣੇ ਪਰੋਗਰਾਮ ਵਿਚ ਹੇਠਲੀ ਮੰਗ ਦਰਜ ਕਰਨੀ ਚਾਹੀਦੀ ਹੈ :

"ਕਮਿਊਨਾਂ, ਜ਼ਿਲ੍ਹਿਆਂ ਤੇ ਰੀਜਨਾਂ ਵਿਚ ਵਿਆਪਕ ਮਤ-ਅਧਿਕਾਰ ਰਾਹੀਂ ਚੁਣੇ ਗਏ ਅਧਿਕਾਰੀਆ ਸੰਪੂਰਨ ਸਵੈ-ਸ਼ਾਸਨ; **ਸਾਰੀਆਂ ਰਾਜ ਵਲੋਂ ਨਿਯੁਕਤ ਸਥਾਨਕ ਤੇ ਰੀਜਨਲ ਅਥਾਰਟੀਆਂ ਦਾ ਖਾਤਮਾ।**"

ਲਕੀਰੇ ਹੋਏ ਸ਼ਬਦ ਸਪੱਸ਼ਟਤਾ ਤੇ ਨਿਸਚਿਤਤਾ ਦੇ ਰਾਹ ਵਿਚ ਕਿਸੇ ਵੀ ਹੋਰ ਗੱਲ ਦੀ ਜ਼ਰੂਰਤ ਨਹੀਂ ਰਹਿਣ ਦੇਂਦੇ।

ਸਤਿਕਾਰ ਯੋਗ, ਨਾਗਰਕ, ਤਸੇਰੇਤੇਲੀ ਤੇ ਸਕੋਬੇਲੇਵ ਵਜ਼ੀਰੋ! ਇਤਿਹਾਸਕ ਪੁਸਤਕਾਂ ਵਿਚ ਆਪਣੇ ਨਾਂਅ ਦਰਜ ਕਰਾ ਕੇ ਤੁਸੀਂ ਜ਼ਰੂਰ ਫੁਲੇ ਨਹੀਂ ਸਮਾ ਰਹੇ। ਪਰ ਹਰ ਇਕ ਮਾਰਕਸ-ਵਾਦੀ ਅਤੇ ਹਰ ਇਕ ਈਮਾਨਦਾਰ ਡੈਮੋਕਰੇਟ ਵਲੋਂ ਇਹ ਆਖਿਆ ਜਾਣਾ ਇਕ ਫੋਕੀ ਵਡਿਆਈ ਹੋਵੇਗੀ ਕਿ ਤਸੇਰੇਤੇਲੀ ਤੇ ਸਕੋਬੇਲੇਵ ਵਜ਼ੀਰਾਂ ਨੇ ਰੂਸੀ ਸਰਮਾਏਦਾਰਾਂ ਦੀ ਰੂਸ ਵਿਚ ਇਕ ਅਜਿਹੀ ਰੀਪਬਲਿਕ ਬਨਾਉਣ ਵਿਚ ਮੱਦਦ ਕੀਤੀ ਸੀ, ਜੋ ਕਿਸੇ ਵੀ ਤਰ੍ਹਾਂ ਇਕ ਰੀਪਬਲਿਕ ਨਹੀਂ ਸੀ ਹੋਣੀ, ਸਗੋਂ ਇਕ **ਪਾਤਸ਼ਾਹ ਤੋਂ ਬਿਨਾਂ ਪਾਤਸ਼ਾਹੀ** ?

**ਪਿਛੋਂ ਲਿਖਿਆ ਨੋਟ** : ਇਹ ਲੇਖ ਕਰੋਨਸਤਾਦਤ ਘਟਨਾ ਦੇ ਆਪਣੇ ਆਖਰੀ ਪੜਾਅ ਵਿਚ ਪਰਵੇਸ਼ ਕਰਨ ਤੋਂ ਪਹਿਲਾਂ ਲਿਖਿਆ ਗਿਆ ਸੀ, ਜਿਵੇਂ ਕਿ ਅੱਜ ਦੇ ਅਖ਼ਬਾਰਾਂ ਵਿਚ ਰੀਪੋਰਟ ਛਪੀ ਹੈ। ਕਰੋਨਸਤਾਦਤ ਲੋਕਾਂ ਨੇ ਰਜ਼ਾਮੰਦੀ ਸਮਝੌਤਾ **ਨਹੀਂ** ਤੋੜਿਆ ਹੈ। **ਇਕ ਵੀ ਅਜਿਹਾ ਤੱਥ** ਬਿਆਨ ਨਹੀਂ ਕੀਤਾ ਗਿਆ ਜੋ ਇਸ ਸਮਝੌਤੇ ਦੀ ਉਲੰਘਣਾ ਬਾਰੇ ਕੋਈ ਸੁਝਾਅ ਦੇਂਦਾ ਹੋਵੇ। ਅਖ਼ਬਾਰਾਂ ਦੇ ਲੇਖਾਂ ਸਬੰਧੀ **ਰੋਸ਼** ਦਾ ਹਵਾਲਾ ਮਹਿਜ਼ ਇਕ ਛਲ ਤੇ ਕਪਟ ਹੈ, ਕਿਉਂ ਜੋ ਤੁਸੀਂ ਕਿਸੇ ਸਮਝੌਤੇ ਨੂੰ ਅਖ਼ਬਾਰੀ ਲੇਖਾਂ ਰਾਹੀਂ ਨਹੀਂ ਅਮਲਾਂ ਰਾਹੀਂ ਤੋੜ ਸਕਦੇ ਹੋ। ਫਿਰ ਹਕੀਕਤ ਇਹੋ ਰਹਿੰਦੀ ਹੈ ਕਿ ਤਸੇਰੇਤੇਲੀ ਤੇ ਸਕੋਬੇਲੇਵ ਵਜ਼ੀਰ ਸਹਿਮੀ ਹੋਈ ਬੁਰਜੂਆਜ਼ੀ ਦੀਆਂ ਚੀਕਾਂ ਤੋਂ ਸੌ ਗੁਣਾ ਤੇ ਹਜ਼ਾਰ ਗੁਣਾਂ ਡਰ ਗਏ ਹਨ ਅਤੇ ਉਹਨਾਂ ਨੇ ਕਰੋਨਸਤਾਦਤ ਦੇ ਲੋਕਾਂ ਦੇ ਵਿਰੁੱਧ **ਧਮਕੀਆਂ** ਦੇਣੀਆਂ ਸੁਰੂ ਦਿੱਤੀਆਂ ਹਨ। ਭੱਦੀਆਂ, ਬੇਹੂਦਾ ਧਮਕੀਆਂ, ਜੋ ਮਹਿਜ਼ ਉਲਟ-ਇਨਕਲਾਬ ਦੀ ਸੇਵਾ ਕਰਦੀਆਂ ਹਨ।

**ਪਰਾਵਦਾ** ਨੰ: 68
10 ਜੂਨ (28 ਮਈ), 1917

# ਲਫਜ਼ੀ ਹੇਰਾਫੇਰੀ ਦਾ ਨੁਕਸਾਨ

ਫਰਾਂਸੀਸੀ ਅਤੇ ਅੰਗਰੇਜ਼ੀ ਸਰਮਾਏਦਾਰਾਂ ਦੇ ਜੁਆਬ ਸਾਡੇ ਸਾਹਮਣੇ ਬਿਆਨਾਂ ਦੀ ਇਕ ਦਰੁਸਤੀ ਨੂੰ ਸਮੂਹਕ ਰੂਪ ਵਿਚ ਦਰਸਾਉਂਦੇ ਹਨ ਕਿ ਨਾ ਰੂਸੀ, ਨਾ ਹੀ ਫਰਾਂਸੀਸੀ, ਨਾ ਹੀ ਅੰਗਰੇਜ਼ ਅਤੇ ਨਾ ਹੀ ਜਰਮਨ ਸਰਮਾਏਦਾਰ ਸਰਕਾਰ ਬਦੇਸ਼ੀ ਇਲਾਕੇ ਹਥਿਆਉਣ ਦੀ ਨੀਤੀ ਨੂੰ ਤਿਆਗ ਸਕਦੀ ਹੈ, ਅਤੇ ਕਿ ਅਜਿਹੇ ਸਾਰੇ ਇਕਰਾਰ ਲੋਕਾਂ ਨੂੰ ਧੋਖਾ ਦੇਣ ਲਈ ਤਿਆਰ ਕੀਤੇ ਗਏ ਹਨ।

ਅਸੀਂ ਅਲਸਾਸੇ-ਲੋਰੇਨ ਲਈ ਲੜ ਰਹੇ ਹਾਂ, ਅਸੀਂ ਜਿੱਤ ਪ੍ਰਾਪਤ ਕਰਨ ਲਈ ਲੜ ਰਹੇ ਹਾਂ, ਫਰਾਸੀਸੀ ਸਰਕਾਰ ਨੇ ਜੁਆਬ ਦਿਤਾ। ਸੰਧੀ ਅਨੁਸਾਰ ਅਮਲ ਕਰਨ ਦੀ ਕ੍ਰਿਪਾ ਕਰੋ, ਅਤੇ ਰੂਸੀ ਤੇ ਜਰਮਨ ਪੋਲੈਂਡ ਲਈ ਲੜੋ, ਅੰਗਰੇਜ਼ ਸਰਕਾਰ ਨੇ ਜੁਆਬ ਦਿਤਾ।

ਇਹ ਕੋੜੀ ਸਚਾਈ ਕਿ ਸਰਮਾਏਦਾਰੀ ਕਦੇ ਵੀ ਬਦੇਸ਼ੀ ਇਲਾਕੇ ਹਥਿਆਉਣ ਦੀ ਨੀਤੀ ਨੂੰ ਨਹੀਂ ਤਿਆਗ ਸਕਦੀ, ਇਕ ਵਾਰ ਫੇਰ ਨੰਗੀ ਹੋ ਗਈ ਹੈ। "ਮਨ ਮਨੌਤ ਕਰਨ ਵਾਲਿਆ" ਦੀ, ਉਹਨਾ ਦੀ ਨੀਤੀ ਜੋ ਸਰਮਾਏਦਾਰਾਂ ਤੇ ਪਰੋਲੇਤਾਰੀਆਂ ਵਿਚਾਲੇ ਮਨਮਨੌਤ ਕਰਾਉਣਾ ਚਾਹੁੰਦੇ ਹਨ, ਨਰਦੋਨਿਕ ਅਤੇ ਮੈਨਸ਼ਵਿਕ ਵਜ਼ੀਰਵਾਦੀਆਂ ਦੀ ਨੀਤੀ ਸਪਸ਼ਟ ਤੌਰ ਤੇ ਅਸਫਲ ਰਹੀ ਹੈ। ਇਸ ਕੁਲੀਸ਼ਨ ਸਰਕਾਰ ਬਾਰੇ ਉਹਨਾਂ ਦੀਆ ਸਾਰੀਆ ਆਸਾਂ ਖੇਰੂੰ ਖੇਰੂੰ ਹੋ ਰਹੀਆਂ ਹਨ। ਉਹਨਾਂ ਦੇ ਸਾਰੇ ਇਕਰਾਰ ਮਹਿਜ਼ ਲੱਫਾਜ਼ੀ ਵਜੋਂ ਨੰਗੇ ਹੋ ਗਏ ਹਨ।

ਜਿਥੋਂ ਤਕ ਇਨਕਲਾਬ ਦੇ ਕਾਜ਼ ਤੇ ਕਿਰਤੀ ਜਨ-ਸਮੂਹਾਂ ਦੇ ਹਿੱਤਾਂ ਦਾ ਕਥਨ ਹੈ ਸਭ ਤੋਂ ਵੱਖ ਹਾਨੀਕਾਰਕ ਲੱਫਾਜ਼ੀ ਨਾਲ ਸਾਰੀ ਗੱਲ ਨੂੰ ਕੱਜਣ ਦਾ ਯਤਨ ਹੈ। ਲੱਫਾਜ਼ੀ ਹੇਰਾਫੇਰੀ ਦੇ ਇਸ ਤੂਫਾਨ ਵਿਚ ਦੋ ਵੰਨਗੀਆਂ ਪ੍ਰਮੁਖ ਵਿਖਾਈਆਂ ਹੋਈਆਂ ਹਨ, ਦੋਵੇਂ ਇਕੋ ਜਿੰਨੀਆਂ ਭੈੜੀਆਂ ਹਨ।

ਮੈਨਸ਼ਵਿਕ ਵਜ਼ੀਰਵਾਦੀਆਂ ਦਾ ਅਖ਼ਬਾਰ **ਰਾਬੋਚਾਇਆ ਗਾਜ਼ੇਤਾ** ਕੋਡਿਟ ਦੀ ਮਿਲ ਵਿਚ ਗਾਲਾ ਪਾਉਂਦਾ ਹੈ। ਇਕ ਪਾਸੇ ਇਹ ਕਹਿੰਦਾ ਹੈ: "ਇਸ ਆਧਾਰ ਤੇ (ਦੋ ਇਤਿਹਾਦੀ ਤਾਕਤਾਂ ਦੇ ਜੁਆਬਾਂ ਦੇ ਆਧਾਰ ਤੇ) ਉਹਨਾਂ ਤੇ ਸਾਡੇ ਵਿਚਾਲੇ ਕੋਈ ਸਮਝੌਤਾ ਨਹੀਂ ਹੋ ਸਕਦਾ……।" ਜਦੋਂ ਉਹ "ਅਸੀ" ਕਹਿੰਦੇ ਹਨ, ਕੀ ਉਹਨਾਂ ਦਾ ਭਾਵ ਰੂਸੀ ਸਰਮਾਏਦਾਰਾਂ ਤੋਂ ਹੈ ? ਜਮਾਤੀ

ਜਦੋਜਹਿਦ ਦਾ ਸਿਧਾਂਤ ਤਿਆਗ ਦਿਤਾ ਗਿਆ ਹੈ; "ਜਮਹੂਰੀਅਤ" ਬਾਰੇ ਧੁੰਦ ਲੱਫਾਜ਼ੀ ਦੀ ਵਾਛੜ ਵਧੇਰੇ ਮੁਨਾਫਾਦਾਇਕ ਹੈ ਜਦ ਕਿ ਮਾਰਕਸਵਾਦ ਦੀ ਮੁਢਲੀ ਸਚਾਈ ਨੂੰ ਮੈਂ ਹੋਰ ਮਸਲਿਆਂ, ਭਾਵ ਮੁਖ ਤੌਰ ਤੇ "ਜਮਹੂਰੀਅਤ" ਦੇ ਅੰਦਰ ਹੈ ਕਿ ਸਰਮਾਏਦਾਰਾਂ ਤੇ ਪਰੋਲੇਤਾਰੀਆਂ ਵਿਚਾਲੇ ਪਾੜਾ ਬਹੁਤ ਹੀ ਚੌੜਾ ਹੈ।

ਦੂਜੇ ਪਾਸੇ, **ਰਾਬੋਚਾਇਆ ਗਾਜ਼ੇਤਾ** ਚਾਹੁੰਦਾ ਹੈ ਕਿ ਸਮਝੌਤਿਆਂ ਅਤੇ ਸੰਧੀਆਂ ਦੀ ਇਤਿਹਾਦੀ ਸਰਕਾਰਾਂ ਦੇ ਪ੍ਰਤੀਨਿਧਾਂ ਦੀ ਵਿਸ਼ੇਸ਼ ਤੌਰ ਤੇ ਬੁਲਾਈ ਗਈ ਕਾਨਫਰੰਸ ਰਾਹੀਂ ਵੰਡ ਕਰਨ ਦਾ ਯਤਨ ਕੀਤਾ ਜਾਵੇ। ਉਹੋ ਪੁਰਾਣੀ ਕਹਾਣੀ : ਸਰਮਾਏਦਾਰਾਂ ਨਾਲ ਸਮਝੌਤੇ, ਜੋ ਅਸਲ ਵਿਚ **ਮਜ਼ਦੂਰਾਂ ਨਾਲ** ਉਹਨਾਂ ਦੇ ਜਮਾਤੀ ਦੁਸ਼ਮਣਾਂ ਨਾਲ ਗੱਲਾਂਬਾਤਾਂ ਦੇ ਤਮਾਸ਼ੇ ਰਾਹੀਂ **ਧੋਖਾ** ਦੇਣ ਦੇ ਤੁਲ ਹਨ।

"ਫਰਾਂਸੀਸੀ ਤੇ ਅੰਗਰੇਜ਼ ਜਮਹੂਰੀਅਤਾਂ ਦੇ ਆਮ ਲੋਕਾਂ ਦਾ, ਇਥੋਂ ਤਕ ਕਿ ਫਰਾਂਸੀਸੀ ਤੇ ਅੰਗਰੇਜ਼ ਪਰੋਲੇਤਾਰੀਏ ਰਾਹੀਂ ਆਪੋ ਆਪਣੀਆਂ ਸਰਕਾਰਾਂ ਉਤੇ ਕੇਵਲ ਦਬਾਅ......।" **ਰਾਬੋਚਾਇਆ ਗਾਜ਼ੇਤਾ** ਲਿਖਦਾ ਹੈ "ਰੂਸ ਵਿਚ ਮੈਨਸ਼ਵਿਕ **ਆਪਣੀ** ਸਾਮਰਾਜੀ ਸਰਕਾਰ ਦੀ ਹਮਾਇਤ ਕਰ ਰਹੇ ਹਨ, ਪਰ ਦੂਜੇ ਦੇਸ਼ਾਂ ਵਿਚ ਉਹ ਚਾਹੁੰਦੇ ਹਨ ਕਿ ਦਬਾਅ ਪਾਇਆ ਜਾਵੇ...। ਜੇ ਇਹ ਸ਼ੁਰੂ ਤੋਂ ਲੈ ਕੇ ਅਖੀਰ ਤਕ ਨਿਪਟ ਲੱਫਾਜ਼ੀ, ਹੇਰਾ-ਫੇਰੀ ਤੇ ਕਪਟ ਨਹੀਂ ਹੈ ਤਾਂ ਹੋਰ ਕੀ ਹੈ ?

"ਅਸੀ ਇਕ ਕੌਮਾਂਤਰੀ ਸੋਸ਼ਲਿਸਟ ਕਾਨਫਰੰਸ ਬੁਲਾਉਣ ਰਾਹੀਂ ਇਸ ਲਈ (ਸੰਸਾਰ ਅਮਨ ਲਈ) ਕੰਮ ਕਰ ਰਹੇ ਹਾਂ," ਜਿਸ ਕਾਨਫਰੰਸ ਵਿਚ ਉਹਨਾਂ ਸਾਬਕ ਸੋਸ਼ਲਿਸਟਾਂ ਵਿਚੋਂ ਵਜ਼ੀਰ ਭਾਗ ਲੈਣਗੇ ਜਿਹਨਾਂ ਨੇ ਆਪੋ ਆਪਣੀਆਂ ਸਰਕਾਰਾਂ ਦਾ ਸਾਥ ਦਿਤਾ ਹੈ। ਇਹ ਛੋਟੇ ਛੋਟੇ ਧੋਖਿਆਂ ਦੇ ਸਿਲਸਿਲੇ ਦੇ ਸਾਧਨਾਂ ਰਾਹੀਂ ਇਸ ਵੱਡੇ ਪੈਮਾਨੇ ਉਤੇ ਲੋਕਾਂ ਨੂੰ ਧੋਖਾ ਦੇਣ ਲਈ ਬਦਲੇ ਨਾਲ "ਕੰਮ" ਕਰਨਾ ਹੈ।

ਸਾਡੇ ਸਾਹਮਣੇ **ਦਾਈਲੋ ਨਾਰੋਦਾ** ਦੀ "ਜੈਕੋਬਿਨ ਅੰਦਾਜ਼ ਵਿਚ" ਲਫਜ਼ੀ ਹੇਰਾ ਫੇਰੀ ਹੈ। ਉਹ ਰੁੱਖਾ ਲਹਿਜਾ; ਉਹ ਦਰਸ਼ਨੀ ਇਨਕਲਾਬੀ ਚੀਕ-ਚਿਹਾੜਾ : "ਅਸੀਂ ਕਾਫੀ ਜਾਣਦੇ ਹਾਂ... "ਸਾਡੇ ਇਨਕਲਾਬ ਦੀ ਜਿੱਤ ਵਿਚ ਵਿਸਵਾਸ" (ਨਿਰਸੰਦੇਹ, ਮੋਟੇ ਅੱਖਰਾਂ ਵਿਚ), "ਰੂਸੀ ਇਨਕਲਾਬੀ ਜਮਹੂਰੀਅਤ.. ਦੀ ਇਸ ਜਾਂ ਉਸ ਕਦਮ ਉਤੇ...ਸਮੁੱਚੀ ਬਗਾਵਤ (ਨਿਰਸੰਦੇਹ, ਮੋਟੇ ਅੱਖਰਾਂ ਵਿਚ) ਨਿਰਭਰ ਕਰਦੀ ਹੈ ਜੋ ਕਿਰਤੀ ਲੋਕਾਂ ਨੇ ਇਤਨੇ ਚਾਅ ਨਾਲ ਇਤਨੇ ਜੋਰੂ ਇਰਾਦੇ ਨਾਲ ਸ਼ੁਰੂ ਕੀਤੀ ਹੈ।"

ਸਪੱਸ਼ਟ ਹੈ ਜੇ ਤੁਸੀਂ ਸ਼ਬਦ ਇਨਕਲਾਬ ਤੇ ਬਗਾਵਤ ਮੋਟੇ ਅੱਖਰਾਂ ਵਿਚ ਲਿਖਦੇ ਹੋ ਤਾਂ ਇਹ ਇਸ ਨੂੰ "ਭਿਆਨਕ ਰੂਪ ਵਿਚ" ਡਰਾਉਣੀ ਬਣਾਉਂਦੇ ਹਨ, ਜਿਵੇਂ ਜੈਕੋਬਿਨ ਨੇ ਬਣਾਇਆ ਸੀ। ਜਿਹੜੇ ਲੋਕ ਇਹ ਲਿਖਦੇ ਹਨ ਕਿ ਉਹ ਅਸਲ ਵਿਚ ਇਨਕਲਾਬ ਨੂੰ ਕੁਚਲਣ ਵਿਚ ਮੱਦਦ ਕਰ ਰਹੇ ਹਨ ਅਤੇ ਸਾਮਰਾਜੀਆਂ ਦੀ **ਰੂਸੀ** ਸਰਕਾਰ ਦੀ ਹਮਾਇਤ ਰਾਹੀਂ, ਗੁਪਤ ਸੰਧੀਆਂ ਨੂੰ ਲੋਕਾ ਤੋਂ ਲੁਕਾਉਣ ਦੇ **ਉਹਨਾਂ ਦੇ ਤਰੀਕਿਆਂ** ਦੀ ਜਗੀਰੂ ਮਿਲਖਾ ਦੇ ਕੰਮ ਖਾਤਮੇ ਨੂੰ ਅਗਾਂਹ ਪਾਉਣ ਦੇ **ਉਹਨਾਂ** ਦੇ ਦਾਅ ਪੇਚਾਂ ਦੀ ਹਮਾਇਤ ਰਾਹੀਂ, "ਹਮਲਾਵਾਰੀ" ਦਾ **ਉਹਨਾਂ** ਦੀ ਜੰਗ ਬਾਰੇ ਨੀਤੀ ਦੀ, ਸਥਾਨਕ ਪ੍ਰਤੀਨਿਧ ਅਦਾਰਿਆਂ ਵਲ **ਉਹਨਾਂ** ਦੇ ਅਪਮਾਨਜਨਕ ਵਤੀਰੇ ਦੀ, ਸਥਾਨਕ ਵਸੋਂ ਵਲੋਂ ਚੁਣੇ ਹੋਏ ਅਧਿਕਾਰੀਆਂ ਦੀ ਨਿਯੁਕਤੀ ਜਾਂ

ਪੁਸ਼ਟੀ ਵਲ ਗੁਸਤਾਖੀ ਦੀ ਹਮਾਇਤ ਰਾਹੀਂ ਕਿਰਤੀ ਲੋਕਾਂ ਦੀ ਬਗਾਵਤ ਨੂੰ ਰੋਕਣ ਵਿਚ ਮੱਦਦ ਕਰ ਰਹੇ ਹਨ।

ਭਦਰ ਪੁਰਸ਼ੋ, ਲੱਫਾਜ਼ੀ ਦੇ ਨਾਇਕੋ, ਇਨਕਲਾਬੀ ਝੱਬਾਰੀ ਦੇ ਸੂਰਮਿਓਂ! ਸੋਸ਼ਲਿਜ਼ਮ ਮੰਗ ਕਰਦਾ ਹੈ ਕਿ ਸਾਨੂੰ ਸਰਮਾਏਦਾਰ ਜਮਹੂਰੀਅਤ ਤੇ ਪਰੋਲੇਤਾਰੀ ਜਮਹੂਰੀਅਤ ਵਿਚਾਲੇ, ਬੁਰਜੂਆ ਇਨਕਲਾਬ ਤੇ ਪਰੋਲੇਤਾਰੀ ਇਨਕਲਾਬ ਵਿਚਾਲੇ, ਅਮੀਰ ਜ਼ਾਰ ਦੇ ਵਿਰੁਧ ਬਗਾਵਤ ਅਤੇ ਕਿਰਤੀ ਅਮੀਰ ਦੇ **ਵਿਰੁਧ** ਲੋਕਾਂ ਦੀ ਬਗਾਵਤ ਵਿਚਾਲੇ ਫਰਕ ਕਰਨਾ ਚਾਹੀਦਾ ਹੈ। ਸੋਸਲਿਜਮ ਮੰਗ ਕਰਦਾ ਹੈ ਕਿ ਸਾਨੂੰ ਆਪਣੇ ਬੁਰਜੂਆ ਇਨਕਲਾਬ ਨੂੰ, ਜਿਸ ਨੇ (ਬੁਰਜੂਆਜ਼ੀ ਨੂੰ ਜੋ ਹੁਣ ਉਲਟ-ਇਨਕਲਾਬੀ ਹੈ) ਖਤਮ ਕੀਤਾ ਹੈ, ਪਰੋਲੇਤਾਰੀਏ ਅਤੇ ਗ਼ਰੀਬ ਕਿਸਾਨਾਂ ਦੇ ਵਧ ਰਹੇ ਇਨਕਲਾਬ ਤੋਂ ਵਖਰਾਉਣਾ ਚਾਹੀਦਾ ਹੈ। ਪਹਿਲਾ ਇਨਕਲਾਬ **ਜੰਗ ਲਈ** ਹੈ, ਜਗੀਰਦਾਰ ਮਿਲਖਾ ਨੂੰ ਬਹਾਲ ਰਖਣ ਲਈ ਹੈ, ਸਵੈ-ਸਾਸ਼ਨ ਦੇ ਸਥਾਨਕ ਇਲਾਕਿਆਂ ਨੂੰ ਕੇਂਦਰੀ ਸਰਕਾਰ ਦੇ ਅਧੀਨ ਕਰਨ ਲਈ ਹੈ, ਗੁਪਤ ਸੰਧੀਆਂ ਲਈ ਹੈ। ਮਗਰਲਾ ਇਨਕਲਾਬ ਇਨਕਲਾਬੀ ਭਰਾਤਰੀਕਰਣ ਰਾਹੀਂ, ਸਥਾਨਕ ਇਲਾਕਿਆ ਵਿਚ ਜਗੀਰਦਾਰਾਂ ਦੀ ਤਾਕਤ ਨੂੰ ਖਤਮ ਕਰਨ ਰਾਹੀਂ, ਵਸਤਾਂ ਦੀ ਗਿਣਤੀ ਤੇ ਸੱਤਾ ਵਧਾਉਣ ਰਾਹੀਂ ਅਤੇ ਚੋਣਾਂ ਦਾ ਅਸੂਲ ਹਰ ਥਾ ਤੇ ਲਾਗੂ ਕਰਨ ਰਾਹੀਂ ਜੰਗ ਦੀ ਸੰਘੀ ਘੁੱਟਣ ਲਈ **ਅਰੰਭ** ਹੋਇਆ ਹੈ।

ਨਰੋਦਨਿਕ ਅਤੇ ਮੈਨਸ਼ਵਿਕ ਵਜ਼ੀਰਵਾਦੀ "ਜਮਹੂਰੀਅਤ" ਬਾਰੇ "ਇਨਕਲਾਬ" ਬਾਰੇ ਸਟੱਲੀ ਲੱਫਾਜੀ ਦੀ ਵਾਛੜ ਕਰ ਰਹੇ ਹਨ ਤਾਂ ਜੋ ਸਾਮਰਾਜੀਆ ਨਾਲ, ਉਲਟ-ਇਨਕਲਾਬੀ ਹੁਣ ਨਿਸਚਿਤ ਤੌਰ ਤੇ ਆਪਣੇ ਆਪਣੇ ਦੇਸ਼ ਦੀ ਉਲਟ-ਇਨਕਲਾਬੀ ਬੁਰਜੂਆਜ਼ੀ ਨਾਲ ਆਪਣੇ ਸਮਝੌਤੇ ਉਤੇ—ਇਕ ਸਮਝੌਤਾ ਜੋ ਅਸਲ ਵਿਚ ਪਰੋਲੇਤਾਰੀਏ ਤੇ ਅਰਧ-ਪਰੋਲੇਤਾਰੀਏ ਦੇ ਇਨਕਲਾਬ **ਵਿਰੁਧ** ਇਕ ਜਦੋਜਹਿਦ ਵਿਚ ਬਦਲ ਰਿਹਾ ਹੈ—ਪਰਦਾ ਪਾਇਆ ਜਾਵੇ।

**ਪਰਾਵਦਾ** ਨੰਬਰ 69,
13 ਜੂਨ (31 ਮਈ) 1917.

# ਲੋਕਾਂ ਨਾਲ ਪੂੰਜੀਵਾਦੀ ਮਜ਼ਾਕ

ਸਰਮਾਏਦਾਰਾ ਤੇ ਦਖਣੀ ਖਾਣਾਂ ਸਬੰਧੀ ਸਨਅਤ ਦੇ ਮਜਦੂਰਾ ਦੇ ਪ੍ਰਤੀਨਿਧਾਂ ਦੀ ਮੀਟਿੰਗ 23 ਮਈ ਨੂੰ ਸਮਾਪਤ ਹੋ ਗਈ।

ਮੀਟਿੰਗ ਦਾ ਕੋਈ ਸਿੱਟਾ **ਨਹੀਂ** ਨਿਕਲਿਆ। ਸਰਮਾਏਦਾਰਾਂ ਨੂੰ ਮਜਦੂਰਾਂ ਦੀਆਂ ਸਾਰੀਆਂ ਮੰਗਾਂ ਅਪਰਵਾਨ-ਯੋਗ ਵਿਖਾਈ ਦਿਤੀਆ। ਮੀਟਿੰਗ ਵਿਚ ਭਾਗ ਲੈਣ ਵਾਲੇ ਮਜਦੂਰਾਂ ਦੇ ਪ੍ਰਤੀਨਿਧ ਮੰਡਲ ਨੇ **ਸੰਭਵ ਉਲਝਣਾਂ ਲਈ ਸਾਰੀ ਜ਼ਿੰਮੇਵਾਰੀ ਤੋਂ ਇਨਕਾਰ ਕਰਨ ਵਾਲਾ ਇਕ ਬਿਆਨ ਪੜ੍ਹਿਆ।**

ਮਾਮਲਾ ਇਤਨਾ ਸਪਸ਼ਟ ਹੈ, ਜਿਤਨਾ ਸਪਸ਼ਟ ਹੋ ਸਕਦਾ ਹੈ। ਸੰਕਟ ਬਿਲਕੁਲ ਹੀ ਨਹੀਂ ਟਲਿਆ। ਮਾਲਕਾਂ ਨੂੰ ਖੱਭੀ ਨਹੀਂ ਚਾੜ੍ਹੀ ਗਈ।

ਅਤੇ ਹੁਣ ਅਸੀਂ ਪੜ੍ਹਦੇ ਹਾਂ—ਜੋ ਇਤਨਾ ਅਫਸੋਸਨਾਕ ਨਹੀਂ ਜਿਤਨਾ ਦਿਲਚਸਪ ਹੈ—ਸਰਕਾਰ ਤੇ ਦੋ ਵਿਰੋਧੀ ਪਾਰਟੀਆਂ ਦੇ ਪ੍ਰਤੀਨਿਧਾਂ ਦੀ ਇਕ ਕਮੇਟੀ ਨਿਯੁਕਤ ਕਰਨ ਦਾ ਫੈਸਲਾ ਕੀਤਾ ਗਿਆ ਹੈ (!) ਅਤੇ ਮਾਲਕਾ ਨੂੰ ਕੀਮਤਾ ਵਿਚ ਤੁਰੰਤ ਵਾਧਾ ਕਰਨ ਲਈ ਆਖਿਆ ਗਿਆ ਹੈ।

ਪਾਠਕਾਂ ਨੂੰ ਇਹ ਕੁਝ ਦਸਣ ਲਈ ਕਿ ਸਰਮਾਏਦਾਰ ਲੋਕਾਂ ਨਾਲ ਗੱਦਾਰੀ ਕਰਨ ਲਈ ਕਿਥੋਂ ਤਕ ਜਾ ਸਕਦੇ ਹਨ, ਅਸੀਂ ਵਜ਼ਾਰਤੀ ਅਖਬਾਰ (ਭਾਵ, ਉਸ ਪਾਰਟੀ ਦਾ ਬੁਲਾਰਾ ਜਿਸ ਦੇ ਪ੍ਰਤੀਨਿਧ ਕੈਬਨਿਟ ਵਿਚ ਹਨ) ਵਿਚੋਂ ਕੁਝ ਪੈਰੇ ਅੰਕਤ ਕਰਦੇ ਹਾਂ :

> "ਮਜਦੂਰਾ ਦੇ ਪ੍ਰਤੀਨਿਧ ਮੰਡਲ ਨੇ (ਦੱਖਣੀ ਖਾਣਾਂ ਸਬੰਧੀ ਸਨਅਤ ਤੋਂ) ਮਜ਼ਦੂਰਾਂ ਤੇ ਸਿਪਾਹੀਆ ਦੇ ਡਿਪਟੀਆ ਦੀ ਸੋਵੀਅਤ ਦੀ ਕਾਰਜਕਰਨੀ ਕਮੇਟੀ ਦੇ ਆਰਥਕ ਵਿਭਾਗ ਨੂੰ ਅਸਲ ਸਥਿਤੀ ਬਾਰੇ ਜਾਣਕਾਰੀ ਦਿਤੀ। ਇਸ ਜਾਣਕਾਰੀ ਦੇ ਅਧਾਰ ਤੇ ਅਸੀਂ ਐਲਾਨ ਕਰ ਸਕਦੇ ਹਾਂ ਕਿ ਐਨ. ਐਨ. ਕੁਟਲੇਰ ਵਲੋਂ ਦਰਸਾਏ ਮਾਲਕਾਂ ਦੇ ਅੰਕੜੇ ਬਿਲਕੁਲ ਹੀ ਹੀ ਇਤਬਾਰ ਕਰਨ ਯੋਗ ਨਹੀਂ ਹਨ।
>
> "ਕੋਲਾ ਖਾਣਾਂ ਦੇ ਮਾਲਕ ਇਨਕਲਾਬ ਤੋਂ ਪਹਿਲਾਂ ਅਜਿਹੇ ਭਾਰੀ ਮੁਨਾਫੇ ਕਮਾ ਰਹੇ ਸਨ, ਅਤੇ ਫਿਰ ਵੀ ਇਸ ਦੇ ਫਟਣ ਤੋਂ ਐਨ ਪਹਿਲਾਂ ਉਹ ਪੁਰਾਣੀ ਸਰਕਾਰ ਨਾਲ ਕੋਲੇ ਦੀਆਂ ਕੀਮਤਾਂ ਵਧਾਉਣ ਲਈ ਝਗੜ ਰਹੇ ਹਨ। ਤਿੰਨ ਕੋਪਕਾਂ ਤੋਂ ਉਪਰੰਤ